**TAJ INSURANCE SERVICES**

*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call

**Gurdawar S. Mann Or Pal Rai**

37485 Fremont Blvd, #D, Fremont, CA 94536

Ph:(510)739-1700, Fax (510)740-3451

Note:Also Income Tax filing Available

Gurdawar S. Mann

Lic#0F34231

**Hardeep S.Rai** Attorney-at-Law

**ਇੰਮੀਗਰੇਸ਼ਨ ਵਕੀਲ**

□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ □ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ □ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ

SAN FRANCISCO
TEL: 415.693.9131
FAX: 415.693.9135

rai@hsrai.com
www.hsrai.com

SAN JOSE
TEL: 408.280.1111
FAX: 408.280.1212

**ਇਮੀਗਰੇਸ਼ਨ ਸੇਵਾਵਾਂ ਫੈਮਿਲੀ ਲਾਅ**

**Kuldip Singh Dhariwal**
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
*E-mail: kuldipdhariwal@yahoo.com*



Eleventh Year in Publication ਕੈਲੇਫੋਰਨੀਆ ਐਡੀਸ਼ਨ Price 50¢

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com


# ਪੰਜਾਬ ਟਾਈਮਜ਼


Punjab Times, Vol 11, Issue 13, March 27, 2010 20451 N Plum Grove Rd. Palatine, IL 60074 Ph:847-359-0746, Fax:847-705-9388


## ਹੈਲਥ ਕੇਅਰ ਸੁਧਾਰਾਂ ਬਾਰੇ ਇਤਿਹਾਸਕ ਬਿਲ ਪਾਸ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਕਰੀਬ ਇਕ ਖਰਬ (ਟ੍ਰਿਲੀਅਨ) ਡਾਲਰ ਦੇ ਖਰਚੇ ਵਾਲੇ ਹੈਲਥ ਕੇਅਰ ਸੁਧਾਰ ਦੇ ਬਿਲ ਉਤੇ ਦਸਤਖਤ ਕਰਦਿਆਂ ਰਾਸ਼ਟਰਪਤੀ ਓਬਾਮਾ ਨੇ ਇਸਨੂੰ ਇਕ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ। ਮੰਗਲਵਾਰ ਨੂੰ ਸਹੀਬੰਧ ਕੀਤੇ ਗਏ ਇਸ ਕਾਨੂੰਨ ਨਾਲ ਅਮਰੀਕੀ ਇਤਿਹਾਸ ਵਿਚ ਪਹਿਲੀ ਵਾਰ ਅਮਰੀਕੀ ਸ਼ਹਿਰੀਆਂ ਨੂੰ ਹੈਲਥ ਇੰਸ਼ੋਰੈਂਸ ਇਕ ਹੱਕ ਵਜੋਂ ਮਿਲੇਗੀ। ਇਸ ਨਾਲ ਸਿਹਤ ਸੰਭਾਲ ਬਾਰੇ ਇਕ ਨਵੇਂ ਦੌਰ ਦਾ ਆਰੰਭ ਹੋਵੇਗਾ।

ਕਰੀਬ ਇਕ ਸਾਲ ਦੋਹਾਂ ਧਿਰਾਂ ਵਿਚਾਲੇ ਚਲੀ ਖਿਚੋਤਾਣ ਅਤੇ ਸਿਹਤ ਸੰਭਾਲ ਸੁਧਾਰਾਂ ਬਾਰੇ ਐਕਟ ਦੇ ਖਟਾਈ ਵਿਚ ਪੈ ਜਾਣ ਦੇ ਕਈ ਮੌਕਿਆਂ ਤੋਂ ਬਾਅਦ ਹਾਸਲ ਹੋਈ ਜਿੱਤ ਰਾਸ਼ਟਰਪਤੀ ਓਬਾਮਾ ਲਈ ਸੱਚਮੁਚ ਹੀ ਇਤਿਹਾਸਕ ਹੈ। ਇਸ ਤੋਂ ਪਹਿਲਾਂ ਕਈ ਰਾਸ਼ਟਰਪਤੀਆਂ ਨੇ ਇਸ ਸਬੰਧੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਉਨ੍ਹਾਂ ਨੂੰ ਨਸੀਬ ਨਾ ਹੋਈ ਪਰ ਓਬਾਮਾ ਸਭ ਲਾਬੀਆਂ, ਸਭ ਅੜਿਚਨਾਂ ਲੰਘ ਗਏ। ਰਾਸ਼ਟਰਪਤੀ ਭਵਨ ਵਿਚ ਸਹੀ ਪਾਉਣ ਦੀ ਰਸਮ ਨੂੰ ਡੈਮੋਕਰੈਟਾਂ ਨੇ ਰੈਲੀ ਦਾ ਰੂਪ ਦੇ ਕੇ ਸ੍ਰੀ ਓਬਾਮਾ ਦੀ ਭਰਪੂਰ "ਵਾਹ ਵਾਹ" ਕੀਤੀ।

ਇਸ ਬਿਲ ਦੇ ਪਾਸ ਹੋਣ ਤੇ ਹਰ ਕੋਈ ਖੁਸ਼ ਨਹੀਂ ਹੈ। ਰਿਪਬਲਿਕਨਾਂ ਦਾ ਕਹਿਣਾ ਹੈ ਕਿ ਇਸ ਬਿਲ ਦੇ ਪਾਸ ਹੋਣ ਨਾਲ ਸਰਕਾਰ ਉਤੇ ਖਰਚਾ ਵਧੇਗਾ ਅਤੇ ਸਰਕਾਰ ਦੀਵਾਲੀਆ ਹੋਣ ਦੇ ਕੰਢੇ ਪਹੁੰਚ ਜਾਏਗੀ। ਡੈਮੋਕਰੈਟਾਂ ਵਲੋਂ ਕਾਂਗਰਸ ਵਿਚ ਇਹ ਬਿਲ ਰਿਪਬਲਿਕਨਾਂ ਦੀ ਹਮਾਇਤ ਤੋਂ ਬਿਨਾ ਹੀ ਪਾਸ ਕਰਵਾ ਲਏ ਜਾਣ 'ਤੇ ਟਿਪਣੀ ਕਰਦਿਆਂ ਰਿਪਬਲਿਕਨਾਂ ਨੇ ਕਿਹਾ ਹੈ ਕਿ ਇਸ ਸਾਲ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਡੈਮੋਕਰੈਟਾਂ ਨੂੰ ਭਾਰੀ ਕੀਮਤ ਦੇਣੀ ਪਵੇਗੀ। ਸੰਚਾਰ ਸਾਧਨਾਂ ਵਲੋਂ ਕਰਵਾਈਆਂ ਗਈਆਂ ਰਾਏਸ਼ੁਮਾਰੀਆਂ ਤੋਂ ਪਤਾ ਲਗਦਾ ਹੈ ਕਿ ਜਨਤਾ ਵੀ ਇਸ ਬਾਰੇ ਅਜੇ ਸ਼ੰਕਾਵਾਨ ਹੈ। ਰਾਸ਼ਟਰਪਤੀ ਓਬਾਮਾ ਵੀਰਵਾਰ ਨੂੰ ਆਇਓਵਾ ਵਿਚ ਆਪਣੀ ਇਸ ਜਿੱਤ ਸਬੰਧੀ ਇਕ ਆਮ ਜਲਸਾ ਕਰਨ ਵਾਲੇ ਹਨ। ਬਾਅਦ ਵਿਚ ਅਜਿਹੇ ਹੋਰ ਵੀ ਜਲਸੇ ਕਰਨਗੇ। ਸਮਝਿਆ ਜਾਂਦਾ ਹੈ ਕਿ ਰਾਸ਼ਟਰਪਤੀ ਓਬਾਮਾ ਬਾਰੇ ਲੋਕਾਂ ਦੀ ਰਾਇ ਵਿਚ ਵਡਾ ਹਾਂ-ਪੱਖੀ ਸੁਧਾਰ ਆਵੇਗਾ।

ਹੈਲਥ ਕੇਅਰ ਸਬੰਧੀ ਬਣਾਏ ਗਏ ਇਸ ਨਵੇਂ ਕਾਨੂੰਨ ਤਹਿਤ ਉਨ੍ਹਾਂ 3.2 ਕਰੋੜ ਅਮਰੀਕਨਾਂ ਨੂੰ ਹੈਲਥ ਕੇਅਰ ਕਵਰੇਜ਼ ਮਿਲ

*(ਬਾਕੀ ਸਫਾ 23 'ਤੇ)*



***ਰਾਸ਼ਟਰਪਤੀ ਓਬਾਮਾ ਵਾਈਟ ਹਾਊਸ ਵਿਚ ਹੈਲਥ ਕੇਅਰ ਦੇ ਉਤੇ ਸਹੀ ਪਾਉਣ ਤੋਂ ਪਹਿਲਾਂ ਉਪ ਰਾਸ਼ਟਰਪਤੀ ਜੋ ਬਿਡਨ ਨਾਲ***

## ਪੈਲਾਟਾਈਨ ਗੁਰੂਘਰ ਚੋਣ ਲਈ ਮੈਦਾਨ ਭਖਿਆ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਬੋਰਡ ਦੀਆਂ ਪੰਜ ਅਤੇ ਸੰਵਿਧਾਨ ਅਮਲ ਕਮੇਟੀ ਦੀ ਇਕ ਸੀਟ ਲਈ ਆਉਂਦੀ 4 ਅਪਰੈਲ ਨੂੰ ਹੋ ਰਹੀਆਂ ਚੋਣਾਂ ਲਈ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। ਚੋਣ ਦੋ ਸਲੇਟਾਂ ਪੰਥਕ ਸਲੇਟ ਅਤੇ ਆਜ਼ਾਦ ਸਿੱਖ ਸੰਗਤ ਸਲੇਟ ਵਿਚਾਲੇ ਸਿੱਧੀ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਸਿੱਖ ਰਿਲੀਜੀਅਸ ਸੁਸਾਇਟੀ ਮਿਡਵੈਸਟ ਦੇ ਸਭ ਤੋਂ ਵੱਡੇ ਪੈਲਾਟਾਈਨ ਗੁਰੂ ਘਰ ਦਾ ਪ੍ਰਬੰਧ ਚਲਾਉਂਦੀ ਹੈ ਅਤੇ ਇਸ



ਸਮੇਂ ਪ੍ਰਬੰਧ ਪੰਥਕ ਸਲੇਟ ਦੇ ਹੱਥ ਹੈ।

ਇਸੇ ਦੌਰਾਨ ਬੋਰਡ ਦੀਆਂ 5 ਵਿਚੋਂ 3 ਸੀਟਾਂ ਰਾਖਵੀਆਂ ਕਰ ਦਿੱਤੇ ਜਾਣ ਕਰਕੇ ਦੋਹਾਂ ਧਿਰਾਂ ਵਿਚਾਲੇ ਕਾਫੀ ਤਿਖੀ ਖਿੱਚੋਤਾਣ ਬਣੀ ਹੋਈ ਹੈ। ਇਸ ਵਾਰ ਦੀਆਂ ਚੋਣਾਂ ਵਿਚ ਇਕ ਸੀਟ ਬੀਬੀਆਂ ਵਾਸਤੇ, ਇਕ 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਵਾਸਤੇ ਅਤੇ ਇਕ 18 ਤੋਂ 30 ਸਾਲ ਉਮਰ ਦੇ ਨੌਜਵਾਨਾਂ ਵਾਸਤੇ ਰਾਖਵੀਂ ਕੀਤੀ ਗਈ ਹੈ। ਗੁਰਦੁਆਰਾ ਪ੍ਰਬੰਧ ਉਤੇ 1998 ਤੋਂ 2008 ਤੱਕ ਕਾਬਜ਼ ਰਹੇ ਹੁੰਦਲ ਧੜੇ ਅਤੇ ਇਸ ਦੀ ਹਮਾਇਤ ਵਾਲੀ ਆਜ਼ਾਦ ਸਿੱਖ ਸੰਗਤ ਸਲੇਟ ਦਾ ਕਹਿਣਾ ਹੈ ਕਿ ਇਹ ਰਾਖਵਾਂਕਰਨ ਸੰਵਿਧਾਨ ਦੀ ਉਲੰਘਣਾ ਕਰਕੇ ਕੀਤਾ ਗਿਆ ਹੈ ਅਤੇ ਇਸ ਤੋਂ ਪਹਿਲਾਂ ਹੋਈਆਂ ਚੋਣਾਂ ਵਿਚ ਕਦੇ ਵੀ ਅਜਿਹਾ ਰਾਖਵਾਂਕਰਨ ਨਹੀਂ ਕੀਤਾ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਵਿਧਾਨ ਅਨੁਸਾਰ ਬੋਰਡ ਦੀਆਂ ਸਾਰੀਆਂ ਸੀਟਾਂ ਲਈ ਚੋਣ ਵੇਲੇ ਸਭ ਤੋਂ ਵੱਧ ਵੋਟਾਂ ਲੈਣ ਵਾਲੇ

*(ਬਾਕੀ ਸਫਾ 13 'ਤੇ)*

## ਭ੍ਰਿਸ਼ਟਾਚਾਰ ਦੇ ਕੇਸ ਵਾਪਸ ਲੈਣ ਦੀ ਮੁਹਿੰਮ ਠੱਪ

### ਕੈਪਟਨ ਦੀ ਜ਼ਿੱਦ ਰੋੜਾ ਬਣੀ

**ਬਿੰਦਰ ਬਸਰਾ**

ਭ੍ਰਿਸ਼ਟਾਚਾਰ ਅਤੇ ਆਮਦਨ ਨਾਲੋਂ ਵਧ ਜਾਇਦਾਦ ਦੇ ਦੋਸ਼ਾਂ ਅਧੀਨ ਦਰਜ ਮਾਮਲਿਆਂ ਨੂੰ ਸਿਆਸੀ ਕਿੜਬਾਜ਼ੀ ਅਤੇ ਬਦਲਾਖੋਰੀ ਦਾ ਨਾਂ ਦੇ ਕੇ ਇਨ੍ਹਾਂ ਨੂੰ ਵਾਪਸ ਲੈਣ ਸਬੰਧੀ ਤਜਵੀਜ਼ 'ਤੇ ਸਦਨ ਦੇ ਮੈਂਬਰਾਂ ਦੀ ਸਰਬਸੰਮਤੀ ਨਾਲੋਂ ਆਪਣੇ ਆਪ ਨੂੰ ਨਿਖੇੜ ਕੇ ਕੈਪਟਨ ਅਮਰਿੰਦਰ ਸਿੰਘ ਨੇ ਇਸ ਤਜਵੀਜ਼ ਨੂੰ ਪਿਛਲੇ ਪੈਰੀਂ ਕਰ ਦਿੱਤਾ ਹੈ। ਸਦਨ ਮੈਂਬਰਾਂ ਵਲੋਂ ਸਿਆਸੀ ਵਲਗਣਾਂ ਟੱਪ ਕੇ ਦਿਖਾਈ ਇਕਜੁਟਤਾ ਨੇ ਜਿੱਥੇ ਉਨ੍ਹਾਂ ਦੀ ਨੈਤਿਕਤਾ 'ਤੇ ਸਵਾਲੀਆਂ ਚਿਨ੍ਹ ਲਗਾ ਦਿੱਤੇ ਹਨ, ਉਥੇ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਸਰਕਾਰਾਂ ਜਾਂਚ ਏਜੰਸੀਆਂ ਦੀ ਰਾਜਸੀ ਹਿੱਤਾਂ ਲਈ ਦੁਰਵਰਤੋਂ ਕਰਕੇ, ਲੋਕਾਂ ਦੇ ਖੂਨ-ਪਸੀਨੇ ਦੀ ਕਮਾਈ ਅਤੇ ਅਦਾਲਤਾਂ ਦਾ ਸਮਾਂ ਬਰਬਾਦ ਕਰਦੀਆਂ ਹਨ।

ਕੈਪਟਨ ਅਮਰਿੰਦਰ ਸਿੰਘ ਵਲੋਂ ਕੇਸ ਵਾਪਸ ਲੈਣ ਦੀਆਂ ਤਜਵੀਜ਼ਾਂ ਰੱਦ ਕੀਤੇ ਜਾਣ ਨਾਲ ਉਨ੍ਹਾਂ ਦਾ ਰਾਜਸੀ ਅਕਸ ਹੋਰ ਸੁਧਰਿਆ ਹੈ ਪਰ ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਦੀ ਸਥਿਤੀ ਹਾਸੋਹੀਣੀ ਬਣ ਗਈ ਹੈ। ਯਾਦ ਰਹੇ ਲੰਘੇ ਵੀਰਵਾਰ, ਟਕਰਾ ਅਤੇ ਬਦਲਾਖੋਰੀ ਵਾਲੇ ਮਾਹੌਲ ਤੋਂ ਉਪਰ

*(ਬਾਕੀ ਸਫਾ 6 'ਤੇ)*


Delo Mobil Delvac GILL EXPRESS ROTELLA T

**WASH, TIRE & REPAIR**

CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO

ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

**Call Gill 661-301-8978**

**ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ**

Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS

TOLL FREE 1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

*Raja Indian Cuisine & Bar*
Ph: 510-264-9300
1275 W Winton Ave
Hayward, CA 94545

Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party
Or visit us: www.rajasweets.com

**Law Offices Of Manpreet S. Gahra**

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ

*Manpreet S. Gahra*
*Attorney At Law*

*Berkeley Office*
*2161 Shattuck Ave. #304, Berkeley*
Ph. 510-841-4582
Fax: 510-217-6847

*Sacramento Office*
Call For Appointments
Ph. 916-924-1617
*Email:manpreet@gahralaw.com*

# ਕਰਤਾਰਪੁਰ ਸਾਹਿਬ ਲਾਂਘੇ ਬਾਰੇ ਦਸਤਾਵੇਜ਼ੀ ਰਿਲੀਜ਼

**ਯੂਨੀਅਨ ਸਿਟੀ, ਕੈਲੀਫੋਰਨੀਆ:** ਪਾਕਿਸਤਾਨ ਵਿਚ ਕਰਤਾਰਪੁਰ ਸਾਹਿਬ ਦੇ ਹਿੰਦ-ਪਾਕਿ ਸਰਹੱਦ ਦੇ ਪਾਰ ਡੇਰਾ ਬਾਬਾ ਨਾਨਕ ਤੱਕ ਲਾਂਘਾ ਬਣਾਏ ਜਾਣ ਦੀ ਮੁਹਿੰਮ ਚਲਾ ਰਹੀ ਸੰਸਥਾ 'ਤੇਰੀ ਸਿੱਖੀ' ਨਾਂ ਦੀ ਜਥੇਬੰਦੀ ਵਲੋਂ ਬਣਾਈ





ਗਈ ਇਕ ਡਾਕੂਮੈਂਟਰੀ ਫਿਲਮ 'ਕਰਤਾਰਪੁਰ ਸਾਹਿਬ ਦਾ ਲਾਂਘਾ-ਦਰਸਨ ਪਰਸੀਐ ਗੁਰੂ ਕੈ' ਹਿੰਦੂ ਧਰਮ ਤੋਂ ਸ੍ਰੀ ਰਾਜ ਭਨੋਟ, ਜੈਨ ਧਰਮ ਤੋਂ ਸ੍ਰੀ ਮਹਿੰਦਰ ਜੈਨ, ਗੁਰਦੁਆਰਾ ਫਰੀਮਾਂਟ ਦੇ ਮੁੱਖ ਸੇਵਾਦਾਰ ਗਿਆਨੀ ਦਿਲਬਾਗ ਸਿੰਘ ਅਤੇ ਪਾਕਿਸਤਾਨ ਤੋਂ ਮੁਸਲਿਮ ਲੀਗ ਸੱਈਅਦ ਹਸਨ ਵਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤੀ ਗਈ ਅਤੇ ਇੰਜ ਬਾਬੇ ਨਾਨਕ ਦੇ ਸਾਂਝੀਵਾਲਤਾ ਦੇ ਫਲਸਫੇ ਨੂੰ ਅਮਲੀ ਜਾਮਾ ਪਹਿਨਾਇਆ।

ਇਹ ਡਾਕੂਮੈਂਟਰੀ ਕਰਤਾਰਪੁਰ ਸਾਹਿਬ ਬਾਰੇ ਹੈ ਜਿਥੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ 18 ਸਾਲ ਗੁਜ਼ਾਰੇ ਅਤੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸੰਦੇਸ਼ ਦਿੰਦੇ ਹੋਏ ਸਰਬ ਸਾਂਝੀਵਾਲਤਾ ਦੇ ਮਹਾਨ ਫਲਸਫੇ ਨੂੰ ਦ੍ਰਿੜ ਕਰਾਇਆ। ਕਰਤਾਰਪੁਰ ਸਾਹਿਬ ਦੁਨੀਆਂ ਦਾ ਇਕੋ ਇਕ ਅਸਥਾਨ ਹੈ ਜਿਥੇ ਗੁਰੂ ਜੀ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਨ ਲਈ ਹਿੰਦੂ, ਮੁਸਲਮਾਨ ਅਤੇ ਸਿੱਖ ਸ਼ਰਧਾਲੂਆਂ ਵਲੋਂ ਤਿੰਨ ਯਾਦਗਾਰਾਂ ਕਾਇਮ ਕੀਤੀਆਂ ਗਈਆਂ ਹਨ।

ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਤੇਰੀ ਸਿੱਖੀ ਸੰਸਥਾ ਦੇ ਮੁੱਖ ਸੇਵਾਦਾਰ ਸ੍ਰੀ ਜਸਪਾਲ ਸਿੰਘ ਸੰਧੂ ਨੇ ਆਖਿਆ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਸਭ ਲੋਕ ਆਪਣੇ ਦਿਲ ਦਾ ਲਾਂਘਾ ਖੋਲ੍ਹ ਕੇ ਆਉਣ। ਇਹੋ ਹੀ ਇਕ ਢੁਕਵਾਂ ਰਾਹ ਅਤੇ ਇਹੋ ਹੀ ਇਕ ਢੁਕਵਾਂ ਸਮਾਂ ਹੈ। ਉਨ੍ਹਾਂ ਦੱਸਿਆ ਕਿ ਇਹ ਡਾਕੂਮੈਂਟਰੀ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੇ ਟੀ ਵੀ ਚੈਨਲਾਂ ਉਪਰ ਦਿਖਾਈ ਜਾ ਰਹੀ ਹੈ। ਹਾਲੈਂਡ ਵਿਚ ਇਹ ਦਸਤਾਵੇਜ਼ੀ ਫਿਲਮ ਸ੍ਰੀ ਰਵੀਸ਼ੰਕਰ ਵਲੋਂ ਅੰਗਰੇਜ਼ੀ ਵਿਚ ਡਬਿੰਗ ਕਰਵਾ ਕੇ ਦਿਖਾਈ ਗਈ ਹੈ। ਉਨ੍ਹਾਂ ਕਿਹਾ ਕਿ ਸਾਡੀ ਸੰਸਥਾ ਵਲੋਂ ਇਹ ਫਿਲਮ ਇਕੱਲੇ ਇਕੱਲੇ ਗੁਰਦੁਆਰੇ ਵਿਚ ਜਾ ਕੇ ਦਿਖਾਈ ਜਾਏਗੀ ਅਤੇ ਉਥੇ ਪਾਕਿਸਤਾਨ ਅਤੇ ਭਾਰਤ ਦੇ ਸੰਵਿਧਾਨਕ ਮੁਖੀਆਂ ਦੇ ਨਾਂ ਇਕ ਚਿੱਠੀ ਵੰਡੀ ਜਾਏਗੀ। ਜੋ ਵੀ ਪਰਿਵਾਰ ਇਹ ਚਿੱਠੀ ਦਸਤਖ਼ਤ ਕਰਕੇ ਸਿੱਧਾ ਭੇਜੇਗਾ ਉਸ ਦੀ ਤੰਦਰੁਸਤੀ ਦੀ ਅਰਦਾਸ ਕਰਤਾਰਪੁਰ ਸਾਹਿਬ ਤੋਂ ਰੋਜ਼ ਸਵੇਰੇ ਹੋਇਆ ਕਰੇਗੀ। ਸਾਡਾ ਟੀਚਾ ਸਵਾ ਲੱਖ ਅਰਦਾਸ ਦਾ ਹੈ।

ਸਮਾਗਮ ਵਿਚ ਬੋਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਉਘੇ ਕਾਲਮਨਵੀਸ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਆਖਿਆ ਕਿ ਅਸੀਂ ਕਰਤਾਰਪੁਰ ਸਾਹਿਬ ਲਈ ਲਾਂਘੇ ਲਈ ਤਾਂ ਮੰਗ ਕਰ ਰਹੇ ਹਾਂ ਪਰ ਸਵਾਲ ਇਹ ਹੈ ਕਿ ਜਿਹੜੇ ਗੁਰੂ ਘਰ ਗੁਰੂ ਨੇ ਸਾਡੇ ਦਰਸ਼ਨ ਦਿਦਾਰਿਆਂ ਲਈ ਪਹਿਲਾਂ ਦਿੱਤੇ ਹਨ ਉਨ੍ਹਾਂ ਦੀ ਅਸੀਂ ਕਿੰਨੀ ਕੁ ਸਹੀ ਸੰਭਾਲ ਕਰਦੇ ਹਾਂ?

ਇਸ ਸਮਾਗਮ ਦੇ ਪ੍ਰਬੰਧ ਵਿਚ ਪਾਲੀ ਧਨੌਲਾ ਤੇ ਪਰਮਿੰਦਰ ਸੰਧੂ ਨੇ ਸਰਗਰਮ ਭੂਮਿਕਾ ਨਿਭਾਈ ਜਦੋਂਕਿ ਸ੍ਰੀ ਸੁਰਿੰਦਰ ਧਨੋਆ ਨੇ ਮੰਚ ਸੰਚਾਲਨ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਬਾਬਰ ਜਾਫਰੀ, ਭਾਈ ਭੁਪਿੰਦਰ ਸਿੰਘ ਢਿੱਲੋਂ, ਜਸਵੰਤ ਸਿੰਘ ਹੋਠੀ, ਭਾਈ ਗੁਰਮੀਤ ਸਿੰਘ ਖਾਲਸਾ, ਕੁਲਵੰਤ ਸਿੰਘ ਗਿੱਲ, ਗੁਰਚਰਨ ਸਿੰਘ ਮਾਨ, ਰਾਣਾ ਕਾਹਲੋਂ, ਬਚਿੱਤਰ ਸਿੰਘ, ਝਿਲਮਿਲ ਸਿੰਘ, ਜਸਵਿੰਦਰ ਸਿੰਘ ਜੰਡੀ, ਸੇਵਾ ਸਿੰਘ, ਸ਼ਰਨਜੀਤ ਸਿੰਘ, ਕੁਲਦੀਪ ਸਿੰਘ, ਰੋਸ਼ਨ ਸਿੰਘ, ਹੁਸੈਨ ਜਾਫਰੀ, ਅਹਿਸਾਨ ਹਮਦਾਨੀ, ਸੁਖਦੇਵ ਸਿੰਘ ਬੈਣੀਵਾਲ, ਦਰਸ਼ਨ ਸਿੰਘ ਸੰਧੂ, ਮਹਿੰਗਾ ਸਿੰਘ ਸਰਪੰਚ, ਅਵਤਾਰ ਸਿੰਘ ਤਾਰੀ, ਅਨੋਖ ਸਿੰਘ, ਗੁਰਦੀਪ ਸਿੰਘ ਅਤੇ ਹਰਮਿੰਦਰ ਸਿੰਘ ਮੌਜੂਦ ਸਨ।










# ਪੰਜਾਬ ਟਾਈਮਜ਼ 2000-2010

## ਪ੍ਰਕਾਸ਼ਨ ਦੀ 10ਵੀਂ ਵਰ੍ਹੇਗੰਢ 'ਤੇ ਗੀਤ ਸੰਗੀਤ ਭਰੀ ਇਕ ਸ਼ਾਮ




ਸੁੱਖਪਾਲ ਸੁੱਖ, ਰਾਜੇਸ਼ ਰਾਜੂ ਅਤੇ ਬੱਬੂ ਗੁਰਪਾਲ

2000 TO 2010 PUNJAB TIMES

ਸੰਗੀਤ ਨਿਰਦੇਸ਼ਕ



ਨਰਿੰਦਰ ਬੱਗਾ

ਪੰਜਾਬੀ ਢੋਲ



ਢੋਲੀ ਮੋਹਨ ਸਿੰਘ

ਵੀਡੀਓ ਅਤੇ ਫੋਟੋਗ੍ਰਾਫਰ-ਸਿਆਨ ਵੀਡੀਓ ਤੇ ਦਵਿੰਦਰ ਸਿੰਘ ਸੰਘਾ

## 27 ਮਾਰਚ, 2010

(ਸ਼ਾਮ 6:30 ਵਜੇ)

## ਇੰਡੀਆ ਹਾਊਸ, ਸ਼ਾਮਬਰਗ

1521 W. Schaumburg Rd., Schaumburg, IL 60194, Ph:847-895-5501

ਯੋਗਦਾਨ:ਵੀ ਆਈ ਪੀ, ਸਪਾਂਸਰਸ਼ਿਪ, 50 ਡਾਲਰ

**ਹੋਰ ਜਾਣਕਾਰੀ ਲਈ 847-359-0746**

*www.punjabtimesusa.com* *e-mail:punjabtimes1@sbcglobal.net*

**ਗਰੈਂਡ ਸਪਾਂਸਰ:** ਅਮੋਲਕ ਸਿੰਘ ਗਾਖਲ (ਕੈਲੀਫੋਰਨੀਆ), ਹਰਜਿੰਦਰ ਸਿੰਘ ਸੰਧੂ, ਨਿੱਕ ਗਾਖਲ, ਗੁਲਜ਼ਾਰ ਸਿੰਘ ਮੁਲਤਾਨੀ, ਸੰਨੀ ਧੂੜ, ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਡਾ. ਦਲਵੀਰ ਸਿੰਘ ਪੰਨੂ, ਬੌਬ ਸੰਧੂ, ਜੈ ਦੇਵ ਸਿੰਘ ਭੱਠਲ, ਸਰਬਜੀਤ ਸਿੰਘ ਥਿਆੜਾ (ਯੂਬਾ ਸਿਟੀ), ਗਿੱਲ ਬ੍ਰਦਰਜ਼ ਆਫ ਵਾਕੀਗਨ (ਪਿੰਡ ਗਿੱਲ, ਲੁਧਿਆਣਾ), ਜੱਸੀ ਗਿੱਲ (ਕੈਲੀਫੋਰਨੀਆ), ਲੱਕੀ ਸਹੋਤਾ ਅਤੇ ਜੱਸੀ ਸਹੋਤਾ (ਵੈਸਟਰਨ ਟਰਾਂਸਪੋਰਟੇਸ਼ਨ), ਗੁਰਮੇਲ ਸਿੰਘ ਕੰਗ (ਵਰਜੀਨੀਆ)

**ਸਪਾਂਸਰ: ਸ਼ਿਕਾਗੋ:** ਸਵਰਨਜੀਤ ਸਿੰਘ ਢਿੱਲੋਂ, ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਮਨਜੀਤ ਗਿੱਲ, ਅਯੁਧਿਆ ਸਲਵਾਨ (ਸਟਾਰ ਫੂਡਜ਼), ਬਾਬ ਹੁੰਦਲ, ਹਰਵਿੰਦਰ ਸਿੰਘ ਕੰਗ, ਹਰਵਿੰਦਰ ਸਿੰਘ ਬਿੱਲਾ, ਗੁਰਮੁਖ ਸਿੰਘ ਭੁੱਲਰ, ਜੈ ਰਾਮ ਸਿੰਘ ਕਾਹਲੋਂ, ਡਾ. ਹਰਜਿੰਦਰ ਸਿੰਘ ਖਹਿਰਾ, ਬਲਵਿੰਦਰ ਸਿੰਘ (ਏਵਨ ਕਾਰਪੈਟ), ਮਨਜਿੰਦਰ ਸਿੰਘ ਭੰਬਰਾ, ਰੋਨੀ ਕੁਲਾਰ, ਸੰਨੀ ਕੁਲਾਰ, ਬਲਜੀਤ ਸਿੱਧੂ, ਅਮਰੀਕ ਸਿੰਘ (ਅਮਰ ਕਾਰਪੈਟਸ), ਸੰਤੋਖ ਸਿੰਘ ਡੀ ਸੀ, ਗਿਆਨ ਸਿੰਘ ਸੀਹਰਾ, ਨਰਿੰਦਰ ਸਿੰਘ ਸਰਾਂ, ਜਗਦੇਵ ਸਿੰਘ ਖੈੜਾ, ਕਰਨਲ ਨਿਰਮਲ ਸਿੰਘ ਸਿੰਘਾ, ਹੈਪੀ ਹੀਰ, ਕ੍ਰਿਪਾਲ ਸਿੰਘ ਰੰਧਾਵਾ, ਮੱਖਣ ਸਿੰਘ ਗਿੱਲ ਤੇ ਲਖਵੀਰ ਸਿੰਘ ਚੀਮਾ (ਡਿਕਸਨ), ਆਰ ਐਂਡ ਐਸ ਪੈਟਰੋ, ਲਖਬੀਰ ਸੰਧੂ, ਜਗਦੀਸ਼ ਸੰਧੂ, ਭੁਪਿੰਦਰ ਸਿੰਘ ਢਿਲੋਂ, ਜਸਬੀਰ ਸਿੰਘ ਸੂਗਾ (ਸੂਗਾ ਬਿਲਡਰਜ਼), ਮੱਖਣ ਸਿੰਘ ਕਲੇਰ, ਇੰਦਰਦੇਵ (ਪੰਜਾਬੀ ਢਾਬਾ), ਪ੍ਰੋ. ਜੋਗਿੰਦਰ ਸਿੰਘ ਰਮਦੇਵ, ਅਮ੍ਰਿਤਪਾਲ ਸੰਘਾ, ਅਮਰਦੇਵ ਬੰਦੇਸਾ, ਜਿੰਦੀ ਖੰਗੂੜਾ, ਪਰਮਿੰਦਰ ਵਾਲੀਆ, ਹਰਦੀਪ ਗਿੱਲ, ਹਰਜਿੰਦਰ ਬੈਨੀਪਾਲ, ਸੰਤਬਲਬੀਰ ਸਿੰਘ ਬੈਦਵਾਨ, ਸੰਨੀ ਕੁਲਾਰ, ਰੋਨੀ ਕੁਲਾਰ, ਰਵੀ (ਆਰ ਕੇ ਕਾਰਪੈਟ), ਸ਼ੇਰੇ ਪੰਜਾਬ-ਦੀਪਾ ਬੰਦੇਸ਼ਾ, ਸਤਨਾਮ ਮਿਨਹਾਸ, ਜਸਵਿੰਦਰ ਜੱਸੀ, ਸੁਖਵਿੰਦਰ ਮੰਡੇਰ, ਰਾਜਿੰਦਰ ਵਿਰਕ, ਜੋਧ ਸਿੰਘ ਸਿੱਧੂ, ਰਵਿੰਦਰ ਸਿੰਘ ਖਹਿਰਾ, ਲਾਲੀ ਨਿੱਜਰ, ਬੱਬੀ ਬਾਠ, ਰਛਪਾਲ ਸਿੰਘ ਖੰਗੂੜਾ, ਪ੍ਰਿਤਪਾਲ ਸਿੰਘ

**ਇੰਡੀਆਨਾ:** ਕਿਰਨਜੀਤ ਸਿੰਘ ਬਾਵਾ, ਸਰਵਣ ਸਿੰਘ ਟਿਵਾਣਾ, ਹਰਜੀਤ ਸਿੰਘ ਸਾਹੀ, ਮਨਦੀਪ ਸਿੰਘ ਭੂਰਾ, ਗੁਰਬਚਨ ਸਿੰਘ ਪੱਪੂ, ਬਲਦੇਵ ਸਿੰਘ ਸੱਲਾਂ, ਰਾਣਾ ਵਿਰਕ, ਕਮਲਜੀਤ ਵਿਰਕ, ਗੁਰਨਾਮ ਸਿੰਘ ਸਿੱਧੂ, ਸ਼ਮਸ਼ੇਰ ਸਿੰਘ ਬੋਪਾਰਾਏ, ਪ੍ਰਿਤਪਾਲ ਘੋਤੜਾ, ਮਨਜੀਤ ਨਾਗਰਾ, ਵਰਿੰਦਰ ਸਾਹੀ, ਪਾਲ ਖਲੀਲ, ਗੁਰਿੰਦਰ ਸਿੰਘ ਗਿੱਲ, ਮੇਜਰ ਸਿੰਘ ਢਿੱਲੋਂ, ਜਸਪਾਲ ਸਿੰਘ ਜੱਸੀ, ਸਿਕੰਦਰ ਸਿੰਘ ਬਿੱਟੂ, ਤੇਜਾ ਸਿੰਘ ਨਾਰੰਗ, ਪਾਲੀ ਗਰੇਵਾਲ, ਹਰਨਿੰਦਰ ਸਿੰਘ ਮਸਿਆਣਾ, ਰਣਜੀਤ ਸਿੰਘ ਕਾਹਲੋਂ (ਤੰਦੂਰ ਵਾਲਾ), ਧਰਮਿੰਦਰ ਖਟੜਾ, ਯਾਦਵਿੰਦਰ ਖਟੜਾ, ਜਸਪਾਲ ਸਿੰਘ ਮੁਲਤਾਨੀ

**ਮਿਸ਼ੀਗਨ:** ਨਰਿੰਦਰ ਸਿੰਘ ਮੁੰਦਰ, ਸੁਰਿੰਦਰ ਸਿੰਘ ਗਰਚਾ (ਕੈਂਟਨ), ਹਰਪ੍ਰੀਤ ਸਿੰਘ (ਵਰਲਡਵਾਈਡ ਟਰੈਵਲ), ਕਰਨ ਗਿੱਲ, ਜਗਰਾਜ ਸਿੰਘ ਅਟਵਾਲ, ਇੰਦਰਜੀਤ ਸਿੰਘ ਸੋਹੀ, ਰਾਜਬੀਰ ਸਿੰਘ ਬੋਪਾਰਾਏ, ਦਲਬਾਰਾ ਸਿੰਘ ਮਾਂਗਟ, ਹਰਪਾਲ ਸਿੰਘ ਟਾਂਡਾ, ਕਰਨੈਲ ਸਿੰਘ ਮਿਆਣੀ, ਕੁਲਵਿੰਦਰ ਸਿੰਘ ਗਿੱਲ, ਲਾਲੀ ਰਣਬੀਰ ਸਿੰਘ, ਹਰਪੂਰਨ ਸਿੰਘ ਥਾਕਰੀ, ਗੁਰਦੇਵ ਸਿੰਘ (ਕੈਲਮਜ਼ੂ), ਮਨਜੀਤ ਸਿੰਘ ਨੰਨਣ, ਲਾਡੀ ਮੁਲਤਾਨੀ, ਬਲਬੀਰ ਸਿੰਘ, ਗੁਰਜਿੰਦਰ ਸਿੰਘ ਡਿੰਪਲ-ਲੈਨਸਿੰਗ, ਸੁਰਿੰਦਰ ਸਿੰਘ ਕੰਗ, ਅਵਤਿੰਦਰ ਚਾਵਲਾ, ਕੁਲਵੰਤ ਸਿੰਘ, ਜਰਨੈਲ ਸਿੰਘ, ਇੰਦਰਜੀਤ ਸਿੰਘ

**ਮਿਲਵਾਕੀ:** ਬੇਅੰਤ ਸਿੰਘ ਬੋਪਾਰਾਏ, ਕੁਲਵਿੰਦਰ ਸਿੰਘ ਧਾਲੀਵਾਲ, ਜਗਦੀਸ਼ਰ ਸਿੰਘ ਕਲੇਰ, ਅਮਰਜੀਤ ਸਿੰਘ ਸੰਧਰ, ਸੁਖਦੇਵ ਸਿੰਘ ਖਾਲਸਾ, ਸਤਪਾਲ ਸਿੰਘ ਬੈਂਸਾ, ਪਰਮਿੰਦਰ ਸਿੰਘ ਗੋਲਡੀ, ਸੰਤੋਖ ਸਿੰਘ ਤੂਰ

ਦਲਬੀਰ ਸਿੰਘ ਗਿੱਲ (ਯੂਬਾ ਸਿਟੀ), ਹਰਵਿੰਦਰ ਸਿੰਘ (ਯੂਬਾ ਸਿਟੀ), ਮੁਖਤਿਆਰ ਸਿੰਘ ਸੇਖੋਂ, ਅਮਨਦੀਪ ਸਿੰਘ ਧਾਰਨੀ, ਸੁਰਜੀਤ ਸਿੰਘ ਮਾਵੀ, ਗੁਰਿੰਦਰ ਸਿੰਘ ਢਿਲੋਂ, ਅਵਤਾਰ ਸਿੰਘ, ਹਰਿੰਦਰ ਸਿੰਘ ਵਾਲੀਆ, ਜਸਵੰਤ ਸਿੰਘ ਜੱਸਾ (ਨਿਊ ਯਾਰਕ)

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ, ਲਾਇਨਜ਼ ਆਫ ਪੰਜਾਬ-ਸ਼ਿਕਾਗੋ, ਯੂਨਾਈਟਿਡ ਸੀਨੀਅਰਜ਼ ਸਿਟੀਜ਼ਨ ਐਸੋਸੀਏਸ਼ਨ-ਸ਼ਿਕਾਗੋ,ਅਮੈਰਿਕਨ ਸੀਨੀਅਰ ਸਿੱਖ ਐਸੋਸੀਏਸ਼ਨ (ਆਸਾ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ, ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ-ਗਰੈਂਡ ਰੈਪਿਡਜ਼, ਪੰਜਾਬੀ ਕਲਚਰਲ ਸੁਸਾਇਟੀ ਸਾਊਥ ਮਿਸ਼ੀਗਨ-ਕੈਲਮਜ਼ੂ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਡਵੈਸਟ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ-ਬੈਟਲ ਕਰੀਕ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਸ਼ਹੀਦ ਊਧਮ ਸਿੰਘ ਸੁਸਾਇਟੀ-ਨਿਊ ਯਾਰਕ, ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ, ਪੰਜਾਬੀ ਕਲਚਰਲ ਸੁਸਾਇਟੀ-ਲੈਨਸਿੰਗ (ਮਿਸ਼ੀਗਨ), ਪੰਜਾਬੀ ਯੂਥ ਐਸੋਸੀਏਸ਼ਨ-ਸ਼ਿਕਾਗੋ

## ਮਾਪਿਆਂ ਵਲੋਂ ਤਿਆਗਿਆ ਮੁੰਡਾ ਇੰਡੀਆ ਪਰਤੇਗਾ

**ਲੰਦਨ:** ਬਾਰਾਂ ਸਾਲਾ ਗੁਰਿੰਦਰਜੀਤ ਸਿੰਘ ਜੋ ਕਿ ਦੋ ਸਾਲ ਪਹਿਲਾਂ ਵੈਸਟ ਲੰਦਨ ਦੇ ਸਾਊਥਹਾਲ ਇਲਾਕੇ ਵਿਚ ਲਾਵਾਰਿਸ ਪਾਇਆ ਗਿਆ ਸੀ, ਹੁਣ ਆਪਣੇ ਮੁਲਕ ਭਾਰਤ ਪਰਤ ਸਕੇਗਾ। ਸਮਝਿਆ ਜਾਂਦਾ ਹੈ ਕਿ ਉਸ ਦੇ ਮਾਪੇ ਉਸ ਨੂੰ ਛੱਡ ਕੇ ਆਪ ਯੂਰਪ ਵੱਲ ਗੈਰ-ਕਾਨੂੰਨੀ ਪਰਵਾਸੀਆਂ ਵਜੋਂ ਖਿਸਕ ਗਏ। ਉਨ੍ਹਾਂ ਦਾ ਅਜੇ ਵੀ ਕੁਝ ਪਤਾ ਨਹੀਂ। ਮੁੰਡੇ ਨੂੰ ਭਾਰਤ ਵਾਪਸ ਪਰਤ ਲੈਣ ਦੇਣ ਦਾ ਫੈਸਲਾ ਲੰਮੀ ਕਾਨੂੰਨੀ ਲੜਾਈ ਪਿਛੋਂ ਹੋਇਆ ਹੈ।

ਪ੍ਰਾਪਤ ਸੂਚਨਾ ਅਨੁਸਾਰ ਲੰਦਨ ਬਰੋ ਆਫ ਈਲਿੰਗ ਨੇ ਲਾਮਿਸਾਲ ਕਦਮ ਚੁੱਕਦਿਆਂ ਚੰਡੀਗੜ੍ਹ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਕਿ ਗੁਰਿੰਦਰਜੀਤ ਨੂੰ ਵਾਪਸ ਇੰਡੀਆ ਪਰਤਣ ਦਿੱਤਾ ਜਾਵੇ। ਲੰਘੀ 17 ਮਾਰਚ ਨੂੰ ਹਾਈ ਕੋਰਟ ਨੇ ਅਖੀਰ ਗੁਰਿੰਦਰਜੀਤ ਨੂੰ ਹੰਗਾਮੀ ਯਾਤਰਾ ਸਰਟੀਫਿਕੇਟ ਦੇਣ ਦੇ ਹੁਕਮ ਦੇ ਦਿੱਤੇ।

ਅਦਾਲਤ ਵਿਚ ਈਲਿੰਗ ਦੀ ਪੈਰਵੀ ਕਰਦਿਆਂ ਵਕੀਲ ਅਨਿਲ ਮਲਹੋਤਰਾ ਨੇ ਦਲੀਲ ਦਿੱਤੀ ਕਿ ਗੁਰਿੰਦਰਜੀਤ ਨੂੰ ਵਾਪਸ ਭਾਰਤ ਪਰਤਣ ਦੀ ਇਜਾਜ਼ਤ ਨਾ ਦੇਣਾ ਉਸ ਦੇ ਸੰਵਿਧਾਨਕ ਹੱਕਾਂ ਦੀ ਖਿਲਾਫਵਰਜ਼ੀ ਹੋਵੇਗੀ। ਅਦਾਲਤ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਗੁਰਿੰਦਰਜੀਤ ਨੂੰ ਭਾਰਤ ਪਰਤਣ ਲਈ ਪਾਸਪੋਰਟ ਨਾ ਦੇਣਾ ਸੰਵਿਧਾਨ ਵਿਚ ਉਸ ਨੂੰ ਮਿਲੇ ਜੀਵਨ ਅਤੇ ਆਜ਼ਾਦੀ ਦੇ ਹੱਕ ਦੀ ਉਲੰਘਣਾ ਹੋਵੇਗੀ। ਭਾਰਤੀ ਅਧਿਕਾਰੀਆਂ ਨੇ ਇਸ ਸ਼ਰਤ ਉਤੇ ਗੁਰਿੰਦਰਜੀਤ ਨੂੰ ਇੰਡੀਆ ਵਾਪਸ ਪਰਤਣ ਦੀ ਇਜਾਜ਼ਤ ਦੇਣਾ ਮੰਨ ਲਿਆ ਕਿ ਉਸ ਦੇ ਸਫਰ ਦਾ ਖਰਚਾ ਈਲਿੰਗ ਦੇਵੇਗੀ।

ਵਕੀਲ ਮਲਹੋਤਰਾ ਅਨੁਸਾਰ ਮੁੰਡੇ ਦਾ ਪਿਓ ਮਹਿੰਦਰ ਸਿੰਘ ਇਸ ਵੇਲੇ ਇਟਲੀ ਰਹਿੰਦਾ ਹੈ ਅਤੇ ਉਸ ਦੀ ਮਾਂ ਦੀਪਿੰਦਰ ਕੌਰ ਇੰਗਲੈਂਡ ਵਿਚ ਕਿਤੇ ਰਹਿੰਦੀ ਹੈ ਪਰ ਉਹ ਮੁੰਡੇ ਨੂੰ ਛੱਡ ਚੁੱਕੀ ਹੈ ਅਤੇ ਉਸ ਨੇ ਕੋਈ ਵੀ ਜਵਾਬ ਨਹੀਂ ਦਿੱਤਾ। ਹੁਣ ਗੁਰਿੰਦਰਜੀਤ ਆਪਣੇ ਬਾਰਵੇਂ ਜਨਮ ਦਿਨ 'ਤੇ 21 ਅਪਰੈਲ ਨੂੰ ਇੰਡੀਆ ਪਰਤ ਸਕੇਗਾ।


# ਸਿੱਖਾਂ ਨਾਲ ਮੇਰਾ ਕਰੀਬੀ ਰਿਸ਼ਤਾ-ਹਾਰਵੀ ਹਾਲ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਭਾਈਚਾਰੇ ਦੇ ਲੋਕ ਬਹੁਤ ਮਿਹਨਤੀ ਹਨ ਅਤੇ ਇਨ੍ਹਾਂ ਨਾਲ ਮੇਰਾ ਬਹੁਤ ਕਰੀਬੀ ਰਿਸ਼ਤਾ ਹੈ। ਸਿੱਖ ਭਾਈਚਾਰੇ ਦੀ ਤਾਰੀਫ ਵਿਚ ਇਹ ਸ਼ਬਦ ਇਥੋਂ ਦੇ ਮੇਅਰ ਹਾਰਵੀ ਹਾਲ ਨੇ ਹਾਲ ਹੀ ਵਿਚ ਇਕ ਨਿੱਜੀ ਦੌਰੇ 'ਤੇ ਇਥੇ ਆਏ ਪੰਜਾਬ ਦੇ ਕੈਬਨਿਟ ਮੰਤਰੀ ਸ. ਸੇਵਾ ਸਿੰਘ ਸੇਖਵਾਂ ਦੇ ਸਵਾਗਤ ਵਿਚ ਇਕ ਸਮਾਗਮ ਵਿਚ ਬੋਲਦਿਆਂ ਆਖੇ। ਮੇਅਰ ਹਾਰਵੀ ਹਾਲ ਕੁਝ ਸਾਲ ਪਹਿਲਾਂ ਬੇਕਰਜ਼ਫੀਲਡ ਅਤੇ ਅੰਮ੍ਰਿਤਸਰ ਨੂੰ ਸਿਸਟਰ ਸਿਟੀ ਬਣਾਉਣ ਦੇ ਇਕ ਪ੍ਰਾਜੈਕਟ ਸਬੰਧੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਵੀ ਜਾ ਚੁਕੇ ਹਨ।









*ਸ. ਸੇਵਾ ਸਿੰਘ ਸੇਖਵਾਂ ਬੇਕਰਜ਼ਫੀਲਡ 'ਚ ਪੰਜਾਬੀ ਭਾਈਚਾਰੇ ਦੇ ਪਤਵੰਤਿਆਂ ਨਾਲ*

ਦੋਹਾਂ ਆਗੂਆਂ ਨੇ ਇਕ ਨਿਜੀ ਮੀਟਿੰਗ ਵੀ ਕੀਤੀ ਜਿਸ ਤੋਂ ਬਾਅਦ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਬੇਕਰਜ਼ਫੀਲਡ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਅਟੁਟ ਰਿਸ਼ਤਾ ਬਣ ਚੁੱਕਾ ਹੈ। ਸ੍ਰੀ ਹਾਲ ਨੇ ਕਿਹਾ ਕਿ ਸ੍ਰੀ ਸੇਖਵਾਂ ਦੇ ਇਸ ਦੌਰੇ ਨਾਲ ਇਹ ਸਬੰਧ ਹੋਰ ਅੱਗੇ ਵਧਣਗੇ। ਸ੍ਰੀ ਸੇਖਵਾਂ ਨੇ ਮੇਅਰ ਨੂੰ ਭਰੋਸਾ ਦਿੱਤਾ ਕਿ ਅੰਮ੍ਰਿਤਸਰ ਦੇ ਮੇਅਰ ਸ੍ਰੀ ਮਲਿਕ ਵਲੋਂ ਸਿਸਟਰ ਸਿਟੀ ਦੇ ਮੁਆਇਦੇ ਉਪਰ ਛੇਤੀ ਹੀ ਦਸਤਖਤ ਕਰ ਦਿੱਤੇ ਜਾਣਗੇ।

ਇਸ ਮੁਲਾਕਾਤ ਦੌਰਾਨ ਸਿਸਟਰ ਸਿਟੀ ਪ੍ਰਾਜੈਕਟ ਦੇ ਚੇਅਰਮੈਨ ਸ੍ਰੀ ਸੁੱਖੀ ਘੁੰਮਣ, ਵਾਈਸ ਚੇਅਰਮੈਨ ਜਗਦੀਸ਼ ਸਿੰਘ ਢਿੱਲੋਂ ਅਤੇ ਫਾਊਂਡਰ ਪ੍ਰਧਾਨ ਸ੍ਰੀ ਨਾਜਰ ਸਿੰਘ ਕੂਨਰ ਵੀ ਮੌਜੂਦ ਸਨ। ਸ੍ਰੀ ਸੁੱਖੀ ਘੁੰਮਣ ਵਲੋਂ ਮੰਤਰੀ ਸ੍ਰੀ ਸੇਵਾ ਸਿੰਘ ਸੇਖਵਾਂ ਦੇ ਮਾਣ ਵਿਚ ਇਕ ਵਿਸ਼ੇਸ਼ ਸਮਾਗਮ ਵੀ ਕਰਵਾਇਆ ਗਿਆ ਜਿਸ ਵਿਚ ਕੈਲੀਫੋਰਨੀਆ ਦੇ ਬਹੁਤ ਸਾਰੇ ਪਤਵੰਤੇ ਪਹੁੰਚੇ ਹੋਏ ਸਨ ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨ ਹੈਰੀ ਗਿੱਲ, ਸ੍ਰੀ ਪਾਲ ਸਹੋਤਾ, ਸ੍ਰੀ ਇਕਬਾਲ ਸਿੰਘ ਸਮਰਾ, ਨਿੱਝਰ ਭਰਾ, ਪਾਲ ਕੈਲੇ, ਸ. ਲਖਵਿੰਦਰ ਸਿੰਘ ਲਾਖਣ (ਪ੍ਰਧਾਨ ਯੂਥ ਵਿੰਗ ਅਕਾਲੀ ਦਲ, ਅਮਰੀਕਾ), ਸ. ਰੌਣਕ ਸਿੰਘ ਸਮਰਾ ਤੋਂ ਇਲਾਵਾ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਦੇ ਪ੍ਰਧਾਨ ਗੁਰਮੀਤ ਸਿੰਘ, ਸ. ਮਹਿੰਦਰ ਸਿੰਘ ਧਾਲੀਵਾਲ, ਸ. ਰੁਪਿੰਦਰ ਸਿੰਘ, ਸ. ਧਰਮਾ ਸਿੰਘ, ਸ. ਸੁਰਜੀਤ ਸਿੰਘ ਧਾਲੀਵਾਲ, ਸ. ਗੁਰਦਿਆਲ ਸਿੰਘ, ਮਹਿੰਦਰ ਸਿੰਘ ਢੁੱਡੀਕੇ, ਅਵਤਾਰ ਸਿੰਘ ਪੰਨੂੰ ਅਤੇ ਹੋਰ ਬਹੁਤ ਸਾਰੇ ਸੱਜਣ ਸ਼ਾਮਲ ਸਨ।

ਲਾਸ ਏਂਜਲਸ ਵਿਚ ਵੀ ਸ. ਸੇਖਵਾਂ ਦੇ ਮਾਣ ਵਿਚ ਸਮਰਾ ਪਰਿਵਾਰ ਵਲੋਂ ਵਿਸ਼ੇਸ਼ ਦਾਅਵਤ ਦਿੱਤੀ ਗਈ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਫਰੀਮਾਂਟ ਚੋਣਾਂ 'ਚ ਅਕਾਲੀ ਦਲ (ਮਾਨ) ਦੀ ਹਮਾਇਤ ਪ੍ਰਾਪਤ ਪੰਥਕ ਸਲੇਟ ਵਲੋਂ ਬਾਦਲ ਦਲ ਨਾਲ ਸਮਝੌਤਾ ਕਰਨ ਵਿਰੁਧ ਮਾਨ ਦਲ ਦੇ ਵਰਕਰ ਤੇ ਵਿਰੋਧੀ ਧਿਰ ਦੇ ਕਮੇਟੀ ਮੈਂਬਰ ਗੁਰਦੀਪ ਸਿੰਘ ਵਲੋਂ ਚੋਣਾਂ ਦਾ ਬਾਈਕਾਟ**

-ਕੋਈ ਹਰਿਆ ਬੂਟ ਰਹੀਓ ਰੀ।

***ਸੁਖਬੀਰ ਬਾਦਲ ਦੀ 13 ਅਪਰੈਲ ਨੂੰ ਹੋਵੇਗੀ ਮੁੱਖ ਮੰਤਰੀ ਵਜੋਂ ਤਾਜਪੋਸ਼ੀ?**

-ਫਿਰ ਕਰਨਗੇ ਅਨੰਦਪੁਰ ਮਤੇ ਦੀ ਮੰਗ?

***ਕੰਬਾਈਨ ਨਿਰਮਾਤਾ ਦੀ ਫੈਕਟਰੀ ਉਪਰ ਇਨਕਮ ਟੈਕਸ ਵਾਲਿਆਂ ਨੇ ਮਾਰਿਆ ਛਾਪਾ**

-ਜੇ 'ਮਹੀਨਾ' ਆਪ ਨਾ ਪਹੁੰਚਾਊ ਤਾਂ ਅਗਲੇ ਲੈਣ ਆ ਜਾਂਦੇ ਆ।

***ਮਾਇਆਵਤੀ ਨੇ 18 ਲੱਖ ਦੇ ਨੋਟਾਂ ਦਾ ਇਕ ਹੋਰ ਹਾਰ ਪਹਿਨਿਆ**

-ਕਦੇ ਸੋਨੇ ਦੇ ਮੁਕਟ, ਕਦੇ ਚਾਂਦੀ ਦੇ ਮੁਕਟ ਤੇ ਹੁਣ ਲੱਖਾਂ ਦੇ ਹਾਰ। ਕਾਲੇ ਧਨ ਨੂੰ ਚਿੱਟਾ ਕਰਨ ਦੇ ਨਵੇਂ ਨਵੇਂ ਢੰਗਾਂ ਬਾਰੇ ਮਾਇਆਵਤੀ ਨੂੰ ਤਾਂ ਪੀ ਐਚ ਡੀ ਦੀ ਡਿਗਰੀ ਮਿਲਣੀ ਚਾਹੀਦੀ ਐ।

***ਅਕਾਲੀਆਂ ਤੇ ਕਾਂਗਰਸੀਆਂ ਵਿਚਕਾਰ ਕੁੜੱਤਣ ਘਟਾਉਣ ਲਈ ਅਮਰਿੰਦਰ ਵਿਰੁਧ ਕੇਸ ਵਾਪਸ ਹੋਣਗੇ**

-ਇਹਨੂੰ ਕਹਿੰਦੇ ਐ ਰਲ-ਮਿਲ ਕੇ ਛਕੋ, ਚੁੱਪ ਰਹੋ। ਨਾਲੇ ਅਕਾਲੀਆਂ ਨੂੰ ਪਤੈ ਬਈ ਅਮਰਿੰਦਰ ਵਾਲੇ ਕੇਸ ਦਾ ਬਾਦਲਾਂ ਦੇ ਕੇਸ ਵਾਂਗ ਬਣਨਾ ਕੁਝ ਨ੍ਹੀਂ। ਜੇ ਅਮਰਿੰਦਰ ਦੁਬਾਰਾ ਆ ਗਿਆ, ਗੋਡਾ ਬੜਾ ਫੇਰੂ।

***ਮਨੁੱਖੀ ਦਿਮਾਗ ਕਦੇ ਵੀ ਰੱਬ ਦੀ ਥਾਹ ਨਹੀਂ ਪਾ ਸਕੇਗਾ-ਵਿਗਿਆਨੀ**


-ਕਰ'ਤੀ ਨਾ ਵਿਗਿਆਨੀਆਂ ਵਾਲੀ ਗੱਲ! ਓਇ ਭੋਲਿਓ, ਇਹ ਗਣਿਤ ਦਾ ਸਵਾਲ ਥੋੜੀ ਆ ਬਈ ਦਿਮਾਗ ਨਾਲ ਹੱਲ ਕਰ ਲਓਗੇ! ਇਹ ਤਾਂ ਰੂਹਦਾਰੀ ਦੀਆਂ ਗੱਲਾਂ ਨੇ।

Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay


We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

REALTY WORLD Millennium

Gurbans Gill 209-815-1869

# ਨਕਲੀ ਬੀਜ ਸਕੈਂਡਲ ਮਾਮਲੇ 'ਚ ਲੰਗਾਹ ਨੇ ਝੱਗਾ ਚੁੱਕਿਆ

**ਚੰਡੀਗੜ੍ਹ:** ਲਗਭਗ ਪੰਜ ਲੱਖ ਕੁਇੰਟਲ ਕਣਕ ਦੇ ਬੀਜ ਦੀ ਖ਼ਰੀਦ ਅਤੇ ਕਿਸਾਨਾਂ ਨੂੰ ਦਿਤੀ ਘੱਟ ਸਬਸਿਡੀ ਦਾ ਮੁੱਦਾ ਬੀਤੀ 18 ਮਾਰਚ ਨੂੰ ਮੁੜ ਵਿਧਾਨ ਸਭਾ ਵਿਚ ਉਠਿਆ ਅਤੇ ਅੰਤ ਵਿਚ ਸਪੀਕਰ ਦੀ ਸਹਿਮਤੀ ਨਾਲ ਇਸ ਮਾਮਲੇ ਦੀ ਜਾਂਚ ਵਿੱਤ ਕਮਿਸ਼ਨਰ ਵਿਕਾਸ (ਖੇਤੀਬਾੜੀ) ਤੋਂ ਕਰਾਉਣ ਦੇ ਹੁਕਮ ਦਿਤੇ ਗਏ। ਜਿਉਂ ਹੀ ਪ੍ਰਸ਼ਨ ਕਾਲ ਦਾ ਸਮਾਂ ਅਰੰਭ ਹੋਇਆ ਤਾਂ ਕਾਂਗਰਸੀ ਵਿਧਾਇਕਾਂ ਨੇ ਕਣਕ ਸਕੈਂਡਲ ਵਾਲਾ ਮੁੱਦਾ ਮੁੜ ਉਠਾਇਆ। ਯਾਦ ਰਹੇ ਇਸ ਤੋਂ ਪਹਿਲਾਂ ਵੀ ਕਈ ਦਿਨਾਂ ਤੱਕ ਪ੍ਰਸ਼ਨ ਕਾਲ ਸਮੇਂ ਇਹ ਮੁੱਦਾ ਸੁਨੀਲ ਕੁਮਾਰ ਜਾਖੜ ਵਲੋਂ ਉਠਾਇਆ ਜਾਂਦਾ ਰਿਹਾ।

ਸਪੀਕਰ ਨੇ ਸਬੰਧਤ ਮੰਤਰੀ ਨੂੰ 16 ਤੇ 17 ਮਾਰਚ ਨੂੰ ਸਮਾਂ ਦਿੰਦਿਆਂ ਹਦਾਇਤ ਕੀਤੀ ਸੀ ਕਿ ਉਹ ਪੂਰੀ ਸੂਚਨਾ ਮਹਿਕਮੇ ਤੋਂ ਹਾਸਲ ਕਰ ਕੇ ਹਾਊਸ 'ਚ ਜਾਣਕਾਰੀ ਦੇਣ ਪਰ ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਫਿਰ ਪੂਰੀ ਜਾਣਕਾਰੀ ਦੇਣ ਵਿਚ ਅਸਫ਼ਲ ਰਹੇ। ਸ੍ਰੀ ਜਾਖੜ ਨੇ ਪਹਿਲਾਂ ਤਾਂ ਇਹ ਪੁਛਿਆ ਸੀ ਕਿ ਪੰਜਾਬ ਨੂੰ ਕਿਤਨਾ ਮੁਢਲਾ ਅਸਲੀ ਬੀਜ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਂ ਹੋਰ ਖੋਜ ਸੰਸਥਾ ਨੇ ਦਿਤਾ ਹੈ। ਮੰਤਰੀ ਤਿੰਨ ਦਿਨ ਤੱਕ ਇਸ ਦੀ ਜਾਣਕਾਰੀ ਨਾ ਦੇ ਸਕੇ।

ਦੂਜਾ ਸਪੱਸ਼ਟੀਕਰਨ ਇਹ ਮੰਗਿਆ ਕਿ ਜੇ ਪ੍ਰਾਈਵੇਟ ਕੰਪਨੀਆਂ ਨੇ ਮੁਢਲਾ ਬੀਜ ਬਾਹਰਲੇ ਰਾਜਾਂ ਤੋਂ ਸਿੱਧਾ ਖ਼ਰੀਦ ਕੇ ਅਗੋਂ ਤਸਦੀਕਸ਼ੁਦਾ ਬੀਜ ਬਣਾਇਆ ਹੈ ਤਾਂ ਕੀ ਉਨ੍ਹਾਂ ਨੇ ਖੇਤੀ ਯੂਨੀਵਰਸਿਟੀ ਤੋਂ ਇਹ ਸਰਟੀਫਿਕੇਟ ਹਾਸਲ ਕੀਤਾ ਸੀ ਕਿ ਯੂਨੀਵਰਸਿਟੀ ਕੋਲ ਮੁਢਲਾ ਅਸਲੀ ਬੀਜ ਉਪਲਬਧ ਨਹੀਂ ਸੀ? ਮੰਤਰੀ ਇਸ ਦਾ ਵੀ ਉਤਰ ਨਾ ਦੇ ਸਕੇ।

ਸ੍ਰੀ ਜਾਖੜ ਨੇ ਦੋਸ਼ ਲਾਇਆ ਕਿ ਖੇਤੀਬਾੜੀ ਮਹਿਕਮੇ ਨੇ ਪ੍ਰਾਈਵੇਟ ਕੰਪਨੀਆਂ ਨੂੰ ਮੁਢਲਾ ਬੀਜ ਬਿਨਾਂ ਖੇਤੀ ਯੂਨੀਵਰਸਿਟੀ ਦੇ ਸਰਟੀਫ਼ਿਕੇਟ ਤੋਂ ਦੂਜੇ ਸੂਬਿਆਂ ਚੋਂ ਖ਼ਰੀਦਣ ਦੀ ਖੁਲ੍ਹ ਦੇ ਦਿਤੀ। ਅਸਲ ਵਿਚ ਉਨ੍ਹਾਂ ਨੇ ਮੁਢਲਾ ਬੀਜ ਕਿਥੋਂ ਲਿਆ, ਕੀ ਉਹ ਸਚਮੁਚ ਮੁਢਲਾ ਬੀਜ ਸੀ ਜਾਂ ਸਾਧਾਰਣ ਕਣਕ, ਇਸ ਬਾਰੇ ਕੋਈ ਰੀਕਾਰਡ ਨਹੀਂ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਪਨਸੀਡ ਕਾਰਪੋਰੇਸ਼ਨ ਕੋਲ ਇੰਨਾ ਬੀਜ ਹੀ ਉਪਲਬਧ ਨਹੀਂ ਜੋ ਹਜ਼ਾਰਾਂ ਏਕੜ ਵਿਚ ਬੀਜ ਸਕੇ। ਉਨ੍ਹਾਂ ਦਾ ਦੋਸ਼ ਹੈ ਕਿ ਪੰਜਾਬ ਕੋਲ ਇੰਨਾ ਮੁਢਲਾ ਬੀਜ ਉਪਲਬਧ ਨਹੀਂ ਸੀ ਜਿਸ ਤੋਂ 5 ਲੱਖ ਕੁਇੰਟਲ ਕਣਕ ਦਾ ਤਸਦੀਕਸ਼ੁਦਾ ਬੀਜ ਪੈਦਾ ਕੀਤਾ ਜਾ ਸਕੇ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਧਾਰਣ ਕਣਕ ਤਸਦੀਕਸ਼ੁਦਾ ਬੀਜ ਕਹਿ ਕੇ 1750 ਰੁਪਏ ਕੁਇੰਟਲ ਖ਼ਰੀਦੀ ਅਤੇ ਅਗੋਂ ਕਿਸਾਨਾਂ ਨੂੰ 500 ਰੁਪਏ ਕੁਇੰਟਲ ਪਿਛੇ ਸਬਸਿਡੀ ਦੇ ਕੇ 1250 ਰੁਪਏ ਵਿਚ ਵੇਚੀ। ਇਹ ਨਕਲੀ ਬੀਜ ਹੀ ਦਿੱਤਾ ਗਿਆ ਸੀ ।

ਉਨ੍ਹਾਂ ਇਹ ਵੀ ਪੁਛਿਆ ਕਿ ਜਦੋਂ ਕੇਂਦਰ ਨੇ ਰਾਜ ਸਰਕਾਰ ਨੂੰ 21 ਕਰੋੜ ਰੁਪਏ ਸਬਸਿਡੀ ਲਈ ਜਾਰੀ ਕਰ ਦਿਤੇ ਅਤੇ ਹਦਾਇਤ ਕੀਤੀ ਕਿ ਪ੍ਰਤੀ ਕੁਇੰਟਲ ਕਣਕ ਦੇ ਬੀਜ ਪਿਛੇ 700 ਰੁਪਏ ਸਬਸਿਡੀ ਦਿਤੀ ਜਾਵੇ ਫਿਰ ਸਰਕਾਰ ਨੇ ਕਿਸਾਨਾਂ ਨਾਲ ਧੋਖਾ ਕਿਉਂ ਕੀਤਾ? ਉਨ੍ਹਾਂ ਨੂੰ 1050 ਰੁਪਏ ਪ੍ਰਤੀ ਕੁਇੰਟਲ ਬੀਜ ਦੇਣ ਦੀ ਬਜਾਏ 1250 ਰੁਪਏ ਕਿਉਂ ਦਿੱਤਾ? ਪਿਛਲੇ ਦਿਨ ਉਨ੍ਹਾਂ ਨੇ ਪਨਸੀਡ ਨੂੰ ਉਹ ਰੀਕਾਰਡ ਵੀ ਵਿਖਾਇਆ ਜਿਸ ਵਿਚ ਪਨਸੀਡ ਨੇ ਕਿਹਾ ਕਿ ਕੰਪਨੀਆਂ ਤੋਂ 1650 ਰੁਪਏ ਪ੍ਰਤੀ ਕੁਇੰਟਲ ਬੀਜ ਖਰੀਦਿਆ ਗਿਆ ਪਰ ਮੰਤਰੀ ਵਾਰ ਵਾਰ 1750 ਰੁਪਏ ਦੱਸ ਰਹੇ ਹਨ। ਸ੍ਰੀ ਜਾਖੜ ਵਲੋਂ ਕੀਤੇ ਹਮਲੇ ਤੋਂ ਖੇਤੀ ਮੰਤਰੀ ਲੰਗਾਹ ਵੀ ਤੈਸ਼ ਵਿਚ ਆ ਗਏ। ਉਨ੍ਹਾਂ ਕਿਹਾ ਕਿ ਜੋ ਵੀ ਕੀਤਾ ਉਹ ਕਿਸਾਨਾਂ ਦੇ ਭਲੇ ਲਈ ਕੀਤਾ।

ਉਨ੍ਹਾਂ ਇਹ ਵੀ ਕਿਹਾ ਕਿ ਜੇ ਸਬਸਿਡੀ 700 ਰੁਪਏ ਦਿਤੀ ਜਾਂਦੀ ਤਾਂ ਕਿਸਾਨਾਂ ਨੇ ਇਹ ਕਣਕ ਮੁੜ ਬਾਜ਼ਾਰ ਵਿਚ ਵੇਚ ਦੇਣੀ ਸੀ। ਉਨ੍ਹਾਂ ਅਖ਼ੀਰ ਵਿਚ ਕਿਹਾ ਕਿ ਜੇ ਉਨ੍ਹਾਂ ਦਾ ਕੋਈ ਦੋਸ਼ ਹੋਵੇ ਤਾਂ ਉਹ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਦੇਣਗੇ। ਸ੍ਰੀ ਜਾਖੜ ਨੇ ਮੰਤਰੀ ਦੇ ਇਸ ਤਰਕ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਮੰਤਰੀ ਨੇ ਤਾਂ ਝੱਗਾ ਚੁੱਕ ਦਿਤਾ ਹੈ ਕਿ ਉਨ੍ਹਾਂ ਨੇ ਜੋ ਕਰਨਾ ਸੀ ਕਰ ਦਿਤਾ, ਵਿਰੋਧੀ ਧਿਰ ਕਰਨਾ ਜੋ ਕਰ ਲਵੇ। ਸਪੀਕਰ ਨੇ ਕਈ ਵਾਰ ਦਖ਼ਲ ਦੇ ਕੇ ਮੰਤਰੀ ਨੂੰ ਕਿਹਾ ਕਿ ਉਹ ਮੰਗੀ ਗਈ ਸਾਰੀ ਸੂਚਨਾ ਹਾਊਸ ਨੂੰ ਦੇਣ। ਹੋਰ ਗੱਲਾਂ ਕਰਨ ਦਾ ਕੋਈ ਲਾਭ ਨਹੀਂ। ਲਗਭਗ 24 ਮਿੰਟ ਤਕ ਕਣਕ ਬੀਜ ਸਕੈਂਡਲ ਦਾ ਮੁੱਦਾ ਪ੍ਰਸ਼ਨ ਕਾਲ ਸਮੇਂ ਹਾਊਸ 'ਚ ਛਾਇਆ ਰਿਹਾ।

ਅਖ਼ੀਰ ਸਪੀਕਰ ਦੇ ਕਹਿਣ 'ਤੇ ਅਤੇ ਸ੍ਰੀ ਜਾਖੜ ਦੀ ਸਹਿਮਤੀ ਨਾਲ ਇਸ ਦੀ ਜਾਂਚ ਦੇ ਹੁਕਮ ਵਿੱਤ ਕਮਿਸ਼ਨਰ ਵਿਕਾਸ (ਖੇਤੀਬਾੜੀ) ਨੂੰ ਕਰਨ ਦੇ ਦਿਤੇ।

# ਨਹਿਰੂ ਯੂਨੀਵਰਸਿਟੀ ਵਿਚ ਪੰਜਾਬੀ ਚੇਅਰ ਦੀ ਸਥਾਪਤੀ ਟਲੀ

**ਚੰਡੀਗੜ੍ਹ:** ਪੰਜਾਬ ਅਤੇ 12 ਹੋਰ ਸੂਬਿਆਂ ਵਿਚ ਪੰਜਾਬੀ ਨੂੰ ਬਣਦਾ ਸਤਿਕਾਰ ਦੇਣ ਸਬੰਧੀ ਬੜ੍ਹਕਾਂ ਮਾਰਨ ਵਾਲੀ ਪੰਜਾਬ ਸਰਕਾਰ ਕੋਲ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਖੇ ਪੰਜਾਬੀ ਚੇਅਰ ਸਥਾਪਤ ਕਰਨ ਲਈ ਤਿੰਨ ਕਰੋੜ ਰੁਪਏ ਵੀ ਨਹੀਂ ਹਨ।

ਇਸ ਨਾਲ ਪੰਜਾਬ ਸਰਕਾਰ ਵਲੋਂ ਪੰਜਾਬੀ ਲਈ ਵਿਖਾਇਆ ਹੇਜ ਨੰਗਾ ਹੋ ਗਿਆ ਹੈ। ਸਿਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਚਾਹੁੰਦੇ ਸਨ ਕਿ ਦਿੱਲੀ ਵਿਖੇ ਕੌਮੀ ਪੱਧਰ ਦੀ ਇਸ ਯੂਨੀਵਰਸਿਟੀ ਵਿਚ ਪੰਜਾਬੀ ਜ਼ਬਾਨ ਦੇ ਪ੍ਰਚਾਰ ਲਈ ਇਕ ਪੰਜਾਬੀ ਚੇਅਰ ਕਾਇਮ ਕੀਤੀ ਜਾਵੇ ਪਰ ਪੰਜਾਬ ਸਰਕਾਰ ਚੇਅਰ ਦਾ ਖ਼ਰਚਾ ਉਠਾਉਣ ਤੋਂ ਭੱਜ ਗਈ। ਯੂਨੀਵਰਸਿਟੀ ਵਿਖੇ ਪੰਜਾਬੀ ਚੇਅਰ ਕਾਇਮ ਕਰਨ ਲਈ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਤੋਂ ਆਜ਼ਾਦ ਵਿਧਾਇਕ ਅਜੀਤ ਸਿੰਘ ਸ਼ਾਂਤ ਨੇ ਵਿਧਾਨ ਸਭਾ ਵਿਚ ਵੀ ਮੁੱਦਾ ਚੁੱਕਿਆ ਸੀ ਪਰ ਪ੍ਰਸ਼ਨ ਕਾਲ ਦਾ ਸਮਾਂ ਖਤਮ ਹੋਣ 'ਤੇ ਮਾਮਲੇ 'ਤੇ ਉਸਾਰੂ ਬਹਿਸ ਨਹੀਂ ਹੋਈ। ਉਂਜ ਇਸ ਪ੍ਰਸ਼ਨ ਦਾ ਉਤਰ ਸਿਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਵਲੋਂ ਲਿਖਤੀ ਰੂਪ ਵਿਚ ਦਿਤਾ ਗਿਆ ਸੀ, ਜਿਸ ਵਿਚ ਮੰਤਰੀ ਨੇ ਕਿਹਾ ਸੀ ਕਿ ਸੂਬੇ ਦੇ ਉਚੇਰੀ ਸਿਖਿਆ ਮਹਿਕਮੇ ਨੇ ਪਹਿਲ ਕਦਮੀ ਕਰਦੇ ਹੋਏ ਚੇਅਰ ਕਾਇਮ ਕਰਨ ਲਈ ਯੂਨੀਵਰਸਿਟੀ ਨਾਲ ਇਸ ਕੰਮ ਲਈ ਲੋੜੀਂਦੀ ਰਕਮ ਦੇ ਅੰਦਾਜ਼ੇ ਬਾਰੇ ਜਾਣਕਾਰੀ ਹਾਸਲ ਕੀਤੀ ਸੀ।

ਪੰਜਾਬੀ ਚੇਅਰ ਲਈ ਨਹਿਰੂ ਯੂਨੀਵਰਸਿਟੀ ਪ੍ਰਸ਼ਾਸਨ ਨੇ ਤਿੰਨ ਕਰੋੜ ਰੁਪਏ ਦੀ ਗਰਾਂਟ ਦੀ ਮੰਗ ਕੀਤੀ ਸੀ ਪਰ ਪੰਜਾਬ ਸਰਕਾਰ ਨੇ ਗਰਾਂਟ ਮੁਹਈਆ ਨਹੀਂ ਕਰਵਾਈ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਨੇ ਮਤਾ ਪਾਸ ਕਰ ਕੇ ਮੰਗ ਕੀਤੀ ਸੀ ਕਿ ਜੰਮੂ ਕਸ਼ਮੀਰ, ਉਤਰਾਖੰਡ, ਹਿਮਾਚਲ, ਉੜੀਸਾ, ਮੱਧ ਪ੍ਰਦੇਸ਼ ਆਦਿ ਵਿਚ ਪੰਜਾਬੀ ਨੂੰ ਦੂਜੀ ਜ਼ਬਾਨ ਦਾ ਦਰਜਾ ਦਿਤਾ ਜਾਵੇ ।

## ਬੱਬਰ ਖ਼ਾਲਸਾ ਦੇ 3 ਮੈਂਬਰ ਕਾਬੂ

**ਮੋਹਾਲੀ :** ਜ਼ਿਲ੍ਹਾ ਪੁਲਿਸ ਮੁਖੀ ਗੁਰਪ੍ਰੀਤ ਸਿੰਘ ਭੁੱਲਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਐਸ ਏ ਐਸ ਨਗਰ ਸਥਿਤ ਆਪਣੇ ਦਫਤਰ ਦੇ ਮੀਟਿੰਗ ਹਾਲ ਵਿਚ ਬੀਤੀ 19 ਮਾਰਚ ਨੂੰ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਅਤੇ ਸਪੈਸ਼ਲ ਸੈਲ (ਐਨ ਆਰ) ਦਿੱਲੀ ਪੁਲਿਸ ਵਲੋਂ ਇੱਕ ਸਾਂਝੇ ਅਪਰੇਸ਼ਨ ਦੌਰਾਨ ਗੁਰਦੁਆਰਾ ਨਾਭਾ ਸਾਹਿਬ (ਜ਼ੀਰਕਪੁਰ) ਨੇੜਿਓਂ ਬੱਬਰ ਖਾਲਸਾ ਇੰਟਰਨੈਸ਼ਨਲ ਗਰੁੱਪ ਦੇ ਦੋ ਦਹਿਸ਼ਤਗਰਦਾਂ ਦਲਜੀਤ ਕੁਮਾਰ ਉਰਫ ਦੀਪਕ ਅਤੇ ਪ੍ਰਸੋਤਮ ਉਰਫ ਬੰਟੀ ਨੂੰ ਕਾਬੂ ਕੀਤਾ ਗਿਆ।

ਇਨ੍ਹਾਂ ਕੋਲੋਂ ਇੱਕ ਲੱਖ ਰੁਪਏ ਨਕਦ, ਇੱਕ 455 ਬੋਰ ਦਾ ਰਿਵਾਲਵਰ ਅਤੇ 3 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਫੜ੍ਹੇ ਗਏ ਦਹਿਸ਼ਤਗਰਦ ਵਿਦੇਸ਼ ਵਿਚ ਰਹਿੰਦੇ ਦਹਿਸ਼ਤਗਰਦਾਂ ਪ੍ਰਸੋਤਮ ਸਿੰਘ ਵਾਸੀ ਮਟ੍ਹੇੜੀ ਜ਼ਿਲ੍ਹਾ ਅੰਬਾਲਾ ਅਤੇ ਗੋਲਡੀ ਵਾਸੀ ਘੇਲ ਜ਼ਿਲ੍ਹਾ ਅੰਬਾਲਾ, ਦੇ ਇਸ਼ਾਰਿਆਂ 'ਤੇ ਕੰਮ ਕਰਦੇ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਦਹਿਸ਼ਤਗਰਦ ਬੱਬਰ ਖਾਲਸਾ ਵਲੋਂ ਕੀਤੀਆਂ ਜਾਂਦੀਆਂ ਗਤੀਵਿਧੀਆਂ ਲਈ ਕੰਮ ਕਰਦੇ ਸਨ, ਜਿਨ੍ਹਾਂ ਵਾਸਤੇ ਉਨ੍ਹਾਂ ਨੂੰ ਫਰਾਂਸ ਤੋਂ ਸ਼ਹਿ ਮਿਲ ਰਹੀ ਸੀ। ਉਨ੍ਹਾਂ ਦੱਸਿਆ ਕਿ ਫਰਾਂਸ ਵਿਚ ਰਹਿਣ ਵਾਲੇ ਪ੍ਰਸੋਤਮ ਸਿੰਘ ਅਤੇ ਗੋਲਡੀ ਦਾ ਪੁਰਾਣਾ ਰਿਕਾਰਡ ਦਹਿਸ਼ਤਗਰਦੀ ਗਤੀਵਿਧੀਆਂ ਵਾਲਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਹਿਸ਼ਤਗਰਦਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਇਨ੍ਹਾਂ ਵਿਰੁਧ ਥਾਣਾ ਜ਼ੀਰਕਪੁਰ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ। ਇਸ ਦੌਰਾਨ 20 ਮਾਰਚ ਨੂੰ ਜ਼ੀਰਕਪੁਰ ਪੁਲਸ ਵਲੋਂ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਇਕ ਹੋਰ ਦਹਿਸ਼ਤਗਰਦ ਫੜਨ ਦਾ ਦਾਅਵਾ ਕੀਤਾ ਗਿਆ ਹੈ। ਇਸ ਸੰਬੰਧੀ ਥਾਣਾ ਮੁਖੀ ਨੇ ਦੱਸਿਆ ਕਿ ਫੜੇ ਗਏ ਦਹਿਸ਼ਤਗਰਦਾਂ ਵਲੋਂ ਦੱਸੀ ਸ਼ਨਾਖਤ ਦੇ ਆਧਾਰ 'ਤੇ ਉਨ੍ਹਾਂ ਨੇ ਤਰਵਿੰਦਰ ਸਿੰਘ ਵਾਸੀ ਦਿੱਲੀ ਨੂੰ ਉਸ ਦੀ ਰਿਹਾਇਸ਼ ਤੋਂ ਕਾਬੂ ਕੀਤਾ ਹੈ।ਫੜੇ ਗਏ ਖਾੜਕੂਆਂ ਨੂੰ 21 ਮਾਰਚ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

ਪੁੱਛਗਿੱਛ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਵਲੋਂ ਕੌਮੀ ਰਾਜਧਾਨੀ ਸਣੇ ਹਿਮਾਚਲ ਪ੍ਰਦੇਸ਼ ਵਿਚ ਬੰਬ ਧਮਾਕੇ ਕਰਨ ਦੀ ਯੋਜਨਾ ਸੀ, ਜਿਸ ਨੂੰ ਜਥੇਬੰਦੀ ਦੇ ਤਿੰਨ ਖਾੜਕੂਆਂ ਦੀ ਗ੍ਰਿਫ਼ਤਾਰੀ ਨਾਲ ਅਸਫਲ ਕਰ ਦਿੱਤਾ ਗਿਆ ਹੈ। ਪੁਲਸ ਨੇ ਵੱਖ-ਵੱਖ ਥਾਈਂ ਫਰਾਰ ਹੋਏ ਖਾੜਕੂਆਂ ਹਰਿੰਦਰ ਸਿੰਘ ਸਮੇਤ ਇਕ ਹੋਰ ਖਾੜਕੂ ਦੀ ਸੂਹ ਦੇਣ ਵਾਲੇ ਨੂੰ ਪੰਜ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ।


Wraich Transport LLS
North American Truck Stop
14320 Slover Ave., Fontana, CA 92337




ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310



ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿੰਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



Call For Special Price

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 80 ਡਾਲਰ,
ਪੰਜ ਸਾਲ ਲਈ: 375 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਦਲ ਪਰਿਵਾਰ ਵਿਰੁਧ ਭ੍ਰਿਸ਼ਟਾਚਾਰ ਦੇ ਕੇਸ ਖਤਮ ਹੋਣ ਕਿਨਾਰੇ, ਬਹੁਤੇ ਗਵਾਹ ਮੁੱਕਰੇ

**ਜਲੰਧਰ:** ਪਿਛਲੀ ਕਾਂਗਰਸ ਸਰਕਾਰ ਵਲੋਂ 6 ਸਾਲ ਪਹਿਲਾਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਅਤੇ ਸੁਖਬੀਰ ਸਿੰਘ ਬਾਦਲ ਦੇ ਖਿਲਾਫ਼ ਦਾਇਰ ਕੀਤੇ ਗਏ ਭ੍ਰਿਸ਼ਟਾਚਾਰ ਦੇ ਕੇਸ ਆਉਣ ਵਾਲੇ ਕੁਝ ਹੀ ਸਮੇਂ ਵਿਚ ਖ਼ਤਮ ਹੋਣ ਦੀ ਦਿਸ਼ਾ ਵਿਚ ਅੱਗੇ ਵਧ ਰਹੇ ਹਨ। ਕਾਰਨ ਇਸ ਦਾ ਇਹ ਕਿ ਕੁੱਲ 137 ਗਵਾਹਾਂ ਵਿਚੋਂ ਦੋ-ਤਿਹਾਈ ਗਵਾਹ ਆਪਣੇ ਪਹਿਲੇ ਬਿਆਨਾਂ ਤੋਂ ਮੁੱਕਰ ਚੁੱਕੇ ਹਨ।

ਯਾਦ ਰਹੇ ਆਈ. ਜੀ. ਬੀ. ਕੇ . ਉਪਲ, ਆਈ. ਜੀ. ਐਸ. ਚਟੋਪਾਧਿਆਏ, ਰਿਟਾ. ਆਈ. ਜੀ. ਗੁਰਿੰਦਰਪਾਲ ਸਿੰਘ, ਐਸ. ਐਸ. ਪੀ. ਸੁਰਿੰਦਰਪਾਲ ਸਿੰਘ, ਜਿਹੜਾ ਕਿ ਪੜਤਾਲੀਆ ਅਫ਼ਸਰ ਸੀ ਅਤੇ ਐਸ. ਐਸ. ਪੀ. ਤੇ ਐਸ. ਪੀ. ਪੱਧਰ ਦੇ ਕਈ ਹੋਰ ਅਧਿਕਾਰੀਆਂ ਨੇ ਬਾਦਲ ਦੀ ਜਾਇਦਾਦ ਦੀ ਪੜਤਾਲ ਕੀਤੀ ਸੀ। ਇਹ ਸਾਰੇ ਸਰਕਾਰੀ ਪੱਖ ਦੇ ਗਵਾਹ ਸਨ ਜੋ ਆਪਣੀ ਗਵਾਹੀ ਵਾਪਸ ਲੈ ਚੁੱਕੇ ਹਨ। ਹੁਣ ਸਿਰਫ਼ 5 ਗਵਾਹ ਬਾਕੀ ਰਹਿ ਗਏ ਹਨ, ਜਿਨ੍ਹਾਂ ਦੀ ਗਵਾਹੀ ਦੀ ਪੁਸ਼ਟੀ ਹਾਲੇ ਹੋਣੀ ਹੈ। ਇਨ੍ਹਾਂ ਵਿਚੋਂ ਤਿੰਨ ਗਵਾਹਾਂ ਨੂੰ ਲੰਘੀ 20 ਮਾਰਚ ਨੂੰ ਅਦਾਲਤ ਵਿਚ ਬੁਲਾਇਆ ਗਿਆ ਸੀ। ਇਨ੍ਹਾਂ ਤਿੰਨਾਂ ਵਿਚੋਂ ਇਕ ਆਪਣੀ ਪਹਿਲੀ ਗਵਾਹੀ ਤੋਂ ਮੁੱਕਰ ਗਿਆ ਸੀ।

ਅਦਾਲਤ ਨੇ ਪਿਛਲੇ ਸਾਲ 52 ਗਵਾਹ ਰੱਦ ਕਰ ਦਿੱਤੇ ਸਨ ਪਰ ਬਾਅਦ ਵਿਚ ਐਡੀਸ਼ਨਲ ਸੈਸ਼ਨ ਜੱਜ ਜੇ. ਐਸ. ਕਲੇਰ ਨੇ ਉਨ੍ਹਾਂ ਵਿਚੋਂ 38 ਨੂੰ ਗਵਾਹੀ ਲਈ ਬੁਲਾਇਆ ਸੀ। ਕਲੇਰ ਨੂੰ ਇਸ ਤੋਂ ਬਾਅਦ ਮੋਹਾਲੀ ਤੋਂ ਤਬਦੀਲ ਕਰ ਦਿੱਤਾ ਗਿਆ ਸੀ। ਹੁਣ ਉਨ੍ਹਾਂ 38 ਵਿਚੋਂ ਵੀ ਬਹੁਤੇ ਆਪਣੀ ਗਵਾਹੀ ਤੋਂ ਮੁੱਕਰ ਗਏ ਹਨ। ਇਸ ਕੇਸ ਨੂੰ ਵੱਡਾ ਧੱਕਾ ਉਦੋਂ ਲੱਗਾ, ਜਦੋਂ ਮੁੱਖ ਪੜਤਾਲੀਆ ਅਫ਼ਸਰ ਸੁਰਿੰਦਰ ਸਿੰਘ ਨੇ 5 ਫਰਵਰੀ 2008 ਨੂੰ ਅਦਾਲਤ ਵਿਚ ਬਿਆਨ ਕੀਤਾ ਤੇ ਕਿਹਾ ਕਿ ਇਹ ਡੀ. ਆਈ. ਜੀ. ਬੀ. ਕੇ. ਉਪਲ ਸਨ, ਜਿਨ੍ਹਾਂ ਨੇ ਵਿਜੀਲੈਂਸ ਡੀ. ਆਈ. ਜੀ. ਹੋਣ ਦੇ ਨਾਤੇ ਪੜਤਾਲੀਆ ਰਿਪੋਰਟ ਲਿਖੀ ਸੀ ਅਤੇ ਵਿਜੀਲੈਂਸ ਦੇ ਡੀ. ਆਈ. ਜੀ. ਨੇ 2003 ਵਿਚ ਉਨ੍ਹਾਂ ਨੂੰ ਸਿਰਫ ਇਸ ਰਿਪੋਰਟ ਉਪਰ ਦਸਤਖ਼ਤ ਕਰਨ ਲਈ ਹੀ ਸੱਦਿਆ ਸੀ।

ਉਧਰ ਸ੍ਰੀ ਉਪਲ ਨੇ ਪੜਤਾਲ ਦੀ ਸਾਰੀ ਜ਼ਿੰਮੇਵਾਰੀ ਸੁਰਿੰਦਰਪਾਲ ਉੱਪਰ ਸੁੱਟਦਿਆਂ ਕਿਹਾ ਸੀ ਕਿ ਇੰਸਪੈਕਸ਼ਨ ਨੋਟ ਪੜਤਾਲੀਆ ਅਫ਼ਸਰ ਵਲੋਂ ਤਿਆਰ ਕੀਤੇ ਗਏ ਸਨ। ਉਨ੍ਹਾਂ ਕਿਹਾ, "ਮੈਨੂੰ ਪਤਾ ਨਹੀਂ ਕਿ ਤਕਨੀਕੀ ਟੀਮ ਦੇ ਮੈਂਬਰ ਕੌਣ ਕੌਣ ਸਨ? ਜਦੋਂ ਪੜਤਾਲੀਆ ਅਫ਼ਸਰ ਵਲੋਂ ਇੰਸਪੈਕਸ਼ਨ ਨੋਟ ਤਿਆਰ ਕੀਤੇ ਗਏ ਸਨ।" ਸ੍ਰੀ ਉਪਲ ਵਲੋਂ ਅਦਾਲਤ ਵਿਚ 8 ਮਾਰਚ 2008 ਨੂੰ ਇਹ ਵੀ ਕਿਹਾ ਗਿਆ ਸੀ ਕਿ ਨੋਟਾਂ ਉਪਰ



ਉਸ ਦੇ ਦਸਤਖ਼ਤ ਨਹੀਂ ਸਨ। ਇਹ ਸਾਰੇ ਅਫ਼ਸਰ, ਜਿਹੜੇ 2003 ਵਿਚ ਅਤੇ ਬਾਅਦ ਵਿਚ ਜਾਇਦਾਦ ਦੀ ਪੜਤਾਲ ਸਮੇਂ ਮਾਰੇ ਗਏ ਛਾਪਿਆਂ ਦਾ ਵਿਸਥਾਰ ਦੱਸਣ ਲਈ ਪ੍ਰੈਸ ਕਾਨਫਰੰਸਾਂ ਕਰਦੇ ਸਨ, ਅੱਜ ਪੂਰੀ ਤਰ੍ਹਾਂ ਚੁੱਪ ਹਨ।

137 ਗਵਾਹਾਂ ਦੀ ਲੰਮੀ ਲਿਸਟ, ਜਿਸ ਦੀ ਹੁਣ ਪੁਛ ਹੀ ਬਾਕੀ ਰਹਿ ਗਈ ਹੈ, ਵਿਚ ਕਿਸੇ ਸਮੇਂ ਐਮ. ਐਲ. ਏ. ਜਗਦੀਪ ਸਿੰਘ ਨਕਈ, ਯੂਥ ਅਕਾਲੀ ਲੀਡਰ ਕਿਰਨਬੀਰ ਸਿੰਘ ਕੰਗ, ਵੱਖ-ਵੱਖ ਬੈਂਕਾਂ ਦੇ 19 ਸੀਨੀਅਰ ਅਫ਼ਸਰ ਸ਼ਾਮਲ ਸਨ। ਸੰਬੰਧਤ ਬੈਂਕਾਂ ਵਿਚ ਬਾਦਲ ਪਰਿਵਾਰ ਦੇ ਖਾਤੇ ਵਿਖਾਏ ਗਏ ਸਨ। ਇਹ ਬੈਂਕ ਬ੍ਰਾਂਚਾਂ ਚੰਡੀਗੜ੍ਹ, ਹਰਿਆਣਾ, ਦਿੱਲੀ ਅਤੇ ਉਤਰਾਖੰਡ ਵਿਚ ਸਨ। ਇਸ ਤੋਂ ਇਲਾਵਾ ਇਥੇ ਕਈ ਸਿਵਲ ਵਿਭਾਗਾਂ ਦੇ ਅਧਿਕਾਰੀ ਵੀ ਗਵਾਹਾਂ ਵਜੋਂ ਲਏ ਗਏ ਸਨ, ਜਿਨ੍ਹਾਂ ਵਿਚ ਮਾਲ ਵਿਭਾਗ, ਪੀ. ਡਬਲਯੂ. ਡੀ. ਅਤੇ ਬਾਗਬਾਨੀ ਵਿਭਾਗ ਦੇ ਅਧਿਕਾਰੀ ਸ਼ਾਮਲ ਸਨ। ਦੋ ਅਧਿਕਾਰੀ ਹਰਿਆਣਾ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਵੀ ਸ਼ਾਮਲ ਸਨ। ਇਹ ਜੁਲਾਈ 24, 2003 ਦਾ ਦਿਨ ਸੀ, ਜਦੋਂ ਅਮਰਿੰਦਰ ਸਿੰਘ ਸਰਕਾਰ ਨੇ 3 ਬਾਦਲਾਂ ਅਤੇ ਉਨ੍ਹਾਂ ਦੇ ਸਾਥੀਆਂ ਵਿਰੁਧ ਆਪਣੇ ਆਮਦਨ ਦੇ ਸੋਮਿਆਂ ਤੋਂ ਵਧੇਰੇ ਜਾਇਦਾਦ ਬਣਾਉਣ ਦਾ ਕੇਸ ਦਰਜ ਕੀਤਾ ਸੀ।

# ਭ੍ਰਿਸ਼ਟਾਚਾਰ ਦੇ ਕੇਸ ਵਾਪਸ ਲੈਣ ਦੀ ਮੁਹਿੰਮ ਠੱਪ

ਉਠਦਿਆਂ, ਪੰਜਾਬ ਵਿਧਾਨ ਸਭਾ 'ਚ ਪਹਿਲੀ ਵਾਰ ਸਦਨ ਨੇ ਸਾਰੀਆਂ ਧਿਰਾਂ ਦੇ ਆਗੂਆਂ ਅਤੇ ਵਰਕਰਾਂ 'ਤੇ ਰਾਜਸੀ ਬਦਲਾਖੋਰੀ ਦੀ ਭਾਵਨਾ ਨਾਲ ਬਣੇ ਕੇਸਾਂ ਨੂੰ ਵਾਪਸ ਲੈਣ ਸੰਬੰਧੀ ਵਿਚਾਰ ਕੀਤੀ ਸੀ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਤੋਂ ਲੈ ਕੇ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੌਰਾਨ ਬਣੇ ਕੇਸਾਂ ਨੂੰ ਵਾਪਸ ਲੈਣ ਲਈ ਤਜਵੀਜ਼ ਰੱਖੀ ਗਈ ਸੀ। ਸਪੀਕਰ ਵਲੋਂ ਇਸ ਬਾਰੇ ਰਾਇ ਲੈਣ ਬਾਅਦ 26 ਮਾਰਚ ਨੂੰ ਸਦਨ ਦੇ ਮੈਂਬਰਾਂ ਅੱਗੇ ਮੁੱਦਾ ਰੱਖਿਆ ਜਾਣਾ ਹੈ। ਪਰ ਕੈਪਟਨ ਵਲੋਂ ਇਸ ਤਜਵੀਜ਼ ਤੋਂ ਪਾਸਾ ਵੱਟਣ ਨਾਲ ਇਸ ਦੇ ਖਟਾਈ 'ਚ ਪੈਣ ਦੇ ਆਸਾਰ ਬਣਦੇ ਨਜ਼ਰ ਆ ਰਹੇ ਹਨ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਅਤੇ ਸੁਰਿੰਦਰ ਕੌਰ ਬਾਦਲ ਵਿਰੁਧ ਆਮਦਨ ਨਾਲੋਂ ਵਧ ਜਾਇਦਾਦ ਰੱਖਣ, ਅਹੁਦੇ ਦੀ ਦੁਰਵਰਤੋਂ ਕਰਨ ਅਤੇ ਭ੍ਰਿਸ਼ਟਾਚਾਰ ਦਾ ਮਾਮਲਾ ਜੂਨ 2003 'ਚ ਦਰਜ ਕੀਤਾ ਗਿਆ ਸੀ। ਨਿਰਮਲ ਸਿੰਘ ਕਾਹਲੋਂ (ਸਪੀਕਰ) 'ਤੇ ਜੇ ਬੀ ਸੀ ਸਕੈਂਡਲ ਅਤੇ ਪੇਂਡੂ ਵਿਕਾਸ ਮੰਤਰੀ ਰਹਿੰਦੇ ਹੋਏ 909 ਪੰਚਾਇਤ ਸਕੱਤਰਾਂ ਦੀ ਨਿਯੁਕਤੀ 'ਚ ਘੋਟਾਲਾ, ਸੋਹਣ ਸਿੰਘ ਠੰਡਲ 'ਤੇ ਭ੍ਰਿਸ਼ਟਾਚਾਰ, ਤੋਤਾ ਸਿੰਘ 'ਤੇ ਸਿੱਖਿਆ ਮੰਤਰੀ ਹੋਣ ਸਮੇਂ ਅਹੁਦੇ ਦੀ ਦੁਰਵਰਤੋਂ ਦਾ ਦੋਸ਼, ਸੁੱਚਾ ਸਿੰਘ ਲੰਗਾਹ 'ਤੇ ਆਮਦਨ ਸਰੋਤਾਂ ਨਾਲੋਂ ਵਧ ਸੰਪਤੀ ਬਣਾਉਣ, ਬਲਵਿੰਦਰ ਸਿੰਘ ਭੂੰਦੜ 'ਤੇ ਸਰਕਾਰੀ ਗਰਾਂਟ ਦੀ ਦੁਰਵਰਤੋਂ ਕਰਨ ਤਹਿਤ, ਸਾਬਕਾ ਵਿਧਾਇਕ ਰਤਨ ਸਿੰਘ ਅਜਨਾਲਾ 'ਤੇ ਆਮਦਨ ਸਰੋਤਾਂ ਨਾਲੋਂ ਵਧ ਜਾਇਦਾਦ ਰੱਖਣ, ਕੈਬਨਿਟ ਮੰਤਰੀ ਅਜੀਤ ਸਿੰਘ ਕੋਹਾੜ, ਕੈਬਨਿਟ ਮੰਤਰੀ ਸੇਵਾ ਸਿੰਘ ਸੇਖਵਾਂ ਅਤੇ ਸਾਬਕਾ ਖੇਤੀਬਾੜੀ ਮੰਤਰੀ ਗੁਰਦੇਵ ਸਿੰਘ ਬਾਦਲ ਅਤੇ ਸਾਬਕਾ ਕੈਬਨਿਟ ਮੰਤਰੀ ਜਗਦੀਸ਼ ਸਿੰਘ ਗਰਚਾ, ਪਰਮਿੰਦਰ ਸਿੰਘ ਢੀਂਡਸਾ ਤੇ ਸਾਬਕਾ ਪੀ.ਟੀ.ਯੂ. ਵਾਈਸ ਚਾਂਸਲਰ ਹਰਦੇਵ ਸਿੰਘ ਗੁਰਮ ਵਿਰੁਧ ਆਮਦਨ ਸਰੋਤਾਂ ਨਾਲੋਂ ਵਧ ਜਾਇਦਾਦ ਰੱਖਣ ਦੇ ਮਾਮਲੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਦਰਜ ਕੀਤੇ ਗਏ।

ਜਦਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਅਤੇ ਸਥਾਨਕ ਸਰਕਾਰਾਂ ਬਾਰੇ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ, ਸਾਬਕਾ ਕਾਂਗਰਸ ਪ੍ਰਧਾਨ ਐਚ ਐਸ ਹੰਸਪਾਲ ਅਤੇ ਲੁਧਿਆਣਾ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਪੀ.ਐਸ. ਸੀਬੀਆ ਵਿਰੁਧ ਬਹੁ-ਕਰੋੜੀ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਅਧੀਨ ਮਈ 2007 'ਚ ਕੇਸ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਭਰਤਇੰਦਰ ਸਿੰਘ ਚਾਹਲ ਵਿਰੁਧ ਆਮਦਨ ਨਾਲੋਂ ਵਧ ਜਾਇਦਾਦ ਰੱਖਣ ਸੰਬੰਧੀ ਜੁਲਾਈ 2007 'ਚ ਕੇਸ ਦਰਜ ਕੀਤਾ ਗਿਆ ਸੀ।



ਪੰਜਾਬ ਵਿਧਾਨ ਸਭਾ 'ਚ ਲੰਘੀ 18 ਮਾਰਚ ਨੂੰ ਸਿਫਰ ਕਾਲ ਦੌਰਾਨ ਕਾਂਗਰਸੀ ਵਿਧਾਇਕ ਮੱਖਣ ਸਿੰਘ ਨੇ ਇਹ ਮਾਮਲਾ ਉਠਾਉਂਦੇ ਹੋਏ ਜ਼ਿਕਰ ਕੀਤਾ ਸੀ ਕਿ ਡਿਪਟੀ ਸਪੀਕਰ ਸਤਪਾਲ ਗੋਸਾਈਂ ਨੇ ਪਿਛਲੇ ਹਫਤੇ ਵਿਧਾਨ ਸਭਾ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਪੱਤਰ ਲਿਖ ਕੇ ਨੇਤਾਵਾਂ ਵਿਰੁਧ ਚਲ ਰਹੇ ਮਾਮਲੇ ਵਾਪਸ ਲੈਣ ਲਈ ਪ੍ਰਸਤਾਵ ਲਿਆਉਣ ਦੀ ਅਪੀਲ ਕੀਤੀ ਸੀ। ਇਸ ਉਪਰੰਤ ਸ. ਕਾਹਲੋਂ ਨੇ ਕਿਹਾ ਕਿ ਉਨ੍ਹਾਂ ਨੂੰ ਇਕ ਪੱਤਰ ਮਿਲਿਆ ਹੈ ਜਿਸ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਸਮੇਤ ਕਈ ਨੇਤਾਵਾਂ ਵਿਰੁਧ ਚਲ ਰਹੇ ਮਾਮਲਿਆਂ ਦਾ ਜ਼ਿਕਰ ਹੈ। ਇਸ 'ਤੇ ਦੋਹਾਂ ਧਿਰਾਂ ਦੇ ਮੈਂਬਰ ਇਸ ਮਾਮਲੇ 'ਤੇ ਸਹਿਮਤ ਨਜ਼ਰ ਆਏ ਕਿ ਅਜਿਹੇ ਮਾਮਲੇ ਰਾਜਸੀ ਖਹਿਬਾਜ਼ੀ ਤਹਿਤ ਦਰਜ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਵਾਪਸ ਲਏ ਜਾਣ ਲਈ ਤਜਵੀਜ਼ ਲਿਆਂਦੀ ਜਾਣੀ ਚਾਹੀਦੀ ਹੈ।

ਪਰ ਇਸ ਬਾਰੇ ਕੋਈ ਸਹਿਮਤੀ ਬਣਨ ਤੋਂ ਪਹਿਲਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਕਾਨੂੰਨੀ ਮਾਹਿਰਾਂ ਦੀ ਰਾਇ ਲੈਣ ਪਿਛੋਂ ਹੀ ਕੋਈ ਕਦਮ ਚੁੱਕਿਆ ਜਾਵੇ। ਹੁਣ ਸਪੀਕਰ ਇਸ ਬਾਰੇ ਰਾਇ ਲੈ ਕੇ 26 ਮਾਰਚ ਨੂੰ ਸਦਨ ਦੇ ਮੈਂਬਰਾਂ ਅਗੇ ਮੁੱਦਾ ਰੱਖਣਗੇ। ਸਦਨ ਵਿਚ ਇਹ ਮਾਮਲਾ 26 ਮਾਰਚ ਨੂੰ ਵਿਚਾਰੇ ਜਾਣ ਤੋਂ ਪਹਿਲਾਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਅਕਾਲੀ ਸਰਕਾਰ ਤੋਂ ਭੀਖ ਦੀ ਲੋੜ ਨਹੀਂ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਧੀਨ ਚੱਲ ਰਹੇ ਕੇਸਾਂ ਸੰਬੰਧੀ ਉਹ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਦੇ ਚਾਹਵਾਨ ਨਹੀਂ ਹਨ। ਉਨ੍ਹਾਂ ਕਿਹਾ, "ਮੈਨੂੰ ਅਦਾਲਤਾਂ ਉਤੇ ਪੂਰਨ ਭਰੋਸਾ ਹੈ।" ਉਨ੍ਹਾਂ ਕਿਹਾ ਕਿ ਮੇਰਾ ਸ਼ੁਰੂ ਤੋਂ ਅਦਾਲਤ ਵਿਚ ਇਹੋ ਸਟੈਂਡ ਰਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਵਲੋਂ ਉਨ੍ਹਾਂ ਵਿਰੁਧ ਕੇਸ ਸਿਆਸੀ ਬਦਲਾਖੋਰੀ ਅਤੇ ਕਿੜਬਾਜ਼ੀ ਨੂੰ ਮੁੱਖ ਰੱਖ ਕੇ ਦਰਜ ਕੀਤੇ ਗਏ ਹਨ। ਜੇਕਰ ਅਕਾਲੀ-ਭਾਜਪਾ ਸਰਕਾਰ ਨੂੰ ਅੱਜ ਆਪਣੇ ਇਸ ਗੈਰਵਿਧਾਨਕ ਵਰਤਾਰੇ ਸੰਬੰਧੀ ਪਛਤਾਵਾ ਹੋ ਰਿਹਾ ਹੈ, ਤਾਂ ਉਸਨੂੰ ਮੁਆਫੀ ਮੰਗਦਿਆਂ ਸਭ ਤੋਂ ਪਹਿਲਾਂ ਪੰਜਾਬ ਦੇ 14 ਹਜ਼ਾਰ ਕਾਂਗਰਸੀ ਵਰਕਰਾਂ ਤੇ ਆਗੂਆਂ ਵਿਰੁਧ ਦਰਜ ਕਥਿਤ ਝੂਠੇ ਕੇਸਾਂ ਨੂੰ ਵਾਪਸ ਲੈਣਾ ਚਾਹੀਦਾ ਹੈ। ਉਨ੍ਹਾਂ ਅਕਾਲੀਆਂ ਤੋਂ ਜਵਾਬ ਮੰਗਦਿਆਂ ਕਿਹਾ ਕਿ ਜੇ ਉਹ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਇਹ ਕੇਸ ਸਿਆਸਤ ਤੋਂ ਪ੍ਰੇਰਿਤ ਸਨ, ਤਾਂ ਫਿਰ ਪਿਛਲੇ ਤਿੰਨ ਸਾਲਾਂ ਵਿਚ ਪੰਜਾਬ ਦੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨੂੰ ਅਦਾਲਤਾਂ ਵਿਚ ਬਰਬਾਦ ਕਰਨ ਦੀ ਕੀ ਲੋੜ ਸੀ? ਕੈਪਟਨ ਨੇ ਕਿਹਾ ਕਿ ਆਪਣੀ ਵਿਧਾਨ ਸਭਾ ਮੈਂਬਰਸ਼ਿਪ ਖਤਮ ਕੀਤੇ ਜਾਣ ਅਤੇ ਸਿਟੀ ਸੈਂਟਰ ਸਮੇਤ ਦਰਜ ਦੂਜੇ ਦੋਵਾਂ ਕੇਸਾਂ ਸੰਬੰਧੀ ਉਹ ਅਦਾਲਤ ਤੋਂ ਇਨਸਾਫ ਲਈ ਇੰਤਜ਼ਾਰ ਕਰਨਗੇ ਅਤੇ ਸੱਚ ਝੂਠ ਦਾ ਨਿਖੇੜਾ ਇਕ ਦਿਨ ਜ਼ਰੂਰ ਹੋਵੇਗਾ।

ਕੈਪਟਨ ਅਮਰਿੰਦਰ ਸਿੰਘ ਦਾ ਸਪਸ਼ਟ ਸਟੈਂਡ ਦੇਖਦਿਆਂ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਸ੍ਰੀਮਤੀ ਭੱਠਲ ਨੇ ਕਿਹਾ ਹੈ ਕਿ ਵਿਧਾਨ ਸਭਾ ਵਿਚ ਮਤੇ ਰਾਹੀਂ ਭ੍ਰਿਸ਼ਟਾਚਾਰ ਦੇ ਕੇਸ ਖਤਮ ਕਰਨ ਦੀ ਤਜਵੀਜ਼ ਮਾੜੀ ਹੈ ਅਤੇ ਕਾਂਗਰਸ ਭ੍ਰਿਸ਼ਟਾਚਾਰ ਦੇ ਕੇਸਾਂ ਬਾਰੇ ਕਿਸੇ ਸਮਝੌਤੇ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਰਾਜ ਅੰਦਰ ਸਾਜ਼ਗਾਰ ਮਾਹੌਲ ਸਿਰਜਣਾ ਚਾਹੁੰਦੀ ਹੈ ਤਾਂ ਹੋਰ ਕੋਈ ਵੀ ਗੱਲ ਕਰਨ ਤੋਂ ਪਹਿਲਾਂ ਹਜ਼ਾਰਾਂ ਕਾਂਗਰਸ ਵਰਕਰਾਂ 'ਤੇ ਦਰਜ ਕੀਤੇ ਗਏ ਝੂਠੇ ਕੇਸ ਵਾਪਸ ਲੈਣ ਦਾ ਐਲਾਨ ਕੀਤਾ ਜਾਵੇ। ਸ੍ਰੀਮਤੀ ਭੱਠਲ ਜੋ ਪਹਿਲਾਂ ਕੇਸ ਵਾਪਸ ਲੈਣ ਦੇ ਹੱਕ ਵਿਚ ਸੀ, ਨੇ ਮਗਰੋਂ ਆਪਣਾ ਪੈਂਤੜਾ ਬਦਲਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਕੇਸ ਭਾਵੇਂ ਉਹ ਕਿਸੇ ਵੀ ਪੱਧਰ ਅਤੇ ਕਿਸੇ ਵੀ ਧਿਰ ਦੇ ਨੇਤਾਵਾਂ ਨਾਲ ਸਬੰਧਤ ਹੋਣ, ਵਾਪਸ ਲੈਣ ਦੀ ਪਿਰਤ ਨਹੀਂ ਪੈਣੀ ਚਾਹੀਦੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਮਾਮਲੇ 'ਤੇ ਉਨ੍ਹਾਂ ਦਾ ਪੱਖ ਪਹਿਲੇ ਦਿਨ ਵਾਲਾ ਹੀ ਹੈ, ਜਿਸ ਦਿਨ ਇਹ ਤਜਵੀਜ਼ ਆਈ ਸੀ। ਉਨ੍ਹਾਂ ਨੇ ਕਦੇ ਵੀ ਸਮੁੱਚੀ ਤਜਵੀਜ਼ ਨੂੰ ਇੰਨ ਬਿੰਨ ਮੰਨਣ ਦੀ ਗੱਲ ਨਹੀਂ ਆਖੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਮਰਦ ਵੇਸਵਾ 'ਚ ਤਬਦੀਲ ਹੋ ਰਹੀ ਹੈ ਪੰਜਾਬ ਦੀ ਜਵਾਨੀ

**ਚੰਡੀਗੜ੍ਹ :** ਪੰਜਾਬ ਦੀ ਬੇਰੁਜ਼ਗਾਰ ਜਵਾਨੀ ਦਾ ਫ਼ਾਇਦਾ ਉਠਾਉਂਦੇ ਇਕ ਅੰਤਰ ਰਾਸ਼ਟਰੀ ਗਰੁੱਪ ਨੇ ਨੌਜਵਾਨ ਮੁੰਡਿਆਂ ਨੂੰ ਵੇਸਵਾ ਬਣਨ ਲਈ ਮਜਬੂਰ ਕਰ ਦਿਤਾ ਹੈ। ਇਨ੍ਹਾਂ ਮੇਲ ਵੇਸਵਾਂ ਨੂੰ ਇਕ ਮਹੀਨੇ ਵਿਚ 12 ਵਾਰ ਅਲੱਗ-ਅਲੱਗ ਔਰਤਾਂ ਨਾਲ ਕਾਮੁਕ ਸੰਬੰਧਾਂ ਬਦਲੇ 30 ਹਜ਼ਾਰ ਰੁਪਏ ਤਨਖ਼ਾਹ ਦੇਣ ਦਾ ਸਨਸਨੀਖ਼ੇਜ਼ ਪ੍ਰਗਟਾਵਾ ਹੋਇਆ ਹੈ। ਇਸ ਅੰਤਰ ਰਾਸ਼ਟਰੀ ਸੈਕਸ ਜਾਲ ਬਾਰੇ ਇਕ ਹਿੰਦੀ ਅਖ਼ਬਾਰ ਵਿਚ ਪ੍ਰਕਾਸ਼ਤ ਇਸ਼ਤਿਹਾਰ ਤੋਂ ਪਤਾ ਲੱਗਾ ਜਿਸ ਵਿਚ ਮਾਲਸ਼ ਕਰਨ ਵਾਲੇ ਲੜਕਿਆਂ ਦੀ ਮੰਗ ਕੀਤੀ ਗਈ ਸੀ। ਜਦ ਦਿਤੇ ਗਏ ਟੈਲੀਫ਼ੋਨ ਨੰਬਰਾਂ 'ਤੇ ਗੱਲ ਕੀਤੀ ਗਈ ਤਾਂ ਸ਼ੁੱਧ ਪੰਜਾਬੀ ਬੋਲਣ ਵਾਲੀਆਂ ਕੁੜੀਆਂ ਦਾ ਕਹਿਣਾ ਸੀ ਕਿ ਮਾਲਸ਼ ਦਾ ਤਾਂ ਬਹਾਨਾ ਹੈ, ਸਿਰਫ਼ ਸੈਕਸ ਕਰਨਾ ਪਵੇਗਾ।


ਇਕ ਮਹੀਨੇ ਵਿਚ 12 ਵਾਰ ਅਲੱਗ-ਅਲੱਗ ਔਰਤਾਂ ਨਾਲ ਸੈਕਸ ਕਰਨ ਦੇ ਬਦਲੇ ਵਿਚ 30,000 ਰੁਪਏ ਮਹੀਨਾ ਦਿਤਾ ਜਾਵੇਗਾ ਜਿਸ ਕਰ ਕੇ ਸਾਲ ਵਿਚ 4 ਲੱਖ ਅਤੇ ਇਸੇ ਤਰ੍ਹਾਂ ਕਈ ਲੱਖਾਂ ਕਮਾਏ ਜਾ ਸਕਦੇ ਹਨ। ਇਸ ਵਾਸਤੇ ਪਹਿਲਾਂ 3500 ਰੁਪਏ ਰਜਿਸਟਰੇਸ਼ਨ ਫ਼ੀਸ ਜਮ੍ਹਾਂ ਕਰਵਾਉਣੀ ਪਵੇਗੀ। ਇਨ੍ਹਾਂ ਵਲੋਂ ਕੈਨਰਾ ਬੈਂਕ ਦਾ ਖਾਤਾ ਨੰਬਰ ਦਿਤਾ ਗਿਆ ਹੈ। ਇਨ੍ਹਾਂ ਕੁੜੀਆਂ ਨੇ ਦਸਿਆ ਕਿ ਇਸ ਕੰਮ ਵਿਚ 1.30 ਲੱਖ ਲੋਕ ਜੁੜੇ ਹਨ ਅਤੇ ਪੰਜਾਬ ਦੇ ਜ਼ੀਰਕਪੁਰ, ਡੇਰਾਬੱਸੀ, ਖਰੜ ਤੇ ਖਮਾਣੋਂ ਤੋਂ ਲੈ ਕੇ ਪੂਰੇ ਜ਼ਿਲ੍ਹਿਆਂ ਵਿਚ ਕਾਰੋਬਾਰ ਫੈਲਿਆ ਹੋਇਆ ਹੈ।

ਤੁਸੀਂ ਅਪਣੇ-ਅਪਣੇ ਮਨਪਸੰਦ ਸ਼ਹਿਰ ਮੋਹਾਲੀ, ਚੰਡੀਗੜ੍ਹ, ਸਿਰਸਾ, ਦਿੱਲੀ, ਕਰਨਾਲ, ਲੁਧਿਆਣਾ, ਰੋਪੜ, ਜਲੰਧਰ ਆਦਿ ਕਿਸੇ ਵੀ ਥਾਂ ਰਹਿ ਕੇ 12 ਵਾਰ ਕਾਮੁਕ ਸੰਬੰਧ ਬਣਾ ਕੇ 30,000 ਰੁਪਏ ਮਹੀਨਾ ਕਮਾ ਸਕਦੇ ਹੋ। ਫ਼ੋਨ ਚੁੱਕਣ ਵਾਲੀਆਂ ਸ਼ਵੇਤਾ, ਸ਼ਵਾਤੀ ਤੇ ਲੀਜ਼ਾ ਨਾਮਕ ਕੁੜੀਆਂ ਦਾ ਕਹਿਣਾ ਸੀ ਕਿ ਪਹਿਲੀ ਵਾਰ ਕਾਮੁਕ ਸੰਬੰਧ ਬਣਾਉਣ ਉਪਰੰਤ 15000 ਰੁਪਏ ਦੀ ਐਡਵਾਂਸ ਪੇਸ਼ਗੀ ਦਿਤੀ ਜਾਵੇਗੀ ਅਤੇ ਬਾਕੀ 15,000 ਪੂਰੀ 'ਸਰਵਿਸ' ਉਪਰੰਤ ਦਿਤੇ ਜਾਣਗੇ। ਉਨ੍ਹਾਂ ਦਸਿਆ ਕਿ ਸੈਕਸ ਨੌਜਵਾਨ ਵਿਧਵਾ, ਐਨ.ਆਰ.ਆਈ. ਤਲਾਕਸ਼ੁਦਾ, ਅਪਣੇ ਪਤੀ ਤੋਂ ਦੂਰ ਰਹਿੰਦੀਆਂ ਔਰਤਾਂ ਅਤੇ ਅਪਣੇ ਪਤੀ ਤੋਂ ਸੁਤੰਸ਼ਟੀ ਨਾ ਪਾਉਣ ਵਾਲੀਆਂ ਔਰਤਾਂ ਨਾਲ ਕਰਨਾ ਪਵੇਗਾ, ਜੋ ਸਾਡੇ ਸੰਪਰਕ ਵਿਚ ਹਨ। ਉਨ੍ਹਾਂ ਦੇ ਘਰ ਜਾਂ ਫਿਰ ਕਿਸੇ ਹੋਟਲ ਵਿਚ ਜਾਣਾ ਪਵੇਗਾ।

ਇਸ ਦੌਰਾਨ ਉਨ੍ਹਾਂ ਨੇ ਮੋਹਾਲੀ ਦੇ ਫ਼ੇਜ਼ 1, ਫ਼ੇਜ਼ 7 ਅਤੇ ਫ਼ੇਜ਼ 11 ਦੇ ਇਕ ਘਰ ਦਾ ਨੰਬਰ ਦਿਤਾ ਜਿਥੇ ਅਲੱਗ ਤੌਰ 'ਤੇ ਕਈ ਔਰਤਾਂ ਰਹਿੰਦੀਆਂ ਹਨ। ਇਨ੍ਹਾਂ ਕੁੜੀਆਂ ਦਾ ਕਹਿਣਾ ਸੀ ਕਿ ਉਹ ਸਿੱਧੇ ਤੌਰ 'ਤੇ ਨਹੀਂ ਮਿਲਦੀਆਂ, ਬੱਸ ਸਾਰਾ ਕੰਮ ਮੋਬਾਈਲ ਨੈੱਟਵਰਕ ਰਾਹੀਂ ਹੁੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅੱਗੇ ਦੋ ਹੋਰ ਮੈਂਬਰ ਵੀ ਬਣਾਉਣੇ ਪੈਣਗੇ। ਇਸੇ ਦੌਰਾਨ ਪਤਾ ਲੱਗਾ ਕਿ ਜੰਮੂ ਤੋਂ ਆਏ ਦੋ ਮੁੰਡੇ ਵੀ 30,000 ਰੁਪਏ ਦੇ ਲਾਲਚ ਵਿਚ ਫਸ ਗਏ। ਮੁੰਡਿਆਂ ਕੋਲੋਂ 11000 ਰੁਪਏ ਰਜਿਸਟ੍ਰੇਸ਼ਨ ਫ਼ੀਸ ਵਸੂਲੀ ਗਈ। ਪਹਿਲਾਂ 7000 ਰੁਪਏ ਜਮ੍ਹਾਂ ਕਰਵਾਏ ਗਏ। ਇਸ ਬਾਰੇ ਦਸਿਆ ਗਿਆ ਕਿ ਇਹ ਰਕਮ ਨੌਕਰੀ ਛੱਡ ਚੁੱਕੀ ਲੜਕੀ ਕਢਵਾ ਕੇ ਲੈ ਗਈ ਹੈ। ਇਸ ਕਰ ਕੇ ਦੁਬਾਰਾ 4000 ਰੁਪਏ ਜਮ੍ਹਾਂ ਕਰਵਾਏ ਗਏ। ਬਾਅਦ ਵਿਚ ਇਨ੍ਹਾਂ ਲੜਕਿਆਂ ਦੇ ਹੱਥ ਕੁਝ ਵੀ ਪੱਲੇ ਨਹੀਂ ਪਿਆ ਅਤੇ ਫਿਰ ਡਰਦੇ ਮਾਰੇ ਭੱਜ ਗਏ। ਮੋਹਾਲੀ ਸਥਿਤ ਇਕ ਗੁਰਦਵਾਰਾ ਸਾਹਿਬ ਤੋਂ ਲੋਕਾਂ ਨੇ ਟਿਕਟ ਜੋਗੇ ਪੈਸੇ ਦਿਤੇ ਪਰ ਜਦ ਇਕ ਹੋਰ ਬੇਰੁਜ਼ਗਾਰ ਲੜਕੇ ਨੂੰ ਗ਼ਲਤ ਕੰਮਾਂ ਵਿਚ ਧੱਕਣ ਬਾਰੇ ਪਤਾ ਲਗਾ ਤਾਂ ਉਸ ਨੇ ਖ਼ੁਦ ਬੇਰੁਜ਼ਗਾਰ ਬਣ ਕੇ ਗੱਲ ਕੀਤੀ। ਫਿਰ ਸਾਰਾ ਭਾਂਡਾ ਭੰਨ੍ਹਿਆ ਗਿਆ ਕਿ ਕੀ ਕੁਝ ਹੋ ਰਿਹਾ ਅਤੇ ਕੀ ਕੁਝ ਕਰਵਾਇਆ ਜਾ ਰਿਹਾ ਹੈ। ਕੰਪਨੀ ਦੇ ਕਈ ਖਾਤੇ ਦਸੇ ਗਏ ਹਨ ਅਤੇ ਇਹ ਖਾਤੇ ਕਿਸੇ ਰਣਜੀਤ ਸਿੰਘ ਅਤੇ ਪਰਮਜੀਤ ਕੌਰ ਸਮੇਤ ਕਈਆਂ ਦੇ ਦਸੇ ਗਏ ਹਨ। ਕੁੜੀਆਂ ਦਾ ਕਹਿਣਾ ਹੈ ਕਿ ਪੈਸੇ ਸਿਰਫ਼ ਬੈਂਕ ਖਾਤਿਆਂ ਵਿਚ ਜਮ੍ਹਾਂ ਹੁੰਦੇ ਹਨ।

ਕੰਪਨੀ ਦੇ ਅਪਣੇ ਅਸੂਲ ਹਨ ਜਿਸ ਕਰ ਕੇ ਕਿਸੇ ਵੀ ਨੌਜਵਾਨ ਕੋਲੋਂ ਪੈਸੇ ਨਗਦ ਨਹੀਂ ਲਏ ਜਾਂਦੇ ਪਰ ਨੌਜਵਾਨ ਦੇ 30,000 ਰੁਪਏ ਮਹੀਨਾ ਦੋ ਕਿਸ਼ਤਾਂ ਵਿਚ ਦਿਤੇ ਸਥਾਨ ਅਨੁਸਾਰ ਪਹੁੰਚਾ ਦਿਤੇ ਜਾਂਦੇ ਹਨ। ਕੁੜੀਆਂ ਨੇ ਜੋ ਘਰ ਅਤੇ ਕੋਠੀਆਂ ਦੇ ਨੰਬਰ ਦਿਤੇ ਹਨ, ਉਹ ਆਲੀਸ਼ਾਨ ਹਨ। ਜਿਸ ਕਰ ਕੇ ਕਈਆਂ ਦੀ ਉਨ੍ਹਾਂ ਘਰਾਂ ਵਿਚ ਦਾਖ਼ਲ ਹੋਣ ਦੀ ਹਿੰਮਤ ਹੀ ਨਹੀਂ ਪੈਂਦੀ। ਇਕ 26 ਸਾਲਾ ਤਲਾਕਸ਼ੁਦਾ ਔਰਤ ਦਾ ਪਤਾ ਤੇ ਨਾਮ ਦਸਿਆ ਕਿ ਇਸ ਦੇ ਮਾਪੇ ਇਸ ਵੇਲੇ ਵਿਦੇਸ਼ ਵਿਚ ਹਨ ਜਿਸ ਕਰ ਕੇ ਇਹ ਇਕੱਲੀ ਰਹਿੰਦੀ ਹੈ।

# ਵੱਕਾਰੀ 'ਸਰਸਵਤੀ ਸਨਮਾਨ' ਪਾਤਰ ਦੀ ਝੋਲੀ



**ਲੁਧਿਆਣਾ:** ਪੰਜਾਬੀ ਮਾਂ ਬੋਲੀ ਦਾ ਸਿਰ ਮਾਣ ਨਾਲ ਇਕ ਵਾਰ ਫਿਰ ਉੱਚਾ ਹੋਇਆ ਹੈ। ਦੇਸ਼ ਦਾ ਵੱਕਾਰੀ 'ਸਰਸਵਤੀ ਸਨਮਾਨ' ਇਸ ਵਾਰ ਪੰਜਾਬੀ ਮਾਂ ਬੋਲੀ ਦੇ ਹਿੱਸੇ ਆਇਆ ਹੈ। ਪੰਜਾਬੀ ਕਵੀ ਸੁਰਜੀਤ ਪਾਤਰ ਸਾਲ 2009 ਦੇ ਇਸ ਸਨਮਾਨ ਲਈ ਚੁਣੇ ਗਏ ਹਨ। ਉਨ੍ਹਾਂ ਨੂੰ ਇਹ ਪੁਰਸਕਾਰ ਉਨ੍ਹਾਂ ਦੀ ਕਾਵਿ ਪੁਸਤਕ 'ਲਫਜ਼ਾ ਦੀ ਦਰਗਾਹ' ਲਈ ਦਿੱਤਾ ਗਿਆ ਹੈ। ਇਸ ਸਬੰਧੀ ਪੁਰਸਕਾਰ ਦੀ ਸੰਸਥਾਪਕ ਕੇ.ਕੇ. ਬਿਰਲਾ ਫਾਊਂਡੇਸ਼ਨ ਵਲੋਂ ਸ੍ਰੀ ਪਾਤਰ ਨੂੰ ਲੰਘੀ 22ਮਾਰਚ ਨੂੰ ਈ.ਮੇਲ ਰਾਹੀਂ ਅਧਿਕਾਰਤ ਤੌਰ ਤੇ ਸੂਚਿਤ ਕੀਤਾ ਗਿਆ ਹੈ।

ਸ੍ਰੀ ਪਾਤਰ ਇਸ ਮਾਣ-ਮੱਤੇ ਪੁਰਸਕਾਰ ਜੋ ਕਿ ਭਾਰਤ ਦੀਆਂ 24 ਜ਼ੁਬਾਨਾਂ 'ਚੋਂ ਹਰ ਸਾਲ ਕਿਸੇ ਇਕ ਜ਼ੁਬਾਨ ਦੇ ਸਾਹਿਤਕਾਰ ਨੂੰ ਦਿੱਤਾ ਜਾਂਦਾ ਹੈ, ਨੂੰ ਹਾਸਲ ਕਰਨ ਵਾਲੇ ਤੀਜੇ ਪੰਜਾਬੀ ਸਾਹਿਤਕਾਰ ਹਨ। ਇਸਤੋਂ ਪਹਿਲਾਂ ਡਾ. ਹਰਭਜਨ ਸਿੰਘ ਨੂੰ ਸਾਲ 1994 'ਚ ਤੇ ਉਸਤੋਂ ਬਾਅਦ ਦਲੀਪ ਕੌਰ ਟਿਵਾਣਾ ਨੂੰ ਸਾਲ 2001 ਵਿਚ ਨਾਵਲ 'ਕਥਾ ਕਹੋ ਉਰਵਸ਼ੀ' ਲਈ ਇਹ ਸਨਮਾਨ ਦਿੱਤਾ ਗਿਆ ਸੀ। ਡੇਢ ਦਹਾਕੇ 'ਚ ਇਸ ਪੁਰਸਕਾਰ ਦੇ ਮੁੜ ਪੰਜਾਬੀ ਸਾਹਿਤ ਦੀ ਝੋਲੀ ਪੈਣਾ ਪੰਜਾਬ ਦੇ ਸਮੂਹ ਸਾਹਿਤਕਾਰਾਂ ਤੇ ਪੰਜਾਬੀ ਪਿਆਰਿਆਂ ਲਈ ਵੱਡੇ ਮਾਣ ਦੀ ਗੱਲ ਹੈ।

ਜਦੋਂ ਸੁਰਜੀਤ ਪਾਤਰ ਨੂੰ ਇਸ ਵੱਡੀ ਉਪਲਬਧੀ 'ਤੇ ਉਨ੍ਹਾਂ ਦੇ ਅਹਿਸਾਸ ਜਾਣਨ ਲਈ ਫੋਨ ਕੀਤਾ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ, ''ਸਨਮਾਨ ਪੁਰਸਕਾਰ ਹਰ ਕਵੀ/ਸਾਹਿਤਕਾਰ ਨੂੰ ਖੁਸ਼ੀ ਦਿੰਦੇ ਹਨ। ਮੈਂ ਇਹ ਸਨਮਾਨ ਜੋ ਕਿ ਦੇਸ਼ ਦੇ ਬਹੁਤ ਸਾਰੇ ਉੱਚਕੋਟੀ ਦੇ ਸਾਹਿਤਕਾਰਾਂ ਨੂੰ ਮਿਲ ਚੁੱਕਾ ਹੈ, ਨੂੰ ਪ੍ਰਾਪਤ ਕਰਦਿਆਂ ਪੂਰੇ ਪੰਜਾਬੀ ਸਾਹਿਤ ਤੇ ਪੰਜਾਬੀ ਭਾਸ਼ਾ ਨੂੰ ਨਮਸਕਾਰ ਕਰਦਾ ਹਾਂ, ਜਿਸ ਸਦਕਾ ਮੇਰੀ ਇਸ ਪੁਰਸਕਾਰ ਲਈ ਚੋਣ ਹੋਈ।''

ਸ੍ਰੀ ਪਾਤਰ ਨੂੰ ਇਸ ਤੋਂ ਪਹਿਲਾਂ ਭਾਰਤੀ ਸਾਹਿਤ ਅਕਾਡਮੀ ਵਲੋਂ 1993 'ਚ ਹਨ੍ਹੇਰੇ ਵਿਚ ਸੁਲਘਦੀ ਵਰਣਮਾਲਾ', ਭਾਰਤੀ ਭਾਸ਼ਾ ਪ੍ਰੀਸ਼ਦ ਕਲਕੱਤਾ ਵਲੋਂ 2000 'ਚ 'ਪੰਚਨਦ' ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਵਲੋਂ 1985 'ਚ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ, ਭਾਸ਼ਾ ਵਿਭਾਗ ਵਲੋਂ 1998 'ਚ ਸ਼੍ਰੋਮਣੀ ਕਵੀ ਪੁਰਸਕਾਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਇਸੇ ਸਾਲ ਆਨਰੇਰੀ 'ਡੀ ਲਿਟ' ਦੀ ਉਪਾਧੀ ਨਾਲ ਸਨਮਾਨਿਆ ਜਾ ਚੁੱਕਾ ਹੈ। ਬਾਬਾ ਸ਼ੇਖ ਫਰੀਦ ਤੋਂ ਲੈ ਕੇ ਸ਼ਿਵ ਕੁਮਾਰ ਬਟਾਲਵੀ ਤੱਕ ਦੇ ਪੰਜਾਬੀ ਕਵਿਤਾਂ ਦੇ ਇਤਿਹਾਸ ਨੂੰ ਜਲੰਧਰ ਦੂਰਦਰਸ਼ਨ 'ਤੇ ਸੂਰਜ ਦੇ ਸਿਰਨਾਵੇਂ ਤਹਿਤ ਲੜੀਵਾਰ ਪੇਸ਼ ਕਰ ਚੁੱਕੇ ਸੁਰਜੀਤ ਪਾਤਰ ਹੁਣ ਤੱਕ ਪੰਜਾਬੀ ਕਾਵਿ ਜਗਤ ਦੀ ਝੋਲੀ ਆਪਣੀਆਂ 6 ਕਿਤਾਬਾਂ 'ਹਵਾ ਵਿਚ ਲਿਖੇ ਹਰਫ਼', 'ਹਨ੍ਹੇਰੇ ਵਿਚ ਸੁਲਘਦੀ ਵਰਣਮਾਲਾ', 'ਬਿਰਖ਼ ਅਰਜ਼ ਕਰੇ', 'ਲਫ਼ਜ਼ਾਂ ਦੀ ਦਰਗਾਹ', 'ਪੱਤਝੜ ਦੀ ਪਾਜ਼ੇਬ' ਅਤੇ 'ਸੁਰਜ਼ਮੀਨ' ਪਾ ਚੁੱਕੇ ਹਨ। ਇਸ ਤੋਂ ਇਲਾਵਾ ਸਪੈਨਿਸ਼ ਤੋਂ ਅੰਗਰੇਜ਼ੀ ਅਨੁਵਾਦਿਤ ਨਾਟਕਾਂ ਦਾ ਅੱਗ ਦੇ ਕਲੀਰੇ', 'ਸਈਓ ਨੀ ਮੈਂ ਅੰਤਹੀਣ ਤਰਕਾਲਾਂ', 'ਹੁਕਮੀ ਦੀ ਹਵੇਲੀ' ਅਤੇ ਫਰਾਂਸੀਸੀ ਨਾਟਕ 'ਸ਼ਹਿਰ ਮੇਰੇ ਦੀ ਪਾਗਲ ਔਰਤ' ਨਾਵਾਂ ਹੇਠ ਪੰਜਾਬੀ 'ਚ ਰੁਪਾਂਤਰਣ ਕਰ ਚੁੱਕੇ ਹਨ।

# ਚੰਡੀਗੜ੍ਹ 'ਚ ਪੰਜਾਬੀ ਭਾਸ਼ਾ ਬਾਰੇ ਕਮੇਟੀ ਕਠਿਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਾਉਣ ਲਈ 8 ਸਾਹਿਤਕਾਰਾਂ, ਲੇਖਕਾਂ ਪੱਤਰਕਾਰਾਂ ਤੇ ਕਾਲਮ ਨਵੀਸਾਂ ਦੀ ਇਕ ਕਮੇਟੀ ਦਾ ਗਠਨ ਕੀਤਾ ਹੈ, ਜੋ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬੀ ਨੂੰ ਪਹਿਲੀ ਭਾਸ਼ਾ ਦੇ ਤੌਰ 'ਤੇ ਲਾਗੂ ਕਰਨ ਤੇ ਸਾਰੇ ਸਕੂਲਾਂ ਵਿਚ 10ਵੀਂ ਸ਼੍ਰੇਣੀ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰਨ ਬਾਰੇ ਕੋਸ਼ਿਸ਼ ਜਾਰੀ ਰੱਖੇਗੀ। ਇਸ ਕਮੇਟੀ 'ਚ ਸ਼ਾਮਿਲ ਵਿਅਕਤੀ ਭਾਸ਼ਾ ਵਿਭਾਗ ਪੰਜਾਬ ਸਲਾਹਕਾਰ ਬੋਰਡ ਦੇ ਮੈਂਬਰ ਹਨ।

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਸ. ਕੇ.ਬੀ.ਐੱਸ.ਸਿੱਧੂ ਇਸ ਕਮੇਟੀ ਦੇ ਚੇਅਰਪਰਸਨ ਹੋਣਗੇ, ਜਦੋਂਕਿ ਗੁਲਜ਼ਾਰ ਸਿੰਘ ਸੰਧੂ, ਸਤਨਾਮ ਸਿੰਘ ਮਾਣਕ, ਡਾ. ਸਤਿੰਦਰ ਸਿੰਘ ਨੂਰ, ਪ੍ਰੋਫੈਸਰ ਅਨੂਪ ਸਿੰਘ ਵਿਰਕ, ਡਾ. ਸੁਰਜੀਤ ਪਾਤਰ ਤੇ ਐੱਨ.ਐੱਸ. ਪਰਵਾਨਾ ਇਸ ਕਮੇਟੀ ਦੇ ਮੈਂਬਰ ਹੋਣਗੇ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਬੀਬੀ ਬਲਬੀਰ ਕੌਰ ਨੂੰ ਕਨਵੀਨਰ ਬਣਾਇਆ ਗਿਆ ਹੈ।

ਸੰਭਵ ਹੈ ਕਿ ਇਹ ਕਮੇਟੀ ਪੰਜਾਬ ਦੇ ਰਾਜਪਾਲ ਸ਼ਿਵ ਰਾਜ ਪਾਟਿਲ, ਜੋ ਕਿ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਹਨ, ਨਾਲ ਪੰਜਾਬੀ ਨੂੰ ਲਾਗੂ ਕਰਨ ਬਾਰੇ ਸੰਪਰਕ ਵਿਚ ਰਹਿਣ। ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਪੰਜਾਬੀ ਨੂੰ ਉੱਚਾ ਰੁਤਬਾ ਦਿਵਾਉਣ ਲਈ ਸ਼ੁਰੂ ਕੀਤੀਆਂ ਗਈਆਂ ਕੋਸ਼ਿਸ਼ਾਂ ਦੀ ਕਮਾਨ ਆਪ ਸੰਭਾਲ ਲਈ ਹੈ ਤੇ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਉਨ੍ਹਾਂ ਨੂੰ ਇਸ ਨੇਕ ਕੰਮ ਲਈ ਸਹਿਯੋਗ ਦੇ ਰਹੇ ਹਨ।


ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।

ਜਗਰੂਪ ਸਿੰਘ ਤੱਖਰ
ਫੋਨ:209-485-1521



Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

| Vital Shield Plus 2900 Generic Rx | | | |
|---|---|---|---|
| Age Range | Individual | Individual & Spouse | Family |
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

An independent Licensee of the Blue Shield Association A36145(1/09)

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਪੰਜਾਬ ਵਲੋਂ 9 ਸੂਬਿਆਂ 'ਚ ਪੰਜਾਬੀ ਨੂੰ ਦੂਜੇ ਦਰਜੇ ਦੀ ਵਕਾਲਤ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਚਲ ਰਹੇ ਬਜਟ ਇਜਲਾਸ ਦੌਰਾਨ ਸਰਬ ਸੰਮਤੀ ਨਾਲ 9 ਸੂਬਿਆਂ ਵਿਚ ਪੰਜਾਬੀ ਨੂੰ ਦੂਜੀ ਜ਼ੁਬਾਨ ਦਾ ਦਰਜਾ ਦੇਣ ਅਤੇ ਰਾਜਧਾਨੀ ਵਿਖੇ ਪ੍ਰਸ਼ਾਸਨਕ ਪੱਧਰ 'ਤੇ 60 ਫ਼ੀ ਸਦੀ ਹਿੱਸੇਦਾਰੀ ਦੀ ਬਹਾਲੀ ਸਬੰਧੀ ਦੋ ਅਹਿਮ ਮਤੇ ਪਾਸ ਕੀਤੇ ਗਏ ਹਨ। ਸਿਖਿਆ ਤੇ ਭਾਸ਼ਾ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਪਹਿਲੇ ਮਤੇ ਰਾਹੀਂ ਦਸਿਆ ਕਿ ਪੰਜਾਬੀ ਮੁਲਕ ਦੇ ਬਹੁਤ ਸਾਰੇ ਸੂਬਿਆਂ ਵਿਚ ਵੱਡੀ ਪੱਧਰ 'ਤੇ ਵਸੇ ਹੋਏ ਹਨ ਪਰ ਉਨ੍ਹਾਂ ਸੂਬਿਆਂ ਵਿਚ ਪੰਜਾਬੀ ਨੂੰ ਬਣਦੀ ਅਹਿਮੀਅਤ ਨਹੀਂ ਦਿਤੀ ਜਾ ਰਹੀ ਜੋ ਕਿ ਚਿੰਤਾ ਦਾ ਮਸਲਾ ਹੈ। ਪੰਜਾਬ ਅਸੈਂਬਲੀ ਵਲੋਂ ਪਾਸ ਕੀਤੇ ਮਤੇ ਰਾਹੀਂ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼, ਉੱਤਰਾਖੰਡ, ਮੱਧ ਪ੍ਰਦੇਸ, ਉੜੀਸਾ, ਪਛਮੀ ਬੰਗਾਲ, ਮਹਾਰਾਸ਼ਟਰ ਅਤੇ ਰਾਜਸਥਾਨ ਦੀਆਂ ਸਰਕਾਰਾਂ ਨੂੰ ਪੰਜਾਬੀ ਲੋਕਾਂ ਦੀ ਚਿਰੋਕਣੀ ਮੰਗ ਨੂੰ ਮਨਜ਼ੂਰ ਕਰ ਕੇ ਪੰਜਾਬੀ ਨੂੰ ਦੂਜੀ ਜ਼ੁਬਾਨ ਦਾ ਦਰਜਾ ਦੇਣ ਦੀ ਵਕਾਲਤ ਕੀਤੀ ਗਈ ਹੈ। ਇਸ ਤਰ੍ਹਾਂ ਵਿਧਾਨ ਸਭਾ ਨੇ ਦਿੱਲੀ ਅਤੇ ਹਰਿਆਣਾ ਸਰਕਾਰ ਵਲੋਂ ਪੰਜਾਬੀ ਨੂੰ ਅਪਣੇ ਅਪਣੇ ਸੂਬਿਆਂ ਵਿਚ ਦੂਜੀ ਜ਼ੁਬਾਨ ਦਾ ਦਰਜਾ ਦੇਣ 'ਤੇ ਸ਼ਲਾਘਾ ਕੀਤੀ ਗਈ। ਇਹ ਵੀ ਮੰਗ ਕੀਤੀ ਗਈ ਕਿ ਉਪਰੋਕਤ ਸੂਬਿਆਂ ਵਿਚ ਪੰਜਾਬੀ ਪੜ੍ਹਾਉਣ ਤੇ ਇਸ ਦੀ ਪ੍ਰਫੁੱਲਤਾ ਲਈ ਵੀ ਕੰਮ ਕੀਤਾ ਜਾਵੇ।

ਇਸੇ ਤਰ੍ਹਾਂ ਪਾਸ ਕੀਤੇ ਦੂਜੇ ਮਤੇ ਬਾਰੇ ਸਿਖਿਆ ਮੰਤਰੀ ਨੇ ਦਸਿਆ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ ਤੇ ਇਸ ਦਾ ਅਨਿੱਖੜਵਾਂ ਅੰਗ ਹੈ। ਪੰਜਾਬ ਦੇ 28 ਪਿੰਡਾਂ ਦੀ 30000 ਏਕੜ ਧਰਤੀ 'ਤੇ ਇਸ ਨੂੰ ਵਸਾਇਆ ਗਿਆ ਹੈ। ਉਨ੍ਹਾਂ ਦਸਿਆ ਕਿ 1966 ਵਿਚ ਜਦੋਂ ਸੂਬੇ ਦਾ ਪੁਨਰ ਗਠਨ ਹੋਇਆ ਤਾਂ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਦੇ ਨਾਲ ਨਾਲ ਕੇਂਦਰੀ ਸ਼ਾਸਤ ਪ੍ਰਦੇਸ਼ ਵੀ ਐਲਾਨਿਆ ਗਿਆ। ਚੰਡੀਗੜ੍ਹ ਨੂੰ ਕੇਂਦਰੀ ਪ੍ਰਦੇਸ਼ ਰਖਣਾ ਇਕ ਆਰਜ਼ੀ ਪ੍ਰਬੰਧ ਸੀ। ਰਾਜਾਂ ਦੇ ਪੁਨਰਗਠਨ ਸਮੇਂ ਹੋਈ ਵੰਡ ਅਨੁਸਾਰ ਚੰਡੀਗੜ੍ਹ ਦਾ ਰਾਜ ਪ੍ਰਬੰਧ ਸਾਂਝੇ ਰੂਪ ਵਿਚ ਪੰਜਾਬ ਤੇ ਹਰਿਆਣਾ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਚਕਾਰ 60 ਅਨੁਪਾਤ 40 ਵਿਚ ਵੰਡਿਆ ਜਾਣਾ ਸੀ ਤੇ ਇਸ ਫ਼ੈਸਲੇ ਅਨੁਸਾਰ ਚੰਡੀਗੜ੍ਹ ਪ੍ਰਸ਼ਾਸਨ ਨੇ ਕੋਈ ਸਿੱਧੀ ਭਰਤੀ ਨਹੀਂ ਕਰਨੀ ਸੀ। ਉਨ੍ਹਾਂ ਦਸਿਆ ਕਿਸੇ ਅਦਿੱਖ ਨੀਤੀ ਤਹਿਤ ਪੰਜਾਬ ਦੇ ਅਧਿਕਾਰੀਆਂ ਦਾ ਚੰਡੀਗੜ੍ਹ ਪ੍ਰਸ਼ਾਸਨ ਵਿਚ ਅਨੁਪਾਤ ਘਟਦਾ ਗਿਆ ਜੋ ਹਾਲੇ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਗੰਭੀਰ ਮਾਮਲਾ ਹੈ। ਇਸ ਕਰ ਕੇ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬ ਦਾ ਬਣਦਾ ਹੱਕੀ ਹਿੱਸਾ ਫ਼ੌਰੀ ਤੌਰ 'ਤੇ ਬਹਾਲ ਕਰਨ ਦੇ ਨਾਲ ਅਪਣੀ ਹੀ ਰਾਜਧਾਨੀ ਵਿਚ ਹੋ ਰਹੀ ਬੇਇਨਸਾਫ਼ੀ ਦਾ ਅੰਤ ਕੀਤਾ ਜਾਵੇ। ਕਾਂਗਰਸੀ ਵਿਧਾਇਕ ਮੱਖਣ ਸਿੰਘ ਨੇ ਪਹਿਲੇ ਮਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਕੈਨੇਡਾ ਵਰਗੇ ਮੁਲਕਾਂ 'ਚ ਪੰਜਾਬੀ ਨੂੰ ਉਸ ਦਾ ਬਣਦਾ ਹੱਕ ਮਿਲਿਆ ਹੈ। ਅੱਜ ਹਰੇਕ ਪੰਜਾਬੀ ਨੂੰ ਅੰਗਰੇਜ਼ੀ ਫੋਬੀਆ ਹੋਇਆ ਹੈ। ਹਰ ਕੋਈ ਚਾਹੁੰਦਾ ਹੈ ਕਿ ਉਸ ਦਾ ਜੰਮਦਾ ਬੱਚਾ ਹੀ ਫਰਾਟੇਦਾਰ ਅੰਗਰੇਜ਼ੀ ਬੋਲਣ ਲਗ ਜਾਵੇ। ਅਸੀਂ ਪੰਜਾਬੀ ਬੋਲਣ ਵਾਲਿਆਂ ਨੂੰ ਨਲਾਇਕ ਸਮਝਦੇ ਹਾਂ ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਅਮਰੀਕਾ ਤੇ ਇੰਗਲੈਂਡ ਵਿਚ ਅਨਪੜ੍ਹ ਵੀ ਅੰਗਰੇਜ਼ੀ ਬੋਲਦੇ ਹਨ। ਇਸ ਕਰ ਕੇ ਅਪਣੀ ਬੋਲੀ ਨੂੰ ਭੁੱਲਣਾ ਠੀਕ ਨਹੀਂ। ਵਿਗਿਆਨੀਆਂ ਦਾ ਵੀ ਕਹਿਣਾ ਹੈ ਕਿ ਅਪਣੀ ਬੋਲੀ ਨਾਲ ਹੀ ਵਿਕਾਸ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਅਕਾਲੀ ਵਿਧਾਇਕ ਕੈਪਟਨ ਬਲਬੀਰ ਸਿੰਘ ਬਾਠ ਤੇ ਕਾਂਗਰਸੀ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਨੇ ਮਤੇ ਦੀ ਪ੍ਰੋੜਤਾ ਕਰਦੇ ਹੋਏ ਧਨਵਾਦ ਕੀਤਾ ਪਰ ਦੂਜੇ ਮਤੇ ਦੇ ਸਬੰਧ ਵਿਚ ਕਿਸੇ ਵੀ ਵਿਧਾਇਕ ਨੇ ਅਪਣੇ ਵਿਚਾਰ ਨਹੀਂ ਰੱਖੇ। ਵਿਧਾਨ ਸਭਾ ਦੇ ਚਲ ਰਹੇ ਬਜਟ ਇਜਲਾਸ ਦੌਰਾਨ ਇਹ ਮੁੱਦਾ ਵੀ ਉਠਿਆ ਕਿ ਭਾਖੜਾ ਬਿਆਸ ਬੋਰਡ 'ਚ ਪੰਜਾਬ ਦੇ ਹਿੱਸੇ ਦੀਆਂ ਅਸਾਮੀਆਂ ਘੱਟ ਹੋਣ ਕਰ ਕੇ ਹਰਿਆਣਾ ਨੂੰ ਕੋਟੇ ਨਾਲੋਂ ਵਧ ਅਤੇ ਪੰਜਾਬ ਨੂੰ ਕੋਟੇ ਤੋਂ ਘੱਟ ਪਾਣੀ ਦਿਤਾ ਜਾ ਰਿਹਾ ਹੈ। ਸਿਫ਼ਰ ਕਾਲ ਦੌਰਾਨ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਬੋਰਡ ਵਿਚ ਮੁਲਾਜ਼ਮਾਂ ਦਾ ਅਨੁਪਾਤ 60:40 ਹੈ। ਇਸ ਵੇਲੇ ਪੰਜਾਬ ਦੀਆਂ 30 ਅਸਾਮੀਆਂ ਖ਼ਾਲੀ ਹਨ, ਜਿਨ੍ਹਾਂ ਵਿਚ ਦੋ ਨਿਗਰਾਨ, ਦੋ ਨਿਗਰਾਨ ਇੰਜੀਨੀਅਰ, 7 ਕਾਰਜਕਾਰੀ ਇੰਜੀਨੀਅਰ ਅਤੇ 21 ਉਪ ਮੰਡਲ ਇੰਜੀਨੀਅਰਾਂ ਦੀਆਂ ਅਸਾਮੀਆਂ ਖ਼ਾਲੀ ਚਲ ਰਹੀਆਂ ਹਨ। ਉਨ੍ਹਾਂ ਦਸਿਆ ਕਿ ਪੰਜਾਬ ਨੂੰ ਕੋਟੇ ਅਨੁਸਾਰ 17603 ਕਿਊਸਕ ਪਾਣੀ ਮਿਲਣਾ ਚਾਹੀਦਾ ਹੈ ਪਰ ਸਿਰਫ 13026 ਕਿਊਸਕ ਪਾਣੀ ਹੀ ਮਿਲ ਰਿਹਾ ਹੈ। ਇਸ ਤਰ੍ਹਾਂ ਪੰਜਾਬ ਨੂੰ 4400 ਕਿਊਸਕ ਪਾਣੀ ਘਟ ਦਿਤਾ ਗਿਆ ਜਦਕਿ ਹਰਿਆਣਾ ਨੂੰ 12188 ਕਿਊਸਕ ਕੋਟੇ ਦੇ ਮੁਕਾਬਲੇ 12336 ਕਿਊਸਕ ਪਾਣੀ ਦਿਤਾ ਗਿਆ। ਇਸ ਤਰ੍ਹਾਂ ਪੰਜਾਬ ਵਿਧਾਨ ਸਭਾ ਦੀ ਅਨੁਮਾਨ ਕਮੇਟੀ ਨੇ ਅਪਣੀ ਰੀਪੋਰਟ ਵਿਚ ਵੀ ਜ਼ਿਕਰ ਕੀਤਾ ਕਿ ਉਕਤ 30 ਅਸਾਮੀਆਂ ਦੀ ਤਨਖ਼ਾਹ ਪੰਜਾਬ ਸਰਕਾਰ ਵਲੋਂ ਭਾਖੜਾ ਬਿਆਸ ਬੋਰਡ ਨੂੰ ਦਿਤੀ ਜਾ ਰਹੀ ਹੈ। ਕਮੇਟੀ ਨੇ ਸਿਫ਼ਾਰਸ਼ ਕੀਤੀ ਕਿ ਖ਼ਾਲੀ ਅਸਾਮੀਆਂ ਦੀ ਤਨਖ਼ਾਹ ਦੇ ਇਵਜ਼ ਵਿਚ ਤੁਰਤ ਸਟਾਫ਼ ਲਗਾਇਆ ਜਾਵੇ। ਇਸ ਨਾਲ ਇਕ ਤਾਂ ਬੋਰਡ ਵਿਚ ਪੰਜਾਬ ਦੇ ਹਿਤਾਂ ਦੀ ਰਾਖੀ ਹੋਵੇਗੀ ਤੇ ਦੂਜਾ ਖ਼ਾਲੀ ਸੀਟਾਂ 'ਤੇ ਦਿਤੀ ਜਾਣ ਵਾਲੀ ਤਨਖ਼ਾਹ ਬੇਕਾਰ ਨਹੀਂ ਜਾਵੇਗੀ।

**ਕੇਸ ਵਾਪਸੀ-ਸਪੀਕਰ ਨੇ ਮੱਤੇਵਾਲ ਤੋਂ ਰਾਇ ਮੰਗੀ :** ਪੰਜਾਬ ਵਿਧਾਨ ਸਭਾ ਦੇ ਸਕੱਤਰ ਨੇ ਐਡਵੋਕੇਟ ਜਨਰਲ ਹਰਦੇਵ ਸਿੰਘ ਮੱਤੇਵਾਲ ਨੂੰ 'ਸਿਆਸੀ ਲਾਗਡਾਟ ਤਹਿਤ ਸਿਆਸਤਦਾਨਾਂ ਵਿਰੁਧ ਦਾਇਰ ਕੀਤੇ ਕੇਸ ਵਾਪਸ ਲੈਣ ਦੇ ਮੁੱਦੇ 'ਤੇ ਆਪਣੇ ਵਿਚਾਰ ਦੇਣ ਲਈ ਪੱਤਰ ਲਿਖਿਆ ਹੈ। ਉਨ੍ਹਾਂ ਨੂੰ ਲਿਖੇ ਪੱਤਰ 'ਚ ਉਨ੍ਹਾਂ ਨੂੰ 26 ਮਾਰਚ ਤੋਂ ਪਹਿਲਾਂ ਪਹਿਲਾਂ ਜੁਆਬ ਦੇਣ ਲਈ ਕਿਹਾ, ਤਾਂਕਿ ਉਸ ਦਿਨ ਸਦਨ 'ਚ ਇਸ 'ਤੇ ਚਰਚਾ ਵੀ ਕੀਤੀ ਜਾ ਸਕੇ।'' ਸਕੱਤਰ ਵੇਦ ਪ੍ਰਕਾਸ਼ ਵਲੋਂ ਲਿਖਿਆ ਪੱਤਰ ਮਿਲਣ ਦੀ ਪੁਸ਼ਟੀ ਕਰਦਿਆਂ ਸ੍ਰੀ ਮੱਤੇਵਾਲ ਨੇ ਕਿਹਾ ਕਿ ਇਹ ਮੁੱਦਾ ਬੜੀ ਜਨਤਕ ਮਹੱਤਤਾ ਵਾਲਾ ਹੈ।

## ਅਕਾਲੀ-ਕਾਂਗਰਸੀ ਰੱਦ ਕਰੋ-ਰਾਮੂਵਾਲੀਆ ਵਲੋਂ ਸੱਦਾ



**ਸ਼ਾਹਕੋਟ:** ਮਹਿੰਗਾਈ, ਭ੍ਰਿਸ਼ਟਾਚਾਰ ਬੇਰੁਜ਼ਗਾਰੀ, ਨਸ਼ਿਆਂ ਦੀ ਮਾਰ ਅਤੇ ਲੁੱਟਾਂ ਖੋਹਾਂ ਤੋਂ ਪੀੜਤ, ਤਰਾਹ-ਤਰਾਹ ਕਰਦੇ ਪੰਜਾਬ ਦੇ ਲੋਕਾਂ ਨੂੰ ਭਾਵੁਕ ਅਤੇ ਨਿਹੋਰੇ ਭਰੀ ਅਪੀਲ ਕਰਦਿਆਂ ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਜ਼ੋਰਦਾਰ ਸੱਦਾ ਦਿੱਤਾ ਹੈ ਕਿ ਉਹ ਅਕਾਲੀ ਅਤੇ ਕਾਂਗਰਸੀ ਰਾਜਨੀਤੀ ਨੂੰ ਰੱਦ ਕਰਕੇ ਪੰਜਾਬ ਦੀ ਸੱਤਾ ਉਨ੍ਹਾਂ (ਰਾਮੂਵਾਲੀਆ) ਨੂੰ ਸੌਂਪ ਦੇਣ ਤਾਂ ਉਹ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਜੜ੍ਹੋਂ ਪੁੱਟ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਜੇ ਹਾਲਾਤ ਹੁਣ ਵਾਲੇ ਬਹੁਤਾ ਸਮਾਂ ਰਹੇ ਤਾਂ ਪੰਜਾਬ ਵਿਚ ਹਥਿਆਰਬੰਦ ਆਰਥਕ ਜੰਗ ਲੱਗ ਸਕਦੀ ਹੈ।

ਪੰਜਾਬ ਵਿਚ ਅਕਾਲੀ ਅਤੇ ਕਾਂਗਰਸੀ ਆਗੂਆਂ ਵਲੋਂ ਸਿਆਸੀ ਬਦਲਾਖੋਰੀ ਅਧੀਨ ਕੀਤੇ ਗਏ ਕੇਸਾਂ ਨੂੰ ਵਾਪਸ ਕਰਵਾਉਣ ਲਈ ਵਿਚਾਰ ਅਧੀਨ ਮਤੇ ਨੂੰ ਲੋਕਾਂ ਨਾਲ ਧੋਖੇਬਾਜ਼ੀ ਕਰਾਰ ਦਿੰਦਿਆਂ ਰਾਮੂਵਾਲੀਆ ਨੇ ਕਿਹਾ ਕਿ ਉਕਤ ਮਤੇ ਦੀ ਥਾਂ ਪੰਜਾਬ ਦੀ ਰੁਲ ਰਹੀ ਜਵਾਨੀ ਨੂੰ ਸਰਕਾਰੀ ਪੱਧਰ 'ਤੇ ਰੁਜ਼ਗਾਰ ਦੇਣ ਦੀ ਗਰੰਟੀ ਵਾਲਾ ਮਤਾ ਪਾਸ ਕਰਨਾ ਚਾਹੀਦਾ ਹੈ। ਸ਼ਾਹਕੋਟ ਵਿਚ 'ਸਰਕਾਰ ਜਗਾਓ, ਪੰਜਾਬ ਬਚਾਓ' ਦੀ ਕੜੀ ਵਜੋਂ ਕੀਤੀ ਗਈ ਭਰਵੀਂ ਰੈਲੀ ਨੂੰ ਸੰਬੋਧਨ ਕਰਦਿਆਂ ਰਾਮੂਵਾਲੀਆ ਨੇ ਪੰਜਾਬ ਦੇ ਸਮੁੱਚੇ ਸਿਆਸੀ, ਸਮਾਜੀ ਤੇ ਆਰਥਕ ਤਾਣੇ-ਬਾਣੇ ਦੀ ਚੀਰ-ਫਾੜ ਕਰਦਿਆਂ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ। ਉਨ੍ਹਾਂ ਅਕਾਲੀ ਅਤੇ ਕਾਂਗਰਸੀ ਆਗੂਆਂ ਦੇ ਲੋਕ ਵਿਰੋਧੀ ਰਾਜਸੀ ਕਿਰਦਾਰ ਨੂੰ ਉਦਾਹਰਣ ਦੇ ਕੇ ਉਜਾਗਰ ਕਰਦਿਆਂ ਦਾਅਵਾ ਕੀਤਾ ਕਿ ਪੰਜਾਬ ਵਿਚ ਸਿਰਫ ਲੋਕ ਭਲਾਈ ਪਾਰਟੀ ਹੀ ਲੋਕਾਂ ਦੇ ਮਸਲਿਆਂ ਨੂੰ ਸਮਝਣ ਤੇ ਹੱਲ ਕਰਨ ਦੀ ਇੱਛਾ ਸ਼ਕਤੀ ਰੱਖਦੀ ਹੈ। ਉਨ੍ਹਾਂ ਲੋਕਾਂ ਨੂੰ ਨਿਹੋਰਾ ਮਾਰਦਿਆਂ ਕਿਹਾ ਕਿ ਅਕਾਲੀ ਅਤੇ ਕਾਂਗਰਸੀ ਤੁਹਾਡੇ ਪੁੱਤਰਾਂ ਨੂੰ ਨਸ਼ਿਆਂ ਵਿਚ ਗਲਤਾਨ ਕਰਕੇ ਜਵਾਨੀ ਦਾ ਘਾਣ ਕਰੀ ਜਾ ਰਹੇ ਹਨ ਤੇ ਤੁਸੀਂ ਹਰ ਵਾਰ ਵੋਟਾਂ ਪਾ ਕੇ ਉਨ੍ਹਾਂ ਨੂੰ ਰਾਜ ਗੱਦੀਆਂ ਸੌਂਪ ਦਿੰਦੇ ਹੋ। ਉਨ੍ਹਾਂ ਕਿਹਾ ਕਿ ਇਨ੍ਹਾਂ ਰਾਜਸੀ ਆਗੂਆਂ ਦੀਆਂ ਮਾੜੀਆਂ ਨੀਤੀਆਂ ਦਾ ਹੀ ਨਤੀਜਾ ਹੈ ਕਿ ਅੱਜ ਵੱਖ-ਵੱਖ ਮੁਲਕਾਂ ਵਿਚ ਅੱਠ ਹਜ਼ਾਰ ਪੰਜਾਬੀ ਕੁੜੀਆਂ ਚਕਲਿਆਂ ਵਿਚ ਬਹਿਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨਰਸਿੰਗ ਅਤੇ ਅਧਿਆਪਨ ਕਿੱਤੇ ਵਿਚ 70ਫੀਸਦੀ ਲੜਕੀਆਂ ਕੇਰਲਾ ਤੋਂ ਹਨ। ਪੰਜਾਬ ਦੀਆਂ ਆਪਣੀਆਂ ਧੀਆਂ ਪਾਥੀਆਂ ਪੱਥਣ ਜੋਗੀਆਂ ਰਹਿ ਗਈਆਂ ਹਨ। ਪੰਜਾਬ ਦੇ ਠੱਗ ਟ੍ਰੈਵਲ ਏਜੰਟਾਂ ਦੀ ਗੱਲ ਕਰਦਿਆਂ ਰਾਮੂਵਾਲੀਆ ਨੇ ਕਿਹਾ ਕਿ ਮੈਂ ਜੋ ਗੱਲ 12 ਸਾਲ ਪਹਿਲਾਂ ਏਜੰਟਾਂ ਬਾਰੇ ਆਖੀ ਸੀ, ਉਹ ਅੱਜ ਸੱਚ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਡੇਢ ਲੱਖ ਏਕੜ ਪੰਜਾਬ ਦੀ ਜ਼ਮੀਨ ਏਜੰਟਾਂ ਨੇ ਖਾ ਲਈ ਹੈ ਜਿਨ੍ਹਾਂ ਦੀ ਕਾਂਗਰਸੀ-ਅਕਾਲੀਆਂ ਨਾਲ ਪੱਕੀ ਸਾਂਝ ਹੈ।

## ਜ਼ਹਿਰੀਲੀ ਚਾਹ ਨਾਲ ਦੋ ਭਰਾਵਾਂ ਦੀ ਮੌਤ ਹੋਈ

**ਜਗਰਾਉਂ:** ਪਿੰਡ ਕਾਉਂਕੇ ਕਲਾ 'ਚ ਇਕੋ ਪਰਿਵਾਰ ਦੇ ਚਾਰ ਜੀਆਂ ਵਲੋਂ ਜ਼ਹਿਰੀਲੀ ਚਾਹ ਪੀ ਲੈਣ ਕਾਰਨ ਦੋ ਭਰਾਵਾਂ ਦੀ ਮੌਤ ਹੋ ਗਈ ਜਦੋਂਕਿ ਪਿਉ ਤੇ ਪੁੱਤਰ ਦੀ ਹਾਲਤ ਗੰਭੀਰ ਹੈ। ਮਿਲੀ ਜਾਣਕਾਰੀ ਅਨੁਸਾਰ ਚਾਹ ਪੀਣ ਤੋਂ ਬਾਅਦ ਜਦੋਂ ਚਾਰਾਂ ਦੀ ਹਾਲਤ ਵਿਗੜਨ ਲੱਗੀ ਤਾਂ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿਥੇ ਦੋ ਭਰਾਵਾਂ ਨੇ ਦਮ ਤੋੜ ਦਿੱਤਾ ਜਦਕਿ ਪਿਉ ਪੁੱਤ ਨੂੰ ਹਾਲਤ ਗੰਭੀਰ ਹੋਣ ਕਾਰਨ ਲੁਧਿਆਣਾ ਦੇ ਹਸਪਤਾਲ 'ਚ ਭੇਜ ਦਿੱਤਾ ਗਿਆ।

ਪੁਲੀਸ ਦਾ ਮੰਨਣਾ ਹੈ ਕਿ ਤੇਜਾ ਸਿੰਘ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਤੇ ਉਸਨੇ ਗਲਤੀ ਨਾਲ ਚਾਹ ਪੱਤੀ ਦੀ ਥਾਂ ਕੋਈ ਜ਼ਹਿਰੀਲੀ ਦਵਾਈ ਚਾਹ 'ਚ ਪਾ ਦਿੱਤੀ ਜਿਸ ਕਰਕੇ ਇਹ ਭਾਣਾ ਵਾਪਰਿਆ। ਪੁਲੀਸ ਵਲੋਂ ਇਸ ਸਬੰਧੀ ਧਾਰਾ 174 ਤਹਿਤ ਕਾਰਵਾਈ ਕੀਤੀ ਗਈ ਹੈ। ਕਾਉਂਕੇ ਕਲਾਂ ਚੌਕੀ ਦੇ ਇੰਚਾਰਜ ਨਿਧਾਨ ਸਿੰਘ ਮੁਤਾਬਕ ਚੰਨਣ ਸਿੰਘ ਦੇ ਛੇ ਪੁੱਤਰਾਂ 'ਚੋਂ ਦੋ ਲੁਧਿਆਣਾ ਰਹਿੰਦੇ ਹਨ ਜਦਕਿ ਇਕ ਹੋਰ ਪਿੰਡ ਵਿਚ ਵੱਖਰਾ ਰਹਿੰਦਾ ਹੈ।

ਚੰਨਣ ਸਿੰਘ ਦੀ ਪਤਨੀ ਮੁਖਤਿਆਰ ਕੌਰ ਕੈਂਸਰ ਤੋਂ ਪੀੜਤ ਹੋਣ ਕਾਰਨ ਹਰਿਆਣਾ ਇਲਾਜ ਲਈ ਗਈ ਹੋਈ ਸੀ। ਸੋਮਵਾਰ ਸਵੇਰੇ 50 ਸਾਲਾ ਤੇਜਾ ਸਿੰਘ ਨੇ ਪਰਿਵਾਰ ਲਈ ਚਾਹ ਬਣਾਈ ਜਿਸ 'ਚ ਗਲਤੀ ਨਾਲ ਜ਼ਹਿਰੀਲੀ ਦਵਾਈ ਪਾ ਦਿੱਤੀ। ਇਹ ਚਾਹ ਤੇਜਾ ਸਿੰਘ ਨੇ ਪਿਉ ਚੰਨਣ ਸਿੰਘ ਸਮੇਤ ਭਰਾ ਨਿਰਮਲ ਸਿੰਘ (60) ਤੇ ਭਜਨ ਸਿੰਘ (48) ਨੂੰ ਵੀ ਪਿਆ ਦਿੱਤੀ। ਚੀਹ ਪੀਣ ਉਪਰੰਤ ਉਹ ਕੰਮ 'ਤੇ ਲੱਗ ਗਏ ਪਰ ਕੁਝ ਹੀ ਸਮੇਂ ਬਾਅਦ ਉਨ੍ਹਾਂ ਦੀ ਹਾਲਤ ਵਿਗੜਨੀ ਸ਼ੁਰੂ ਹੋ ਗਈ। ਪਿੰਡ ਵਾਸੀਆਂ ਨੇ ਚਾਰਾਂ ਨੂੰ ਸਥਾਨਕ ਹਸਪਤਾਲ 'ਚ ਲਿਆਂਦਾ ਜਿੱਥੇ ਦੋ ਭਰਾਵਾਂ ਤੇਜਾ ਸਿੰਘ ਤੇ ਨਿਰਮਲ ਸਿੰਘ ਨੇ ਦਮ ਤੋੜ ਦਿੱਤਾ। ਚੰਨਣ ਸਿੰਘ ਤੇ ਭਜਨ ਸਿੰਘ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਮੈਡੀਸਿਟੀ ਲੁਧਿਆਣਾ ਭੇਜ ਦਿੱਤਾ ਗਿਆ।


CTR
CENTRAL TRAILER REPAIR
3275 E Central Fresno, CA
Ph: 559 268 8231
We work on all makes &
models of refrigeration units.



ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।
We rent trailers for short and long term purposes and also have Thermo King and Carrier engines in stock.
ਕਾਲ ਕਰੋ: ਪਾਲ ਤੂਰ 559-473-8387 (ਸੈਲ)
E-mail:paul@cfxfresno.com



Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Refinance, Home Loan, SBA Loan
(All at Best Rates)
RAJ SINGH
Notary Free
Cell:510-452-7370
MISSIONPEAK
3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ
46560 Fremont Blvd., Suite #111 Fremont, CA 94538
singhrajpaul@yahoo.com

# ਭਖਦੇ ਮੁੱਦਿਆਂ ’ਤੇ ਹਾਕਮ ਧਿਰ ਨੂੰ ਘੇਰ ਨਾ ਸਕੀ ਕਾਂਗਰਸ

**ਚੰਡੀਗੜ੍ਹ :** ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਦੌਰਾਨ ਸਦਨ ਵਿਚ ਕਾਂਗਰਸ ਵਿਰੋਧੀ ਧਿਰ ਵਾਲਾ ਚਿਹਰਾ ਦਿਖਾਉਣ ਵਿਚ ਲਗਪਗ ਅਸਫਲ ਹੋਈ ਹੈ। ਇਸ ਵਾਰ ਦੇ ਬਜਟ ਸੈਸ਼ਨ ਵਿਚ ਵਿਰੋਧੀ ਧਿਰ ਸਰਕਾਰ ਨੂੰ ਸੂਬੇ ਦੇ ਭਖਦੇ ਮਸਲਿਆਂ ‘ਤੇ ਘੇਰ ਨਹੀਂ ਸਕੀ। ਵਿਰੋਧੀ ਧਿਰ ਨੇ ਰਾਜਪਾਲ ਦੇ ਭਾਸ਼ਨ ਅਤੇ ਬੱਜਟ ‘ਤੇ ਹੋਈ ਬਹਿਸ ਦੌਰਾਨ ਤਾਂ ਭਾਵੇਂ ਸਰਕਾਰ ਨੂੰ ਰਗੜਾ ਬੰਨ੍ਹੀ ਰੱਖਿਆ ਪਰ ਸੂਬੇ ਵਿਚ ਅਮਨ ਕਾਨੂੰਨ ਦੀ ਵਿਗੜੀ ਹਾਲਤ, ਮੁਲਾਜ਼ਮਾਂ ਵਲੋਂ ਆਤਮਦਾਹ ਵਰਗੀਆਂ ਕਾਰਵਾਈਆਂ, ਕਿਸਾਨਾਂ ਦੇ ਮਸਲੇ, ਸਰਕਾਰ ਦੀ ਵਿੱਤੀ ਹਾਲਤ ਵਿਚ ਨਿਘਾਰ ਅਤੇ ਲੋਕਾਂ ਦੇ ਹੋਰ ਕਈ ਭਖਦੇ ਮਾਮਲਿਆਂ ਬਾਰੇ ਵਿਰੋਧੀ ਧਿਰ ਨੇ ਸਰਕਾਰ ਪ੍ਰਤੀ ਨਰਮ ਰਵੱਈਆ ਹੀ ਅਪਣਾਈ ਰੱਖਿਆ।

ਸਰਕਾਰੀ ਵਿਭਾਗਾਂ ਵਿਚ ਭ੍ਰਿਸ਼ਟਾਚਾਰ ਦੇ ਮੁੱਦਿਆਂ ਨੂੰ ਵੀ ਹਾਕਮ ਧਿਰ ਦੇ ਮੈਂਬਰਾਂ ਨੇ ਹੀ ਚੁੱਕਿਆ। ਰਾਜਪਾਲ ਦੇ ਭਾਸ਼ਨ ਦਾ ਬਾਈਕਾਟ ਕਰਨ ਤੋਂ ਬਿਨਾਂ ਕਾਂਗਰਸ ਨੇ ਸਦਨ ਵਿਚ ਕੋਈ ਵੱਡਾ ਵਿਰੋਧ ਦਰਜ ਨਹੀਂ ਕਰਵਾਇਆ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਬੱਜਟ ਪੇਸ਼ ਕਰਨ ਸਮੇਂ ਵੀ ਵਿਰੋਧੀ ਧਿਰ ਸਦਨ ਵਿਚ ਸ਼ਾਂਤ ਰਹੀ ਬਸ ਸਿਰਫ ਬਾਹਰ ਆ ਕੇ ਅਖ਼ਬਾਰਾਂ ਵਿਚ ਹੀ ਬਿਆਨਬਾਜ਼ੀ ਕੀਤੀ ਹੈ।

ਸੱਤਾਧਾਰੀ ਧਿਰ ਤੇ ਵਿਰੋਧੀ ਧਿਰ ਵਲੋਂ ਸੂਬੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਉੱਪਰ ਦਰਜ ਮਾਮਲਿਆਂ ਨੂੰ ਵਾਪਸ ਲੈਣ ਦੀ ਗੱਲ ਤੋਰਨ ਤੋਂ ਵੀ ਇਹੀ ਸੰਕੇਤ ਮਿਲਦਾ ਹੈ ਕਿ ਵਿਰੋਧੀ ਧਿਰ ਸਰਕਾਰ ਨਾਲ ਟੱਕਰ ਲੈਣ ਦੇ ਰੌਂਅ ਵਿਚ ਨਹੀਂ ਸੀ। ਬੱਜਟ ਸੈਸ਼ਨ ਦੇ ਸ਼ੁਰੂ ਹੋਣ ਵੇਲੇ ਸਰਕਾਰ ਵਲੋਂ ਵਿਰੋਧੀ ਧਿਰ ਦਾ ਰੁਖ ਜਾਨਣ ਲਈ ਸੀ.ਆਈ.ਡੀ. ਨੂੰ ਸਰਗਰਮ ਕੀਤਾ ਹੋਇਆ ਸੀ। ਸਰਕਾਰ ਨੂੰ ਖ਼ਦਸ਼ਾ ਸੀ ਕਿ ਦਸੰਬਰ ਮਹੀਨੇ ਹੋਏ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ‘ਖੂੰਖਾਰ’ ਰੁਖ ਵਰਗਾ ਸਾਹਮਣਾ ਨਾ ਕਰਨਾ ਪੈ ਜਾਵੇ। ਇਹੀ ਕਾਰਨ ਹੈ ਕਿ ਖੁਫੀਆ ਵਿਭਾਗ ਦੇ ਸੀਨੀਅਰ ਅਧਿਕਾਰੀ ਪੱਤਰਕਾਰਾਂ ਤੋਂ ਵਿਰੋਧੀ ਧਿਰ ਦੇ ਰੁਖ ਦੀਆਂ ਕਨਸੋਆ ਲੈਂਦੇ ਰਹੇ ਪਰ ਜਿਵੇਂ ਹੀ ਬੱਜਟ ਸੈਸ਼ਨ ਸ਼ੁਰੂ ਹੋਇਆ ਤਾਂ ਸਰਕਾਰ ਦੀਆਂ ਚਿੰਤਾਵਾਂ ਦੂਰ ਹੋ ਗਈਆਂ।

***ਇਸ ਦੌਰਾਨ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਕਾਂਗਰਸ ਨੇ ਸਦਨ ਵਿਚ ਜ਼ਿੰਮੇਵਾਰ ਵਿਰੋਧੀ ਧਿਰ ਵਾਲੀ ਭੂਮਿਕਾ ਨਿਭਾਈ ਹੈ। ਪਵਿੱਤਰ ਸਦਨ ‘ਚ ਘਸੁੰਨ-ਮੁੱਕੀ ਤਾਂ ਹੋਣਾ ਨਹੀਂ ਹੁੰਦਾ। ਲੋਕ ਮਾਮਲਿਆਂ ‘ਤੇ ਜਿਸ ਢੰਗ ਨਾਲ ਗੱਲ ਕੀਤੀ ਜਾ ਸਕਦੀ ਹੈ, ਅਸੀਂ ਉਹ ਕੀਤੀ। ਪ੍ਰਸ਼ਨਕਾਲ, ਸਿਫ਼ਰ-ਕਾਲ, ਰਾਜਪਾਲ ਦੇ ਭਾਸ਼ਨ ਅਤੇ ਬੱਜਟ ‘ਤੇ ਬਹਿਸ ਦੌਰਾਨ ਵੀ ਅਸੀਂ ਸਰਕਾਰ ਨੂੰ ਲੋਕਾਂ ਦੀ ਕਚਹਿਰੀ ਵਿਚ ਨੰਗਾ ਕਰਨ ਵਿਚ ਕਾਮਯਾਬ ਹੋਏ ਹਾਂ। ਮੈਂ ਸਮਝਦੀ ਹਾਂ ਕਿ ਚਾਲੂ ਬੱਜਟ ਸੈਸ਼ਨ ਦੌਰਾਨ ਕਾਂਗਰਸ ਨੇ ਵਿਧਾਨ ਸਭਾ ਵਿਚ ਬਹੁਤ ਅੱਛੀ ਭੂਮਿਕਾ ਨਿਭਾਈ ਹੈ।***



ਸੈਸ਼ਨ ਤੋਂ ਪਹਿਲਾਂ ਹੀ ਕਿਸਾਨ ਆਗੂ ਸਾਧੂ ਸਿੰਘ ਤਖਤੂਪੁਰਾ ਦਾ ਕਤਲ ਹੋ ਗਿਆ ਸੀ ਤੇ ਕਾਂਗਰਸ ਨੇ 5 ਮੈਂਬਰੀ ਤੱਥ ਖੋਜ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਨੇ ਕਿਹੜੀ ਰਿਪੋਰਟ ਦਿੱਤੀ ਤੇ ਕਾਂਗਰਸ ਨੇ ਇਸ ਕਤਲ ਵਿਚ ਹਾਕਮ ਧਿਰ ਦੇ ਬੰਦਿਆਂ ਦੀ ਸ਼ਮੂਲੀਅਤ ਕਾਰਨ ਕਿਸ ਤਰ੍ਹਾਂ ਦੀ ਰਣਨੀਤੀ ਅਪਣਾਈ, ਇਸਦਾ ਕੋਈ ਖੁਲਾਸਾ ਹੀ ਨਹੀਂ ਕੀਤਾ ਗਿਆ। ਕਾਂਗਰਸ ਵਲੋਂ 4 ਮਾਰਚ ਨੂੰ ਰਾਜਪਾਲ ਦੇ ਭਾਸ਼ਨ ਦਾ ਬਾਈਕਾਟ ਕੀਤਾ ਗਿਆ। ਇਸ ਤੋਂ ਬਾਅਦ ਤਾਂ ਸਦਨ ਦਾ ਮਾਹੌਲ ਪੂਰਨ ਭਾਈਚਾਰੇ ਵਾਲਾ ਬਣ ਗਿਆ। ਪ੍ਰਸ਼ਨ ਕਾਲ, ਸਿਫ਼ਰ ਕਾਲ, ਰਾਜਪਾਲ ਦਾ ਭਾਸ਼ਨ ਤੇ ਬੱਜਟ ‘ਤੇ ਬਹਿਸ ਜਾਂ ਹੋਰਨਾਂ ਕਈ ਮੌਕਿਆਂ ‘ਤੇ ਹਾਕਮ ਤੇ ਵਿਰੋਧੀ ਧਿਰ ਦੇ ਮੈਂਬਰਾਂ ਦਰਮਿਆਨ ਨੋਕ ਝੋਕ ਤਾਂ ਹੁੰਦੀ ਰਹੀ ਪਰ ਅਜਿਹੀ ਤਲਖ਼ੀ ਨੇ ਰਾਜਨੀਤਕ ਧਿਰ ਵਿਚ ਕੋਈ ਕੁੜੱਤਣ ਪੈਦਾ ਨਹੀਂ ਕੀਤੀ।

ਵਿਰੋਧੀ ਧਿਰ ਭ੍ਰਿਸ਼ਟਾਚਾਰ ਦਾ ਰੌਲਾ ਤਾਂ ਪਾਉਂਦੀ ਹੈ ਪਰ ਸਦਨ ਵਿਚ ਹਾਕਮ ਧਿਰ ਦੇ ਮੈਂਬਰ ਕੈਪਟਨ ਬਲਬੀਰ ਸਿੰਘ ਬਾਠ ਨੇ ਪੀ.ਪੀ.ਐਸ.ਸੀ. ਵਲੋਂ ਡਾਕਟਰਾਂ ਦੀ ਭਰਤੀ ਤੇ ਆਂਗਨਵਾੜੀ ਵਰਕਰਾਂ ਦੀ ਭਰਤੀ ਵਿਚ ਰਿਸ਼ਵਤਖੋਰੀ ਹੋਣ ਦਾ ਮਾਮਲਾ ਉਠਾ ਕੇ ਸਰਕਾਰ ਨੂੰ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਨ ਲਈ ਮਜਬੂਰ ਕਰ ਦਿੱਤਾ। ਪਿਛਲੇ ਦਿਨਾਂ ਦੌਰਾਨ ਹੀ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਦੇ ਸ਼ਹਿਰ ਕਪੂਰਥਲਾ ਵਿਚ ਇਕ ਅਧਿਆਪਕਾ ਨੇ ਆਤਮਦਾਹ ਕਰ ਲਿਆ ਸੀ ਪਰ ਵਿਰੋਧੀ ਧਿਰ ਇਸ ਵੱਡੀ ਘਟਨਾ ‘ਤੇ ਵੀ ਸਰਕਾਰ ਦਾ ਧਿਆਨ ਨਹੀਂ ਖਿੱਚ ਸਕੀ। ਸਿਫਰ ਕਾਲ ਦੌਰਾਨ ਬਹੁਤ ਸਾਰੇ ਅਜਿਹੇ ਮਾਮਲੇ ਸਨ ਜਿਨ੍ਹਾਂ ‘ਤੇ ਵਿਰੋਧੀ ਧਿਰ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜਵਾਬ ਦੇਣ ਲਈ ਕਿਹਾ ਪਰ ਉਪ ਮੁੱਖ ਮੰਤਰੀ ਨੇ ਜ਼ਿਆਦਾਤਰ ਮਾਮਲਿਆਂ ਨੂੰ ਟਾਲਣ ਵਾਲਾ ਰਵੱਈਆ ਅਪਣਾਇਆ।

## ਕਾਲੀ ਸੂਚੀ ਵਿਰੁਧ ਸਰਕਾਰ ਮਤਾ ਪਾਸ ਕਰਾਵੇ

**ਜਲੰਧਰ:** ਸਿੱਖਾਂ ਅਤੇ ਪੰਜਾਬੀਆਂ ਦੇ ਮਸਲੇ ਹੱਲ ਕਰਾਉਣਾ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਮੁੱਢਲਾ ਫਰਜ਼ ਹੈ ਅਤੇ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਵਿਦੇਸ਼ਾਂ ਵਿਚ ਰਹਿ ਰਹੇ ਉਨ੍ਹਾਂ ਸਿੱਖਾਂ ਦੀ ਕਾਲੀ ਸੂਚੀ ਰੱਦ ਕਰਵਾਉਣ ਲਈ ਪੰਜਾਬ ਵਿਧਾਨ ਸਭਾ ਅੰਦਰ ਮਤਾ ਪਾਸ ਕਰਾਏ, ਜਿਨ੍ਹਾਂ ਨੂੰ ਬਿਨਾਂ ਵਜ੍ਹਾ ਕਈ ਸਾਲਾਂ ਤੋਂ ਭਾਰਤ ਸਰਕਾਰ ਨੇ ਆਪਣੀ ਧਰਤੀ ‘ਤੇ ਆਉਣ ਤੋਂ ਵਰਜਿਆ ਹੋਇਆ ਹੈ।

ਇਹ ਮੰਗ ਨਵੰਬਰ 1984 ਸਿੱਖ ਕਤਲੇਆਮ ਦੇ ਦੋਸ਼ੀਆਂ ਖਿਲਾਫ਼ ਕਾਨੂੰਨੀ ਅਤੇ ਜਨਤਕ ਸੰਘਰਸ਼ ਕਰ ਰਹੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰਮੁਹੰਮਦ, ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ. ਗੁਰਪਤਵੰਤ ਸਿੰਘ ਪਨੂੰ ਅਤੇ ਨਵੰਬਰ 1984 ਸਿੱਖ ਕਤਲੇਆਮ ਇਨਸਾਫ ਕਮੇਟੀ ਦੇ ਪ੍ਰਧਾਨ ਸ. ਰਜਿੰਦਰ ਸਿੰਘ ਸੰਘਾ, ਦਿੱਲੀ ਦੇ ਪ੍ਰਧਾਨ ਸ. ਬਾਬੂ ਸਿੰਘ ਦੁਖੀਆ ਨੇ ਇਕ ਸਾਂਝੇ ਬਿਆਨ ਵਿਚ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਕਾਂਗਰਸੀ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਅਤੇ ਸ. ਜਸਬੀਰ ਸਿੰਘ ਜੱਸੀ ਖੰਗੂੜਾ ਵਲੋਂ ਵੀ ਕਾਲੀ ਸੂਚੀ ਰੱਦ ਕਰਾਉਣ ਸੰਬੰਧੀ ਆਵਾਜ਼ ਉਠਾਈ ਜਾ ਰਹੀ ਹੈ ਤਾਂ ਕਾਲੀ ਸੂਚੀ ਰੱਦ ਕਰਾਉਣ ਲਈ ਪੰਜਾਬ ਵਿਧਾਨ ਸਭਾ ਅੰਦਰ ਲਿਆਂਦਾ ਮਤਾ ਆਸਾਨੀ ਨਾਲ ਪਾਸ ਹੋ ਜਾਵੇਗਾ। 20 ਮਾਰਚ ਨੂੰ ਦੋਸ਼ੀਆਂ ਦੇ ਖਿਲਾਫ਼ ਨਵੀਂ ਦਿੱਲੀ ਦੀ ਸੀ. ਬੀ. ਆਈ. ਅਦਾਲਤ ਦੇ ਬਾਹਰ ਰੋਸ ਪ੍ਰਦਰਸ਼ਨ ਨਾ ਕਰਨ ਦਾ ਫੈਸਲਾ ਕੀਤਾ ਹੈ।

ਇਸ ਦੌਰਾਨ ਯੂਨੀਵਰਸਲ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਕਾਲੀ ਸੂਚੀ ਬਾਰੇ ਸਥਿਤੀ ਸਪਸ਼ਟ ਕਰੇ।

## Matrimonials



Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5'-4", Master's in accounting, working with state government. Boy on work visa can also be considered. Contact- lakhwinderbrar81@yahoo.ca

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data- Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718

ਸੋਹਣੇ ਸੁਨੱਖੇ ਜੱਟ ਸਿੱਖ ਕੰਗ, ਅਮਰੀਕਨ ਸਿਟੀਜ਼ਨ, 29, 5’11" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਵਿਜ਼ੀਟਰ ਵੀਜ਼ੇ ‘ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ:530-310-6777, 530-310-3843


MRP TRAVEL

*Lowest International and Domestic Fares*

FLY ANY AIRLINE OF YOUR CHOICE

***Providing the lowest Air-fare, Cruise and Travel Packages to Asia, Africa, Europe, the Middle East and North America***

408-929-8005

E-mail:mrptravel@gmail.com

2123 Port Way, San Jose, CA 95133

*CST: 2097308-40*




We Also Offer Notary Service



B & Sons Travel

➢All Airlines ➢International and Domestic

➢Wholesale Fares Around the World

We Will Beat or Match any Fare !

**Office Hours**
**Mon-Fri:**
9am -6pm
**Saturday**
9am-5pm



CST. REG. # 2092042-40

President : Avtar Singh

Tel:707-703-1451, Cell:707-688-6094

Fax : (707) 427-6573, Email:bsonstravel@yahoo.com

1652 West Texas St. Suite 205, Fairfield, CA 94533

We Also Have Special Vacation Packages

Contact any time from anywhere



NCP College of Nursing

Educate | Grow | Succeed


100% NCLEX-PN Pass Rate!
SSF Campus
5 Consecutive Quarters
January 1008 - March 2009

Affordable Payment Plans!
Up to 10 years Repayment Terms on Approved Credit

Start your career now!
Find a job fast using our Job Placement Office.

Full Time
Part Time
Day & Evening

Start Your Nursing Career Today!



12 Month LVN Program • 20 Day CNA Program

- LVN Vocational Nursing Program
- CNA Nursing Assistant Training
- CNA Acute Care Training
- IV Therapy & Blood Withdrawal Certification Course
- NCLEX-PN Test Preparation Workshop
- CPR
- Medical Terminology
- Continuing Education for RNs

Choose which is right for you...
Your career is a call away. Call today!

Peninsula Campus
257 Longford Drive #5
So. San Francisco, CA 94080
1.800.339.5145

East Bay Campus
21615 Hesperian Blvd, Ste A
Hayward, CA 94541
1.800.611.4054

www.ncpcollegeofnursing.com



FARMERS INSURANCE GROUP
Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella

*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਮਡੇਰਾ 'ਚ ਨਵੇਂ ਗੁਰੂ ਘਰ ਦੀ ਸਥਾਪਨਾ

**ਮਡੇਰਾ, ਕੈਲੀਫੋਰਨੀਆ:** ਸੈਂਟਰਲ ਕੈਲੀਫੋਰਨੀਆ ਦੇ ਸ਼ਹਿਰ ਮਡੇਰਾ ਦੀ ਧਰਤੀ ਦੀ ਫਿਜ਼ਾ ਵਿਚ ਉਦੋਂ ਖਾਲਸਾਈ ਰੰਗ ਘੁਲਿਆ ਜਦੋਂ ਲੰਘੇ ਸਨਿਚਰਵਾਰ ਨਵੇਂ ਗੁਰੂ ਘਰ ਗੁਰਦੁਆਰਾ ਗੁਰਮਤਿ ਪ੍ਰਕਾਸ਼ ਦੀ ਸਥਾਪਨਾ ਮੌਕੇ ਵੱਡੀ ਗਿਣਤੀ ਵਿਚ ਰੰਗ ਬਰੰਗੀਆਂ ਦਸਤਾਰਾਂ ਅਤੇ ਦੁਪੱਟਿਆਂ ਵਿਚ ਸਜੀਆਂ ਸਿੱਖ ਸੰਗਤਾਂ ਗੁਰੂ ਚਰਨਾਂ ਵਿਚ ਆਪਣੀ ਸ਼ਰਧਾ ਭੇਟ ਕਰਕੇ ਜੀਵਨ ਸਫਲਾ ਕਰਨ ਲਈ ਪਹੁੰਚੀਆਂ। ਇਹ ਗੁਰਮਤਿ ਸਮਾਗਮ ਸਵੇਰੇ 10 ਵਜੇ ਉਦੋਂ ਅਰੰਭ ਹੋਇਆ ਜਦੋਂ ਇਕ ਗਤਕਾ ਦਲ ਦੀ ਅਗਵਾਈ ਹੇਠ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨਗਰ ਕੀਰਤਨ ਦੇ ਰੂਪ ਵਿਚ ਲੈ ਕੇ ਨਵੀਂ ਇਮਾਰਤ ਵਿਚ ਪਹੁੰਚੇ। ਇਸ ਮੌਕੇ ਗਤਕਾ ਦਲ ਦੇ ਜੁਝਾਰੂਆਂ ਨੇ ਇਸ ਮਾਰਸ਼ਲ ਆਰਟ ਦੇ ਜੌਹਰ ਵਿਖਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਉਪਰੰਤ ਵਿਸ਼ਾਲ ਦੀਵਾਨ ਸਜੇ, ਜਿਥੇ ਪੰਥ ਪ੍ਰਸਿਧ ਰਾਗੀਆਂ-ਢਾਡੀਆਂ ਨੇ ਗੁਰ-ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਗੁਰੂ ਜਸ ਨਾਲ ਗੁਰੂ ਚਰਨਾਂ ਵਿਚ ਹਾਜ਼ਰੀ ਲਵਾਈ ਅਤੇ ਸੰਗਤਾਂ ਨੂੰ ਨਿਹਾਲ ਕੀਤਾ।







ਸ਼ਾਮ 4 ਵਜੇ ਤੱਕ ਚੱਲੇ ਇਸ ਪ੍ਰੋਗਰਾਮ ਦੌਰਾਨ ਖਾਲਸਾ ਫੁਲਵਾੜੀ ਸੈਲਮਾ ਅਤੇ ਬਾਬਾ ਠਾਕਰ ਸਿੰਘ ਜੀ ਖਾਲਸਾ ਅਕੈਡਮੀ-ਮਨਟੀਕਾ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਨ੍ਹਾਂ ਵਿਚ ਭਾਈ ਗੁਰਦਿਆਲ ਸਿੰਘ, ਭਾਈ ਇਕਬਾਲ ਸਿੰਘ, ਭਾਈ ਜੋਗਿੰਦਰ ਸਿੰਘ, ਭਾਈ ਤੀਰਥ ਸਿੰਘ (ਢੋਟੀਆਂ), ਭਾਈ ਗੁਰਮੁਖ ਸਿੰਘ ਅਤੇ ਹੋਰਨਾਂ ਨੇ ਹਾਜ਼ਰੀ ਭਰੀ। ਢਾਡੀ ਭਾਈ ਕਰਨੈਲ ਸਿੰਘ ਦੇ ਜਥੇ ਨੇ ਬੀਰ ਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਗੁਰੂ ਇਤਿਹਾਸ ਤੋਂ ਜਾਣੂ ਕਰਵਾਇਆ ਜਦੋਂਕਿ ਗਿਆਨੀ ਲਖਵਿੰਦਰ ਸਿੰਘ ਅਤੇ ਭਾਈ ਦਲਜੀਤ ਸਿੰਘ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਵਿਆਖਿਆ ਨਾਲ ਜੋੜਿਆ।

ਇਸ ਸਮਾਗਮ ਮੌਕੇ ਮਡੇਰਾ ਦੇ ਕਈ ਕਾਊਂਟੀ ਅਧਿਕਾਰੀ ਵੀ ਹਾਜ਼ਰੀ ਭਰਨ ਪਹੁੰਚੇ ਹੋਏ ਸਨ। ਸਮੁਚੇ ਪ੍ਰੋਗਰਾਮ ਦਾ ਪ੍ਰਬੰਧ ਡਾ. ਰਣਜੀਤ ਸਿੰਘ, ਗਿਆਨੀ ਤਰਸੇਮ ਸਿੰਘ ਅਤੇ ਭਾਈ ਸਾਹਿਬ ਸਿੰਘ ਦੀ ਨਿਗਰਾਨੀ ਹੇਠ ਨੇਪਰੇ ਚੜ੍ਹਿਆ। ਵੱਖ ਵੱਖ ਪੰਥਕ ਜਥੇਬੰਦੀਆਂ ਜਿਵੇਂ ਦਮਦਮੀ ਟਕਸਾਲ ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ, ਗੁਰਦੁਆਰਾ ਨਾਨਕਸਰ ਫਰਿਜ਼ਨੋ, ਗੁਰਦੁਆਰਾ ਨਾਨਕ ਪ੍ਰਕਾਸ਼ ਕਲੋਵਿਸ, ਗੁਰਦੁਆਰਾ ਕਲਗੀਧਰ ਸੈਲਮਾ, ਅਖੰਡ ਕੀਰਤਨੀ ਜਥਾ, ਯੂਨਾਈਟਿਡ ਸਿੱਖਸ, ਵੈਸਟ ਕੋਸਟ ਸਿੱਖੀ ਕੈਂਪ, ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਆਦਿ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ। ਇਨ੍ਹਾਂ ਤੋਂ ਇਲਾਵਾ ਇਲਾਕੇ ਦੇ ਬਹੁਤ ਸਾਰੇ ਪਰਿਵਾਰ ਅਤੇ ਪਤਵੰਤੇ ਸੱਜਣ ਹਾਜ਼ਰੀਆਂ ਭਰਨ ਪਹੁੰਚੇ ਹੋਏ ਸਨ ਜਿਨ੍ਹਾਂ ਵਿਚ ਨਿੱਝਰ ਭਰਾ, ਲੱਧੜ ਭਰਾ, ਭਾਈ ਭੁਪਿੰਦਰ ਸਿੰਘ, ਭਾਈ ਕੇਵਲ ਸਿੰਘ ਬਿਲਿੰਗ, ਭਾਈ ਜਗਤਾਰ ਸਿੰਘ ਧਾਲੀਵਾਲ, ਭਾਈ ਸੋਹਨ ਸਿੰਘ ਬਦੇਸ਼ਾ, ਭਾਈ ਮਨਮੋਹਨ ਸਿੰਘ ਸੰਘੇੜਾ-ਸੈਲਮਾ, ਭਾਈ ਜਗਤਾਰ ਸਿੰਘ, ਭਾਈ ਮੱਖਣ ਸਿੰਘ ਕੰਦੋਲਾ, ਭਾਈ ਗੁਰਦੀਪ ਸਿੰਘ ਸ਼ੇਰਗਿੱਲ (ਰੇਡੀਓ ਸ਼ਾਨ ਪੰਜਾਬ ਦੀ), ਭਾਈ ਤਰਸੇਮ ਸਿੰਘ, ਭਾਈ ਅਮਰੀਕ ਸਿੰਘ ਬਸਰਾ, ਭਾਈ ਸਤਨਾਮ ਸਿੰਘ, ਭਾਈ ਬਲਬੀਰ ਸਿੰਘ, ਭਾਈ ਅਮਰੀਕ ਸਿੰਘ ਗਿੱਲ, ਭਾਈ ਗੁਰਿੰਦਰ ਸਿੰਘ, ਭਾਈ ਰੁਪਿੰਦਰ ਸਿੰਘ, ਭਾਈ ਗੁਰਦੀਪ ਸਿੰਘ ਚੌਹਾਨ, ਬਲਬੀਰ ਸਿੰਘ ਸ਼ਾਮਲ ਸਨ।



*ਤਸਵੀਰਾਂ: ਸਿੰਗਾਪੁਰ ਵੀਡੀਓ*



# ਧਾਲੀਵਾਲ ਦੇ ਗੈਸ ਸਟੇਸ਼ਨ ਨੀਲਾਮੀ 'ਚ ਬਚਨ ਸਿੰਘ ਗਿੱਲ ਨੇ ਖਰੀਦੇ

**ਮਿਲਵਾਕੀ (ਪੰਜਾਬ ਟਾਈਮਜ਼ ਬਿਊਰੋ):** ਉਘੇ ਬਿਜ਼ਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੀ ਕੰਪਨੀ ਬਲਕ ਪੈਟਰੋਲੀਅਮ ਦੀ ਬੈਂਕਰਪਸੀ ਦੇ ਅਮਲ ਦੌਰਾਨ ਪਿਛਲੇ ਮਹੀਨੇ ਨੀਲਾਮ ਕੀਤੇ ਗਏ ਦਰਜਨਾਂ ਗੈਸ ਸਟੇਸ਼ਨ ਫੈਡਰਲ ਬੈਂਕਰਪਸੀ ਟਰੱਸਟੀ ਅਤੇ ਕੁਝ ਹੋਰਨਾਂ ਦੇ ਇਸ ਸੌਦੇ ਪ੍ਰਤੀ ਇਤਰਾਜ਼ਾਂ ਦੇ ਬਾਵਜੂਦ ਸ. ਧਾਲੀਵਾਲ ਦੇ ਭਾਣਜੇ ਬਚਨ ਸਿੰਘ ਗਿੱਲ ਨੂੰ ਵੇਚ ਦਿੱਤੇ ਗਏ ਹਨ। ਸ. ਬਚਨ ਸਿੰਘ ਗਿੱਲ ਨੇ ਇਹ ਗੈਸ ਸਟੇਸ਼ਨ ਆਪਣੀ ਕੰਪਨੀ 'ਕਨਵੀਨੀਐਂਸ ਸਟੋਰਜ਼ ਲੀਜ਼ਿੰਗ ਐਂਡ ਮੈਨੇਜਮੈਂਟ ਐਲ ਐਲ ਸੀ' ਦੇ ਨਾਂ ਖਰੀਦੇ ਹਨ।

ਯੂ ਐਸ ਬੈਂਕਰਪਸੀ ਜੱਜ ਸੂਜ਼ਨ ਕੈਲੀ ਨੇ ਪਿਛਲੇ ਹਫਤੇ ਇਸ ਸਰੋਕਾਰ ਨਾਲ ਇਸ ਸੌਦੇ ਨੂੰ ਪ੍ਰਵਾਨਗੀ ਦੇ ਦਿੱਤੀ ਕਿ ਸ. ਧਾਲੀਵਾਲ ਅਤੇ ਉਸਦੇ ਭਾਣਜੇ ਬਚਨ ਸਿੰਘ ਵਿਚਾਲੇ "ਅੰਦਰੂਨੀ" ਰਿਸ਼ਤੇ (ਕਾਨੂੰਨੀ ਭਾਸ਼ਾ ਵਿਚ) ਬਾਰੇ ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿਚ ਕੁਝ ਵੀ ਦੱਸਿਆ ਨਹੀਂ ਸੀ ਗਿਆ ਸਗੋਂ ਇਹ ਇੰਕਸ਼ਾਫ ਸਥਾਨਕ ਅੰਗ੍ਰੇਜ਼ੀ ਅਖਬਾਰ ਜੌਰਨਲ ਸੈਂਟੀਨਲ ਵਿਚ ਕੀਤਾ ਗਿਆ। ਦੋਨਾਂ ਵਿਚਾਲੇ ਕਰੀਬੀ ਰਿਸ਼ਤੇਦਾਰੀ ਤੋਂ ਇਲਾਵਾ ਦੋਹਾਂ ਵਿਚਾਲੇ ਕਰੀਬੀ ਕਾਰੋਬਾਰੀ ਸਬੰਧਾਂ ਅਤੇ ਮਤਵਾਤਰ ਮਾਲੀ ਲੈਣ-ਦੇਣ ਬਾਰੇ ਪ੍ਰਗਟਾਵਾ 16 ਮਾਰਚ ਨੂੰ ਅਦਾਲਤ ਵਿਚ ਕੀਤਾ ਗਿਆ।

ਪਰੰਤੂ ਲੈਣੇਦਾਰਾਂ ਵਲੋਂ ਇਹ ਗੈਸ ਸਟੇਸ਼ਨ ਵੇਚਣ ਲਈ ਸੌਦੇ ਦੇ ਹੱਕ ਵਿਚ ਦਿੱਤੀਆਂ ਗਈਆਂ ਦਲੀਲਾਂ ਸੁਣਨ ਪਿਛੋਂ ਬੈਂਕਰਪਸੀ ਜੱਜ ਨੇ ਇਸ ਸੌਦੇ ਨੂੰ ਪ੍ਰਵਾਨਗੀ ਦੇ ਦਿਤੀ। ਲੈਣੇਦਾਰਾਂ ਨੇ ਕੋਈ 61 ਮਿਲੀਅਨ ਡਾਲਰ ਲੈਣੇ ਹਨ। ਸੌਦੇ ਵਿਚਲੇ ਇਹ ਗੈਸ ਸਟੇਸ਼ਨ ਵਿਸਕਾਨਸਿਨ ਅਤੇ ਮਿਡਵੈਸਟ ਦੀਆਂ ਹੋਰ ਕਈ ਸਟੇਟਾਂ ਵਿਚ ਸਥਿਤ ਹਨ। ਸ. ਧਾਲੀਵਾਲ ਦੇ ਦੀਵਾਲੀਏਪਨ ਦੇ ਕੇਸਾਂ ਦਾ ਨਿਪਟਾਰਾ ਹੋਣਾ ਅਜੇ ਦੂਰ ਦੀ ਗੱਲ ਹੈ। ਹੋਰ ਜਾਇਦਾਦ ਦੀ ਨੀਲਾਮੀ ਹੋਣੀ ਬਾਕੀ ਹੈ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਤੇਲ ਕੰਪਨੀ ਬੀ ਪੀ ਵਲੋਂ ਬਲਕ ਪੈਟਰੋਲੀਅਮ ਵਿਰੁਧ ਕੇਸ ਕੀਤੇ ਜਾਣ ਉਪਰੰਤ ਸ. ਧਾਲੀਵਾਲ ਨੇ ਦੀਵਾਲੀਏਪਨ ਵਿਰੁਧ ਸੁਰੱਖਿਆ ਲਈ ਚੈਪਟਰ 11 ਅਧੀਨ ਕੇਸ ਦਾਇਰ ਕਰ ਦਿਤਾ ਸੀ।

ਅਖਬਾਰ ਜੌਰਨਲ ਸੈਂਟੀਨਲ ਦੀ ਰਿਪੋਰਟ ਅਨੁਸਾਰ ਸ੍ਰੀ ਧਾਲੀਵਾਲ ਨੇ ਅਖਬਾਰ ਨੂੰ ਦੱਸਿਆ ਕਿ ਉਸਦਾ ਪਿਤਾ ਅਤੇ ਸ. ਬਚਨ ਸਿੰਘ ਗਿੱਲ ਦੀ ਨਾਨੀ ਭੈਣ-ਭਰਾ ਸਨ। ਬੈਂਕਰਪਸੀ ਕਾਨੂੰਨਾਂ ਤਹਿਤ ਰਿਸ਼ਤੇਦਾਰਾਂ ਵਿਚਾਲੇ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਦਾ ਪ੍ਰਗਟਾਵਾ ਕਰਨਾ ਲਾਜ਼ਮੀ ਹੈ ਅਤੇ ਪਿਛਲੀਆਂ ਤਿੰਨ ਪੁਸ਼ਤਾਂ ਤਕ ਦੀ ਰਿਸ਼ਤੇਦਾਰੀ ਬਾਰੇ ਦੱਸਣਾ ਜ਼ਰੂਰੀ ਹੈ।

ਜੱਜ ਕੈਲੀ ਨੇ ਆਖਿਆ ਕਿ ਜਿਹੜੇ ਰਿਸ਼ਤੇਦਾਰਾਂ ਦੇ ਪੜਦਾਦੇ/ਪੜਨਾਨੇ ਇਕ ਹਨ-ਤੀਜੀ ਪੀੜੀ ਦੇ ਰਿਸ਼ਤੇਦਾਰ ਮੰਨੇ ਜਾਣਗੇ। ਇਥੇ ਜਾਹਰ ਹੈ ਕਿ ਧਾਲੀਵਾਲ ਅਤੇ ਬਚਨ ਸਿੰਘ ਰਿਸ਼ਤੇਦਾਰ ਹਨ ਅਤੇ ਉਨ੍ਹਾਂ ਦਾ ਆਪਸ ਵਿਚ ਕਾਰੋਬਾਰੀ ਰਿਸ਼ਤਾ ਹੈ। ਜੱਜ ਨੇ ਜਾਣਨਾ ਚਾਹਿਆ ਕਿ ਇਸ ਰਿਸ਼ਤੇ ਬਾਰੇ ਅਦਾਲਤ ਨੂੰ ਦੱਸਿਆ ਕਿਉਂ ਨਾ ਗਿਆ? ਇਸ ਮੌਕੇ ਸ. ਧਾਲੀਵਾਲ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਖੁਦ ਉਸਨੂੰ ਵੀ ਇਸ ਰਿਸ਼ਤੇ ਬਾਰੇ ਪਤਾ ਨਹੀਂ ਸੀ। ਜਾਹਰਾ ਤੌਰ 'ਤੇ ਇਹ ਸਾਡੀ ਗਲਤੀ ਹੈ ਅਤੇ ਇਸ ਬਾਰੇ ਦੱਸਿਆ ਜਾਣਾ ਚਾਹੀਦਾ ਸੀ।

ਚੇਤੇ ਰਹੇ ਸ. ਬਚਨ ਸਿੰਘ ਨੇ ਲੰਘੀ 17 ਫਰਵਰੀ ਨੂੰ ਹੋਈ ਨੀਲਾਮੀ ਵਿਚ 11 ਮਿਲੀਅਨ ਡਾਲਰ ਵਿਚ ਬਲਕ ਪੈਟਰੋਲੀਅਮ ਤੋਂ 66 ਗੈਸ ਸਟੇਸ਼ਨ ਖਰੀਦੇ ਸਨ ਅਤੇ ਆਉਣ ਵਾਲੇ ਪੰਜ ਸਾਲਾਂ ਤਕ ਬਲਕ ਪੈਟਰੋਲੀਅਮ ਤੋਂ ਤੇਲ ਖਰੀਦਣਾ ਮੰਨਿਆ ਸੀ। ਨੀਲਾਮੀ ਵਿਚ ਕੁਝ ਹੋਰ ਖਰੀਦਾਰ ਵੀ ਹਿੱਸਾ ਲੈ ਰਹੇ ਸਨ ਪਰ ਉਹ ਬਲਕ ਤੋਂ ਗੈਸ ਖਰੀਦਣ ਦਾ ਇਕਰਾਰ ਕਰਨ ਲਈ ਤਿਆਰ ਨਹੀਂ ਸਨ। ਬਲਕ ਪੈਟਰੋਲੀਅਮ ਦੀ ਬੈਂਕਰਪਸੀ ਪੁਨਰਗਠਨ ਯੋਜਨਾ ਤਹਿਤ ਸ. ਧਾਲੀਵਾਲ ਕੰਪਨੀ ਦੇ ਪ੍ਰੈਜ਼ੀਡੈਂਟ ਰਹਿਣਗੇ ਪਰ ਕੰਪਨੀ ਵਿਚ ਉਨ੍ਹਾਂ ਦੀ ਪੁਜੀਸ਼ਨ ਘੱਟ ਹਿੱਸੇਦਾਰੀ ਮਾਲਕ ਵਾਲੀ ਹੋਵੇਗੀ।

ਇਹ ਗੈਸ ਸਟੇਸ਼ਨ ਖਰੀਦਣ ਦੇ ਚਾਹਵਾਨ ਦੋ ਖਰੀਦਾਰਾਂ ਨੇ ਬੈਂਕਰਪਸੀ ਜੱਜ ਕੈਲੀ ਨੂੰ ਪੱਤਰ ਲਿਖ ਕੇ ਨੀਲਾਮੀ ਕਰਾਏ ਜਾਣ ਦੇ ਢੰਗ-ਤਰੀਕੇ ਉਤੇ ਇਤਰਾਜ਼ ਕੀਤਾ ਸੀ ਅਤੇ ਇਹ ਦੋਸ਼ ਲਾਉਂਦਿਆਂ ਕਿ ਇਸ ਨੀਲਾਮੀ ਵਿਚ ਹੇਰਾ-ਫੇਰੀ ਹੋਈ ਹੈ, ਇਸ ਵਿਕਰੀ ਨੂੰ ਰੱਦ ਕਰਨ ਦੀ ਮੰਗ ਕੀਤੀ ਪਰ ਇਨ੍ਹਾਂ ਦੋਹਾਂ ਚਾਹਵਾਨ ਖਰੀਦਾਰਾਂ ਵਿਚੋਂ 16 ਮਾਰਚ ਨੂੰ ਕੋਈ ਵੀ ਅਦਾਲਤ ਵਿਚ ਹਾਜਰ ਨਹੀਂ ਹੋਇਆ। ਕੁਝ ਹੋਰ ਬੋਲੀਕਾਰਾਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਦੀ ਪੇਸ਼ਕਸ਼ ਪਹਿਲਾਂ ਪ੍ਰਵਾਨ ਕੀਤੀ ਗਈ ਅਤੇ ਫਿਰ ਦੇਰ ਰਾਤ ਜਦੋਂ ਬਚਨ ਸਿੰਘ ਨੀਲਾਮੀ ਵਿਚ ਦਾਖਲ ਹੋਏ ਤਾਂ ਰੱਦ ਕਰ ਦਿਤੀ ਗਈ। ਕੁਝ ਹੋਰਾਂ ਦਾ ਕਹਿਣਾ ਸੀ ਕਿ ਜਾਇਦਾਦ ਸਹੀ ਤਰੀਕੇ ਨਾਲ ਨਹੀਂ ਵੇਚੀ ਗਈ।

ਅਖਬਾਰ ਜੌਰਨਲ ਸੈਂਟੀਨਲ ਦੀ ਰਿਪੋਰਟ ਅਨੁਸਾਰ ਇਲੀਨਾਏ ਦੀ ਕੰਪਨੀ ਹਿਲਕੋ ਰੀਅਲ ਅਸਟੇਟ ਦੇ ਜੋਸ਼ੁਆ ਜੋਸਫ, ਜਿਸਨੇ ਕਿ ਗੈਸ ਸਟੇਸ਼ਨਾਂ ਦੀ ਨਿਸ਼ਾਨਦੇਹੀ ਅਤੇ ਨੀਲਾਮੀ ਕੀਤੀ, ਨੇ ਕਿਹਾ ਕਿ ਬਚਨ ਸਿੰਘ ਦੀ ਪੇਸ਼ਕਸ਼ ਸਭ ਤੋਂ ਵਧੀਆ ਸੀ ਅਤੇ ਜੇ ਇਹ ਗੈਸ ਸਟੇਸ਼ਨ ਇਕੱਲੇ ਇਕੱਲੇ ਕਰ ਕੇ ਨਿਲਾਮ ਕੀਤੇ ਜਾਂਦੇ ਤਾਂ ਅੱਠ ਮਿਲੀਅਨ ਡਾਲਰ ਤੋਂ ਵੱਧ ਵੱਟੇ ਨਹੀਂ ਸਨ ਜਾਣੇ। ਜੋਸਫ ਨੇ ਦੱਸਿਆ ਕਿ ਕੰਪਨੀ ਨੇ ਇਨ੍ਹਾਂ ਗੈਸ ਸਟੇਸ਼ਨਾਂ ਦੀ ਵਿਕਰੀ ਬਾਰੇ ਆਪਣੀ ਵੈਬਸਾਈਟ ਅਤੇ ਈਮੇਲਾਂ ਰਾਹੀਂ ਇਸ਼ਤਿਹਾਰਬਾਜ਼ੀ ਕੀਤੀ ਸੀ। ਜੋਸਫ ਦਾ ਕਹਿਣਾ ਹੈ ਕਿ ਨੀਲਾਮੀ ਵਿਚ ਅਸਫਲ ਰਹਿਣ ਵਾਲੇ ਸੰਭਾਵੀ ਖਰੀਦਦਾਰ ਅਸਫਲਤਾ ਅਤੇ ਨਿਰਾਸ਼ਾ ਵਿਚੋਂ ਦੋਸ਼ ਲਾ ਰਹੇ ਸਨ।

ਅਦਾਲਤ ਵਿਚ ਦਿੱਤੇ ਗਏ ਬਿਆਨਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸ. ਧਾਲੀਵਾਲ ਅਤੇ ਸ. ਬਚਨ ਸਿੰਘ ਵਿਚਾਲੇ ਖੂਨ ਦੇ ਰਿਸ਼ਤੇ ਤੋਂ ਇਲਾਵਾ ਬਿਜਨਸ ਦਾ ਵੀ ਗੂੜ੍ਹਾ ਰਿਸ਼ਤਾ ਹੈ। ਸ. ਬਚਨ ਸਿੰਘ ਨੇ ਸ. ਧਾਲੀਵਾਲ ਦਾ ਮਕੀਨ ਵਿਚ ਸਥਿਤ ਗੈਸਟ ਹਾਊਸ ਪਿਛਲੇ ਸਾਲ 380,000 ਡਾਲਰ ਵਿਚ ਖਰੀਦਿਆ ਸੀ। ਸ. ਧਾਲੀਵਾਲ ਅਨੁਸਾਰ ਬਚਨ ਸਿੰਘ ਨੇ 80,000 ਡਾਲਰ ਨਕਦ ਦਿਤੇ ਜਦੋਂ ਕਿ 3 ਲੱਖ ਡਾਲਰ ਦਾ ਉਧਾਰ ਕੀਤਾ ਹੈ। ਅਖਬਾਰ ਨੇ ਜਦੋਂ ਸ. ਧਾਲੀਵਾਲ ਤੋਂ ਪੁਛਿਆ ਕਿ ਗੈਸਟ ਹਾਊਸ ਵਿਚ ਕੌਣ ਰਹਿੰਦਾ ਹੈ ਤਾਂ ਉਨ੍ਹਾਂ ਦਾ ਜਵਾਬ ਸੀ, ਮੈਨੂੰ ਪੱਕਾ ਪਤਾ ਨਹੀਂ, ਸ਼ਾਇਦ ਮੇਰਾ ਪੁੱਤਰ ਰਹਿੰਦਾ ਹੈ। ਜਦੋਂ ਅਖਬਾਰ ਨੇ ਜ਼ੋਰ ਦੇ ਕੇ ਪੁੱਛਿਆ ਤਾਂ ਸ. ਧਾਲੀਵਾਲ ਦਾ ਜਵਾਬ ਸੀ, ਉਹ ਉਥੇ ਜਾਂਦਾ ਹੈ ਪਰ ਸੌਂਦਾ ਮੇਰੇ ਘਰ ਹੈ।

ਇਸ ਤੋਂ ਇਲਾਵਾ ਸ. ਬਚਨ ਸਿੰਘ ਨੇ ਸ. ਧਾਲੀਵਾਲ ਤੋਂ ਹਾਲ ਹੀ ਵਿਚ ਇਕ ਲਿਮੋਜ਼ੀਨ ਖਰੀਦੀ ਹੈ ਅਤੇ ਪਿਛਲੇ 10-15 ਸਾਲਾਂ ਦੌਰਾਨ ਸ. ਧਾਲੀਵਾਲ ਨੇ ਬਚਨ ਸਿੰਘ ਤੋਂ ਦੋ ਗੈਸ ਸਟੇਸ਼ਨ ਖਰੀਦੇ ਹਨ। ਹੋਰ ਕਾਰੋਬਾਰਾਂ ਵਿਚ ਦੋਹਾਂ ਦਾ ਕਾਲੋਰਾਡੋ ਵਿਚ 1980ਵਿਆਂ ਦੌਰਾਨ ਇਕ ਸਾਂਝਾ ਖੁੰਭਾਂ ਦਾ ਫਾਰਮ ਵੀ ਹੋਇਆ ਕਰਦਾ ਸੀ। ਇਸ ਗੱਲ ਦੀ ਵੀ ਚਰਚਾ ਹੈ ਕਿ ਧਾਲੀਵਾਲ ਪਰਿਵਾਰ ਵਲੋਂ ਪੰਜਾਬ ਵਿਚ ਬਣਾਏ ਜਾ ਰਹੇ ਮੈਡੀਕਲ ਕਾਲਜ ਵਿਚ ਵੀ ਸ. ਬਚਨ ਸਿੰਘ ਭਾਈਵਾਲ ਹਨ।

ਅਸੁਰੱਖਿਅਤ ਲੈਣੇਦਾਰਾਂ ਦੀ ਅਧਿਕਾਰਤ ਕਮੇਟੀ ਦੀ ਪੈਰਵੀ ਕਰਦੇ ਵਕੀਲ ਫਰਾਂਸਿਸ ਲਾਵਿਲ ਨੇ ਗੁਪਤ ਦਸਤਾਵੇਜ਼ਾਂ ਵਿਚ ਦਰਸਾਈ ਗਈ ਇਕ ਮੈਨੇਜਮੈਂਟ ਫੀਸ ਵੱਲ ਇਸ਼ਾਰਾ ਕਰਦਿਆਂ ਸ਼ੱਕ ਜਾਹਰ ਕੀਤਾ ਕਿ ਸ. ਧਾਲੀਵਾਲ ਦਾ ਸ. ਬਚਨ ਸਿੰਘ ਗਿੱਲ ਦੀ ਕੰਪਨੀ ਕਨਵੀਨੀਐਂਸ ਸਟੋਰਜ਼ ਲੀਜ਼ਿੰਗ ਐਂਡ ਮੈਨੇਜਮੈਂਟ ਐਲ ਐਲ ਸੀ ਨੂੰ ਚਲਾਉਣ ਸਬੰਧੀ ਵੀ ਕੋਈ ਕਰਾਰ ਹੋ ਸਕਦਾ ਹੈ। ਸ. ਧਾਲੀਵਾਲ ਨੇ ਅਜਿਹੇ ਕਿਸੇ ਇਕਰਾਰਨਾਮੇ ਤੋਂ ਇਨਕਾਰ ਕਰਦਿਆਂ ਇਸ ਗੱਲ ਨੂੰ ਮਹਿਜ ਅਟਕਲਬਾਜ਼ੀ ਕਰਾਰ ਦਿੱਤਾ ਕਿ ਬਚਨ ਸਿੰਘ ਸਾਨੂੰ ਭਵਿੱਖ ਵਿਚ ਕੰਪਨੀ ਚਲਾਉਣ ਲਈ ਆਖ ਸਕਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਮਿਸ਼ੀਗਨ ਅਤੇ ਇੰਡੀਆਨਾ ਦੀਆਂ ਸਰਕਾਰਾਂ ਨੇ ਵੀ ਇਸ ਵਿਕਰੀ ਦਾ ਬਲਕ ਪੈਟਰੋਲੀਅਮ ਦੇ ਕਈ ਗੈਸ ਸਟੇਸ਼ਨਾਂ ਸਬੰਧੀ ਗੰਭੀਰ ਵਾਤਾਵਰਨਿਕ ਸਰੋਕਾਰਾਂ ਦੇ ਆਧਾਰ ਉਤੇ ਵਿਰੋਧ ਕੀਤਾ ਪ੍ਰੰਤੂ ਦੋ ਸਭ ਤੋਂ ਵੱਡੇ ਲੈਣੇਦਾਰਾਂ ਐਮਕੋਰ ਬੈਂਕ ਅਤੇ ਸਮਿਟ ਕਰੈਡਿਟ ਯੂਨੀਅਨ (ਪਹਿਲਾਂ ਗਰੇਡ ਵਿਸਕਾਨਸਿਨ ਯੂਨੀਅਨ ਕਰਕੇ ਜਾਣੀ ਜਾਂਦੀ ਰਹੀ) ਨੇ ਇਸ ਵਿਕਰੀ ਸੌਦੇ ਦੀ ਇਸ ਬਿਨਾ ਉਤੇ ਤਾਈਦ ਕੀਤੀ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਇਸ ਸੌਦੇ ਵਿਚ ਬਿਹਤਰੀਨ ਕੀਮਤ ਹਾਸਲ ਹੋਈ ਹੈ। ਐਮਕੋਰ ਨੂੰ ਕਰੀਬ 6 ਮਿਲੀਅਨ ਅਤੇ ਸਮਿਟ ਨੂੰ 5 ਮਿਲੀਅਨ ਡਾਲਰ ਮਿਲਣ ਦੀ ਸੰਭਾਵਨਾ ਹੈ। ਸ. ਧਾਲੀਵਾਲ ਅਤੇ ਉਨ੍ਹਾਂ ਦੀ ਕੰਪਨੀ ਬਲਕ ਪੈਟਰੋਲੀਅਮ ਨੇ ਇਨ੍ਹਾਂ ਲੈਣੇਦਾਰਾਂ ਦਾ ਕੋਈ 61 ਮਿਲੀਅਨ ਡਾਲਰ ਦੇਣਾ ਹੈ।

## ਐਨ.ਐਫ਼.ਐਲ. ਦੇ ਕਾਰਖ਼ਾਨੇ ਵਿਚ ਬਾਇਲਰ ਫਟਣ ਕਾਰਨ ਤਿੰਨ ਮੌਤਾਂ

**ਨੰਗਲ:** ਭਾਰਤ ਸਰਕਾਰ ਦੇ ਅਦਾਰੇ ਨੈਸ਼ਨਲ ਫ਼ਰਟੀਲਾਈਜ਼ਰ ਲਿਮਟਿਡ (ਐਨ.ਐਫ਼.ਐਲ.) ਦਾ ਬਾਇਲਰ ਫਟਣ ਨਾਲ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਤੇ ਇਕ ਗੰਭੀਰ ਰੂਪ ਵਿਚ ਫੱਟੜ ਹੋ ਗਿਆ। ਲੰਘੀ 20 ਮਾਰਚ ਨੂੰ ਸਵੇਰੇ 11.40 ਵਜੇ ਯੂਨਿਟ ਦੇ ਅਮੋਨੀਆ-2 ਵਿਚ ਲੀਕੇਜ ਹੋਣ ਕਾਰਨ ਅਦਾਰੇ ਨੇ ਅਪਣੇ ਦੋ ਅਧਿਕਾਰੀਆਂ ਨੂੰ ਮੁਆਇਨਾ ਕਰਨ ਲਈ ਭੇਜਿਆ। ਜਿਸ ਵੇਲੇ ਉਹ ਪਲਾਂਟ ਦਾ ਮੁਆਇਨਾ ਕਰ ਰਹੇ ਸਨ ਤਾਂ ਉਸ ਸਮੇਂ ਸੈਚੂਏਟਰ ਦਾ ਪ੍ਰੈਸ਼ਰ ਵਧ ਗਿਆ। ਕੰਪਨੀ ਅਧਿਕਾਰੀਆਂ ਨੂੰ ਜਦ ਤਕ ਕੁਝ ਸਮਝ ਆਉਂਦਾ, ਤਦ ਤਕ ਪਲਾਂਟ ਵਿਚ ਅੱਗ ਭੜਕ ਪਈ ਤੇ ਵੇਖਦੇ ਹੀ ਵੇਖਦੇ ਧਮਾਕਾ ਹੋ ਗਿਆ। ਇਸ ਧਮਾਕੇ ਨਾਲ ਸੈਚੂਏਟਰ ਯੂਨਿਟ ਦੀ ਕਰੀਬ 20 ਮੀਟਰ ਲੰਬੀ ਲਾਈਨ ਹੇਠਾਂ ਆ ਡਿੱਗੀ।

ਧਮਾਕਾ ਇੰਨਾ ਭਿਆਨਕ ਸੀ ਕਿ ਇਸ ਨਾਲ ਚਾਰੇ ਪਾਸੇ ਧੂੰਆਂ ਫੈਲ ਗਿਆ ਤੇ ਇਸ ਦੀ ਆਵਾਜ਼ ਲਗਭਗ 5 ਕਿਲੋਮੀਟਰ ਦੇ ਇਲਾਕੇ ਵਿਚ ਸੁਣਾਈ ਦਿਤੀ। ਮੌਕੇ 'ਤੇ ਮੌਜੂਦ ਚਸ਼ਮਦੀਦਾਂ ਅਨੁਸਾਰ ਆਲੇ-ਦੁਆਲੇ ਦੇ ਦਫ਼ਤਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਵੀ ਟੁੱਟ ਗਏ। ਇਕ ਅਧਿਕਾਰੀ ਨੂੰ ਤਾਂ ਲਗਭਗ 20 ਫੁਟ ਉਪਰ ਤਕ ਉਛਲਦਿਆਂ ਵੇਖਿਆ ਗਿਆ। ਯੂਨਿਟ ਦੀ ਫ਼ਾਇਰ ਬ੍ਰਿਗੇਡ, ਮੈਡੀਕਲ ਸੇਵਾਵਾਂ ਲੈ ਕੇ ਡਾਕਟਰ ਤੇ ਬੀ.ਬੀ.ਐਮ.ਬੀ. ਕੈਨਾਲ ਹਸਪਤਾਲ ਦੀ ਫ਼ਾਇਰ ਬ੍ਰਿਗੇਡ ਵੀ ਮੌਕੇ 'ਤੇ ਹੀ ਪਹੁੰਚ ਗਈ। ਡੀ.ਐਸ.ਪੀ. ਹਰਮੀਤ ਸਿੰਘ ਹੁੰਦਲ ਤੇ ਐਸ.ਐਚ.ਓ. ਸੁਰਜੀਤ ਸਿੰਘ ਕੁਝ ਹੀ ਮਿੰਟਾਂ ਵਿਚ ਪਹੁੰਚ ਗਏ ਪਰ ਉਨ੍ਹਾਂ ਨੂੰ ਸੀ.ਆਈ.ਐਸ.ਐਫ਼. ਦੇ ਜਵਾਨਾਂ ਨੇ ਅੰਦਰ ਨਹੀਂ ਜਾਣ ਦਿਤਾ। ਉਹ ਲਗਭਗ 15 ਮਿੰਟ ਬਾਅਦ ਅੰਦਰ ਪੁੱਜੇ। ਹਾਦਸਾ ਹੋਣ ਤੋਂ ਬਾਅਦ ਮੇਨ ਗੇਟ ਸੀਲ ਕਰ ਦਿਤਾ ਗਿਆ ਅਤੇ ਕਿਸੇ ਵੀ ਮੀਡੀਆ ਮੁਲਾਜ਼ਮ ਨੂੰ ਅੰਦਰ ਨਹੀਂ ਜਾਣ ਦਿਤਾ ਗਿਆ।

ਇਕ ਅਧਿਕਾਰੀ ਨੇ ਅਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦਸਿਆ ਕਿ ਇਹ ਯੂਨਿਟ ਹੈਜ਼ਰਡ ਯੂਨਿਟਾਂ ਵਿਚ ਆਉਂਦਾ ਹੈ ਅਤੇ ਅਜਿਹੀਆਂ ਹਾਲਤਾਂ ਨੂੰ ਆਨ ਸਾਇਟ ਐਮਰਜੈਂਸੀ ਕਿਹਾ ਜਾਦਾ ਹੈ, ਜਿਸ ਵਿਚ ਘਟਨਾ ਸਥਾਨ 'ਤੇ ਸਿਰਫ ਫ਼ਾਇਰ, ਸੁਰੱਖਿਆ, ਮੈਡੀਕਲ ਮੁਲਾਜ਼ਮ ਆਦਿ ਹੀ ਜਾਂਦੇ ਹਨ। ਇਸ ਕਾਰਨ ਹੀ ਕਿਸੇ ਨੂੰ ਅੰਦਰ ਨਹੀਂ ਜਾਣ ਦਿਤਾ ਗਿਆ। ਮਰਨ ਵਾਲਿਆਂ ਵਿਚ ਐਨ.ਐਫ਼.ਐਲ. ਦੇ ਦੋ ਅਧਿਕਾਰੀ ਹਨ ਅਤੇ ਇਕ ਵਿਅਕਤੀ ਠੇਕੇਦਾਰ ਕੋਲ ਕੰਮ ਕਰਦਾ ਮੁਲਾਜ਼ਮ ਸੀ ਜਦਕਿ ਗੰਭੀਰ ਰੂਪ ਵਿਚ ਜ਼ਖ਼ਮੀ ਹੋਇਆ ਮੁਲਾਜ਼ਮ ਵੀ ਦਿਹਾੜੀਦਾਰ ਹੀ ਸੀ।

# ਪੰਜਾਬੀ ਗਾਇਕੀ ਬਾਰੇ ਵਿਦਵਾਨਾਂ ਨੇ ਰਚਾਇਆ ਸੰਵਾਦ

**ਅੰਮ੍ਰਿਤਸਰ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਭਾਸ਼ਾਵਾਂ ਦੇ ਡੀਨ ਡਾ. ਨਾਹਰ ਸਿੰਘ ਨੇ ਇਥੇ ਕਿਹਾ ਕਿ ਪੰਜਾਬੀ ਗਾਇਕੀ ਨੇ ਪੰਜਾਬੀ ਸਭਿਆਚਾਰ ਨੂੰ ਪੂਰੇ ਵਿਸ਼ਵ ਵਿਚ ਪੁਚਾਇਆ ਹੈ ਅਤੇ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੂੰ ਭਾਵੁਕਤਾ ਦੀ ਕੜੀ ਵਿਚ ਬੰਨ੍ਹਣ ਅਤੇ ਉਨ੍ਹਾਂ ਨੂੰ ਪੰਜਾਬ ਨਾਲ ਜੋੜਨ ਦਾ ਯਤਨ ਕਰ ਰਹੀ ਹੈ ਪਰ ਇਹ ਮੰਡੀ ਦੀਆਂ ਲੋੜਾਂ ਅਨੁਸਾਰ ਵੱਧ-ਫੁੱਲ ਰਹੀ ਹੈ। ਉਨ੍ਹਾਂ ਕਿਹਾ ਕਿ ਵਿਡੰਬਨਾ ਇਹ ਹੈ ਕਿ ਫਿਲਮਾਂਕਣ ਗਾਇਕੀ ਨੇ ਸਭਿਆਚਾਰਕ ਦਿੱਖ ਨੂੰ ਵਿਗਾੜ ਕੇ ਰੱਖ ਦਿੱਤਾ ਹੈ ਅਤੇ ਇਸਨੂੰ ਖਪਤ ਸਭਿਆਚਾਰ ਬਣਾ ਦਿੱਤਾ ਹੈ। ਡਾ. ਨਾਹਰ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵਲੋਂ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਭਾਸ਼ਣ ਮੌਕੇ 'ਪੰਜਾਬੀ ਗਾਇਕੀ-ਸਭਿਆਚਾਰ ਉਪਰ ਪੈ ਰਹੇ ਪ੍ਰਭਾਵ' ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕਰ ਰਹੇ ਸਨ। ਸਮਾਗਮ ਦੀ ਪ੍ਰਧਾਨਗੀ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ. ਧਰਮ ਸਿੰਘ ਨੇ ਕੀਤੀ। ਪ੍ਰੋਫੈਸਰ ਸੁਖਦੇਵ ਸਿੰਘ ਖਹਿਰਾ ਨੇ ਕਿਹਾ ਕਿ ਇਹ ਵਿਸ਼ਾ ਅੱਜ ਦੇ ਸੰਦਰਭ ਵਿਚ ਬਹੁਤ ਢੁਕਵਾਂ ਵਿਸ਼ਾ ਹੈ। ਪ੍ਰੋ. ਪਰਮਜੀਤ ਸਿੰਘ ਸਿੱਧੂ ਨੇ ਮੁੱਖ ਮਹਿਮਾਨ ਅਤੇ ਵਿਦਵਾਨਾਂ ਨੂੰ ਜੀ ਆਇਆਂ ਆਖਿਆ।

ਡਾ. ਨਾਹਰ ਸਿੰਘ ਨੇ ਕਿਹਾ ਕਿ ਪੰਜਾਬੀ ਗਾਇਕੀ ਦੇ ਵਿਸ਼ਿਆਂ ਦਾ ਦਾਇਰਾ ਪਰੰਪਰਕ ਲੋਕ ਗਾਥਾਵਾਂ ਤੋਂ ਫੈਲ ਕੇ ਜੀਵਨ ਦੀਆਂ ਸਭਿਆਚਾਰਕ ਝਾਕੀਆਂ ਨਾਲ ਜੁੜਿਆ ਹੋਇਆ ਹੈ। ਪੰਜਾਬੀ ਗਾਇਕੀ ਦੇ ਇਤਿਹਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਿਥੇ ਇਹ ਬਦਲਦੇ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਰਹੀ ਹੈ, ਉਥੇ ਤਕਨੀਕ ਦਾ ਵਿਕਾਸ ਇਸ ਗਾਇਕੀ ਦੇ ਸੰਚਾਰ ਤੇ ਵਿਸਥਾਰ ਦਾ ਵੀ ਆਧਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲੇ ਪੜਾਅ 'ਤੇ 'ਗਰਾਮੋਫੋਨ, ਤਵੇ ਅਤੇ ਫਿਲਮ ਦੀਆਂ ਲੋੜਾਂ, ਦੂਜੇ ਪੜਾਅ 'ਤੇ ਆਡੀਓ ਕੈਸਟਾਂ ਤੇ ਤੀਜੇ ਪੜਾਅ 'ਤੇ ਟੀ.ਵੀ. ਤੇ ਵੀਡੀਓ ਫਿਲਮਾਂਕਣ ਨੇ ਪੰਜਾਬੀ ਗਾਇਕੀ ਨੂੰ ਬੁਨਿਆਦੀ ਧਰਾਤਲਾਂ ਦੀ ਪੱਧਰ 'ਤੇ ਬਦਲਣ ਵਿਚ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਗਾਇਕੀ ਦਾ ਕਲਾ ਰੂਪ, ਸਾਹਿਤਕਾਰੀ ਵਾਂਗ ਸੁਤੰਤਰ ਤੇ ਸਿਰਜਨਾਤਮਕਤਾ ਦਾ ਖੇਤਰ ਨਹੀਂ ਰਿਹਾ ਸਗੋਂ ਇਹ ਹਮੇਸ਼ਾ ਹੀ ਮੰਡੀ ਦੀਆਂ ਲੋੜਾਂ ਅਧੀਨ ਰਿਹਾ ਹੈ। ਉਨ੍ਹਾਂ ਕਿਹਾ ਕਿ ਗਾਇਕੀ ਨੇ ਪੰਜਾਬੀ ਸਭਿਆਚਾਰ ਤੇ ਸਭਿਆਚਾਰ ਦੇ ਅਕਸ ਨੂੰ ਪੇਸ਼ ਕਰਨਾ, ਮੂਲ ਕਦਰਾਂ-ਕੀਮਤਾਂ ਨਾਲ ਜੋੜੀ ਰੱਖਣਾ ਹੁੰਦਾ ਹੈ ਪਰ ਇਸ ਨੇ ਸਭਿਆਚਾਰ ਦੇ ਪਵਿੱਤਰ ਅੰਗ ਨੂੰ ਪ੍ਰਦੂਸ਼ਿਤ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਫਿਲਮਾਂਕਣ ਦੀ ਗਾਇਕੀ ਨੇ ਬੋਲ ਤੇ ਫਿਲਮਾਂਕਣ ਦ੍ਰਿਸ਼, ਸ਼ਬਦ ਦੇ ਵਸਤੂ, ਵਸਤੂ ਤੇ ਚਿਹਨ ਦੋਫਾੜ ਕਰ ਦਿੱਤੇ ਹਨ, ਜਿਸ ਕਰਕੇ ਇਕਾਗਰਤਾ ਵਾਲੀ ਗਾਇਕੀ ਖਤਮ ਹੋ ਗਈ ਹੈ। ਉਨ੍ਹਾਂ ਕਿਹਾ ਕਿ ਗਾਇਕੀ ਫਾਈਨਾਂਸਰਾਂ ਤੇ ਪ੍ਰੋਡਿਊਸਰਾਂ ਦੀ ਦੁਬੇਲ ਬਣ ਕੇ ਰਹਿ ਗਈ ਹੈ।

ਗਾਇਕੀ ਸਬੰਧੀ ਹੋਈ ਵਿਚਾਰ-ਚਰਚਾ ਦੌਰਾਨ ਪ੍ਰੋ. ਪਰਮਜੀਤ ਸਿੰਘ ਜੱਜ ਨੇ ਕਿਹਾ ਕਿ ਪੱਛਮੀ ਤੇ ਵਿਸ਼ਵੀਕਰਨ ਦਾ ਸੁਮੇਲ ਪੰਜਾਬੀ ਗਾਇਕੀ ਵਿਚ ਆ ਗਿਆ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਵਿਚ ਇਸ ਨੇ ਪੰਜਾਬੀ ਦੀ ਪਛਾਣ ਬਣਾਈ ਹੈ। ਵਿਦਿਆਰਥੀ ਅਮਰਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਗਾਇਕੀ ਅੱਜ ਆਰਥਿਕ ਸ਼ਕਤੀ ਥੱਲੇ ਚਲ ਰਹੀ ਹੈ ਪਰ ਇਸਨੇ ਚਿੰਤਨ ਗੁਆ ਲਿਆ ਹੈ।

ਖੋਜ ਵਿਦਿਆਰਥਣ ਹਰਿੰਦਰ ਕੌਰ ਸੋਹਲ ਨੇ ਕਿਹਾ ਕਿ ਗਾਇਕੀ ਵਿਚ ਭਾਵੇਂ ਲੱਚਰਤਾ ਪਹਿਲਾਂ ਵੀ ਸੀ ਪਰ ਫਿਲਮਾਂਕਣ ਕਰਕੇ ਇਹ ਹੋਰ ਵੀ ਉਭਰ ਕੇ ਸਾਹਮਣੇ ਆਈ ਹੈ। ਡਾ. ਗੁਰਮੀਤ ਸਿੰਘ ਨੇ ਕਿਹਾ ਕਿ ਮੰਡੀ ਬੰਦੇ ਤੋਂ ਉਸ ਦੀ ਮਰਜ਼ੀ ਖੋਹ ਲੈਂਦੀ ਹੈ। ਡਾ. ਜੋਗਿੰਦਰ ਸਿੰਘ ਕੈਰੋਂ, ਡਾ. ਜਸਵਿੰਦਰ ਕੌਰ ਢਿੱਲੋਂ ਅਤੇ ਗਿਆਨੀ ਕੁਲਵੰਤ ਸਿੰਘ ਔਲਖ ਨੇ ਵੀ ਚਰਚਾ ਵਿਚ ਹਿੱਸਾ ਲਿਆ।

ਡਾ. ਧਰਮ ਸਿੰਘ ਨੇ ਆਪਣੀ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਪੰਜਾਬੀ ਗਾਇਕੀ ਦਾ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਕੋਈ ਵੀ ਲਾਭ ਨਹੀਂ ਹੋ ਰਿਹਾ ਸਗੋਂ ਇਹ ਨੁਕਸਾਨ ਹੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਗਾਇਕੀ ਦੀ ਸੂਹਜ ਨਹੀਂ ਸਗੋਂ ਇਹ ਮੂਲ ਕਦਰਾਂ ਕੀਮਤਾਂ ਨੂੰ ਸੱਟ ਮਾਰ ਰਹੀ ਹੈ, ਹਿੰਸਾ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਇਸਨੇ ਕਿੱਤਾ ਸਭਿਆਚਾਰ ਨੂੰ ਢਾਹ ਲਾਈ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE


Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



M&J ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ
ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ




BRIDGESTONE MICHELIN Firestone YOKOHAMA GOODYEAR BFGoodrich
MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh Cell: 209-450-8981
Off : 209-456-0182

# ਖੰਨਾ, ਅਸ਼ਵਨੀ, ਢੀਂਡਸਾ ਤੇ ਗਿੱਲ ਰਾਜ ਸਭਾ ਲਈ ਚੁਣੇ

**ਚੰਡੀਗੜ੍ਹ :** ਪੰਜਾਬ ਦੇ ਹਿੱਸੇ ਦੀਆਂ ਰਾਜ ਸਭਾ 'ਚ ਕੁਲ 7 ਸੀਟਾਂ 'ਚੋਂ 9 ਅਪ੍ਰੈਲ ਨੂੰ ਖ਼ਾਲੀ ਹੋ ਰਹੀਆਂ 5 ਸੀਟਾਂ 'ਤੇ ਭਾਜਪਾ ਦੇ ਅਵਿਨਾਸ਼ ਰਾਏ ਖੰਨਾ, ਕਾਂਗਰਸ ਦੇ ਮਨੋਹਰ ਸਿੰਘ ਗਿੱਲ ਅਤੇ ਅਸ਼ਵਨੀ ਕੁਮਾਰ ਸਮੇਤ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ ਅਤੇ ਨਰੇਸ਼ ਗੁਜਰਾਲ ਨੂੰ ਅਗਲੇ 6 ਸਾਲਾਂ ਵਾਸਤੇ ਰਾਜ ਸਭਾ ਮੈਂਬਰ ਐਲਾਨਿਆ ਗਿਆ ਹੈ। ਚੋਣ ਪ੍ਰਬੰਧਾਂ ਦੇ ਰਿਟਰਨਿੰਗ ਅਫ਼ਸਰ ਅਤੇ ਪੰਜਾਬ ਵਿਧਾਨ ਸਭਾ ਦੇ ਸਕੱਤਰ ਵੇਦ ਪ੍ਰਕਾਸ਼ ਨੇ ਦਸਿਆ ਕਿ 16 ਤਰੀਕ ਨੂੰ ਭਰੇ ਗਏ ਨਾਮਜ਼ਦਗੀ ਕਾਗ਼ਜ਼ਾਂ ਵਿਚ ਕੋਈ ਕਮੀ ਨਹੀਂ ਪਾਈ ਗਈ। ਪੰਜ ਉਮੀਦਵਾਰਾਂ 'ਚੋਂ ਕਿਸੇ ਨੇ ਵੀ ਕਾਗ਼ਜ਼ ਵਾਪਸ ਨਹੀਂ ਲਏ ਜਿਸ ਕਰ ਕੇ ਲੰਘੀ 19 ਮਾਰਚ ਨੂੰ 3 ਵਜੇ ਤੋਂ ਬਾਅਦ ਚੋਣ ਨਤੀਜਿਆਂ ਦਾ ਬਕਾਇਦਾ ਐਲਾਨ ਕਰ ਦਿਤਾ ਗਿਆ। ਸ੍ਰੀ ਵੇਦ ਪ੍ਰਕਾਸ਼ ਨੇ ਦਸਿਆ ਕਿ ਜੇ ਉਮੀਦਵਾਰ ਵਾਧੂ ਹੁੰਦੇ ਤਾਂ ਹੀ ਵਿਧਾਇਕਾਂ ਨੇ ਅਪਣੀ ਵੋਟ ਦੀ ਵਰਤੋਂ ਕਰਨੀ ਸੀ ਪਰ ਹੁਣ ਇਸ ਦੀ ਕੋਈ ਲੋੜ ਨਹੀਂ।








ਰਿਟਰਨਿੰਗ ਅਫਸਰ ਵਲੋਂ ਬੀਤੀ 19 ਮਾਰਚ ਨੂੰ ਚੋਣ ਸਰਟੀਫ਼ਿਕੇਟ ਜਾਰੀ ਕਰ ਦਿਤੇ ਗਏ, ਜਿਨ੍ਹਾਂ ਦੇ ਆਧਾਰ 'ਤੇ 5 ਆਗੂ 9 ਅਪ੍ਰੈਲ ਨੂੰ ਰਾਜ ਸਭਾ ਮੈਂਬਰ ਦੀ ਸਹੁੰ ਚੁੱਕਣਗੇ। ਇਹ ਵੀ ਦਸਣਾ ਬਣਦਾ ਹੈ ਕਿ 10 ਜੁਲਾਈ ਨੂੰ ਹੋਰ ਦੋ ਸੀਟਾਂ ਖ਼ਾਲੀ ਹੋਣ ਵਾਲੀਆਂ ਹਨ ਜਿਨ੍ਹਾਂ ਵਾਸਤੇ ਕਾਂਗਰਸ ਅਤੇ ਅਕਾਲੀ ਦਲ ਦੇ ਇਕ-ਇਕ ਲੀਡਰ ਦੇ ਸਫ਼ਲ ਹੋਣ ਦੀ ਪੱਕੀ ਉਮੀਦ ਹੈ। ਅਪਣੀ ਚੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਸ਼ਵਨੀ ਕੁਮਾਰ, ਅਵਿਨਾਸ਼ ਖੰਨਾ, ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਪਾਰਟੀ ਸਫ਼ਾਂ ਤੋਂ ਉਪਰ ਉਠ ਕੇ ਪੰਜਾਬ ਦੇ ਲੋਕਾਂ ਦੇ ਮਸਲਿਆਂ ਖ਼ਾਤਰ ਇਕ ਜੁੱਟ ਹੋ ਕੇ ਕੇਂਦਰ ਤੋਂ ਬਣਦੇ ਵਿੱਤੀ ਪੈਕੇਜ ਲੈਣ ਦੀ ਕੋਸ਼ਿਸ਼ ਕਰਦੇ ਰਹਿਣਗੇ। ਅਸ਼ਵਨੀ ਕੁਮਾਰ ਨੇ ਇਹ ਵੀ ਕਿਹਾ ਕਿ ਪੰਜਾਬ ਵਿਧਾਨ ਸਭਾ ਵਿਚ ਉਠੇ ਨੁਕਤੇ ਕਿ ਦੋਹਾਂ ਧਿਰਾਂ ਵਿਚ ਕੁੜੱਤਣ ਖ਼ਤਮ ਹੋਣੀ ਚਾਹੀਦੀ ਹੈ, ਬਾਰੇ ਹੋਰ ਸੰਜੀਦਗੀ ਅਤੇ ਹਮਦਰਦੀ ਨਾਲ ਵਿਚਾਰ ਹੋਣੀ ਚਾਹੀਦੀ ਹੈ ਤਾਂ ਕਿ ਕੀਮਤੀ ਸਮਾਂ ਤੇ ਧਨ ਬਰਬਾਦ ਨਾ ਹੋਵੇ। ਅਸ਼ਵਨੀ ਕੁਮਾਰ ਦਾ ਵਿਚਾਰ ਸੀ ਕਿ ਆਮ ਆਦਮੀ ਦਾ ਧਿਆਨ ਰਖਣਾ ਵੀ ਜ਼ਰੂਰੀ ਹੈ।

**ਜਾਵੇਦ ਅਖਤਰ ਤੇ ਅਈਅਰ ਰਾਜ ਸਭਾ ਲਈ ਨਾਮਜ਼ਦ:** ਉੱਘੇ ਗੀਤਕਾਰ ਜਾਵੇਦ ਅਖਤਰ ਅਤੇ ਸਾਬਕਾ ਕੇਂਦਰੀ ਮੰਤਰੀ ਮਣੀਸ਼ੰਕਰ ਅਈਅਰ ਉਨ੍ਹਾਂ ਪੰਜ ਵਿਅਕਤੀਆਂ ਵਿਚ ਸ਼ਾਮਿਲ ਹਨ, ਜਿਨ੍ਹਾਂ ਨੂੰ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਬੀਤੇ ਸ਼ੁੱਕਰਵਾਰ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਸੰਸਦ ਦੇ ਉਪਰਲੇ ਸਦਨ ਲਈ ਨਾਮਜ਼ਦ ਕੀਤੇ ਗਏ ਤਿੰਨ ਹੋਰਨਾਂ 'ਚ ਰਾਮ ਦਿਆਲ ਮੁੰਡਾ, ਭਲਚੰਦਰ ਮੁੰਗੇਕਰ ਅਤੇ ਬੀ ਜਿਆਸ੍ਰੀ ਸ਼ਾਮਲ ਹਨ। ਇਹ ਜਾਣਕਾਰੀ ਇਕ ਅਧਿਕਾਰਤ ਬਿਆਨ ਵਿਚ ਦਿੱਤੀ ਗਈ ਹੈ। ਇਹ ਨਾਮਜ਼ਦਗੀਆਂ ਨਾਮਜ਼ਦ ਮੈਂਬਰਾਂ ਦੇ ਸੇਵਾਮੁਕਤ ਹੋਣ ਤੋਂ ਬਾਅਦ ਖਾਲੀ ਹੋਈਆਂ ਸੀਟਾਂ 'ਤੇ ਕੀਤੀਆਂ ਗਈਆਂ ਹਨ।

## ਹਾਈਕੋਰਟ ਵਲੋਂ ਭੂੰਦੜ ਨੂੰ ਲੱਖ ਇਕ ਜੁਰਮਾਨਾ

**ਚੰਡੀਗੜ੍ਹ :** ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸ. ਬਲਵਿੰਦਰ ਸਿੰਘ ਭੂੰਦੜ ਨੂੰ ਇਕ ਵਾਰ ਫੇਰ ਕਾਂਗਰਸੀ ਵਿਧਾਇਕ ਜੀਤਇੰਦਰ ਸਿੰਘ ਮੋਫਰ ਤੋਂ ਹਾਰ ਦਾ ਮੂੰਹ ਦੇਖਣਾ ਪਿਆ। ਇਸ ਵਾਰ ਕਾਨੂੰਨੀ ਲੜਾਈ 'ਚ ਹੋਈ ਹਾਰ ਦੇ ਨਾਲ ਹਾਈਕੋਰਟ ਦੀ ਨਾਰਾਜ਼ਗੀ ਵੀ ਝੱਲਣੀ ਪਈ ਅਤੇ ਨਾਰਾਜ਼ਗੀ ਦੇ ਖਮਿਆਜ਼ੇ ਵਜੋਂ ਇਕ ਲੱਖ ਦਾ ਭਾਰੀ ਜੁਰਮਾਨਾ ਭਰਨ ਦੇ ਹੁਕਮ ਹਾਈਕੋਰਟ ਨੇ ਜਾਰੀ ਕਰ ਦਿੱਤੇ ਹਨ।



ਸਾਲ 2007 'ਚ ਪੰਜਾਬ ਵਿਧਾਨ ਸਭਾ ਲਈ ਹੋਈਆਂ ਚੋਣਾਂ ਦੇ ਖਿਲਾਫ਼ ਸ. ਭੂੰਦੜ ਨੇ ਚੋਣ ਪਟੀਸ਼ਨ ਉਚ ਅਦਾਲਤ ਪਾਸ ਦਾਇਰ ਕੀਤੀ ਸੀ। ਪਟੀਸ਼ਨਰ ਨੇ ਕਾਂਗਰਸੀ ਵਿਧਾਇਕ 'ਤੇ ਚੋਣਾਂ ਦੌਰਾਨ ਭ੍ਰਿਸ਼ਟ ਸਾਧਨਾਂ ਅਤੇ ਡੇਰਾ ਸੌਦਾ ਨਾਲ ਅੰਦਰੂਨੀ ਗਠਜੋੜ ਦੇ ਗੰਭੀਰ ਦੋਸ਼ ਲਾਏ ਸਨ। ਪਟੀਸ਼ਨਰ ਮੁਤਾਬਕ ਚੋਣਾਂ ਦੌਰਾਨ ਜੇਤੂ ਉਮੀਦਵਾਰ ਨੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਖਰਚ ਨਹੀਂ ਕੀਤਾ ਬਲਕਿ ਖਰਚ ਦੇ ਸਹੀ ਖਾਤੇ ਹੀ ਨਹੀਂ ਬਣਾਏ। ਇਸ ਦੇ ਨਾਲ ਹੀ ਡੇਰਾ ਸਿਰਸਾ ਦੇ ਸਿਆਸੀ ਵਿੰਗ ਤੋਂ ਅੰਦਰੂਨੀ ਸਹਾਇਤਾ ਲੈ ਕੇ ਜਿੱਤ ਹਾਸਲ ਕੀਤੀ ਹੈ। ਇਨ੍ਹਾਂ ਦਲੀਲਾਂ ਤੋਂ ਸਖ਼ਤ ਨਾਰਾਜ਼ ਉਚ ਅਦਾਲਤ ਨੇ ਚੋਣ ਪਟੀਸ਼ਨ ਖਾਰਜ ਕਰਨ ਦੇ ਹੁਕਮਾਂ ਦੇ ਨਾਲ-ਨਾਲ ਪਟੀਸ਼ਨਰ ਨੂੰ ਅਦਾਲਤੀ ਸਮਾਂ ਖਰਾਬ ਕਰਨ ਲਈ ਜੁਰਮਾਨਾ ਠੋਕਣ ਦੇ ਹੁਕਮ ਦਿੱਤੇ। ਇਥੇ ਹੀ ਬਸ ਨਹੀਂ , ਉਚ ਅਦਾਲਤ ਨੇ ਜੁਰਮਾਨੇ ਦੀ ਰਕਮ ਭਰਨ ਨੂੰ ਨਿਸ਼ਚਿਤ ਕਰਨ ਦੇ ਲਿਹਾਜ਼ ਨਾਲ ਮਾਨਸਾ ਦੇ ਮੁੱਖ ਜੁਡੀਸ਼ੀਅਲ ਮੈਜਿਸਟਰੇਟ ਨੂੰ ਹਦਾਇਤ ਕੀਤੀ ਹੈ ਕਿ ਇਹ ਰਕਮ ਮਹੀਨੇ ਦੇ ਅੰਦਰ-ਅੰਦਰ ਵਸੂਲ ਕੀਤੀ ਜਾਵੇ ਅਤੇ ਰਿਪੋਰਟ ਹਾਈਕੋਰਟ ਭੇਜੀ ਜਾਵੇ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਨਵੰਬਰ ਤੋਂ ਪਹਿਲਾਂ ਨਹੀਂ

**ਚੰਡੀਗੜ੍ਹ :** ਪੰਜਾਬ ਸਰਕਾਰ ਦੀ ਸੁਸਤੀ, ਤਹਿਸੀਲਾਂ ਤੇ ਸਬ ਤਹਿਸੀਲਾਂ ਵਿਚ ਵੋਟਰ ਫ਼ਾਰਮਾਂ ਨੂੰ ਸੰਭਾਲਣ ਲਈ ਸਟਾਫ਼ ਨਾ ਦੇਣਾ ਸ਼ਾਇਦ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਘੱਟੋ-ਘੱਟ 6 ਮਹੀਨੇ ਲਈ ਅੱਗੇ ਪਾ ਦੇਵੇਗਾ। ਗੁਰਦਵਾਰਾ ਚੋਣ ਕਮਿਸ਼ਨ ਦੇ ਸੂਤਰਾਂ ਨੇ ਦਸਿਆ ਕਿ ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਚੋਣ ਇੰਚਾਰਜਾਂ ਤੋਂ ਤਾਂ ਕਿਸੇ ਮੁਸ਼ਕਲ ਦਾ ਇਸ਼ਾਰਾ ਨਹੀਂ ਮਿਲਿਆ ਪਰ ਪੰਜਾਬ ਦੇ 20 ਜ਼ਿਲਿਆਂ ਦੇ ਸਿੱਖ ਵੋਟਰਾਂ ਨੂੰ ਫ਼ਾਰਮ ਵੰਡਣ, ਉਨ੍ਹਾਂ ਨੂੰ ਭਰਵਾ ਕੇ ਫ਼ਾਈਲਾਂ ਵਿਚ ਰੱਖਣ ਅਤੇ ਵੋਟਾਂ ਦਾ ਕੰਮ ਨੇਪਰੇ ਚਾੜ੍ਹਨ ਵਾਸਤੇ ਵਾਧੂ ਸਟਾਫ਼ ਨਾ ਹੋਣ ਕਰ ਕੇ ਚੋਣ ਅਧਿਕਾਰੀਆਂ ਨੇ ਕਿੰਤੂ ਪ੍ਰੰਤੂ ਜ਼ਰੂਰ ਕੀਤਾ ਹੈ।

ਗੁਰਦਵਾਰਾ ਐਕਟ ਮੁਤਾਬਕ ਵੋਟਾਂ ਬਣਾਉਣ ਦਾ ਸਿਲਸਿਲਾ ਸਾਰਾ ਸਾਲ ਨਹੀਂ ਚਲਦਾ ਬਲਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮਿਆਦ ਪੂਰੀ ਹੋਣ 'ਤੇ ਹੀ ਫ਼ਾਰਮ ਛਪਵਾਉਣ ਅਤੇ ਵੋਟਾਂ ਦਾ ਕੰਮ ਸ਼ੁਰੂ ਹੁੰਦਾ ਹੈ। ਇਸ 'ਤੇ ਘਟੋ-ਘੱਟ 10 ਤੋਂ 12 ਮਹੀਨੇ ਲੱਗ ਜਾਂਦੇ ਹਨ। ਐਤਕੀ ਪੰਜਾਬ ਸਰਕਾਰ ਵਲੋਂ ਸਟਾਫ਼ ਤੈਨਾਤ ਕਰਨ 'ਚ ਟਾਲ-ਮਟੋਲ ਕਰਨ ਕਰ ਕੇ ਫ਼ਾਰਮ ਭਰਨ ਅਤੇ ਤਸਦੀਕ ਕਰਨ ਲਈ ਛੇ ਮਹੀਨੇ ਹੋਰ ਲੱਗਣਗੇ। ਗੁਰਦਵਾਰਾ ਚੋਣ ਕਮਿਸ਼ਨ ਨੇ ਪਿਛਲੇ ਸਾਲ ਜੂਨ ਵਿਚ ਸਬੰਧਤ ਰਾਜਾਂ ਦੇ ਚੋਣ ਅਧਿਕਾਰੀਆਂ ਦੀ ਮੀਟਿੰਗ ਕੀਤੀ ਸੀ ਜਦਕਿ ਚੀਫ਼ ਕਮਿਸ਼ਨਰ ਜਸਟਿਸ ਸ. ਹਰਫੂਲ ਸਿੰਘ ਬਰਾੜ ਦੇ ਆਉਣ ਮਗਰੋਂ ਦੂਜੀ ਮੀਟਿੰਗ ਫ਼ਰਵਰੀ 'ਚ ਕੀਤੀ ਸੀ ਜਿਸ ਵਿਚ 70 ਲੱਖ ਵੋਟਰ ਫ਼ਾਰਮ ਪੰਜਾਬ 'ਚ ਵੰਡਣ ਅਤੇ 10 ਕੁ ਲੱਖ ਬਾਕੀ 3 ਰਾਜਾਂ ਵਿਚ ਪਹੁੰਚਾਉਣ ਬਾਰੇ ਚਰਚਾ ਹੋਈ ਸੀ।

ਗੁਰਦਵਾਰਾ ਚੋਣ ਕਮਿਸ਼ਨ ਅਨੁਸਾਰ 5 ਸ਼ਰਤਾਂ ਵਾਲੇ ਵੋਟਰ ਫ਼ਾਰਮ ਬਾਰੇ ਕੋਈ ਰੌਲਾ ਨਹੀਂ ਹੈ ਕਿਉਂਕਿ ਤੈਅਸ਼ੁਦਾ ਢਾਂਚੇ ਅਨੁਸਾਰ ਸਫ਼ੇਦ ਕਾਗ਼ਜ਼ 'ਤੇ ਛਪਿਆ ਫ਼ਾਰਮ ਬਕਾਇਦਾ ਤਸਦੀਕ ਹੋਣ ਉਪਰੰਤ ਹੀ ਸਿੱਖ ਵੋਟਰ ਵਾਸਤੇ ਯੋਗ ਹੋਵੇਗਾ ਜਿਸ ਨਾਲ ਬਿਨੈਕਾਰ ਦੇ ਦਸਤਖ਼ਤ ਜਾਂ ਅੰਗੂਠੇ ਦਾ ਨਿਸ਼ਾਨ ਹੋਣਾ ਜ਼ਰੂਰੀ ਹੈ। ਬਿਨੈਕਾਰ ਦੀ ਉਮਰ 21 ਸਾਲ ਹੋਣ ਸਬੰਧੀ ਚੋਣ ਕਮਿਸ਼ਨ ਦੇ ਸੂਤਰ ਦਸਦੇ ਹਨ ਕਿ ਜੇ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਨੇ ਕੋਈ ਤਰਮੀਮ ਕਰਨੀ ਹੋਈ ਤਾਂ ਹੀ ਘਟੋ-ਘੱਟ ਉਮਰ 18 ਸਾਲ ਕੀਤੀ ਜਾਵੇਗੀ ਨਹੀਂ ਤਾਂ ਪਹਿਲਾਂ ਛਾਪੇ ਫ਼ਾਰਮਾਂ ਅਨੁਸਾਰ ਘਟੋ-ਘੱਟ 21 ਸਾਲ ਦੇ ਉਮਰ ਦੇ ਸਿੱਖਾਂ ਦੀਆਂ ਵੋਟਾਂ ਬਣਨਗੀਆਂ।

ਸਿੱਖ ਦੀ ਪਰਿਭਾਸ਼ਾ ਬਾਰੇ ਅਦਾਲਤੀ ਕੇਸਾਂ, ਰਿਟ ਪਟੀਸ਼ਨਾਂ ਜਾਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਇਸ ਬਾਰੇ ਵਿਵਾਦ ਖੜਾ ਕਰਨ ਨੂੰ ਬੇਲੋੜਾ ਦਸਦੇ ਹੋਏ ਗੁਰਦਵਾਰਾ ਕਮਿਸ਼ਨ ਦੇ ਸੂਤਰਾਂ ਨੇ ਸਪੱਸ਼ਟ ਕੀਤਾ ਕਿ 1959 ਦੇ ਨਿਯਮਾਂ ਅਨੁਸਾਰ ਕੇਸਧਾਰੀ ਸਿੱਖ ਵੋਟਰਾਂ ਲਈ ਫ਼ਾਰਮ ਨੰਬਰ 1 ਵਿਚ ਦਰਜ ਕੀਤੀਆਂ ਪੰਜ ਸ਼ਰਤਾਂ ਹੀ ਕਾਫ਼ੀ ਹਨ ਜਿਵੇਂ ਕੇਸਧਾਰੀ ਸਿੱਖ ਹਾਂ, ਕੇਸ ਨਹੀਂ ਕਟਦਾ, ਸ਼ੇਵ ਨਹੀਂ ਕਰਦਾ, ਤੰਬਾਕੂ ਦਾ ਸੇਵਨ ਨਹੀਂ ਕਰਦਾ, ਸ਼ਰਾਬ ਨਹੀਂ ਪੀਂਦਾ ਅਤੇ ਕੁੱਠਾ ਹਲਾਲ ਮੀਟ ਨਹੀਂ ਖਾਂਦਾ। ਗੁਰੂ ਗ੍ਰੰਥ ਸਾਹਿਬ ਜਾਂ ਪੰਜ ਪੌੜੀਆਂ ਦਾ ਪਾਠ, ਸਿਰਫ਼ 10 ਗੁਰੂ ਸਾਹਿਬਾਨ ਨੂੰ ਮੰਨਣ ਜਾਂ ਹੋਰ ਕਿਸੇ ਧਰਮ 'ਚ ਵਿਸ਼ਵਾਸ ਨਾ ਰੱਖਣ ਸਬੰਧੀ ਚਲ ਰਹੀ ਚਰਚਾ ਬਾਰੇ ਗੁਰਦਵਾਰਾ ਚੋਣ ਕਮਿਸ਼ਨ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਨੁਕਤਿਆਂ ਨੂੰ ਉਦੋਂ ਛੇੜਿਆ ਜਾਂਦਾ ਹੈ ਜਦੋਂ ਕਿਸੇ ਸਿੱਖ ਵੋਟਰ ਵਿਰੁਧ ਅਦਾਲਤ ਵਿਚ ਜਾਂ ਚੋਣ ਕਮਿਸ਼ਨ ਵਿਚ ਪਟੀਸ਼ਨ ਪਾਈ ਜਾਵੇ। ਜਿਸ ਦੇ ਜਵਾਬ 'ਚ ਉਪਰ ਲਿਖੇ ਨੁਕਤਿਆਂ ਸਬੰਧੀ ਉਸ ਪ੍ਰਭਾਵਤ ਵੋਟਰ ਵਲੋਂ ਹਲਫ਼ੀਆ ਬਿਆਨ ਦੇਣਾ ਬਣਦਾ ਹੈ।


ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ 170 ਮੈਂਬਰ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਤੋਂ ਚੁਣੇ ਜਾਂਦੇ ਹਨ ਜਿਨ੍ਹਾਂ ਵਿਚ ਪੰਜਾਬ ਦੀਆਂ 110 ਸੀਟਾਂ ਤੋਂ 157, ਹਰਿਆਣਾ ਦੀਆਂ 8 ਸੀਟਾਂ ਤੋਂ 11 ਅਤੇ ਹਿਮਾਚਲ, ਚੰਡੀਗੜ੍ਹ ਤੋਂ 1-1 ਮੈਂਬਰ ਚੁਣਿਆ ਜਾਂਦਾ ਹੈ। ਪੰਜਾਬ ਦੀਆਂ 47 ਸੀਟਾਂ ਅਤੇ ਹਰਿਆਣਾ ਦੀਆਂ ਤਿੰਨ ਸੀਟਾਂ ਤੋਂ 2-2 ਮੈਂਬਰ ਚੁਣੇ ਜਾਂਦੇ ਹਨ। ਇਨ੍ਹਾਂ 50 ਡਬਲ ਮੈਂਬਰਸ਼ਿਪ ਸੀਟਾਂ 'ਚ 30 ਬੀਬੀਆਂ ਅਤੇ 20 ਅਨੁਸੂਚਿਤ ਜਾਤੀ ਦੇ ਉਮੀਦਵਾਰ ਆਉਂਦੇ ਹਨ।

# ਕੁੜੀਆਂ ਵੀ ਹੁੰਦੀਆਂ ਹਨ ਦੇਸੀ ਲਾੜਿਆਂ ਦੀ ਠੱਗੀ ਦਾ ਸ਼ਿਕਾਰ

**ਸਟਾਕਟਨ (ਪੰਜਾਬ ਟਾਈਮਜ਼ ਬਿਊਰੋ):** ਵਿਦੇਸ਼ੀ ਲਾੜਿਆਂ ਵਲੋਂ ਦੇਸੀ ਲਾੜੀਆਂ ਨਾਲ ਠੱਗੀ ਦੀਆਂ ਬਥੇਰੀਆਂ ਕਹਾਣੀਆਂ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ ਪਰ ਅਜਿਹੀਆਂ ਕਹਾਣੀਆਂ ਦੀ ਵੀ ਕੋਈ ਕਮੀ ਨਹੀਂ ਜਦੋਂ ਕੋਈ ਦੇਸੀ ਲਾੜਾ ਅਮਰੀਕਾ-ਕੈਨੇਡਾ ਪਹੁੰਚ ਕੇ ਗਰੀਨ ਕਾਰਡ ਮਿਲਦਿਆਂ ਹੀ ਉਡਣ-ਛੂੰ ਹੋ ਜਾਂਦਾ ਹੈ। ਅਜਿਹੀ ਹੀ ਇਕ ਵਾਰਤਾ ਮਾਡੈਸਟੋ ਰਹਿੰਦੀ ਮਨਦੀਪ ਕੌਰ ਧਾਮੀ ਦੀ ਹੈ ਜਿਸ ਦਾ ਲਾੜਾ ਗਰੀਨ ਕਾਰਡ ਮਿਲਣ ਦੇ ਤਿੰਨ ਮਹੀਨੇ ਦੇ ਅੰਦਰ ਅੰਦਰ ਹੀ ਘਰੋਂ ਬਹਾਨਾ ਲਾ ਕੇ ਲਾਸ ਏਂਜਲਸ ਚਲਾ ਗਿਆ ਅਤੇ ਉਥੋਂ ਮੁੜ ਕਦੇ ਨਾ ਮੁੜਿਆ। ਹੁਣ ਉਸ ਵਲੋਂ ਕਈ ਤਰ੍ਹਾਂ ਦੀਆਂ ਕਹਾਣੀਆਂ ਬਣਾਈਆਂ ਜਾ ਰਹੀਆਂ ਹਨ।

ਲੜਕੀ ਦੇ ਪਿਤਾ ਮਾਡੈਸਟੋ ਵਾਸੀ ਗੁਲਜਿੰਦਰ ਸਿੰਘ ਧਾਮੀ ਨੇ ਪੰਜਾਬ ਟਾਈਮਜ਼ ਨੂੰ ਇਹ ਸਾਰੀ ਵਾਰਤਾ ਜਜ਼ਬਾਤੀ ਹੁੰਦਿਆਂ ਦੱਸਦਿਆਂ ਕਿਹਾ ਕਿ ਉਸ ਦੀ ਲੜਕੀ ਮਨਦੀਪ ਕੌਰ ਦਾ ਵਿਆਹ 25 ਸਤੰਬਰ 2005 ਨੂੰ ਜ਼ਿਲਾ ਜਲੰਧਰ ਦੇ ਪਿੰਡ ਨੌਲੀ ਦੇ ਵਾਸੀ ਪਰਮਜੀਤ ਸਿੰਘ ਦੇ ਪੁੱਤਰ ਅਤੇ ਸੰਤ ਈਸ਼ਰ ਸਿੰਘ ਨੌਲੀ ਦੇ ਪੋਤੇ ਗੁਰਪ੍ਰੀਤ ਸਿੰਘ ਨਾਲ ਹੋਇਆ। ਸ੍ਰੀ ਧਾਮੀ ਅਨੁਸਾਰ ਆਪਣੀ ਲੜਕੀ ਨੂੰ ਦਾਜ ਦੇਣ ਦੀ ਥਾਂ 'ਤੇ ਉਨ੍ਹਾਂ ਉਸ ਸਮੇਂ ਵਾਅਦਾ ਕੀਤਾ ਕਿ ਲੜਕੇ ਦੇ ਅਮਰੀਕਾ ਪਹੁੰਚਣ 'ਤੇ ਉਹ ਕੋਈ ਛੋਟਾ-ਮੋਟਾ ਕਾਰੋਬਾਰ ਖੋਲ੍ਹਣ ਲਈ ਮਾਲੀ ਮਦਦ ਕਰ ਦੇਣਗੇ। ਸੋ, ਲੜਕੇ ਦੇ ਅਮਰੀਕਾ ਪਹੁੰਚਣ 'ਤੇ ਉਨ੍ਹਾਂ ਕੋਈ 35 ਹਜ਼ਾਰ ਡਾਲਰ ਦੇ ਵੀ ਦਿੱਤਾ।

ਮਨਦੀਪ ਕੌਰ ਨੇ ਆਪਣੇ ਪਤੀ ਲਈ ਪਟੀਸ਼ਨ ਕੀਤੀ ਅਤੇ 22 ਜੂਨ 2009 ਨੂੰ ਉਹ ਅਮਰੀਕਾ ਪਹੁੰਚ ਕੇ ਕਾਨੂੰਨੀ ਵਾਸੀ ਬਣ ਗਿਆ। ਲੜਕੀ ਦੇ ਪਿਤਾ ਸ੍ਰੀ ਧਾਮੀ ਨੇ ਦੱਸਿਆ ਕਿ ਇਥੇ ਪਹੁੰਚਣ 'ਤੇ ਉਹ ਕੁਝ ਸਮਾਂ ਸਾਡੇ ਨਾਲ ਹੀ ਰਿਹਾ ਅਤੇ ਜਿਉਂ ਹੀ ਉਹਦਾ ਗਰੀਨ ਕਾਰਡ ਆਇਆ ਉਸ ਪੁਛਿਆ ਕਿ ਕੀ ਉਹ ਆਪਣੇ ਕੁਝ ਰਿਸ਼ਤੇਦਾਰਾਂ ਨੂੰ ਮਿਲਣ ਕੈਨੇਡਾ ਜਾ ਸਕਦਾ ਹੈ। ਅਸੀਂ ਬਿਨਾ ਕੋਈ ਸ਼ੱਕ ਕੀਤਿਆਂ ਉਸ ਦੀ ਹਾਂ ਵਿਚ ਹਾਂ ਮਿਲਾਈ। ਫਿਰ ਉਸ ਨੇ ਡਰਾਈਵਿੰਗ ਲਾਇਸੈਂਸ ਬਣਾਉਣ ਲਈ ਲਾਸ ਏਂਜਲਸ ਜਾਣ ਬਾਰੇ ਆਖਿਆ ਜੋ ਕਿ ਮਾਡੈਸਟੋ ਤੋਂ ਤਿੰਨ-ਚਾਰ ਘੰਟੇ ਦਾ ਰਾਸਤਾ ਹੈ। ਉਸ ਨੇ ਦੱਸਿਆ ਕਿ ਉਹ ਲਾਸ ਏਂਜਲਸ ਵਿਚ ਆਪਣੇ ਰਿਸ਼ਤੇਦਾਰਾਂ ਕੋਲ ਰਹਿ ਜਾਵੇਗਾ ਅਤੇ ਡਰਾਈਵਿੰਗ ਲਾਇਸੈਂਸ ਮਿਲਣ 'ਤੇ ਵਾਪਸ ਆ ਜਾਵੇਗਾ। 29 ਸਤੰਬਰ 2009 ਨੂੰ ਉਹ ਲਾਸ ਏਂਜਲਸ ਚਲਾ ਗਿਆ। ਉਸ ਪਿਛੋਂ ਅਸੀਂ ਉਸ ਨੂੰ ਹਰ ਹਫਤੇ ਫੋਨ ਕਰਦੇ ਰਹੇ ਪਰ ਉਹ ਕੋਈ ਨਾ ਕੋਈ ਬਹਾਨਾ ਕਰਕੇ ਉਥੇ ਹੀ ਰੁਕਿਆ ਰਿਹਾ। ਫਿਰ ਦਸੰਬਰ ਦੇ ਸ਼ੁਰੂ ਵਿਚ ਉਸ ਨੇ ਕਿਹਾ ਕਿ ਉਹ 13 ਦਸੰਬਰ ਨੂੰ ਮੁੜ ਆਏਗਾ ਪਰ ਜਦੋਂ ਉਸ ਨੂੰ 12 ਦਸੰਬਰ ਨੂੰ ਫੋਨ ਕੀਤਾ ਤਾਂ ਉਸ ਦਾ ਫੋਨ ਚੱਲ ਨਹੀਂ ਸੀ ਰਿਹਾ। ਅਸੀਂ ਉਸ ਵਲੋਂ ਦਿੱਤੇ ਗਏ ਹਰ ਫੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਨਹੀਂ ਮਿਲਿਆ। 13 ਦਸੰਬਰ ਆਈ ਤੇ ਚਲੀ ਗਈ। ਅਸੀਂ ਉਸ 7-11 ਸਟੋਰ ਉਤੇ ਵੀ ਫੋਨ ਕੀਤਾ ਜਿਥੇ ਕਿ ਉਹ ਕੁਝ ਸਮੇਂ ਲਈ ਲਾਸ ਏਂਜਲਸ ਵਿਚ ਕੰਮ ਕਰਦਾ ਰਿਹਾ, ਪਰ ਉਥੋਂ ਵੀ ਜਵਾਬ ਮਿਲਿਆ ਕਿ ਨਾ ਸਿਰਫ ਗੁਰਪ੍ਰੀਤ ਸਗੋਂ ਉਹ ਸਾਰਾ ਪਰਿਵਾਰ ਜਿਸ ਨਾਲ ਉਹ ਰਹਿੰਦਾ ਸੀ, ਟੈਕਸਸ ਚਲਾ ਗਿਆ ਹੈ।



*ਗੁਰਪ੍ਰੀਤ ਸਿੰਘ ਦਾ ਦਾਦਾ ਸੰਤ ਈਸ਼ਰ ਸਿੰਘ ਨੌਲੀ*

ਸ੍ਰੀ ਧਾਮੀ ਅਨੁਸਾਰ ਲੜਕੇ ਦਾ ਇੰਡੀਆ ਰਹਿੰਦਾ ਪਰਿਵਾਰ ਇਸ ਤਰ੍ਹਾਂ ਗੱਲ ਕਰਦਾ ਹੈ ਜਿਵੇਂ ਉਨ੍ਹਾਂ ਨੂੰ ਕੁਝ ਪਤਾ ਹੀ ਨਹੀਂ ਪਰ ਸਾਨੂੰ ਇਹੋ ਜਾਪਦਾ ਹੈ ਕਿ ਉਨ੍ਹਾਂ ਨੂੰ ਸਭ ਪਤਾ ਹੈ ਕਿ ਉਨ੍ਹਾਂ ਦਾ ਪੁੱਤਰ ਕਿਥੇ ਹੈ। ਸਾਨੂੰ ਜਾਹਰ ਹੋ ਗਿਆ ਹੈ ਕਿ ਅਸੀਂ ਇਮੀਗਰੇਸ਼ਨ ਫਰਾਡ ਦਾ ਸ਼ਿਕਾਰ ਹੋਏ ਹਾਂ। ਗੁਰਪ੍ਰੀਤ ਨੂੰ ਸਿਰਫ ਗਰੀਨ ਕਾਰਡ ਚਾਹੀਦਾ ਸੀ ਅਤੇ ਉਸ ਨੂੰ ਉਹ ਜਦੋਂ ਮਿਲਿਆ ਉਹ ਤੁਰਦਾ ਬਣਿਆ। ਉਧਰ ਲੜਕੀ ਵੱਡੇ ਜਜ਼ਬਾਤੀ ਸਦਮੇ 'ਚ ਹੈ ਅਤੇ ਉਸ ਨੂੰ ਯਕੀਨ ਹੀ ਨਹੀਂ ਹੋ ਰਿਹਾ ਕਿ ਉਸ ਨਾਲ ਫਰਾਡ ਹੋਇਆ ਹੈ।

## ਰਾਸ਼ਟਰਪਤੀ ਤੋਂ ਤਾਕਤਾਂ ਖੋਹਣ ਦੀ ਤਿਆਰੀ

**ਇਸਲਾਮਾਬਾਦ :** ਪਾਕਿਸਤਾਨ ਦੀਆਂ ਮੀਡੀਆ ਰਿਪੋਰਟਾਂ ਅਨੁਸਾਰ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ 'ਤੇ ਆਪਣੇ ਅਧਿਕਾਰ ਛੱਡਣ ਲਈ ਦਬਾਅ ਵਧਦਾ ਜਾ ਰਿਹਾ ਹੈ ਅਤੇ ਇੱਕ ਸੰਵਿਧਾਨਕ ਸੋਧ ਪੈਕੇਜ ਰਾਹੀਂ ਰਾਸ਼ਟਰਪਤੀ ਦੇ ਅਧਿਕਾਰਾਂ ਵਿਚ ਕਟੌਤੀ ਕੀਤੀ ਜਾਵੇਗੀ, ਜਿਨ੍ਹਾਂ ਵਿਚ ਐਮਰਜੈਂਸੀ ਲਾਉਣ ਅਤੇ ਜੱਜਾਂ ਦੀ ਨਿਯੁਕਤੀ ਬਾਰੇ ਅਧਿਕਾਰ ਸ਼ਾਮਲ ਹਨ। 'ਦਿ ਨਿਊਜ਼' ਦੀ ਰਿਪੋਰਟ ਅਨੁਸਾਰ ਇਸ ਮਹੀਨੇ ਸੰਸਦ ਵਿਚ ਪੇਸ਼ ਕੀਤੇ ਜਾਣ ਵਾਲੇ ਸੰਵਿਧਾਨਕ ਸੋਧ ਬਿਲ ਦੇ ਖਰੜੇ ਤੋਂ ਸੰਕੇਤ ਮਿਲਦਾ ਹੈ ਕਿ ਰਾਸ਼ਟਰਪਤੀ ਤੋਂ ਉਸਦੇ ਸਾਰੇ ਅਹਿਮ ਅਧਿਕਾਰ ਖੋਹ ਲਏ ਜਾਣਗੇ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਦੇ ਵਿਸ਼ੇਸ਼ ਅਧਿਕਾਰਾਂ ਵਿਚ ਐਮਰਜੈਂਸੀ ਲਾਉਣਾ, ਜੱਜਾਂ ਦੀ ਨਿਯੁਕਤੀ, ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ, ਨਿਗਰਾਨ ਸਰਕਾਰ ਦੀ ਨਿਯੁਕਤੀ ਅਤੇ ਸੰਘੀ ਸਰਕਾਰ ਦਾ ਗਠਨ ਸ਼ਾਮਲ ਹੈ।



ਰਿਪੋਰਟ ਵਿਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਤੋਂ ਦੋ ਹੋਰ ਅਹਿਮ ਅਧਿਕਾਰ ਵਾਪਸ ਲੈਣ ਬਾਰੇ ਵੀ ਸਰਗਰਮੀ ਨਾਲ ਵਿਚਾਰ-ਵਟਾਂਦਰਾ ਜਾਰੀ ਹੈ, ਜਿਨ੍ਹਾਂ ਵਿਚ ਤਿੰਨੇ ਫੌਜੀ ਸੇਵਾਵਾਂ ਦੇ ਮੁਖੀਆਂ ਦੀ ਨਿਯੁਕਤੀ ਅਤੇ ਸੰਵਿਧਾਨ ਦੇ ਆਰਟੀਕਲ 58 (2) (ਬੀ) ਤਹਿਤ ਸੰਸਦ ਨੂੰ ਭੰਗ ਕਰਨਾ ਸ਼ਾਮਲ ਹੈ। ਪਿਛਲੇ ਸਾਲ ਨਵੰਬਰ ਵਿਚ ਰਾਸ਼ਟਰਪਤੀ ਜ਼ਰਦਾਰੀ ਨੇ ਦੇਸ਼ ਦੇ ਪ੍ਰਮਾਣੂ ਹਥਿਆਰਾਂ ਦੀ ਕਮਾਂਡ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੂੰ ਸੌਂਪ ਦਿੱਤੀ ਸੀ ਅਤੇ ਉਸ ਵੇਲੇ ਤੋਂ ਹੀ ਆਪੋਜ਼ੀਸ਼ਨ ਵਲੋਂ ਉਨ੍ਹਾਂ ਉਤੇ ਹੋਰ ਅਧਿਕਾਰ ਛੱਡਣ ਲਈ ਦਬਾਅ ਪਾਇਆ ਜਾ ਰਿਹਾ ਸੀ। ਆਪੋਜ਼ੀਸ਼ਨ ਦੀ ਮੰਗ ਹੈ ਕਿ ਫੌਜ ਦੇ ਮੁਖੀ ਦੀ ਨਿਯੁਕਤੀ ਅਤੇ ਸੰਸਦ ਨੂੰ ਭੰਗ ਕਰਨ ਦਾ ਅਧਿਕਾਰ ਰਾਸ਼ਟਰਪਤੀ ਤੋਂ ਵਾਪਸ ਲਿਆ ਜਾਣਾ ਚਾਹੀਦਾ ਹੈ। ਸੰਸਦ ਵਿਚ ਪੇਸ਼ ਕੀਤੀ ਜਾਣ ਵਾਲੀ ਸੰਵਿਧਾਨ ਦੀ 232ਵੀਂ ਸੋਧ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਸੂਬਾਈ ਅਸੈਂਬਲੀਆਂ ਦੀ ਸਹਿਮਤੀ ਤੋਂ ਬਿਨਾਂ ਆਪਣੇ ਤੌਰ ਉਤੇ ਐਮਰਜੈਂਸੀ ਨਹੀਂ ਲਾਗੂ ਕਰ ਸਕਦਾ ਅਤੇ ਰਾਸ਼ਟਰਪਤੀ ਵਲੋਂ ਸੂਬਾਈ ਅਸੰਬਲੀ ਵਲੋਂ ਇਸ ਸੰਬੰਧੀ ਮਤਾ ਪਾਸ ਕੀਤੇ ਜਾਣ ਤੋਂ ਬਾਅਦ ਹੀ ਐਮਰਜੈਂਸੀ ਲਾਗੂ ਕਰਨ ਦਾ ਐਲਾਨ ਕੀਤਾ ਜਾਵੇਗਾ। ਇਸ 'ਚ ਅੱਗੇ ਕਿਹਾ ਗਿਆ ਹੈ ਕਿ ਜੇ ਰਾਸ਼ਟਰਪਤੀ ਐਮਰਜੈਂਸੀ ਬਾਰੇ ਆਪਣੇ ਤੌਰ ਉਤੇ ਫੈਸਲਾ ਕਰਦਾ ਹੈ ਤਾਂ ਮਾਮਲਾ ਸੰਸਦ ਦੇ ਦੋਹਾਂ ਹਾਊਸਾਂ ਵਿਚ ਪੇਸ਼ ਕਰਕੇ 10 ਦਿਨਾਂ ਅੰਦਰ ਐਮਰਜੈਂਸੀ ਦੀ ਪੁਸ਼ਟੀ ਕਰਾਉਣੀ ਲਾਜ਼ਮੀ ਹੋਵੇਗੀ।

ਸੋਧ ਅਨੁਸਾਰ ਸੰਸਦ ਨੂੰ ਰਾਸ਼ਟਰਪਤੀ ਵਲੋਂ ਕਿਸੇ ਜਾਂ ਸਾਰੇ ਜੱਜਾਂ ਦੀਆਂ ਨਿਯੁਕਤੀਆਂ ਨੂੰ ਦੋ-ਤਿਹਾਈ ਬਹੁਮਤ ਨਾਲ ਰੱਦ ਕਰਨ ਦਾ ਅਧਿਕਾਰ ਹੋਵੇਗਾ, ਬਸ਼ਰਤੇ ਕਿ ਇਹ ਮਾਮਲਾ ਚੀਫ ਜਸਟਿਸ ਦੀ ਅਗਵਾਈ ਵਾਲੇ ਪਾਕਿਸਤਾਨ ਦੇ ਜੁਡੀਸ਼ੀਅਲ ਕਮਿਸ਼ਨ ਵਲੋਂ ਸਰਕਾਰ ਕੋਲ ਭੇਜਿਆ ਗਿਆ ਹੋਵੇ। ਸੋਧ ਅਨੁਸਾਰ ਇਸ ਸੰਬੰਧੀ ਰਾਸ਼ਟਰਪਤੀ ਦੇ ਅਧਿਕਾਰ ਜੁਡੀਸ਼ੀਅਲ ਕਮਿਸ਼ਨ ਅਤੇ ਸੰਸਦ ਦੇ ਦੋਹਾਂ ਹਾਊਸਾਂ ਦੀਆਂ ਸੰਸਦੀ ਕਮੇਟੀਆਂ ਨੂੰ ਦੇ ਦਿੱਤੇ ਜਾਣਗੇ। ਰਿਪੋਰਟਾਂ ਅਨੁਸਾਰ ਸੰਵਿਧਾਨ ਦੀ ਧਾਰਾ 213 ਵਿਚ ਸੋਧ ਕਰਕੇ ਰਾਸ਼ਟਰਪਤੀ ਤੋਂ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਦਾ ਅਧਿਕਾਰ ਵਾਪਸ ਲਿਆ ਜਾਵੇਗਾ ਅਤੇ ਪ੍ਰਧਾਨ ਮੰਤਰੀ ਤੇ ਵਿਰੋਧੀ ਧਿਰ ਦੇ ਆਗੂ ਵਲੋਂ ਆਪਸੀ ਵਿਚਾਰ-ਵਟਾਂਦਰੇ ਰਾਹੀਂ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਦੀ ਚੋਣ ਕੀਤੀ ਜਾਵੇਗੀ।

# 'ਵਰਸਿਟੀ ਦੇ ਨਾਟਕ ਮੁਕਾਬਲਿਆਂ ਦੀ ਯਾਦ ਕਰਵਾ ਗਿਆ ਸੈਨ ਹੋਜ਼ੇ ਦਾ ਨਾਟਕ ਮੇਲਾ

**ਸੈਨ ਹੋਜ਼ੇ:** ਨੈਸ਼ਨਲ ਸਕੂਲ ਆਫ ਡਰਾਮਾ ਯੂ ਐਸ ਏ ਵਲੋਂ ਇਥੇ ਐਵਗਰੀਨ ਵੈਲੀ ਹਾਈ ਸਕੂਲ ਵਿਚ ਕਰਵਾਏ ਨਾਟਕ ਮੇਲੇ ਵਿਚ ਪਹੁੰਚੇ ਸੈਂਕੜੇ ਦਰਸ਼ਕਾਂ ਨੇ ਉਚ ਪਾਏ ਦੇ ਨਾਟਕਾਂ ਦਾ ਭਰਪੂਰ ਅਨੰਦ ਮਾਣਿਆ। ਅਮਰੀਕਾ ਵਿਚ ਨਾਟਕ ਕਲਾ ਦੀ ਖੁਲ੍ਹ ਕੇ ਜਾਣ ਪਛਾਣ ਕਰਵਾਉਣ ਵਾਲੀ ਇਸ ਸੰਸਥਾ ਵਲੋਂ ਇਹ ਦੂਸਰਾ ਵੱਡਾ ਉਪਰਾਲਾ ਸੀ। ਚਾਰ ਕੁ ਸਾਲ ਪਹਿਲਾਂ ਵੀ ਇਸੇ ਸੰਸਥਾ ਨੇ ਅਮਰੀਕਾ ਦੀ ਧਰਤੀ 'ਤੇ ਇਕ ਅਜਿਹਾ ਹੀ ਨਾਟਕ ਮੇਲਾ ਕਰਵਾਇਆ ਸੀ ਜਿਹੜਾ ਦਰਸ਼ਕਾਂ ਨੂੰ ਲੰਮੇ ਇੰਤਜ਼ਾਰ ਮਗਰੋਂ 13 ਮਾਰਚ ਨੂੰ ਮੁੜ ਵੇਖਣ ਨੂੰ ਮਿਲਿਆ।



ਸਭ ਤੋਂ ਪਹਿਲਾਂ ਰੰਗ-ਮੰਚ ਦੀ ਉਘੀ ਕਲਾਕਾਰਾ ਜਸਵਿੰਦਰ ਬਾਵਾ ਨੇ ਆਏ ਦਰਸ਼ਕਾਂ ਨੂੰ ਬਹੁਤ ਹੀ ਨਪੇ-ਤੁਲੇ ਲਫਜ਼ਾਂ ਨਾਲ ਜੀ ਆਇਆਂ ਆਖਿਆ। ਸਮਾਗਮ ਦੀ ਸ਼ੁਰੂਆਤ ਸੈਨ ਹੋਜ਼ੇ ਗੁਰੂ ਘਰ ਦੇ ਪੰਜਾਬੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਨਾਲ ਕੀਤੀ। ਉਪਰੰਤ ਅਜੈ ਭੰਗੜਾ ਅਕੈਡਮੀ ਦੇ ਬਾਲ ਕਲਾਕਾਰਾਂ ਨੇ ਲੋਕ ਨਾਚਾਂ ਦੀਆਂ ਖੂਬਸੂਰਤ ਵੰਨਗੀਆਂ ਪੇਸ਼ ਕਰਕੇ ਚੰਗਾ ਰੰਗ ਬੰਨਿਆ। ਫਿਰ ਸ਼ੁਰੂ ਹੋਇਆ ਨਾਟਕਾਂ ਦਾ ਦੌਰ। ਇਸ ਮੇਲੇ ਵਿਚ 3 ਨਾਟਕ ਤੇ ਇਕ ਸਕਿੱਟ ਖੇਡੀ ਗਈ। ਸ. ਗੁਰਸ਼ਰਨ ਸਿੰਘ ਦਾ ਲਿਖਿਆ ਤੇ ਨਿਰਦੇਸ਼ਤ ਕੀਤਾ ਅਤੇ ਸੈਂਕੜੇ ਵਾਰ ਸਟੇਜਾਂ ਤੋਂ ਖੇਡਿਆਂ ਗਿਆ ਨਾਟਕ 'ਟੋਆ' ਇੰਨੀ ਸੰਜੀਦਗੀ ਨਾਲ ਖੇਡਿਆ ਗਿਆ ਕਿ ਦਰਸ਼ਕਾਂ ਨੂੰ ਹਸਾ ਹਸਾ ਕੇ ਲੋਟ-ਪੋਟ ਕਰਨ ਦੇ ਨਾਲ ਨਾਲ ਭਾਰਤੀ ਸਮਾਜ ਅਤੇ ਸਿਸਟਮ ਉਤੇ ਡੂੰਘੇ ਪ੍ਰਸ਼ਨ ਖੜ੍ਹੇ ਕਰ ਗਿਆ। ਇਸ ਤੋਂ ਬਾਦ ਹਾਸਰਸ ਭਰਪੂਰ ਤੇ ਹਲਕੇ ਵਿਸ਼ੇ ਉਤੇ ਲਿਖੀ ਸਕਿੱਟ 'ਮੁੰਡਾ ਜਵਾਨ ਬਾਪੂ ਪ੍ਰੇਸ਼ਾਨ' ਵਿਚ ਵਿਜੇ ਤੇ ਪ੍ਰੀਤਇੰਦਰ ਪੋਪੀ ਨੇ ਵਧੀਆ ਅਦਾਕਾਰੀ ਕਰਕੇ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਦਰਸ਼ਨ ਸਿੰਘ ਕਹਿਲ ਅਤੇ ਹਰਦੀਪ ਕੌਰ ਨੇ ਵੀ ਕਮਾਲ ਦੀ ਅਦਾਕਾਰੀ ਕੀਤੀ।

ਸ. ਗੁਰਸ਼ਰਨ ਸਿੰਘ ਦਾ ਹੀ ਲਿਖਿਆ ਨਾਟਕ 'ਬਾਬਾ ਬੋਲਦਾ ਹੈ' ਰੰਗ ਮੰਚ ਨਾਲ ਜੁੜੇ ਇਨ੍ਹਾਂ ਮੰਝੇ ਹੋਏ ਕਲਾਕਾਰਾਂ ਦੀ ਅਦਾਕਾਰੀ ਦੀ ਮੂੰਹ ਬੋਲਦੀ ਤਸਵੀਰ ਸੀ। ਬਾਬੇ ਦੇ ਰੋਲ ਵਿਚ ਪਿਛਲੇ 30 ਸਾਲਾਂ ਤੋਂ ਰੰਗ-ਮੰਚ ਨਾਲ ਜੁੜਿਆ ਨਿਊ ਯਾਰਕ ਨਿਵਾਸੀ ਉਘਾ ਰੰਗ ਕਰਮੀ, ਲੇਖਕ ਤੇ ਗਾਇਕ ਕ੍ਰਾਂਤੀ ਇੰਨਾ ਪ੍ਰਭਾਵਸ਼ਾਲੀ ਰਿਹਾ ਕਿ ਦਰਸ਼ਕ ਅਸ਼ ਅਸ਼ ਕਰ ਉਠੇ। ਜ਼ਿਕਰਯੋਗ ਹੈ ਕਿ 1984 ਦੇ ਦਿੱਲੀ ਸਿੱਖ ਕਤਲੇਆਮ ਤੋਂ ਬਾਦ ਦੇ ਹਾਲਾਤ ਨੂੰ ਬਿਆਨ ਕਰਦਾ ਸ. ਗੁਰਸ਼ਰਨ ਸਿੰਘ ਦਾ ਲਿਖਿਆ ਇਹ ਨਾਟਕ ਕਾਫੀ ਚਰਚਾ ਦਾ ਵਿਸ਼ਾ ਰਿਹਾ ਹੈ। ਇਸ ਗਹਿਰ-ਗੰਭੀਰ ਨਾਟਕ ਨੂੰ ਪੇਸ਼ ਕਰਨਾ ਆਮ ਕਲਾਕਾਰਾਂ ਦੇ ਵੱਸ ਦੀ ਗੱਲ ਨਹੀਂ। ਰੌਸ਼ਨੀ ਤੇ ਆਵਾਜ਼ ਦੇ ਸੁਮੇਲ ਅਤੇ ਪਰਦੇ 'ਤੇ ਦਿਖਾਏ ਗਏ ਦ੍ਰਿਸ਼ਾਂ ਨੇ ਇਸ ਨਾਟਕ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ।

ਇਸ ਨਾਟਕ ਮੇਲੇ ਦੀ ਜਿੰਦ ਜਾਨ ਬਣਿਆ ਤੇ ਸਭ ਤੋਂ ਵੱਧ ਸਲਾਹਿਆ ਗਿਆ ਨਾਟਕ ਸੀ 'ਨਵਾਂ ਜਨਮ'। ਇਸ ਨਾਟਕ ਵਿਚਲੇ ਕਲਾਕਾਰਾਂ ਨੇ ਪਾਤਰਾਂ ਵਿਚ ਅਜਿਹੀ ਜਾਨ ਪਾਈ ਕਿ ਦਰਸ਼ਕ ਸਾਰਾ ਸਮਾਂ ਮਾਨੋ ਸਾਹ ਰੋਕ ਕੇ ਨਾਟਕ ਵੇਖਦੇ ਰਹੇ। ਕੋਈ ਉਚੀ ਸਾਹ ਲੈ ਰਿਹਾ ਵੀ ਮਹਿਸੂਸ ਨਹੀਂ ਸੀ ਹੁੰਦਾ। ਨਾਟਕ ਵਿਚਲੇ ਪਾਤਰ ਛਿੱਬੂ ਉਰਫ ਨਸੀਬ ਸਿੰਘ ਮਾਹਲਾ ਦੇ ਰੋਲ ਵਿਚ ਉਸਤਾਦਾਂ ਦੇ ਚੰਡੇ ਪ੍ਰਤਿਭਾਵਾਨ ਅਦਾਕਾਰ ਕ੍ਰਾਂਤੀ ਨੇ ਅਜਿਹੀ ਰੂਹ ਫੂਕੀ ਕਿ ਨਾਟਕ ਦਰਸ਼ਕਾਂ ਦੇ ਦਿਲਾਂ ਵਿਚ ਲਹਿ ਗਿਆ। ਛਿੱਬੂ ਦੇ ਪੁੱਤਰ ਦੇ ਰੋਲ ਵਿਚ ਜਾਤਪਾਤ ਤੇ ਵਰਣ ਪ੍ਰਥਾ ਦਾ ਵਿਰੋਧੀ ਤੇ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਬਿੱਲੂ ਉਰਫ ਸ. ਬਲਵਿੰਦਰ ਸਿੰਘ ਮਾਹਲਾ ਦੇ ਰੋਲ ਵਿਚ ਕਾਲਜਾਂ ਤੇ ਯੂਨੀਵਰਸਿਟੀ ਦੀਆਂ ਸਟੇਜਾਂ 'ਤੇ ਭਰਪੂਰ ਨਾਮਣਾ ਖੱਟ ਚੁਕੇ ਕਲਾਕਾਰ ਪੋਪੀ ਨੇ ਧੜੱਲੇਦਾਰ ਐਕਟਿੰਗ ਨਾਲ ਨਾਟਕ ਦੀ ਪੇਸ਼ਕਾਰੀ ਨੂੰ ਸਿਖਰ 'ਤੇ ਟਿਕਾਈ ਰੱਖਿਆ। ਪੰਡਤ ਦੇ ਰੋਲ ਵਿਚ ਵਿਜੇ ਦੀ ਅਦਾਕਾਰੀ ਉਹਦੇ ਹਰਫਨ ਮੌਲਾ ਕਲਾਕਾਰ ਹੋਣ ਦੀ ਗਵਾਹੀ ਭਰ ਰਹੀ ਸੀ। ਪ੍ਰੀਤਮ ਸਿੰਘ ਸਰਪੰਚ ਦੇ ਰੋਲ ਵਿਚ ਸਦਾਬਹਾਰ ਅਦਾਕਾਰ ਬਲਜੀਵਨ ਨੇ ਆਪਣੀ ਛੋਟੀ ਪਰ ਪ੍ਰਭਾਵਸ਼ਾਲੀ ਹਾਜ਼ਰੀ ਲੁਆ ਕੇ ਆਪਣੀ ਦਮਦਾਰ ਐਕਟਿੰਗ ਦੀ ਠੁੱਕ ਕਾਇਮ ਰੱਖੀ। ਮੇਜੋ ਦੇ ਰੋਲ ਵਿਚ ਪ੍ਰਮਿੰਦਰ ਲਿਲੀ ਨੇ ਪਹਿਲੀ ਵਾਰ ਮੰਚ 'ਤੇ ਹਾਜ਼ਰੀ ਲੁਆ ਕੇ ਆਪਣੇ ਅੰਦਰ ਲੁਕੇ ਹੋਏ ਕਲਾਕਾਰ ਦੀ ਜਾਣ ਪਹਿਚਾਣ ਕਰਵਾਈ। ਕਿਹਾ ਜਾ ਸਕਦਾ ਹੈ ਕਿ ਇਹ ਨਾਟਕ ਹੁਣ ਤੱਕ ਅਮਰੀਕਾ ਵਿਚ ਹੋਏ ਪੰਜਾਬੀ ਨਾਟਕਾਂ ਨੂੰ ਪੇਸ਼ਕਾਰੀ ਤੇ ਅਦਾਕਾਰੀ ਪੱਖੋਂ ਬਹੁਤ ਪਿਛੇ ਛੱਡ ਗਿਆ।

ਇਸ ਕਾਮਯਾਬ ਨਾਟਕ ਮੇਲੇ ਦੇ ਨਾਟਕਾਂ ਦੀ ਕਮਯਾਬੀ ਦਾ ਵੱਡਾ ਕਾਰਨ ਸਾਰੇ ਕਲਾਕਾਰਾਂ ਦਾ ਸਟੇਜੀ ਤਜ਼ਰਬਾ ਹੈ। ਇਕ ਦੋ ਪਾਤਰਾਂ ਨੂੰ ਛੱਡ ਕੇ ਬਾਕੀ ਸਾਰੇ ਕਲਾਕਾਰ 15-20 ਸਾਲ ਪਹਿਲਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਨਾਟਕ ਮੁਕਾਬਲਿਆਂ ਵਿਚ ਛਾਏ ਰਹਿਣ ਤੋਂ ਇਲਾਵਾ ਕਈ ਨਾਟਕ ਮੰਡਲੀਆਂ ਵਿਚੋਂ ਡੂੰਘਾ ਤਜ਼ਰਬਾ ਹਾਸਲ ਕਰਕੇ ਆਏ ਹਨ ਜਿਨ੍ਹਾਂ ਵਿਚ ਪ੍ਰਮੁੱਖ ਬਲਜੀਵਨ, ਕ੍ਰਾਂਤੀ, ਪ੍ਰੀਤਇੰਦਰ ਪੋਪੀ ਤੇ ਵਿਜੇ ਸ਼ਾਮਲ ਹਨ। ਦਰਸ਼ਨ ਸਿੰਘ ਕਹਿਲ, ਜਸਵਿੰਦਰ ਬਾਵਾ, ਹਰਦੀਪ ਕੌਰ ਤੇ ਪ੍ਰਮਿੰਦਰ ਲਿਲੀ ਵੀ ਆਪੋ ਆਪਣੇ ਪਾਤਰਾਂ ਨਾਲ ਇਨਸਾਫ ਕਰਨ ਵਿਚ ਕਾਮਯਾਬ ਰਹੇ। ਨਾਟਕਾਂ ਦਾ ਸਮਾਂ ਬੇਸ਼ਕ ਸੀਮਤ ਸੀ ਪਰ ਪ੍ਰੋਗਰਾਮ ਜ਼ਿਆਦਾ ਲੰਮਾ ਹੋਣ ਕਰਕੇ ਬਹੁਤ ਸਾਰੇ ਬਾਲ ਬੱਚਿਆਂ ਵਾਲੇ ਪਰਿਵਾਰ ਪ੍ਰੋਗਰਾਮ ਖਤਮ ਹੋਣ ਤੋਂ ਪਹਿਲਾਂ ਚਲੇ ਗਏ। ਖਚਾਖਚ ਭਰੇ ਹਾਲ ਵਿਚ ਬੈਠੇ ਦਰਸ਼ਕਾਂ ਨੇ ਨਾਟਕਾਂ ਦਾ ਖੂਬ ਅਨੰਦ ਮਾਣਿਆ। ਕਲਾਕਾਰਾਂ ਨੂੰ ਤਾੜੀਆਂ ਮਾਰ ਮਾਰ ਕੇ ਦਾਦ ਦਿੱਤੀ। ਅਜੈ ਭੰਗੜਾ ਅਕੈਡਮੀ ਦੇ ਕਲਾਕਾਰਾਂ ਨੇ ਨਾਟਕਾਂ ਦੇ ਵਿਚਲੇ ਸਮੇਂ ਵਿਚ ਹਾਜ਼ਰੀ ਲੁਆ ਕੇ ਸਮਾਂ ਬੰਨੀ ਰੱਖਿਆ। ਇਸ ਅਕੈਡਮੀ ਦੇ ਸ. ਜਸਪਾਲ ਸਿੰਘ ਤੇ ਸੁਖਵਿੰਦਰ ਸਿੰਘ ਗੋਗੀ ਦਾ ਸਨਮਾਨ ਵੀ ਕੀਤਾ ਗਿਆ। ਨਿਊ ਯਾਰਕ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਉਘੇ ਸਟੇਜ ਹੋਸਟ ਭਿੰਦਾ ਬੇਗੋਵਾਲੀਆ ਨੇ ਆਪਣੀਆਂ ਹਾਸ ਰਸੀ ਕਵਿਤਾਵਾਂ ਨਾਲ ਮਾਹੌਲ ਨੂੰ ਖੁਸ਼ਗਵਾਰ ਬਣਾਈ ਰੱਖਿਆ।

ਸਟੇਜ ਦੀ ਜ਼ਿੰਮੇਵਾਰੀ ਜਸਵੰਤ ਸਿੰਘ ਸ਼ਾਦ ਤੇ ਭਿੰਦਾ ਬੇਗੋਵਾਲ ਨੇ ਸਾਂਝੇ ਤੌਰ 'ਤੇ ਨਿਭਾਈ। ਅੰਤ ਵਿਚ ਕਲਾਕਾਰਾਂ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਨੈਸ਼ਨਲ ਸਕੂਲ ਆਫ ਡਰਾਮਾ ਦੇ ਪ੍ਰੀਤਇੰਦਰ ਪੋਪੀ ਨੇ ਗਰੈਂਡ ਜਿਊਲ ਆਫ ਇੰਡੀਆ ਰੈਸਟੋਰੈਂਟ, ਜਸਪ੍ਰੀਤ ਸਿੰਘ ਅਟਾਰਨੀ, ਖੁਸ਼ਵਿੰਦਰਪਾਲ ਸਿੰਘ (ਫਾਰਮਜ਼ ਇੰਸ਼ੋਰੈਂਸ), ਮਾਸਟਰ ਦੀਪਕ, ਗੁਰਚਰਨ ਸਿੰਘ ਮਾਨ, ਲਖਬੀਰ ਸਿੰਘ ਪਟਵਾਰੀ, ਸੁਰਜੀਤ ਸਿੰਘ ਬੌਸ ਤੇ ਸਹਿਯੋਗੀਆਂ ਸ੍ਰੀ ਨੀਤੂ ਸਿੰਘ ਕਾਹਲੋਂ, ਜਸਬੀਰ ਸਿੰਘ ਪਵਾਰ, ਕ੍ਰਿਪਾਲ ਸਿੰਘ ਅਟਵਾਲ, ਪ੍ਰੀਤਮ ਸਿੰਘ ਜੋਗਾ, ਸਰਬਜੋਤ ਸਿੰਘ ਸਵੱਦੀ, ਜਸਵਿੰਦਰ ਸਿੰਘ ਸੋਹਲ, ਸੁਖਦੇਵ ਸਿੰਘ ਬੈਣੀਵਾਲ, ਪ੍ਰੀਤਮ ਸਿੰਘ ਗਰੇਵਾਲ, ਭੁਪਿੰਦਰ ਸਿੰਘ ਢਿੱਲੋਂ, ਲਿਮੋ ਸਟਾਪ ਤੇ ਰਾਜੂ ਪਵਾਰ ਦਾ ਧੰਨਵਾਦ ਕੀਤਾ। ਵੀਡੀਓ ਤੇ ਫੋਟੋਗਰਾਫੀ ਲਈ ਰਾਜ ਬਡਵਾਲ ਤੇ ਸਾਊਂਡ ਲਈ ਵਿਜੇ ਦਾ ਧੰਨਵਾਦ ਕੀਤਾ ਗਿਆ। ਮੇਲੇ ਲਈ ਹਾਲ ਦਾ ਪ੍ਰਬੰਧ ਕਰਨ ਲਈ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਟੋਰਾਂਟੋ 'ਚ 25 ਲੱਖ ਡਾਲਰ ਦੇ ਡੋਡੇ ਫੜੇ

**ਬਰੈਂਪਟਨ, ਕੈਨੇਡਾ:** ਪੀਲ ਰਿਜਨਲ ਪੁਲਿਸ ਨੇ ਪੱਛਮੀ ਟੋਰਾਂਟੋ ਦੇ ਫੁੱਲਾਂ ਅਤੇ ਮੀਟ ਦੀਆਂ ਦੁਕਾਨਾਂ ਉਤੇ ਛਾਪੇ ਮਾਰ ਕੇ 25 ਲੱਖ ਡਾਲਰ ਦੇ ਡੋਡੇ ਬਰਾਮਦ ਕੀਤੇ ਹਨ ਅਤੇ ਇਸ ਸਿਲਸਿਲੇ ਵਿਚ 22 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਪ੍ਰਾਪਤ ਸੂਚਨਾ ਅਨੁਸਾਰ ਪੁਲਿਸ ਨੇ ਮਿਸੀਸੁਆਗਾ ਦੇ ਇਕ ਸਟੋਰ ਅਤੇ ਬਰੈਂਪਟਨ ਤੇ ਟੋਰਾਂਟੋ ਦੇ ਕਈ ਘਰਾਂ ਉਤੇ ਛਾਪੇ ਮਾਰ ਕੇ 25 ਲੱਖ ਡਾਲਰ ਦੇ ਮੁੱਲ ਦੇ 1280 ਕਿਲੋ ਡੋਡੇ ਪ੍ਰਾਪਤ ਕੀਤੇ। ਇਸ ਸਬੰਧੀ 46 ਸਾਲਾ ਭਗਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪੁਲਿਸ ਨੇ ਅਜਿਹੇ ਹੀ ਛਾਪਿਆਂ ਵਿਚ ਬਰੈਂਪਟਨ, ਮਿਸੀਸੁਆਗਾ ਅਤੇ ਟੋਰਾਂਟੋ ਵਿਚ ਛਾਪੇ ਮਾਰ ਕੇ 21 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 17 ਲੱਖ ਡਾਲਰ ਦੇ 432 ਕਿਲੋ ਡੋਡੇ ਪ੍ਰਾਪਤ ਕੀਤੇ ਸਨ।

ਇਥੇ ਜ਼ਿਕਰਯੋਗ ਹੈ ਕਿ ਡੋਡੇ ਪੰਜਾਬੀ ਲੋਕਾਂ ਵਿਚ ਨਸ਼ੇ ਵਜੋਂ ਕਾਫੀ ਪ੍ਰਚਲਿਤ ਹਨ ਅਤੇ ਇਸ ਦਾ ਕਾਰੋਬਾਰ ਇਸ ਕਦਰ ਵਧ ਗਿਆ ਹੈ ਕਿ ਇਸ ਦੀ ਡਿਲਵਰੀ ਘਰਾਂ ਵਿਚ ਵੀ ਦਿੱਤੀ ਜਾਣ ਲੱਗੀ ਹੈ।

# ਗੁਰਦੁਆਰਾ ਪੈਲਾਟਾਈਨ ਦੀਆਂ ਚੋਣ ਲਈ ਮੈਦਾਨ ਭਖਿਆ

ਉਮੀਦਵਾਰ ਜੇਤੂ ਕਰਾਰ ਦਿੱਤੇ ਜਾਂਦੇ ਹਨ ਅਤੇ ਇਸ ਸਬੰਧੀ ਕੋਈ ਰਾਖਵਾਂਕਰਨ ਨਹੀਂ ਹੈ। ਇਨ੍ਹਾਂ ਤਿੰਨਾਂ ਵਰਗਾਂ ਨੂੰ ਨੁਮਾਇੰਦਗੀ ਦੇਣ ਲਈ ਸਿਰਫ ਨਾਨ-ਵੋਟਿੰਗ ਮੈਂਬਰ ਬਣਾਉਣ ਦਾ ਹੀ ਵਿਧਾਨ ਹੈ। ਹੁੰਦਲ ਧੜੇ ਦਾ ਇਹ ਵੀ ਕਹਿਣਾ ਹੈ ਕਿ ਜੇ ਇਹ ਰਾਖਵਾਂਕਰਨ ਰੱਖਣਾ ਹੀ ਸੀ ਤਾਂ ਇਸ ਬਾਰੇ ਪਹਿਲਾਂ ਐਲਾਨ ਕੀਤਾ ਜਾਣਾ ਚਾਹੀਦਾ ਸੀ। ਇਸ ਮਾਮਲੇ ਦੇ ਅਦਾਲਤ ਵਿਚ ਚਲੇ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਦੂਜੇ ਪਾਸੇ ਪੰਥਕ ਸਲੇਟ ਅਤੇ ਮੌਜੂਦਾ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਰਾਖਵੇਂਕਰਨ ਦੀ ਵਿਵਸਥਾ ਖੁਦ ਹੁੰਦਲ ਧੜੇ ਵਲੋਂ ਹੀ ਵਿਧਾਨ ਬਣਾਉਣ ਸਮੇਂ ਕੀਤੀ ਗਈ ਸੀ ਅਤੇ ਅਸੀਂ ਪਿਛਲੀਆਂ ਚੋਣਾਂ ਵੇਲੇ ਇਸ ਰਾਖਵੇਂਕਰਨ ਨੂੰ ਲਾਗੂ ਕਰਨ ਦੀ ਲਗਾਤਾਰ ਮੰਗ ਕਰਦੇ ਰਹੇ ਸਾਂ ਜਦੋਂਕਿ ਹੁੰਦਲ ਧੜੇ ਨੇ ਇਸ ਰਾਖਵੇਂਕਰਨ ਨੂੰ ਲਾਗੂ ਨਹੀਂ ਕੀਤਾ। ਹੁਣ ਜਦੋਂ ਅਸੀਂ ਰਾਖਵਾਂਕਰਨ ਲਾਗੂ ਕੀਤਾ ਹੈ ਤਾਂ ਹੁੰਦਲ ਧੜਾ ਸੰਵਿਧਾਨ ਦੀ ਉਲੰਘਣਾ ਦੀ ਗੱਲ ਕਰ ਰਿਹਾ ਹੈ ਜਦੋਂਕਿ ਇਸ 'ਚ ਸੰਵਿਧਾਨ ਦੇ ਵਿਰੁਧ ਕੁਝ ਵੀ ਨਹੀਂ ਹੈ।

ਇਸੇ ਦੌਰਾਨ ਲੰਘੇ ਐਤਵਾਰ ਸਾਰੇ ਉਮੀਦਵਾਰਾਂ ਨੂੰ ਗੁਰੂ ਘਰ ਦੇ ਦਰਬਾਰ ਹਾਲ ਵਿਚ ਆਪੋ ਆਪਣੀ ਗੱਲ ਕਹਿਣ ਲਈ 5-5 ਮਿੰਟ ਦਾ ਸਮਾਂ ਦਿੱਤਾ ਗਿਆ। ਪੰਥਕ ਸਲੇਟ ਦੇ ਉਮੀਦਵਾਰਾਂ ਬੀਬੀ ਸੁਖਦੇਵ ਕੌਰ ਘੁਮਾਣ ਅਤੇ ਭਾਈ ਕੁਲਦੀਪ ਸਿੰਘ ਝੱਟੂ ਨੇ ਗੁਰੂ ਘਰ ਅੰਦਰ ਗੁਰਮਤਿ ਦੇ ਮਾਹੌਲ ਨੂੰ ਹੋਰ ਗੂੜ੍ਹਾ ਕਰਨ ਦੀ ਗੱਲ ਕੀਤੀ। ਆਜ਼ਾਦ ਸਿੱਖ ਸੰਗਤ ਸਲੇਟ ਦੇ ਉਮੀਦਵਾਰ ਭਾਈ ਲਖਵਿੰਦਰ ਸਿੰਘ ਨੇ ਵੀ ਗੁਰੂ ਘਰ ਵਿਚ ਸਿੱਖੀ ਦਾ ਆਦਰਸ਼ ਮਾਹੌਲ ਸਿਰਜਣ ਦੀ ਗੱਲ ਕੀਤੀ। ਇਸੇ ਸਲੇਟ ਦੇ ਉਮੀਦਵਾਰ ਡਾ ਅਮਰਜੀਤ ਸਿੰਘ ਨੇ ਗੁਰੂਘਰ ਦੀ ਕਲੀਨਿਕ ਅਤੇ ਲਾਇਬ੍ਰੇਰੀ ਵਿਚ ਸੁਧਾਰ ਦੀ ਗੱਲ ਕੀਤੀ ਜਦੋਂਕਿ ਭਾਈ ਨਰਿੰਦਰ ਸਿੰਘ ਨੇ ਨਵੀਂ ਪੀੜੀ ਨੂੰ ਗੁਰੂਘਰ ਨਾਲ ਜੋੜਨ ਦੀ ਗੱਲ ਕੀਤੀ। ਕੁਝ ਉਮੀਦਵਾਰਾਂ ਨੇ ਆਪਣੇ ਸੰਬੋਧਨ ਵਿਚ ਇਕ ਦੂਜੇ ਦੇ ਨੁਕਸ ਵੀ ਕੱਢੇ। ਆਜ਼ਾਦ ਸਿੱਖ ਸੰਗਤ ਦੇ ਉਮੀਦਵਾਰਾਂ ਨੇ ਚੋਣਾਂ ਕਰਵਾਏ ਜਾਣ ਦੇ ਤਰੀਕੇ ਉਤੇ ਵੀ ਕਿੰਤੂ ਕੀਤਾ। ਬੀਬੀ ਕਮਲਜੀਤ ਕੌਰ ਨੇ ਬੀਬੀਆਂ ਅਤੇ ਲੜਕੀਆਂ ਦੇ ਭਲੇ ਲਈ ਕੰਮ ਕਰਨ ਦਾ ਟੀਚਾ ਮਿਥਿਆ। ਸੀ ਆਈ ਸੀ ਉਮੀਦਵਾਰ ਡਾ. ਜਸਬੀਰ ਕੌਰ ਨੇ ਗੁਰੂਘਰ ਦਾ ਮਾਹੌਲ ਬਿਹਤਰ ਬਣਾਉਣ ਦੀ ਗੱਲ ਕੀਤੀ।

ਚੋਣ ਕਮੇਟੀ ਦੇ ਚੇਅਰਮੈਨ ਸ. ਹਿੰਮਤ ਸਿੰਘ ਨੇ ਸੰਗਤ ਨੂੰ ਹੋਣ ਵਾਲੀ ਚੋਣ ਦੇ ਕਾਇਦੇ ਕਾਨੂੰਨ ਬਾਰੇ ਚਾਨਣਾ ਪਾਇਆ ਕਿ ਕਿਸ ਤਰ੍ਹਾਂ ਬੈਲਟ ਪੇਪਰ ਹੋਵੇਗਾ ਅਤੇ ਨਵੇਂ ਪ੍ਰਬੰਧਕਾਂ ਦੀ ਚੋਣ ਕਿਸ ਤਰੀਕੇ ਨਾਲ ਹੋ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਹ ਜੋ ਵੀ ਤਰੀਕਾ ਅਪਨਾ ਰਹੇ ਹਨ ਉਹ ਸਿੱਖ ਰਿਲੀਜੀਅਸ ਸੁਸਾਇਟੀ ਦੇ ਸੰਵਿਧਾਨ ਦੇ ਐਨ ਅਨੁਕੂਲ ਹੈ। ਉਨ੍ਹਾਂ ਕਿਹਾ ਕਿ ਜੇ ਪਿਛਲੇ ਪ੍ਰਬੰਧਕਾਂ ਨੇ ਸੰਵਿਧਾਨ ਦੀ ਅਣਦੇਖੀ ਕੀਤੀ ਤਾਂ ਇਸ ਵਿਚ ਉਨ੍ਹਾਂ ਦਾ ਕੀ ਕਸੂਰ ਹੋ ਸਕਦਾ ਹੈ। ਆਜ਼ਾਦ ਸਿੱਖ ਸੰਗਤ ਸਲੇਟ ਦੇ ਉਮੀਦਵਾਰਾਂ ਨੇ ਪਿਛਲੇ ਤਰੀਕੇ ਨਾਲ ਹੀ ਚੋਣਾਂ ਕਰਵਾਏ ਜਾਣ ਦੀ ਗੱਲ ਕੀਤੀ।

ਸੰਵਿਧਾਨ ਅਮਲ ਕਮੇਟੀ ਦੇ ਸਕੱਤਰ ਸ. ਹਰਵਿੰਦਰਪਾਲ ਸਿੰਘ ਨੇ ਦੋਨਾਂ ਸਲੇਟਾਂ ਦੇ ਉਮੀਦਵਾਰਾਂ ਦੇ ਇਕ ਇਕ ਮੈਂਬਰ ਨੂੰ ਸੰਗਤ ਦੀ ਮੌਜੂਦਗੀ ਵਿਚ ਵੋਟਰ ਸੂਚੀ ਜਾਰੀ ਕੀਤੀ। ਇਥੇ ਜ਼ਿਕਰਯੋਗ ਹੈ ਕਿ ਆਜ਼ਾਦ ਸਿੱਖ ਸੰਗਤ ਸਲੇਟ ਦਾ ਰੋਸ ਸੀ ਕਿ ਉਨ੍ਹਾਂ ਨੂੰ ਵੋਟਰ ਸੂਚੀ ਦੇਣ ਵਿਚ ਦੇਰੀ ਕੀਤੀ ਗਈ ਹੈ ਅਤੇ ਉਨ੍ਹਾਂ ਇਸ ਸਬੰਧੀ ਆਪਣੇ ਵਕੀਲ ਕੋਲੋਂ ਨੋਟਿਸ ਵੀ ਭਿਜਵਾਇਆ ਸੀ। ਦੂਜੇ ਪਾਸੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਸੰਗਤ ਦੇ ਬਹੁਤ ਸਾਰੇ ਮੈਂਬਰਾਂ ਨੇ ਮੈਂਬਰਸ਼ਿਪ ਫਾਰਮ ਭਰਨ ਸਮੇਂ ਵਿਸ਼ੇਸ਼ ਤੌਰ 'ਤੇ ਫਾਰਮ ਉਤੇ ਟਿਪਣੀ ਦਿੱਤੀ ਸੀ ਕਿ ਉਨ੍ਹਾਂ ਦੀ ਨਿਜੀ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕੀਤੀ ਜਾਵੇ ਜਿਸ ਕਰਕੇ ਵੋਟਰ ਸੂਚੀ ਜਾਰੀ ਨਹੀਂ ਸੀ ਕੀਤੀ ਜਾ ਸਕੀ। ਬੋਰਡ ਨੇ ਇਸ ਸਬੰਧੀ ਉਮੀਦਵਾਰਾਂ ਤੋਂ ਮੰਗ ਕੀਤੀ ਸੀ ਕਿ ਇਹ ਐਫੀਡੇਵਿਟ ਦਿੱਤੇ ਜਾਣ ਪਿਛੋਂ ਹੀ ਵੋਟਰ ਸੂਚੀ ਦਿੱਤੀ ਜਾਏਗੀ ਕਿ ਵੋਟਰ ਸੂਚੀ ਦਾ ਇਸਤੇਮਾਲ ਗੁਰਦੁਆਰਾ ਚੋਣਾਂ ਤੋਂ ਇਲਾਵਾ ਕਿਸੇ ਹੋਰ ਮਕਸਦ ਲਈ ਨਹੀਂ ਕੀਤਾ ਜਾਵੇਗਾ। ਆਜ਼ਾਦ ਸਿੱਖ ਸੰਗਤ ਦਾ ਇਕ ਉਮੀਦਵਾਰ ਇੰਡੀਆ ਗਿਆ ਹੋਣ ਕਰਕੇ ਐਫੀਡੇਵਿਟ ਦੇਣ ਵਿਚ ਵੀ ਦੇਰੀ ਹੋ ਰਹੀ ਸੀ। ਸੀ ਆਈ ਸੀ ਮੈਂਬਰ ਸ੍ਰੀ ਲੈਲ ਨੇ ਆਪਣੇ ਮਜ਼ਾਕੀਆ ਲਹਿਜ਼ੇ ਵਿਚ ਟਿੱਪਣੀ ਕੀਤੀ ਕਿ ਕਈ ਸ਼ਰਧਾਲੂ ਸਿਰਫ ਚੋਣਾਂ ਦੇ ਨੇੜੇ ਤੇੜੇ ਹੀ ਗੁਰੂ ਘਰ ਦੇ ਦਰਸ਼ਨਾਂ ਲਈ ਆਉਂਦੇ ਹਨ। ਇਨ੍ਹੀਂ ਦਿਨੀਂ ਅਜਿਹੇ ਸ਼ਰਧਾਲੂਆਂ ਦੇ ਦਰਸ਼ਨ ਵੀ ਸੰਗਤ ਨੂੰ ਹੋ ਰਹੇ ਹਨ।

## ਪੁਲੀਸ ਦੀ ਦਹਿਸ਼ਤ ਕਾਰਨ ਖੇਤ ਮਜ਼ਦੂਰ ਆਗੂ ਦੀ ਮੌਤ

**ਤਰਨਤਾਰਨ:** ਨਜ਼ਦੀਕੀ ਪਿੰਡ ਪਲਾਸੌਰ ਵਿਖੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਕਸ਼ਮੀਰ ਸਿੰਘ (60) ਦੀ ਉਸ ਵੇਲੇ ਮੌਤ ਹੋ ਗਈ ਜਦੋਂ ਬੀਤੀ 23 ਮਾਰਚ ਨੂੰ ਥਾਣਾ ਸਿਟੀ ਦੀ ਪੁਲੀਸ ਪਾਰਟੀ ਉਸਨੂੰ ਧਰਨੇ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਕਾਬੂ ਕਰਨ ਗਈ ਸੀ।

ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਵਿਖੇ ਕਿਸਾਨ ਅਤੇ ਖੇਤ ਮਜ਼ਦੂਰਾਂ ਦੀਆਂ 22 ਜਥੇਬੰਦੀਆਂ ਵਲੋਂ ਆਈ.ਜੀ.ਦੇ ਦਫਤਰ ਵਿਖੇ 25 ਮਾਰਚ ਤੋਂ ਤਿੰਨ ਦਿਨਾਂ ਲਈ ਧਰਨੇ ਦਿੱਤੇ ਜਾ ਰਹੇ ਹਨ। ਇਨ੍ਹਾਂ ਧਰਨਿਆਂ ਵਿਚ ਆਗੂਆਂ ਦੀ ਸ਼ਮੂਲੀਅਤ ਰੋਕਣ ਲਈ ਪੁਲੀਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ।


ੴ ਸਤਿਗੁਰ ਪ੍ਰਸਾਦਿ॥

## ਗੁਰਦੁਆਰਾ ਸਾਹਿਬ ਵਿਚ ਦਸਮ ਗ੍ਰੰਥ ਵਿਰੋਧੀ ਅਖਬਾਰ ਬੰਦ ਹੋਣ

ਮੁੱਖ ਸੇਵਾਦਾਰ ਭਾਈ ਗੁਰਬਚਨ ਸਿੰਘ ਜੌਹਲ, ਪ੍ਰਬੰਧਕ ਕਮੇਟੀ ਸਿੱਖ ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਕੈਲੀਫੋਰਨੀਆ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਿਹ॥

ਸਨਿਮਰ ਬੇਨਤੀ ਹੈ ਕਿ ਕੁਝ ਸਾਲ ਪਹਿਲਾਂ ਇਥੋਂ ਦੀ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕੀਤਾ ਸੀ ਕਿ ਜੰਤਰ-ਮੰਤਰ ਨਾਲ ਲੋਕਾਂ ਨੂੰ ਲੁੱਟਣ ਵਾਲੇ ਤਾਂਤਰਿਕਾਂ ਅਤੇ ਜੋਤਸ਼ੀਆਂ ਦੇ ਗੁੰਮਰਾਹਕੁਨ ਇਸ਼ਤਿਹਾਰ ਛਾਪਣ ਵਾਲੀਆਂ ਅਖਬਾਰਾਂ ਗੁਰੂ ਘਰ ਅੰਦਰ ਨਹੀਂ ਰੱਖਣ ਦਿੱਤੀਆਂ ਜਾਣਗੀਆਂ। ਮੌਜੂਦਾ ਹਾਲਾਤ ਵਿਚ ਅਸੀਂ ਪ੍ਰਬੰਧਕਾਂ ਨੂੰ ਬੇਨਤੀ ਕਰਦੇ ਹਾਂ ਕਿ ਦਸਮ ਗ੍ਰੰਥ ਵਿਰੋਧੀ ਅਖਬਾਰਾਂ ਉਤੇ ਵੀ ਪਾਬੰਦੀ ਲੱਗਣੀ ਚਾਹੀਦੀ ਹੈ ਜੋ ਖਾਲਿਸਤਾਨ ਦੇ ਨਾਂ ਉਤੇ ਸੰਗਤਾਂ ਨੂੰ ਗੁੰਮਰਾਹ ਕਰਦੇ ਹਨ, ਸੰਗਤਾਂ ਬਾਰੇ ਲਿਖਦੇ ਹਨ ਕਿ ਉਹ ਕਾਂਵਾਂ ਰੌਲੀ ਪਾ ਕੇ ਠੀਕ ਕੰਮਾਂ ਨੂੰ ਮਿੱਟੀ ਘੱਟੇ ਪਾਉਣਾ ਚਾਹੁੰਦੇ ਹਨ, ਦੂਜੀਆਂ ਅਖਬਾਰਾਂ ਉਪਰ ਗੰਦਾ ਲਿਖਦੇ ਹੋਣ ਦਾ ਦੋਸ਼ ਲਾਉਂਦੇ ਹਨ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਗਿੱਦੜ ਲਿਖਦੇ ਹਨ, ਸੰਤ ਭਿੰਡਰਾਂਵਾਲੇ ਬਨਾਮ ਕੋਲਿਆਂ ਦੇ ਦਲਾਲ ਜਿਹੇ ਹੈਡਿੰਗ ਲਾਉਂਦੇ ਹਨ, ਗੁਰਲੀਨ ਕੌਰ ਸਿਖਿਆਰਥੀ ਨੂੰ ਪਤਿਤ ਲਿਖਦੇ ਹਨ ਅਤੇ ਕਹਿੰਦੇ ਹਨ ਕਿ ਉਹ ਸਿੱਖ ਹੀ ਨਹੀਂ ਪਰ ਪਤਾ ਨਹੀਂ ਕਿਹੜੇ ਮੂੰਹ ਨਾਲ ਕੇਸ ਕਟਾਉਣ ਵਾਲਿਆਂ ਦੀਆਂ ਵੋਟਾਂ ਮੰਗ ਕੇ ਪੰਜ ਪਿਆਰੇ ਬਣਨਾ ਚਾਹੁੰਦੇ ਹਨ। ਇਹ ਲੋਕ ਦਸਮ ਗ੍ਰੰਥ ਦੇ ਕਾਤਲ ਹਿਟਲਰ ਨਾਲੋਂ ਘੱਟ ਨਹੀਂ ਹਨ ਸਗੋਂ ਵੱਧ ਖਤਰਨਾਕ ਹਨ। ਇਨ੍ਹਾਂ ਲੋਕਾਂ ਨੇ ਹੀ ਅਕਾਲ ਤਖ਼ਤ ਵੱਲ ਫੌਜ ਨੂੰ ਸੱਦਾ ਦਿੱਤਾ ਸੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਿਰੁਧ ਪੇਪਰ ਵੰਡੇ ਸਨ। 13 ਅਪਰੈਲ 1983 ਨੂੰ ਸੰਤ ਭਿੰਡਰਾਂਵਾਲਿਆਂ ਨੇ ਕਿਹਾ ਸੀ, ਸੁਖਦੇਵ, ਪੰਛੀ ਇਕ ਹੈ ਤੇ ਸ਼ਿਕਾਰੀ ਨੇ ਬਹੁਤੇ। ਹੁਣ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ।

ਸੋ, ਅਸੀਂ ਪ੍ਰਬੰਧਕਾਂ ਨੂੰ ਬੇਨਤੀ ਕਰਦੇ ਹਾਂ ਇਨ੍ਹਾਂ ਦੀਆਂ ਅਖਬਾਰਾਂ ਗੁਰੂ ਘਰਾਂ ਵਿਚ ਬੰਦ ਹੋਣ। ਖਾਲਿਸਤਾਨ ਦਾ ਰਾਸ਼ਟਰਪਤੀ ਸੰਤ ਜਰਨੈਲ ਸਿੰਘ ਹੈ ਅਤੇ ਸਦਾ ਰਹੇਗਾ, ਅੱਜ ਵੀ ਸਾਡੇ ਨਾਲ ਹੈ।

*ਉਮੀਦ ਸਹਿਤ: ਸੁਖਦੇਵ ਸਿੰਘ ਸਿਖਿਆਰਥੀ*
*ਫੋਨ 510-734-2047*
*ਅਤੇ ਅਕਾਲੀ ਦਲ (ਅੰਮ੍ਰਿਤਸਰ)*

# ਡਾਕਟਰਾਂ ਦੀ ਭਰਤੀ 'ਚ ਰਿਸ਼ਵਤ ਦੇ ਸਬੂਤ ਸਾਹਮਣੇ ਆਏ

**ਚੰਡੀਗੜ੍ਹ:** ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ) ਵਲੋਂ ਡਾਕਟਰਾਂ ਦੀ ਭਰਤੀ ਦੇ ਮਾਮਲੇ ਵਿਚ ਯੋਗ ਉਮੀਦਵਾਰਾਂ ਅਤੇ ਨਿਯਮਾਂ ਨੂੰ ਅੱਖੋਂ-ਪਰੋਖੇ ਕਰਨ ਦੇ ਮਾਮਲੇ ਵਿਚ ਕਮਿਸ਼ਨ ਕਾਨੂੰਨੀ ਗ੍ਰਿਫਤ ਵਿਚ ਆਉਂਦਾ ਜਾਪਦਾ ਹੈ। ਸੂਤਰਾਂ ਮੁਤਾਬਕ ਮੁਢਲੀ ਜਾਂਚ ਦੌਰਾਨ ਦੋ ਦਰਜਨ ਮਾਮਲਿਆਂ ਵਿਚ ਕਮਿਸ਼ਨ ਵਲੋਂ ਅਜਿਹੇ ਉਮੀਦਵਾਰਾਂ ਨੂੰ ਨੌਕਰੀਆਂ ਦੇਣ ਦੇ ਸਬੂਤ ਮਿਲੇ ਹਨ ਜੋ ਨੌਕਰੀਆਂ ਦੇ ਕਾਬਲ ਨਹੀਂ ਸਨ। ਜਾਂਚ ਨਾਲ ਜੁੜੇ ਅਧਿਕਾਰੀਆਂ ਨੇ ਆਪਣਾ ਨਾਮ ਗੁਪਤ ਰੱਖਦਿਆਂ ਦੱਸਿਆ ਹੈ ਕਿ ਇਨ੍ਹਾਂ ਮਾਮਲਿਆਂ ਵਿਚ ਦੇਖਿਆ ਗਿਆ ਹੈ ਕਿ ਯੋਗ ਉਮੀਦਵਾਰਾਂ ਦੀ ਮੈਰਿਟ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਅਧਿਕਾਰੀਆਂ ਦਾ ਤਾਂ ਇਥੋਂ ਤੱਕ ਦੱਸਣਾ ਹੈ ਕਿ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਕਮਿਸ਼ਨ ਨੇ ਡਾਕਟਰਾਂ ਦੀ ਭਰਤੀ ਦੌਰਾਨ ਸਿਰਫ ਸਿਫਾਰਿਸ਼ਾਂ ਹੀ ਮੰਨੀਆਂ ਹਨ। ਬਲਕਿ ਅਜਿਹੇ ਤੱਥ ਹਨ ਜਿਨ੍ਹਾਂ ਵਿਚ ਪੈਸੇ ਬਦਲੇ ਨੌਕਰੀਆਂ ਦੀ ਖੇਡ ਖੇਡਣ ਦਾ ਯਕੀਨ ਹੁੰਦਾ ਹੈ। ਉਧਰ ਕਮਿਸ਼ਨ ਵਲੋਂ ਵੀ ਇਸ ਮਾਮਲੇ 'ਤੇ ਰਾਸ਼ਟਰਪਤੀ, ਰਾਜਪਾਲ ਪੰਜਾਬ, ਮੁੱਖ ਮੰਤਰੀ ਪੰਜਾਬ ਤੇ ਰਾਜ ਦੇ ਮੁੱਖ ਸਕੱਤਰ ਤੱਕ ਪਹੁੰਚ ਕਰਕੇ ਆਪਣੀ ਚਮੜੀ ਬਚਾਉਣ ਦੇ ਯਤਨ ਆਰੰਭ ਦਿੱਤੇ ਗਏ ਹਨ।

ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੇ ਪੀ.ਪੀ.ਐਸ.ਸੀ. ਭਰਤੀ ਘੁਟਾਲੇ ਦੀ ਜਾਂਚ ਆਰੰਭ ਦਿੱਤੀ ਹੈ। ਸੂਤਰਾਂ ਮੁਤਾਬਕ ਸਰਸਰੀ ਨਜ਼ਰ ਮਾਰਿਆਂ ਹੀ ਦੋ ਦਰਜਨ ਅਯੋਗ ਲੋਕਾਂ ਦੇ ਡਾਕਟਰ ਬਣਨ ਦੇ ਤੱਥ ਮਿਲੇ ਹਨ। ਜਾਂਚ ਮੁਕੰਮਲ ਹੋਣ ਤੱਕ ਅਜਿਹੇ ਡਾਕਟਰਾਂ ਦੀ ਗਿਣਤੀ ਵਧੇਗੀ। ਮੁੱਖ ਸਕੱਤਰ ਦੀ ਰਿਪੋਰਟ ਤੋਂ ਬਾਅਦ ਕਮਿਸ਼ਨ ਵਿਰੁਧ ਕਾਰਵਾਈ ਸੰਭਵ ਸਮਝੀ ਜਾ ਰਹੀ ਹੈ, ਕਿਉਂਕਿ ਇਹ ਮਾਮਲਾ ਪੰਜਾਬ ਵਿਧਾਨ ਸਭਾ ਵਿਚ ਵੀ ਉੱਠ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬਲਬੀਰ ਸਿੰਘ ਬਾਠ ਨੇ ਇਸ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਸੀ। ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਕਾਨੂੰਨੀ ਰਾਇ ਲਈ ਐਡਵੋਕੇਟ ਜਨਰਲ ਹਰਦੇਵ ਸਿੰਘ ਮੱਤੇਵਾਲ ਨੂੰ ਵੀ ਸਦਨ ਵਿਚ ਬੁਲਾਇਆ ਸੀ। ਸ੍ਰੀ ਮੱਤੇਵਾਲ ਨੇ ਕਿਹਾ ਕਿ ਮੁੱਖ ਸਕੱਤਰ ਦੀ ਰਿਪੋਰਟ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਮਾਮਲਾ ਮੀਡੀਆ ਵਿਚ ਆਉਣ ਤੋਂ ਬਾਅਦ ਮੁੱਖ ਸਕੱਤਰ ਐਸ.ਸੀ. ਅਗਰਵਾਲ ਨੂੰ ਜਾਂਚ ਦੇ ਹੁਕਮ ਦਿੱਤੇ ਸਨ। ਜਿਨ੍ਹਾਂ ਨੇ ਡਾਕਟਰਾਂ ਦੀ ਭਰਤੀ ਨਾਲ ਸਬੰਧਤ ਸਾਰਾ ਰਿਕਾਰਡ ਤਲਬ ਕਰ ਲਿਆ ਹੈ।

ਸੂਤਰਾਂ ਮੁਤਾਬਕ ਕਮਿਸ਼ਨ ਵਲੋਂ ਸੰਵਿਧਾਨਕ ਸੰਸਥਾ ਦੀ ਮਰਿਆਦਾ ਨੂੰ ਢਾਹ ਲੱਗਣ ਦੀ ਆੜ ਹੇਠ ਹਮਾਇਤ ਜੁਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਮਿਸ਼ਨ ਦੇ ਚੇਅਰਮੈਨ ਐਸ.ਕੇ. ਸਿਨਹਾ ਵਲੋਂ ਰਾਸ਼ਟਰਪਤੀ, ਰਾਜਪਾਲ, ਮੁੱਖ ਮੰਤਰੀ, ਰਾਜ ਦੀ ਸਿਹਤ ਮੰਤਰੀ ਤੇ ਮੁੱਖ ਸਕੱਤਰ ਨੂੰ ਇਸ ਸਬੰਧ ਵਿਚ ਪੱਤਰ ਲਿਖੇ ਗਏ ਹਨ। ਜਾਣਕਾਰੀ ਮੁਤਾਬਕ ਤਕਰੀਬਨ 70 ਸਫਿਆਂ ਦੇ ਪੁਲੰਦੇ ਰਾਹੀਂ ਕਮਿਸ਼ਨ ਨੇ ਡਾਕਟਰਾਂ ਦੀ ਭਰਤੀ ਪਾਰਦਰਸ਼ੀ ਹੋਣ ਦਾ ਦਾਅਵਾ ਕੀਤਾ ਹੈ। ਸ੍ਰੀ ਅਗਰਵਾਲ ਨੇ ਇਸ ਸਬੰਧੀ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਜਾਂਚ ਚਲ ਰਹੀ ਹੈ ਓਨੀ ਦੇਰ ਕੁਝ ਵੀ ਕਹਿਣਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜੇ ਇਹੀ ਕਿਹਾ ਜਾ ਸਕਦਾ ਹੈ ਕਿ ਡਾਕਟਰਾਂ ਦੀ ਭਰਤੀ ਦੇ ਰਿਕਾਰਡ ਨੂੰ ਘੋਖਿਆ ਜਾ ਰਿਹਾ ਹੈ। ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਸੰਜੀਤ ਕੁਮਾਰ ਸਿਨਹਾ ਦਾ ਕਹਿਣਾ ਹੈ ਕਿ ਡਾਕਟਰਾਂ ਦੀ ਭਰਤੀ ਸਬੰਧੀ ਜੋ ਵੀ ਰੌਲਾ ਪੈ ਰਿਹਾ ਹੈ ਉਹ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਇਕ ਸੰਵਿਧਾਨਕ ਸੰਸਥਾ ਹੈ। ਅਜਿਹੀ ਸੰਸਥਾ ਵਿਰੁਧ ਕੋਈ ਵੀ ਉਂਗਲ ਚੁੱਕਦਾ ਹੈ ਤਾਂ ਇਸਦੀ ਮਰਿਆਦਾ ਨੂੰ ਠੇਸ ਪਹੁੰਚਦੀ ਹੈ। ਉਨ੍ਹਾਂ ਪੁਸ਼ਟੀ ਕੀਤੀ ਕਿ ਕਮਿਸ਼ਨ ਵਲੋਂ ਭਰਤੀ ਸਬੰਧੀ ਆਪਣਾ ਪੱਖ ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਅਤੇ ਮੁੱਖ ਸਕੱਤਰ ਪੰਜਾਬ ਨੂੰ ਚਿੱਠੀ ਰਾਹੀਂ ਭੇਜ ਦਿੱਤਾ ਗਿਆ ਹੈ। ਇਸ ਸਬੰਧ ਵਿਚ ਕਮਿਸ਼ਨ ਵਲੋਂ ਮੀਡੀਆ ਵਿਚ ਸਥਿਤੀ ਸਪੱਸ਼ਟ ਨਾ ਕਰਨ ਦੇ ਸਵਾਲ ਤੇ ਸ੍ਰੀ ਸਿਨਹਾ ਨੇ ਕਿਹਾ ''ਮੇਰੀ ਕੋਈ ਡਿਊਟੀ ਨਹੀਂ ਕਿ ਮੈਂ ਅਖਬਾਰਾਂ ਵਾਲਿਆਂ ਨਾਲ ਗੱਲ ਕਰਾਂ। ਮੈਂ ਮੁੱਖ ਮੰਤਰੀ ਸ੍ਰੀ ਬਾਦਲ ਤੇ ਮੁੱਖ ਸਕੱਤਰ ਨਾਲ ਗੱਲ ਕਰਕੇ ਸਾਰੀ ਸਥਿਤੀ ਸਪੱਸ਼ਟ ਕਰ ਦਿੱਤੀ ਸੀ।''

ਉਧਰ ਕਮਿਸ਼ਨ ਦੇ ਮੈਂਬਰ ਐਡਵੋਕੇਟ ਦਲਬੀਰ ਸਿੰਘ ਮਾਹਲ ਦਾ ਵੀ ਦਾਅਵਾ ਹੈ ਕਿ ਪੀ.ਪੀ.ਐਸ.ਸੀ. ਨੇ ਡਾਕਟਰਾਂ ਦੀ ਭਰਤੀ ਪੂਰੇ ਪਾਰਦਰਸ਼ੀ ਤਰੀਕੇ ਨਾਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਸਕੱਤਰ ਜਾਂਚ ਕਰ ਰਹੇ ਹਨ ਇਸ ਲਈ ਜ਼ਿਆਦਾ ਕੁਝ ਕਹਿਣਾ ਠੀਕ ਨਹੀਂ ਰਹੇਗਾ। ਐਡਵੋਕੇਟ ਮਾਹਲ ਨੇ ਦੋਸ਼ ਲਾਉਂਦਿਆਂ ਕਿਹਾ ਕਿ ਮੀਡੀਆ ਬਿਨਾਂ ਮਤਲਬ ਤੋਂ ਮਾਮਲੇ ਨੂੰ ਤੂਲ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਰਾ ਕੁਝ ਨਿਯਮਾਂ ਮੁਤਾਬਕ ਹੋਇਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕਮਿਸ਼ਨ ਦੇ ਚੇਅਰਮੈਨ ਅਤੇ ਹੋਰ ਕੋਈ ਮੈਂਬਰ ਇਸ ਮੁੱਦੇ 'ਤੇ ਗੱਲ ਕਰਨ ਲਈ ਤਿਆਰ ਨਹੀਂ ਸੀ। ਪੀ.ਪੀ.ਐਸ.ਸੀ. ਵਲੋਂ ਕੀਤੀ ਗਈ ਇਸ ਭਰਤੀ ਬਾਬਤ ਰੌਲਾ ਪੈਣ ਕਾਰਨ ਸਿਹਤ ਵਿਭਾਗ ਡਾਕਟਰਾਂ ਦੀ ਭਰਤੀ ਦਾ ਕੰਮ ਕਮਿਸ਼ਨ ਤੋਂ ਵਾਪਸ ਲੈਣ ਲਈ ਸਰਗਰਮ ਹੋ ਗਿਆ ਹੈ। ਸਿਹਤ ਮੰਤਰੀ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੇ ਇਸ ਬਾਰੇ ਕਿਹਾ ਕਿ ਫਾਈਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜੀ ਹੈ।

**70-70 ਹਜ਼ਾਰ ਲੈ ਕੇ ਭਰਤੀ ਕੀਤੀ ਆਂਗਨਵਾੜੀ ਵਰਕਰ :** ਇਸ ਦੌਰਾਨ ਮਿਲੀ ਇਕ ਹੋਰ ਰਿਪੋਰਟ ਅਨੁਸਾਰ ਪੰਜਾਬ ਦੇ ਅਲੱਗ-ਅਲੱਗ ਬਲਾਕਾਂ ਵਿਚ ਆਂਗਨਵਾੜੀ ਕਾਰਜਕਰਤਾਵਾਂ ਦੀ ਭਰਤੀ ਵਿਚ ਹਰੇਕ ਭਰਤੀ 70 ਹਜ਼ਾਰ ਰੁਪਏ ਤਕ ਰਿਸ਼ਵਤ ਲਈ ਗਈ। ਮਾਮਲੇ ਨੂੰ ਦਬਾਉਣ ਦੇ ਲਈ ਵਿਧਾਇਕਾਂ ਨੂੰ ਵੀ ਅਪਰੋਚ ਕੀਤਾ ਗਿਆ। ਇਹ ਦੋਸ਼ ਸੱਤਾ ਪੱਖ ਦੇ ਹੀ ਵਿਧਾਇਕ ਕੈਪਟਨ ਬਲਬੀਰ ਸਿੰਘ ਬਾਠ ਨੇ ਲਾਇਆ ਹੈ। ਉਨ੍ਹਾਂ ਨੇ ਇਸਦੀ ਜਾਂਚ ਕਰਾਉਣ ਦੀ ਮੰਗ ਕੀਤੀ ਜਿਸਨੂੰ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਮੰਨ ਲਿਆ। ਮੰਤਰੀ ਚੌਧਰੀ ਸਵਰਨਾ ਰਾਮ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਦੱਸਿਆ ਗਿਆ ਹੈ। ਇਕ ਕਰਮਚਾਰੀ ਨੂੰ ਸਸਪੈਂਡ ਕੀਤਾ ਗਿਆ ਹੈ। ਉਧਰ, ਸਿਹਤ ਮੰਤਰੀ ਨੇ ਇਕ ਸ਼ਿਕਾਇਤ ਤੇ ਕਿਹਾ ਕਿ ਉਹ ਦਾਤਾਰਪੁਰ ਦਾ ਹਸਪਤਾਲ ਖੁਦ ਚੈਕ ਕਰੇਗੀ ਭਾਜਪਾ ਵਿਧਾਇਕ ਅਮਰਜੀਤ ਸਿੰਘ ਸਾਹੀ ਨੇ ਕਿਹਾ ਸੀ ਕਿ ਨਾ ਤਾਂ ਹਸਪਤਾਲਾਂ ਵਿਚ ਬੈਡ ਹਨ ਅਤੇ ਨਾ ਹੀ ਪੀਣ ਲਈ ਪਾਣੀ। ਇਕ ਹੋਰ ਸਵਾਲ ਦੇ ਉਤਰ ਵਿਚ ਸਿਹਤ ਮੰਤਰੀ ਨੇ ਬਲਾਕ ਤਰਸਿੱਕਾ ਦੇ ਸਿਹਤ ਕੇਂਦਰ ਦੀ ਜਾਂਚ ਕਰਨ ਤੋਂ ਮਨਾ ਕਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਤਰਸਿੱਕਾ ਦੇ ਸਿਹਤ ਕੇਂਦਰ ਵਿਚ ਐਕਸਰੇ ਮਸ਼ੀਨਾਂ ਠੀਕ ਨਾਲ ਕੰਮ ਕਰ ਰਹੀਆਂ ਹਨ। ਲਗਦਾ ਹੈ ਕਿ ਵਿਧਾਇਕ ਸਾਹਬ ਹੀ ਲੰਬੇ ਅਰਸੇ ਤੋਂ ਹਸਪਤਾਲ ਨਹੀਂ ਗਏ ਹਨ।

## ਅੰਮ੍ਰਿਤਸਰ 'ਚ ਗੋਲੀ ਨਾਲ ਲੜਕੀ ਹਲਾਕ

**ਅੰਮ੍ਰਿਤਸਰ:** ਇਥੇ ਵਾਪਰੀ ਇਕ ਵਾਰਦਾਤ ਦੌਰਾਨ ਇਕ ਲੜਕੀ ਸਮੇਤ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ, ਜਦੋਂਕਿ 4 ਹੋਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਹਨ। ਇਹ ਵਾਰਦਾਤ ਇਥੇ ਥਾਣਾ ਸਦਰ ਅਧੀਨ ਪੈਂਦੇ ਇਲਾਕੇ ਫਤਿਹਗੜ੍ਹ ਚੂੜੀਆਂ ਰੋਡ ਸਥਿਤ ਸਪਰਿੰਗ ਡੇਲ ਸਕੂਲ ਦੇ ਨੇੜੇ 22 ਮਾਰਚ ਨੂੰ ਇਕ ਘਰ ਵਿਚ ਵਾਪਰੀ।

ਡੀ.ਸੀ.ਪੀ. ਅੰਮ੍ਰਿਤਸਰ ਡਾ. ਕੌਸਤਵ ਸ਼ਰਮਾ ਨੇ ਦੱਸਿਆ ਕਿ ਗੁਰਦਿਆਲ ਸਿੰਘ ਨਾਮਕ ਵਿਅਕਤੀ ਦੇ ਘਰ ਕੁਝ ਅਣਪਛਾਤੇ ਹਥਿਆਰਬੰਦ ਲੁਟੇਰਿਆਂ ਨੇ ਦਾਖਲ ਹੋ ਕੇ ਅੰਧਾਧੁੰਦ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਗੋਲੀਆਂ ਲੱਗਣ ਕਾਰਨ 18 ਸਾਲਾ ਲੜਕੀ ਕੰਵਲਜੀਤ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਪਰਿਵਾਰ ਦੇ 4 ਹੋਰ ਮੈਂਬਰ ਗੰਭੀਰ ਰੂਪ 'ਚ ਜ਼ਖਮੀ ਹੋ ਗਏ। ਜ਼ਖ਼ਮੀਆਂ 'ਚ ਮ੍ਰਿਤਕਾ ਦੇ ਪਿਤਾ ਗੁਰਿੰਦਰ ਸਿੰਘ, ਮਾਤਾ ਸੁਰਿੰਦਰ ਕੌਰ, ਭਰਾ ਜੈਪਾਲ ਸਿੰਘ ਤੇ ਵਿਜੈਪਾਲ ਸਿੰਘ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਕ ਲੁਟੇਰੇ ਦੀ ਵੀ ਦੌੜਨ ਸਮੇਂ ਕੋਠੇ ਤੋਂ ਛਾਲ ਮਾਰੇ ਜਾਣ ਕਾਰਨ ਮੌਤ ਹੋ ਗਈ, ਜਿਸ ਕੋਲੋਂ ਪੁਲਿਸ ਨੂੰ ਇਕ ਪਿਸਤੌਲ, ਦੋ ਮੋਬਾਇਲ ਅਤੇ ਇਕ ਪਲਾਸ ਬਰਾਮਦ ਹੋਇਆ ਹੈ। ਮ੍ਰਿਤਕ ਲੁਟੇਰੇ ਦੀ ਸ਼ਨਾਖਤ ਨਹੀਂ ਹੋ ਸਕੀ ਹੈ।

ਇਸ ਘਟਨਾ ਦੀ ਸੂਚਨਾ ਮਿਲਦਿਆਂ ਡੀ.ਸੀ.ਪੀ. ਡਾ. ਕੌਸ਼ਤਵ ਸ਼ਰਮਾ ਤੋਂ ਇਲਾਵਾ ਐੱਸ.ਪੀ.ਡੀ. ਹਰਜੀਤ ਸਿੰਘ ਬਰਾੜ, ਐੱਸ.ਪੀ.ਮੱਖਣ ਸਿੰਘ, ਡੀ.ਐੱਸ.ਪੀ. ਹਰਦੇਵ ਸਿੰਘ ਬੋਪਾਰਾਏ, ਐੱਸ.ਐੱਚ.ਓ. ਸਦਨ ਰਮਨੀਸ਼ ਕੁਮਾਰ ਤੇ ਇੰਸਪੈਕਟਰ ਸਰਬਜੀਤ ਸਿੰਘ ਬਾਜਵਾ ਆਦਿ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਪਤਾ ਲੱਗਾ ਹੈ ਕਿ ਇਹ ਲੁਟੇਰੇ ਪੈਦਲ ਆਏ ਸਨ। ਜ਼ਖਮੀਆਂ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ ਹੈ ਅਤੇ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਮੋਹਾਲੀ ਦੀ ਇਕ ਅਖ਼ਬਾਰ ਤੇ ਸੰਪਾਦਕ ਖਿਲਾਫ ਕਾਨੂੰਨੀ ਕਾਰਵਾਈ ਕਰਾਂਗੇ -ਮੱਕੜ, ਧੁੰਮਾ

**ਫਤਹਿਗੜ੍ਹ ਸਾਹਿਬ :** ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੁਲਾਈ ਗਈ ਸਮੂਹ ਸਿੱਖ ਜਥੇਬੰਦੀਆਂ ਸੰਪ੍ਰਦਾਵਾਂ, ਸੰਤ ਸਮਾਜ ਦੇ ਮੁਖੀਆਂ, ਸੰਸਥਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਫੈਡਰੇਸ਼ਨ ਅਤੇ ਪੰਥਕ ਪਿੜ ਵਿਚ ਵਿਚਰ ਰਹੀਆਂ ਸੰਸਥਾਵਾਂ ਦੇ ਪ੍ਰਤੀਨਿਧਾਂ ਦੀ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਅਹਿਮ ਮੀਟਿੰਗ ਹੋਈ। ਜਿਸ ਵਿਚ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਦੇ ਸੰਪਾਦਕ ਜੋਗਿੰਦਰ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਵਰਤੀ ਅਪਮਾਨਜਨਕ ਸ਼ਬਦਾਵਲੀ ਅਤੇ ਕੀਤੇ ਗਏ ਕਿੰਤੂ-ਪ੍ਰੰਤੂ ਨੂੰ ਲੈ ਕੇ ਪੈਦਾ ਹੋਏ ਹਲਾਤਾਂ 'ਤੇ ਗੰਭੀਰ ਵਿਚਾਰਾਂ ਹੋਈਆਂ। ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਬਉੱਚਤਾ ਨੂੰ ਸਿੱਖ ਵਿਰੋਧੀਆਂ ਅਤੇ ਕਾਂਗਰਸ ਦੀ ਸ਼ਹਿ 'ਤੇ ਚੁਣੌਤੀ ਦੇਣ ਵਾਲੇ ਲੋਕਾਂ ਅਤੇ ਨਾਮਨਿਹਾਦ ਜਥੇਬੰਦੀਆਂ ਨੂੰ ਬਾਜ਼ ਆਉਣ ਦੀ ਤਾੜਨਾ ਕੀਤੀ ਗਈ। ਇਸ ਇਕੱਤਰਤਾ ਵਿਚ ਸਰਬਸੰਮਤੀ ਨਾਲ ਇਕ ਪੰਜ ਮੈਂਬਰੀ ਕਮੇਟੀ ਗਠਿਤ ਕੀਤੀ ਗਈ। ਇਕੱਤਰਤਾ ਵਿਚ ਇਹ ਫੈਸਲਾ ਕੀਤਾ ਗਿਆ ਕਿ ਸਿੱਖ ਜਜ਼ਬਾਤ ਨੂੰ ਠੇਸ ਪਹੁੰਚਾਉਣ ਬਦਲੇ ਸਪੋਕਸਮੈਨ ਅਖ਼ਬਾਰ ਅਤੇ ਇਸ ਦੇ ਸੰਪਾਦਕ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਜਿਸਦਾ ਸਾਰਾ ਜਿੰਮਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਿਆ ਹੈ।

## ਹਰਿਮੰਦਰ ਸਾਹਿਬ ਦੀ ਮੁੱਖ ਸੜਕ ਤੇ ਲਗੇ ਬੈਰੀਅਰ ਹਟੇ

**ਅੰਮ੍ਰਿਤਸਰ :** ਦਰਬਾਰ ਸਾਹਬ ਨੂੰ ਜਾਣ ਵਾਲੀ ਮੁੱਖ ਸੜਕ ਤੇ ਲਾਏ ਗਏ ਬੈਰੀਅਰ ਨੂੰ 22 ਮਾਰਚ ਨੂੰ ਖੋਲ ਦਿੱਤਾ ਗਿਆ। ਇਸਨੂੰ ਲੈ ਕੇ ਕਈ ਦਿਨਾਂ ਤੋਂ ਇਲਾਕੇ ਦੇ ਵਪਾਰੀ ਅਤੇ ਲੋਕ ਵਿਰੋਧ ਜਤਾ ਰਹੇ ਸਨ। ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਅਤੇ ਡੀ ਸੀ ਕਾਹਨ ਸਿੰਘ ਪੰਨੂ ਵਿਚ ਹੋਈ ਬੈਠਕ ਦੇ ਬਾਅਦ ਇਹ ਫੈਸਲਾ ਕੀਤਾ ਗਿਆ। ਕਾਰੋਬਾਰੀਆਂ ਦਾ ਕਹਿਣਾ ਸੀ ਕਿ ਬੈਰੀਅਰ ਲਗਾਉਣ ਨਾਲ ਵਾਹਨਾਂ ਦੇ ਨਾ ਆਉਣ ਨਾਲ ਉਨ੍ਹਾਂ ਦਾ ਮਾਲ ਨਹੀਂ ਆਵੇਗਾ, ਉਥੇ ਹੋਟਲ ਮਾਲਿਕਾਂ ਦੀ ਦਲੀਲ ਸੀ ਕਿ ਟੂਰਿਸਟ ਦੀ ਉਨਾਂ ਤੱਕ ਪਹੁੰਚ ਨਾ ਹੋਣ ਨਾਲ ਧੰਦਾ ਖਤਮ ਹੋ ਜਾਵੇਗਾ। ਉਨਾਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਚਾਵਲਾ ਨੇ ਪੰਨੂ ਨੂੰ ਸਾਰੀ ਮੁਸ਼ਕਿਲ ਤੋਂ ਜਾਣੂ ਕਰਾਇਆ, ਉਸਤੋਂ ਬਾਅਦ ਉਨਾਂ ਨੇ ਬੈਰੀਅਰ ਖੋਲ੍ਹਣ ਅਤੇ ਹੋਰ ਰਸਤਿਆਂ ਤੇ ਨਵੇਂ ਸਿਰੇ ਤੋਂ ਬੈਰੀਅਰ ਨ ਲਗਾਉਣ ਦਾ ਫੈਸਲਾ ਲਿਆ। ਇਸਤੋਂ ਖੁਸ਼ ਕਾਰੋਬਾਰੀਆਂ ਨੇ ਚਾਵਲਾ ਅਤੇ ਜਿਲਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

## ਸੁਖਬੀਰ 13 ਅਪਰੈਲ ਨੂੰ ਬਣੇਗਾ ਮੁੱਖ ਮੰਤਰੀ?

**ਲੁਧਿਆਣਾ :** ਥੋੜ੍ਹੇ ਸਮੇਂ ਵਿਚ ਹੀ ਪਾਰਟੀ ਪ੍ਰਧਾਨਗੀ ਤੇ ਉਪ ਮੁੱਖ ਮੰਤਰੀ ਦੀ ਕੁਰਸੀ ਤਕ ਪੁੱਜਣ ਵਿਚ ਸੁਖਬੀਰ ਸਿੰਘ ਬਾਦਲ ਨੂੰ ਕੋਈ ਬਹੁਤਾ ਜ਼ੋਰ ਨਹੀਂ ਲਾਉਣਾ ਪਿਆ। ਇਸ ਵਿਚ ਉਨ੍ਹਾਂ ਨੂੰ ਅਪਣੀ ਭਾਈਵਾਲ ਪਾਰਟੀ ਤੇ ਸੀਨੀਅਰ ਅਕਾਲੀ ਲੀਡਰਾਂ ਦੀ ਕੋਈ ਬਹੁਤੀ ਵਿਰੋਧਤਾ ਦਾ ਸਾਹਮਣਾ ਵੀ ਨਹੀਂ ਕਰਨਾ ਪਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਪੂਰਾ ਹੋਣ ਜਾ ਰਿਹਾ ਹੈ।



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬਿਮਾਰ ਹੋਣ ਕਾਰਨ ਉਨ੍ਹਾਂ ਦੀ ਥਾਂ 'ਤੇ ਬਤੌਰ ਉਪ ਮੁੱਖ ਮੰਤਰੀ ਵਿਧਾਨ ਸਭਾ ਸ਼ੈਸ਼ਨ ਦੌਰਾਨ ਵਿਰੋਧੀ ਧਿਰ ਦੇ ਸਵਾਲਾਂ ਦੇ ਜਵਾਬ ਦੇ ਕੇ ਇਹ ਸਾਬਤ ਕਰ ਦਿਤਾ ਕਿ ਹੁਣ ਉਹ ਸਰਕਾਰ ਚਲਾਉਣ ਦੇ ਕਾਬਲ ਹੋ ਚੁੱਕੇ ਹਨ। ਸ. ਪ੍ਰਕਾਸ਼ ਸਿੰਘ ਬਾਦਲ ਘਰ ਬੈਠ ਕੇ ਟੈਲੀਵੀਜ਼ਨ ਰਾਹੀਂ ਸੁਖਬੀਰ ਸਿੰਘ ਬਾਦਲ ਦੇ ਭਾਸ਼ਣ ਨੂੰ ਵੇਖਦੇ ਰਹੇ ਜਿਸ ਤੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਦਾ ਪੁੱਤਰ ਹੁਣ ਸਰਕਾਰ ਚਲਾਉਣ ਦੇ ਕਾਬਲ ਹੈ ਤੇ ਉਨ੍ਹਾਂ ਹਰੀ ਝੰਡੀ ਦੇ ਕੇ ਸੁਖਬੀਰ ਸਿੰਘ ਬਾਦਲ ਦੇ ਮੁੱਖ ਮੰਤਰੀ ਬਣਨ ਲਈ ਰਾਹ ਪੱਧਰਾ ਕਰ ਦਿਤਾ ਹੈ ਵਿਸਾਖੀ 'ਤੇ ਸੁਖਬੀਰ ਸਿੰਘ ਬਾਦਲ ਸਿਰ ਮੁੱਖ ਮੰਤਰੀ ਦੀ ਤਾਜਪੋਸ਼ੀ ਦਾ ਸਿਹਰਾ ਬੱਝਣਾ ਲਗਭਗ ਤੈਅ ਹੋ ਚੁਕਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਆਉਣ ਵਾਲੇ ਸਮੇਂ ਵਿਚ ਬਿਕਰਮ ਸਿੰਘ ਮਜੀਠੀਆ ਸਾਬਕਾ ਕੈਬਨਿਟ ਮੰਤਰੀ ਵੀ ਦੁਬਾਰਾ ਕੈਬਨਿਟ ਮੰਤਰੀ ਬਣ ਸਕਦੇ ਹਨ।

# ਪੰਜਾਬ ਦੀਆਂ ਪੰਚਾਇਤਾਂ ਵਲੋਂ ਬੇਨਿਯਮੀਆਂ ਰਾਹੀਂ ਅਰਬਾਂ ਦਾ ਗ਼ਬਨ

**ਚੰਡੀਗੜ੍ਹ:** ਪੰਜਾਬ ਦੀਆਂ ਵੱਖ-ਵੱਖ ਪੰਚਾਇਤਾਂ ਵਿਚ ਹੋਈਆਂ ਬੇਨਿਯਮੀਆਂ ਕਾਰਨ ਅਰਬਾਂ ਰੁਪਏ ਦਾ ਗਬਨ ਹੋਇਆ ਹੈ। ਇਹ ਗੜਬੜ ਰਿਕਾਰਡ ਵਿਚ ਹੇਰਾਫੇਰੀ, ਸ਼ਾਮਲਾਤ ਜ਼ਮੀਨਾਂ 'ਤੇ ਕਬਜ਼ੇ, ਸਰਪੰਚਾਂ ਵਲੋਂ ਪੈਸਾ ਦੱਬਣ, ਵਸੂਲੀ ਨਾ ਕਰਨ ਅਤੇ ਗਲਤ ਕੰਮਾਂ 'ਤੇ ਖਰਚ ਕਾਰਨ ਹੋਈ ਹੈ।

ਲੋਕਲ ਆਡਿਟ ਵਿਭਾਗ ਦੀ ਸਾਲ 2007-08 ਲਈ ਸਾਲਾਨਾ ਪ੍ਰਬੰਧਕੀ ਰਿਪੋਰਟ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਗਈ ਜਿਸ ਵਿਚ ਇਹ ਤੱਥ ਉਭਰ ਕੇ ਸਾਹਮਣੇ ਆਏ ਹਨ। ਤੱਥਾਂ ਅਨੁਸਾਰ ਕੈਸ਼ ਬੁੱਕ ਦੇ ਬਕਾਏ ਬੈਂਕ ਪਾਸ ਬੁੱਕਾਂ ਦੇ ਬਕਾਇਆਂ ਨਾਲ ਮਿਲਾਏ ਨਹੀਂ ਗਏ। ਰਕਮ ਦੀ ਸੰਭਾਲ ਠੀਕ ਨਾ ਹੋਣ ਕਾਰਨ ਹੱਥ ਵਿਚ ਰੱਖੀ ਰਕਮ ਦਾ ਪਤਾ ਹੀ ਨਹੀਂ ਲੱਗ ਸਕਿਆ।

ਪੜਤਾਲ ਅਨੁਸਾਰ 117 ਪੰਚਾਇਤਾਂ ਵਿਚੋਂ 34,78,525,28 ਰੁਪਏ ਦੀ ਰਕਮ ਸਿੱਧੀ ਗਬਨ ਦੀ ਭੇਟ ਚੜ੍ਹ ਗਈ। ਇਹ ਗਬਨ ਰਿਕਾਰਡ ਵਿਚ ਹੇਰਾਫੇਰੀਆਂ ਕਰ ਕੇ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਪਹਿਲੇ ਸਰਪੰਚਾਂ ਨੇ ਆਪਣੇ ਉੱਤਰ ਅਧਿਕਾਰੀਆਂ ਨੂੰ ਹੱਥ ਵਿਚ ਰੱਖੀਆਂ ਕੁੱਲ 28,07,633,02 ਰੁਪਏ ਦੀਆਂ ਰਕਮਾਂ ਦਿੱਤੀਆਂ ਹੀ ਨਹੀਂ ਹਨ। ਇਸ ਰਕਮ ਦਾ 51,06,495,19 ਰੁਪਏ ਤਾਂ ਵਿਆਜ ਹੀ ਬਣਦਾ ਹੈ। ਇਸ ਤਰ੍ਹਾਂ ਇਨ੍ਹਾਂ ਰਕਮਾਂ ਦੀ ਕੁਵਰਤੋਂ ਹੋਈ ਹੈ ਤੇ ਇਨ੍ਹਾਂ ਬਾਰੇ ਆਡਿਟ ਦਾ ਇਤਰਾਜ਼ ਆ ਜਾਣ ਦੇ ਬਾਅਦ ਵੀ ਵਸੂਲੀ ਲਈ ਕੋਈ ਠੋਸ ਉਪਰਾਲੇ ਨਹੀਂ ਹੋਏ ਜਿਸ ਕਰਕੇ ਗਬਨ ਦਾ ਪੂਰਾ ਖਦਸ਼ਾ ਹੈ। ਪੰਜਾਬ ਦੀਆਂ 703 ਪੰਚਾਇਤਾਂ ਅਜਿਹੀਆਂ ਹਨ ਜਿਨ੍ਹਾਂ ਨੇ ਨਿਯਮਾਂ ਤੋਂ ਬਾਹਰ ਜਾ ਕੇ ਆਪਣੇ ਹੱਥ ਵਿਚ 2000 ਰੁਪਏ ਤੋਂ ਵਧ ਰਕਮ ਰੱਖੀ। ਇਸ ਰਕਮ 'ਤੇ 15 ਪ੍ਰਤੀਸ਼ਤ ਦੀ ਦਰ ਵਿਆਜ ਨਾਲ 51,06,495, 19 ਰੁਪਏ ਵਿਆਜ ਹੀ ਬਣਦਾ ਹੈ। ਇਸ ਮਾਮਲੇ ਵਿਚ ਕਸੂਰਵਾਰਾਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ।

ਤੱਥਾਂ ਬਾਰੇ ਦਿੱਤੀ ਜਾਣਕਾਰੀ ਅਨੁਸਾਰ 2007-08 ਦੌਰਾਨ ਲੇਖਿਆਂ ਦੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ 1,63,29,64,9991.5 ਰੁਪਏ ਉਸਾਰੀ ਕੰਮਾਂ ਲਈ ਖਰਚੇ ਗਏ ਸਨ ਪਰ ਇਨ੍ਹਾਂ ਕੰਮਾਂ ਲਈ ਨਿਯਮਾਂ ਅਨੁਸਾਰ ਮਿਣਤੀਆਂ ਨਹੀਂ ਕਰਵਾਈਆਂ ਗਈਆਂ ਅਤੇ ਨਾ ਹੀ ਇਨ੍ਹਾਂ ਕੰਮਾਂ ਲਈ ਟੈਂਡਰ ਕਰਵਾਏ ਗਏ। ਇਨ੍ਹਾਂ ਖਰਚਿਆਂ ਦੇ ਸਹੀ ਹੋਣ ਬਾਰੇ ਪੜਤਾਲ ਹੀ ਨਹੀਂ ਹੋ ਸਕੀ। ਕੇਵਲ ਏਨਾ ਹੀ ਨਹੀਂ ਸਗੋਂ ਪੰਚਾਇਤ ਫੰਡ ਵਿਚੋਂ 1,63,29,64,9991.5 ਕਰੋੜ ਰੁਪਏ ਇਸ ਤਰ੍ਹਾਂ ਦੇ ਕੰਮਾਂ ਲਈ ਖਰਚ ਕੀਤੇ ਗਏ ਜਿਹੜੇ ਕੰਮ ਪੰਚਾਇਤਾਂ ਵਲੋਂ ਨਹੀਂ ਕਰਵਾਏ ਜਾ ਸਕਦੇ। ਮਿਸਾਲ ਵਜੋਂ ਕਈ ਪੰਚਾਇਤਾਂ ਨੇ ਪੰਚਾਇਤ ਖਰਚੇ ਨਾਲ ਭਰਤ ਪੁਆਈ ਅਤੇ ਇਸ ਮੰਤਵ ਲਈ ਡੀਜ਼ਲ ਖਰੀਦਿਆ ਗਿਆ। ਪੰਚਾਇਤ ਦਾ ਪੈਸਾ ਜ਼ਮੀਨ ਪੱਧਰੀ ਕਰਨ ਲਈ ਇਸਤੇਮਾਲ ਹੋਇਆ ਪਰ ਨਿਯਮ ਇਸ ਦੀ ਪ੍ਰਵਾਨਗੀ ਨਹੀਂ ਦਿੰਦੇ। ਪੰਚਾਇਤਾਂ ਨੇ ਕਈ ਸਮਾਗਮਾਂ ਲਈ ਟੈਂਟ ਅਤੇ ਸ਼ਾਮਿਆਨੇ ਦਾ ਕਿਰਾਇਆ ਵੀ ਦਿੱਤਾ। ਇਹ ਖਰਚਾ ਆਮ ਤੌਰ 'ਤੇ ਮੰਤਰੀਆਂ ਜਾਂ ਰਾਜਸੀ ਆਗੂਆਂ ਲਈ ਕੀਤੇ ਸਮਾਗਮਾਂ ਵਾਸਤੇ ਹੁੰਦਾ ਹੈ ਪਰ ਬਾਅਦ ਵਿਚ ਇਸ ਦੀ ਜ਼ਿੰਮੇਵਾਰੀ ਪੰਚਾਇਤ ਸਿਰ ਆ ਪੈਂਦੀ ਹੈ। ਪੰਚਾਇਤਾਂ ਨੇ ਸਭਿਆਚਾਰਕ ਪ੍ਰੋਗਰਾਮ ਕੀਤੇ ਅਤੇ ਮੰਤਰੀਆਂ ਦੇ ਨੀਂਹ ਪੱਥਰ ਰੱਖਣ ਅਤੇ ਰੈਲੀਆਂ ਲਈ ਗੱਡੀਆਂ ਦਾ ਖਰਚਾ ਕੀਤਾ। ਇਹ ਸਾਰੇ ਖਰਚੇ ਰਾਜਸੀ ਆਗੂਆਂ ਦੇ ਇਸ਼ਾਰੇ 'ਤੇ ਹੁੰਦੇ ਹਨ ਪਰ ਮੁੜ ਕੇ ਕੋਈ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਹੁੰਦਾ।

ਕਈ ਪੰਚਾਇਤਾਂ ਨੇ ਆਪਣੇ ਖਾਤੇ ਵਿਚੋਂ ਦਾਨ ਵੀ ਕਰ ਦਿੱਤਾ। ਇਸੇ ਤਰ੍ਹਾਂ ਪਿੰਡਾਂ ਦੇ ਖੇਡ ਮੁਕਾਬਲਿਆਂ ਲਈ ਕਈ ਥਾਂ ਖੇਡਾਂ ਦਾ ਖਰਚਾ ਪੰਚਾਇਤ ਨੇ ਕਰ ਦਿੱਤਾ ਪਰ ਨਿਯਮ ਅਨੁਸਾਰ ਇਹ ਖਰਚਾ ਗੈਰਕਾਨੂੰਨੀ ਬਣ ਗਿਆ ਹੈ। ਪੰਚਾਇਤਾਂ ਵਲੋਂ ਅਖਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਬਾਰੇ ਵੀ ਇਤਰਾਜ਼ ਹੋਇਆ ਹੈ। ਕਈ ਪੰਚਾਇਤਾਂ ਚੋਣਾਂ ਲਈ ਖਰਚ ਕਰ ਦਿੰਦੀਆਂ ਹਨ ਪਰ ਇਸ ਬਾਰੇ ਵੀ ਇਤਰਾਜ਼ ਆਏ ਹਨ। ਸਰਕਾਰੀ ਅਧਿਕਾਰੀਆਂ ਜਾਂ ਰਾਜਸੀ ਆਗੂਆਂ ਦੇ ਅਸਰ ਹੇਠ ਆ ਕੇ ਕੁਝ ਪੰਚਾਇਤਾਂ ਨੇ ਮੁੱਖ ਮੰਤਰੀ ਰਾਹਤ ਕੋਸ਼ ਵਿਚ ਪੈਸਾ ਦੇ ਦਿੱਤਾ। ਕਈ ਪਿੰਡਾਂ ਨੇ ਬੁਢਾਪਾ ਪੈਨਸ਼ਨ ਹੀ ਆਪਣੇ ਖਰਚੇ ਵਿਚੋਂ ਦਿੱਤੀ ਹੈ। ਇਸ ਤਰ੍ਹਾਂ ਦੇ ਹੋਰ ਵੀ ਬੇਨਿਯਮੀਆਂ ਵਾਲੇ ਕੰਮ ਹੋਏ ਹਨ। ਰਿਪੋਰਟ ਅਨੁਸਾਰ ਇਹ ਸਾਰਾ ਖਰਚਾ ਇਤਰਾਜ਼ਯੋਗ ਹੈ।

ਰਿਪੋਰਟ ਅਨੁਸਾਰ ਕਈ ਪੰਚਾਇਤਾਂ ਨੇ ਚੁੱਲ੍ਹਾ ਟੈਕਸ ਦੀਆਂ ਲਿਸਟਾਂ ਸਹੀ ਢੰਗ ਨਾਲ ਤਿਆਰ ਨਹੀਂ ਕੀਤੀਆਂ ਹਨ। ਲੋਕਾਂ ਵਲ ਵਸੂਲੀ ਖੜੀ ਹੈ ਪਰ ਪੰਚਾਇਤ ਕੋਈ ਕਾਰਵਾਈ ਨਹੀਂ ਕਰ ਰਹੀ। ਸ਼ਾਮਲਾਤ ਦੀ ਜ਼ਮੀਨ ਠੇਕੇ ਲਈ ਦੇਣ ਅਤੇ ਹੱਡਾਰੋੜੀ ਠੇਕੇ ਲਈ ਦੇਣ ਬਾਰੇ ਵੀ ਬੇਨਿਯਮੀਆਂ ਹੋਈਆਂ ਹਨ। ਠੇਕੇ ਦੀ ਰਕਮ ਹੀ ਨਹੀਂ ਵਸੂਲੀ ਗਈ। ਇਸ ਤਰ੍ਹਾਂ ਦੇ ਮਾਮਲਿਆਂ ਵਿਚ 104 ਪੰਚਾਇਤਾਂ ਵਲ 2,43,07,769 ਰੁਪਏ ਦੀ ਰਕਮ ਬਕਾਇਆ ਹੈ, ਪਰ ਵਸੂਲੀ ਲਈ ਕੋਈ ਉਪਰਾਲਾ ਨਹੀਂ ਹੋਇਆ। ਇਸਤੋਂ ਇਲਾਵਾ ਕਈ ਪਿੰਡਾਂ ਵਿਚ ਪੰਚਾਇਤਾਂ ਦੀਆਂ ਜ਼ਮੀਨਾਂ 'ਤੇ ਜਬਰੀ ਕਬਜ਼ਾ ਕੀਤਾ ਹੋਇਆ ਹੈ।


ਇਨ੍ਹਾਂ ਜ਼ਮੀਨਾਂ ਦਾ ਕਬਜ਼ਾ ਵਾਪਸ ਲੈਣ ਲਈ ਕੋਈ ਠੋਸ ਕਾਰਵਾਈ ਸਾਹਮਣੇ ਨਹੀਂ ਆਈ। ਕਈ ਪੰਚਾਇਤਾਂ ਅਜਿਹੀਆਂ ਹਨ ਜਿਨ੍ਹਾਂ ਨੇ ਆਪਣੀ ਜ਼ਮੀਨ ਪਟੇ ਲਏ ਨਹੀਂ ਦਿੱਤੀ। ਪੰਚਾਇਤਾਂ ਨੇ ਕਈ ਕੇਸਾਂ ਵਿਚ ਆਪਣੇ ਹਮਾਇਤੀਆਂ ਨੂੰ ਪਿਛਲੇ ਸਾਲਾਂ ਦੇ ਮੁਕਾਬਲੇ ਸਸਤੀ ਦਰ 'ਤੇ ਜ਼ਮੀਨ ਦੇ ਦਿੱਤੀ। ਪਰ ਇਸ ਦਾ ਕਾਰਨ ਕੋਈ ਨਹੀਂ ਦੱਸਿਆ ਗਿਆ। ਬਹੁਤ ਸਾਰੀਆਂ ਪੰਚਾਇਤਾਂ ਨੇ ਆਡਿਟ ਨੋਟ ਗਰਾਮ ਸਭਾ ਦੇ ਸਾਹਮਣੇ ਹੀ ਨਹੀਂ ਰੱਖੇ ਅਤੇ ਇਤਰਾਜ਼ਾਂ ਦੇ ਨਿਪਟਾਰੇ ਲਈ ਕੋਈ ਉਪਰਾਲਾ ਨਹੀਂ ਕੀਤਾ।

GILL






DIGITAL VIDEO




Harry Gill 209-648-9716
Jaji 916-470-9781

ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ, ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ ਦੇ ਸਮਾਗਮਾਂ ਲਈ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ



www.gilldigitalvideo.com
email: gillvideo@yahoo.com




JAGDEEP SINGH
INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

We Can Beat Any Rates

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ




CA Lic #0E42884

Ph : 559.277.5580
Fax : (888) 227-6988
email: jagdeep@jsinghagency.com
www.jsinghagency.com

Fresno Location : 4491 W. Shaw Ave. #300A Fresno CA 93722

Our New Location : GOLD RIVER
Ph : 916-220-2128
2377 Gold Meadow, Ste #157, Gold River CA 95670



ਸਮੋਗ ਚੈਕ ਸਮੋਗ ਚੈਕ

SMOG CHECK

STATE OF CALIFORNIA LICENSED

ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਟੋ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।

| | |
|---|---|
| • 901 California Ave & P | : 661.325-6666 |
| • 1629 California Ave & H | : 661.323.3333 |
| • 406 S. Chester Ave & Terrace Way (Inside Gas Station) | : 661.832.4444 |
| • 5333 Whtie Ln & Grissom (Inside Big Brand Tire) | : 661396.7664 (Smog) |
| • 1017 Bearmountain Blvd (Arvin) | : 661.854.7664 (Smog) |
| • 1222 Golden State & M | : 661.326.0346 |
| • 1506 N. Black Stone & Mckinley (Fresno) | : 559.268.7574 |
| • 2597 N Black Stone (Fresno) (Between Clinton & Shield) | : 559.222.9999 |
| • 1161-I Street Reedley &12th St | : 559.638.9017 |
| • 416 Orisi Ca & 63 Hwy | : 559.528.6848 |
| • 2420 Whiteson Ave & Thompson (By Kragen Auto Parts) Selma | : 559.896.5555 |
| • 646 Dinuba Ave (Reedley) (By the DMV 3073) | : 559.638.3243 |
| 1512 Dairy Ave Corcoran CA | : 559.922.4500 |

Special 39.75
Big+DMV Certificate
Free Repair Upto $500
Ask for Tech

MOST CARS

ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।



Grand Opening
ALL TIRE 4 LESS

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ । ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਕਰਦੇ ਹਾਂ ।



24 Hours Road Service

NEW & USED TIRE SALE & SERVICE

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

710 South Hwy 59 Merced CA 95304

ਕਾਲ ਕਰੋ
Shop ▶ 209.384.0424
Hardeep S. Rai ▶ Cell:209.678.6176

bigrigtire@yahoo.com
www.alltire4less.com

ਪੰਜਾਬ ਟਾਈਮਜ਼

ਸਨਿਚਰਵਾਰ, 27 ਮਾਰਚ, 2010

ਭਵਿੱਖ ਸਾਕਾਰ ਕਰ ਦੇਣਾ ਹੀ ਸਭ ਤੋਂ ਵਧੀਆ ਪੇਸ਼ੀਨਗੋਈ ਹੁੰਦੀ ਹੈ - ਜੋਸਲ ਕਾਫਮੈਨ

# ਭ੍ਰਿਸ਼ਟਾਚਾਰ ਪ੍ਰਤੀ ਸਿਆਸੀ ਰਹਿਮ

ਪੰਜਾਬ ਵਿਧਾਨ ਸਭਾ ਵਿਚ ਪੰਜਾਬ ਦੇ ਸਿਆਸਤਦਾਨਾਂ ਨੇ ਹਾਲ ਹੀ ਵਿਚ ਇਕ ਨਵਾਂ ਪੈਂਤੜਾ ਲਿਆ ਹੈ। ਪੰਜਾਬ ਦੀਆਂ ਮੁੱਖ ਵਿਰੋਧੀ ਧਿਰਾਂ ਅਕਾਲੀ-ਭਾਜਪਾ ਅਤੇ ਕਾਂਗਰਸ ਨੇ ਇਹ ਤੱਥ ਪ੍ਰਵਾਨ ਕੀਤਾ ਹੈ ਕਿ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਪਿਛਲੇ ਸਮੇਂ ਵਿਚ ਇਕ-ਦੂਜੇ ਦੇ ਆਗੂਆਂ ਖਿਲਾਫ਼ ਜਿਹੜੇ ਭ੍ਰਿਸ਼ਟਾਚਾਰ ਅਤੇ ਹੋਰ ਕੇਸ ਦਰਜ ਕੀਤੇ ਹਨ, ਉਨ੍ਹਾਂ ਵਿਚ ਸਿਆਸੀ ਬਦਲਾਖੋਰੀ ਦਾ ਅੰਸ਼ ਮੌਜੂਦ ਹੈ। ਰਾਜ ਦੀ ਵਿਧਾਨ ਸਭਾ ਵਿਚ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਨੇ ਡਿਪਟੀ ਸ੍ਰੀ ਸੱਤਪਾਲ ਗੋਸਾਈਂ ਵਲੋਂ ਲਿਖਿਆ ਗਿਆ ਇਕ ਪੱਤਰ ਪੜ੍ਹ ਕੇ ਸੁਣਾਇਆ, ਜਿਸ ਵਿਚ ਉਨ੍ਹਾਂ ਨੇ ਸਦਨ ਵਿਚ ਸਿਆਸੀ ਬਦਲਾਖੋਰੀ ਖ਼ਤਮ ਕਰਨ ਲਈ ਮਤਾ ਲਿਆਂਦੇ ਜਾਣ ਦੀ ਵਕਾਲਤ ਕੀਤੀ। ਆਪਣੇ ਇਸ ਪੱਤਰ ਵਿਚ ਉਨ੍ਹਾਂ ਸਾਰੇ ਹੀ ਮਹੱਤਵਪੂਰਨ ਵਿਅਕਤੀਆਂ ਖਿਲਾਫ਼ ਕੇਸ ਵਾਪਸ ਲਏ ਜਾਣ ਦੀ ਗੱਲ ਕਹੀ ਹੈ। ਪੱਤਰ ਵਿਚ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਬੀਬੀ ਰਜਿੰਦਰ ਕੌਰ ਭੱਠਲ, ਸਪੀਕਰ ਵਿਧਾਨ ਸਭਾ ਸ. ਨਿਰਮਲ ਸਿੰਘ ਕਾਹਲੋਂ ਅਤੇ ਸ. ਅਜੀਤ ਸਿੰਘ ਕੋਹਾੜ ਦੇ ਨਾਵਾਂ ਦਾ ਜ਼ਿਕਰ ਕੀਤਾ ਹੈ। ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇ ਇਨ੍ਹਾਂ ਸ਼ਖਸੀਅਤਾਂ ਦੇ ਖਿਲਾਫ਼ ਕੇਸ ਵਾਪਸ ਲਏ ਜਾਂਦੇ ਹਨ ਤਾਂ ਵਿਧਾਨ ਸਭਾ ਵਿਚ ਮਾਹੌਲ ਚੰਗਾ ਬਣੇਗਾ। ਇਸ ਸਲਾਹ 'ਤੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਤਿੱਖਾ ਪ੍ਰਤੀਕਰਮ ਜ਼ਾਹਰ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀਆਂ ਦੀ ਦਇਆ ਦੀ ਕੋਈ ਲੋੜ ਨਹੀਂ, ਉਹ ਦੋਸ਼ਾਂ ਦਾ ਅਦਾਲਤ ਵਿਚ ਸਾਹਮਣਾ ਕਰਨਗੇ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਭਾਵੇਂ ਉਪਰੋਕਤ ਵਿਚਾਰ ਦੀ ਹਮਾਇਤ ਕੀਤੀ ਪਰ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਅਜਿਹੇ ਕੇਸ ਸਿਰਫ ਲੀਡਰਾਂ ਦੇ ਹੀ ਨਹੀਂ ਸਗੋਂ ਆਮ ਵਰਕਰਾਂ ਦੇ ਵੀ ਵਾਪਸ ਲਏ ਜਾਣੇ ਚਾਹੀਦੇ ਹਨ। ਸਦਨ ਦੀ ਮੁੱਖ ਵਿਰੋਧੀ ਧਿਰ ਦੀ ਆਗੂ, ਮੁੱਖ ਮੰਤਰੀ ਅਤੇ ਐਡਵੋਕੇਟ ਜਨਰਲ ਉਪਰ ਆਧਾਰਤ ਇਕ ਤਿੰਨ ਮੈਂਬਰੀ ਕਮੇਟੀ ਬਣਾਉਣ ਦਾ ਵਿਚਾਰ ਵੀ ਸਾਹਮਣੇ ਆਇਆ ਪਰ ਮਨੋਰੰਜਨ ਕਾਲੀਆ ਸਮੇਤ ਕੁਝ ਆਗੂਆਂ ਨੇ ਆਖਿਆ ਕਿ ਅਜਿਹੀ ਕਮੇਟੀ ਬਣਾਉਣ ਦੀ ਕੋਈ ਲੋੜ ਨਹੀਂ ਹੈ ਸਗੋਂ ਸਪੀਕਰ ਆਪਣੇ ਤੌਰ 'ਤੇ ਐਡਵੋਕੇਟ ਜਨਰਲ ਦੀ ਸਲਾਹ ਨਾਲ ਵਿਚਾਰ ਕਰ ਸਕਦੇ ਹਨ। ਉਂਜ ਇਹ ਤੱਥ ਦਿਲਚਸਪ ਸੀ ਕਿ ਜਦੋਂ ਇਹ ਮਸਲਾ ਉਠਾਇਆ ਜਾ ਰਿਹਾ ਸੀ ਤਾਂ ਕਾਂਗਰਸ ਪਾਰਟੀ ਦੇ ਨੌਜਵਾਨ ਆਗੂ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰ 'ਤੇ ਦੋਸ਼ ਲਾਇਆ ਕਿ ਮੋਹਾਲੀ ਦੀ ਇਕ ਅਦਾਲਤ ਵਿਚ ਇਸ ਪਰਿਵਾਰ ਵਿਰੁਧ ਕੇਸ ਸੁਣਨ ਵਾਲੇ ਜੱਜ, ਜੇ. ਐਸ. ਕਲੇਰ ਨੂੰ ਮਕਾਨ ਨਹੀਂ ਦਿੱਤਾ ਜਾ ਰਿਹਾ ਅਤੇ ਉਨ੍ਹਾਂ ਉਪਰ ਸਰਕਾਰ ਵਲੋਂ ਦਬਾਅ ਪਾਇਆ ਜਾ ਰਿਹਾ ਹੈ। ਖਹਿਰਾ ਵਲੋਂ ਉਠਾਏ ਇਸ ਮਸਲੇ ਨੂੰ ਸੁਖਬੀਰ ਬਾਦਲ ਨੇ ਗੋਲ-ਮੋਲ ਕਰ ਦਿੱਤਾ। ਇਥੇ ਇਹ ਵੀ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਇਕ ਪਾਸੇ ਤਾਂ ਸਿਆਸਤਦਾਨਾਂ ਨੂੰ ਦੋਸ਼ਾਂ ਤੋਂ ਮੁਕਤ ਕਰਨ ਦੀਆਂ ਗੱਲਾਂ ਵਿਧਾਨ ਸਭਾ ਵਿਚ ਤੁਰ ਰਹੀਆਂ ਸਨ, ਦੂਜੇ ਪਾਸੇ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਦੇ ਭ੍ਰਿਸ਼ਟਾਚਾਰ ਦੇ ਨਵੇਂ ਕਿੱਸੇ ਸਾਹਮਣੇ ਆ ਰਹੇ ਸਨ।

ਇਹ ਸੱਚ ਵੀ ਸਾਹਮਣੇ ਆਇਆ ਹੈ ਕਿ ਕੌਮੀ ਅੰਨ ਸੁਰੱਖਿਆ ਮਿਸ਼ਨ ਤਹਿਤ ਕੇਂਦਰ ਸਰਕਾਰ ਵਲੋਂ ਖਾਦਾਂ ਅਤੇ ਬੀਜਾਂ ਉਪਰ ਦਿੱਤੀ ਗਈ ਸਬਸਿਡੀ ਵਿਚ ਪੰਜਾਬ ਦੇ ਸਰਕਾਰੀ ਵਿਭਾਗ, ਸਿਆਸਤਦਾਨਾਂ ਦੀ ਸਰਪ੍ਰਸਤੀ ਅਧੀਨ ਘਪਲਾ ਕਰ ਗਏ ਹਨ। ਜਿੰਕ ਸਲਫੇਟ ਵਿਚ ਪ੍ਰਤੀ ਟਨ 1300 ਅਤੇ ਮੈਗਨੀਜ਼ ਸਲਫੇਟ ਨਾਂ ਦੀ ਖਾਦ ਵਿਚੋਂ ਪ੍ਰਤੀ ਟਨ 6500 ਰੁਪਏ ਦੀ ਕਮਾਈ ਪੰਜਾਬ ਐਗਰੋ ਫੂਡਗਰੇਨ ਕਾਰਪੋਰੇਸ਼ਨ ਨੇ ਕੀਤੀ ਦੱਸੀ ਜਾਂਦੀ ਹੈ। ਕੌਮੀ ਅਣਸੁਰੱਖਿਆ ਮਿਸ਼ਨ ਤਹਿਤ ਕੇਂਦਰ ਵਲੋਂ 40 ਕਰੋੜ 29 ਲੱਖ, 44 ਹਜ਼ਾਰ ਰੁਪਏ ਮਿਲੇ ਸਨ। ਜਿੰਕ ਸਲਫੇਟ ਅਤੇ ਮੈਗਨੀਜ਼ ਸਲਫੇਟ ਇਸ ਮਕਸਦ ਲਈ 50 ਫੀਸਦੀ ਸਬਸਿਡੀ 'ਤੇ ਕਿਸਾਨਾਂ ਨੂੰ ਦਿੱਤੇ ਜਾਣੇ ਸਨ।

ਯਾਦ ਰਹੇ ਹਾਲੇ ਕੁਝ ਦਿਨ ਪਹਿਲਾਂ ਹੀ ਕੇਂਦਰ ਵਲੋਂ ਇਸੇ ਮਕਸਦ ਲਈ ਪ੍ਰਦਾਨ ਕੀਤੇ ਗਏ ਕਣਕ ਦੇ ਬੀਜ ਉਪਰ ਦਿੱਤੀ ਗਈ ਸਬਸਿਡੀ ਵੀ ਖਾਧੀ-ਪੀਤੀ ਗਈ ਸਾਹਮਣੇ ਆਈ ਹੈ। ਬੀਜ ਉਪਰ ਦਿੱਤੀ ਗਈ ਸਬਸਿਡੀ ਵਿਚੋਂ 10 ਕਰੋੜ ਤੋਂ ਵਧ ਦੀ ਰਕਮ ਕਿਸਾਨਾਂ ਤਕ ਪੁੱਜਦੀ ਨਹੀਂ ਕੀਤੀ ਗਈ। ਇਸ ਸੰਬੰਧ ਵਿਚ ਪੰਜਾਬ ਦੇ ਖੇਤੀਬਾੜੀ ਮੰਤਰੀ ਸ੍ਰੀ ਸੁੱਚਾ ਸਿੰਘ ਲੰਗਾਹ ਨੇ ਮੰਨਿਆ ਕਿ ਅਜਿਹਾ ਵਾਪਰਿਆ ਹੈ ਅਤੇ ਇਹ ਪੈਸਾ ਪੰਜਾਬ ਬੀਜ ਨਿਗਮ ਦੇ ਖਰਚਿਆਂ ਲਈ ਵਰਤਿਆ ਗਿਆ ਹੈ। ਮਾਮਲੇ ਵਿਚ ਦਖਲ ਦਿੰਦਿਆਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਇਸ ਦੀ ਜਾਂਚ ਵਿੱਤ ਕਮਿਸ਼ਨ ਵਿਕਾਸ ਤੋਂ ਕਰਵਾਉਣ ਦਾ ਭਰੋਸਾ ਦਿਵਾਇਆ। ਇਹ ਮਸਲਾ ਇਕ ਕਾਂਗਰਸੀ ਵਿਧਾਇਕ ਸ੍ਰੀ ਸੁਨੀਲ ਜਾਖੜ ਨੇ ਉਠਾਇਆ ਸੀ। ਉਨ੍ਹਾਂ ਅਨੁਸਾਰ ਕੇਂਦਰ ਸਰਕਾਰ ਵਲੋਂ ਕਣਕ ਦੇ ਬੀਜਾਂ 'ਤੇ ਦਿੱਤੀ ਗਈ 700 ਰੁਪਏ ਪ੍ਰਤੀ ਕੁਇੰਟਲ ਦੀ ਸਬਸਿਡੀ ਵਿਚੋਂ ਪੰਜਾਬ ਸਰਕਾਰ ਵਲੋਂ 500 ਰੁਪਏ ਹੀ ਦਿੱਤੇ ਗਏ ਅਤੇ ਬਾਕੀ ਦੇ ਹੜੱਪ ਲਏ। ਇਨ੍ਹਾਂ ਮਸਲਿਆਂ ਨੂੰ ਤੱਥਾਂ ਸਹਿਤ ਉਠਾਏ ਜਾਣ ਦੇ ਬਾਵਜੂਦ ਪੰਜਾਬ ਦੇ ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਫੜ੍ਹ ਮਾਰੀ ਕਿ ਉਹ ਇਸ ਮੁੱਦੇ 'ਤੇ ਨਿਰਪੱਖ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਨ। ਸਪੱਸ਼ਟ ਹੈ, ਪੰਜਾਬ ਵਿਚ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਦਾ ਮਿਲਵਾਂ ਭ੍ਰਿਸ਼ਟਾਚਾਰ ਵੱਡੀ ਪੱਧਰ 'ਤੇ ਜਾਰੀ ਹੈ। ਇਸ ਭ੍ਰਿਸ਼ਟਾਚਾਰ ਦੇ ਨਵੇਂ ਕੇਸ ਨੰਗੇ ਹੋਣ ਦੇ ਬਾਵਜੂਦ ਸਿਆਸਤਦਾਨਾਂ ਖਿਲਾਫ਼ ਪੁਰਾਣੇ ਕੇਸ ਵਾਪਸ ਲੈਣ ਦੀ ਗੱਲ ਚੱਲ ਰਹੀ ਹੈ। ਕਿਸਾਨਾਂ ਦੀ ਹਿਤੈਸ਼ੀ ਕਹਾਉਣ ਵਾਲੀ ਸਰਕਾਰ ਐਨ ਉਸ ਸਮੇਂ ਕਿਸਾਨ ਸਬਸਿਡੀਆਂ ਛਕ-ਛਕਾ ਗਈ ਹੈ ਜਦੋਂ ਪੰਜਾਬ ਦਾ ਕਿਸਾਨ ਆਰਥਿਕ ਤੰਗੀ-ਤੁਰਸ਼ੀ ਕਾਰਨ ਖੁਦਕੁਸ਼ੀਆਂ ਕਰ ਰਿਹਾ ਹੈ। ਇਹ ਵੀ ਘੱਟ ਦਿਲਚਸਪ ਨਹੀਂ ਕਿ ਪੰਜਾਬ ਸਰਕਾਰ ਕਿਸਾਨਾਂ ਲਈ ਕੁਝ ਨਾ ਕਰਨ ਲਈ ਹਮੇਸ਼ਾ ਕੇਂਦਰ ਨੂੰ ਦੋਸ਼ੀ ਕਹਿੰਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੂੰਹ 'ਚ ਪ੍ਰੋਫੈਸਰ ਦੇ...!

ਪ੍ਰੋਫੈਸਰ ਸਾਹਿਬ ਨੂੰ ਕੱਢ ਕੇ ਪੰਥ ਵਿਚੋਂ, ਹੁੱਬੇ ਪਏ ਸਨ ਤਖ਼ਤ ਅਕਾਲ ਵਾਲੇ।
ਖੁਸ਼ ਪਟਨੇ, ਨਾਂਦੇੜ ਵਿਚ ਬਹੁਤ ਹੋਏ, ਫਿਰਦੇ ਖਿੜੇ ਸਨ ਮੱਕੜ ਦੇ ਨਾਲ ਵਾਲੇ।
ਕਹਿੰਦੇ ਸਿੱਖਾਂ ਨੂੰ ਦਿਉ ਹੁਣ ਤੋੜ ਨਾਤੇ, ਰੋਟੀ, ਬੇਟੀ ਤੇ ਲੰਗਰ ਦੀ ਦਾਲ ਵਾਲੇ।
ਦਰਸ਼ਨ ਸਿੰਘ ਦੇ ਨਾਲ ਵੀ ਬਹੁਤ ਆ ਗਏ, ਸੱਜਣ ਇਨ੍ਹਾਂ ਤੋਂ ਵੱਧ ਕਮਾਲ ਵਾਲੇ।
ਸਿੱਧੀ ਕਰੀ 'ਅਵੱਗਿਆ' ਸਭਾ ਲਾ ਕੇ, ਜਥੇਦਾਰਾਂ ਨੂੰ ਘੁਰਕੀਆਂ ਦਿੱਤੀਆਂ ਈ।
ਕਰਦੇ ਲੋਕੀਂ ਵਿਆਹ ਦੇ ਚਾਅ ਜਿੰਦਾਂ, ਪ੍ਰੋ. ਸਾਹਿਬ ਨੂੰ ਬੁਰਕੀਆਂ ਦਿੱਤੀਆਂ ਈ!

# ਪੰਜਾਬ ਲਈ ਵਿਸ਼ੇਸ਼ ਵਿੱਤੀ ਪੈਕੇਜ ਵਾਸਤੇ ਯਤਨ ਕਰੋ

**ਡਾ. ਅਨੂਪ ਸਿੰਘ**

ਕਾਰਨ ਕੋਈ ਵੀ ਹੋਣ ਪਰ 2010-11 ਦੇ ਕੇਂਦਰੀ ਬਜਟ ਵਿਚ ਪੰਜਾਬ ਲਈ ਕਿਸੇ ਵਿਸ਼ੇਸ਼ ਆਰਥਿਕ ਪੈਕੇਜ ਦਾ ਐਲਾਨ ਨਹੀਂ ਕੀਤਾ ਗਿਆ। ਸੀਮਾਵਰਤੀ ਪ੍ਰਾਂਤ ਅਤੇ ਕੇਂਦਰੀ ਅਨਾਜ ਭੰਡਾਰ 'ਚ ਵੱਡਾ ਹਿੱਸਾ ਪਾਉਣ ਕਾਰਨ ਪੰਜਾਬ ਵਿਸ਼ੇਸ਼ ਆਰਥਿਕ ਸਹਾਇਤਾ ਦਾ ਹੱਕਦਾਰ ਸੀ, ਪਰ ਕੇਂਦਰੀ ਹਾਕਮਾਂ ਦੀਆਂ ਵੀ ਤਾਂ ਰਾਜਨੀਤਕ ਗਿਣਤੀਆਂ-ਮਿਣਤੀਆਂ ਕਾਰਜਸ਼ੀਲ ਹਨ। ਔੜ ਦੇ ਵਰ੍ਹੇ 'ਚ ਵੀ ਪੰਜਾਬ ਨੇ ਝੋਨੇ ਦਾ ਰਿਕਾਰਡ ਉਤਪਾਦਨ ਕੀਤਾ ਹੈ। ਇਸ ਰਿਕਾਰਡ ਉਤਪਾਦਨ ਲਈ ਪੰਜਾਬ ਸਰਕਾਰ ਨੂੰ ਬਾਹਰੋਂ ਮਹਿੰਗੀ ਬਿਜਲੀ ਖਰੀਦਣੀ ਪਈ ਅਤੇ ਪੰਜਾਬੀ ਕਿਸਾਨਾਂ ਨੇ ਔਖੇ ਹੋ ਕੇ ਖੇਤੀ ਵਿਚ ਆਪ ਨਿਵੇਸ਼ ਕੀਤਾ। ਬਦਕਿਸਮਤੀ ਨੂੰ ਕੇਂਦਰ ਸਰਕਾਰ ਦਾ ਪੰਜਾਬ ਪ੍ਰਤੀ ਲਗਾਤਾਰ ਵਿਤਕਰੇ ਭਰਪੂਰ ਵਤੀਰਾ ਬਣਿਆ ਹੋਇਆ ਹੈ। ਪੰਜਾਬ ਨੂੰ ਕੇਂਦਰ ਵਲੋਂ ਉਗਰਾਹੇ ਟੈਕਸਾਂ ਦਾ ਕੇਵਲ 1.3 ਫੀਸਦੀ ਹੀ ਮਿਲਦਾ ਹੈ। ਵਧ ਰਕਮ ਦੇਣ ਦੀਆਂ ਦਲੀਲਾਂ ਵਲ ਕੇਂਦਰੀ ਹਾਕਮਾਂ ਨੇ ਕਦੇ ਕੋਈ ਧਿਆਨ ਨਹੀਂ ਦਿੱਤਾ। ਪੰਜਾਬ ਦਾ ਕੇਂਦਰੀ ਟੈਕਸਾਂ 'ਚੋਂ ਹਿੱਸਾ ਘੱਟ ਤੋਂ ਘੱਟ 3 ਫੀਸਦੀ ਜ਼ਰੂਰ ਹੋਣਾ ਚਾਹੀਦਾ ਹੈ। ਤੇਰ੍ਹਵੇਂ ਵਿੱਤ ਕਮਿਸ਼ਨ ਨੇ ਬੇਹੱਦ ਮਾਮੂਲੀ ਵਾਧੇ ਦੀ ਸਿਫਾਰਸ਼ ਕੀਤੀ ਹੈ। ਪੰਜਾਬ ਨੂੰ ਆਪਣੇ ਪੈਰਾਂ 'ਤੇ ਖਲੋਣਾ ਪਵੇਗਾ। ਰਾਜਾਂ ਲਈ ਵਧ ਵਿੱਤੀ ਅਧਿਕਾਰਾਂ ਅਤੇ ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਮੰਗ ਕਰਦਿਆਂ ਪ੍ਰਾਂਤ ਦੇ ਵਿਕਾਸ ਲਈ ਆਪਣੇ ਸਾਧਨ ਆਪ ਜੁਟਾਉਣੇ ਪੈਣਗੇ।



ਖ਼ਤਮ ਹੋ ਰਹੇ ਵਿੱਤੀ ਸਾਲ ਦੇ ਬਜਟ ਵਿਚ ਪ੍ਰਾਂਤ ਦੀਆਂ ਅਨੁਮਾਨਿਤ ਕੁੱਲ ਪ੍ਰਾਪਤੀਆਂ 39.909 ਕਰੋੜ ਰੁਪਏ ਸਨ ਅਤੇ ਇਨ੍ਹਾਂ ਵਿਚੋਂ ਮਾਲੀ ਪ੍ਰਾਪਤੀਆਂ ਲਗਭਗ ਦੋ ਤਿਹਾਈ ਸਨ, ਭਾਵ 26072 ਕਰੋੜ ਰੁਪਏ ਸਨ। ਇਸ ਤੋਂ ਛੁੱਟ ਕਰਜ਼ਾ ਤੇ ਪੂੰਜੀਗਤ ਪ੍ਰਾਪਤੀਆਂ 4,234 ਕਰੋੜ ਰੁਪਏ ਦੀਆਂ ਸਨ। ਰਾਜ ਸਿਰ 31 ਮਾਰਚ, 2010 ਨੂੰ ਕਰਜ਼ੇ ਦਾ ਅਨੁਮਾਨ 63,217 ਕਰੋੜ ਰੁਪਏ ਲਗਾਇਆ ਸੀ ਅਤੇ ਸਾਲ ਦੌਰਾਨ ਕਰਜ਼ਾ ਵਾਪਸੀ ਦਾ ਟੀਚਾ 6,363 ਕਰੋੜ ਰੁਪਏ ਮਿਥਿਆ ਗਿਆ ਸੀ। ਅਣਪੂਰਿਆ ਮਾਲੀ ਘਾਟਾ ਤੇ ਵਿੱਤੀ ਘਾਟਾ ਅਨੁਮਾਨ ਨਾਲੋਂ ਵਧ ਜਾਣ ਦਾ ਪੂਰਾ-ਪੂਰਾ ਖਦਸ਼ਾ ਹੈ। ਇਸੇ ਤਰ੍ਹਾਂ ਵਿਆਜ ਦੀ ਅਦਾਇਗੀ 4800 ਕਰੋੜ ਰੁਪਏ ਤੋਂ ਵੱਧ ਜਾਣ ਦੀ ਤਾਂ ਪੂਰੀ-ਪੂਰੀ ਸੰਭਾਵਨਾ ਹੈ। ਬਿਜਲੀ ਸਬਸਿਡੀ ਦਾ ਬਿੱਲ ਵੀ 2604 ਕਰੋੜ ਰੁਪਏ ਤੋਂ ਵੱਧ ਜਾਣਾ ਲਗਭਗ ਯਕੀਨੀ ਹੈ। ਇਸੇ ਲੜੀ 'ਚ ਗੈਰ-ਯੋਜਨਾ ਖਰਚਿਆਂ ਦਾ ਵਧ ਜਾਣਾ ਅਤੇ ਯੋਜਨਾ ਖਰਚਿਆਂ ਦਾ ਘਟ ਜਾਣਾ ਲਗਭਗ ਪੱਕਾ ਹੀ ਹੈ। ਸਰਕਾਰ ਨੇ ਖ਼ਤਮ ਹੋ ਰਹੇ ਮਾਲੀ ਸਾਲ ਵਿਚ ਸਿੱਖਿਆ, ਖੇਡਾਂ, ਕਲਾ ਤੇ ਸਭਿਆਚਾਰ ਲਈ 4,323 ਕਰੋੜ ਰੁਪਏ ਦੀ ਵਿਵਸਥਾ ਕੀਤੀ ਸੀ ਅਤੇ ਸਮਾਜਿਕ ਸੁਰੱਖਿਆ ਤੇ ਭਲਾਈ ਲਈ 931 ਕਰੋੜ ਰੁਪਏ ਲਗਾਉਣ ਦਾ ਫੈਸਲਾ ਕੀਤਾ ਸੀ। ਅਨੁਸੂਚਿਤ ਜਾਤੀਆਂ, ਜਨ-ਜਾਤੀਆਂ ਤੇ ਹੋਰ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ 282 ਕਰੋੜ ਰੁਪਏ ਰੱਖੇ ਗਏ ਸਨ। ਇਹ ਸਾਰੀਆਂ ਰਕਮਾਂ ਲੋੜ ਨਾਲੋਂ ਘੱਟ ਹੋਣ ਦੇ ਬਾਵਜੂਦ ਪੂਰੀਆਂ-ਪੂਰੀਆਂ ਨਹੀਂ ਖਰਚੀਆਂ ਜਾਣਗੀਆਂ। ਇਹੀ ਗੱਲ ਸੜਕਾਂ ਤੇ ਪੁਲਾਂ ਦੀ ਮੁਰੰਮਤ ਤੇ ਨਿਰਮਾਣ ਲਈ ਰੱਖੀ 733 ਕਰੋੜ ਰੁਪਏ ਦੀ ਰਕਮ ਨਾਲ ਵਾਪਰੇਗੀ। ਪੰਜਾਬ ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਦੇ ਫੈਸਲੇ ਨਾਲ ਸਾਲਾਨਾ ਵਾਧੂ ਭਾਰ ਤਿੰਨ ਹਜ਼ਾਰ ਕਰੋੜ ਰੁਪਏ ਅਤੇ ਪਹਿਲੀ ਜਨਵਰੀ 2006 ਤੋਂ 4800 ਕਰੋੜ ਰੁਪਏ ਦੇ ਬਕਾਏ ਦੇਣ ਬਾਰੇ ਸਰਕਾਰ ਨੇ ਚੁੱਪ ਵੱਟੀ ਹੋਈ ਹੈ। ਪੰਜਾਬ ਸਰਕਾਰ ਨੇ ਤਨਖਾਹਾਂ, ਪੈਨਸ਼ਨਾਂ ਤੇ ਵਿਆਜ ਦੀ ਅਦਾਇਗੀ ਲਈ 2009-10 ਦੇ ਬਜਟ ਵਿਚ 18.141 ਕਰੋੜ ਰੁਪਏ ਦੀ ਰਾਸ਼ੀ ਰੱਖੀ ਸੀ। ਇਹ ਪੱਕੇ-ਠੱਕੇ ਮਾਲੀ ਖਰਚਿਆਂ ਦਾ 81 ਫੀਸਦੀ ਹੈ।

ਉਕਤ ਪੈਰੇ ਦੇ ਅੰਤ ਵਿਚ ਦਰਸਾਈ ਗਈ ਮਹਾਂ ਰਕਮ ਜੋ ਮਾਲੀ ਆਮਦਨ ਦਾ ਵੱਡਾ ਹਿੱਸਾ ਹੜੱਪ ਜਾਂਦੀ ਹੈ, ਵਿਚ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਕਿਸ਼ਤ ਅਤੇ ਵਿਆਜ ਹੀ 12 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ। ਹਰ ਸੰਭਵ ਢੰਗ ਨਾਲ ਇਸ ਬੋਝ ਨੂੰ ਘਟਾਉਣਾ ਹੋਵੇਗਾ। ਇਸ ਮੰਤਵ ਲਈ ਨਵੇਂ ਟੈਕਸ ਲਗਾਉਣ ਤੋਂ ਪਹਿਲਾਂ ਟੈਕਸ ਚੋਰੀ ਤੇ ਭ੍ਰਿਸ਼ਟਾਚਾਰ ਨੂੰ ਸਖ਼ਤੀ ਨਾਲ ਰੋਕਣਾ ਪਵੇਗਾ। ਇਸ ਲਈ ਰਾਜਨੀਤਕ ਇੱਛਾ ਸ਼ਕਤੀ ਜੁਟਾਉਣੀ ਪਵੇਗੀ। ਹਰਿਆਣਾ ਛੋਟਾ ਰਾਜ ਹੈ ਅਤੇ ਖਪਤਕਾਰੀ ਪੱਖੋਂ ਵੀ ਪੰਜਾਬ ਤੋਂ ਕਿਤੇ ਪਿੱਛੇ ਹੈ, ਪਰ ਵੈਟ ਦੀ ਉਗਰਾਹੀ ਵਿਚ ਪੰਜਾਬ ਤੋਂ ਅੱਗੇ ਹੈ। ਇਸੇ ਤਰ੍ਹਾਂ ਹੋਰ ਟੈਕਸਾਂ ਦਾ ਮਾਮਲਾ ਹੈ। ਭ੍ਰਿਸ਼ਟਾਚਾਰ ਦਾ ਕੈਂਸਰ ਵਿਕਾਸ ਵਿਚ ਅੜਿੱਕਾ ਹੈ। ਇਹ ਹਕੀਕਤ ਹਾਕਮਾਂ ਨੂੰ ਮੰਨ ਲੈਣੀ ਚਾਹੀਦੀ ਹੈ ਕਿ ਸਾਡੇ ਦਫ਼ਤਰਾਂ ਵਿਚ ਕੋਈ ਕੰਮ ਰੁਟੀਨ 'ਚ ਨਹੀਂ ਹੁੰਦਾ। ਦਫ਼ਤਰਾਂ ਦੀ ਕਾਰਜਸ਼ੈਲੀ ਦਾ ਇਕੋ ਨਿਯਮ ਹੈ ਕਿ ਕੋਈ ਨਿਯਮ ਨਹੀਂ ਹੈ। ਦਫ਼ਤਰੀ ਕਾਰਜਸ਼ੈਲੀ ਨੂੰ ਸਰਲ, ਸਪੱਸ਼ਟ ਤੇ ਪਾਰਦਰਸ਼ੀ ਬਣਾਉਣ ਦੀ ਬੇਹੱਦ ਲੋੜ ਹੈ। ਆਮ ਲੋਕਾਂ ਦੀ ਖੱਜਲ-ਖੁਆਰੀ ਤੇ ਰੋਜ਼ਾਨਾ ਹੁੰਦੀ ਬੇਹੁਰਮਤੀ ਨੂੰ ਰੋਕਣ ਲਈ ਅਜਿਹਾ ਕਰਨਾ ਬੇਹੱਦ ਜ਼ਰੂਰੀ ਹੈ। ਸਰਕਾਰ ਦੀ ਭਰੋਸੇਯੋਗਤਾ ਕਾਇਮ ਕਰਨ ਲਈ ਵੀ ਇਹ ਬੇਹੱਦ ਜ਼ਰੂਰੀ ਹੈ। ਟੈਕਸ ਚੋਰੀ ਤੇ ਭ੍ਰਿਸ਼ਟਾਚਾਰ ਰੋਕਣ ਲਈ ਪ੍ਰਸ਼ਾਸਨਿਕ ਸੁਧਾਰ ਸਖ਼ਤੀ ਨਾਲ ਲਾਗੂ ਕੀਤੇ ਜਾਣ।

ਬਿਜਲੀ ਊਰਜਾ ਦੀ ਆਧਾਰੀ ਮਹੱਤਤਾ ਨੂੰ ਮੁੱਖ ਰੱਖਦਿਆਂ ਬਿਜਲੀ ਚੋਰੀ ਨੂੰ ਆਮ ਟੈਕਸ ਚੋਰੀ ਤੇ ਭ੍ਰਿਸ਼ਟਾਚਾਰ ਤੋਂ ਅਲੱਗ ਰੱਖ ਕੇ ਸਖ਼ਤ ਕਦਮ ਉਠਾਏ ਜਾਣ। ਉਪਲਬਧ ਸੂਚਨਾ ਅਨੁਸਾਰ ਪੰਜਾਬ 'ਚ ਸਾਰੇ ਸੋਮਿਆਂ ਤੋਂ 6281 ਮੈਗਾਵਾਟ ਬਿਜਲੀ ਉਪਲਬਧ ਹੈ ਜਦੋਂਕਿ ਸਿਖਰ ਦੇ ਸਮੇਂ 'ਤੇ ਖਪਤ 9000 ਮੈਗਾਵਾਟ ਹੈ। ਜੇਕਰ 20 ਫੀਸਦੀ ਕੋਰ ਕੱਢ ਦੇਈਏ ਤਦ ਵੀ 5500 ਮੈਗਾਵਾਟ ਬਿਜਲੀ ਖਪਤ ਲਈ ਉਪਲਬਧ ਹੈ। ਇਸ ਤਰ੍ਹਾਂ ਸਮੁੱਚੇ ਪੰਜਾਬ 'ਚ ਹਰ ਖੇਤਰ ਵਿਚ 15 ਘੰਟੇ ਬਿਜਲੀ ਨਿਰਵਿਘਨ ਦਿੱਤੀ ਜਾ ਸਕਦੀ ਹੈ। ਅਮਲ ਵਿਚ ਲੋਕਾਂ ਨੂੰ 8 ਘੰਟੇ ਰੋਜ਼ਾਨਾ ਵੀ ਬਿਜਲੀ ਨਹੀਂ ਮਿਲਦੀ। ਇਹ ਕੀ ਰਹੱਸ ਹੈ? ਇਸ ਰਹੱਸ ਦਾ ਭੇਤ ਵੱਡੇ ਕਾਰਖਾਨਿਆਂ, ਕਾਰੋਬਾਰੀ ਅਦਾਰਿਆਂ, ਸਿਆਸਤਦਾਨਾਂ ਤੇ ਅਫਸਰਸ਼ਾਹਾਂ ਵਲੋਂ ਬਿਜਲੀ ਚੋਰੀ ਵਿਚ ਹੈ। ਬਿਜਲੀ ਬੋਰਡ ਦੀ ਵੱਡੀ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਇਹ ਸਾਰੇ ਵੱਡੇ ਪੱਧਰ 'ਤੇ ਬਿਜਲੀ ਚੋਰੀ ਕਰਦੇ ਹਨ। ਇਹ ਚੋਰੀ ਅਤੇ ਕੋਰ ਨਾਲ ਹੁੰਦੇ ਨੁਕਸਾਨ ਤੋਂ ਵੀ ਵੱਧ ਹੈ। ਉਤੋਂ ਸਿਤਮ ਇਹ ਹੈ ਕਿ ਇਸ ਚੋਰੀ ਨੂੰ ਕੋਰ ਦੇ ਖਾਤੇ ਅਤੇ ਕੁਝ ਗਰੀਬਾਂ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ। ਇਸ ਲਈ ਜਿਥੇ ਬਿਜਲੀ ਉਤਪਾਦਨ ਵਿਚ ਪੰਜਾਬ ਨੂੰ ਸਵੈ-ਨਿਰਭਰ ਬਣਾਉਣ ਲਈ ਵੱਡੇ ਪੱਧਰ 'ਤੇ ਨਿਵੇਸ਼ ਕਰਨ ਦੀ ਲੋੜ ਹੈ ਉਥੇ ਬਿਜਲੀ ਚੋਰੀ ਰੋਕਣ ਲਈ ਹਰ ਸੰਭਵ ਉਪਰਾਲਾ ਕਰਨਾ ਚਾਹੀਦਾ ਹੈ। ਬਿਜਲੀ ਉਤਪਾਦਨ ਲਈ ਵੀ ਕੋਲੇ ਨਾਲ ਚੱਲਣ ਵਾਲੇ ਮਹਿੰਗੇ ਪਲਾਂਟ ਲਗਾਉਣ ਦੀ ਥਾਂ ਪਣ ਬਿਜਲੀ ਉਤਪਾਦਨ ਲਈ ਪੰਜਾਬ ਨੂੰ ਪਹਿਲਕਦਮੀ ਕਰਕੇ ਹਿਮਾਚਲ ਪ੍ਰਦੇਸ਼ ਨਾਲ ਸਮਝੌਤੇ ਕਰਨੇ ਚਾਹੀਦੇ ਹਨ। ਕੋਲੇ ਨਾਲ ਚੱਲਣ ਵਾਲੇ ਪਲਾਂਟ ਮਹਿੰਗੇ ਹੋਣ ਦੇ ਨਾਲ-ਨਾਲ ਪ੍ਰਦੂਸ਼ਣ ਵੀ ਵੱਡੇ ਪੱਧਰ 'ਤੇ ਫੈਲਾਉਂਦੇ ਹਨ। ਇਸ ਦੀ ਥਾਂ ਹਿਮਾਚਲ ਪ੍ਰਦੇਸ਼ ਨਾਲ ਪਣ-ਬਿਜਲੀ ਸਮਝੋਤਿਆਂ ਦੇ ਨਾਲ-ਨਾਲ ਹਰਿਆਣਾ ਤੇ ਰਾਜਸਥਾਨ ਨਾਲ ਰਲ ਕੇ ਪ੍ਰਮਾਣੂ ਪਲਾਂਟਾਂ ਦਾ ਨਿਰਮਾਣ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਬਿਜਲੀ ਦੇ ਉਤਪਾਦਨ ਲਈ ਵੱਧ ਤੋਂ ਵੱਧ ਰਕਮਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਸਿਆਸਤਦਾਨਾਂ ਤੇ ਅਫਸਰਸ਼ਾਹਾਂ ਦੀਆਂ ਫਜ਼ੂਲ ਖਰਚੀਆਂ ਨੂੰ ਨੱਥ ਪਾਈ ਜਾਵੇ। ਇਕ ਦਰਜਨ ਤੋਂ ਵੱਧ ਪਾਰਲੀਮੈਂਟਰੀ ਸਕੱਤਰਾਂ ਦੀ ਨਿਯੁਕਤੀ ਜਿਥੇ ਸੰਵਿਧਾਨ ਦੀ ਰੂਹ ਨਾਲ ਧੱਕਾ ਹੈ, ਉਥੇ ਸਰਕਾਰੀ ਖਜ਼ਾਨੇ 'ਤੇ ਵੱਡਾ ਬੋਝ ਹੈ। ਇਨ੍ਹਾਂ ਸਕੱਤਰਾਂ ਪਾਸ ਸੈਸ਼ਨ ਤੋਂ ਬਾਅਦ ਕੋਈ ਕੰਮ ਨਹੀਂ ਹੁੰਦਾ ਅਤੇ ਸੈਸ਼ਨ ਦੇ ਦਿਨ ਸਾਰੇ ਸਾਲ ਵਿਚ 20-25 ਤੋਂ ਵੱਧ ਨਹੀਂ ਹੁੰਦੇ। ਕਈ ਸੈਸ਼ਨ ਕੇਵਲ ਸੰਵਿਧਾਨਕ ਖਾਨਾਪੂਰਤੀ ਲਈ ਹੀ ਹੁੰਦੇ ਹਨ। ਇਸ ਲਈ ਪ੍ਰਾਂਤ ਨੂੰ ਦਰਪੇਸ਼ ਆਰਥਿਕ ਸੰਕਟ ਦੇ ਸਨਮੁੱਖ ਇਨ੍ਹਾਂ ਦੀ ਫੌਰੀ ਛੁੱਟੀ ਕਰਨੀ ਬਣਦੀ ਹੈ। ਆਈ. ਏ. ਐਸ. ਅਤੇ ਆਈ. ਪੀ. ਐਸ. ਅਫਸਰਾਂ ਦੀ ਧਾੜ ਘਟਾਉਣੀ ਚਾਹੀਦੀ ਹੈ। ਮੰਤਰੀਆਂ ਤੇ ਅਫਸਰਸ਼ਾਹਾਂ ਦਾ ਸੁਰੱਖਿਆ ਅਮਲਾ ਘਟਾਉਣਾ ਵੀ ਜ਼ਰੂਰੀ ਹੈ। ਜੇ ਇਹ ਸੰਵਿਧਾਨ ਅਨੁਸਾਰ ਅਤੇ ਨਿਰਪੱਖਤਾ ਨਾਲ ਕੰਮ ਕਰਦੇ ਹਨ ਤਾਂ ਫਿਰ ਖ਼ਤਰਾ ਕਿਸ ਤੋਂ? ਇਨ੍ਹਾਂ ਦੀ ਸ਼ਾਨੋ-ਸ਼ੌਕਤ ਲਈ ਸਰਕਾਰੀ ਖਜ਼ਾਨੇ 'ਤੇ ਬੋਝ ਕਿਉਂ? ਮੁਲਾਜ਼ਮਾਂ ਦੇ ਹਿਤਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਦਿਆਂ ਅਤੇ ਉਨ੍ਹਾਂ ਨੂੰ ਦੂਜੇ ਵਿਭਾਗਾਂ ਵਿਚ ਲਗਾ ਕੇ ਘਾਟੇ 'ਚ ਚੱਲ ਰਹੇ ਬੋਰਡਾਂ ਤੇ ਕਾਰਪੋਰੇਸ਼ਨਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਹ ਹਾਰੇ-ਹੁੱਟੇ ਸਿਆਸਤਦਾਨਾਂ ਦੀ ਲੁੱਟ ਦੇ ਅੱਡੇ ਨਹੀਂ ਬਣਨੇ ਚਾਹੀਦੇ। ਤੱਤ ਸਾਰ ਇਹ ਹੈ ਕਿ ਫਜ਼ੂਲ ਖਰਚੇ ਬੰਦ ਹੋਣੇ ਚਾਹੀਦੇ ਹਨ। ਹਰ ਵਿਭਾਗ ਨੂੰ ਸਖ਼ਤ ਅੰਦਰੂਨੀ ਆਡਿਟ 'ਚੋਂ ਲੰਘਾਉਣਾ ਚਾਹੀਦਾ ਹੈ। ਪੰਜਾਬ ਪੁਲਿਸ ਦਾ ਖਰਚ ਆਏ ਸਾਲ ਵਧ ਰਿਹਾ ਹੈ। ਸਾਲ 2008-09 ਵਿਚ ਇਹ ਖਰਚ 1774 ਕਰੋੜ ਰੁਪਏ ਸੀ ਅਤੇ 2009-10 ਵਿਚ 1966 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਸੀ। ਵਿਰੋਧਾਭਾਸ ਇਹ ਹੈ ਕਿ ਪੁਲਿਸ ਅਫ਼ਸਰਾਂ, ਥਾਣਿਆਂ ਤੇ ਚੌਕੀਆਂ ਦੀ ਗਿਣਤੀ ਵਧ ਰਹੀ ਹੈ ਪਰ ਅਪਰਾਧ ਵੀ ਤੇਜ਼ੀ ਨਾਲ ਵਧ ਰਹੇ ਹਨ। ਪੁਲਿਸ ਪ੍ਰਸ਼ਾਸਨ ਨੂੰ ਜਵਾਬਦੇਹ ਬਣਾਉਣਾ ਬੇਹੱਦ ਜ਼ਰੂਰੀ ਹੈ। ਫਿਰਕੂ ਤੇ ਜਾਤੀ-ਪਾਤੀ ਭੜਕਾਹਟਾਂ ਸਮੇਂ ਭੀੜਾਂ ਦੀ ਗੁੰਡਾਗਰਦੀ ਰੋਕਣ ਵਿਚ ਪੰਜਾਬ ਪੁਲਿਸ ਅਸਫਲ ਹੋਈ ਹੈ।

ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ ਪਰ ਖੇਤੀ ਉਤਪਾਦਨ ਖੜੋਤ ਦਾ ਸ਼ਿਕਾਰ ਹੈ। ਧਰਤੀ ਹੇਠਲਾ ਪਾਣੀ ਖ਼ਤਰਨਾਕ ਹੱਦ ਤੱਕ ਹੇਠਾਂ ਚਲਾ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਫੰਡਾਂ ਦੀ ਬੇਹੱਦ ਕਮੀ ਦੀ ਸ਼ਿਕਾਰ ਹੈ। ਇਸ ਲਈ ਖੇਤੀ ਖੇਤਰ ਵਿਚ ਜਨਤਕ ਨਿਵੇਸ਼ ਹਰ ਸੰਭਵ ਹੱਦ ਤਕ ਵਧਾਇਆ ਜਾਵੇ ਅਤੇ ਖੇਤੀ ਖੇਤਰ ਵਿਚ ਖੋਜ ਤੇ ਪਸਾਰ ਨੂੰ ਸੂਚਨਾ ਤੇ ਸੰਚਾਰ ਤਕਨਾਲੋਜੀ ਰਾਹੀਂ ਵਿਕਸਤ ਕੀਤਾ ਜਾਵੇ। ਸਰਵ ਪਾਰਟੀ ਵਫਦ ਕੇਂਦਰ ਸਰਕਾਰ ਤੱਕ ਪਹੁੰਚ ਕਰਕੇ ਇਹ ਦ੍ਰਿੜ੍ਹ ਕਰਵਾਏ ਕਿ ਦੇਸ਼ ਤੋਂ ਅਨਾਜ ਮੰਗਵਾਉਣ ਵਾਲਾ, ਠੂਠਾ ਛੁਡਾਉਣ ਵਾਲਾ ਪ੍ਰਾਂਤ ਵਿਸ਼ੇਸ਼ ਆਰਥਿਕ ਪੈਕੇਜ ਦਾ ਹੱਕਦਾਰ ਹੈ। ਪੰਜਾਬ ਨੂੰ 2008 ਦੀ ਕਰਜ਼ਾ ਮੁਆਫੀ ਯੋਜਨਾ 'ਚੋਂ ਵੀ ਮੁਸ਼ਕਲ ਨਾਲ ਸਵਾ-ਡੇਢ ਫੀਸਦੀ ਹੀ ਮਿਲਿਆ ਸੀ। ਪੰਜਾਬ ਨੂੰ ਰਾਹਤ ਉਸ ਵਲੋਂ ਪਾਏ ਯੋਗਦਾਨ ਦੇ ਅਨੁਪਾਤ ਵਿਚ ਹੋਵੇ। ਭਾਰਤ-ਪਾਕਿ ਸੀਮਾ 'ਤੇ ਵਸੇ ਕਿਸਾਨਾਂ ਦੇ ਦੁੱਖਾਂ ਨੂੰ ਸਮਝਣ ਵਾਲਾ ਕੋਈ ਤਾਂ ਹੋਵੇ।

ਸਬਸਿਡੀਆਂ ਕੇਵਲ ਪੰਜ ਏਕੜ ਤਕ ਦੇ ਮਾਲਕ ਕਿਸਾਨਾਂ ਨੂੰ ਹੀ ਦਿੱਤੀਆਂ ਜਾਣ। ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਮੁਫਤ, ਬਿਜਲੀ, ਪਾਣੀ, ਖਾਦਾਂ ਤੇ ਜੀਵ ਤੇ ਜੜ੍ਹੀ-ਬੂਟੀ ਨਾਸ਼ਕ ਦਵਾਈਆਂ ਆਦਿ ਦਿੱਤੀਆਂ ਜਾਣ। ਪੰਜ ਏਕੜ ਤੋਂ ਵੱਧ ਮਾਲਕੀ ਵਾਲੇ ਕਿਸਾਨਾਂ ਨੂੰ ਸਬਸਿਡੀਆਂ ਦਾ ਪੈਸਾ ਖੇਤੀ ਖੇਤਰ ਵਿਚ ਨਿਵੇਸ਼ ਲਈ ਲਗਾਇਆ ਜਾਵੇ। ਵੱਧ ਨਿਵੇਸ਼ ਨਾਲ, ਵੱਧ ਰੁਜ਼ਗਾਰ ਤੇ ਵਧ ਉਤਪਾਦਨ ਹੋਵੇਗਾ ਅਤੇ ਸਿੱਟੇ ਵਜੋਂ ਵਧ ਆਮਦਨ ਹੋਵੇਗੀ। ਇਸ ਨਾਲ ਆਮ ਕਿਸਾਨਾਂ ਦੀ ਖਰੀਦ ਸ਼ਕਤੀ ਵਧੇਗੀ। ਖੇਤੀ ਖੇਤਰ ਵਿਚ ਨਿਵੇਸ਼ ਲਈ ਪਹਿਲ ਵਾਲਾ ਖੇਤਰ ਨਹਿਰੀ ਸਿੰਚਾਈ ਹੈ। ਨਹਿਰਾਂ ਤੇ ਖਾਲੇ ਪੱਕੇ ਕਰਨੇ ਚਾਹੀਦੇ ਹਨ ਅਤੇ ਇਸ ਤਰ੍ਹਾਂ ਨਹਿਰਾਂ ਕੰਢੇ ਬਚਦੀਆਂ ਜ਼ਮੀਨਾਂ 'ਤੇ ਰੁੱਖ ਲਗਾਉਣੇ ਤੇ ਉਨ੍ਹਾਂ ਦੀ ਸੰਭਾਲ ਕਰਨੀ ਹੋਵੇਗੀ। ਟੈਕਸ ਦੇਣ ਦੇ ਯੋਗ ਲੋਕਾਂ ਤੇ ਸੰਸਥਾਵਾਂ ਦੀ ਪਛਾਣ ਕਰਨੀ ਬਣਦੀ ਹੈ। ਮਲਟੀਪਲੈਕਸਿਸ, ਸ਼ਾਪਿੰਗ ਮਾਲਜ਼, ਵੱਡੇ-ਵੱਡੇ ਹੋਟਲ ਤੇ ਰੈਸਟੋਰੈਂਟ, ਮੈਰਿਜ ਪੈਲੇਸ, ਆਈ. ਸੀ. ਐਸ. ਈ. ਅਤੇ ਸੀ. ਬੀ. ਐਸ. ਈ. ਨਾਲ ਸੰਬੰਧਤ ਅੰਗਰੇਜ਼ੀ ਮਾਧਿਅਮ ਸਕੂਲ, ਪ੍ਰਾਈਵੇਟ ਕਾਲਜ ਤੇ ਹੋਰ ਪੇਸ਼ੇਵਾਰਾਨਾ ਸਿੱਖਿਆ ਸੰਸਥਾਵਾਂ, ਪ੍ਰਾਈਵੇਟ ਹਸਪਤਾਲ ਦੇ ਕਲੀਨਿਕ, ਟਰੈਵਲ ਏਜੰਟ ਤੇ ਅਜਿਹੇ ਹੋਰ ਅਦਾਰੇ, ਜਿਹੜੇ ਸਿਰਫ ਅਮੀਰਾਂ ਤੇ ਖਾਂਦੇ-ਪੀਂਦੇ ਵਰਗਾਂ ਦੀ ਹੀ ਸੇਵਾ ਕਰਦੇ ਹਨ, ਉਨ੍ਹਾਂ 'ਤੇ ਟੈਕਸ ਲੱਗਣੇ ਚਾਹੀਦੇ ਹਨ। ਪੰਜਾਬ ਵਿਚ ਖੇਤੀ ਆਧਾਰਤ ਸਨਅਤਾਂ ਅਤੇ ਭੋਜਨ ਨੂੰ ਡੱਬਾਬੰਦ ਕਰਨ ਦੀਆਂ ਸਨਅਤਾਂ ਸਥਾਪਤ ਕਰਨ ਦੀ ਵੱਡੀ ਸੰਭਾਵਨਾ ਮੌਜੂਦ ਹੈ। ਇਸ ਮੰਤਵ ਲਈ ਪੰਜਾਬ ਨੂੰ ਕੇਂਦਰ ਤੋਂ ਵਿਸ਼ੇਸ਼ ਰਿਆਇਤਾਂ ਲਈ ਅਪੀਲਾਂ-ਦਲੀਲਾਂ ਸਹਿਤ ਦਬਾਅ ਬਣਾਉਣਾ ਚਾਹੀਦਾ ਹੈ।

# ਮੰਦੇ ਨਾਲ ਸਿੱਝਣ 'ਚ ਸਭ ਤੋਂ ਵੱਡੀ ਸਮੱਸਿਆ ਬਣੀ ਮਹਿੰਗਾਈ

**ਬੀ. ਐਸ. ਥੌਰ**

ਕਹਾਵਤ ਹੈ, ਲੱਲੂ ਕਰੇ ਕਵੱਲੀਆਂ ਰੱਬ ਸਿੱਧੀਆਂ ਪਾਵੇ। ਭਾਰਤ 'ਚ ਇਹੋ ਹੋਇਆ ਹੈ ਵਿਸ਼ਵ ਮੰਦੇ ਦੇ ਸੰਦਰਭ ਵਿਚ 2009 ਦੀਆਂ ਲੋਕ ਸਭਾ ਚੋਣਾਂ ਸਿਰ 'ਤੇ ਸਨ। ਸਰਕਾਰ ਨੇ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਕਈ ਵਰਗਾਂ ਨੂੰ ਗੱਫੇ ਭਰ ਕੇ ਮਾਲੀ ਰਿਆਇਤਾਂ ਦਿੱਤੀਆਂ ਜਿਸ ਨੇ ਮੰਦੇ ਦੀ ਮਾਰ ਨੂੰ ਭਾਰੂ ਨਹੀਂ ਹੋਣ ਦਿੱਤਾ। ਕਿਸਾਨਾਂ ਦੀ ਕਰਜ਼ਾ ਮੁਆਫੀ ਦੀ ਮੰਗ ਬਹੁਤ ਦੇਰ ਤੋਂ ਲਮਕਦੀ ਆ ਰਹੀ ਸੀ। ਪੰਜਾਬ, ਆਂਧਰਾ, ਕਰਨਾਟਕ ਅਤੇ ਮਹਾਰਾਸ਼ਟਰ ਸੂਬਿਆਂ 'ਚ ਕਿਸਾਨ ਆਰਥਿਕ ਤੰਗੀ ਦੇ ਮਾਰੇ ਖੁਦਕੁਸ਼ੀਆਂ ਕਰੀ ਜਾ ਰਹੇ ਸਨ ਪਰ ਸਰਕਾਰ ਸ਼ਾਇਦ ਚੋਣਾਂ ਉਡੀਕ ਰਹੀ ਸੀ ਤਾਂ ਕਿ ਪੇਂਡੂ ਖੇਤਰ ਦੇ ਇਕ ਵੱਡੇ ਵਰਗ ਨੂੰ ਪ੍ਰਭਾਵਿਤ ਕੀਤਾ ਜਾ ਸਕੇ ਅਤੇ ਉਨ੍ਹਾਂ ਦੀਆਂ ਵੋਟਾਂ ਬਟੋਰੀਆਂ ਜਾ ਸਕਣ। ਜੇ ਕਰਜ਼ੇ ਪਹਿਲੋਂ ਮੁਆਫ ਕਰ ਦਿੱਤੇ ਜਾਂਦੇ, ਤੌਖਲਾ ਸੀ ਕਿ ਚੋਣ ਸਮੇਂ ਤਕ ਕਿਸਾਨ ਭੁੱਲ-ਭੁਲਾ ਜਾਣਗੇ। ਸਾਲ 2008 ਦੇ ਬਜਟ ਵਿਚ 72000 ਕਰੋੜ ਰੁਪਏ ਦੇ ਕਰਜ਼ੇ, ਜਿਨ੍ਹਾਂ ਦਾ ਲਾਭ 4 ਕਰੋੜ ਕਿਸਾਨ ਪਰਿਵਾਰਾਂ ਨੂੰ ਹੋਣਾ ਸੀ, ਮੁਆਫ ਕਰ ਦਿੱਤੇ ਗਏ। ਫੇਰ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਨੂੰ ਪੇ-ਕਮਿਸ਼ਨ ਦੀ ਰਿਪੋਰਟ ਲਿਆ ਕੇ ਅਤੇ ਉਨ੍ਹਾਂ ਦੀਆਂ ਤਨਖਾਹਾਂ 'ਚ ਵਾਧੇ ਦਾ ਭੁਗਤਾਨ ਕਰਵਾ ਕੇ ਲੱਖਾਂ ਮੁਲਾਜ਼ਮਾਂ ਨੂੰ ਬਾਗੋ-ਬਾਗ ਕਰ ਦਿੱਤਾ ਤਾਂ ਕਿ ਵੋਟ ਪਾਉਣ ਸਮੇਂ ਕਾਂਗਰਸ ਅਗਵਾਈ ਦੀ ਸਰਕਾਰ ਨੂੰ ਚੇਤੇ ਰੱਖਣ। ਇਹ ਸਾਰੀ ਕਾਰਵਾਈ ਤਾਂ ਚੋਣਾਂ 'ਚ ਸਿਆਸੀ ਪੈਂਤੜੇ ਨੂੰ ਮੁੱਖ ਰੱਖ ਕੇ ਕੀਤੀ ਗਈ ਸੀ ਪਰ ਕੁੱਬੇ ਦੇ ਲੱਤ ਮਾਰੀ, ਗੁਣ ਆ ਗਈ। ਸਰਕਾਰ (ਕਾਂਗਰਸ) 2009 ਦੀਆਂ ਚੋਣਾਂ 'ਚ ਵਧ ਕੇ ਨਿੱਖਰੀ। ਖੱਬੇ ਪਾਰਟੀਆਂ ਨੁੱਸ ਹੋ ਗਈਆਂ। ਕਾਂਗਰਸ ਨੂੰ ਇਨ੍ਹਾਂ ਦੀ ਫਹੁੜੀ ਦੀ ਲੋੜ ਨਹੀਂ ਪਈ।

ਜਦੋਂ ਉਪਰੋਕਤ ਰਿਆਇਤਾਂ ਦਿੱਤੀਆਂ ਗਈਆਂ, ਉਸ ਸਮੇਂ ਤਕ ਸਰਕਾਰ ਵਿਸ਼ਵ ਮੰਦੇ ਬਾਰੇ ਜਾਗਰੂਕ ਨਹੀਂ ਸੀ। ਸਾਡੇ ਆਰਥਿਕ ਮਾਹਿਰ ਪ੍ਰਧਾਨ ਮੰਤਰੀ ਅਤੇ ਹੋਰ ਅਰਥ-ਆਚਾਰੀਆ, ਆਉਣ ਵਾਲੇ ਭਿਅੰਕਰ ਆਰਥਿਕ ਭੁਚਾਲ ਤੋਂ ਅਵਚੇਤਨ ਰਹੇ। ਭਾਵੇਂ ਅਮਰੀਕਾ 'ਚ ਇਸ ਦੇ ਚਿਹਨ-ਚੱਕਰ 2008 ਤੋਂ ਪਹਿਲਾਂ ਹੀ ਦਿਖਾਈ ਦੇਣ ਲੱਗ ਪਏ ਸਨ। ਅਮਰੀਕਾ ਵਿਰੋਧੀ ਆਵਾਜ਼ੇ ਕੱਸ ਰਹੇ ਸਨ ਕਿ ਅਮਰੀਕਾ ਵੀ ਆਰਥਿਕ ਤੌਰ 'ਤੇ ਬਹੁਤ ਬੋਦਾ ਹੋ ਗਿਆ ਹੈ, ਕਦੇ ਵੀ ਡਿਗ ਸਕਦਾ ਹੈ। ਪਰ ਸੰਸਾਰ ਦੇ ਬਹੁਤੇ ਦੇਸ਼ ਇਸ ਵਲ ਧਿਆਨ ਨਹੀਂ ਸੀ ਦੇ ਰਹੇ। ਇਸ ਵਿਸ਼ਵਾਸ ਨਾਲ ਕਿ ਅਮਰੀਕਾ ਦੀ ਆਰਥਿਕਤਾ ਬੇਹੱਦ ਮਜ਼ਬੂਤ ਹੈ, ਇਸਦੇ ਲੜਖੜਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸੇ ਵਿਸ਼ਵਾਸ 'ਚ ਭਾਰਤ ਵੀ ਅਵੇਸਲਾ ਰਿਹਾ।

ਸਤੰਬਰ 2008 ਵਿਚ ਜਦੋਂ ਅਮਰੀਕਾ ਤਾਂ ਕੀ ਸਾਰੇ ਵਲਾਇਤ ਦੇਸ਼ਾਂ ਦੇ ਅਰਥ-ਚਾਰਿਆਂ ਦੇ ਮੂੰਨੇ ਹਿੱਲਣ ਲੱਗੇ ਅਤੇ ਇਕ-ਦੋ ਬੈਂਕ ਰੋਜ਼ ਫੇਲ੍ਹ ਹੋਣ ਲੱਗੇ, ਫੇਰ ਜਿਵੇਂ ਟਿੱਡੀ ਦਲ ਨੂੰ ਛਛਕੇਰਨ ਲਈ ਪੀਪੇ ਢੋਲ ਵਜਾਉਂਦੇ ਹੁੰਦੇ ਸਨ, ਉਵੇਂ ਵਿਸ਼ਵ ਮੰਦਵਾੜੇ ਦੇ ਹੂਟਰ ਸੰਸਾਰ ਭਰ ਵਿਚ ਵੱਜ ਗਏ ਅਤੇ ਅਜੇ ਵੀ ਵੱਜ ਰਹੇ ਹਨ। ਦਸੰਬਰ 2008 ਵਿਚ ਝਟਕੇ ਭਾਰਤ 'ਚ ਵੀ ਆਏ, ਸ਼ੇਅਰ ਮਾਰਕੀਟ ਸੂਚਕ ਅੰਕ (ਸੈਂਸੈਕਸ) 20,000 ਤੋਂ ਧੜੱਮ ਗਿਰ ਕੇ 8,000 'ਤੇ ਆ ਗਿਆ। 2008-09 ਦੀ ਅਖੀਰਲੀ ਤਿਮਾਹੀ 'ਚ ਦੇਸ਼ ਦੀ ਸਮੁੱਚੀ ਘਰੇਲੂ ਉਤਪਾਦਨ (ਜੀ.ਡੀ.ਪੀ.) ਦਰ 9% ਦੀ ਅੰਕੜਾ ਪਾਰ ਕਰਦੀ 5.8 'ਤੇ ਆ ਡਿੱਗੀ। ਵਿਸ਼ਵ ਮੰਦੇ ਦੇ ਹਲੂਣੇ ਨਾਲ ਭਾਰਤ 'ਚ ਉਦਯੋਗ ਅਤੇ ਵਪਾਰ 'ਚ ਮਜ਼ਦੂਰ, ਕਰਮਚਾਰੀਆਂ, ਵੱਡੇ ਤਨਖਾਹਾਂ ਵਾਲਿਆਂ ਦੀ ਛਾਂਟੀ ਹੋਣ ਲੱਗੀ। ਨਿਰਯਾਤ ਹੋਣ ਵਾਲੇ ਮਾਲ ਦਾ ਉਤਪਾਦਨ ਕਰਦੇ ਸਨ, ਬੰਦ ਹੋਣ ਕਿਨਾਰੇ ਆ ਗਏ, ਕਿਉਂਕਿ ਵਿਦੇਸ਼ 'ਚ ਉਸ ਮਾਲ ਦੀ ਖਰੀਦ ਘਟ ਗਈ। ਦੇਸ਼ ਅੰਦਰ ਵੀ ਖਰੀਦ ਮੱਠੀ ਪੈ ਗਈ। 1930ਵਿਆਂ ਦੀ ਵੱਡੀ ਵਿਸ਼ਵ ਮੰਡੀ ਤੋਂ ਬਾਅਦ ਕੋਈ 80 ਸਾਲ ਉਪਰੰਤ ਇਹ 2008 'ਚ ਵਾਪਰਿਆ ਭਿਆਨਕ ਮੰਦਾ ਹੈ ਜਿਸ ਨੇ ਜਾਪਾਨ (ਵਿਸ਼ਵ ਦੀ ਦੂਜੇ ਨੰਬਰ ਦੀ ਮਜ਼ਬੂਤ ਆਰਥਿਕਤਾ) ਅਤੇ ਜਰਮਨੀ ਜਿਹੇ ਦੇਸ਼ਾਂ ਨੂੰ ਝੰਜੋੜ ਕੇ ਰੱਖ ਦਿੱਤਾ। ਅਮਰੀਕਾ ਨੂੰ ਤਾਂ ਮਧੋਲਿਆ ਹੀ ਹੈ। ਜਦੋਂ 2008-09 ਦੇ ਬਜਟ ਵਿਚ ਸਾਡੇ ਵਿੱਤ ਮੰਤਰੀ ਪੀ. ਚਿਦੰਬਰਮ ਰਿਆਇਤਾਂ ਦਾ ਐਲਾਨ ਕਰ ਰਹੇ ਸਨ ਤਾਂ ਵਿਰੋਧੀ ਪਾਰਟੀਆਂ ਵੋਟ ਬੈਂਕ ਆਰਥਿਕਤਾ ਆਧਾਰਤ ਬਜਟ ਗਰਦਾਨ ਕੇ ਤਾਅਨੇ ਮਾਰ ਰਹੇ ਸਨ ਅਤੇ ਉਸ ਸਮੇਂ ਲਗਦਾ ਵੀ ਇਹੋ ਸੀ। ਕਿਸੇ ਨੂੰ ਵੀ ਅੰਦਾਜ਼ਾ ਨਹੀਂ ਸੀ ਕਿ ਇਹ ਰਿਆਇਤਾਂ ਮੰਦੇ ਦੇ ਝਟਕੇ ਸਹਿ ਲੈਣ ਦਾ ਸਹਾਰਾ ਹੋਣਗੀਆਂ। ਸਰਕਾਰ ਨੂੰ ਆਪ ਵੀ ਆਭਾਸ ਨਹੀਂ ਸੀ ਕਿਉਂਕਿ ਆਉਣ ਵਾਲੇ ਮੰਦੇ ਦਾ ਤੌਖਲਾ ਭਾਂਪਿਆ ਹੀ ਨਹੀਂ ਸੀ। ਇਸ ਤਰ੍ਹਾਂ ਭਾਰਤ ਨੇ ਵਿਸ਼ਵ ਮੰਦੇ ਵਿਰੁਧ ਅੱਧੀ ਲੜਾਈ ਮੰਦਵਾੜਾ ਆਉਣ ਤੋਂ ਪਹਿਲਾਂ ਹੀ ਜਿੱਤ ਲਈ ਸੀ-ਚੋਣਾਂ ਦੇ ਹੀਲੇ। ਜੇ ਚੋਣਾਂ ਨੇੜੇ ਨਾ ਹੁੰਦੀਆਂ ਤਾਂ ਸਥਿਤੀ ਹੋਰ ਹੋਣੀ ਸੀ। ਦੂਜੇ, ਸਾਡੀ ਬੈਂਕਿੰਗ ਪ੍ਰਣਾਲੀ ਪੂਰੇ ਕੰਟਰੋਲ 'ਚ ਸੀ, ਮੰਦੇ 'ਚ ਇਸ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਜਿਵੇਂ ਵਲਾਇਤ 'ਚ ਵੱਡੇ ਵੱਡੇ ਬੈਂਕ ਅਤੇ ਬੀਮਾ ਕੰਪਨੀਆਂ ਦਾ ਦੀਵਾਲਾ ਨਿਕਲ ਗਿਆ। ਵਿਸ਼ਵ ਮੰਦੇ ਦੇ ਦੂਰ-ਪ੍ਰਭਾਵ ਨੂੰ ਘਟਾਉਣ ਅਤੇ ਆਰਥਿਕਤਾ ਨੂੰ ਉਤਸ਼ਾਹ ਦੇਣ ਲਈ ਸਰਕਾਰ ਵਲੋਂ ਚੁੱਕੇ ਕਦਮਾਂ ਦੀ ਸ਼ਲਾਘਾ ਕਰਨੀ ਬਣਦੀ ਹੈ। ਬਜਟ ਰਿਆਇਤਾਂ ਤੋਂ ਬਾਅਦ ਉਦਯੋਗਿਕ ਉਤਪਾਦਨ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਰਿਆਇਤਾਂ ਜਿਵੇਂ ਐਕਸਾਈਜ਼ ਡਿਊਟੀ ਅਤੇ ਸਰਵਿਸ ਟੈਕਸ ਬਹੁਤ ਘੱਟ ਕਰ ਦਿੱਤੇ ਗਏ। ਬੈਂਕਾਂ ਨੂੰ ਕਿਸਾਨ-ਕਰਜ਼ੇ ਦੇਣ ਲਈ ਹੱਲਾਸ਼ੇਰੀ ਦਿੱਤੀ ਗਈ ਤਾਂ ਕਿ ਖੇਤੀ ਉਤਪਾਦਨ 'ਚ ਵਾਧਾ ਹੋਏ, ਜਿਸ ਨਾਲ ਉਦਯੋਗਿਕ ਉਤਪਾਦਨ ਵੱਧ ਲੋਕਾਂ ਨੂੰ ਰੁਜ਼ਗਾਰ ਮਿਲੇ ਸਰਕਾਰ ਦੀ ਟੈਕਸਾਂ ਦੁਆਰਾ ਆਮਦਨੀ ਵਧੇ। ਇਸਦੇ ਨਾਲ ਹੀ ਵਿੱਤ ਮੰਤਰੀ ਨੇ 1,00,000 ਕਰੋੜ ਰੁਪਏ ਕੇਂਦਰ ਸਰਕਾਰ ਵਲੋਂ ਨਿਰਮਾਣ ਸਕੀਮਾਂ ਜਿਵੇਂ ਨਰੇਗਾ, ਪੀ.ਐਮ. ਆਵਾਸ ਯੋਜਨਾ ਆਦਿ ਲਈ ਵੱਖਰੇ ਰੱਖੇ ਤਾਂ ਕਿ ਪਿੰਡਾਂ ਵਿਚ ਨਿਰਮਾਣ ਕਾਰਜਾਂ ਨਾਲ ਰੁਜ਼ਗਾਰ ਸੁਨਿਸ਼ਚਿਤ ਹੋ ਸਕੇ। ਇਸ ਤਰ੍ਹਾਂ ਆਰਥਿਕ ਵਿਕਾਸ ਕਾਰਨ ਸ਼ਹਿਰਾਂ ਨਾਲੋਂ ਪਿੰਡਾਂ ਦੇ ਵਿਕਾਸ ਨੂੰ ਵੀ ਹੁਲਾਰਾ ਮਿਲਿਆ।

ਇਕ ਹੀ ਮਿਸਾਲ ਕਾਫੀ ਹੋਵੇਗੀ। ਪੰਜਾਬ 'ਚ ਬਿਹਾਰ ਤੋਂ ਆਉਂਦੇ ਮਜ਼ਦੂਰਾਂ ਦੀ ਗਿਣਤੀ ਘਟਦੀ ਜਾ ਰਹੀ ਹੈ ਜਿਹੜਾ ਬਿਹਾਰੀ ਇਕ ਵਾਰੀ ਵਾਪਸ ਦੇਸ਼ (ਬਿਹਾਰ) ਚਲਿਆ ਜਾਂਦਾ ਹੈ, ਮੁੜ ਨਹੀਂ ਆਉਂਦਾ ਕਿਉਂਕਿ ਉਸ ਨੂੰ ਨਰੇਗਾ ਸਕੀਮ ਅਧੀਨ ਬਿਹਾਰ 'ਚ ਰੁਜ਼ਗਾਰ ਮਿਲ ਜਾਂਦਾ ਹੈ। ਬਿਹਾਰ ਪ੍ਰਦੇਸ਼ 'ਚ ਨਿਤੀਸ਼ ਕੁਮਾਰ ਸਰਕਾਰ ਨੇ ਨਰੇਗਾ ਸਕੀਮ ਕੁਸ਼ਲਤਾ ਅਤੇ ਸਫਲਤਾ-ਪੂਰਵਕ ਲਾਗੂ ਕੀਤੀ ਹੈ। ਸੂਬਾ ਸਰਕਾਰ ਆਪਣੇ ਵੋਟਰਾਂ ਨੂੰ ਰੁਜ਼ਗਾਰ ਦਾ ਹੀਲਾ ਬਣਾ ਰਾਜ 'ਚ ਉਸਾਰੂ ਤੇ ਸੁਚਾਰੂ ਕਾਰਜ ਵੀ ਕਰਵਾ ਰਹੀ ਹੈ। ਇਸ ਨਾਲ ਮਾਰਕੀਟ 'ਚ ਵੀ ਰੌਣਕ ਆਉਂਦੀ ਹੈ ਕਿਉਂਕਿ ਲੋਕਾਂ ਦੀ ਜੇਬ 'ਚ ਪੈਸਾ ਆਉਂਦਾ ਹੈ। ਉਹ ਮੰਡੀ ਤੋਂ ਮਾਲ ਖਰੀਦਦੇ ਹਨ। ਸਰਕਾਰ ਦੇ ਮੰਦੇ ਨੂੰ ਸਿੱਝਣ ਲਈ ਉਤਸ਼ਾਹੀ ਕਦਮਾਂ ਦਾ ਅਸਰ ਇਹ ਹੋਇਆ ਕਿ ਸ਼ੇਅਰ ਮਾਰਕੀਟ, ਜੋ ਆਰਥਿਕਤਾ ਦਾ ਚਿਹਰਾ ਮੰਨੀ ਜਾਂਦੀ ਹੈ, ਵਿਚ ਹਾਨੀ ਆ ਗਈ। 8000 'ਤੇ ਲੁੜ੍ਹਕ ਗਿਆ। ਦਸੰਬਰ 2009 ਵਿਚ ਮਾਰਕੀਟ ਸੂਚਕ ਅੰਕ ਸੈਂਸੈਕਸ 17,000 ਦਾ ਅੰਕੜਾ ਪਾਰ ਕਰ ਗਿਆ। 2009-10 ਦੀ ਪਹਿਲੀ ਤਿਮਾਹੀ 'ਚ ਹੀ ਸਮੁੱਚੀ ਰਾਸ਼ਟਰੀ ਉਤਪਾਦਨ (ਜੀ. ਡੀ. ਪੀ.) 5.8% ਤੋਂ 6.1% ਹੋ ਗਿਆ ਅਤੇ ਸਾਰੇ ਅਰਥ-ਸ਼ਾਸਤਰੀ ਕਹਿ ਰਹੇ ਹਨ ਕਿ ਇਸ ਮਾਲੀ ਸਾਲ ਦੇ ਅੰਤ ਤਕ ਜੀ. ਡੀ. ਪੀ. 7.5% ਹੋ ਜਾਵੇਗੀ।

ਆਰਥਿਕ ਮਾਹਿਰ ਪ੍ਰਧਾਨ ਮੰਤਰੀ ਵਿਸ਼ਵਾਸ ਨਾਲ ਕਹਿ ਰਹੇ ਹਨ ਕਿ ਅਗਲੇ ਵਧ ਤੋਂ ਵਧ ਦੋ ਸਾਲਾਂ 'ਚ ਜੀ. ਡੀ. ਪੀ. 9% ਦਾ ਅੰਕੜਾ ਪਾਰ ਕਰ ਜਾਵੇਗੀ। ਦਸੰਬਰ 2009 ਤਕ ਹੀ ਉਦਯੋਗਿਕ ਉਤਪਾਦਨ 'ਚ 16% ਦਾ ਵਾਧਾ ਦਰਜ ਕੀਤਾ ਗਿਆ ਜਦੋਂ ਕਿ ਪਿਛਲੇ ਸਾਲ ਇਸੇ ਮਹੀਨੇ ਉਦਯੋਗਿਕ ਉਤਪਾਦਨ 0.6% ਥੱਲੇ ਨੂੰ ਜਾ ਰਿਹਾ ਸੀ। ਉਪਭੋਗਤਾ ਵਸਤੂਆਂ ਜਿਵੇਂ ਆਟੋ, ਫਰਿੱਜ ਆਦਿ ਵਿਚ 46% ਵਾਧਾ ਹੋਇਆ ਹੈ ਜਦੋਂ ਕਿ ਪਿਛਲੇ ਸਾਲ ਇਨ੍ਹਾਂ 'ਚ 4% ਦੀ ਕਮੀ ਆਈ ਸੀ। ਵਿਸ਼ਵ ਮੰਦੇ ਦੇ ਦੂਰ-ਪ੍ਰਭਾਵ ਨੂੰ ਨਿਬੜਨ ਲਈ ਜਿੰਨੀ ਸਫਲਤਾ ਨਾਲ ਭਾਰਤੀ ਆਰਥਿਕਤਾ ਨਿੱਤਰੀ ਹੈ, ਚੀਨ ਨੂੰ ਛੱਡ ਕੇ ਕੋਈ ਹੋਰ ਦੇਸ਼ ਨਹੀਂ ਸਫਲ ਹੋਇਆ। ਅਮਰੀਕਾ ਜਹੇ ਆਰਥਿਕ ਸੰਪੰਨ ਕਹਾਉਣ ਵਾਲੇ ਦੇਸ਼ ਅਜੇ ਵੀ ਮੰਦਵਾੜੇ ਦੀ ਬੁਰੀ ਤਰ੍ਹਾਂ ਮਾਰ ਖਾ ਰਹੇ ਹਨ। ਬੇਰੁਜ਼ਗਾਰੀ ਉਥੇ ਵਧ ਰਹੀ ਹੈ, ਬੈਂਕ ਅਜੇ ਵੀ ਫੇਲ੍ਹ ਹੋਈ ਜਾ ਰਹੇ ਹਨ। ਜਨਵਰੀ ਮਹੀਨੇ 15 ਬੈਂਕਾਂ ਦਾ ਦੀਵਾਲਾ ਨਿਕਲਿਆ ਹੈ।

ਮੰਦੇ ਨੂੰ ਸਿੱਝਣ ਲਈ ਚੁੱਕੇ ਕਦਮਾਂ ਦਾ ਹਾਨੀਕਾਰਕ ਅਸਰ ਇਹ ਹੋਇਆ ਕਿ ਵਿੱਤੀ ਘਾਟਾ 6.8% ਹੋ ਗਿਆ। ਸਪਸ਼ਟ ਵਿਵਸਥਾ ਹੈ ਕਿ ਨਰੇਗਾ ਸਕੀਮ ਆਦਿ ਲਈ ਕੱਢੇ ਪੈਸੇ 1,00,000 ਕਰੋੜ, ਕਰਜ਼ੇ ਮੁਆਫੀ ਕਿਸਾਨਾਂ ਲਈ ਦਿੱਤੇ 72,000 ਕਰੋੜ ਰੁਪਏ ਅਤੇ ਜੇ ਸੂਬਾ ਸਰਕਾਰਾਂ ਦੇ ਵਿੱਤੀ ਘਾਟੇ ਵੀ ਮਿਲਾ ਲਏ ਜਾਣ ਤਾਂ ਸਮੁੱਚਾ ਘਾਟਾ 12% ਤਕ ਪਹੁੰਚ ਜਾਂਦਾ ਹੈ। ਉਦਯੋਗਾਂ ਅਤੇ ਵਪਾਰ ਨੂੰ ਰਿਆਇਤਾਂ ਦਿੱਤੀਆਂ ਹੋਈਆਂ ਹੋਣ ਨਾਲ ਵਿੱਤੀ ਘਾਟਾ ਹੋਰ ਵਧ ਜਾਵੇਗਾ ਕਿਉਂਕਿ ਸਰਕਾਰ ਨੂੰ ਟੈਕਸਾਂ ਦੀ ਆਮਦਨ ਘਟ ਜਾਏਗੀ।

ਮੰਦੇ ਨੂੰ ਸਿੱਝਣ ਦੇ ਸੰਦਰਭ 'ਚ ਵੱਡੀ ਸਮੱਸਿਆ ਮਹਿੰਗਾਈ ਦੀ ਬਣ ਗਈ ਹੈ ਜਿਹੜੀ ਸੁਲਝਦੀ ਨਹੀਂ ਦਿਸਦੀ। ਇਕ ਤਰ੍ਹਾਂ ਨਾਲ ਸਰਕਾਰ ਨੇ ਹੱਥ ਖੜ੍ਹੇ ਕਰ ਦਿੱਤੇ ਹਨ ਕਿ ਇਹ ਵਿਸ਼ਵ ਭਰ ਦੀ ਸਮੱਸਿਆ ਹੈ। ਸਭ ਤੋਂ ਫਿਕਰ ਲਾਉਣ ਵਾਲੀ ਗੱਲ ਇਹ ਹੈ ਕਿ ਖਾਧ ਖੁਰਾਕ ਦੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ 20% ਵਧੀਆਂ ਹਨ। ਗਰੀਬ ਵਰਗ 'ਚ ਤਾਂ ਹਾਹਾਕਾਰ ਮਚੀ ਹੋਈ ਹੈ। ਇਸ ਸਮੇਂ ਆਰਥਿਕ ਸੰਤੁਲਨ 'ਚ ਪਾਂਸਕੂ ਆ ਗਿਆ ਹੈ। ਮੁਦਰਾ-ਸਫੀਤੀ ਜੋ ਪਿਛਲੇ ਭਲੇ ਸਾਲਾਂ 'ਚ ਮੰਦੀ ਤੋਂ ਪਹਿਲਾਂ ਮਨਫੀ ਤਕ ਜਾ ਰਹੀ ਲਗਦੀ ਸੀ, 7% ਦਾ ਅੰਕੜਾ ਪਾਰ ਕਰ ਗਈ ਹੈ। ਰਿਜ਼ਰਵ ਬੈਂਕ ਜੇ ਮਾਰਕੀਟ 'ਚੋਂ ਵਧੀ ਕਰੰਸੀ ਨੂੰ ਕੰਟਰੋਲ ਕਰਦਾ ਹੈ ਤਾਂ ਇਸ ਦਾ ਅਸਰ ਮਾਰਕੀਟ 'ਚ ਖਰੀਦਦਾਰੀ 'ਤੇ ਹੁੰਦਾ ਹੈ ਜੋ ਉਦਯੋਗਿਕ ਉਤਪਾਦਨ ਨੂੰ ਮੰਗ ਕਰਦਾ ਹੈ।

# 95 ਫ਼ੀਸਦੀ ਭਾਰਤੀਆਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਹੈ ਮੁਖਰਜੀ ਨੇ

**ਜਯੋਤੀ ਘੋਸ਼**

ਯਾਦ ਕਰੋ ਜ਼ਰਾ ਕਿ ਇਹ ਉਹੋ ਹੀ ਕੇਂਦਰੀ ਸਰਕਾਰ ਹੈ, ਜਿਸ ਨੇ ਆਪਣੇ ਆਪ ਨੂੰ ਇੰਜ ਪੇਸ਼ ਕੀਤਾ ਸੀ ਕਿ ਇਹ ਨਾ ਕੇਵਲ ਆਰਥਿਕ ਵਿਕਾਸ 'ਤੇ ਆਪਣਾ ਧਿਆਨ ਕੇਂਦਰਤ ਕਰੇਗੀ, ਸਗੋਂ ਸਮਾਜਿਕ ਸੇਵਾਵਾਂ ਨੂੰ ਵੀ ਵਧਾਏਗੀ ਅਤੇ ਮਨੁੱਖੀ ਵਿਕਾਸ ਦੇ ਸੂਚਕਾਂ ਵਿਚ ਵੀ ਸੁਧਾਰ ਕਰੇਗੀ। ਚੇਤੇ ਕਰੋ ਕਿ ਇਸ ਦੀ ਅਗਵਾਈ ਉਹ ਪਾਰਟੀ ਕਰ ਰਹੀ ਹੈ, ਜਿਹੜੀ ਆਮ ਆਦਮੀ ਉੱਤੇ ਧਿਆਨ ਕੇਂਦਰਤ ਕਰਨ ਬਾਰੇ ਸਪੱਸ਼ਟ ਕਹਿੰਦੀ ਹੈ ਅਤੇ ਦਾਅਵਾ ਇਹ ਕਰਦੀ ਹੈ ਕਿ ਇਸ ਦਾ ਚੋਣ ਨਿਸ਼ਾਨ 'ਪੰਜਾ' ਹਮੇਸ਼ਾ ਆਮ ਆਦਮੀ ਨਾਲ ਰਹੇਗਾ ਅਤੇ ਇਸ ਤੋਂ ਬਾਅਦ ਉਨ੍ਹਾਂ ਇਸ਼ਾਰਿਆਂ ਬਾਰੇ ਸੋਚੋ, ਜਿਹੜੇ ਇਸ ਤਾਜ਼ਾ ਬਜਟ ਨੇ ਸਾਨੂੰ ਦਿੱਤੇ ਹਨ।

ਸਭ ਤੋਂ ਪਹਿਲੀ ਗੱਲ ਤਾਂ ਇਹ ਕਿ ਮਾਲੀ ਕਦਮ ਨਾ ਕੇਵਲ ਬਹੁਤ ਹੀ ਲੱਕ-ਤੋੜੂ ਹਨ, ਸਗੋਂ ਸੁਝਾਅ ਇਨ੍ਹਾਂ ਤੋਂ ਇਹ ਵੀ ਮਿਲਦਾ ਹੈ ਕਿ ਸਰਕਾਰ ਨੂੰ ਦੇਸ ਦੀ 95 ਫੀਸਦੀ ਵਸੋਂ ਦਾ ਕੋਈ ਫ਼ਿਕਰ ਹੀ ਨਹੀਂ ਹੈ। ਸਿੱਧਾ ਟੈਕਸ ਦੇਣ ਵਾਲਿਆਂ, ਕਾਰਪੋਰੇਸ਼ਨਾਂ ਅਤੇ ਆਬਾਦੀ ਦੇ 5 ਫੀਸਦੀ ਤੋਂ ਵੀ ਘੱਟ ਹਿੱਸੇ, ਜਿਹੜੇ ਆਮਦਨ ਕਰ ਦੀਆਂ ਰਿਟਰਨਾਂ ਭਰਦੇ ਹਨ ਅਤੇ ਅਜਿਹੇ ਟੈਕਸਾਂ ਦੀ ਅਦਾਇਗੀ ਵੀ ਕਰਦੇ ਹਨ, ਨੂੰ ਟੈਕਸਾਂ ਵਿਚ ਛੋਟ ਦੇ ਜਿਹੜੇ ਗੱਫੇ ਦਿੱਤੇ ਗਏ ਹਨ, ਉਨ੍ਹਾਂ ਨਾਲ ਖ਼ਜ਼ਾਨੇ ਨੂੰ ਅੰਦਾਜ਼ਨ 26,000 ਕਰੋੜ ਰੁਪਏ ਦਾ ਘਾਟਾ ਪਿਆ ਹੈ (ਚਾਲੂ ਮਾਲੀ ਸਾਲ ਦੌਰਾਨ ਹੀ ਉਨ੍ਹਾਂ ਨੇ 80,000 ਕਰੋੜ ਰੁਪਏ ਦਾ ਚੂਨਾ ਖ਼ਜ਼ਾਨੇ ਨੂੰ ਲਗਾਇਆ ਹੈ) ਦੂਜੇ ਪਾਸੇ ਅਸਿੱਧੇ ਟੈਕਸ ਵਧਾ ਦਿੱਤੇ ਗਏ ਹਨ ਅਤੇ ਇਹ ਆਮ ਵਰਤੋਂ ਦੀਆਂ ਚੀਜ਼ਾਂ ਉੱਪਰ ਵੀ ਵਧਾਏ ਗਏ ਹਨ, ਤਾਂ ਜੁ ਆਮ ਲੋਕ ਹੁਣ ਅਣ-ਅਨੁਪਾਤਕ ਤੌਰ ਉਤੇ ਉਗਰਾਹੇ ਜਾਣ ਵਾਲੇ ਮਾਲੀਏ ਵਿਚ 60,000 ਕਰੋੜ ਰੁਪਏ ਦੀ ਵਾਧੂ ਰਕਮ ਅਦਾ ਕਰਨ।

ਸਭ ਨਾਲੋਂ ਵੱਧ ਵਿਵਾਦਪੂਰਨ ਵਾਧੇ ਕਸਟਮ, ਪੈਟਰੋਲ ਅਤੇ ਡੀਜ਼ਲ 'ਤੇ ਲਗਾਈ ਜਾਂਦੀ ਐਕਸਾਈਜ਼ ਡਿਊਟੀ ਵਿਚ ਹੋਏ ਹਨ ਕਿਉਂਕਿ ਇਹ ਵਿਸ਼ਵ-ਵਿਆਪੀ ਵਰਤੋਂ ਦੀਆਂ ਚੀਜ਼ਾਂ ਹਨ, ਇਸ ਲਈ ਇਨ੍ਹਾਂ ਦੀਆਂ ਕੀਮਤਾਂ ਵਿਚ ਹੋਇਆ ਵਾਧਾ ਸਿੱਧੇ ਅਤੇ ਅਸਿੱਧੇ ਤੌਰ ਉੱਤੇ ਬਹੁਤੀਆਂ ਹੋਰ ਵਸਤਾਂ ਦੀਆਂ ਕੀਮਤਾਂ ਵੀ ਵਧਾਏਗਾ। ਇਕ ਅਜਿਹੇ ਸੰਦਰਭ ਵਿਚ, ਜਿੱਥੇ ਸਿੱਕੇ ਦੇ ਪਾਸਾਰ ਬਾਰੇ ਚਿੰਤਾਵਾਂ ਪਹਿਲਾਂ ਹੀ ਸਪੱਸ਼ਟ ਹੁੰਦੀਆਂ ਜਾ ਰਹੀਆਂ ਹਨ, ਇਹ ਕਾਰਵਾਈ ਕੀਤੀ ਜਾਣੀ ਬੜੀ ਅਜੀਬ ਹੈ ਅਤੇ ਯਕੀਨਨ ਹੀ ਇਹ ਹੈ ਵੀ ਅਜਿਹੀ, ਜਿਸ ਦਾ ਆਮ ਨਾਗਰਿਕਾਂ ਉਤੇ ਨਾਂਹ-ਵਾਚਕ ਪ੍ਰਭਾਵ ਪਵੇਗਾ।

ਜਦੋਂ ਟੈਕਸਾਂ ਦੀ ਉਗਰਾਹੀ ਦੇ ਕਦਮ ਆਮ ਆਦਮੀ ਉੱਪਰ ਇਸ ਢੰਗ ਨਾਲ ਹਮਲਾ ਕਰਦੇ ਹਨ ਤਾਂ ਖਰਚ ਬਾਰੇ ਤਜਵੀਜ਼ਾਂ ਉਨ੍ਹਾਂ ਸਮੱਸਿਆਵਾਂ ਅਤੇ ਅਸੁਰੱਖਿਆਵਾਂ ਬਾਰੇ ਡਰ ਦੂਰ ਕਰਨ ਲਈ ਕੁਝ ਵੀ ਨਹੀਂ ਕਰ ਰਹੀਆਂ, ਜਿਨ੍ਹਾਂ ਦਾ ਅੱਜ ਦੇਸ਼ ਦੇ ਜ਼ਿਆਦਾਤਰ ਲੋਕਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਸਮੱਸਿਆਵਾਂ ਹਨ-ਅਨਾਜ ਦੀਆਂ ਵਧ ਰਹੀਆਂ ਕੀਮਤਾਂ, ਮੁਲਾਜ਼ਮਤ ਮਿਲਣ ਦੀਆਂ ਮੰਦੀਆਂ ਸੰਭਾਵਨਾਵਾਂ ਅਤੇ ਗੈਰ-ਯਕੀਨੀ ਰੋਜ਼ਗਾਰ, ਚੰਗੀ ਸਿਹਤ ਅਤੇ ਸਿੱਖਿਆ ਸਹੂਲਤਾਂ ਅਤੇ ਸਮਾਜਿਕ ਸੁਰੱਖਿਆ ਬਾਰੇ ਲਗਭਗ ਪੂਰਨ ਘਾਟ। ਇਨ੍ਹਾਂ ਸਮੱਸਿਆਵਾਂ ਨੂੰ ਉੱਕਾ ਹੀ ਅੱਖੋਂ-ਪਰੋਖੇ ਕਰ ਦਿੱਤਾ ਗਿਆ ਹੈ। ਇਹ ਬਜਟ ਤਜਵੀਜ਼ਾਂ ਵਧ ਤੋਂ ਵਧ ਵੱਸੋਂ ਦੀ ਬਹੁ-ਗਿਣਤੀ ਦੀਆਂ ਦੁਸ਼ਵਾਰੀਆਂ ਦਾ ਜਾਂ ਤਾਂ ਮਖੌਲ ਉਡਾਉਂਦੀਆਂ ਹਨ ਜਾਂ ਇਨ੍ਹਾਂ ਨੂੰ ਅੱਖੋਂ-ਪਰੋਖੇ ਜਾਂ ਰੱਦ ਕਰਦੀਆਂ ਹਨ ਅਤੇ ਬਹੁ-ਗਿਣਤੀ ਵੱਸੋਂ ਦੇ ਚਲੰਤ ਸਰਕਾਰਾਂ ਨੂੰ ਅਣਡਿੱਠ ਕਰਦੀਆਂ ਹਨ।

ਜਿੱਥੋਂ ਤੱਕ ਸੁਆਲ ਹੈ ਖ਼ੁਰਾਕ ਅਸੁਰੱਖਿਆ ਅਤੇ ਇਸ ਦੀਆਂ ਕੀਮਤਾਂ, ਸਰਵਜਨਕ ਜਨਤਕ ਵੰਡ ਪ੍ਰਣਾਲੀ ਨੂੰ ਖ਼ੁਰਾਕ ਮੰਡੀਆਂ ਵਿਚ ਹੁੰਦੀ ਮੁਨਾਫ਼ੇਖੋਰੀ ਦੇ ਬਦਲ ਦੇ ਤੌਰ ਉਤੇ ਤੁਰੰਤ ਅਤੇ ਲਾਜ਼ਮੀ ਲੋੜ ਵਜੋਂ ਵਧਾਉਣ ਦਾ, ਤਾਂ ਜੋ ਗ਼ਰੀਬ ਲੋਕ ਵਾਜਬ ਕੀਮਤਾਂ ਉਤੇ ਖ਼ੁਰਾਕ ਪ੍ਰਾਪਤ ਕਰ ਸਕਣ, ਉਸਨੂੰ ਮੂਲੋਂ ਹੀ ਅੱਖੋਂ-ਪਰੋਖੇ ਕਰ ਦਿੱਤਾ ਗਿਆ ਹੈ। ਇਸ ਦੀ ਬਜਾਏ ਵਿੱਤ ਮੰਤਰੀ ਦੀ ਫ਼ਿਕਰਮੰਦੀ ਕੇਵਲ ਇਹ ਸੀ ਕਿ ਖੇਤੀ ਉਤਪਾਦਕਤਾ ਵਿਚ ਵਾਧਾ ਕਰਨ ਲਈ ਕਦਮ



ਚੁੱਕੇ ਜਾ ਰਹੇ ਹਨ, ਹਾਲਾਂਕਿ ਇਸ ਲਈ ਬਜਟ ਵਿਚ ਰੱਖੀਆਂ ਗਈਆਂ ਰਕਮਾਂ ਮਾਮੂਲੀ ਹੀ ਜਾਪਦੀਆਂ ਹਨ। ਇਹ ਕਦਮ ਵੀ ਖੇਤੀਬਾੜੀ ਦੀ ਲਾਗਤ ਵਿਚ ਖਾਦਾਂ ਦੀ ਸਬਸਿਡੀ ਵਿਚ ਪ੍ਰਸਤਾਵਤ ਤਬਦੀਲੀਆਂ ਕਾਰਨ ਹੋਣ ਵਾਲੇ ਵਾਧੇ ਨਾਲ ਮਨਫ਼ੀ ਹੋ ਜਾਣਗੇ।

ਇਕ ਕਾਰਗਰ ਕਦਮ ਇਹ ਹੋ ਸਕਦਾ ਸੀ ਕਿ ਖ਼ੁਰਾਕ 'ਤੇ ਸਬਸਿਡੀ ਲਈ ਰੱਖੀ ਰਕਮ ਵਿਚ ਵਾਧਾ ਕੀਤਾ ਜਾਂਦਾ, ਜਿਸ ਨਾਲ ਪ੍ਰਾਪਤੀ ਅਤੇ ਵੰਡ ਦੀ ਇੱਕ ਪ੍ਰਭਾਵਸ਼ਾਲੀ ਪ੍ਰਣਾਲੀ ਕੰਮ ਕਰ ਸਕਦੀ। ਉਨ੍ਹਾਂ ਲੋੜੀਂਦੀਆਂ ਸੰਸਥਾਗਤ ਤਬਦੀਲੀਆਂ ਦੀ ਲੋੜ ਹੈ, ਜਿਹੜੀਆਂ ਪ੍ਰਣਾਲੀ ਨੂੰ ਵਧੇਰੇ ਜੁਆਬਦੇਹ, ਪਾਰਦਰਸ਼ੀ ਅਤੇ ਕੁਸ਼ਲ ਬਣਾ ਸਕਣ, ਉਨ੍ਹਾਂ ਲਈ ਇਕ ਸਰਬ-ਵਿਆਪਕ ਜਨਤਕ ਵੰਡ ਪ੍ਰਣਾਲੀ ਲਈ ਸਾਧਨ ਮੁਹੱਈਆ ਕਰਵਾਉਣ ਲਈ ਇੱਛਾ ਸ਼ਕਤੀ ਦੀ ਜ਼ਰੂਰਤ ਸੀ। ਪਰੰਤੂ ਜਿਹੜੀ ਯੋਜਨਾ ਬਣਾਈ ਗਈ ਹੈ, ਉਹ ਇਸਦੇ ਬਿਲਕੁਲ ਹੀ ਉਲਟ ਜਾਪਦੀ ਹੈ। ਅਸਲ ਵਿਚ ਦੇਸ਼ ਵਿਚ ਆਮ ਖ਼ੁਰਾਕ ਸੰਕਟ ਦੇ ਹੁੰਦਿਆਂ ਇਹ ਗੱਲ ਭਾਵੇਂ ਮੂਰਖਤਾਪੂਰਨ ਜਾਪੇ, ਪਰ ਖ਼ੁਰਾਕ ਸਬਸਿਡੀ ਲਈ ਰੱਖੀ ਗਈ ਰਕਮ 424 ਕਰੋੜ ਰੁਪਏ ਘਟਾ ਦਿੱਤੀ ਗਈ ਹੈ। ਇਸ ਤੋਂ ਜਾਪਦਾ ਇੰਜ ਹੈ ਕਿ ਸਰਕਾਰ ਸਰਵਜਨਕ ਜਨਤਕ ਵੰਡ ਪ੍ਰਣਾਲੀ ਨੂੰ ਖੁਰਾਕੀ ਵਸਤਾਂ ਦੀਆਂ ਵਧ ਰਹੀਆਂ ਕੀਮਤਾਂ ਨੂੰ ਸੀਮਤ ਕਰਨ ਲਈ ਇੱਕ ਮਹੱਤਵਪੂਰਨ ਸਾਧਨ ਨਹੀਂ ਸਮਝਦੀ। ਇਸ ਤੋਂ ਇਹ ਵੀ ਜਾਪਦਾ ਹੈ ਕਿ ਸਰਕਾਰ ਅਸਲ ਵਿਚ ਉਸ ਖ਼ੁਰਾਕ ਸੁਰੱਖਿਆ ਕਾਨੂੰਨ ਬਾਰੇ ਗੰਭੀਰ ਹੀ ਨਹੀਂ ਹੈ, ਜਿਹੜਾ ਉਹ ਪਾਸ ਕਰਨਾ ਚਾਹੁੰਦੀ ਹੈ।

ਰੋਜ਼ਗਾਰ ਬਾਰੇ ਫਰਜ਼ ਇਹ ਕਰ ਲਿਆ ਗਿਆ ਜਾਪਦਾ ਹੈ ਕਿ ਆਰਥਿਕ ਵਿਕਾਸ ਆਪਣੇ ਆਪ ਹੀ ਵਧੇਰੇ ਨੌਕਰੀਆਂ ਪੈਦਾ ਕਰ ਦੇਵੇਗਾ, ਹਾਲਾਂਕਿ ਤਾਜ਼ਾ ਪ੍ਰਾਪਤ ਅੰਕੜਿਆਂ ਤੋਂ ਇਹ ਸੁਝਾਅ ਮਿਲਦਾ ਹੈ ਕਿ ਬਿਨਾ ਸਾਕਾਰਾਤਮਕ ਕਿਰਤ ਮੰਡੀ ਨੀਤੀਆਂ ਦੇ ਅਜਿਹਾ ਹੋਣਾ ਸੰਭਵ ਨਹੀਂ ਹੈ। ਛੋਟੇ ਅਤੇ ਦਰਮਿਆਨੇ ਉੱਦਮੀਆਂ ਨੂੰ ਕੁਝ ਰਿਆਇਤਾਂ ਤਾਂ ਦੇਣੀਆਂ ਹੀ ਹੋਣਗੀਆਂ ਅਤੇ ਉਹ ਵੀ ਖ਼ਾਸ ਕਰ ਕੇ ਉਨ੍ਹਾਂ ਨੂੰ, ਜੋ ਬਰਾਮਦ ਦੇ ਖੇਤਰ ਵਿਚ ਕਾਰਜ ਕਰ ਰਹੇ ਹਨ। ਇਹ ਤਾਂ ਐਕਸਾਈਜ਼ ਡਿਊਟੀ ਅਤੇ ਸਿੱਕੇ ਦੇ ਫੈਲਾਓ 'ਚ ਅਸਿੱਧੇ ਵਾਧਿਆਂ ਕਾਰਨ ਸਿਫ਼ਰ ਹੋ ਜਾਣਗੇ, ਜਿਹੜੇ ਕਿ ਪੈਟਰੋਲ ਦੀਆਂ ਕੀਮਤਾਂ ਵਿਚ ਵਾਧੇ ਦੇ ਸਿੱਟੇ ਵਜੋਂ ਹੋਂਦ ਵਿਚ ਆਉਣਗੇ। ਇਸ ਤੋਂ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਾਰੰਟੀ ਯੋਜਨਾ ਲਈ ਰੱਖੇ ਗਏ ਫ਼ੰਡਾਂ ਵਿਚ ਕਿਸੇ ਵਾਧੇ ਦਾ ਵੀ ਕੋਈ ਇਸ਼ਾਰਾ ਨਹੀਂ ਮਿਲਿਆ। (ਭਾਵੇਂ ਕਿ ਦਲੀਲ ਇਹ ਦਿੱਤੀ ਜਾਏਗੀ ਕਿ ਇਹ ਗੱਲ ਮੰਗ ਉਪਰ ਆਧਾਰਤ ਹੈ, ਰਕਮ ਹਾਲੇ ਵੀ ਵਧ ਸਕਦੀ ਹੈ) ਅਤੇ ਸ਼ਹਿਰੀ ਰੋਜ਼ਗਾਰ ਦੀਆਂ ਵੱਖ-ਵੱਖ ਯੋਜਨਾਵਾਂ ਲਈ ਰੱਖੀਆਂ ਗਈਆਂ ਰਕਮਾਂ ਵੀ ਮਜ਼ਾਕ ਲੱਗਦੀਆਂ ਹਨ।

ਵਿੱਤ ਮੰਤਰੀ ਨੇ ਆਪਣੇ ਭਾਸ਼ਣ ਵਿਚ ਸਮਾਜਕ ਸੇਵਾਵਾਂ ਦੀਆਂ ਯੋਜਨਾਵਾਂ ਲਈ ਕਾਫ਼ੀ ਧੂਮ-ਧੜੱਕੇ ਵਾਲੀਆਂ ਗੱਲਾਂ ਕੀਤੀਆਂ ਅਤੇ ਬਿਨਾਂ ਸ਼ੱਕ ਜਿਹੜਾ 26,000 ਕਰੋੜ ਰੁਪਿਆ ਇਨ੍ਹਾਂ ਲਈ ਰਾਖਵਾਂ ਰੱਖਿਆ ਗਿਆ ਹੈ, ਉਸਨੂੰ ਵੇਖਦਿਆਂ ਇਹ ਲੱਗਦਾ ਹੈ ਕਿ ਇਹ ਵਾਧਾ ਤਾਂ ਮਾਮੂਲੀ ਜਿਹਾ ਹੀ ਹੈ। ਪ੍ਰੰਤੂ ਸਮਾਜਕ ਖੇਤਰਾਂ ਲਈ ਗੈਰ ਯੋਜਨਾ ਖਰਚੇ ਵਿਚ ਅਸਲ ਵਿਚ 6,000 ਕਰੋੜ ਰੁਪਏ ਦੀ ਕਟੌਤੀ ਕੀਤੀ ਜਾਣ ਵਾਲੀ ਹੈ। ਇਸ ਲਈ ਵਾਧਾ ਓਨਾ ਨਹੀਂ ਹੈ, ਜਿੰਨਾ ਇਸ ਬਾਰੇ ਦਾਅਵਾ ਕੀਤਾ ਗਿਆ ਹੈ। ਕਿਉਂਕਿ ਕੇਂਦਰੀ ਸਰਕਾਰ ਨੇ ਸਕੂਲੀ ਸਿੱਖਿਆ ਅਤੇ ਸਾਖ਼ਰਤਾ, ਦੋਵਾਂ ਲਈ ਹੀ 8,000 ਕਰੋੜ ਰੁਪਏ ਦੀ ਵਾਧੂ ਰਕਮ ਰੱਖੀ ਹੈ, ਇਸ ਲਈ ਸਪੱਸ਼ਟ ਤੌਰ 'ਤੇ ਸਿੱਖਿਆ ਦੇ ਅਧਿਕਾਰ ਦਾ ਵਿੱਤੀ ਬੋਝ ਰਾਜ ਸਰਕਾਰਾਂ ਦੇ ਸਿਰ ਮੜ੍ਹ ਦਿੱਤਾ ਗਿਆ ਹੈ ਪ੍ਰੰਤੂ ਇਨ੍ਹਾਂ ਵਿਚੋਂ ਬਹੁਤੀਆਂ ਰਾਜ ਸਰਕਾਰਾਂ ਪਹਿਲਾਂ ਹੀ ਮਾਲੀ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ ਅਤੇ ਉਨ੍ਹਾਂ ਲਈ ਲੋੜੀਂਦੇ ਸਾਧਨ ਜੁਟਾ ਸਕਣਾ ਮੁਸ਼ਕਲ ਹੋਵੇਗਾ।


ਅਸਲੀਅਤ ਤਾਂ ਇਹ ਹੈ ਕਿ ਕਿਉਂਕਿ ਰਾਜ ਸਰਕਾਰਾਂ ਬੁਨਿਆਦੀ ਤੌਰ ਉੱਤੇ ਸਮਾਜਿਕ ਖੇਤਰ ਦੇ ਖ਼ਰਚਿਆਂ ਲਈ ਜ਼ਿੰਮੇਵਾਰ ਹਨ ਅਤੇ ਹਾਲੇ ਵੀ ਦੇਸ਼ ਦੇ ਸਮਾਜਿਕ ਖੇਤਰ ਦੇ ਖ਼ਰਚਿਆਂ ਦਾ 80 ਫੀਸਦੀ ਉਹੋ ਖ਼ਰਚ ਕਰਦੀਆਂ ਹਨ, ਪ੍ਰੰਤੂ ਇਹ ਬੜੀ ਚਿੰਤਾਜਨਕ ਸਥਿਤੀ ਹੈ ਕਿ ਉਨ੍ਹਾਂ ਨੂੰ ਸਾਧਨ ਕਿਹੜੇ ਦਿੱਤੇ ਗਏ ਹਨ?

ਇੱਥੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਰਾਜਾਂ ਅਤੇ ਕੇਂਦਰੀ ਸ਼ਾਸਤ ਇਲਾਕਿਆਂ ਦੀਆਂ ਯੋਜਨਾਵਾਂ ਲਈ ਖ਼ਰਚ ਵਿਚ ਕੀਤਾ ਗਿਆ ਵਾਧਾ 6599 ਕਰੋੜ ਰੁਪਏ ਤੋਂ ਘੱਟ ਹੈ। ਇਹ ਤਾਂ ਸਪੱਸ਼ਟ ਤੌਰ 'ਤੇ ਨਿੱਤ ਵਧਦੇ ਉਸ ਖ਼ਰਚੇ ਦੀ ਲੋੜ ਤੋਂ ਪੂਰੀ ਤਰ੍ਹਾਂ ਅਣਉਚਿਤ ਹੈ, ਜਿਹੜਾ ਸਿਹਤ, ਸਿੱਖਿਆ, ਰਿਹਾਇਸ਼, ਮੁੱਢਲੇ ਢਾਂਚੇ ਦੀ ਉਸਾਰੀ ਆਦਿ ਉਤੇ ਕੀਤਾ ਜਾਂਦਾ ਹੈ। ਅਸਲ ਵਿਚ ਪਿਛਲੇ ਸਾਲ ਨਾਲੋਂ ਜਿਹੜਾ 7.5 ਫੀਸਦੀ ਦਾ ਵਾਧਾ ਕੀਤਾ ਗਿਆ ਹੈ, ਉਹ ਤਾਂ ਕੇਵਲ ਸਿੱਕੇ ਦੇ ਫੈਲਾਓ ਕਾਰਨ ਪਿਆ ਘਾਟਾ ਹੀ ਪੂਰਾ ਕਰ ਸਕੇਗਾ ਅਤੇ ਇਹ ਕੁੱਲ ਘਰੇਲੂ ਉਤਪਾਦਨ ਵਿਚ ਨਿਰਧਾਰਤ ਵਾਧੇ ਤੋਂ ਕਾਫ਼ੀ ਹੇਠਾਂ ਹੈ।

ਆਪਣੇ ਬਜਟ ਭਾਸ਼ਣ ਵਿਚ ਵਿੱਤ ਮੰਤਰੀ ਨੇ ਚੌਪਾਸੜ ਵਿਕਾਸ ਲਈ ਇਕ ਯੋਗ ਹਾਲਤ ਪੈਦਾ ਕਰਨ ਦੀ ਗੱਲ ਆਖੀ ਸੀ। ਇਸ ਲਈ ਇਹ ਅਜੀਬ ਗੱਲ ਹੈ ਕਿ ਕਾਫ਼ੀ ਸਾਰੇ ਵਿੱਤੀ ਕਦਮ ਅਜਿਹੇ ਹਨ, ਜਿਹੜੇ ਨਾ ਕੇਵਲ ਵੱਸੋਂ ਦੇ ਵੱਡੇ ਹਿੱਸਿਆਂ ਨੂੰ ਇਸ ਤੋਂ ਬਾਹਰ ਰੱਖਦੇ ਹਨ, ਸਗੋਂ ਸਰਗਰਮੀ ਨਾਲ ਉਨ੍ਹਾਂ ਦੇ ਹਿੱਤਾਂ ਦੇ ਵਿਰੁਧ ਵੀ ਜਾਂਦੇ ਹਨ।

# ਵੱਡੇ ਅਰਥਾਂ ਵਾਲੀਆਂ ਨਿੱਕੀਆਂ-ਨਿੱਕੀਆਂ ਖ਼ਬਰਾਂ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਆਪਣੀ ਦਾਦੀ-ਨਾਨੀ ਪਾਸੋਂ ਜਾਂ ਕਿਸੇ ਸਕੂਲੀ ਕਿਤਾਬ ਵਿਚੋਂ ਇਹ ਕਹਾਣੀ ਤੁਸੀਂ ਜ਼ਰੂਰ ਪੜ੍ਹੀ-ਸੁਣੀ ਹੋਵੇਗੀ ਕਿ ਜੰਗਲ ਦਾ ਬਾਦਸ਼ਾਹ ਸ਼ੇਰ ਰੱਜ-ਪੁੱਜ ਕੇ ਕਿਸੇ ਛਾਂਦਾਰ ਦਰਖਤ ਹੇਠ ਪਿਆ ਘਰਾੜੇ ਮਾਰ ਰਿਹਾ ਸੀ। ਦਰਖਤ ਉੱਪਰ ਕੀੜੇ-ਮਕੌੜੇ ਖਾਣ ਚੜ੍ਹੀ ਹੋਈ ਨਿੱਕੀ ਜਿਹੀ ਕੋਈ ਚੂਹੀ ਸੁੱਤੇ ਪਏ ਸ਼ੇਰ ਉੱਪਰ ਅਚਾਨਕ ਆ ਡਿਗੀ। ਉਭੜਵਾਹਾ ਸ਼ੇਰ ਉੱਠਿਆ ਤੇ ਉਸ ਨੇ ਗੁੱਸੇ 'ਚ ਆ ਕੇ ਚੂਹੀ ਨੂੰ ਧੌਣੋਂ ਫੜ ਲਿਆ। ਗਰੀਬਣੀ ਚੂਹੀ ਜਾਨ ਬਖਸ਼ੀ ਲਈ ਸ਼ੇਰ ਅੱਗੇ ਹਾੜ੍ਹੇ ਕੱਢਣ ਲੱਗੀ, "ਮਹਾਰਾਜ ਮੈਨੂੰ ਮਾਰੋ ਨਾ, ਹੋ ਸਕਦਾ ਹੈ ਮੈਂ ਕਿਤੇ ਤੁਹਾਡੇ ਕੰਮ ਹੀ ਆ ਜਾਂ!" ਛਟਾਂਕੀ ਕੁ ਭਰ ਦੀ ਚੂਹੀ ਵਲੋਂ ਸ਼ੇਰ ਦੇ 'ਕੰਮ ਆਉਣ' ਵਾਲੀ ਗੱਲ ਸੁਣਦਿਆਂ ਸਾਰ ਸ਼ੇਰ ਨੂੰ ਹਾਸਾ ਆ ਗਿਆ! 'ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ? ਚੂਹੀ ਦੀ ਕੀ ਔਕਾਤ? ਜੇ ਸ਼ੇਰ ਦੀ ਕੋਈ ਮਦਦ ਕਰ ਸਕੇ! ਕਿੱਡੀ ਕਮਲੀ ਗੱਲ ਕਰ ਰਹੀ ਹੈ ਚੂਹੀ!!' ਇੰਜ ਚੂਹੀ ਦਾ ਮਜ਼ਾਕ ਉਡਾਉਂਦਿਆਂ ਸ਼ੇਰ ਨੇ ਉਸਨੂੰ ਛੱਡ ਦਿੱਤਾ।

ਕੁਝ ਦਿਨਾਂ ਬਾਅਦ ਕਰਨੀ ਰੱਬ ਦੀ, ਜੰਗਲ ਵਿਚ ਭਾਉਂਦਾ ਹੋਇਆ ਸ਼ੇਰ ਭੁਲੇਖੇ ਨਾਲ ਕਿਸੇ ਸ਼ਿਕਾਰੀ ਦੇ ਵਿਛਾਏ ਜਾਲ ਵਿਚ ਫਸ ਗਿਆ। ਮੁਸੀਬਤ 'ਚ ਫਸਿਆ ਸ਼ੇਰ ਸੋਚਣ ਲੱਗਾ ਕਿ ਉਹ ਹੁਣ ਕਰੇ ਤਾਂ ਕੀ ਕਰੇ? ਉਸਦੇ ਚੰਗੇ ਭਾਗਾਂ ਨੂੰ ਉਹੀ ਚੂਹੀ ਘੁੰਮਦੀ-ਘੁਮਾਉਂਦੀ ਉੱਥੇ ਆ ਗਈ। ਸ਼ੇਰ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕੋਈ ਇਸ਼ਾਰਾ ਕਰਦਿਆਂ ਫਟਾ ਫਟ ਜਾਲ ਕੱਟਣਾ ਸ਼ੁਰੂ ਕਰ ਦਿੱਤਾ। ਤਿੱਖੇ ਤੇਜ਼ ਦੰਦਾਂ ਵਾਲੀ ਭੋਰਾ ਕੁ ਚੂਹੀ ਨੇ ਜਾਲ ਕੱਟ ਕੇ ਸ਼ੇਰ ਨੂੰ ਆਜ਼ਾਦ ਕਰ ਦਿੱਤਾ!

ਹਾਥੀ ਦੇ ਵੱਡ-ਅਕਾਰੀ ਹੋਣ ਦਾ ਇਹ ਮਤਲਬ ਨਹੀਂ ਕਿ ਕੀੜੀ ਦੀ ਕੋਈ ਮਹਾਨਤਾ ਨਹੀਂ। ਕਬੀਰ ਭਗਤ ਨੇ ਤਾਂ ਇੱਕ ਸਲੋਕ ਵਿਚ ਹਾਥੀ ਦੇ ਵੱਡਪਣ ਨੂੰ ਹੰਕਾਰ ਦੀ ਅਤੇ ਕੀੜੀ ਦੇ ਨਿਮਾਣੇਪਣ ਨੂੰ ਨਿਮਰਤਾ ਦੀ ਉਪਮਾ ਦਿੰਦੇ ਹੋਏ ਆਖਿਆ ਹੈ ਕਿ ਪਰਮਾਤਮਾ ਦੇ ਨਾਮ ਦੀ ਖੰਡ ਮਾਨੋ ਰੇਤੇ ਵਿਚ ਰਲ ਗਈ ਹੈ, ਇਸਨੂੰ ਕੀੜੀ ਹੀ 'ਚੁਣ' ਸਕਦੀ ਹੈ ਹਾਥੀ ਨਹੀਂ। ਪਰ ਮਨੁੱਖੀ ਫਿਤਰਤ ਦਾ ਇਹ ਇੱਕ ਵੱਡਾ ਰੋਗ ਹੈ ਕਿ ਇਹ ਹਮੇਸ਼ਾ 'ਵੱਡਾ ਹੋਣ' ਜਾਂ 'ਵੱਡਾ ਦਿਖਣ' ਦੀ ਲਾਲਸਾ ਵਿਚ, ਛੋਟੀਆਂ ਵਸਤਾਂ ਨੂੰ ਅਣਗੌਲਿਆਂ ਕਰਦਾ ਹੈ।

ਹੋਰ ਤਾਂ ਹੋਰ ਅਖ਼ਬਾਰਾਂ ਪੜ੍ਹਨ ਵੇਲੇ ਵੀ ਸਭ ਤੋਂ ਪਹਿਲਾਂ ਵੱਡੀਆਂ ਸੁਰਖੀਆਂ ਹੀ ਪੜ੍ਹੀਆਂ ਜਾਂਦੀਆਂ ਹਨ। ਉਨ੍ਹਾਂ ਵਿਚ ਭਾਵੇਂ ਸਿਆਸਤਦਾਨਾਂ ਦਾ ਕੂੜ-ਕੁਫਰ ਹੀ ਭਰਿਆ ਹੋਇਆ ਹੋਵੇ। ਇਸ ਦੇ ਮੁਕਾਬਲੇ ਕਈ ਉਹ ਨਿੱਕੀਆਂ-ਨਿੱਕੀਆਂ ਖਬਰਾਂ, ਜਿਨ੍ਹਾਂ ਦੇ ਅਰਥ ਬਹੁਤ ਵੱਡੇ ਹੁੰਦੇ ਹਨ, ਆਮ ਪਾਠਕਾਂ ਦੀ ਨਜ਼ਰੇ ਹੀ ਨਹੀਂ ਚੜ੍ਹਦੀਆਂ। ਬੇਸ਼ੱਕ ਇਹ ਬਹੁਤ ਸਾਰੇ ਭਰਮ-ਭੁਲੇਖੇ ਮਿਟਾਉਣ ਦੇ ਨਾਲ ਨਾਲ ਕਈ ਚਲੰਤ ਮਾਮਲਿਆਂ ਦੀ ਅੰਦਰਲੀ ਹਕੀਕਤ ਬਿਆਨ ਕਰਦੀਆਂ ਹੋਣ।

ਪੰਜਾਬ ਦੀਆਂ ਕਈ ਸਿੱਖ ਜਥੇਬੰਦੀਆਂ ਨੇ ਪਿਛਲੇ ਕੁਝ ਮਹੀਨਿਆਂ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਫੋਟੋ ਵਾਲੇ ਸਟਿੱਕਰ ਛਪਵਾ ਕੇ ਵੰਡੇ। ਇਸ ਦੇ ਮੁਕਾਬਲੇ ਜੂਨ ਚੁਰਾਸੀ ਦੇ ਸਾਕੇ ਵੇਲੇ ਭਾਰਤੀ ਫੌਜ ਦੇ ਮੁਖੀ ਰਹੇ ਜਨਰਲ ਵੈਦਿਆ ਦੇ ਸਟਿੱਕਰ ਛਾਪ ਦਿੱਤੇ ਗਏ। ਇਨ੍ਹਾਂ ਸਟਿੱਕਰਾਂ ਵਿਚ ਸਿੱਖਾਂ ਨੂੰ ਚਿੜ੍ਹਾਉਣ ਵਾਲੀਆਂ ਸਤਰਾਂ ਵੀ ਛਪੀਆਂ ਹੋਈਆਂ ਸਨ ਜਿਨ੍ਹਾਂ ਥੱਲੇ ਛਾਪਕ ਵਜੋਂ ਸ਼ਿਵ ਸੈਨਾ ਪੰਜਾਬ ਦਾ ਨਾਂ ਲਿਖਿਆ ਹੋਇਆ ਸੀ। ਸ਼ਿਵ ਸੈਨਾ ਦੇ ਸਟਿੱਕਰਾਂ ਦੀ ਇਤਰਾਜ਼ਯੋਗ ਸ਼ਬਦਾਵਲੀ ਨਾਲ ਦੋਹਾਂ ਧਿਰਾਂ ਦੇ ਆਗੂਆਂ ਵਲੋਂ ਅਖ਼ਬਾਰੀ ਬਿਆਨਬਾਜ਼ੀ ਸ਼ੁਰੂ ਹੋ ਗਈ। ਕਈ ਥਾਈਂ ਤਣਾਅ ਵਾਲੇ ਹਾਲਾਤ ਵੀ ਪੈਦਾ ਹੋ ਗਏ। ਇਕ ਦੂਜੇ ਨੂੰ ਧਮਕੀਆਂ ਦੇਣ ਦਾ ਬਾਜ਼ਾਰ ਗਰਮ ਹੋ ਗਿਆ। ਇਸੇ ਦੌਰਾਨ ਚੰਗੇ ਭਾਗਾਂ ਨੂੰ ਸ਼ਿਵ ਸੈਨਾ ਦੇ ਕੁਝ ਪੰਜਾਬੀ ਆਗੂਆਂ ਨੇ ਬਿਆਨ ਜਾਰੀ ਕਰਕੇ ਦੱਸਿਆ ਕਿ ਸਿੱਖਾਂ ਨੇ ਆਪਣੇ ਕਿਹੜੇ ਜਰਨੈਲ ਦੇ ਸਟਿੱਕਰ ਜਾਂ ਪੋਸਟਰ ਛਾਪਣੇ ਹਨ, ਕਿਹੜੇ ਦੇ ਨਹੀਂ, ਇਹ ਸਿੱਖਾਂ ਦਾ ਆਪਣਾ ਅੰਦਰੂਨੀ ਮਸਲਾ ਹੈ। ਸ਼ਿਵ ਸੈਨਾ ਦਾ ਇਸ ਨਾਲ ਕੋਈ ਲੈਣਾ ਨਹੀਂ। ਜਨਰਲ ਵੈਦਿਆ ਦੇ ਸਟਿੱਕਰਾਂ ਬਾਰੇ ਇਨ੍ਹਾਂ ਆਗੂਆਂ ਸਪਸ਼ਟ ਆਖਿਆ ਕਿ ਇਹ ਕਿਸੇ ਬਲਦੀ 'ਤੇ ਤੇਲ ਪਾਉਣ ਵਾਲੇ ਸ਼ਰਾਰਤੀ ਦਾ ਕਾਰਾ ਹੈ। ਸ਼ਿਵ ਸੈਨਾ ਦਾ ਸਟਿੱਕਰਾਂ ਨਾਲ ਕੋਈ ਲਾਗਾ-ਦੇਗਾ ਨਹੀਂ।

ਪ੍ਰਿੰਟ-ਮੀਡੀਆ ਵਿਚ ਵੈਦਿਆਂ ਦੇ ਸਟਿੱਕਰ ਛਪਣ ਬਾਰੇ ਅਤੇ ਦੋਹਾਂ ਧਿਰਾਂ ਦੇ ਆਗੂਆਂ ਵਲੋਂ ਦਿੱਤੀਆਂ ਗਈਆਂ ਗਰਮਾ-ਗਰਮ ਧਮਕੀਆਂ ਦੀਆਂ ਖਬਰਾਂ ਨੂੰ ਤਾਂ ਵੱਡੇ ਰੂਪ ਵਿਚ ਲਿਸ਼ਕਾ-ਪੁਸ਼ਕਾ ਕੇ ਛਾਪਿਆ ਜਾਂਦਾ ਰਿਹਾ। ਲੇਕਿਨ ਕੁੜੱਤਣ ਘਟਾਉਣ ਵਾਲੇ ਸ਼ਿਵ ਸੈਨਾ ਦੇ ਉਕਤ ਬਿਆਨ ਨੂੰ ਨਿੱਕੀਆਂ-ਨਿੱਕੀਆਂ ਖ਼ਬਰਾਂ ਦੇ ਰੂਪ ਵਿਚ, ਅਖਬਾਰਾਂ ਦੇ ਖੱਲਾਂ-ਖੂੰਜਿਆਂ ਵਿਚ ਛਾਪਿਆ ਗਿਆ। ਹਾਲਾਂਕਿ ਇਸ ਸਪਸ਼ਟੀਕਰਨ ਨੇ ਇਕ ਦੂਸਰੇ ਨੂੰ ਝਈਆਂ ਲੈ ਲੈ ਕੇ ਵੱਢਣ ਨੂੰ ਫਿਰਦੇ 'ਗਰਮ ਖੂਨ' ਨੂੰ ਸ਼ਾਂਤ ਕਰਨਾ ਸੀ ਪ੍ਰੰਤੂ ਛਾਪਣ ਵੇਲੇ ਇਸਨੂੰ 'ਕੀੜਿਆਂ-ਮਕੌੜਿਆਂ' ਦੇ ਤੁਲ ਹੀ ਸਮਝਿਆ ਗਿਆ।

ਚਰਚਾ ਅਧੀਨ ਵਿਸ਼ੇ ਦੀ ਦੂਸਰੀ ਖ਼ਬਰ ਹੈ ਸਵੰਬਰਾਂ 'ਤੇ ਰੋਕਥਾਮ ਲਾਉਣ ਦੀ। ਭਾਰਤੀ ਸੰਸਕ੍ਰਿਤੀ ਅਨੁਸਾਰ ਕਿਸੇ ਸਮੇਂ ਰਾਜਿਆਂ-ਮਹਾਰਾਜਿਆਂ ਦੀਆਂ ਵਿਆਹੁਣਯੋਗ ਰਾਜਕੁਮਾਰੀਆਂ ਯੋਗ ਵਰ ਦੀ ਚੋਣ ਕਰਨ ਲਈ 'ਸਵੰਬਰ' ਰਚਾਇਆ ਕਰਦੀਆਂ ਸਨ। ਜਿਵੇਂ ਸੀਤਾ ਅਤੇ ਦ੍ਰੋਪਦੀ ਦੇ ਸਵੰਬਰ ਵੇਲੇ ਇਕੱਠੇ ਹੋਏ ਰਾਜਕੁਮਾਰਾਂ ਨੂੰ ਅਲੱਗ-ਅਲੱਗ ਕਿਸਮ ਦੀਆਂ ਸਖਤ ਪ੍ਰੀਖਿਆਵਾਂ ਵਿਚੋਂ ਲੰਘਣਾ ਪਿਆ ਸੀ। ਮਾਂ-ਬਾਪ, ਅੰਗ ਸਾਕ ਅਤੇ ਕੁੱਲ ਪ੍ਰੋਹਿਤਾਂ ਦੀ ਹਾਜ਼ਰੀ ਵਿਚ ਹੋਣ ਵਾਲੇ ਇਨ੍ਹਾਂ ਸਵੰਬਰਾਂ ਦੀ ਇੱਕ ਖ਼ਾਸ ਮਰਯਾਦਾ ਹੁੰਦੀ ਸੀ। ਇਹ ਰਾਜ ਦਰਬਾਰਾਂ ਵਿਚ ਸੰਪੰਨ ਹੁੰਦੇ ਸਨ। ਅੱਜ ਕੱਲ੍ਹ ਕੁਝ ਸਿਰੇ ਦੇ ਫੁਕਰੇ ਤੇ ਫੁਕਰੀਆਂ ਸਵੰਬਰ ਨਾਂ ਦੀ ਮਿੱਟੀ ਪਲੀਤ ਕਰਨ ਲੱਗੇ ਹੋਏ ਨੇ। ਭਾਰਤੀ ਔਰਤ ਨੂੰ ਬੇ-ਪਰਦ ਕਰਨ ਲੱਗਾ ਹੋਇਆ 'ਛੋਟਾ ਪਰਦਾ' ਭਾਵ ਟੀ.ਵੀ., ਇਸ ਸਟੰਟਪੁਣੇ ਵਿਚ ਪ੍ਰਮੁੱਖ ਭੂਮਿਕਾ ਨਿਭਾਅ ਰਿਹਾ ਹੈ।

ਪਹਿਲਾਂ ਤਾਂ ਬੇ-ਹਯਾਈ ਦੇ ਨਵੇਂ ਕੀਰਤੀਮਾਨ ਸਥਾਪਤ ਕਰਨ ਵਾਲੀ ਰਾਖੀ ਸਾਵੰਤ ਨਾਂ ਦੀ ਇਕ ਫਿਲਮੀ ਐਕਟਰ ਨੇ 'ਲੁੱਚ-ਡਰਾਮਾ' ਰਚ ਕੇ ਕੋਈ ਅਖਿਲੇਸ਼ ਨਾਂ ਦੇ ਨੌਜਵਾਨ ਨੂੰ ਬੁੱਧੂ ਬਣਾਇਆ। ਉਸਨੂੰ 'ਪਤੀ' ਦੇ ਤੌਰ 'ਤੇ ਚੁਣਿਆ ਪਰ ਕੁਝ ਕੁ ਹਫਤਿਆਂ ਬਾਅਦ ਹੀ ਉਸਨੂੰ ਦੁਰਕਾਰ ਦਿੱਤਾ। ਫਿਰ ਉੱਠਿਆ ਮਰਹੂਮ ਭਾਜਪਾ ਆਗੂ ਪ੍ਰਮੋਦ ਮਹਾਜਨ ਦਾ ਨਸ਼ੇੜੀ ਪੁੱਤ ਰਾਹੁਲ। ਭਾਵੇਂ ਇਸ ਨੇ ਸ਼ਵੇਤਾ ਨਾਂ ਦੀ ਕੁੜੀ ਨਾਲ ਵਿਆਹ ਰਚਾਉਣ ਬਾਅਦ ਗਿਣਵੇਂ ਮਹੀਨਿਆਂ ਮਗਰੋਂ ਹੀ ਉਸਨੂੰ ਤਲਾਕ ਦੇ ਦਿੱਤਾ ਸੀ, ਪਰ ਦੇਖਾ-ਦੇਖੀ ਇਸ ਨੇ ਵੀ ਕੋਈ ਹੋਰ ਕੁੜੀ ਫਾਹੁਣ ਲਈ ਸਵੰਬਰ ਦਾ ਅਡੰਬਰ ਰਚ ਲਿਆ।

ਬੇਸ਼ੱਕ ਪਹਿਲੀ ਕੁੜੀ ਸ਼ਵੇਤਾ ਨੇ ਰਾਹੁਲ 'ਤੇ ਕਈ ਤਰ੍ਹਾਂ ਦੇ ਸੰਗੀਨ ਦੋਸ਼ ਲਾਏ ਸਨ ਪਰ ਟੀ.ਵੀ. ਚੈਨਲਾਂ 'ਤੇ ਦਿਖਾਏ ਗਏ ਸਵੰਬਰ ਅਨੁਸਾਰ ਇਕ ਹੋਰ 'ਕਰਮਾਂਮਾਰੀ' ਇਸ ਵਿਗੜੇ ਛੋਹਰ ਦੇ ਢਹੇ ਚੜ੍ਹ ਗਈ ਹੈ।

ਦੋ ਨੰਬਰ ਦੇ ਧੰਦਿਆਂ ਨਾਲ ਅੰਨ੍ਹੀ ਕਮਾਈ ਕਰਨ ਵਾਲੇ ਮਾਂ-ਬਾਪ ਦੀਆਂ ਅੱਯਾਸ਼ ਔਲਾਦਾਂ ਵਲੋਂ ਕੀਤੇ ਜਾਂਦੇ ਇਹੋ ਜਿਹੇ ਚੋਚਲਿਆਂ ਨੂੰ ਸਾਰੀਆਂ ਅਖਬਾਰਾਂ ਰਾਖਵੇਂ ਪੰਨਿਆਂ ਉੱਤੇ ਥਾਂ ਦਿੰਦੀਆਂ ਹਨ। ਨੌਜਵਾਨ ਪੀੜ੍ਹੀ ਨੂੰ ਆਪਹੁਦਰੀ ਅਤੇ ਲੱਜਾਹੀਣ ਬਣਾ ਰਹੇ ਇਸ ਊਟ ਪਟਾਂਗ ਨੂੰ ਰੋਕਣ ਲਈ ਜੇ ਕਿਤਿਓਂ ਆਵਾਜ਼ ਉੱਠਦੀ ਹੈ ਤਾਂ ਉਸਨੂੰ ਕੋਈ ਵਿਰਲਾ ਅਖ਼ਬਾਰ ਹੀ ਗੌਲਦਾ ਹੈ।

ਜਿਵੇਂ ਪਿਛਲੇ ਦਿਨੀਂ ਯੂਨੀਵਰਸਲ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਦੇ ਮੈਂਬਰਾਂ ਨੇ ਇਕੱਠੇ ਹੋ ਕੇ ਕੇਂਦਰੀ ਪ੍ਰਸਾਰਣ ਮੰਤਰੀ ਨੂੰ ਉਚੇਚੇ ਤੌਰ 'ਤੇ ਇਕ ਮੈਮੋਰੰਡਮ ਦਿੱਤਾ ਜਿਸ ਵਿਚ ਇਹ ਮੰਗ ਰੱਖੀ ਗਈ ਹੈ ਕਿ ਇਨ੍ਹਾਂ ਅਖੌਤੀ ਸਵੰਬਰਾਂ ਉਤੇ ਫੌਰਨ ਪਾਬੰਦੀ ਲਗਾਈ ਜਾਵੇ ਅਤੇ ਇਨ੍ਹਾਂ ਨੂੰ ਪ੍ਰਸਾਰਿਤ ਕਰਨ ਵਾਲੇ ਚੈਨਲਾਂ ਦੇ ਡਾਇਰੈਕਟਰਾਂ 'ਤੇ ਕਾਨੂੰਨ ਅਨੁਸਾਰ ਕੇਸ ਚਲਾਏ ਜਾਣ। ਇਸ ਵਫਦ ਦੇ ਮੈਂਬਰਾਂ ਨੇ ਚਿੰਤਾ ਪ੍ਰਗਟਾਉਂਦਿਆਂ ਆਖਿਆ ਕਿ ਅਜਿਹੇ ਪ੍ਰੋਗਰਾਮ ਵਿਆਹ ਜਿਹੀ ਪਵਿੱਤਰ ਰਸਮ ਦਾ ਹੁਲੀਆ ਹੀ ਵਿਗਾੜ ਦੇਣਗੇ।

ਸਿਤਮ ਦੀ ਗੱਲ ਹੈ ਕਿ ਸਵੰਬਰ ਦੀ ਕਵਰੇਜ ਹੁੱਬ-ਹੁੱਬ ਕੇ ਕਰਨ ਵਾਲੇ ਬਹੁਤੇ ਅਖਬਾਰਾਂ ਨੇ ਇਹ ਵਫਦ ਵਾਲੀ ਖਬਰ ਦਾ ਧੂੰਆਂ ਵੀ ਨਹੀਂ ਨਿਕਲਣ ਦਿੱਤਾ। ਜੇ ਇੱਕ-ਅੱਧ ਅਖ਼ਬਾਰ ਨੇ ਇਹ ਖ਼ਬਰ ਛਾਪੀ ਵੀ, ਉਸਦਾ ਰੰਗ-ਰੂਪ ਇਸ ਤਰ੍ਹਾਂ ਦਾ ਬਣਾ ਦਿੱਤਾ, ਜਿਵੇਂ ਖਾਨਾਪੂਰਤੀ ਕੀਤੀ ਗਈ ਹੋਵੇ। ਜਦਕਿ ਵਿਰਾਸਤੀ ਕਦਰਾਂ-ਕੀਮਤਾਂ ਦੀ ਚਿੰਤਾ ਕਰਨ ਵਾਲੇ ਲੋਕਾਂ ਲਈ ਇਹ ਖਬਰ ਅਤਿ ਮਹੱਤਤਾ ਵਾਲੀ ਹੈ।

ਤੀਸਰੀ ਖਬਰ ਹੈ ਸਾਡੇ ਦੇਸ਼ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਦੀ। ਹੱਦ ਦਰਜੇ ਦੀ ਸਾਦਗੀ ਨਾਲ ਜ਼ਿੰਦਗੀ ਬਤੀਤ ਕਰਨ ਵਾਲੇ ਸ੍ਰੀ ਜਾਰਜ ਦੀ ਅਜੋਕੀ ਦਸ਼ਾ ਪਤਾ ਕੀ ਬਣੀ ਪਈ ਹੈ? ਅਲਜ਼ਾਈਮਰ ਦੀ ਬੀਮਾਰੀ ਨਾਲ ਪੀੜਤ ਹੋ ਚੁੱਕੇ ਸ੍ਰੀ ਫਰਨਾਂਡੇਜ਼ ਆਪਣੀ ਯਾਦਦਾਸ਼ਤ ਬਿਲਕੁਲ ਗਵਾ ਚੁੱਕੇ ਹਨ।

ਉਹ ਜੀਵਤ ਜਰੂਰ ਹਨ, ਪਰ ਨਾ ਉਹ ਕੁਝ ਕਹਿ ਸਕਦੇ ਹਨ ਤੇ ਨਾ ਹੀ ਸੁਣ ਸਕਦੇ ਨੇ। ਇਕ ਅਖ਼ਬਾਰ ਦੇ ਅਣਗੌਲੇ ਜਿਹੇ ਸਫੇ ਉੱਪਰ ਟੈਂਡਰ ਨੋਟਿਸਾਂ ਵਿਚ ਘਸੋੜ ਕੇ ਛਾਪੀ ਹੋਈ ਇਕ ਮਰੀ ਜਿਹੀ ਖਬਰ ਅਨੁਸਾਰ ਉਨ੍ਹਾਂ ਦੇ ਕੁੱਝ ਪਰਿਵਾਰਕ ਮੈਂਬਰਾਂ, ਜਿਹੜੇ ਹੁਣ ਤੱਕ ਕਦੇ ਨੇੜੇ ਨਹੀਂ ਸਨ ਢੁਕੇ, ਅੱਜ ਕਲ ਉਨ੍ਹਾਂ ਦੀ 'ਸੇਵਾ ਵਿਚ' ਹਾਜ਼ਰ ਹੋ ਚੁੱਕੇ ਹਨ ਕਿਉਂਕਿ ਫਰਨਾਂਡੇਜ਼ ਸਾਹਿਬ ਦੀ ਕਰੋੜਾਂ ਰੁਪਈਆਂ ਦੀ ਜਾਇਦਾਦ ਨੂੰ ਆਖਰ ਕਿਸੇ 'ਵਾਰਸ' ਦੀ ਲੋੜ ਪੈਣੀ ਹੀ ਸੀ। ਇਸ ਲਈ ਉਨ੍ਹਾਂ ਨੇ 'ਸੁਨਹਿਰੀ ਮੌਕਾ' ਸਾਂਭ ਲਿਆ ਹੈ।

ਇਸ 'ਦੁਖਦਾਈ' ਖਬਰ ਨੂੰ ਵੀ ਜੇ ਅਖਬਾਰਾਂ ਦੇ ਮੁੱਖ ਪੰਨਿਆਂ 'ਤੇ ਜਗ੍ਹਾ ਮਿਲ ਜਾਂਦੀ ਤਾਂ ਕਿੱਡਾ ਚੰਗਾ ਹੁੰਦਾ! ਜਾਰਜ ਫਰਨਾਂਡੇਜ ਦੇ ਅੰਤਲੇ ਦਿਨਾਂ ਦੀ ਦਰਦਨਾਕ ਅਵਸਥਾ ਪੜ੍ਹ-ਸੁਣ ਕੇ, ਘੱਟ ਤੋਂ ਘੱਟ ਉਨ੍ਹਾਂ ਅਮੀਰਾਂ-ਵਜ਼ੀਰਾਂ ਨੂੰ ਸ਼ਾਇਦ ਠੋਕਰ ਵੱਜਦੀ, ਜਿਹੜੇ 'ਬਹੁ ਪ੍ਰਪੰਚ ਕਰ ਪਰ ਧਨ ਲਿਆਵੈ॥' ਦੇ ਮਾਰਗ 'ਤੇ ਚੱਲਦਿਆਂ ਹੋਇਆਂ ਧਨ ਦੇ ਅੰਬਾਰ ਲਾ ਰਹੇ ਹਨ ਤੇ ਕਰੋੜਾਂ-ਅਰਬਾਂ ਦੀ ਜਾਇਦਾਦ ਆਪਣੇ ਨਾਂ ਦੇਖਣ ਦਾ ਸ਼ੌਕ ਪੂਰਾ ਕਰਨ ਲਈ ਟਿੱਲ ਲਾ ਰਹੇ ਹਨ। ਪਰ ਨਹੀਂ, ਐਸੀਆਂ ਨਸੀਹਤਨੁਮਾ ਨਿੱਕੀਆਂ-ਨਿੱਕੀਆਂ ਖਬਰਾਂ ਛਾਪਣ ਦੀ ਥਾਂ, ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਦੀ ਨੀਤੀ 'ਤੇ ਚੱਲਦਿਆਂ ਅਖਬਾਰਾਂ ਵਾਲੇ ਬੁੱਢੇਖੁੰਢ ਲੀਡਰਾਂ ਦੇ ਉਨ੍ਹਾਂ ਮੁੰਡਿਆਂ-ਖੁੰਡਿਆਂ ਨੂੰ ਪਾਲਿਸ਼ ਕਰਕੇ ਛਾਪਦੇ ਨੇ ਜਿਹੜੇ ਡੱਡੂ-ਛੜੱਪੇ ਮਾਰਦੇ ਹੋਏ ਸੱਤਾ ਦੀ ਕੁਰਸੀ ਵਲ ਨੂੰ ਵਧ ਰਹੇ ਹੋਣ।

ਜਾਂਦੇ-ਜਾਂਦੇ ਇਕ ਹੋਰ 'ਮਾਮੂਲੀ ਜਿਹੀ' ਖਬਰ ਵਲ ਉਡਦੀ ਉਡਦੀ ਨਜ਼ਰ ਮਾਰ ਲਈਏ। ਮਾਮੂਲੀ ਸ਼ਬਦ ਇਸ ਖਬਰ ਲਈ ਤਾਂ ਵਰਤਿਆ ਹੈ ਕਿਉਂਕਿ ਇਹ ਇੱਕ 'ਭੱਈਏ ਦੇ ਮੁੰਡੇ' ਨਾਲ ਸਬੰਧ ਰੱਖਦੀ ਹੈ। ਜਗਰਾਉਂ ਇਲਾਕੇ ਦੇ ਪਿੰਡ ਸੰਗਤਪੁਰਾ ਢੈਪਈ ਵਿਚ ਰਾਜ ਕੁਮਾਰ ਨਾਮ ਦਾ ਇੱਕ ਬਿਹਾਰੀ ਭੱਈਆ ਪਿਛਲੇ ਕਈ ਸਾਲਾਂ ਤੋਂ ਰਹਿ ਰਿਹਾ ਹੈ। ਆਮ ਪੂਰਬੀਏ ਮਜ਼ਦੂਰਾਂ ਵਾਂਗ ਉਹ ਵੀ ਮਿਹਨਤ-ਮਜ਼ਦੂਰੀ ਕਰਕੇ ਆਪਣੇ ਟੱਬਰ ਨੂੰ ਪਾਲ ਰਿਹਾ ਹੈ। ਪੰਜਾਬ ਵਿਚ ਹੀ ਜਨਮਿਆ ਇਹਦਾ ਬੇਟਾ ਨੀਰਜ ਕੁਮਾਰ ਇਨ੍ਹੀਂ ਦਿਨੀਂ ਸਰਕਾਰੀ ਹਾਈ ਸਕੂਲ ਸੰਗਤਪੁਰਾ ਢੈਪਈ ਦੀ ਸੱਤਵੀਂ ਕਲਾਸ ਦਾ ਵਿਦਿਆਰਥੀ ਹੈ।

ਸਿੱਧਵਾਂ ਬੇਟ ਬਲਾਕ ਵਿਚ 19 ਹਾਈ ਸਕੂਲਾਂ ਦੇ ਵਿਦਿਆਰਥੀਆਂ ਦਾ ਪੰਜਾਬੀ ਲਿਖਾਈ ਕੰਪੀਟੀਸ਼ਨ ਕਰਵਾਇਆ ਗਿਆ। ਹੈਰਾਨੀ ਦੀ ਗੱਲ ਕਹੋ ਜਾਂ ਖੁਸ਼ੀ ਦੀ, ਨੀਰਜ ਕੁਮਾਰ ਇਸ ਕੰਪੀਟੀਸ਼ਨ ਵਿਚ ਟੌਪ ਪੋਜੀਸ਼ਨ ਲੈ ਕੇ ਪੰਜਾਬੀ ਮਾਵਾਂ ਦੇ ਜਾਇਆਂ ਨੂੰ ਮਾਤ ਪਾ ਗਿਆ। ਦੱਸਿਆ ਗਿਆ ਕਿ ਮਨੀਲਾ ਤੋਂ ਆਏ ਸ. ਗੁਰਬਿੰਦਰ ਸਿੰਘ ਨਾਂ ਦੇ ਬਿਬੇਕ-ਬੁੱਧ ਐਨ.ਆਰ.ਆਈ. ਨੇ ਪੰਚਾਇਤ ਨਾਲ ਮਿਲ ਕੇ ਇਸ ਹੋਣਹਾਰ ਬੱਚੇ ਦੀ ਹੌਸਲਾ-ਅਫ਼ਜਾਈ ਲਈ ਸਮਾਗਮ ਆਯੋਜਿਤ ਕੀਤਾ।

ਇਹ ਚੂਹੀ ਜਿੰਨੀ ਖ਼ਬਰ ਸ਼ਾਇਦ ਬਹੁਤੇ ਅਖ਼ਬਾਰਾਂ ਨੇ ਇਸੇ ਡਰੋਂ ਨਹੀਂ ਛਾਪੀ ਹੋਣੀ ਕਿ ਮਤਾਂ ਕਿਸੇ ਗਫ਼ਲਤ ਵਾਲੀ ਨੀਂਦ ਦੀ ਘੂਕੀ 'ਚ ਸੁੱਤੇ ਪਏ ਬੱਬਰ ਸ਼ੇਰ ਪੰਜਾਬੀਆਂ ਉੱਪਰ ਇਹ ਅਚਾਨਕ ਨਾ ਡਿਗ ਪਏ!

## ਫੁਲਝੜੀ

### ਕਜ਼ਨ ਬਨਾਮ ਕੰਜਰ !

ਢਾਈ ਤਿੰਨ ਸੌ ਬਿਸਤਰਿਆਂ ਵਾਲੇ ਇੱਕ ਹਸਪਤਾਲ ਵਿਚ ਮੈਂ ਜੌਬ ਕਰਦਾ ਹੁੰਦਾ ਸਾਂ। ਉਥੋਂ ਦੇ ਪ੍ਰਬੰਧਕਾਂ ਵਲੋਂ ਹਰ ਦੂਜੇ ਸਨਿਚਰਵਾਰ ਸਟਾਫ ਨਾਲ ਇਕ ਮੀਟਿੰਗ ਕੀਤੀ ਜਾਂਦੀ ਸੀ। ਜਿਸ ਵਿਚ ਡਾਕਟਰ, ਨਰਸਾਂ ਅਤੇ ਦੂਸਰੇ ਕਰਮਚਾਰੀ ਆਪਣੀਆਂ ਆਪਣੀਆਂ ਮੁਸ਼ਕਿਲਾਂ ਦੱਸਣ ਦੇ ਨਾਲ ਨਾਲ ਹਸਪਤਾਲ ਨੂੰ ਹੋਰ ਸੁਚਾਰੂ ਰੂਪ ਵਿਚ ਚਲਾਉਣ ਲਈ ਸੁਝਾਅ ਵਗੈਰਾ ਦਿਆ ਕਰਦੇ ਸਨ।

ਇਸੇ ਤਰ੍ਹਾਂ ਦੀ ਇਕ ਮੀਟਿੰਗ ਚੱਲ ਰਹੀ ਸੀ। ਮੈਨੇਜਿੰਗ ਕਮੇਟੀ ਦੇ ਪ੍ਰਧਾਨ ਜੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਕੋਈ ਡਾਕਟਰ 'ਆਊਟ-ਡੋਰ' ਮਰੀਜ਼ਾਂ ਬਾਰੇ ਸੁਝਾਅ ਦੇ ਰਿਹਾ ਸੀ ਤੇ ਕੋਈ ਹਸਪਤਾਲ ਵਿਚ ਦਾਖਲ ਹੋਣ ਵਾਲੇ ਮਰੀਜਾਂ ਦੇ ਨਾਲ ਆਏ ਸਕੇ-ਸਬੰਧੀਆਂ ਨੂੰ ਕੰਟਰੋਲ ਕਰਨ ਦੀ ਸਮੱਸਿਆ ਬਾਰੇ ਦੱਸ ਰਿਹਾ ਸੀ। ਬੜੀ ਗੰਭੀਰਤਾ ਵਾਲੇ ਮਾਹੌਲ ਵਿਚ ਚੱਲ ਰਹੀ ਮੀਟਿੰਗ ਵਿਚ, ਹਸਪਤਾਲ ਵਿਖੇ ਰਾਤ ਦੀ ਡਿਊਟੀ ਕਰਨ ਵਾਲਾ ਇਕ ਸਕਿਉਰਟੀ ਗਾਰਡ (ਸਾਬਕਾ ਫੌਜੀ) ਉੱਠ ਕੇ ਕਹਿਣ ਲੱਗਾ, "ਪ੍ਰਧਾਨ ਸਾਹਿਬ, ਮੇਰੀ ਵੀ ਇਕ ਅਰਜ਼ ਸੁਣੋਗੇ?"

ਪ੍ਰਧਾਨ ਜੀ ਵਲੋਂ 'ਹਾਂ' 'ਚ ਸਿਰ ਹਿਲਾਉਣ 'ਤੇ ਉਹ ਬੋਲਿਆ, "ਸਰ, ਜਦੋਂ ਮੈਂ ਰਾਤ ਵੇਲੇ ਹਸਪਤਾਲ ਦੇ ਅੰਦਰ ਦੀ 'ਰਾਊਂਡ' ਮਾਰਦਾਂ, ਤਾਂ ਕਈ ਨਰਸਾਂ ਕੋਲ ਬਾਹਰੋਂ ਆਏ ਓਪਰੇ ਮੁੰਡੇ ਬੈਠੇ ਹੁੰਦੇ ਨੇ। ਨਾਲੇ ਇਹ ਕੰਟੀਨ ਤੋਂ ਮੰਗਵਾਈ ਹੋਈ ਚਾਹ ਦੀਆਂ ਚੁਸਕੀਆਂ ਭਰੀ ਜਾਂਦੇ ਐ, ਨਾਲੇ ਆਪੋ ਵਿਚੀਂ ਘੁਸਰ-ਮੁਸਰ ਕਰਦੇ ਰਹਿੰਦੇ ਐ। ਜਿਸ ਨਰਸ ਨੂੰ ਵੀ ਪੁੱਛੀਦੈ ਕਿ ਮੈਡਮ, ਇਹ ਮੁੰਡਾ ਕੌਣ ਹੈ? ਅੱਗਿਉਂ ਹਰੇਕ ਜਣੀ ਦਾ ਇੱਕੋ ਉੱਤਰ ਹੁੰਦੈ, "ਇਹ ਮੇਰਾ ਕਜ਼ਨ ਐ!' ਸਿਰਫ ਰਾਤ ਨੂੰ ਆਉਣ ਵਾਲੇ ਇਨ੍ਹਾਂ 'ਕਜ਼ਨਾਂ' ਦੀ ਨਕਲੋ-ਹਰਕਤ ਕੰਜਰਾਂ ਵਾਲੀ ਈ ਹੁੰਦੀ ਐ!..ਪਰ ਮੈਨੂੰ ਕਜ਼ਨ ਦੇ ਮਤਲਬ ਦਾ ਪਤਾ ਨਹੀਂ ਕੀ ਹੁੰਦਾ ਐ। ਸਰ ਮੈਨੂੰ ਕਜ਼ਨ ਦਾ ਮਾਇਨਾ ਤਾਂ ਸਮਝਾ ਦਿਉ?"

ਫੌਜੀ ਸਾਹਿਬ ਦੀ 'ਅਰਜ਼' ਨੇ ਨਰਸਾਂ ਵਿਚਾਰੀਆਂ ਦੇ ਸਿਰ ਸੌ ਘੜਾ ਪਾਣੀ ਪਾ 'ਤਾ।

*-ਤਰਲੋਚਨ ਸਿੰਘ ਦੁਪਾਲਪੁਰ*

# ਮੈਨੂੰ ਖਿੜਿਆ ਕਪਾਹ ਦੇ ਵਾਂਗੂ ਰਹਿਣ ਦੇ

**ਸਰਬਜੀਤ ਧਾਲੀਵਾਲ**

ਸ਼ਨਾਖਤ ਵਜੋਂ ਮੈਂ ਮਲਵੱਈ ਹਾਂ ਪਰ ਅੱਜ ਕੱਲ੍ਹ ਜਲੰਧਰ ਰਹਿੰਦਾ ਹਾਂ। ਇਹ ਸ਼ਹਿਰ ਦੋਆਬੇ ਦੀ ਧੁੰਨੀ ਕਹਿਲਾਉਂਦਾ ਐ।

ਜਲੰਧਰੋਂ ਹੁਸ਼ਿਆਰਪੁਰ ਜਾ ਰਿਹਾ ਸਾਂ। ਅਚਾਨਕ ਹੀ ਆਦਮਪੁਰ ਤੋਂ ਅੱਗੇ ਸੜਕ ਦੇ ਇਕ ਪਾਸੇ ਲੱਗੇ ਬੋਰਡ 'ਤੇ ਨਜ਼ਰ ਪਈ, ਲਿਖਿਆ ਸੀ 'ਏਅਰ ਕੰਡੀਸ਼ਨਡ ਡੈੱਡ ਹਾਊਸ' ਯਾਨਿ ਕਿ ਠੰਢਾ ਮੁਰਦਾਘਰ। ਇਹ ਕੀ ਹੋਇਆ? ਮਨ ਵਿਚ ਸਵਾਲ ਉੱਠਿਆ। ਕਾਰ ਰੋਕੀ। ਵਾਪਸ ਆਇਆ। ਬੋਰਡ ਫੇਰ ਧਿਆਨ ਨਾਲ ਪੜ੍ਹਿਆ। ਆਸ-ਪਾਸ ਦੇ ਇਕ-ਦੋ ਬੰਦਿਆਂ ਤੋਂ ਪੁੱਛਿਆ ਕਿ ਇਸ ਬੋਰਡ ਦਾ ਕੀ ਮਤਲਬ ਹੈ। ਕਿਸੇ ਨੂੰ ਬਹੁਤਾ ਪਤਾ ਨਹੀਂ ਸੀ। ਕਾਰ ਸਟਾਰਟ ਕੀਤੀ, ਹੁਸ਼ਿਆਰਪੁਰ ਪਹੁੰਚ ਗਿਆ। ਪਰ ਸਵਾਲ ਮਨ ਵਿਚ ਖੁੱਭਿਆ ਰਿਹਾ। ਕਈ ਦਿਨਾਂ ਬਾਅਦ ਮੈਂ ਸ਼ਾਹਕੋਟ ਦੇ ਨੇੜੇ ਇਕ ਪਿੰਡ ਗਿਆ। ਪਿੰਡ ਦੇ ਬਾਹਰਵਾਰ ਸੜਕ ਕਿਨਾਰੇ ਬਣੇ ਦੋ ਕਮਰਿਆਂ 'ਤੇ ਵੀ 'ਠੰਢਾ ਮੁਰਦਾਘਰ' ਲਿਖਿਆ ਹੋਇਆ ਸੀ। ਫੇਰ ਓਹੀ ਸਵਾਲ ਜਾਗ ਉੱਠਿਆ। ਨਾਲ ਦੇ ਖੇਤਾਂ ਵਿਚ ਕੰਮ ਕਰਦੇ ਲੋਕਾਂ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਇਹ ਮੁਰਦਾਘਰ ਪਰਵਾਸੀ ਭਾਰਤੀਆਂ ਨੇ ਬਣਵਾਏ ਹੋਏ ਹਨ। ਜਦੋਂ ਕਦੇ ਉਨ੍ਹਾਂ ਦਾ ਪਿੰਡ ਵਿਚ ਰਹਿ ਰਿਹਾ ਬਜ਼ੁਰਗ ਜਾਂ ਕਿਸੇ ਨਜ਼ਦੀਕੀ ਦਾ ਦੇਹਾਂਤ ਹੋ ਜਾਂਦਾ ਹੈ ਤਾਂ ਉਸਦੀ ਦੇਹ ਮੁਰਦਾਘਰ ਵਿਚ ਰੱਖ ਦਿੱਤੀ ਜਾਂਦੀ ਹੈ। ਕਈ ਦਿਨ ਉਥੇ ਪਈ ਰਹਿੰਦੀ ਹੈ, ਖਰਾਬ ਨਹੀਂ ਹੁੰਦੀ। ਜਦੋਂ ਪੁੱਤ-ਧੀ ਬਾਹਰੋਂ ਆ ਜਾਂਦੇ ਹਨ ਤਾਂ ਉਹ ਆਪਣੇ ਤੋਂ ਸਦੀਵੀ ਵਿਛੜਿਆਂ ਦੇ ਆਖਰੀ ਦਰਸ਼ਨ ਕਰ ਲੈਂਦੇ ਹਨ। ਉਨ੍ਹਾਂ ਦੇ ਅੰਤਿਮ ਸਫਰ ਵਿਚ ਸ਼ਾਮਲ ਹੋ ਜਾਂਦੇ ਹਨ। ਅਜਿਹੇ ਮੁਰਦਾਘਰ ਕਈ ਪਿੰਡਾਂ ਵਿਚ ਬਣ ਗਏ ਹਨ। ਮਨ ਵਿਚ ਆਇਆ ਕਿ ਕਿਹੋ ਜਿਹਾ ਮੁਕੱਦਰ ਹੈ ਇਨ੍ਹਾਂ ਬਜ਼ੁਰਗਾਂ ਦਾ। ਪਹਿਲਾਂ ਜਿਉਂਦੇ ਜੀਅ ਉਹ ਬਾਹਰ ਗਿਆਂ ਆਪਣਿਆਂ ਨੂੰ ਮਿਲਣ ਲਈ ਤਰਸਦੇ ਰਹਿੰਦੇ ਹਨ। ਉਨ੍ਹਾਂ ਦੀ ਉਡੀਕ ਵਿਚ ਰਿੱਝਦੇ ਰਹਿੰਦੇ ਹਨ। ਮਰਨ ਉਪਰੰਤ ਲਾਸ਼ ਨੂੰ ਵੀ ਆਪਣਿਆਂ ਦੀ ਕਈ ਦਿਨ ਉਡੀਕ ਕਰਨੀ ਪੈਂਦੀ ਹੈ। ਮੈਨੂੰ ਲਗਦਾ ਹੈ ਕਿ ਰਿਸ਼ਤਿਆਂ ਵਿਚ ਗਰਮਜੋਸ਼ੀ ਦੀ ਥਾਂ ਦਾਖਲ ਹੋ ਰਹੀ ਠੰਢਕ ਦਾ ਸੂਚਕ ਹਨ ਇਹ ਥਾਂ-ਥਾਂ-ਬਣੇ ਠੰਢੇ ਮੁਰਦਾਘਰ। ਕੰਮ-ਕਾਰ ਮਨੁੱਖ ਨੂੰ ਇਸ ਤਰ੍ਹਾਂ ਆਪਣਾ ਗੁਲਾਮ ਬਣਾ ਰਹੇ ਹਨ ਕਿ ਉਨ੍ਹਾਂ ਪਾਸ ਆਪਣਿਆਂ ਕੋਲ ਵੀ ਕੁਝ ਪਲ ਬਿਤਾਉਣ ਦੀ ਵਿਹਲ ਨਹੀਂ।

ਮਾਂ ਨਾਲੋਂ ਟੁੱਟ ਕੇ ਕੋਈ ਵੀ ਸੁਖੀ ਨਹੀਂ ਵਸ ਸਕਦਾ। ਉਹ ਧੁਰ ਅੰਦਰੋਂ ਧੁਖਦਾ ਰਹਿੰਦਾ ਹੈ। ਇਹ ਹਾਲ ਬਹੁਤੇ ਦੋਆਬੀਆਂ ਦਾ ਹੈ। ਉਹ ਮਾਂ ਭੂਮੀ ਨਾਲੋਂ ਟੁੱਟ ਕੇ ਵਿਦੇਸ਼ਾਂ ਵਿਚ ਵਸ ਗਏ ਨੇ ਪਰ ਅੰਦਰੋਂ ਧੁਖ ਰਹੇ ਹਨ। ਜਦੋਂ ਸੇਕ ਜ਼ਿਆਦਾ ਹੋ ਜਾਂਦਾ ਹੈ ਤਾਂ ਇਸਨੂੰ ਮੱਠਾ ਕਰਨ ਲਈ ਉਹ ਮਾਂ-ਭੂਮੀ ਵਲ ਭੱਜਦੇ ਹਨ। ਵੱਡੀਆਂ ਗੱਡੀਆਂ ਵਿਚ ਘੁੰਮਦੇ ਨੇ। ਵੱਡੇ-ਵੱਡੇ ਟੂਰਨਾਮੈਂਟ ਕਰਾਉਂਦੇ ਹਨ। ਆਪਣੇ ਆਪ ਦੇ ਆਦਮ-ਕੱਦਾਂ ਵਾਲੇ ਬੋਰਡ ਲਗਾਉਂਦੇ ਹਨ। ਸ਼ਾਇਦ ਇਹ ਦੱਸਣ ਲਈ ਕਿ ਬਾਹਰ ਉਹ ਬਹੁਤ ਖੁਸ਼ ਹਨ। ਉਨ੍ਹਾਂ ਕੋਲ ਬੜਾ ਕੁਝ ਹੈ। ਵੱਡੇ-ਵੱਡੇ ਮਕਾਨ ਬਣਾਉਂਦੇ ਹਨ। ਉਨ੍ਹਾਂ ਵਿਚ ਰਹਿੰਦੇ ਘੱਟ-ਵਧ ਹੀ ਹਨ, ਜਿਸ ਪੈਸੇ ਦੀ ਖਾਤਰ ਉਹ ਵਿਦੇਸ਼ਾਂ ਨੂੰ ਭੱਜੇ ਸਨ, ਉਸਨੂੰ ਬੜੀ ਬੇਰਹਿਮੀ ਨਾਲ ਬਰਬਾਦ ਕਰਦੇ ਹਨ। ਜਦੋਂ ਵਾਪਸ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੁੰਦੀਆਂ ਹਨ।

ਮਹਾਨ ਵਿਰਸੇ ਵਾਲੀ ਧਰਤੀ ਹੈ ਦੋਆਬਾ। ਇਹ ਧਰਤੀ ਅਹਿਮ ਸਾਰਥਕ ਲਹਿਰਾਂ ਦਾ ਧੁਰਾ ਰਹੀ ਹੈ। ਮਹਾਨ ਗਦਰੀਆਂ ਤੇ ਬੱਬਰ ਅਕਾਲੀਆਂ ਦੀਆਂ ਪੈੜਾਂ ਦੇ ਨਿਸ਼ਾਨਾਂ ਦੀ ਛਾਪ ਹੈ ਇਸ ਧਰਤ 'ਤੇ। ਪਰ ਅੱਜ ਕੱਲ੍ਹ ਇਸ ਧਰਤੀ ਦੇ ਨੌਜਵਾਨਾਂ ਵਿਚ ਕੰਨਾਂ ਵਿਚ ਮੁੰਦਰਾਂ ਪਾਉਣ ਦੀ ਲਹਿਰ ਚੱਲ ਰਹੀ ਹੈ। ਆਪਣੇ ਵਾਲਾਂ ਦੇ ਤਰ੍ਹਾਂ-ਤਰ੍ਹਾਂ ਦੇ ਯੈਂਕੀ ਸਟਾਈਲ ਬਣਾਉਣ ਦੀ ਲਹਿਰ। ਬਾਹਰ ਜਾਣ ਦੀ ਭਟਕਣ ਲੱਗੀ ਹੋਈ ਹੈ। ਜਦੋਂ ਕਦੇ ਮਾਮਾ, ਮਾਸੜ ਬਾਹਰੋਂ ਆਉਂਦੇ ਹਨ ਤਾਂ ਕਹਿ ਜਾਂਦੇ ਹਨ ਕਿ ਪੁੱਤਰੋ ਐਸ਼ ਕਰ ਲਓ, ਤੁਹਾਨੂੰ ਤਾਂ ਲੈ ਈ ਜਾਣਾ ਹੈ।

ਦੇਸ਼ ਦੇ ਗੌਰਵ ਸ਼ਹੀਦ ਭਗਤ ਸਿੰਘ ਦਾ ਪਿੰਡ ਖਟਕੜ ਕਲਾਂ ਵੀ ਇਸ ਧਰਤੀ 'ਤੇ ਹੈ। ਪਰ ਹੁਣ ਲਗਦੈ ਕਿ ਬਹੁਤੀ ਨੌਜਵਾਨ ਪੀੜ੍ਹੀ ਦਾ ਆਦਰਸ਼ ਭਗਤ ਸਿੰਘ ਨਹੀਂ ਰਿਹਾ। ਦੋਆਬੇ ਦੀ ਰੂਹ ਵਿਚੋਂ ਭਗਤ ਸਿੰਘ ਮਨਫੀ ਹੋ ਗਿਆ ਤੇ ਉਸ ਦੀ ਜਗ੍ਹਾ ਡਾਲਰਾਂ ਤੇ ਪੌਂਡਾਂ ਨੇ ਲੈ ਲਈ ਹੈ। ਭਗਤ ਸਿੰਘ ਇਨਕਲਾਬੀ ਸੋਚ ਦਾ ਮਾਲਕ ਸੀ। ਡਾਲਰ ਪੌਂਡਾਂ ਵਾਲੀ ਅਰਥ-ਵਿਵਸਥਾ ਵਾਲੇ ਦੇਸ਼ਾਂ ਦਾ ਅਜਿਹੇ ਲੋਕਾਂ ਨਾਲ ਹਮੇਸ਼ਾ ਹੀ ਵੈਰ ਰਿਹਾ ਹੈ। ਉਹ ਦੇਸ਼ ਸੰਸਾਰ ਨੂੰ ਅੰਤਰਰਾਸ਼ਟਰੀ ਮੰਡੀ ਬਣਾਉਣ ਲਈ ਯਤਨਸ਼ੀਲ ਹਨ। ਮੰਡੀ ਦਾ ਆਪਣਾ ਹੀ ਸਭਿਆਚਾਰ ਹੁੰਦਾ ਹੈ। ਇਸ ਸੱਭਿਆਚਾਰ ਵਿਚ ਰਿਸ਼ਤੇ-ਨਾਤੇ, ਪੈਸੇ ਦੀ ਕਸਵੱਟੀ ਨਾਲ ਤੋਲੇ ਜਾਂਦੇ ਹਨ। ਇਕ ਵਾਰੀ ਸੰਤ ਰਾਮ ਉਦਾਸੀ ਕੈਨੇਡਾ ਗਿਆ ਸੀ। ਉਥੇ ਉਸ ਨੇ ਗੀਤ ਰਿਕਾਰਡ ਕਰਵਾਇਆ। ਬੋਲ ਕੁਝ ਇਸ ਤਰ੍ਹਾਂ ਸਨ:

ਵਾਏ ਨੀ ਮੈਨੂੰ ਲੈ ਚੱਲ ਮੇਰੇ ਦੇਸ਼,<br>
ਇਕ ਜੋਦੜੀ ਕਰੇ ਦਰਵੇਸ਼<br>
ਮੈਂ ਨਹੀਂ ਰਹਿਣਾ ਪਰਦੇਸ।<br>
ਘੱਟ ਮੁੱਲ ਮੰਡੀ ਵਿਚ ਪੈਂਦਾ ਪੈਣ ਦੇ<br>
ਪਰ ਮੈਨੂੰ ਖਿੜਿਆ ਕਪਾਹ ਦੇ ਵਾਂਗੂ ਰਹਿਣ ਦੇ।

ਇਥੇ ਕਰਨੈਲ ਪਾਰਸ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਉਸ ਮਹਾਨ ਕਵੀਸ਼ਰ ਦਾ ਜਦੋਂ ਆਖਰੀ ਵਕਤ ਆਇਆ ਤਾਂ ਉਸਨੇ ਆਪਣੇ ਮੁੰਡਿਆਂ ਇਕਬਾਲ ਰਾਮੂਵਾਲੀਆ ਤੇ ਬਲਵੰਤ ਰਾਮੂਵਾਲੀਆ ਨੂੰ ਕੋਲ ਬੁਲਾਇਆ, ਕਹਿਣ ਲੱਗਾ, "ਮੈਂ ਕੈਨੇਡਾ ਵਿਚ ਨਹੀਂ ਮਰਨਾ। ਮੈਨੂੰ ਪਿੰਡ ਲੈ ਚਲੋ, ਮੈਂ ਆਪਣੇ ਪਿੰਡ ਜਾ ਕੇ ਹੀ ਮਰਨਾ ਹੈ।" ਪਾਰਸ ਨੂੰ ਪਿੰਡ ਲਿਆਂਦਾ ਗਿਆ ਤੇ ਉਸਨੇ ਆਖਰੀ ਸਾਹ ਆਪਣੀ ਮਾਤ ਭੂਮੀ 'ਤੇ ਹੀ ਲਿਆ। ਵਿਦੇਸ਼ੀ ਦੋਆਬੀਏ ਵੀ ਸ਼ਾਇਦ ਆਪਣੀ ਜੰਮਣ ਭੋਇੰ 'ਤੇ ਆਖਰੀ ਵਕਤ ਬਿਤਾਉਣਾ ਚਾਹੁੰਦੇ ਹੋਣ ਪਰ ਬਹੁਤਿਆਂ ਦੀ ਇਹ ਨਾ ਪੂਰੀ ਹੋਣ ਵਾਲੀ ਇੱਛਾ ਹੀ ਰਹਿ ਜਾਂਦੀ ਹੈ।

## ਪ੍ਰਵਾਸੀ ਭਾਰਤੀਆਂ ਦੀ ਪ੍ਰਵੇਸ਼ ਕਾਲੀ ਸੂਚੀ ਦਾ ਮੁੜ ਨਿਰੀਖਣ ਹੋਵੇ-ਜੱਸੀ ਖੰਗੂੜਾ

**ਚੰਡੀਗੜ੍ਹ:** ਕਿਲਾ ਰਾਏਪੁਰ ਤੋਂ ਕਾਂਗਰਸੀ ਵਿਧਾਇਕ ਜੱਸੀ ਖੰਗੂੜਾ ਨੇ ਵੈਬ ਪੇਜ ਅਤੇ ਆਨ ਲਾਈਨ ਬੇਨਤੀ ਪੱਤਰ ਤਹਿਤ ਪ੍ਰਵਾਸੀ ਭਾਰਤੀਆਂ ਦੀ ਪ੍ਰਵੇਸ਼ ਕਾਲੀ ਸੂਚੀ ਦੇ ਮੁੜ ਨਿਰੀਖਣ ਅਤੇ ਪੁਨਰਗਠਨ ਦਾ ਕੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਵਿਦੇਸ਼ ਮੰਤਰਾਲੇ ਵਲੋਂ ਅਜਿਹੀ ਕਾਲੀ ਸੂਚੀ ਦੀ ਹੋਂਦ ਤੋਂ ਇਨਕਾਰ ਕਰਨ ਦੇ ਬਾਵਜੂਦ ਸ੍ਰੀ ਖੰਗੂੜਾ ਨੇ ਕਿਹਾ ਇਹ ਸੱਚ ਹੈ ਕਿ ਪ੍ਰਵਾਸੀ ਭਾਰਤੀਆਂ ਨੂੰ ਵਿਦੇਸ਼ ਮਿਸ਼ਨਾਂ ਵਲੋਂ ਵੀਜ਼ੇ ਜਾਰੀ ਕੀਤੇ ਜਾਣ ਦੇ ਬਾਅਦ ਭਾਰਤ ਪਹੁੰਚਣ 'ਤੇ ਦਾਖਲਾ ਨਹੀਂ ਮਿਲਦਾ। ਇਹ ਗੱਲ ਸਾਬਤ ਕਰਦੀ ਹੈ ਕਿ ਅਜਿਹੀ ਕਾਲੀ ਸੂਚੀ ਮੌਜੂਦ ਹੈ। ਜ਼ਿਆਦਾਤਰ ਲੋਕਾਂ ਦੇ ਲਈ ਭਾਰਤ ਦੀ ਸੁਰੱਖਿਆ ਸਰਵਉੱਚ ਹੈ ਜਿਸ ਕਾਰਨ ਭਾਰਤ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕਾਲੀ ਸੂਚੀ ਵਿਚ ਨਿਰੰਤਰ ਸੋਧ ਕਰਨ ਦੀ ਜ਼ਰੂਰਤ ਹੈ।

ਸ੍ਰੀ ਖੰਗੂੜਾ ਨੇ ਕਿਹਾ ਕਿ ਇਸ ਮੁੱਦੇ ਸਬੰਧੀ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ 2 ਮਾਰਚ ਨੂੰ ਇਕ ਪੱਤਰ ਲਿਖਿਆ ਸੀ ਅਤੇ ਹੁਣ ਪ੍ਰਵਾਸੀ ਭਾਰਤੀਆਂ ਅਤੇ ਉਨ੍ਹਾਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਵਿਦੇਸ਼ਾਂ ਵਿਚ ਰਹਿੰਦੇ ਹਨ ਅਤੇ ਉਹ ਇਸ ਵੈਬ ਪੇਜ 'ਤੇ ਜਾ ਕੇ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਨੂੰ ਬੇਨਤੀ ਕਰ ਸਕਦੇ ਹਨ ਕਿ ਕੇਂਦਰ ਵਲੋਂ ਬਣਾਈ ਕਾਲੀ ਸੂਚੀ ਦਾ ਨਿਰੀਖਣ ਕੀਤਾ ਜਾਵੇ।

## ਭਾਰਤ ਨੂੰ ਸਿੱਧੀ ਪੁੱਛਗਿੱਛ ਦਾ ਕੋਈ ਫ਼ੈਸਲਾ ਨਹੀਂ-ਰੋਮਰ

**ਨਵੀਂ ਦਿੱਲੀ:** ਮੁੰਬਈ ਹਮਲਿਆਂ ਦੀ ਸਾਜ਼ਿਸ਼ ਰਚਣ 'ਚ ਆਪਣੀ ਭੂਮਿਕਾ ਸਵੀਕਾਰ ਕਰਨ ਵਾਲੇ ਪਾਕਿਸਤਾਨੀ ਮੂਲ ਦੇ ਅਮਰੀਕੀ ਨਾਗਰਿਕ ਬਾਰੇ ਇਕ ਵਾਰ ਫਿਰ ਅਮਰੀਕਾ ਨੇ ਆਪਣਾ ਸਟੈਂਡ ਬਦਲ ਲਿਆ ਹੈ। ਪਿਛਲੇ ਕਈ ਦਿਨਾਂ ਤੋਂ ਅਮਰੀਕੀ ਤੇ ਭਾਰਤੀ ਆਗੂਆਂ ਵਲੋਂ ਕੀਤੇ ਜਾ ਰਹੇ ਦਾਅਵਿਆਂ ਦੇ ਉਲਟ ਭਾਰਤ 'ਚ ਅਮਰੀਕੀ ਰਾਜਦੂਤ ਟਿਮੋਥੀ ਜੇ ਰੋਮਰ ਨੇ ਕਿਹਾ ਕਿ ਭਾਰਤ ਨੂੰ ਡੇਵਿਡ ਹੇਡਲੀ ਨਾਲ ਸਿੱਧੀ ਪੁੱਛਗਿੱਛ ਕਰਨ ਦੀ ਇਜਾਜ਼ਤ ਸਬੰਧੀ ਅਜੇ ਅਮਰੀਕਾ ਵਲੋਂ ਕੋਈ ਫ਼ੈਸਲਾ ਨਹੀਂ ਲਿਆ ਗਿਆ। ਅਮਰੀਕੀ ਰਾਜਦੂਤ ਨੇ ਕਿਹਾ ਕਿ ਸਾਡੇ ਸਹਾਇਕ ਵਿਦੇਸ਼ ਮੰਤਰੀ ਨੇ ਇਸ ਮਾਮਲੇ 'ਚ ਹਰ ਸੂਚਨਾ ਸਾਂਝੀ ਕਰਨ ਦੀ ਗੱਲ ਕਹੀ ਸੀ ਅਤੇ ਅਸੀਂ ਇਹ ਉਪਲਬਧ ਵੀ ਕਰਵਾਈ ਹੈ, ਪਰ ਇਸ ਦੇ ਬਾਵਜੂਦ ਅਮਰੀਕਾ ਵਲੋਂ ਭਾਰਤ ਨੂੰ ਅਜੇ ਹੇਡਲੀ ਨਾਲ ਸਿੱਧੀ ਪੁੱਛਗਿੱਛ ਕਰਨ ਦਾ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ।

ਯਾਦ ਰਹੇ 4 ਦਿਨ ਪਹਿਲਾਂ ਹੀ ਦੱਖਣੀ- ਪੂਰਬੀ ਏਸ਼ੀਆਈ ਮਾਮਲਿਆਂ ਦੇ ਇੰਚਾਰਜ ਤੇ ਅਮਰੀਕਾ ਦੇ ਸਹਾਇਕ ਵਿਦੇਸ਼ ਮੰਤਰੀ ਰੌਬਰਟ ਬਲੈਕ ਨੇ ਕਿਹਾ ਸੀ ਕਿ ਭਾਰਤੀ ਜਾਂਚ ਟੀਮ ਹੇਡਲੀ ਤੋਂ ਪੁੱਛਗਿੱਛ ਕਰ ਸਕਦੀ ਹੈ। ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਭਾਰਤੀ ਕਾਂਗਰਸ ਪਾਰਟੀ ਵਲੋਂ ਵੀ ਖੁੱਲ੍ਹ ਕੇ ਅਮਰੀਕਾ ਦੀ ਹਾਂ 'ਚ ਹਾਂ ਮਿਲਾਈ ਗਈ ਸੀ। ਵਿਰੋਧੀ ਧਿਰ ਵਲੋਂ ਜ਼ੋਰਦਾਰ ਖ਼ਦਸ਼ੇ ਪ੍ਰਗਟਾਏ ਜਾਣ ਦੇ ਬਾਵਜੂਦ ਭਾਰਤੀ ਆਗੂਆਂ ਨੇ ਅਮਰੀਕੀ ਪ੍ਰਸ਼ਾਸਨ ਦੇ ਦਾਅਵਿਆਂ 'ਤੇ ਵਿਸ਼ਵਾਸ ਕਰ ਲਿਆ ਸੀ। ਪਰ ਸ੍ਰੀ ਰੋਮਰ ਨੇ ਇਹ ਬਿਆਨ ਜਾਰੀ ਕਰਕੇ ਇਕ ਵਾਰ ਫਿਰ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਦਹਿਸ਼ਤਵਾਦ ਖ਼ਿਲਾਫ਼ ਲੜਾਈ ਆਪਣੇ ਹਿਸਾਬ ਨਾਲ ਹੀ ਲੜਨਗੇ। ਸੂਤਰਾਂ ਮੁਤਾਬਕ ਅਮਰੀਕਾ ਦੇ ਪਹਿਲੇ ਬਿਆਨ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਕੌਮੀ ਸੁਰੱਖਿਆ ਏਜੰਸੀ ਤੇ ਇਸ ਮਾਮਲੇ ਨਾਲ ਜੁੜੀਆਂ ਹੋਰਨਾਂ ਏਜੰਸੀਆਂ ਨੂੰ ਅਦਾਲਤੀ ਕਾਰਵਾਈ ਲਈ ਜ਼ਰੂਰੀ ਦਸਤਾਵੇਜ਼ ਤੁਰੰਤ ਤਿਆਰ ਕਰਨ ਲਈ ਕਹਿ ਦਿੱਤਾ ਸੀ। ਭਾਰਤ ਹੇਡਲੀ ਤੋਂ ਪੁੱਛਗਿੱਛ ਲਈ ਅਪ੍ਰੈਲ ਮਹੀਨੇ ਇਕ ਟੀਮ ਵੀ ਭੇਜਣ ਦਾ ਵਿਚਾਰ ਕਰ ਰਿਹਾ ਸੀ। ਪਰ ਸ੍ਰੀ ਰੋਮਰ ਦੇ ਇਸ ਬਿਆਨ ਤੋਂ ਬਾਅਦ ਇਕ ਵਾਰ ਇਹ ਸਾਰੀ ਕਾਰਵਾਈ ਠੰਡੇ ਬਸਤੇ 'ਚ ਪੈਂਦੀ ਨਜ਼ਰ ਆ ਰਹੀ ਹੈ।

## ਨਕਸਲੀ ਆਗੂ ਕਨੂ ਸਾਨਿਆਲ ਵਲੋਂ ਖੁਦਕੁਸ਼ੀ

**ਸਿਲੀਗੁੜੀ:** ਦੇਸ਼ ਵਿਚ ਨਕਸਲੀ ਅੰਦੋਲਨ ਦੇ ਸੰਸਥਾਪਕਾਂ ਵਿਚੋਂ ਇਕ ਕਨੂ ਸਾਨਿਆਲ ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦੀ ਲਾਸ਼ ਬੀਤੇ ਮੰਗਲਵਾਰ ਨੂੰ ਇਥੋਂ ਲਗਭਗ 25 ਕਿਲੋਮੀਟਰ ਦੂਰ ਸੇਫਤੁਲੱਲਾਜੋਤ ਪਿੰਡ ਵਿਚ ਉਨ੍ਹਾਂ ਦੇ ਨਿਵਾਸ ਵਿਖੇ ਛੱਤ ਦੇ ਪੱਖੇ ਨਾਲ ਲਟਕਦੀ ਹੋਈ ਮਿਲੀ।

ਉਹ 78 ਸਾਲ ਦੇ ਸਨ ਅਤੇ ਬਜ਼ੁਰਗ ਹੋਣ ਕਾਰਨ ਕਈ ਬੀਮਾਰੀਆਂ ਤੋਂ ਪੀੜਤ ਸਨ। ਲਾਸ਼ ਨੂੰ ਪੋਸਟਮਾਰਟਮ ਲਈ ਭੇਜਿਆ ਗਿਆ ਹੈ। ਉਨ੍ਹਾਂ 1969 ਵਿਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੀ ਸਥਾਪਨਾ ਕੀਤੀ ਸੀ।

## ਹਵਾਰਾ ਨੂੰ ਦੋ ਹੋਰ ਕੇਸਾਂ ਵਿਚ ਕੈਦ ਦੀ ਸਜ਼ਾ

**ਚੰਡੀਗੜ੍ਹ:** ਇੱਥੋਂ ਦੀ ਇਕ ਅਦਾਲਤ ਨੇ ਬੀਤੇ ਦਿਨੀਂ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਫਾਂਸੀ ਦੀ ਸਜ਼ਾ ਭੁਗਤ ਰਹੇ ਜਗਤਾਰ ਸਿੰਘ ਹਵਾਰਾ ਨੂੰ ਦੋ ਵੱਖ-ਵੱਖ ਕੇਸਾਂ ਵਿਚ ਦਸ ਸਾਲ ਅਤੇ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਕੇਸ ਦਾ ਫੈਸਲਾ ਚੰਡੀਗੜ੍ਹ ਦੇ ਐਡੀਸ਼ਨਲ ਸੈਸ਼ਨ ਜੱਜ ਰਵੀ ਕੁਮਾਰ ਸੋਂਧੀ ਨੇ ਕੀਤਾ।

ਮੁਲਜ਼ਮ ਉਤੇ 1995 ਵਿਚ ਜਲੰਧਰ ਵਿਖੇ ਪੰਜਾਬ ਪੁਲੀਸ ਦੇ ਇਕ ਸਿਪਾਹੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰਨ ਦਾ ਦੋਸ਼ ਹੈ। ਪੁਲੀਸ ਨੇ ਮੁਲਜ਼ਮ ਵਿਰੁਧ ਜਲੰਧਰ ਦੀ ਪੁਲੀਸ ਥਾਣਾ ਡਵੀਜ਼ਨ ਨੰਬਰ 6 ਵਿਚ ਐਫ.ਆਈ.ਆਰ. 138/139 ਤਹਿਤ ਪਰਚੇ ਦਰਜ ਕੀਤੇ ਸਨ। ਅਦਾਲਤ ਨੇ ਮੁਲਜ਼ਮ ਨੂੰ ਦੋਹਾਂ ਕੇਸਾਂ ਵਿਚ ਦੋ-ਦੋ ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਇਕ ਸਾਲ ਦੀ ਹੋਰ ਸਜ਼ਾ ਕੱਟਣੀ ਹੋਵੇਗੀ। ਚੇਤੇ ਕਰਾਇਆ ਜਾਂਦਾ ਹੈ ਕਿ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਦੋਸ਼ੀ ਪਾਇਆ ਗਿਆ ਸੀ। ਅਦਾਲਤ ਵਲੋਂ ਉਸਨੂੰ ਇਸੇ ਕੇਸ ਵਿਚ ਫਾਂਸੀ ਸੁਣਾਈ ਜਾ ਚੁੱਕੀ ਹੈ। ਉਹ ਅੱਜ ਕੱਲ੍ਹ ਮਾਡਲ ਜੇਲ੍ਹ ਬੁੜੈਲ ਵਿਚ ਨਜ਼ਰਬੰਦ ਹੈ।

*Visit us on the web:*
***punjabtimesusa.com***


## ਗੁਰਦੁਆਰਾ ਫਰੀਮਾਂਟ ਚੋਣਾਂ

# ਜਾਅਲੀ ਵੋਟਾਂ ਦਾ ਰਾਮ ਰੌਲਾ ਨਹੀਂ ਸਗੋਂ ਇਕ ਚਿੱਟਾ ਸੱਚ ਹੈ

ਫਰੀਮਾਂਟ-ਪਿਛਲੇ ਹਫਤੇ ਅੰਮ੍ਰਿਤਸਰ ਟਾਈਮਜ਼ ਅਖ਼ਬਾਰ ਵਿਚ "ਕੀ ਸੀ ਜਾਅਲੀ ਵੋਟਾਂ ਦਾ ਰਾਮ ਰੌਲਾ" ਸਿਰਲੇਖ ਹੇਠ ਖਬਰ ਛਪੀ। ਖਬਰ ਦੇ ਲੇਖਕ ਦਾ ਨਾਂ ਨਾ ਹੋਣ ਕਾਰਨ ਕਿਹਾ ਜਾ ਸਕਦਾ ਹੈ ਕਿ ਖ਼ਬਰ ਅਖਬਾਰ ਵਲੋਂ ਦਿੱਤੀ ਗਈ ਹੈ। ਸਾਫ ਹੈ ਅਖਬਾਰ ਦੇ ਮਾਲਕ ਜਸਜੀਤ ਸਿੰਘ ਚੇਲਾ ਅਤੇ ਹਰਜੋਤ ਸਿੰਘ ਖਾਲਸਾ ਹਨ। ਦੋਨੋਂ ਸਾਧ ਸੰਗਤ ਸਲੇਟ ਦੇ ਕਰਤਾ-ਧਰਤਾ ਸਨ। ਅਖਬਾਰ ਦੀ ਬੋਲੀ ਇਨ੍ਹਾਂ ਦੀ ਹੀ ਤਰਜ਼ਮਾਨੀ ਕਰਦੀ ਹੈ।

ਇਹ ਭਾਈ ਲਿਖਦੇ ਹਨ ਕਿ ਅਸੀਂ ਸੰਗਤ ਨੂੰ ਗੁਰੂ ਵਲੋਂ ਸਜ਼ਾ ਦਿੱਤੇ ਜਾਣ ਦਾ ਡਰਾਵਾ ਦਿੱਤਾ। ਅਸੀਂ ਸਮਝਦੇ ਹਾਂ ਤੁਹਾਡੀ ਬਿਰਤੀ ਕਾਫਰਾਂ ਦੀ ਬਿਰਤੀ ਹੈ। ਧਰਮ ਦੀ ਆੜ ਥੱਲੇ ਤੁਸੀਂ ਅਡੰਬਰੀ ਹੀ ਨਹੀਂ ਸਗੋਂ ਦੰਭੀ ਵੀ ਹੋ। ਜੇ ਤੁਹਾਨੂੰ ਗੁਰੂ ਦਾ ਭੈਅ ਹੁੰਦਾ ਤਾਂ ਤੁਹਾਡੀ ਜ਼ੁਬਾਨ ਉਸ ਸਮੇਂ ਥਿਰਕਦੀ, ਲੱਤਾਂ ਕੰਬਦੀਆਂ ਜਦ ਤੁਸੀਂ ਮਹਾਰਾਜ ਦੀ ਹਜ਼ੂਰੀ ਵਿਚ ਕਹਿੰਦੇ ਸੀ ਕਿ ਜਾਅਲੀ ਵੋਟਾਂ 2005 ਵਿਚ ਬਣੀਆਂ ਸਨ। ਇਤਿਹਾਸ ਗਵਾਹ ਹੈ ਕਿ ਉਦੋਂ ਵੋਟਾਂ ਅਦਾਲਤ ਦੇ ਹੁਕਮ 'ਤੇ ਬਣੀਆਂ ਸਨ। ਸਾਰੀਆਂ ਧਿਰਾਂ ਦੇ ਨੁਮਾਇੰਦੇ ਵੋਟਾਂ ਬਣਾਉਣ ਵਿਚ ਸ਼ਾਮਲ ਸਨ।

ਤੁਹਾਡੇ ਆਪਣੇ ਅਖਬਾਰ ਸਮੇਤ ਕਿਸੇ ਵੀ ਅਖਬਾਰ ਦੀ ਖ਼ਬਰ ਤੁਸੀਂ ਸਬੂਤ ਦੇ ਤੌਰ 'ਤੇ ਪੇਸ਼ ਨਹੀਂ ਕਰ ਸਕਦੇ, ਜਿੱਥੇ ਕਿਤੇ ਕਿਸੇ ਜਾਅਲੀ ਵੋਟ ਦੇ ਬਣਨ ਦੀ ਚਰਚਾ ਹੋਵੇ। ਤੁਹਾਡੇ ਆਪਣੇ ਵਲੋਂ ਬਣਾਈਆਂ ਜਾਅਲੀ ਵੋਟਾਂ ਦੇ ਪਾਪ ਨੂੰ ਧੋਣ ਲਈ ਤੁਸੀਂ ਬੇਈਮਾਨੀ ਦੀਆਂ ਸਭ ਹੱਦਾਂ ਬੰਨੇ ਪਾਰ ਕਰਕੇ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਜਾਅਲੀ ਵੋਟਾਂ 2005, 2006 ਤੇ 2008 'ਚ ਬਣੀਆਂ ਸਨ। ਸੰਗਤ ਗਵਾਹ ਹੈ ਕਿ ਜਾਅਲੀ ਵੋਟਾਂ ਬਣਾਉਣ ਦਾ ਗੋਰਖ-ਧੰਦਾ ਸਿਰਫ ਤੁਹਾਡੇ ਲੋਕਾਂ ਦੇ ਹਿੱਸੇ ਆਇਆ ਹੈ। ਵਕਤ ਦਾ ਇੰਤਜ਼ਾਰ ਕਰੋ। ਜਾਅਲੀ ਵੋਟਾਂ ਦਾ ਰਾਮ ਰੌਲਾ ਨਹੀਂ ਹਕੀਕਤ ਸੰਗਤ ਵੇਖੇਗੀ ਜਿਸ ਦਿਨ ਅਦਾਲਤ ਦੇ ਕਟਹਿਰਿਆਂ 'ਚ ਖੜ੍ਹੋ ਕੇ ਤੁਹਾਡੇ ਸਾਥੀ ਸੈਨ ਹੋਜ਼ੇ ਗੁਰੂਘਰ ਦੇ ਸਾਬਕਾ ਸਕੱਤਰ ਨੂੰ ਬਿਆਨ ਦੇਣਾ ਪਿਆ, 'ਹਾਂ ਮਾਨਯੋਗ ਜੱਜ ਜੀ, ਮੈਂ ਇਹ ਜਾਅਲੀ ਵੋਟਾਂ ਬਣਾਈਆਂ ਹਨ।' ਉਸ ਨੇ ਇਹ ਬਿਆਨ ਇਸ ਕਰਕੇ ਨਹੀਂ ਦੇਣਾ ਕਿ ਉਸ ਨੇ ਸੱਚ ਬੋਲਣਾ ਹੈ। ਇਸ ਕਰਕੇ ਦੇਣਾ ਹੈ ਕਿ ਉਸ ਪਾਸ ਸੱਚ ਬੋਲਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਣਾ। ਤੁਹਾਡੇ ਉਹ ਸਭ ਹਮਾਇਤੀ ਜਿਨ੍ਹਾਂ ਗੁਰੂਘਰ ਦੀ ਇਲੈਕਸ਼ਨ ਵਿਚ ਤੁਹਾਡੇ ਫੈਲਾਏ ਜਾਅਲੀ ਕਾਰੋਬਾਰ ਵਿਚ ਹਿੱਸਾ ਲਿਆ ਹੈ, ਸੰਗਤ ਦੀਆਂ ਨਜ਼ਰਾਂ ਵਿਚ ਆ ਜਾਣਗੇ। ਪਾਪ ਦੀ ਬੇੜੀ ਭਰ ਚੁੱਕੀ ਹੈ। ਇਸਨੇ ਜਲਦ ਡੁਬ ਜਾਣਾ ਹੈ।

ਇਹ ਤੁਹਾਡੀ ਜਿੱਤ ਨਹੀਂ ਸਰਾਸਰ ਧੋਖਾ ਹੈ। ਧੋਖਾ ਤੁਹਾਡੀ ਆਦਤ ਦਾ ਹਿੱਸਾ ਹੈ। ਸੰਗਤ ਨੂੰ ਧੋਖਾ ਦੇਣ ਦੀ ਤੁਹਾਡੀ ਲੰਬੀ ਦਾਸਤਾਨ ਹੈ।

ਤੁਸੀਂ 1996 ਵਿਚ ਧੋਖਾ ਕੀਤਾ ਤੇ 2002 ਤਕ ਧੋਖਾ ਕਰਦੇ ਚਲੇ ਗਏ। ਅਖੀਰ ਤੁਹਾਡੇ ਪਾਪਾਂ ਦੀ ਬੇੜੀ ਭਰੀ ਤੇ 2005 ਵਿਚ ਜਾ ਕੇ ਡੁੱਬੀ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਜੋ ਤੁਸੀਂ ਸੰਗਤ ਨਾਲ ਅੱਜ ਪਾਪ ਕਰ ਰਹੇ ਹੋ। ਧੋਖਾ ਕਰ ਰਹੇ ਹੋ। ਸੰਗਤ ਨੂੰ ਗੁੰਮਰਾਹ ਕਰ ਰਹੇ ਹੋ। ਐਸਾ ਕੰਮ ਤੁਸੀਂ ਪਹਿਲਾਂ ਵੀ ਕਰਦੇ ਰਹੇ ਹੋ।

ਸਾਨੂੰ ਯਾਦ ਹੈ ਕਿ ਜਦ ਤੁਸੀਂ ਭਾਈ ਸੁਖਦੇਵ ਸਿੰਘ ਨੂੰ ਕੁਟਿਆ ਸੀ। ਸੰਗਤ ਨੂੰ ਗੁੰਮਰਾਹ ਇਹ ਕਹਿ ਕੇ ਕੀਤਾ ਸੀ ਕਿ ਸੁਖਦੇਵ ਸਿੰਘ ਨੇ ਅਮੈਰਿਕਨ ਝੰਡਾ ਪਾੜ ਦਿੱਤਾ ਸੀ। ਤੁਸੀਂ ਗੁਰੂ ਦਰਬਾਰ ਵਿਚ ਕਹਿੰਦੇ ਰਹੇ ਕਿ ਅਸੀਂ ਗੁਰੂਘਰ ਦਾ ਕੇਸ ਆਪਣੇ ਪਲਿਉਂ ਲੜ ਰਹੇ ਹਾਂ। ਪਰ ਸੰਗਤ ਅਤੇ ਗੁਰੂਘਰ ਦਾ ਪੈਸਾ ਤੁਸੀਂ ਆਪਣੇ ਵਕੀਲਾਂ ਨੂੰ ਦਿਤਾ ਜਿਨ੍ਹਾਂ ਦੇ ਚੈਕਾਂ ਦੇ ਦਰਸ਼ਨ ਸੰਗਤ ਨੇ ਤੁਹਾਡਾ ਕਬਜ਼ਾ ਟੁੱਟਣ ਉਪਰੰਤ ਕੀਤੇ।

ਸੰਗਤ ਨੂੰ ਗੁੰਮਰਾਹ ਕਰਨ ਦੀ ਤੁਹਾਡੀ ਲੰਬੀ ਦਾਸਤਾਨ ਹੈ। ਅੱਜ ਤੁਸੀਂ ਕਹਿ ਰਹੇ ਹੋ ਕਿ ਜਾਅਲੀ ਵੋਟਾਂ ਦੀ ਸਾਡੀ ਕਾਵਾਂ-ਰੌਲੀ ਅਤੇ ਰਾਮ-ਰੌਲਾ ਹੈ। ਯਾਦ ਰਖਿਓ ਇਹੀ ਸੰਗਤ ਇਕ ਦਿਨ ਤੁਹਾਡੀਆਂ ਬਣਾਈਆਂ ਜਾਅਲੀ ਵੋਟਾਂ ਦਾ ਭਾਂਡਾ-ਚੁਰਾਹੇ ਭਜਦਾ ਵੇਖੇਗੀ।

ਸਾਨੂੰ ਪਤਾ ਹੈ ਕਿ ਇਮਾਨਦਾਰੀ ਤੁਹਾਡੇ ਲਾਗਿਉਂ ਨਹੀਂ ਲੰਘਦੀ। ਤੁਸੀਂ ਹਰ ਕੰਮ ਜਾਅਲਸਾਜ਼ੀ ਨਾਲ ਕਰਨਾ ਹੁੰਦਾ ਹੈ। "ਤੁਸੀਂ ਅਖ਼ਬਾਰ ਵਿਚ ਲਿਖਦੇ ਹੋ ਕਿ ਕਾਨੂੰਨੀ ਢੰਗ ਨਾਲ ਬਣੀਆਂ ਵੋਟਾਂ ਨੂੰ ਰੱਦ ਕਰਵਾਉਣ ਲਈ ਇਨ੍ਹਾਂ ਨੂੰ ਕੋਈ ਸਫਲਤਾ ਨਹੀਂ ਮਿਲੀ।" ਇਹ ਸੱਚ ਨਹੀਂ ਹੈ। ਅਸੀਂ ਜੂਨ ਤੋਂ ਲੈ ਕੇ 16 ਜਨਵਰੀ 2010 ਤੱਕ ਪਤਾ ਨਹੀਂ ਕਿੰਨੇ ਪੱਤਰ ਸੁਪਰੀਮ ਕੌਂਸਲ ਨੂੰ ਸੌਂਪੇ ਪਰ ਸੁਣਵਾਈ ਨਹੀਂ ਹੋਈ ਕਿਉਂਕਿ ਚੋਰ ਤੇ ਕੁੱਤੀ ਰਲੇ ਹੋਏ ਸਨ। ਸਾਨੂੰ ਇਹ ਵੀ ਪਤੈ ਕਿ ਤੁਸੀਂ ਵੋਟਾਂ ਡੈਡ ਲਾਇਨ ਲੰਘਣ ਤੋਂ ਬਾਅਦ ਵੀ ਬਣਾਉਂਦੇ ਰਹੇ ਹੋ। ਤੁਸੀਂ ਸਹੀ ਵੋਟਰ ਲਿਸਟਾਂ ਵੀ ਨਹੀਂ ਦਿੱਤੀਆਂ। ਅਖੀਰ ਸਾਨੂੰ 12 ਮਾਰਚ 2010 ਨੂੰ ਅਦਾਲਤ ਵਿਚ ਪਟੀਸ਼ਨ ਪਾਉਣੀ ਪਈ। ਅਸੀਂ ਤੁਹਾਡਾ ਬਹੁਤ ਲੰਬਾ ਇੰਤਜ਼ਾਰ ਕੀਤਾ, ਸੋਚਿਆ ਕਿ ਸ਼ਾਇਦ ਹੁਣ ਇਨ੍ਹਾਂ ਬੀਤੇ ਤੋਂ ਸਬਕ ਲੈ ਲਿਆ ਹੋਵੇਗਾ, ਪਰ ਨਹੀਂ, ਵਾਦੜੀਆਂ-ਸਜਾਦੜੀਆਂ ਨਿਭਣ ਦੇ ਸਿਰਾਂ ਦੇ ਨਾਲ, ਦੀ ਅਖਾਉਤ ਤੁਹਾਡੇ ਤੇ ਪੂਰੀ ਢੁਕਦੀ ਹੈ। ਤੁਸੀਂ ਕਾਲੇ ਕਾਰਨਾਮੇ ਨਹੀਂ ਛੱਡੇ। ਜਾਅਲੀ ਵੋਟਾਂ ਰੱਦ ਕਰਵਾਉਣ ਦੀ ਦਸਤਕ ਅਦਾਲਤ ਦੇ ਦਰਵਾਜ਼ੇ ਤੇ ਦਿੱਤੀ ਜਾ ਚੁੱਕੀ ਹੈ। ਕਿਉਂਕਿ ਤੁਸੀਂ ਢੀਠ ਇੰਨੇ ਹੋ, ਲਾਗੇ ਮੰਨਦੇ ਨਹੀਂ। ਨਾ ਤੁਸੀਂ ਪਹਿਲਾ ਮੰਨੇ ਸੀ ਨਾ ਅੱਜ ਮੰਨਦੇ ਹੋ।

ਤੁਸੀਂ ਸਮਝਦੇ ਹੋ ਕਿ ਸੰਗਤ ਨਾਲ ਧੋਖਾ ਕਰਨਾ ਤੁਹਾਡਾ ਜਨਮ ਸਿੱਧ ਅਧਿਕਾਰ ਹੈ। ਸਰਬਸੰਮਤੀ ਨਿਜ਼ਾਮ ਦਾ ਭੋਗ ਤੁਸੀਂ ਪਾਇਆ ਅਸੀਂ ਇਲੈਕਸ਼ਨਾਂ ਲਿਆਂਦੀਆਂ। ਉਹ ਵੀ ਹੇਰਾ-ਫੇਰੀਆਂ ਦੇ ਬੁੱਥੇ ਚੜ੍ਹਨ ਲਗ ਪਈਆਂ ਕਿਉਂਕਿ ਤੁਹਾਡੀ ਮਾਨਸਿਕਤਾ ਹੀ ਅਜਿਹੀ ਹੈ ਕਿ ਕੋਈ ਸਿੱਧਾ ਕੰਮ ਕਰਨ ਦੇ ਤੁਸੀਂ ਆਦੀ ਹੀ ਨਹੀਂ ਹੋ।

ਕਾਠ ਦੀ ਹਾਂਡੀ ਹਰ ਵਾਰ ਨਹੀਂ ਚੜ੍ਹਦੀ ਹੁੰਦੀ। ਤੁਸੀਂ ਹਮੇਸ਼ਾ ਕਿਸੇ ਨੂੰ ਗੁੰਮਰਾਹ ਨਹੀਂ ਕਰ ਸਕਦੇ। ਤੁਹਾਡੇ ਵਲੋਂ ਕੀਤੇ ਕੂੜ ਪ੍ਰਚਾਰ ਦਾ ਹਿਸਾਬ ਤੁਹਾਨੂੰ ਬਹੁਤ ਜਲਦ ਦੇਣਾ ਪਵੇਗਾ। ਸਾਨੂੰ ਪਤੈ ਕਿ ਤੁਹਾਡੇ ਆਕੇ ਦਾ ਕੋਈ ਧਰਮ ਨਹੀਂ ਹੈ। ਕੋਈ ਜ਼ੁਬਾਨ ਨਹੀਂ ਹੈ। ਹੇਰਾ-ਫੇਰੀ ਦੀ ਭਾਸ਼ਾ ਦਾ ਗੂੜ੍ਹ ਗਿਆਨੀ ਹੈ। ਪਰ ਸਾਡਾ ਵਾਅਦਾ ਰਿਹਾ ਕਿ ਸੰਗਤ ਦਾ ਵੋਟ ਪਾਉਣ ਦਾ ਹੱਕ ਅਸੀਂ ਤੁਹਾਨੂੰ ਖੋਹਣ ਨਹੀਂ ਦਿਆਂਗੇ। ਹੇਰਾ-ਫੇਰੀਆਂ ਨਾਲ ਚੋਣਾਂ ਜਿੱਤਣੀਆਂ ਸੰਗਤ ਦੇ ਹੱਕਾਂ ਨਾਲ ਧੋਖਾ ਹੈ। ਇਹ ਧੋਖਾ ਸੰਗਤ ਦੇ ਸਾਹਮਣੇ ਲਿਆ ਕੇ ਹੀ ਅਸੀਂ ਦਮ ਲਵਾਂਗੇ। ਸਾਡੀ ਲੜਾਈ ਪਹਿਲਾਂ ਵੀ ਸੰਗਤ ਦੇ ਹੱਕਾਂ ਦੀ ਸੀ ਤੇ ਅੱਜ ਵੀ ਹੈ। ਜਾਅਲੀ ਵੋਟਾਂ ਦਾ ਮੁੱਦਾ ਸੰਗਤ ਨੇ ਨਕਾਰਿਆ ਨਹੀਂ ਸਿਰਫ ਤੁਹਾਡਾ ਕੂੜ ਪ੍ਰਚਾਰ ਹੈ। ਫਿਰ ਇਨਸਾਫ ਦੀ ਲਹਿਰ ਖੜੀ ਹੋਣੀ ਸ਼ੁਰੂ ਹੋ ਗਈ ਹੈ। ਉਹ ਦਿਨ ਦੂਰ ਨਹੀਂ ਜਦ ਤੁਸੀਂ ਇਨ੍ਹਾਂ ਲਹਿਰਾਂ ਵਿਚ ਆਪਣੇ ਝੂਠ ਦੇ ਜਹਾਜ਼ ਨੂੰ ਡੁਬਦਾ ਦੇਖੋਗੇ।

***ਜਾਰੀਕਰਤਾ-ਭਾਈ ਕੁਲਜੀਤ ਸਿੰਘ, ਭਾਈ ਹਰਮਿੰਦਰ ਸਿੰਘ***

Advt.

# ਸੈਨ ਹੋਜ਼ੇ ਦਾ ਨਾਟਕ ਮੇਲਾ: ਤਸਵੀਰਾਂ ਦੀ ਜ਼ੁਬਾਨੀ




ਪੋਪੀ ਅਤੇ ਲਿਲੀ ਅਤੇ ਕ੍ਰਾਂਤੀ 'ਨਵਾਂ ਜਨਮ' ਦੇ ਇਕ ਦ੍ਰਿਸ਼ 'ਚ



'ਨਵਾਂ ਜਨਮ' ਦੇ ਦ੍ਰਿਸ਼ ਵਿਚ ਬਲਜੀਵਨ



ਜਸਵੰਤ ਸ਼ਾਦ ਅਤੇ ਪੋਪੀ




ਨਵਾਂ ਜਨਮ ਨਾਟਕ ਦੇ ਦ੍ਰਿਸ਼ ਵਿਚ ਬਲਜੀਵਨ, ਕ੍ਰਾਂਤੀ ਅਤੇ ਪੋਪੀ



ਸਟੇਜ ਉਤੇ ਜਸਵਿੰਦਰ ਬਾਵਾ, ਹਰਦੀਪ ਕੌਰ ਅਤੇ ਪ੍ਰਮਿੰਦਰ ਲਿਲੀ



ਬਲਜੀਵਨ ਤੇ ਕ੍ਰਾਂਤੀ ਨਾਟਕ 'ਟੋਆ' ਵਿਚ








(1) ਦਰਸ਼ਨ ਕਹਿਲ, ਹਰਦੀਪ ਕੌਰ, ਵਿਜੇ, ਪੋਪੀ ਤੇ ਬਲਜੀਵਨ 'ਮੁੰਡਾ ਜਵਾਨ-ਬਾਪੂ ਪ੍ਰੇਸ਼ਾਨ' ਦੇ ਦ੍ਰਿਸ਼ 'ਚ, (2) ਸਟੇਜ ਉਤੇ ਪੋਪੀ ਅਤੇ ਭਿੰਦਾ ਬੇਗੋਵਾਲ, (3) ਵਿਜੇ ਤੇ ਕ੍ਰਾਂਤੀ 'ਬਾਬਾ ਬੋਲਦਾ ਹੈ' ਦੇ ਦ੍ਰਿਸ਼ 'ਚ



ਸਟੇਜ ਉਤੇ ਜਸਵਿੰਦਰ ਸੋਹਲ, ਸਰਬਜੋਤ ਸਿੰਘ ਸਵੱਦੀ, ਸੁਖਦੇਵ ਸਿੰਘ ਬੈਣੀਪਾਲ, ਸੁਖਵਿੰਦਰ ਗੋਗੀ, ਪੋਪੀ, ਜਸਪਾਲ ਸਿੰਘ ਖਾਲਸਾ, ਜਸਵੰਤ ਸਿੰਘ ਸ਼ਾਦ ਅਤੇ ਹੋਰ




ਪੋਪੀ, ਦਰਸ਼ਨ ਕਹਿਲ ਤੇ ਬਲਜੀਵਨ 'ਟੋਆ' ਦੇ ਇਕ ਦ੍ਰਿਸ਼ 'ਚ



ਨਾਟਕ 'ਟੋਆ' ਦੇ ਇਕ ਦ੍ਰਿਸ਼ 'ਚ ਵਿਜੇ ਅਤੇ ਬਲਜੀਵਨ



ਵਿਜੇ, ਲਿਲੀ, ਕ੍ਰਾਂਤੀ ਅਤੇ ਪੋਪੀ



ਪੋਪੀ ਅਤੇ ਲਿਲੀ 'ਨਵਾਂ ਜਨਮ' ਦੇ ਇਕ ਦ੍ਰਿਸ਼ 'ਚ



ਨਾਟਕ 'ਨਵਾਂ ਜ਼ਮਾਨਾ' ਦੇ ਦ੍ਰਿਸ਼ 'ਚ ਵਿਜੇ ਤੇ ਬਲਜੀਵਨ



ਲੋਕ ਸਭਾ ਦੇ ਸਾਬਕਾ ਸਪੀਕਰ ਸ੍ਰੀ ਚਰਨਜੀਤ ਸਿੰਘ ਅਟਵਾਲ ਸ. ਮਨਮੋਹਨ ਸਿੰਘ ਰਾਏ ਦਾ ਸਨਮਾਨ ਕਰਦੇ ਹੋਏ। ਸ. ਮਨਮੋਹਨ ਸਿੰਘ ਰਾਏ ਲੁਧਿਆਣਾ ਤੋਂ ਪੁਰਾਣੇ ਵਕੀਲ ਹਨ ਅਤੇ ਟੈਕਸਸ ਵਿਚ ਲੰਮਾ ਸਮਾਂ ਡੈਲਸ ਰਹਿੰਦੇ ਰਹੇ ਹਨ। ਉਨ੍ਹਾਂ ਦੇ ਨਾਲ ਖੜ੍ਹੇ ਹਨ ਐਡਮੰਟਨ (ਅਲਬਰਟਾ) ਦੇ ਐਮ ਐਲ ਏ ਸ੍ਰੀ ਪੀਟਰ ਸੰਧੂ, ਕੈਲਗਰੀ ਦੇ ਐਮ ਐਲ ਏ ਮਨਮੀਤ ਸਿੰਘ ਭੁੱਲਰ ਅਤੇ ਰਿਐਲਟਰ ਚਰਨਪਾਲ ਸਿੰਘ ਸੱਗੂ।

# ਡਿਸ਼ ਨੈਟਵਰਕ 'ਤੇ ਨਵਾਂ ਪੰਜਾਬੀ ਚੈਨਲ ਜੀ-ਪੰਜਾਬ ਸ਼ੁਰੂ

**ਐਂਗਲਵੁੱਡ, ਕਾਲੋਰਾਡੋ:** ਕੌਮਾਂਤਰੀ ਟੀ ਵੀ ਪ੍ਰੋਗਰੈਮਿੰਗ ਵਿਚ ਮੋਹਰੀ ਡਿਸ਼ ਨੈਟਵਰਕ ਉਤੇ ਇਕ ਨਵਾਂ ਪੰਜਾਬੀ ਟੀ ਵੀ ਚੈਨਲ ਜੀ-ਪੰਜਾਬ ਅਰੰਭ ਹੋਇਆ ਹੈ। ਇਹ ਟੀ ਵੀ ਚੈਨਲ ਅਮਰੀਕਾ ਵਿਚ ਸਿਰਫ ਡਿਸ਼ ਨੈਟਵਰਕ ਉਤੇ ਉਪਲਬਧ ਹੋਵੇਗਾ ਅਤੇ ਡਿਸ਼ ਨੈਟਵਰਕ ਦੇ ਚੈਨਲ 621 ਉਤੇ ਦੇਖਿਆ ਜਾ ਸਕਦਾ ਹੈ।

ਜੀ-ਪੰਜਾਬ ਪਹਿਲਾ ਪੰਜਾਬੀ ਚੈਨਲ ਹੋਵੇਗਾ ਜੋ ਨਾ ਸਿਰਫ ਪੰਜਾਬ ਦੀਆਂ ਹੀ ਸਗੋਂ ਉਤਰੀ ਅਮਰੀਕਾ ਵਿਚ ਵਸੇ ਪੰਜਾਬੀ ਭਾਈਚਾਰੇ ਦੀਆਂ ਖਬਰਾਂ ਰੋਜ਼ਾਨਾ ਨਸ਼ਰ ਕਰਿਆ ਕਰੇਗਾ। ਇਸ ਚੈਨਲ ਉਤੇ ਮਨੋਰੰਜਨ ਅਤੇ ਖੇਡਾਂ ਸਮੇਤ ਹਰ ਘੰਟੇ ਬਾਅਦ ਤਾਜ਼ਾ ਖਬਰਾਂ 'ਦਾ ਸਿੱਧੂ ਸ਼ੋਅ', 'ਦੀ ਨਾਰਥ ਅਮੈਰਿਕਨ ਨਿਊਜ਼', 'ਪੰਜਾਬੀ ਡਾਇਸਪੋਰਾ' ਅਤੇ 'ਮਨੋਰੰਜਨ ਖਬਰਾਂ' ਜਿਹੇ ਪ੍ਰੋਗਰਾਮਾਂ ਰਾਹੀਂ ਨਸ਼ਰ ਕੀਤੀਆਂ ਜਾਣਗੀਆਂ।

ਡਿਸ਼ ਨੈਟਵਰਕ ਦੇ ਇੰਟਰਨੈਸ਼ਨਲ ਪ੍ਰੋਗਰੈਮਿੰਗ ਵਿਭਾਗ ਦੇ ਵਾਈਸ ਪ੍ਰੈਜ਼ੀਡੈਂਟ ਕ੍ਰਿਸ ਕੁਇਲਿੰਗ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਕੋਈ ਵੀ ਹੋਰ ਡਿਸ਼ ਨੈਟਵਰਕ ਤੋਂ ਵੱਧ ਪੰਜਾਬੀ ਪ੍ਰੋਗਰਾਮਾਂ ਦੀ ਚੋਣ ਮੁਹੱਈਆ ਨਹੀਂ ਕਰਦਾ। ਜੀ-ਪੰਜਾਬ ਦੇ ਵਾਧੇ ਨਾਲ ਇੰਟਰਨੈਸ਼ਨਲ ਪ੍ਰੋਗਰੈਮਿੰਗ ਵਿਚ ਡਿਸ਼ ਨੈਟਵਰਕ ਦੀ ਪੇ-ਟੀ.ਵੀ. ਲੀਡਰ ਵਜੋਂ ਝੰਡੀ ਪਹਿਲਾਂ ਵਾਂਗ ਹੀ ਬਰਕਰਾਰ ਹੈ। ਜੀ-ਪੰਜਾਬ ਟੀ.ਵੀ. ਦੇ ਸੀ ਈ ਓ ਸ੍ਰੀ ਜਸਪਾਲ ਸ਼ੇਤਰਾ ਦਾ ਕਹਿਣਾ ਹੈ ਕਿ ਇਹ ਪੰਜਾਬੀ ਚੈਨਲ


gPunjab

ਪੰਜਾਬੀਆਂ ਦੀ ਆਪਣੇ ਭਾਈਚਾਰੇ ਬਾਰੇ ਵੱਧ ਤੋਂ ਵੱਧ ਜਾਣਨ ਦੀ ਇੱਛਾ ਦੀ ਤ੍ਰਿਪਤੀ ਕਰੇਗਾ। ਜੀ-ਪੰਜਾਬ ਡਿਸ਼ ਨੈਟਵਰਕ ਦੇ ਗਾਹਕਾਂ ਲਈ ਪੰਜਾਬੀ ਪੈਕ ਦੇ ਇਕ ਹਿੱਸੇ ਵਜੋਂ 19.99 ਡਾਲਰ ਮਹੀਨਾ ਦੀ ਫੀਸ 'ਤੇ ਉਪਲਬਧ ਹੈ। ਇਸ ਪੈਕ ਵਿਚ ਅਲਫਾ ਏ ਟੀ ਸੀ ਪੰਜਾਬੀ, ਜੱਸ ਪੰਜਾਬੀ ਟੀ ਵੀ, ਪੰਜਾਬੀ ਟੀ ਵੀ, ਜੱਸ ਵੰਨ ਅਤੇ ਐਮ ਐਚ ਵੰਨ ਸ਼ਾਮਲ ਹਨ।

ਡਿਸ਼ ਨੈਟਵਰਕ ਐਲ ਐਲ ਸੀ ਦੁਨੀਆਂ ਦੀ 28 ਵੱਖ ਵੱਖ ਭਾਸ਼ਾਵਾਂ ਵਿਚ 185 ਭਾਸ਼ਾਈ ਚੈਨਲ ਮੁਹੱਈਆ ਕਰਦਾ ਹੈ ਜੋ ਹੋਰ ਕਿਸੇ ਵੀ ਪੇ-ਟੀ.ਵੀ. ਨੈਟਵਰਕ ਨਾਲੋਂ ਵੱਧ ਹੈ। ਜੀ-ਪੰਜਾਬ ਆਰਡਰ ਕਰਨ ਜਾਂ ਫਿਰ ਇੰਟਰਨੈਸ਼ਨਲ ਪ੍ਰੋਗਰੈਮਿੰਗ ਬਾਰੇ ਹੋਰ ਜਾਣਨ ਲਈ ਫੋਨ 1-888-242-2276 ਨਾਲ ਜਾਂ ਵੈਬ ਸਾਈਟ www.dishnetwork.com/international 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤੀ ਮੁੱਕੇਬਾਜ਼ਾਂ ਨੇ ਜਿੱਤੇ ਛੇ ਸੋਨੇ ਦੇ ਤਮਗ਼ੇ

**ਨਵੀਂ ਦਿੱਲੀ:** ਤਾਲਕਟੋਰਾ ਸਟੇਡੀਅਮ ਵਿਖੇ ਜਾਰੀ ਰਾਸ਼ਟਰ ਮੰਡਲ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੇ 75 ਕਿਲੋ ਭਾਰ ਵਰਗ ਵਿਚ ਭਾਰਤ ਦੇ ਓਲੰਪਿਕ ਵਿਚ ਕਾਂਸੀ ਦਾ ਤਮਗ਼ਾ ਜਿੱਤਣ ਵਾਲੇ ਮੁੱਕੇਬਾਜ਼ ਵਜਿੰਦਰ ਸਿੰਘ ਨੇ ਬੀਤੀ 17 ਮਾਰਚ ਨੂੰ ਇੰਗਲੈਂਡ ਦੇ ਫਰੈਂਕ ਬੁੱਗਲਿਊਨੀ ਨੂੰ 12-3 ਨਾਲ ਹਰਾ ਕੇ ਸੋਨ ਤਮਗ਼ਾ ਜਿੱਤ ਲਿਆ। ਇਸ ਤੋਂ ਇਲਾਵਾ ਭਾਰਤੀ ਮੁੱਕੇਬਾਜ਼ਾਂ ਨੇ ਦਾਅ 'ਤੇ ਲੱਗੇ ਛੇ ਸੋਨ ਤਮਗ਼ੇ ਜਿੱਤ ਕੇ ਚੈਂਪੀਅਨਸ਼ਿਪ 'ਤੇ ਕਬਜ਼ਾ ਕਰ ਲਿਆ। ਏਸ਼ੀਅਨ ਚੈਂਪੀਅਨ ਸੁਰਨਜੋਏ ਸਿੰਘ, ਅਮਨ ਦੀਪ ਸਿੰਘ, ਜੈ ਭਗਵਾਨ ਅਤੇ ਪਰਮਜੀਤ ਨੇ ਵੀ ਘਰੇਲੂ ਦਰਸ਼ਕਾਂ ਅੱਗੇ ਸੋਨ ਤਮਗ਼ੇ ਜਿੱਤੇ। ਦਿਨੇਸ਼ ਕੁਮਾਰ ਨੂੰ ਵਾਕਓਵਰ ਮਿਲਿਆ।

START THE NEW YEAR WITH A NEW CAREER

Graduate in less than 1 month and start earning 2K-3K/month!

Why pay thousands of $$$ for classes with NO Jobs available?

- Certified Nursing Assistant (CNA)
- Home Health Aide (HHA)
- Restorative Nursing Assistant (RNA)
- Blood Borne Pathogen
- CEU's

CPR AED BLS/First Aid Training

ONLY $99 to start

NOW ENROLLING

CALL US NOW to make an appointment!

IN-DEMAND WE OFFER:

- Full-Time & Part-Time program
- Tutoring Available
- No High School Diploma or GED required
- Job Placement Assistance
- Bilingual Classes
- Morning, Evening & Weekend Classes

ST. JUDE NURSING SCHOOL

8741 Van Nuys Bl. Suite 201 Panorama City, CA 91402

www.stjudenursingschool.com

818-892-6141 • 818-334-8943 • 818-647-1649



*Visit us on the web:* ***www.punjabtimesusa.com***

***To Advertise with us call: 847-359-0746***



Ahluwalia Law Professional Corporation

ਕਾਨੂੰਨੀ ਮਸਲਾ ਜਾਂ ਸਵਾਲ?

ਅਟਾਰਨੀ ਮਦਨ ਆਹਲੂਵਾਲੀਆ ਨੂੰ ਕਾਲ ਕਰੋ

1-866 290 9191

www.ahluwalia-law.com



Attorney Madan Ahluwalia

Now, listen to Attorney Ahluwalia LIVE!!! On radio KLOK 1170AM OR on @ www.attorneyonradio.com Every Saturday from 9am - 10am.

Bankruptcy - Civil Litigation
Divorce - Immigration
Loan Modification - Personal Injury

303 Twin Dolpin Drive, #600
Redwood City, CA 94065
1-866 290 9191



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranteed!

ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com



ਟਰੱਕ ਇੰਸ਼ੋਰੈਂਸ ਵਿਚ ਸਾਡਾ 28 ਸਾਲ ਦਾ ਤਜਰਬਾ

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ

2403 Gilberte Street, Tracy, CA 95304

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ

## ਗਦਰੀ ਬਾਬਿਆਂ ਦਾ ਇਤਿਹਾਸਕ ਅਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 South Grant Street, Stockton CA 95206 (A Historical Land Mark of CA)

# 12ਵਾਂ ਮਹਾਨ ਨਗਰ ਕੀਰਤਨ

## 18 ਅਪਰੈਲ 2010

(ਦਿਨ ਐਤਵਾਰ)

# ਵਿਸਾਖੀ ਪੁਰਬ




ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 18 ਅਪਰੈਲ 2010 ਦਿਨ ਐਤਵਾਰ ਨੂੰ ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖ਼ਾਲਸੇ ਦਾ 311ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋ ਗੁਰੂ-ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ-ਪਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ 'ਤੇ ਫ਼ਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

□ 26 ਫ਼ਰਵਰੀ ਦਿਨ ਸ਼ੁਕਰਵਾਰ ਤੋਂ ਅਖੰਡ ਪਾਠਾਂ ਦੀ ਲੜੀ ਪ੍ਰਾਰੰਭ ਹੈ ਜੀ। □ 15 ਮਾਰਚ ਦਿਨ ਸੋਮਵਾਰ ਤੋ ਹਰ ਰੋਜ਼ ਸ਼ਾਮਾਂ ਦੇ ਦੀਵਾਨ ਸਜਿਆ ਕਰਨਗੇ। ਜਿਸ ਵਿੱਚ ਭਾਈ ਲਖਵਿੰਦਰ ਸਿੰਘ ਜੀ ਸੰਗਤਾਂ ਨੂੰ ਕਥਾ ਨਾ਼ਲ ਨਿਹਾਲ ਕਰਿਆ ਕਰਨਗੇ। □ 2 ਅਪਰੈਲ ਤੋਂ ਪ੍ਰਸਿੱਧ ਰਾਗੀ ਜਥੇ (ੳ) ਭਾਈ ਸੁਰਿੰਦਰ ਸਿੰਘ ਜੀ ਜੋਧਪੁਰੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾ਼ਲੇ ਤੇ (ਅ) ਭਾਈ ਸੁਖਜੀਵਨ ਸਿੰਘ ਜੀ ਹਜ਼ੂਰੀ ਰਾਗੀ ਜਥਾ ਕੀਰਤਨ ਕਰਿਆ ਕਰਨਗੇ। □ 2 ਅਪਰੈਲ ਤੋਂ ਪੰਥ ਦੇ ਪ੍ਰਸਿੱਧ ਢਾਡੀ ਭਾਈ ਬਲਵੰਤ ਸਿੰਘ ਜੀ ਪ੍ਰੇਮੀ ਦਾ ਜਥਾ ਢਾਡੀ-ਵਾਰਾਂ ਨਾ਼ਲ ਨਿਹਾਲ ਕਰਿਆ ਕਰਨਗੇ। □ 4 ਅਪਰੈਲ ਤੋਂ ਪੰਥ ਦੇ ਪ੍ਰਸਿੱਧ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ (ਲੁਧਿਆਣੇ ਵਾ਼ਲੇ) ਅਤੇ ਬਾਬਾ ਬਖਸ਼ੀਸ਼ ਸਿੰਘ ਜੀ ਦਮਦਮੀ ਟਕਸਾਲ ਵਾ਼ਲੇ (ਹਜ਼ੂਰੀ ਕਥਾਕਾਰ) ਸੰਗਤਾਂ ਨੂੰ ਕਥਾ ਸਰਵਣ ਕਰਾਇਆ ਕਰਨਗੇ। □ ਅੰਮ੍ਰਿਤ ਸੰਚਾਰ: 17 ਅਪਰੈਲ ਦਿਨ ਸਨਿਚਰਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ ਅਭਿਲਾਖੀ ਸੱਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਨਾਮ ਬਾਬਾ ਬਖਸ਼ੀਸ਼ ਸਿੰਘ ਜੀ (209-625-7500) ਜਾਂ ਭਾਈ ਕੁਲਦੀਪ ਸਿੰਘ ਜੀ (209-423-7982) ਨੂੰ ਲਿਖਾਵਾਓ ਜੀ। ਕਕਾਰਾਂ ਦੀ ਸੇਵਾ ਗੁਰੂਘਰ ਵਲੋਂ ਕੀਤੀ ਜਾਵੇਗੀ। □ 11 ਅਪਰੈਲ ਦਿਨ ਐਤਵਾਰ ਨੂੰ ਦਸਤਾਰ ਦਿਵਸ ਮਨਾਉਂਦੇ ਹੋਏ ਦਸਤਾਰਾਂ ਮੁਫ਼ਤ ਵੰਡੀਆਂ ਜਾਣਗੀਆਂ। □ ਨਿਸ਼ਾਨ ਸਾਹਿਬ ਦੇ ਚੋ਼ਲੇ ਦੀ ਸੇਵਾ 17 ਅਪਰੈਲ ਦਿਨ ਸਨਿਚਰਵਾਰ ਸਵੇਰੇ 9 ਵਜੇ ਭਾਈ ਪਾਲ ਸਿੰਘ ਦੇ ਪਰਿਵਾਰ ਵਲੋਂ ਕੀਤੀ ਜਾਵੇਗੀ। □ 17 ਅਪਰੈਲ ਨੂੰ ਸ਼ਾਮ ਦੇ ਦੀਵਾਨ 6 ਵਜੇ ਤੋਂ 11:30 ਵਜੇ ਤੱਕ ਸਜਣਗੇ ਜਿਸ ਵਿਚ ਪੰਥਕ ਵਿਚਾਰਾਂ ਕਰਨ ਲਈ ਸਮੂਹ ਪੰਥਕ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। □ ਨਗਰ ਕੀਰਤਨ ਵਾ਼ਲੇ ਦਿਨ (18 ਅਪਰੈਲ) ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ San Joaquin Fairgrounds. (1658 S. Airport Way, Stockton,CA) ਵਿਖੇ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। □ ਸਿਕਿਓਰਿਟੀ ਦੇ ਖਾਸ ਪ੍ਰਬੰਧ ਕੀਤੇ ਗਏ ਹਨ। □ 3 ਅਪਰੈਲ ਤੋਂ ਸ਼ਾਮ ਦੇ ਦੀਵਾਨਾਂ ਦਾ ਸਿੱਧਾ ਪ੍ਰਸਾਰਣ ਰੇਡੀਓ ਗੀਤ-ਸੰਗੀਤ ਤੋਂ ਕੀਤਾ ਜਾਵੇਗਾ।

- ਫਲੋਟਾਂ ਬਾਰੇ ਭਾਈ ਗੁਲਵਿੰਦਰ ਸਿੰਘ (ਭਿੰਦਾ) (209-487-3699) ਤੇ ਭਾਈ ਹਰਨੇਕ ਸਿੰਘ ਅਟਵਾ਼ਲ (209-351-5965) ਨਾ਼ਲ ਸੰਪਰਕ ਕਰੋ ਜੀ।
- ਦੁਕਾਨਾਂ ਤੇ ਸਟਾਲਾਂ ਲਈ ਜਸਵੀਰ ਸਿੰਘ ਗੁਰਾਇਆ (209-649-6053) ਤੇ ਰਾਮ ਸਿੰਘ ਮੰਡੇਰ (209-423-5977) ਨਾ਼ਲ ਸੰਪਰਕ ਕਰੋ ਜੀ।
- ਸੰਗਤ ਆਪਣੀ ਸੁਰੱਖਿਆ ਦੀ ਆਪ ਜ਼ਿੰਮੇਵਾਰ ਹੋਵੇਗੀ।

**ਦਾਸ: ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ (ਗੁਰੂ-ਘਰ ਸਟਾਕਟਨ)**

ਭਾਈ ਮਨਜੀਤ ਸਿੰਘ ਉੱਪਲ (ਪ੍ਰਧਾਨ)
(209) 649-2767
ਭਾਈ ਮੱਖਣ ਸਿੰਘ (ਮੀਤ ਪ੍ਰਧਾਨ)
(209) 642-5757

ਭਾਈ ਜਤਿੰਦਰ ਸਿੰਘ ਪੰਮਾ (ਸਕੱਤਰ)
(209) 993-7954
ਭਾਈ ਅਮਰਜੀਤ ਸਿੰਘ ਤੁੰਗ (ਮੀਤ ਸਕੱਤਰ)
(209) 954-2881

ਭਾਈ ਗੁਰਬਖ਼ਸ਼ ਸਿੰਘ (ਖ਼ਜਾਨਚੀ)
(209) 470-7006
ਭਾਈ ਰਣਜੀਤ ਸਿੰਘ ਚੰਦੋਵਾ਼ਲੀਆ (ਮੀਤ ਖ਼ਜਾਨਚੀ)
(209) 649-3993

## ਹੈਲਥ ਕੇਅਰ ਸੁਧਾਰ ਬਿਲ ਪਾਸ

*(ਸਫਾ ਇਕ ਦੀ ਬਾਕੀ)*

ਜਾਏਗੀ, ਜਿਨ੍ਹਾਂ ਪਾਸ ਇਸ ਵੇਲੇ ਕੋਈ ਕਵਰੇਜ਼ ਨਹੀਂ ਹੈ। ਹੈਲਥ ਕੇਅਰ ਦੇਣ ਦਾ ਇਹ ਟੀਚਾ ਕਈ ਨਵੇਂ ਉਪਰਾਲਿਆਂ ਰਾਹੀਂ ਪੂਰਾ ਕੀਤਾ ਜਾਏਗਾ, ਜਿਨ੍ਹਾਂ ਵਿਚ ਮੁਲਾਜ਼ਮਾਂ ਅਤੇ ਹੋਰ ਲੋਕਾਂ ਲਈ ਨਵੇਂ ਉਪਰਾਲੇ, ਜੋ ਲੋਕ ਆਪਣੇ ਤੌਰ 'ਤੇ ਕਵਰੇਜ਼ ਨਹੀਂ ਖਰੀਦ ਸਕਦੇ, ਉਨ੍ਹਾਂ ਲਈ ਸਬਸਿਡੀ, ਇੰਸ਼ੋਰੈਂਸ ਕੰਪਨੀਆਂ ਉਪਰ ਖਪਤਕਾਰ ਪੱਖੀ ਨਵੇਂ ਕਾਨੂੰਨ ਲਾਉਣੇ, ਟੈਕਸ ਛੋਟਾਂ ਦੇਣੀਆਂ ਅਤੇ ਹੈਲਥ ਕੇਅਰ ਪਲਾਨਾਂ ਲਈ ਮਾਰਕਿਟ ਬਣਾਉਣੀ ਸ਼ਾਮਲ ਹੈ।

ਇਸ ਨਵੇਂ ਕਾਨੂੰਨ ਦੀਆਂ ਬਹੁਤੀਆਂ ਦੂਰ-ਪ੍ਰਭਾਵੀ ਤਬਦੀਲੀਆਂ ਸੰਨ 2014 ਤੋਂ ਪਹਿਲਾਂ ਲਾਗੂ ਨਹੀਂ ਹੋਣਗੀਆਂ। ਇਨ੍ਹਾਂ ਤਬਦੀਲੀਆਂ ਵਿਚ ਕਰੀਬ-ਕਰੀਬ ਸਭ ਅਮਰੀਕਨਾਂ ਲਈ ਆਪਣੇ ਰੁਜ਼ਗਾਰ, ਕਿਸੇ ਸਰਕਾਰੀ ਪ੍ਰੋਗਰਾਮ ਜਾਂ ਆਪਣੇ ਖਰਚੇ 'ਤੇ ਹੈਲਥ ਇੰਸ਼ੋਰੈਂਸ ਲੈਣੀ ਲਾਜ਼ਮੀ ਹੋਵੇਗੀ, ਨਹੀਂ ਤਾਂ ਜੁਰਮਾਨਾ ਹੋਵੇਗਾ। ਇਸ ਨੂੰ ਹਕੀਕਤ ਬਣਾਉਣ ਲਈ ਹੈਲਥ ਕੇਅਰ ਦੀ ਲਾਗਤ ਪੂਰੀ ਕਰਨ ਵਿਚ ਮਦਦ ਕਰਨ ਵਾਸਤੇ ਮੱਧਵਰਗੀ ਪਰਿਵਾਰਾਂ ਨੂੰ ਟੈਕਸ ਛੋਟਾਂ ਦਿੱਤੀਆਂ ਜਾਣਗੀਆਂ ਅਤੇ ਘੱਟ ਆਮਦਨ ਵਾਲੇ ਲੋਕਾਂ ਲਈ ਮੈਡੀਕੇਡ ਦਾ ਵਿਸਤਾਰ ਕੀਤਾ ਜਾਏਗਾ। ਇੰਸ਼ੋਰੈਂਸ ਕੰਪਨੀਆਂ ਉਪਰ ਲਾਗੂ ਕੀਤੇ ਜਾ ਰਹੇ ਨਵੇਂ ਕਾਨੂੰਨਾਂ ਵਿਚ ਪਾਲਸੀ ਉਤੇ ਉਮਰ ਭਰ ਦੀ ਡਾਲਰ ਹੱਦ ਮਿਥਣ ਉਪਰ ਪਾਬੰਦੀ ਸ਼ਾਮਲ ਹੈ। ਇੰਸ਼ੋਰੈਂਸ ਕੰਪਨੀਆਂ ਪ੍ਰੀ ਐਗਜਿਸਟਿੰਗ ਕੰਡੀਸ਼ਨ ਕਹਿ ਕੇ ਕਵਰੇਜ਼ ਤੋਂ ਇਨਕਾਰ ਨਹੀਂ ਕਰ ਸਕਣਗੀਆਂ ਅਤੇ ਕਿਸੇ ਦੇ ਬੀਮਾਰ ਹੋਣ 'ਤੇ ਪਾਲਸੀ ਰੱਦ ਨਹੀਂ ਕਰ ਸਕਣਗੀਆਂ। ਇੰਸ਼ੋਰੈਂਸ ਕੰਪਨੀਆਂ ਨੂੰ ਮਾਪਿਆਂ ਨੂੰ ਆਪਣੇ ਬੱਚੇ 26 ਸਾਲ ਦੀ ਉਮਰ ਤਕ ਆਪਣੀ ਪਲਾਨ ਉਤੇ ਰਖ ਸਕਣ ਦੀ ਇਜ਼ਾਜਤ ਦੇਣੀ ਹੋਵੇਗੀ।

ਹੈਲਥ ਇੰਸ਼ੋਰੈਂਸ ਵਿਚ ਕੀਤੀਆਂ ਜਾ ਰਹੀਆਂ ਇਨ੍ਹਾਂ ਤਬਦੀਲੀਆਂ ਦਾ ਖਰਚਾ ਹਸਪਤਾਲਾਂ, ਇੰਸ਼ੋਰੈਂਸ ਕੰਪਨੀਆਂ ਅਤੇ ਮੈਡੀਕੇਅਰ ਤੇ ਹੋਰ ਹੈਲਥ ਪ੍ਰੋਗਰਾਮਾਂ ਲਈ ਸਰਕਾਰੀ ਅਦਾਇਗੀ ਵਿਚ ਵਾਧੇ ਵਿਚ ਕਟਾਉਤੀ ਕਰ ਕੇ, ਕੁਝ ਲੋਕਾਂ ਦੇ ਮੈਡੀਕੇਅਰ ਪੇਅਰੋਲ ਟੈਕਸ ਵਧਾ ਕੇ, ਇੰਸ਼ੋਰੈਂਸ ਕੰਪਨੀਆਂ, ਡਰੱਗ ਨਿਰਮਾਤਾ ਕੰਪਨੀਆਂ ਅਤੇ ਮੈਡੀਕਲ ਯੰਤਰ ਬਣਾਉਣ ਵਾਲੀਆਂ ਕੰਪਨੀਆਂ 'ਤੇ ਟੈਕਸ ਵਧਾ ਕੇ ਪੂਰਾ ਕੀਤਾ ਜਾਏਗਾ। ਸੀਨੀਅਰ ਲੋਕਾਂ ਦੇ ਪ੍ਰਿਸਕਰਿਪਸ਼ਨ ਕਵਰੇਜ਼ ਗੈਪ ਨੂੰ ਘਟਾਇਆ ਜਾਏਗਾ ਅਤੇ ਉਨ੍ਹਾਂ ਲਈ ਰੋਕਥਾਮ ਵਾਲੀ ਸਿਹਤ ਸੰਭਾਲ ਵਿਚ ਸੁਧਾਰ ਕੀਤਾ ਜਾਏਗਾ ਪਰ ਇਸ ਕਾਨੂੰਨ ਨਾਲ ਮੈਡੀਕੇਅਰ ਰਾਹੀਂ ਦਿੱਤੀਆਂ ਜਾਂਦੀਆਂ ਲੋਕਪ੍ਰਿਯ ਪ੍ਰਾਈਵੇਟ ਇੰਸ਼ੋਰੈਂਸ ਪਲਾਨਾਂ ਲਈ ਵਿਤੀ ਮਦਦ ਵਿਚ ਵੀ ਕਟੌਤੀ ਕੀਤੀ ਜਾਏਗੀ। ਸਦਰ ਓਬਾਮਾ ਦੇ ਸਾਹਮਣੇ ਵਡਾ ਕਾਰਜ ਇਕ ਅਜਿਹੇ ਕਾਨੂੰਨ ਨੂੰ ਲੋਕਾਂ ਦੀ ਪ੍ਰਵਾਨਗੀ ਦਵਾਉਣਾ ਹੈ ਜਿਸ ਤੋਂ ਨਾ ਤਾਂ ਡੈਮੋਕਰੈਟ ਪੂਰੀ ਤਰ੍ਹਾਂ ਖੁਸ਼ ਹਨ ਅਤੇ ਨਾ ਹੀ ਰਿਪਬਲਿਕਨ। ਡੈਮੋਕਰੈਟ ਇਸ ਗੱਲ ਤੋਂ ਨਾਖੁਸ਼ ਹਨ ਕਿ ਪ੍ਰਾਈਵੇਟ ਖੇਤਰ ਨਾਲ ਮੁਕਾਬਲੇ 'ਚ ਆਉਣ ਵਾਲੀ ਇਕ ਸਰਕਾਰੀ ਯੋਜਨਾ ਇਸ ਕਾਨੂੰਨ ਲਈ ਚਲੀ ਤਿੱਖੀ ਸੌਦੇਬਾਜ਼ੀ ਦੌਰਾਨ ਛਡ ਦਿਤੀ ਗਈ। ਰਿਪਬਲਿਕਨ ਇਸ ਗੱਲੋਂ ਔਖੇ ਹਨ ਕਿ ਸਰਕਾਰੀ ਖੇਤਰ ਨੂੰ ਵਡਾ ਕਰਨ ਅਤੇ ਖਰਚੇ ਨੂੰ ਵਧਾਉਣ ਨਾਲ ਦੇਸ਼ ਦੀਵਾਲੀਆ ਹੋ ਕੇ ਰਹਿ ਜਾਏਗਾ।




*ਗੁਰਦੁਆਰਾ ਸੈਨ ਹੋਜ਼ੇ 'ਚ ਸੰਤ ਹਰਪਾਲ ਸਿੰਘ ਰਤਵਾੜੇ ਵਾਲਿਆਂ ਦਾ ਸਨਮਾਨ ਕਰਦੇ ਹੋਏ ਕਮੇਟੀ ਮੈਂਬਰ*



*ਗੁਰਦੁਆਰਾ ਸੈਨ ਹੋਜ਼ੇ ਵਿਚ ਰਾਜਾ ਜੀ ਨਾਭ ਕਮਲ ਦਾ ਜਨਮ ਦਿਨ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਮਨਾਇਆ ਗਿਆ। ਸ਼ਰਧਾਲੂਆਂ ਨੂੰ ਸਨਮਾਨਤ ਕਰਦੇ ਹੋਏ ਕਮੇਟੀ ਮੈਂਬਰ*

## ਬੇਕਰਜ਼ਫੀਲਡ ਵਿਚ ਨਵਾਂ ਪੰਜਾਬੀ ਰੈਸਟੋਰੈਂਟ ਖੁਲ੍ਹਿਆ

**ਬੇਕਰਜ਼ਫੀਲਡ (ਮਨਦੀਪ ਮਾਨ):** ਓਵਨ ਰੈਸਟੋਰੈਂਟ ਨਾਂ ਦਾ ਇਕ ਨਵਾਂ ਪੰਜਾਬੀ ਰੈਸਟੋਰੈਂਟ ਇਥੇ (203 ਵੀਡ ਪੈਚ ਰੋਡ) ਉਤੇ ਖੁਲ੍ਹਿਆ ਹੈ ਜਿਥੇ ਭਾਂਤ-ਸਭਾਂਤੇ ਪੰਜਾਬੀ ਵੈਸ਼ਨੋ ਖਾਣੇ-ਪਰੌਂਠੇ, ਛੋਲੇ-ਪੂਰੀ ਵਗੈਰਾ ਅਤੇ ਮਾਸਾਹਾਰੀ ਭੋਜਨ ਤਾਜ਼ਾ ਅਤੇ ਪੰਜਾਬੀ ਸਵਾਦ ਅਨੁਸਾਰ ਮਿਲ ਸਕਣਗੇ। ਇਸ ਤੋਂ ਇਲਾਵਾ ਮੈਂਗੋ ਲੱਸੀ, ਰਸ ਮਲਾਈ ਤੇ ਸਮੋਸੇ ਵਗੈਰਾ ਵੀ ਮਿਲਣਗੇ।



ਰੈਸਟੋਰੈਂਟ ਦੇ ਮਾਲਕ ਸਤਿੰਦਰਪਾਲ ਸਿੰਘ, ਜਿਨ੍ਹਾਂ ਨੂੰ ਲੋਕ ਪਾਲ ਦੇ ਨਾਂ ਨਾਲ ਜਾਣਦੇ ਹਨ, ਨੇ ਦੱਸਿਆ ਕਿ ਮੱਛੀ ਦੇ ਪਕੌੜੇ ਉਨ੍ਹਾਂ ਦਾ ਖਾਸ ਪਕਵਾਨ ਹੋਵੇਗਾ ਜੋ ਅੱਧਾ ਪੌਂਡ 9.99 ਡਾਲਰ ਅਤੇ ਇਕ ਪੌਂਡ 14.99 ਡਾਲਰ ਵਿਚ ਮਿਲੇਗਾ। ਬੱਕਰੇ ਦਾ ਮੀਟ ਉਨ੍ਹਾਂ ਦੀ ਖਾਸ ਡਿਸ਼ ਹੋਵੇਗਾ। ਰੈਸਟੋਰੈਂਟ ਦਾ ਸਮਾਂ ਸਵੇਰੇ 6 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਹੋਵੇਗਾ। ਰੈਸਟੋਰੈਂਟ ਨਾਲ ਫੋਨ 661-363-0704 ਜਾਂ 661-979-7337 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰੂਘਰ ਨੂੰ ਕਾਰਪੋਰੇਸ਼ਨ ਕਹਿਣਾ ਸਹੀ ਨਹੀਂ ਹੈ: ਵਿਰੋਧੀ ਧਿਰ

**ਲਿਵਿੰਗਸਟਨ (ਪੰਜਾਬ ਟਾਈਮਜ਼ ਬਿਊਰੋ):** ਇਥੇ ਗੁਰਦੁਆਰਾ ਪੀਚ ਰੋਡ ਦੇ ਪ੍ਰਬੰਧਕਾਂ ਵਲੋਂ ਗੁਰਦੁਆਰਾ ਸਾਹਿਬ ਦੀ ਜ਼ਮੀਨ ਉਤੇ ਇਕ ਪਾਰਟੀ ਹਾਲ ਬਣਾਏ ਜਾਣ ਦਾ ਵਿਰੋਧ ਕਰ ਰਹੀ ਧਿਰ ਨੇ ਸਵਾਲ ਉਠਾਇਆ ਹੈ ਕਿ ਕਾਨੂੰਨੀ ਨੁਕਤਾ-ਨਿਗਾਹ ਤੋਂ ਬੇਸ਼ਕ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਕਾਰਪੋਰੇਸ਼ਨ ਹੈ ਅਤੇ ਬਾਈਲਾਅਜ਼ ਦੇ ਅਨੁਸਾਰ ਕੋਈ ਗੈਰ ਮੈਂਬਰ ਇਸ ਦਾ ਹਿਸਾਬ-ਕਿਤਾਬ ਨਹੀਂ ਪੁਛ ਸਕਦਾ ਪਰੰਤੂ ਗੁਰਮਤਿ ਅਨੁਸਾਰ ਗੁਰੂਘਰ ਮਹਿਜ ਇਕ ਕਾਰਪੋਰੇਸ਼ਨ ਨਹੀਂ ਹੈ ਅਤੇ ਨਾ ਹੀ ਗੁਰੂਘਰ ਨੂੰ ਕਾਰਪੋਰੇਸ਼ਨ ਦੀ ਨਿਜੀ ਜਾਇਦਾਦ ਆਖਿਆ ਜਾ ਸਕਦਾ ਹੈ।

ਇਥੇ ਜਾਰੀ ਇਕ ਸਾਂਝੇ ਬਿਆਨ ਵਿਚ ਇਸ ਕੇਸ ਦੀ ਪੈਰਵੀ ਕਰ ਰਹੇ ਬੀਬੀ ਮੋਹਨੀ ਕੌਰ ਥਿਆੜਾ, ਸਤਿਨਾਮ ਸਿੰਘ ਸੰਧਰ, ਸੇਵਾ ਸਿੰਘ ਜੌਹਲ, ਗੁਰਦੇਵ ਸਿੰਘ ਚੀਮਾ ਅਤੇ ਸਰਬਜੀਤ ਸਿੰਘ ਬਾਸੀ ਨੇ ਆਖਿਆ ਹੈ ਕਿ ਗੁਰੂਘਰ ਦੀ ਉਸਾਰੀ ਕੋਈ ਇਕੱਲੇ ਕਾਰਪੋਰੇਸ਼ਨ ਦੇ ਮੈਂਬਰਾਂ ਦੀ ਮਾਇਆ ਨਾਲ ਨਹੀਂ ਕੀਤੀ ਗਈ ਸਗੋਂ ਸਮੂਹ ਸਾਧ ਸੰਗਤ ਦੀ ਕਿਰਤ-ਕਮਾਈ ਦੇ ਤਿਲ-ਫੁਲ ਨਾਲ ਹੋਈ ਹੈ।

ਬੀਬੀ ਮੋਹਨੀ ਕੌਰ ਵਲੋਂ ਜਾਰੀ ਇਸ ਬਿਆਨ ਵਿਚ ਕਿਹਾ ਗਿਆ ਹੈ ਕਿ ਪਿਛਲੇ 28 ਸਾਲ ਤੋਂ ਸਾਧ-ਸੰਗਤ ਆਪਣੀ ਮਾਇਆ ਇਸ ਗੁਰੂਘਰ ਲਈ ਭੇਟਾ ਕਰ ਰਹੀ ਹੈ। ਜੇ ਇਹ ਸਿਰਫ ਕਾਰਪੋਰੇਸ਼ਨ ਹੈ ਤਾਂ ਇਥੇ ਗੁਰਦੁਆਰਾ ਸਾਹਿਬ ਦਾ ਸਾਈਨ ਬੋਰਡ ਉਤਾਰ ਕੇ ਕਾਰਪੋਰੇਸ਼ਨ ਦਾ ਫੱਟਾ ਲਾ ਦਿੱਤਾ ਜਾਣਾ ਚਾਹੀਦਾ ਹੈ। ਇਥੇ ਜ਼ਿਕਰਯੋਗ ਹੈ ਕਿ ਅਦਾਲਤ ਵਿਚ ਇਸ ਧਿਰ ਦੀ ਮੰਗ ਉਤੇ ਅਦਾਲਤ ਨੇ ਫੈਸਲਾ ਦਿਤਾ ਸੀ ਕਿ ਗੁਰੂਘਰ ਦਾ ਹਿਸਾਬ-ਕਿਤਾਬ ਅਤੇ ਮੀਟਿੰਗਾਂ ਦਾ ਵੇਰਵਾ ਸੰਗਤ ਨੂੰ ਦਿਖਾਇਆ ਜਾਵੇ ਪਰ ਮਰਸਡ ਕੋਰਟ ਦੇ ਇਸ ਫੈਸਲੇ ਵਿਰੁਧ ਪ੍ਰਬੰਧਕਾਂ ਨੇ ਅਪੀਲ ਕੀਤੀ ਕਿ ਪ੍ਰਬੰਧਕ ਕਮੇਟੀ ਇਕ ਕਾਰਪੋਰੇਸ਼ਨ ਹੈ ਅਤੇ ਇਸਦਾ ਹਿਸਾਬ-ਕਿਤਾਬ ਸਿਰਫ ਮੈਂਬਰ ਹੀ ਪੁਛ ਸਕਦੇ ਹਨ। ਅਦਾਲਤ ਨੇ ਇਹ ਅਪੀਲ ਪ੍ਰਵਾਨ ਕਰ ਲਈ ਸੀ।


Since 1990 Non Profit

Punjabi Cultural Society Sacramento (U.S.A.)

ਵਲੋਂ ਪੇਸ਼ ਹੈ 21ਵਾਂ

ਵਿਸਾਖੀ ਮੇਲਾ

Visakhi Mela

Host by : Jaswant S Shad

Celebration On Saturday,


17th APRIL 2010

At 4.00 P. M.

AT

S.E.S. Hall

10427 E. STOCKTON BLVD.
ELK GROVE, CA 95624



Featuring : Songs, Gidha & Bhangra, Dances, Skits and Much More

ਕੈਲੇਫੋਰਨੀਆ ਦੇ ਉੱਘੇ ਕਲਾਕਾਰ ਇਸ ਵਿੱਚ ਭਾਗ ਲੈ ਰਹੇ ਹਨ ।
ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੁੰਮ ਹੁਮਾ ਕੇ ਪਹੁੰਚੋ ।

Spcl. Appearance Bhangra & Gidda Teams From : University

For More Information Please Contact :
Rashpal Pharwala (916) 682-7321 Tirath Sahota (916) 271-8382
Amrik Singh (916) 502-0064 Jaswant S. Shad (209) 992-7185

SPONSORS

Indo American Desh Bhagat Foundation, Indus Valley American Chamber of Commerce, Punjab Arts & Culture Promotions, Indo American Cultural Organisation, Harjit Singh (Mountain Mike's Pizza Elkgrove), Inderjit Singh (Mountain Mike's Pizza Elkgrove Florin), Bagga Palace, India House of Grocery, Desi Bazar, India spices& music in Elkgrove, Rajinder Singh, Gurnek Singh, Jaswinder Sandhu, Avtar Atwal, Charan Badwal, Baljinder Johal, Jasvir Thandi (iSELL Real Estate), Sonny Singh (Rocklin) PiaraSingh Parhar, Malkit Boparai, Jassi (Power Mart), Aklesh Singh, A V Sweets, SukhchainSingh, Joga Ghuman, Hardeep Singh, Manjeet Dhillon (Modesto), Raghvir Gill, S.P.Singh, Amarjit Singh, Manpreet Singh, Inderjit Singh, Parminderjit Singh, Jaswant Singh, Gurchetan Singh, Manjit Singh, Kulwinder Bobby, Varinder Sekhon & Manjit Singh (Punjab Insurance & Immigration Tax Service) & Paramjit Dhaliwal (Fresno), Naranjan Singh (Mountain Mike's Pizza W.Capital), Bakhshish Gill, Amarjit Dulai, Gurmukh Gosal (Sheration) & Alex Singh (Quality Vending).

ORGANIZING COMMITTEE

Rajinder Pal Singh, Amrik Singh, Harjinder Basra, Tirath Sahota, Paramjit Dhillon, Surinder Bindra, Ajaib Kahlon, Rashpal Pharwala, Jarnail Sarpanch, Harinder Singh, Debi Gill, Sukhraj Singh, Jaswant Lakha, Sukhchain Singh, Bhupinder Rehal, Kuldeep Bains, Jaswinder Pooni, Jaswant Shad, Arjinder Kukki, M.S.Chahal, Pavittar Nahal, Satwinder Rangi, Varinder Sanghera, Kamal Banga, Paminder Virk, Jascharan Gill, Balwinder Banka, Balbir Johal, Avtar Dodd & Kamal Singh.

ADMISSION FREE Please No Alcohol, No Food or Drinks Inside the Hall
No Cameras Will Be Allowed Inside The Hall, Security Will Be Tightly Enforced

Website : www.punjabiculturalsocietysacramento.com

Printer : Barapind Printing Press (E-mail: barapindpress@gmail.com)

# 'ਮੁਹਾਰਤ ਮਜ਼ਦੂਰੀ' ਤੇ ਜੈਨੇਟਿਕ ਇੰਜੀਨੀਅਰਿੰਗ ਪੰਜਾਬ ਲਈ ਸਹੀ ਰਾਹ ਨਹੀਂ

**ਧਰਮਜੀਤ ਸਿੰਘ ਲਵਲੀ***

**ਪਟਿਆਲਾ:** ਪਿਛਲੇ ਦਿਨੀ ਸਾਹਿਤ ਅਕੈਡਮੀ, ਨਵੀਂ ਦਿਲੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸਥਾਪਿਤ ਵਰਲਡ ਪੰਜਾਬੀ ਸੈਂਟਰ ਵਲੋਂ ਇਕ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ "ਪਾਰਰਾਸ਼ਟਰੀ ਪੰਜਾਬੀ ਸਾਹਿਤ ਅਤੇ ਸਭਿਆਚਾਰ: ਚੁਣੌਤੀਆਂ ਅਤੇ ਸੰਭਾਵਨਾਵਾਂ" ਵਿਸ਼ੇ ਉਤੇ ਕਰਵਾਈ ਗਈ। ਇਸ ਕਾਨਫਰੰਸ ਵਿਚ ਦੁਨੀਆ ਭਰ ਤੋਂ ਵਿਦਵਾਨ ਆਏ ਅਤੇ ਉਪਰੋਕਤ ਵਿਸ਼ੇ 'ਤੇ ਵਿਚਾਰ ਵਟਾਂਦਰਾ ਕੀਤਾ। ਵਿਦਵਾਨਾਂ ਦਾ ਥਕੇਵਾਂ ਦੂਰ ਕਰਨ ਵਾਸਤੇ ਪ੍ਰਬੰਧਕਾਂ ਵਲੋਂ ਪੰਜਾਬੀ ਗੀਤਕਾਰ, ਸੰਗੀਤਕਾਰ ਅਤੇ ਅਧਿਆਪਕ ਪ੍ਰੋ. ਮਦਨ ਗੋਪਾਲ ਦੇ ਸੂਫੀਆਨਾ ਸੰਗੀਤ ਦੀ ਸ਼ਾਮ ਦਾ ਵੀ ਪ੍ਰਬੰਧ ਸੀ।

ਕਾਨਫਰੰਸ ਵਿਚ ਬਹੁਤ ਵਧੀਆ ਪਰਚੇ ਪੜ੍ਹੇ ਗਏ ਅਤੇ ਜਿਨ੍ਹਾਂ ਨੂੰ ਵਿਦਿਆਰਥੀਆਂ ਨੇ ਬਹੁਤ ਗੰਭੀਰਤਾ ਨਾਲ ਸੁਣਿਆ। ਇਨ੍ਹਾਂ ਵਿਚੋਂ ਰਜਿੰਦਰ ਪਾਲ ਬਰਾੜ ਅਤੇ ਸੁਚਾ ਸਿੰਘ ਗਿਲ ਦੇ ਪਰਚਿਆਂ ਤੇ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਮੈਂ ਇਹ ਜੋ ਕੁਝ ਵੀ ਲਿਖ ਰਿਹਾ ਹਾਂ, ਇਹ ਨਾ ਤਾਂ ਕਾਨਫਰੰਸ ਤੇ ਕੋਈ ਟਿਪਣੀ ਹੈ ਅਤੇ ਨਾ ਹੀ ਕੋਈ ਰਿਪੋਰਟ। ਇਹ ਤਾਂ ਸਿਰਫ ਮੇਰੇ ਆਪਣੇ ਅਨੁਭਵ ਨੂੰ ਬਿਆਨ ਕਰਦੇ ਕੁਝ ਲਫਜ਼ ਹਨ ਜਿਨ੍ਹਾਂ ਰਾਹੀਂ ਮੈਂ ਵਿਦਵਾਨਾਂ ਵਲੋਂ ਰਖੇ ਗਏ ਵਿਚਾਰਾਂ ਨੂੰ ਇਕ ਸਾਧਾਰਨ ਬੰਦੇ ਦੇ ਤੌਰ 'ਤੇ ਘੋਖਣਾ ਚਾਹੁੰਦਾ ਹਾਂ।

ਰਜਿੰਦਰਪਾਲ ਬਰਾੜ ਨੇ ਆਪਣੇ ਪਰਚੇ ਵਿਚ ਕਈ ਅਹਿਮ ਮੁਦਿਆਂ ਵਲ ਧਿਆਨ ਦਿਵਾਉਂਦਿਆਂ ਕਿਹਾ ਕਿ ਪੰਜਾਬ ਵਿਚ ਸਰਮਾਏ ਦੀ ਘਾਟ ਹੋਣ ਕਰਕੇ ਸਾਨੂੰ "ਮੁਹਾਰਤ ਮਜ਼ਦੂਰੀ" ਪੈਦਾ ਕਰਨੀ ਚਾਹੀਦੀ ਹੈ ਜਿਸ ਨਾਲ ਸਾਡੇ ਨੌਜਵਾਨ ਬਾਹਰ ਜਾ ਕੇ ਵਧੀਆ ਨੌਕਰੀਆਂ ਪ੍ਰਾਪਤ ਕਰਨ ਅਤੇ ਸਰਮਾਇਆ ਪੰਜਾਬ ਵਿਚ ਭੇਜਣ ਜਾਂ ਲਿਆਉਣ। ਇਸ ਤਰ੍ਹਾਂ ਸਰਮਾਏ ਦੀ ਆਮਦ ਹੋਵੇਗੀ ਅਤੇ ਅਸੀਂ ਵਿਕਾਸ ਵਲ ਤੁਰ ਸਕਦੇ ਹਾਂ। ਉਨ੍ਹਾਂ ਦਾ ਦੂਸਰਾ ਨੁਕਤਾ ਸੀ ਕਿ ਕਿਉਂਕਿ ਪੰਜਾਬ ਵਿਚ ਕੁਦਰਤੀ ਵਸੀਲਿਆਂ ਦੀ ਘਾਟ ਹੈ, ਇਸ ਕਰਕੇ ਸਾਨੂੰ ਨੈਨੋ ਟੈਕਨਾਲੋਜੀ ਅਤੇ ਜਨੈਟਿਕ ਇੰਜੀਨੀਅਰਿੰਗ ਵਲ ਆਪਣਾ ਰੁਖ ਕਰਨਾ ਚਾਹੀਦਾ ਹੈ।

ਇਨ੍ਹਾਂ ਮੁਦਿਆਂ ਨੂੰ ਵਿਚਾਰਦਿਆਂ ਮੈਨੂੰ ਲਗਿਆ ਕਿ ਸ਼ਾਇਦ ਕਿਤੇ ਕੁਝ ਸਮਝਣ ਵਿਚ ਘਾਟ ਰਹਿ ਗਈ। ਜੇ ਆਪਾਂ ਸੰਸਾਰ ਪਧਰ ਤੇ ਝਾਤ ਮਾਰੀਏ ਤਾਂ ਆਪਾਂ ਦੇਖ ਸਕਦੇ ਹਾਂ ਕਿ ਪਹਿਲੀ ਦੁਨੀਆ ਦੇ ਦੇਸ਼ਾਂ ਨੇ ਵਿਕਾਸ ਦਾ ਰਾਹ ਕਿਵੇਂ ਅਪਣਾਇਆ? ਪਹਿਲੀ ਦੁਨੀਆਂ ਦੇ ਦੇਸ਼ਾਂ ਨੇ ਮੁਹਾਰਤ ਮਜ਼ਦੂਰੀ ਪੈਦਾ ਕਰਕੇ ਬਾਹਰ ਨਹੀਂ ਭੇਜੀ ਸਗੋਂ ਆਪਣੀਆਂ ਕੁਦਰਤੀ, ਭੂਗੋਲਿਕ ਅਤੇ ਸਮਾਜਿਕ ਹਾਲਤਾਂ ਨੂੰ ਧਿਆਨ ਵਿਚ ਰਖਦੇ ਹੋਏ ਵਧੀਆ ਖੋਜ ਵਿਦਿਆਲੇ ਬਣਾਏ ਜਿਨ੍ਹਾਂ ਵਿਚ ਸੰਸਾਰ ਪਧਰ ਦੀਆਂ ਸਹੂਲਤਾਂ ਦਿਤੀਆਂ ਗਈਆਂ। ਉਨ੍ਹਾਂ ਦੇਸ਼ਾਂ ਨੇ ਆਪਣੀਆਂ ਹਾਲਤਾਂ ਅਤੇ ਆਪਣੇ ਲੋਕਾਂ ਦੀਆਂ ਲੋੜਾਂ ਅਨੁਸਾਰ ਆਪਣੀਆਂ ਆਰਥਿਕ ਨੀਤੀਆਂ ਨੂੰ ਉਲੀਕਿਆ। ਉਨ੍ਹਾਂ ਨੇ ਆਪਣੇ ਲੋਕਾਂ ਨੂੰ ਉਹ ਪੜ੍ਹਾਈ ਅਤੇ ਮੁਹਾਰਤ ਦਿਤੀ ਜਿਸਦੀ ਉਨ੍ਹਾਂ ਨੂੰ ਲੋੜ ਸੀ ਅਤੇ ਨਾਲ ਦੇ ਨਾਲ ਹੀ ਦੁਨੀਆਂ ਵਿਚੋਂ ਜਿਥੇ ਕਿਤੇ ਵੀ ਐਸੀ ਮੁਹਾਰਤ ਮਿਲੀ ਜੋ ਕਿ ਉਨ੍ਹਾਂ ਲਈ ਲਾਹੇਵੰਦ ਹੋ ਸਕਦੀ ਸੀ, ਨੂੰ ਆਪਣੇ ਦੇਸ਼ ਵਿਚ ਲਿਆਉਣ ਲਈ ਇੰਤਜ਼ਾਮ ਕੀਤੇ। ਇਸ ਤਰ੍ਹਾਂ ਨਾਲ ਅਸੀਂ ਦੇਖ ਸਕਦੇ ਹਾਂ ਕਿ ਸਿਰਫ ਮੁਹਾਰਤ ਮਜ਼ਦੂਰੀ ਪੈਦਾ ਕਰਕੇ ਅਤੇ ਉਸਨੂੰ ਬਾਹਰ ਭੇਜਣ ਨਾਲ ਨਹੀਂ ਸਗੋਂ ਵਧੀਆ ਖੋਜ ਵਿਦਿਆਲੇ ਜਿਨ੍ਹਾਂ ਵਿਚ ਅੰਤਰਰਾਸ਼ਟਰੀ ਪਧਰ ਦੀਆਂ ਸਹੂਲਤਾਂ ਮੁਹਈਆ ਕਰਵਾਈਆਂ





ਜਾਣ ਅਤੇ ਜੋ ਸਾਡੀਆਂ ਹਾਲਤਾਂ ਅਤੇ ਲੋੜਾਂ ਦੇ ਅਨੁਕੂਲ ਖੋਜ ਕਰਨ, ਨਾਲ ਹੀ ਵਿਕਾਸ ਵਲ ਤੁਰਿਆ ਜਾ ਸਕਦਾ ਹੈ। ਸਾਡੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਅੰਤਰਰਾਸ਼ਟਰੀ ਖੋਜਾਰਥੀਆਂ ਨੂੰ ਸਹੂਲਤਾਂ ਦੇਣ ਤਾਂ ਕਿ ਸਾਰੇ ਸੰਸਾਰ ਤੋਂ ਮੁਹਾਰਤ ਪੰਜਾਬ ਦੇ ਵਿਕਾਸ ਲਈ ਲਿਆਂਦੀ ਜਾ ਸਕੇ। ਜਿਥੇ ਤਕ ਸਰਮਾਏ ਦੀ ਗੱਲ ਹੈ, ਉਹ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ ਨਾ ਕਿ ਉਨ੍ਹਾਂ ਕੁਝ ਕੁ ਮੁਹਾਰਤ ਮਜ਼ਦੂਰਾਂ ਦੀ ਜੋ ਪਹਿਲਾਂ ਸਰਮਾਇਆ ਕਮਾਉਣ ਅਤੇ ਫੇਰ ਉਸਨੂੰ ਪੰਜਾਬ ਵਿਚ ਲਾਉਣ।

ਪੰਜਾਬ ਵਿਚ ਸਰਮਾਏ ਦੀ ਘਾਟ ਨਹੀਂ ਸਗੋਂ ਉਦਮੀ ਹੌਂਸਲੇ ਦੀ ਘਾਟ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿਚ ਆਈ.ਟੀ. ਸੈਕਟਰ ਵਿਚ ਪੈਸਾ ਲਗਾਏ ਤਾਂ ਕਿ ਪੰਜਾਬ ਦੇ ਇੰਜੀਨੀਅਰਾਂ ਨੂੰ ਪੰਜਾਬ ਵਿਚ ਹੀ ਰੋਜ਼ਗਾਰ ਦਿਤਾ ਜਾ ਸਕੇ। ਇਸ ਵਲ ਕਈ ਕਦਮ ਵੀ ਪੁਟੇ ਜਾ ਰਹੇ ਹਨ। ਪੰਜਾਬ ਦੇ ਕਈ ਵਡੇ ਸ਼ਹਿਰਾਂ ਵਿਚ ਆਈ.ਟੀ. ਪਾਰਕ ਖੋਲ੍ਹੇ ਜਾ ਰਹੇ ਹਨ।

ਕਿਉਂਕਿ ਪੰਜਾਬ ਦੀ ਬਹੁਤੀ ਅਬਾਦੀ ਖੇਤੀ ਉਤੇ ਆਪਣਾ ਜੀਵਨ ਜਿਉਂਦੀ ਹੈ, ਇਸ ਕਰਕੇ ਸਾਨੂੰ ਖੇਤੀਬਾੜੀ ਵਿਚ ਨਵੀਆਂ ਤਕਨੀਕਾਂ ਅਤੇ ਉਨ੍ਹਾਂ ਨੂੰ ਲੋਕਾਂ ਤਕ ਪਹੁੰਚਾਉਣ ਦੇ ਉਚਿਤ ਢੰਗ ਜਾਂ ਤਰੀਕੇ ਲਭਣੇ ਚਾਹੀਦੇ ਹਨ। ਇਹ ਸਭ ਕੁਝ ਸੰਭਵ ਹੈ ਬਸ਼ਰਤੇ ਪੰਜਾਬ ਦੇ ਰਾਜਨੀਤਿਕ ਨੇਤਾ ਆਪਣੇ ਆਪਣੇ ਸਵਾਰਥੀ ਹਿਤਾਂ ਨੂੰ ਛਡ ਕੇ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਵਿਕਾਸ ਪ੍ਰਤੀ ਵਚਨਬਧ ਹੋਣ।

ਦੂਸਰੀ ਗੱਲ ਜੋ ਰਜਿੰਦਰਪਾਲ ਬਰਾੜ ਨੇ ਕਹੀ ਉਹ ਇਹ ਸੀ ਕਿ ਕਿਉਂਕਿ ਪੰਜਾਬ ਵਿਚ ਕੁਦਰਤੀ ਵਸੀਲਿਆਂ ਅਤੇ ਕਚੇ ਮਾਲ ਦੀ ਘਾਟ ਹੈ, ਇਸ ਕਰਕੇ ਸਾਨੂੰ ਨੈਨੋ ਟੈਕਨਾਲੋਜੀ ਅਤੇ ਜਨੈਟਿਕ ਇੰਜੀਨੀਅਰਿੰਗ ਵਲ ਮੁੜਨ ਦੀ ਲੋੜ ਹੈ। ਇਹ ਸੁਣ ਕੇ ਮੇਰੇ ਮਨ ਵਿਚ ਸਵਾਲ ਆਇਆ ਕਿ ਪੰਜਾਬ ਦੀ ਮੌਜੂਦਾ ਟੈਕਨਾਲੋਜੀ ਦੇ ਪਧਰ ਨੂੰ ਦੇਖ ਕੇ ਮੈਨੂੰ ਨਹੀਂ ਲਗਦਾ ਕਿ ਅਸੀਂ ਐਨੀ ਵਡੀ ਪੁਲਾਂਘ ਮਾਰ ਸਕਦੇ ਹਾਂ ਜਦੋਂ ਕਿ ਸਾਡੇ ਕੋਲ ਜ਼ਰੂਰੀ ਸਾਧਨ ਹੀ ਨਹੀਂ ਹਨ। ਇਸ ਤੋਂ ਵੀ ਵਧ ਸੋਚਣ ਵਾਲੀ ਗੱਲ ਹੈ ਕਿ ਜਨੈਟਿਕ ਇੰਜੀਨੀਅਰਿੰਗ ਵਿਚ ਬਹੁਤ ਸਾਰੇ ਨੈਤਿਕ ਮਸਲੇ ਹਨ ਜੋ ਸੰਸਾਰ ਪਧਰ ਤੇ ਵਾਦ-ਵਿਵਾਦ ਦਾ ਵਿਸ਼ਾ ਬਣੇ ਹੋਏ ਹਨ। ਮੇਰਾ ਕਹਿਣਾ ਸਿਰਫ ਇੰਨਾ ਹੈ ਕਿ ਜਨੈਟਿਕ ਇੰਜੀਨੀਅਰ ਵਲ ਮੁੜਨਾ ਪੰਜਾਬ ਦੀ ਮੌਜੂਦਾ ਸਥਿਤੀ ਅਨੁਸਾਰ ਬਹੁਤ ਔਖਾ ਹੈ। ਇਹ ਅਜੇ ਵੀ ਵਿਵਾਦ ਵਾਲੀ ਗੱਲ ਹੈ ਕਿ ਜਨੈਟਿਕ ਇੰਜੀਨੀਅਰਿੰਗ ਕਿੰਨੀ ਕੁ ਅਤੇ ਕਿਸ ਤਰ੍ਹਾਂ ਦੀ ਲਾਹੇਵੰਦ ਹੈ। ਜੇ ਆਪਾਂ ਜਨੈਟਿਕ ਇੰਜੀਨੀਅਰਿੰਗ ਦੁਆਰਾ ਪੈਦਾ ਕੀਤੇ ਭੋਜਨ ਦੀ ਹੀ ਗੱਲ ਕਰੀਏ ਤਾਂ ਬਹੁਤ ਸਾਰੇ ਅੰਤਰਰਾਸ਼ਟਰੀ ਸਰਵੇ ਇਸਨੂੰ ਮਨੁਖ ਜਾਤੀ ਲਈ ਹਾਨੀਕਾਰਕ ਸਿਧ ਕਰਦੇ ਹਨ।

ਸੁੱਚਾ ਸਿੰਘ ਗਿੱਲ ਨੇ ਪੰਜਾਬ ਦੀ ਆਰਥਿਕ ਹਾਲਤ ਬਾਰੇ ਪਰਚਾ ਪੜ੍ਹਦਿਆਂ ਪੰਜਾਬ ਦੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਕਈ ਸੁਝਾਅ ਦਿਤੇ, ਜਿਨ੍ਹਾਂ ਵਿਚ ਸਭ ਤੋਂ ਅਹਿਮ ਸੀ ਕਿ ਸਾਨੂੰ "ਗਿਆਨ ਆਰਥਿਕਤਾ ਵਲ ਮੁੜਨ ਦੀ ਲੋੜ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਅਜ ਦਾ ਯੁਗ ਸੂਚਨਾ ਦਾ ਯੁਗ ਹੈ ਅਤੇ ਅਸੀਂ ਸੂਚਨਾ ਤੋਂ ਗਿਆਨ ਵਲ ਅਤੇ ਫਿਰ ਗਿਆਨ ਤੋਂ ਵਿਵੇਕ ਵਲ ਤੁਰਾਂਗੇ। ਉਨ੍ਹਾਂ ਨੂੰ ਸੁਣਨ ਤੋਂ ਬਾਅਦ ਮੈਨੂੰ ਲੱਗਣ ਲੱਗਾ ਕਿ ਸ਼ਾਇਦ ਪੰਜਾਬ ਦੀਆਂ ਆਰਥਿਕ ਗੁੰਝਲਾਂ ਦਾ ਹਲ ਸੂਚਨਾ-ਗਿਆਨ-ਵਿਵੇਕ ਦੀ ਤਿਕੜੀ ਵਿਚ ਹੈ ਪਰ ਨਾਲ ਹੀ ਸਵਾਲ ਉਠਿਆ ਕਿ ਪਿਛਲੇ 30 ਸਾਲਾਂ ਤੋਂ ਸੰਸਾਰ ਪਧਰ ਤੇ "ਗਿਆਨ ਆਰਥਿਕਤਾ ਅਤੇ "ਸੂਚਨਾ ਕ੍ਰਾਂਤੀ" ਦੁਆਰਾ ਇਕ ਨਵੇਂ ਯੁਗ ਦੀ ਸ਼ੁਰੂਆਤ ਦੀਆਂ ਗੱਲਾਂ ਚਲ ਰਹੀਆਂ ਨੇ ਅਤੇ ਉਨ੍ਹਾਂ 30 ਸਾਲਾਂ ਵਿਚ ਹੀ ਨਵਉਦਾਰਵਾਦੀ ਸਟੇਟ ਦੀ ਮੁੜ ਵਾਪਸੀ ਹੋਈ ਹੈ ਜਿਸਨੇ ਕਿ ਅੰਤਰਰਾਸ਼ਟਰੀ ਪਧਰ ਤੇ ਆਮ ਲੋਕਾਂ ਤੋਂ ਹੱਕ ਖੋਹੇ ਹਨ ਅਤੇ ਉਨ੍ਹਾਂ ਨੂੰ ਹਾਸ਼ੀਏ ਤੇ ਧਕਿਆ ਹੈ। ਸੰਨ 2010 ਵਿਚ ਹੀ ਆਈ ਯੂਨਾਈਟਡ ਨੇਸ਼ਨਜ਼ ਦੀ ਇਕ ਰਿਪੋਰਟ ਵਿਚ, ਯੂਨਾਈਟਡ ਨੇਸ਼ਨਜ਼ ਨੇ ਵਰਲਡ ਬੈਂਕ ਦੁਆਰਾ 1980 ਤੋਂ ਬਾਅਦ ਲਾਗੂ ਕੀਤੀਆਂ ਆਰਥਿਕ ਨੀਤੀਆਂ ਦੀ ਬਹੁਤ ਸਖ਼ਤ ਆਲੋਚਨਾ ਕੀਤੀ ਹੈ। ਰਿਪੋਰਟ ਦਾ ਕਹਿਣਾ ਹੈ ਕਿ ਇਨ੍ਹਾਂ ਆਰਥਿਕ ਨੀਤੀਆਂ ਕਾਰਨ ਗਰੀਬੀ ਘਟੀ ਨਹੀਂ ਸਗੋਂ ਵਧ ਰਹੀ ਹੈ ਅਤੇ ਲੋਕਾਂ ਵਿਚ ਆਰਥਿਕ ਨਾਬਰਾਬਰੀ ਵੀ ਵਧ ਰਹੀ ਹੈ।

ਮਿਸ਼ੇਲ ਚੋਸਦੋਵਸਕੀ ਤਾਂ ਵੀਹਵੀਂ ਸਦੀ ਜੋ ਕਿ ਵਿਗਿਆਨ ਅਤੇ ਸੂਚਨਾ ਕ੍ਰਾਂਤੀ ਦੀ ਸਦੀ ਮੰਨੀ ਜਾਂਦੀ ਹੈ, ਨੂੰ ਇਕ ਅਜਿਹੀ ਸਦੀ ਦੇ ਤੌਰ ਤੇ ਦੇਖਦਾ ਹੈ ਜਦੋਂ ਕਿ "ਗਰੀਬੀ ਦਾ ਸੰਸਾਰੀਕਰਨ ਹੋਇਆ ਹੈ। ਉਸਦੀ ਇਕ ਕਿਤਾਬ ਦਾ ਸਿਰਲੇਖ ਹੀ 'ਗਲੋਬਲਾਈਜੇਸ਼ਨ ਆਫ ਪਾਵਰਟੀ' (ਗਰੀਬੀ ਦਾ ਸੰਸਾਰੀਕਰਨ) ਹੈ। ਇਹ ਕਿਤਾਬ ਇਹ ਦਰਸਾਉਂਦੀ ਹੈ ਕਿ ਜਿਥੇ ਕਿ ਵੀਹਵੀਂ ਸਦੀ ਵਿਚ ਵਿਗਿਆਨ ਨੇ ਕਿੰਨੀਆਂ ਪੁਲਾਂਘਾ ਮਾਰੀਆਂ ਨੇ ਅਤੇ ਸੂਚਨਾ ਕ੍ਰਾਂਤੀ ਅਤੇ ਕੰਪਿਊਟਰ ਨੇ ਸੰਸਾਰ ਦਾ ਚੌਖਟਾ ਹੀ ਬਦਲ ਕੇ ਰਖ ਦਿਤਾ ਹੈ, ਉਥੇ ਹੀ ਆਮ ਲੋਕਾਂ ਦਾ ਜੀਵਨ ਪਧਰ ਉਚਾ ਚੁਕਣ ਵਿਚ ਅਸੀਂ ਸਾਰੇ ਕਿਵੇਂ ਨਾਕਾਮਯਾਬ ਹੋਏ ਹਾਂ।

ਲੋੜ ਕਿਸੇ ਨਵੀਂ ਆਰਥਿਕ ਨੀਤੀ ਅਤੇ ਨਵੀਂ ਆਰਥਿਕਤਾ ਦੀ ਨਹੀਂ ਸਗੋਂ ਚਲ ਰਹੀ ਆਰਥਿਕ ਸਥਿਤੀ ਵਿਚ ਧਨ ਦੀ ਵੰਡ ਨੂੰ ਵਧਾਉਣ ਦੀ ਹੈ। ਗਿਆਨ ਆਰਥਿਕਤਾ ਜਾਂ ਸੂਚਨਾ ਕ੍ਰਾਂਤੀ ਧਨ ਦੀ ਵੰਡ ਨੂੰ ਵਧਾਉਣ ਵਿਚ ਤਾਂ ਹੀ ਸਹਾਇਕ ਹੋ ਸਕਦੇ ਹਨ ਜੇ ਅਸੀਂ ਉਹ ਆਰਥਿਕ ਨੀਤੀਆਂ ਲਾਗੂ ਕਰੀਏ ਜੋ ਕਿ ਸਚਮੁਚ ਹੀ ਲੋਕਪਖੀ ਹੋਣ ਅਤੇ ਜਿਨ੍ਹਾਂ ਨਾਲ ਧਨ ਦੀ ਵੰਡ ਕਿਸੇ ਇਕ ਹਦ ਤਕ ਬਰਾਬਰ ਹੋ ਸਕੇ।

***ਫੋਨ:** *98720-34456*

## ਮੱਖਣ ਲੁਹਾਰ ਤੇ ਜੱਸੀ ਬੰਗਾ ਦਾ ਗੋਲਡ ਮੈਡਲ ਨਾਲ ਸਨਮਾਨ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਉਘੇ ਪੰਜਾਬੀ ਗੀਤਕਾਰ ਸ੍ਰੀ ਮੱਖਣ ਲੁਹਾਰ ਅਤੇ ਪੰਜਾਬੀ ਸ਼ੋਅ ਪ੍ਰੋਮੋਟਰ ਤੇ ਪ੍ਰੋਡਿਊਸਰ ਸ੍ਰੀ ਜਸਵਿੰਦਰ ਬੰਗਾ ਦਾ ਇਥੇ ਇੰਟਰਨੈਸ਼ਨਲ ਬਾਮਸੇਫ ਨਾਂ ਦੀ ਜਥੇਬੰਦੀ ਵਲੋਂ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਗੁਰਦੁਆਰਾ ਰਿਓ ਲਿੰਡਾ ਦੀ ਸੰਗਤ ਵਲੋਂ ਕੀਤੇ ਗਏ ਨਗਰ ਕੀਰਤਨ ਮੌਕੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

ਬਾਮਸੇਫ ਵਲੋਂ ਇਹ ਸਨਮਾਨ ਜਥੇਬੰਦੀ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਸ੍ਰੀ ਮੋਹਨ ਰਾਮ ਪਾਲ ਅਤੇ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਸ੍ਰੀ ਮੋਹਨ ਗਿੱਲ (ਯੂਬਾ ਸਿਟੀ) ਵਲੋਂ ਦਿੱਤਾ ਗਿਆ। ਇਸ ਮੌਕੇ ਸ੍ਰੀ ਕੇਵਲ ਬੋਲੀਨਾ, ਸ੍ਰੀ ਅਜੀਤ ਰਾਮ ਬੰਗੜ, ਸ੍ਰੀ ਸਤਨਾਮ ਬਸਰਾ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ), ਤਵਿੰਦਰ ਕਾਜਲਾ, ਅਮਰ ਦੜੋਚ, ਰਾਜ ਕੁਮਾਰ ਸੂਦ, ਲੱਕੀ ਬੱਧਣ (ਟੈਕਸਸ), ਮਨਜੀਤ ਕੌਰ ਰੱਲ੍ਹ, ਪਲਵਿੰਦਰ ਮਾਹੀ ਅਤੇ ਸਤੀਸ਼ ਰੱਲ੍ਹ ਹਾਜ਼ਰ ਸਨ।



ਗੀਤਕਾਰ ਮੱਖਣ ਲੁਹਾਰ ਨੂੰ ਇਹ ਗੋਲਡ ਮੈਡਲ ਉਨ੍ਹਾਂ ਦੀਆਂ ਪੰਜਾਬੀ ਬੋਲੀ ਤੇ ਸਭਿਆਚਾਰ ਪ੍ਰਤੀ ਸੇਵਾਵਾਂ ਅਤੇ ਆਪਣੇ ਗੀਤਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਉਨ੍ਹਾਂ ਦੇ ਸੁਨੇਹੇ ਦਾ ਪ੍ਰਚਾਰ ਕਰਕੇ ਉਨ੍ਹਾਂ ਦੇ ਦੱਸੇ ਮਾਰਗ ਉਤੇ ਚੱਲਣ ਲਈ ਪ੍ਰੇਰਤ ਕਰਨ ਬਦਲੇ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਹਰ ਸਾਲ ਨਾਮਵਰ ਪੰਜਾਬੀ ਕਲਾਕਾਰ ਮੱਖਣ ਲੁਹਾਰਾਂ ਦੇ ਗੀਤ ਗਾ ਕੇ ਸੰਗਤਾਂ ਦੇ ਚਰਨਾਂ ਵਿਚ ਆਪਣੀ ਹਾਜ਼ਰੀ ਲਵਾਉਂਦੇ ਹਨ।

ਸ੍ਰੀ ਗੁਰੂ ਰਵਿਦਾਸ ਸਭਾ, ਰਿਓ ਲਿੰਡਾ ਦੇ ਸਾਬਕਾ ਚੇਅਰਮੈਨ ਅਤੇ ਵਿਸ਼ਵ ਪ੍ਰਸਿਧ ਪ੍ਰੋਮੋਟਰ ਸ੍ਰੀ ਜਸਵਿੰਦਰ ਬੰਗਾ ਨੂੰ ਇਹ ਗੋਲਡ ਮੈਡਲ ਉਨ੍ਹਾਂ ਦੀਆਂ ਗੁਰੂ ਘਰ ਪ੍ਰਤੀ ਸੇਵਾਵਾਂ ਅਤੇ ਖਾਸ ਕਰਕੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸੰਗੀਤ ਰਾਹੀਂ ਘਰ ਘਰ ਪਹੁੰਚਾਉਣ ਬਦਲੇ ਦਿੱਤਾ ਗਿਆ। ਇਸ ਮੌਕੇ ਬੋਲਦਿਆਂ ਸ੍ਰੀ ਬਲਵਿੰਦਰ ਮਾਹੀ ਨੇ ਦੋਹਾਂ ਸ਼ਖਸੀਅਤਾਂ ਦੇ ਸਨਮਾਨ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।

ਇਸ ਤੋਂ ਪਹਿਲਾਂ ਸ੍ਰੀ ਮੱਖਣ ਲੁਹਾਰ ਅਤੇ ਸ੍ਰੀ ਜਸਵਿੰਦਰ ਬੰਗਾ ਨੂੰ ਪੰਜਾਬ ਵਿਚ ਵੀ ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਾਜਰਾ, ਜ਼ਿਲਾ ਨਵਾਂਸ਼ਹਿਰ ਵਿਖੇ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਮੌਕੇ ਸੰਤ ਕੁਲਵੰਤ ਰਾਏ ਅਤੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਜਾ ਚੁਕਾ ਹੈ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ੴ ਸਤਿਗੁਰ ਪ੍ਰਸਾਦਿ॥

# ਸਿੱਖ ਟੈਂਪਲ ਲਿਵਿੰਗਸਟਨ (ਕੈਲੀਫੋਰਨੀਆ)

# 12ਵਾਂ ਸਾਲਾਨਾ ਨਗਰ ਕੀਰਤਨ

## 28 ਮਾਰਚ, 2010 (ਐਤਵਾਰ)




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਲਿਵਿੰਗਸਟਨ ਵਿਚ 12ਵਾਂ ਸਾਲਾਨਾ ਨਗਰ ਕੀਰਤਨ ਐਤਵਾਰ 28 ਮਾਰਚ, 2010 ਨੂੰ ਕੱਢਿਆ ਜਾਵੇਗਾ। ਹੋਲੇ ਮਹੱਲੇ ਦਾ ਪੁਰਬ ਮਨਾਉਂਦੇ ਹੋਏ ਅਖੰਡ ਪਾਠ ਸਾਹਿਬ 26 ਮਾਰਚ ਨੂੰ ਅਰੰਭ ਹੋਣਗੇ। ਸਨਿਚਰਵਾਰ 27 ਮਾਰਚ, 2010 ਨੂੰ ਦੀਵਾਨ ਸਜਣਗੇ, ਜਿਸ ਵਿਚ ਪੰਥ ਦੇ ਮਹਾਨ ਕੀਰਤਨੀਏ ਤੇ ਰਾਗੀ-ਢਾਡੀ ਹਾਜ਼ਰੀਆਂ ਭਰਨਗੇ। ਐਤਵਾਰ 28 ਮਾਰਚ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜਣਗੇ। ਨਗਰ ਕੀਰਤਨ ਗੁਰੂ ਘਰ ਪੀਚ ਐਵਨਿਊ, ਲਵਿੰਗਸਟਨ ਤੋਂ 11:30 ਵਜੇ ਰਵਾਨਾ ਹੋਵੇਗਾ ਤੇ ਸ਼ਹਿਰ ਦੇ ਵੱਖ ਵੱਖ ਹਿਸਿਆਂ ਵਿਚੋਂ ਦੀ ਹੁੰਦਾ ਹੋਇਆ ਗੁਰੂ ਘਰ ਬੀ ਸਟਰੀਟ 'ਤੇ ਕੁਝ ਸਮੇਂ ਲਈ ਠਹਿਰ ਕੇ ਵਾਪਸ ਗੁਰੂ ਘਰ ਪੀਚ ਐਵਨਿਊ 'ਤੇ ਪਹੁੰਚੇਗਾ। ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

ਫਲੋਟ ਸ਼ਾਮਲ ਕਰਨ ਲਈ, ਕਿਸੇ ਕਿਸਮ ਦਾ ਸਟਾਲ ਲਾਉਣ ਲਈ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 209-394-3282 'ਤੇ ਸੰਪਰਕ ਕਰੋ ਜੀ। ਗੁਰੂ ਘਰ ਦੇ ਫਲੋਟ ਅੱਗੇ ਹੋਣਗੇ ਅਤੇ ਬਾਕੀ ਫਲੋਟ ਗੁਰੂ ਘਰ ਵਲੋਂ ਦਿਤੇ ਗਏ ਨੰਬਰਾਂ ਮੁਤਾਬਕ ਪਿਛੇ ਚੱਲਣਗੇ।

ਗੁਰੂ ਘਰ ਪੀਚ ਐਵਨਿਊ ਲਿਵਿੰਗਸਟਨ ਦੇ ਸੇਵਾਦਾਰਾਂ ਵਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਨਗਰ ਕੀਰਤਨ ਵਿਚ ਆਪਣੇ ਆਪਣੇ ਗੁਰੂ ਘਰਾਂ ਵਲੋਂ ਅਤੇ ਨਿਜੀ ਤੌਰ 'ਤੇ ਵਧ ਚੜ੍ਹ ਕੇ ਹਿੱਸਾ ਲਓ ਜੀ, ਸ਼ਰਧਾ ਮੁਤਾਬਕ ਸੇਵਾ ਵਿਚ ਹਿੱਸਾ ਪਾਓ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸਨਿਚਰਵਾਰ ਸ਼ਾਮ ਨੂੰ ਅਤੇ ਐਤਵਾਰ ਸਵੇਰ ਨੂੰ ਹੇਠਾਂ ਦਿੱਤੇ ਜਥੇ ਹਾਜ਼ਰੀ ਭਰਨਗੇ

ਗਿਆਨੀ ਦਿਲਦਾਰ ਸਿੰਘ ਤੇ ਦਲਬੀਰ ਸਿੰਘ ਜੀ
ਗਿਆਨੀ ਰਵਿੰਦਰ ਸਿੰਘ ਜੀ ਅਤੇ ਸਾਥੀ
ਗਿਆਨੀ ਮਨਜੀਤ ਸਿੰਘ ਜੀ
ਗਿਆਨੀ ਅਮਰਜੀਤ ਸਿੰਘ ਜੀ

### ਹੋਰ ਜਾਣਕਾਰੀ ਲਈ ਸੰਪਰਕ ਕਰੋ

**ਜਥਾ:** ਨਛੱਤਰ ਸਿੰਘ ਨਾਗਰਾ 209-394-2274 ਜਾਂ 209-658-6697
**ਫਲੋਟ:** ਕਿਰਪਾਲ ਸਿੰਘ ਗਿੱਲ 209-756-4599, ਕੁਲਦੀਪ ਸਿੰਘ ਸ਼ੋਕਰ 209-394-3389 ਜਾਂ 209-535-3002
**ਸਟਾਲ:** ਅਮਰਜੀਤ ਸਿੰਘ ਬਾਸੀ 209-394-8891 ਜਾਂ 209-277-3842

# Sikh Temple Livingston-CA

**2765 Peach Ave., Livingston, CA 95334, PH: 209-394-3282**

# ਲਾਹੌਰ ਹਾਈਕੋਰਟ ਦੇ ਹਿੰਦੂਆਂ ਬਾਰੇ ਫਤਵੇ 'ਤੇ ਵਿਵਾਦ

**ਇਸਲਾਮਾਬਾਦ :** ਪਾਕਿਸਤਾਨ ਵਿਚ ਘੱਟ ਗਿਣਤੀ ਹਿੰਦੂ ਭਾਈਚਾਰੇ ਦੇ ਸੰਸਦ ਮੈਂਬਰ ਇਕ ਸੀਨੀਅਰ ਜੱਜ ਵਲੋਂ ਹਿੰਦੂਆਂ ਵਿਰੁਧ ਲਾਏ ਗਏ ਗੰਭੀਰ ਦੋਸ਼ਾਂ ਵਿਰੁਧ ਬੀਤੇ ਦਿਨੀਂ ਸੰਸਦ ਵਿਚੋਂ ਵਾਕ-ਆਊਟ ਕਰ ਗਏ। ਜੱਜ ਨੇ ਦੋਸ਼ ਲਾਇਆ ਸੀ ਕਿ ਦੇਸ਼ ਵਿਚ ਰਹਿ ਰਹੇ ਹਿੰਦੂ ਭਾਈਚਾਰੇ ਦੇ ਲੋਕ ਅੱਤਵਾਦੀ ਹਮਲਿਆਂ ਨੂੰ ਸਪਾਂਸਰ ਕਰ ਰਹੇ ਹਨ। ਪਾਕਿਸਤਾਨ ਦੀ ਸੱਤਾਧਾਰੀ ਪੀ.ਪੀ.ਪੀ. ਦੇ ਐੱਮ.ਪੀ. ਰਮੇਸ਼ ਲਾਲ ਨੇ ਨੈਸ਼ਨਲ ਅਸੈਂਬਲੀ ਵਿਚ ਇਹ ਮਾਮਲਾ ਉਠਾਇਆ।

ਉਨ੍ਹਾਂ ਕਿਹਾ ਕਿ ਲਾਹੌਰ ਹਾਈ ਕੋਰਟ ਦੇ ਮੁੱਖ ਜੱਜ ਖਵਾਜ਼ਾ ਮੁਹੰਮਦ ਵਲੋਂ ਕੀਤੀ ਗਈ ਟਿੱਪਣੀ ਨਾਲ ਇਥੇ ਰਹਿ ਰਹੇ 40 ਲੱਖ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਰਮੇਸ਼ ਲਾਲ ਨੇ ਕਿਹਾ ਕਿ ਜੇ ਦੇਸ਼ ਨੂੰ ਕਿਸੇ 'ਤੇ ਸ਼ੱਕ ਹੈ ਤਾਂ ਉਸ ਦਾ ਨਾਂ ਜਨਤਕ ਕੀਤਾ ਜਾਣਾ ਚਾਹੀਦਾ ਹੈ ਪਰ ਸਾਰੇ ਹਿੰਦੂ ਭਾਈਚਾਰੇ 'ਤੇ ਦੋਸ਼ ਨਹੀਂ ਲਾਇਆ ਜਾਣਾ ਚਾਹੀਦਾ। ਪਾਕਿਸਤਾਨ ਦਾ ਹਿੰਦੂ ਭਾਈਚਾਰਾ ਹੋਰਨਾਂ ਭਾਈਚਾਰਿਆਂ ਵਾਂਗ ਦੇਸ਼ ਭਗਤ ਹੈ। ਉਨ੍ਹਾਂ ਰਾਸ਼ਟਰਪਤੀ ਜ਼ਰਦਾਰੀ ਅਤੇ ਪ੍ਰਧਾਨ ਮੰਤਰੀ ਗਿਲਾਨੀ ਨੂੰ ਹਿੰਦੂਆਂ ਦੀਆਂ ਚਿੰਤਾਵਾਂ ਵਲ ਧਿਆਨ ਦੇਣ ਦੀ ਬੇਨਤੀ ਕੀਤੀ।

ਕੁਝ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੇ ਹਿੰਦੂ ਮੈਂਬਰਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਸੰਤੁਸ਼ਟ ਨਹੀਂ ਹੋ ਸਕੇ। ਸ੍ਰੀ ਲਾਲ ਦੇ ਨਾਲ ਹੀ ਕਈ ਹੋਰ ਮੈਂਬਰ ਵੀ ਹਾਊਸ ਵਿਚੋਂ ਵਾਕ-ਆਊਟ ਕਰ ਗਏ। ਬਾਅਦ ਵਿਚ ਪੀ.ਪੀ.ਪੀ.ਦੇ ਐੱਮ.ਪੀ. ਮੁਨੱਵਰ ਨੇ ਹਿੰਦੂ ਭਾਈਚਾਰੇ ਕੋਲੋਂ ਮੁਆਫੀ ਮੰਗਦੇ ਹੋਏ ਕਿਹਾ ਕਿ ਹਿੰਦੂ ਭਾਈਚਾਰਾ ਹੋਰਨਾਂ ਭਾਈਚਾਰਿਆਂ ਨਾਲੋਂ ਚੰਗਾ ਹੈ। ਪਾਕਿਸਤਾਨ ਵਿਚ ਘੱਟਗਿਣਤੀ ਵਾਲੇ ਹਿੰਦੂ ਸਮੁਦਾਏ ਦੇ ਸਾਂਸਦਾਂ ਨੇ ਬੀਤੇ ਹਫਤੇ ਬੁੱਧਵਾਰ ਵਾਲੇ ਦਿਨ ਨੈਸ਼ਨਲ ਅਸੈਂਬਲੀ ਤੋਂ ਵਾਕਆਊਟ ਕਰ ਦਿੱਤਾ। ਇਸਨੂੰ ਨਿਆਂਏਪਾਲਿਕਾ ਦੇ ਖਿਲਾਫ ਸੰਸਦ ਵਿਚ ਪਹਿਲਾ ਪ੍ਰਦਰਸ਼ਨ ਦੱਸਿਆ ਜਾ ਰਿਹਾ ਹੈ। ਸੱਤਾਰੂੜ ਪਾਕਿਸਤਾਨ ਪੀਪਲ ਪਾਰਟੀ ਦੇ ਸਾਂਸਦ ਰਮੇਸ਼ ਲਾਲ ਨੇ ਨੈਸ਼ਨਲ ਅਸੈਂਬਲੀ ਵਿਚ ਇਹ ਮੁੱਦਾ ਬੀਤੇ ਹਫਤੇ ਮੰਗਲਵਾਰ ਵਾਲੇ ਦਿਨ ਉਠਾਇਆ। ਉਨ੍ਹਾਂ ਨੇ ਕਿਹਾ ਕਿ ਲਾਹੌਰ ਹਾਈਕੋਰਟ ਦੇ ਚੀਫ ਜਸਟਿਸ ਖਵਾਜਾ ਮੁਹੰਮਦ ਸ਼ਰੀਫ ਦੇ ਬੇਲੋੜੇ ਬਿਆਨ ਤੋਂ 40 ਲੱਖ ਪਾਕਿਸਤਾਨੀ ਹਿੰਦੂਆਂ ਦੀ ਭਾਵਨਾਵਾਂ ਨੂੰ ਠੇਸ ਲੱਗੀ ਹੈ।

## ਕਿੰਗਫਿਸ਼ਰ ਦੇ ਜਹਾਜ਼ 'ਚੋਂ ਦੇਸੀ ਬੰਬ ਮਿਲਿਆ

**ਥਿਰੂਵਨੰਥਾਪੁਰਮ:** ਬੰਗਲੂਰੂ-ਥਿਰੂਵਨੰਥਾਪੁਰਮ ਕਿੰਗਫਿਸ਼ਰ ਉਡਾਨ ਦੇ ਬੀਤੀ 21 ਮਾਰਚ ਨੂੰ ਸਵੇਰੇ ਇੱਥੇ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚਣ ਵੇਲੇ ਹੜਕੰਪ ਮੱਚ ਗਿਆ, ਜਹਾਜ਼ ਵਿਚੋਂ ਇਕ ਦੇਸੀ ਬੰਬ ਬਰਾਮਦ ਕੀਤਾ ਗਿਆ। ਸੂਤਰਾਂ ਨੇ ਦੱਸਿਆ ਕਿ ਕ੍ਰਿਕਟ ਦੀ ਗੇਂਦ ਦੇ ਆਕਾਰ ਵਾਲਾ ਬੰਬ ਉਸ ਵੇਲੇ ਮਿਲਿਆ, ਜਦੋਂ ਬੰਗਲੂਰੂ ਤੋਂ ਆਏ 27 ਯਾਤਰੀਆਂ ਦੇ ਉਤਰਨ ਤੋਂ ਬਾਅਦ ਸੁਰੱਖਿਆ ਜਾਂਚ ਕੀਤੀ ਗਈ। ਬੰਬ ਏਟੀਆਰ-72 ਜਹਾਜ਼ ਦੇ ਕਾਰਗੋ ਸੈਕਸ਼ਨ 'ਚੋਂ ਮਿਲਿਆ। ਇਹ ਬੰਬ ਇਕ ਅਖ਼ਬਾਰ ਵਿਚ ਲਪੇਟਿਆ ਹੋਇਆ ਸੀ। ਜਹਾਜ਼ ਨੂੰ ਤੁਰੰਤ ਦੂਰ ਲਿਜਾਇਆ ਗਿਆ ਅਤੇ ਧਮਾਕਾਖੇਜ਼ ਸਮੱਗਰੀ ਹਟਾ ਕੇ ਪਾਣੀ ਵਿਚ ਪਾ ਕੇ ਇਸ ਨੂੰ ਨਕਾਰਾ ਕਰ ਦਿੱਤਾ ਗਿਆ।

## ਛੱਤੀਸਿੰਘਪੁਰਾ ਕਤਲੇਆਮ ਦੀ ਮੁੜ ਜਾਂਚ ਹੋਵੇ

**ਸ੍ਰੀਨਗਰ:** ਵੱਡੀ ਗਿਣਤੀ ਵਿਚ ਸਿੱਖ ਲੰਘੀ 21 ਮਾਰਚ ਨੂੰ ਅਨੰਤਨਾਗ ਦੇ ਛੱਤੀਸਿੰਘਪੁਰਾ ਵਿਖੇ ਇਕੱਠੇ ਹੋਏ ਅਤੇ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਯਾਤਰਾ ਦੌਰਾਨ ਹੋਏ 35 ਸਿੱਖਾਂ ਦੇ ਕਤਲੇਆਮ ਦੀ ਮੁੜ ਜਾਂਚ ਕਰਵਾਉਣ ਦੀ ਜ਼ੋਰਦਾਰ ਮੰਗ ਕੀਤੀ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਜਗਮੋਹਨ ਸਿੰਘ ਰੈਨਾ ਨੇ ਛੱਤੀਸਿੰਘਪੁਰਾ ਪਿੰਡ 'ਚ ਸ਼ਰਧਾਂਜਲੀ ਸਮਾਗਮ ਦੌਰਾਨ ਕਿਹਾ, ''ਅਸੀਂ ਸਿੱਖਾਂ ਦੇ ਕਤਲ ਦੀ ਮੁੜ ਜਾਂਚ ਕਰਵਾਉਣ ਬਾਰੇ ਸਰਕਾਰ ਤੋਂ ਮੰਗ ਕਰਦੇ ਹਾਂ।'' 20-21 ਮਾਰਚ 2000 ਦੀ ਦਰਮਿਆਨੀ ਰਾਤ ਅਣਪਛਾਤੇ ਬੰਦੂਕਧਾਰੀਆਂ ਨੇ ਸਿੱਖਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ ਜਿਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਬੀਤੀ 21 ਮਾਰਚ ਨੂੰ ਸਮਾਗਮ ਕਰਵਾਇਆ ਗਿਆ। ਕਤਲੇਆਮ ਤੋਂ ਪੰਜ ਦਿਨ ਬਾਅਦ ਪੁਲਿਸ ਅਤੇ ਫੌਜ ਨੇ ਦਾਅਵਾ ਕੀਤਾ ਸੀ ਕਿ ਉਹ ਪੰਜ ਅਤਿਵਾਦੀ ਮਾਰੇ ਗਏ ਹਨ ਜਿਨ੍ਹਾਂ ਨੇ ਸਿੱਖਾਂ ਦਾ ਕਤਲ ਕੀਤਾ ਪਰ ਬਾਅਦ 'ਚ ਪਤਾ ਲੱਗਾ ਕਿ ਫਰਜ਼ੀ ਮੁਕਾਬਲੇ ਵਿਚ ਬੇਕਸੂਰ ਸ਼ਹਿਰੀਆਂ ਨੂੰ ਮਾਰ ਦਿਤਾ ਗਿਆ ਸੀ। ਸਿੱਖਾਂ ਵਲੋਂ ਰੋਸ ਵਜੋਂ ਕੀਤੇ ਮੁਜ਼ਾਹਰਿਆਂ ਦੌਰਾਨ 3 ਅਪ੍ਰੈਲ 2000 ਨੂੰ ਸੀ.ਆਰ.ਪੀ.ਐਫ. ਅਤੇ ਪੁਲਿਸ ਵਲੋਂ ਚਲਾਈ ਗੋਲੀ ਵਿਚ 8 ਮੁਜ਼ਾਹਰਾਕਾਰੀ ਮਾਰੇ ਗਏ ਸਨ ਜਿਸ ਦੀ ਜਾਂਚ ਦੇ ਆਦੇਸ਼ ਦਿਤੇ ਗਏ।

ਸੀ.ਬੀ.ਆਈ. ਨੇ ਸੂਬਾ ਪੁਲਿਸ ਨੂੰ ਕਲੀਨ ਚਿਟ ਦੇ ਦਿਤੀ ਪਰ ਫ਼ੌਜ ਦੇ ਪੰਜ ਅਫ਼ਸਰਾਂ ਵਿਰੁਧ ਦੋਸ਼ ਪੱਤਰ ਦਾਖ਼ਲ ਕੀਤੇ ਗਏ। ਬਾਅਦ ਵਿਚ ਸੁਪਰੀਮ ਕੋਰਟ ਨੇ ਪੰਜੇ ਅਫ਼ਸਰਾਂ ਵਿਰੁਧ ਅਗਲੇ ਆਦੇਸ਼ਾਂ ਤਕ ਅਪਰਾਧਕ ਮੁਕੱਦਮੇ ਉਪਰ ਰੋਕ ਲਗਾ ਦਿਤੀ।

## ਗੀਤਾ ਬਸਰਾ ਬਣੇਗੀ ਮਿਸਜ ਹਰਭਜਨ ਸਿੰਘ!

**ਮੁੰਬਈ :** ਗਲੈਮਰ ਅਤੇ ਕ੍ਰਿਕਟ ਦਾ ਮਿਲਣ ਹਮੇਸ਼ਾ ਤੋਂ ਹਲਚਲ ਪੈਦਾ ਕਰਦਾ ਆਇਆ ਹੈ। ਇਸ ਕੜੀ ਵਿਚ ਹਰਭਜਨ ਸਿੰਘ ਵੀ ਨਹੀਂ ਬਚੇ, ਉਨ੍ਹਾਂ ਦੇ ਹਿੰਦੀ ਫਿਲਮਾਂ ਦੀ ਨਾਇਕਾ ਗੀਤਾ ਬਸਰਾ ਦੇ ਨਾਲ ਪ੍ਰੇਮ ਦੇ ਚਰਚੇ ਸਮੇਂ-ਸਮੇਂ ਤੇ ਸੁਰਖੀਆਂ ਬਣਦੇ ਰਹੇ ਹਨ। ਇਹ ਹੋਰ ਗੱਲ ਹੈ ਕਿ ਦੋਵੇਂ ਹੀ ਇਕ ਦੂਜੇ ਨੂੰ ਚੰਗਾ ਦੋਸਤ ਦਸਦੇ ਹਨ। ਹੁਣ ਪਤਾ ਚਲਿਆ ਕਿ ਹਰਭਜਨ ਇਸ ਦੋਸਤੀ ਨੂੰ ਅਗਲੇ ਪੜਾਅ ਤਕ ਲੈ ਜਾਣਾ ਚਾਹੁੰਦੇ ਹਨ ਅਤੇ ਇਸੇ ਫੇਰ ਵਿਚ ਉਹ ਗੀਤਾ ਨੂੰ ਪਿਛਲੇ ਦਿਨੀਂ ਆਪਣੇ ਘਰਦਿਆਂ ਨਾਲ ਮਿਲਾਉਣ ਲਈ ਲੈ ਕੇ ਗਏ ਸਨ। ਇਸ ਮੁਲਾਕਾਤ ਦਾ ਸਬਬ ਬਣਿਆ ਸੀ ਭੱਜੀ ਦੀ ਭੈਣ ਦਾ ਵਿਆਹ। ਮੰਨਿਆ ਜਾ ਰਿਹਾ ਹੈ ਕਿ ਨਜ਼ਦੀਕ ਭਵਿੱਖ ਵਿਚ ਜੇਕਰ ਇਹ ਜੋੜੀ ਆਪਣੀ ਸ਼ਾਦੀ ਦਾ ਐਲਾਨ ਕਰ ਦੇਵੇ ਤਾਂ ਹੈਰਾਨੀ ਵਾਲੀ ਕੋਈ ਗੱਲ ਨਹੀਂ।



ਇਕ ਸੂਤਰ ਦੇ ਮੁਤਾਬਿਕ ਗੀਤਾ ਅਤੇ ਹਰਭਜਨ ਦੇ ਦੋਸਤ ਉਨ੍ਹਾਂ ਦੋਵਾਂ ਨੂੰ ਜਲਦੀ ਤੋਂ ਜਲਦੀ ਵਿਆਹ ਦੇ ਬੰਧਨ ਵਿਚ ਬੰਨ੍ਹਣਾ ਚਾਹੁੰਦੇ ਹਨ। ਇਸੇ ਲਈ ਜਦੋਂ ਗੀਤਾ ਜਲੰਧਰ ਆਈ ਤਾਂ ਮੰਨਿਆ ਗਿਆ ਕਿ ਹੁਣ ਦੋਵੇਂ ਆਪਣੇ ਸੰਬੰਧਾਂ ਨੂੰ ਲੈ ਕੇ ਗੰਭੀਰ ਹਨ। ਹਾਲਾਂਕਿ ਇਸ ਬਾਰੇ ਵਿਚ ਗੀਤਾ ਦਾ ਇਹੀ ਕਹਿਣਾ ਹੈ, ਹਾਂ, ਮੇਰੀ ਹਰਭਜਨ ਦੇ ਪਰਿਵਾਰ ਨਾਲ ਮੁਲਾਕਾਤ ਹੋਈ ਸੀ, ਪਰ ਇਸ ਲਈ ਨਹੀਂ ਕਿ ਮੈਂ ਕਿਸੇ ਖਾਸ ਮਨੋਰਥ ਦੇ ਲਈ ਉਥੇ ਗਈ ਸੀ। ਮੈਂ ਬਾਰ-ਬਾਰ ਕਹਿ ਚੁੱਕੀ ਹਾਂ ਕਿ ਹਰਭਜਨ ਮੇਰੇ ਚੰਗੇ ਦੋਸਤ ਹਨ, ਪਰ ਤੁਸੀਂ ਲੋਕ ਕਿਆਸ ਲਗਾਉਣ ਤੋਂ ਬਾਜ ਨਹੀਂ ਆਉਂਦੇ। ਹਾਲੇ ਫਿਲਹਾਲ ਮੇਰਾ ਪੂਰਾ ਧਿਆਨ ਆਪਣੇ ਕੈਰੀਅਰ ਤੇ ਹੈ। ਸੂਤਰ ਦਾ ਕਹਿਣਾ ਹੈ ਕਿ ਭੈਣ ਦੇ ਵਿਆਹ ਤੋਂ ਬਾਅਦ ਹਰਭਜਨ ਤੇ ਵੀ ਘਰ ਵਸਾਉਣ ਦਾ ਪਰਿਵਾਰ ਵਲੋਂ ਦਬਾਅ ਬਣਾਇਆ ਜਾ ਰਿਹਾ ਹੈ।

## ਨਵਾਜ਼ ਸ਼ਰੀਫ ਤੇ ਲਾਦੇਨ ਮਿਲ ਚੁੱਕੇ ਹਨ ਕਈ ਵਾਰੀ


**ਲਾਹੌਰ :** ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ. ਦੇ ਇਕ ਸਾਬਕਾ ਅਧਿਕਾਰੀ ਖਾਲਿਦ ਖਵਾਜ਼ਾ ਨੇ ਇਕ ਸਨਸਨੀਖੇਜ਼ ਪ੍ਰਗਟਾਵੇ ਵਿਚ ਦਾਅਵਾ ਕੀਤਾ ਹੈ ਕਿ ਉਸ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਅਤੇ ਅਲ-ਕਾਇਦਾ ਦੇ ਮੁਖੀ ਓਸਾਮਾ-ਬਿਨ-ਲਾਦੇਨ ਦਰਮਿਆਨ ਪੰਜ ਵਾਰ ਮੁਲਾਕਾਤ ਕਰਵਾਈ ਸੀ। ਖਵਾਜ਼ਾ ਦੇ ਇਸ ਦਾਅਵੇ ਨਾਲ ਆਈ.ਐੱਸ.ਆਈ.ਦੀ ਅੱਤਵਾਦੀ ਜਥੇਬੰਦੀਆਂ ਨਾਲ ਗੰਢਸੰਢ ਉਜਾਗਰ ਹੁੰਦੀ ਹੈ। ਖਵਾਜ਼ਾ ਨੇ ਇਕ ਨਿੱਜੀ ਟੀ.ਵੀ. ਚੈਨਲ ਨੂੰ ਦਿੱਤੀ ਆਪਣੀ ਇੰਟਰਵਿਊ ਵਿਚ ਕਿਹਾ ਕਿ ਸ਼ਰੀਫ ਨੇ ਲਾਦੇਨ ਸਮੇਤ ਦੁਨੀਆ ਭਾਰ ਦੇ ਮੁਸਲਿਮ ਅੰਦੋਲਨ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ ਸੀ ਅਤੇ ਉਨ੍ਹਾਂ ਕੋਲੋਂ ਵਿਕਾਸ ਯੋਜਨਾਵਾਂ ਲਈ ਵਿੱਤੀ ਮਦਦ ਮੰਗੀ ਸੀ। ਖਵਾਜ਼ਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨਵਾਜ਼ ਸ਼ਰੀਫ ਅਤੇ ਲਾਦੇਨ ਦੀਆਂ ਤਿੰਨ ਵਾਰ ਮੁਲਾਕਾਤਾਂ ਸਾਊਦੀ ਅਰਬ ਵਿਚ ਕਰਵਾਈਆਂ ਸਨ। 'ਡੇਲੀ ਟਾਈਮ' ਨੇ ਦਾਅਵਾ ਕੀਤਾ ਕਿ ਨਵਾਜ਼ ਨੇ ਓਸਾਮਾ ਨਾਲ ਸਿੱਧੀ ਮੁਲਾਕਾਤ ਲਈ ਦਬਾਅ ਬਣਾਇਆ ਸੀ ਅਤੇ ਖਵਾਜ਼ਾ ਨੇ ਦੋਹਾਂ ਦੀ ਮੁਲਾਕਾਤ ਸਾਊਦੀ ਅਰਬ ਦੇ ਇਕ ਸ਼ਹਿਰ ਵਿਚ ਕਰਵਾਈ ਸੀ। ਨਵਾਜ਼ ਸ਼ਰੀਫ ਲਾਦੇਨ ਕੋਲੋਂ 50 ਕਰੋੜ ਰੁਪਏ ਦੀ ਮਦਦ ਮੰਗ ਰਹੇ ਸਨ ਪਰ ਲਾਦੇਨ ਨੇ ਨਵਾਜ਼ ਸ਼ਰੀਫ ਨੂੰ ਬਹੁਤ ਘੱਟ ਰਕਮ ਦਿੱਤੀ ਸੀ। ਉਸਨੇ ਨਵਾਜ਼ ਸ਼ਰੀਫ ਦੀ ਮੁਲਾਕਾਤ ਸਾਊਦੀਅਰਬ ਦੇ ਸ਼ਾਹੀ ਪਰਿਵਾਰ ਦੇ ਮੈਂਬਰਾਂ ਨਾਲ ਵੀ ਕਰਵਾਈ ਸੀ। ਖਵਾਜ਼ਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਲਾਦੇਨ ਨੇ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਸਰਕਾਰ ਨੂੰ ਗੱਦੀਓਂ ਲਾਹੁਣ ਲਈ ਨਵਾਜ਼ ਸ਼ਰੀਫ ਨੂੰ ਪੈਸਾ ਦੇਣ ਲਈ ਕਿਹਾ ਸੀ। ਖਵਾਜ਼ਾ ਦਾ ਕਹਿਣਾ ਹੈ ਕਿ ਮੈਨੂੰ ਅਜੇ ਵੀ ਯਾਦ ਹੈ ਕਿ ਲਾਦੇਨ ਨੇ ਬੇਨਜ਼ੀਰ ਦੀ ਸਰਕਾਰ ਦਾ ਤਖ਼ਤਾ ਪਲਟਣ ਲਈ ਨਵਾਜ਼ ਸ਼ਰੀਫ ਨੂੰ ਜਿੰਨੀ ਲੋੜ ਹੋਵੇ, ਓਨਾ ਪੈਸਾ ਦੇਣ ਲਈ ਸਪੱਸ਼ਟ ਰੂਪ ਵਿਚ ਕਿਹਾ ਸੀ। ਖਵਾਜ਼ਾ ਦਾ ਇਹ ਵੀ ਦਾਅਵਾ ਹੈ ਕਿ ਮੇਰੇ ਲਾਦੇਨ ਨਾਲ ਬਹੁਤ ਚੰਗੇ ਸੰਬੰਧ ਰਹੇ ਹਨ। ਆਈ.ਐਸ.ਆਈ.ਤੋਂ ਜਬਰੀ ਸੇਵਾਮੁਕਤ ਕੀਤੇ ਜਾਣ ਤੋਂ ਬਾਅਦ 1987 'ਚ ਉਹ ਅਫ਼ਗਾਨਿਸਤਾਨ ਚਲੇ ਗਏ ਸਨ ਅਤੇ ਲਾਦੇਨ ਨਾਲ ਰੂਸੀ ਫੌਜਾਂ ਵਿਰੁਧ ਸੰਘਰਸ਼ ਵਿਚ ਸ਼ਾਮਲ ਹੋਏ ਸਨ।





## ਰਾਮਦੇਵ ਨੂੰ ਜ਼ਮੀਨ ਦੇ ਤਬਾਦਲੇ 'ਤੇ ਵਿਵਾਦ

**ਸ਼ਿਮਲਾ :** ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਵਿਚ ਸੱਤਾਧਾਰੀ ਭਾਜਪਾ 'ਤੇ ਯੋਗ ਗੁਰੂ ਬਾਬਾ ਰਾਮਦੇਵ ਨੂੰ ਸੋਲਨ ਜ਼ਿਲ੍ਹੇ ਵਿਚ 30 ਏਕੜ ਤੋਂ ਜ਼ਿਆਜ਼ਾ ਜ਼ਮੀਨ ਦਾ ਪੱਟਾ ਕੌਡੀਆਂ ਭਾਅ ਦੇਣ ਦਾ ਦੋਸ਼ ਲਗਾਉਂਦੇ ਹੋਏ ਅਜਿਹਾ ਕਰਨ ਦੇ ਮਕਸਦ 'ਤੇ ਸਵਾਲ ਉਠਾਏ ਹਨ। ਸੂਬਾ ਸਰਕਾਰ ਨੇ ਰਾਮਦੇਵ ਨੂੰ ਪਿਤਾਂਜਲੀ ਯੋਗ ਪੀਠ ਹਸਪਤਾਲ ਖੋਲ੍ਹਣ ਲਈ 28 ਕਰੋੜ ਜ਼ਮੀਨ ਮੁਹੱਈਆ ਕਰਵਾਈ ਹੈ। ਸੋਲਨ ਜ਼ਿਲੇ ਦੀ ਕਾਂਡਾ ਘਾਟ ਤਹਿਸੀਲ ਸਥਿਤ ਕਲਹੋਗ ਵਿਚ ਉਹ ਜ਼ਮੀਨ 16 ਲੱਖ ਰੁਪਏ ਦੇ ਇਵਜ਼ ਵਿਚ 99 ਸਾਲ ਲਈ ਪੱਟੇ 'ਤੇ ਦਿੱਤੀ ਹੈ। ਕਾਂਗਰਸ ਸੂਬਾ ਇਕਾਈ ਦੇ ਪ੍ਰਧਾਨ ਅਤੇ ਵਿਧਾਇਕ ਕੌਲ ਸਿੰਘ ਠਾਕੁਰ ਨੇ ਯੋਗ ਗੁਰੂ ਨੂੰ ਮੁੱਖ ਥਾਂ 'ਤੇ ਸਥਿਤ ਸਰਕਾਰੀ ਜ਼ਮੀਨ ਨੂੰ ਰਿਆਇਤੀ ਦਰ 'ਤੇ ਦੇਣ ਦੇ ਸਰਕਾਰ ਦੇ ਕਦਮ ਦਾ ਇਸ ਹਫਤੇ ਦੇ ਸ਼ੁਰੂ ਵਿਚ ਰਾਜ ਵਿਧਾਨ ਸਭਾ ਵਿਚ ਵਿਰੋਧ ਦਰਜ ਕਰਵਾਇਆ ਸੀ। ਠਾਕੁਰ ਨੇ ਕਿਹਾ ਕਿ ਰਾਮਦੇਵ ਦਾ ਹਰਿਦੁਆਰ ਵਿਚ ਪਹਿਲਾਂ ਹੀ ਇਕ ਸਿਹਤ ਕੇਂਦਰ ਹੈ ਅਤੇ ਯੋਗ ਗੁਰੂ ਪ੍ਰਤੀ ਦਰਿਆਦਿਲੀ ਦਿਖਾਉਣ ਨਾਲ ਭਾਜਪਾ ਦਾ ਭਲਾ ਨਹੀਂ ਹੋਵੇਗਾ ਕਿਉਂਕਿ ਰਾਮਦੇਵ ਆਪਣੀ ਸਿਆਸੀ ਪਾਰਟੀ ਸ਼ੁਰੂ ਕਰਨ ਦਾ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਅਤੇ ਉਨ੍ਹਾਂ ਦੀ ਪਾਰਟੀ ਆਖ਼ਰਕਾਰ ਭਾਜਪਾ ਨੂੰ ਨੁਕਸਾਨ ਪਹੁੰਚਾਏਗੀ। ਸਿਹਤ ਮੰਤਰੀ ਬਿੰਦਲ ਨੇ ਇਸ ਦੋਸ਼ 'ਤੇ ਦਲੀਲ ਦਿੱਤੀ ਕਿ ਕਲਹੋਗ ਵਿਚ ਯੋਗ ਕੇਂਦਰ ਬਣਨ ਇਸ ਖੇਤਰ ਦਾ ਮਹੱਤਵ ਵਧੇਗਾ।



# 35 ਸਾਲਾਂ ਬਾਅਦ ਹੀ ਜਵਾਨੀ ਗੁਆ ਬੈਠਦੇ ਬਰਤਾਨਵੀ

**ਲੰਡਨ :** ਮਸ਼ਹੂਰ ਪੰਜਾਬੀ ਲੋਕ ਬੋਲੀ 'ਆਈ ਜਵਾਨੀ ਹਰ ਕੋਈ ਵੇਂਹਦਾ, ਜਾਂਦੀ ਕਿਸੇ ਨਾ ਡਿੱਠੀ' ਮੁਤਾਬਕ ਇਸ ਸਵਾਲ ਦਾ ਕੋਈ ਸਟੀਕ ਜਵਾਬ ਨਹੀਂ ਹੈ ਕਿ ਜਵਾਨੀ ਕਦੋਂ ਖਤਮ ਹੁੰਦੀ ਹੈ ਤੇ ਬੁਢਾਪਾ ਕਦੋਂ ਸ਼ੁਰੂ ਹੁੰਦਾ ਹੈ। ਪਰ ਬਹੁਤੇ ਬਰਤਾਨਵੀ 35 ਸਾਲ ਦੀ ਉਮਰ ' ਜਵਾਨੀ ਚਲੀ ਗਈ ਤੇ 58 ਸਾਲ 'ਚ ਬੁਢਾਪਾ ਆ ਗਿਆ ਮਹਿਸੂਸ ਕਰਨ ਲੱਗਦੇ ਹਨ।

ਇਸ ਗੱਲ ਦਾ ਖੁਲਾਸਾ ਯੂਰਪ ਵਿਚ ਕਰਵਾਏ ਗਏ ਇਕ ਸਰਵੇਖਣ ਤੋਂ ਹੋਇਆ ਜਿਸਦਾ ਨਾ ਯੂਰਪੀ ਸਮਾਜਕ ਸਰਵੇਖਣ ਸੀ।ਇਹ ਸਰਵੇ 31 ਯੂਰਪੀ ਮੁਲਕਾਂ ਦੇ 40 ਹਜ਼ਾਰ ਵਿਅਕਤੀਆਂ ਉੱਤੇ ਆਧਾਰਤ ਸੀ। ਇਸ ਵਿਚ ਸਾਹਮਣੇ ਆਇਆ ਕਿ ਔਸਤਨ ਬਰਤਾਨਵੀ 35 ਸਾਲ ਦੀ ਉਮਰ ਵਿਚ ਜਵਾਨੀ ਖਤਮ ਹੋ ਗਈ ਅਤੇ 58 ਸਾਲ ਦੀ ਉਮਰ ਵਿਚ ਬੁਢਾਪਾ ਸ਼ੁਰੂ ਹੋ ਗਿਆ ਮਹਿਸੂਸ ਕਰਨ ਲੱਗ ਪੈਂਦੇ ਹਨ। ਇਹ ਰਿਪੋਰਟ ਰੋਜ਼ਨਾਮਾ 'ਡੇਲੀ ਮੇਲ' ਨੇ ਨਸ਼ਰ ਕੀਤੀ ਹੈ। ਉਂਜ ਇਸ ਸਬੰਧੀ ਵੱਖੋ-ਵੱਖ ਉਮਰ ਜੁੱਟਾਂ ਵਿਚ ਵੱਖੋ-ਵੱਖਰੀ ਰਾਇ ਸਾਹਮਣੇ ਆਈ ਹੈ। ਗੌਲਤਲਬ ਹੈ ਕਿ 15 ਤੋਂ 24 ਉਮਰ ਦੇ ਅੰਗਰੇਜ਼ ਤਾਂ 28 ਸਾਲ ਦੀ ਉਮਰ ਵਿਚ ਹੀ ਜਵਾਨੀ ਖਤਮ ਹੋ ਗਈ ਤੇ 54 ਸਾਲ ਦੀ ਉਮਰ ਵਿਚ ਬੁਢਾਪਾ ਸ਼ੁਰੂ ਹੋ ਜਾਣਾ ਮੰਨਦੇ ਹਨ। ਦੂਜੇ ਪਾਸੇ 80ਵਿਆਂ ਨੂੰ ਢੁੱਕੇ ਬਰਤਾਨਵੀਆਂ ਨੇ ਇਸ ਸਬੰਧੀ ਕੁਝ ਖੁੱਲ੍ਹਦਿਲੀ ਦਿਖਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਵਾਨੀ ਨੂੰ ਆਖਰੀ ਸਲਾਮ ਕਹਿਣ ਵਾਲਾ ਸਾਲ 42ਵਾਂ ਹੁੰਦਾ ਹੈ ਤੇ ਬੁਢਾਪਾ 67 ਸਾਲਾਂ ਪਿੱਛੋਂ ਸ਼ੁਰੂ ਹੁੰਦਾ ਹੈ। ਇਸ ਸਰਵੇ ਦੀ ਅਗਵਾਈ ਕੈਂਟ ਯੂਨੀਵਰਸਿਟੀ ਡੋਮੀਨਿਕ ਅਬਰਾਮਜ਼ ਨੇ ਕੀਤੀ। ਉਨ੍ਹਾਂ ਕਿਹਾ, ''ਇਸ ਸਰਵੇ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਉਮਰ ਸਬੰਧੀ ਪੂਰਵ ਧਾਰਨਾ ਬਹੁਤ ਜ਼ਿਆਦਾ ਚੋਟਾ ਜਾਂ ਬਹੁਤ ਬਜ਼ੁਰਗ ਸਮਝਿਆ ਜਾਣਾ ਨੂੰ 63 ਫੀਸਦੀ ਵਿਅਕਤੀਆਂ ਨੇ ਅਹਿਮ ਜਾਂ ਬਹੁਤ ਜ਼ਿਆਦਾ ਅਹਿਮ ਮੁੱਦਾ ਕਰਾਰ ਦਿੱਤਾ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਮਰ ਆਧਾਰਤ ਪਛਾਣ ਲੋਕਾਂ ਲਈ ਮਾਅਨੇ ਰੱਖਦੀ ਹੈ।'' ਉਨ੍ਹਾਂ ਦੱਸਿਆ ਕਿ ਪੁਰਤਗਾਲੀ ਲੋਕ ਤਾਂ 29 ਸਾਲ ਦੀ ਉਮਰ ਵਿਚ ਹੀ ਜਵਾਨੀ ਮੁੱਕ ਗਈ ਸਮਝਣ ਲੱਗਦੇ ਹਨ ਜਦੋਂਕਿ ਸਾਈਪ੍ਰਸ ਵਾਸੀ ਅਜਿਹਾ 45 ਸਾਲਾਂ ਦੀ ਉਮਰ'ਤੇ ਮਹਿਸੂਸ ਕਰਦੇ ਹਨ। ਪੁਰਤਗਾਲੀਆਂ ਦਾ ਖਿਆਲ ਹੈ ਕਿ ਬੁਢਾਪਾ 51 ਸਾਲ ਦੀ ਉਮਰ 'ਚ ਸ਼ੁਰੂ ਹੁੰਦਾ ਹੈ ਤੇ ਬੈਲਜੀਅਮ ਵਾਸੀ 64 ਸਾਲ 'ਚ ਬੁਢਾਪਾ ਆਇਆ ਮਹਿਸੂਸ ਕਰਦੇ ਹਨ।

# ਸੁਪਨਿਆਂ ਦਾ ਮੁਲਕ ਰਾਸ ਨਾ ਆਇਆ ਇਸ ਮੁੰਡੇ ਨੂੰ

**ਲੰਡਨ:** ਬਿਹਤਰ ਜ਼ਿੰਦਗੀ ਦਾ ਸੁਪਨਾ ਸੰਜੋਅ ਕੇ ਬਰਤਾਨੀਆ ਪੁੱਜੇ ਇਕ ਭਾਰਤੀ ਨਾਗਰਿਕ ਦਾ ਸੁਪਨਾ ਲੈਸਟਰ ਦੀਆਂ ਗਲੀਆਂ ਦੀ ਧੂੜ ਵਿਚ ਰੁਲਕੇ ਰਹਿ ਗਿਆ ਅਤੇ ਹੁਣ ਉਹ ਆਪਣੇ ਦੇਸ਼ ਪਰਤਣ ਲਈ ਆਤੁਰ ਹੈ।

ਪੂਰਬੀ ਡਿਲੈਂਡਜ਼ ਦਾ ਇਹ ਕਸਬਾ ਪਰਵਾਸੀ ਭਾਰਤੀਆਂ ਦੀ ਸਫਲਤਾ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ, ਪਰ 32 ਸਾਲਾਂ ਦੇ ਸਰਵਜੀਤ ਸਿੰਘ ਦੀ ਕਹਾਣੀ ਵੱਖਰੀ ਹੈ, ਜੋ ਗਲੀ ਦੇ ਇਕ ਨੁੱਕਰੇ ਰਹਿੰਦਾ ਹੈ ਅਤੇ ਮੁਕਾਮੀ ਅਧਿਕਾਰੀ ਅਤੇ ਸੰਸਦ ਮੈਂਬਰ ਉਸਨੂੰ ਭਾਰਤ ਵਾਪਸ ਭੇਜਣ ਵਿਚ ਮਦਦ ਕਰਨਾ ਚਾਹੁੰਦੇ ਹਨ ਜਿਸ ਕਰਕੇ ਉਸ ਬਾਰੇ ਕਾਫੀ ਖ਼ਬਰਾਂ ਛਪ ਰਹੀਆਂ ਹਨ।

ਸੱਤ ਸਾਲ ਪਹਿਲਾਂ ਸਰਵਜੀਤ ਸਿੰਘ ਨੇ ਬਰਤਾਨੀਆ ਆਉਣ ਲਈ ਮਾਨਵ ਤਸਕਰਾਂ (ਗੈਰ ਕਾਨੂੰਨੀ ਟਰੈਵਲ ਏਜੰਟਾਂ) ਨੂੰ ਭਾਰੀ ਭਰਕਮ ਰਕਮ ਅਦਾ ਕੀਤੀ ਸੀ। ਪਿਛਲੇ ਚਾਰ ਮਹੀਨਿਆਂ ਤੋਂ ਉਹ ਲੈਸਟਰ ਦੀ ਗ੍ਰੀਨਲੇਨ ਰੋਡ ਉਤੇ ਰਹਿ ਰਿਹਾ ਹੈ ਅਤੇ ਉਸਦੇ ਨਾਲ ਇਕ ਹੋਰ ਗੈਰ-ਕਾਨੂੰਨੀ ਪਰਵਾਸੀ ਅਸ਼ੋਕ ਮਾਸਾ (40) ਵੀ ਹੈ। ਇਨ੍ਹਾਂ ਦੋਵਾਂ ਕੋਲ ਆਪਣੀ ਪਛਾਣ ਸਿੱਧ ਕਰਨ ਲਈ ਕੋਈ ਦਸਤਾਵੇਜ਼ ਨਹੀਂ ਹੈ।

ਆਵਾਸ ਅਤੇ ਅਫਸਰਸ਼ਾਹੀ ਦੇ ਨੇਮਾ ਵਿਚ ਫਸੇ ਦੋਵਾਂ ਭਾਰਤੀਆਂ ਨੇ ਮੁਕਾਮੀ ਭਲਾਈ ਸੰਸਥਾਵਾਂ ਤੋਂ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਲੈਸਟਰ ਤੋਂ ਲੇਬਰ ਪਾਰਟੀ ਦੇ ਐਮ.ਪੀ.ਕੀਥ ਵਾਜ਼ ਨੇ ਆਵਾਸ ਮੰਤਰੀ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਸਰਵਜੀਤ ਸਿੰਘ ਨੇ ਆਪਣੀ ਦਸ਼ਾ ਬਾਰੇ ਕਾਫੀ ਕੁਝ ਖੋਲ੍ਹ ਕੇ ਦੱਸਿਆ ਹੈ ਜਦਕਿ ਮਾਸਾ ਦੀ ਕਹਾਣੀ ਬਾਰੇ ਬਹੁਤਾ ਪਤਾ ਨਹੀਂ ਹੈ ਕਿਉਂਕਿ ਉਸਨੇ ਕਿਸੇ ਨਾਲ ਗੱਲ ਨਹੀਂ ਕੀਤੀ। ਪਿਛਲੇ ਇਕ ਸਾਲ ਤੋਂ ਉਨ੍ਹਾਂ ਦਾ ਬਸੇਰਾ ਫੈਕਟਰੀ ਦੇ ਵੈਂਟੀਲੇਸ਼ਨ ਸਿਸਟਮ ਦੇ ਲਾਗੇ ਬਣੀ ਹੋਈ ਇਕ ਪਟਜੀ ਹੈ, ਜਿੱਥੇ ਦਿਨ ਭਰ ਫੈਕਟਰੀ 'ਚੋਂ ਗਰਮ ਹਵਾ ਵਗਦੀ ਰਹਿੰਦੀ ਹੈ। ਇਕ ਦੁਭਾਸ਼ੀਏ ਰਾਹੀਂ ਗੱਲਬਾਤ ਕਰਦਿਆਂ ਸਰਵਜੀਤ ਸਰਕਾਰ ਤੋਂ ਕੁਝ ਨਹੀਂ ਚਾਹੁੰਦਾ। ਮੈਂ ਘਰ ਜਾਣਾ ਚਾਹੁੰਦਾ ਹਾਂ। ਪੰਜਾਬ ਵਿਚ ਹੁਣ ਮੇਰਾ ਘਰ ਤੇ ਜ਼ਮੀਨ ਨਹੀਂ ਰਹੇ। ਮੈਨੂੰ ਇਹ ਵੀ ਨਹੀਂ ਪਤਾ ਕਿ ਮੇਰੀ ਮਾਂ ਕਿਹੜੇ ਹਾਲੀਂ ਰਹਿ ਰਹੀ ਹੈ।''

ਉਸਨੇ ਦੱਸਿਆ ''ਮੈਂ ਸੱਤ-ਅੱਠ ਸਾਲਾਂ ਤੋਂ ਇੱਥੇ ਹਾਂ। ਮੈਂ ਕੁਝ ਦੇਰ ਕੰਮ ਕਰ ਸਕਿਆ ਅਤੇ ਫੇਰ ਸਭ ਕੁਝ ਮੁੱਕ ਗਿਆ ਅਤੇ ਮੈਂ ਬੇਘਰ ਹੋ ਗਿਆ। ਜੇ ਮੈਂ ਪੰਜਾਬ ਵਾਪਸ ਜਾ ਸਕਿਆ ਤਾਂ ਜ਼ਰੂਰ ਜਾਵਾਂਗਾ। ਜੇ ਅਧਿਕਾਰੀ ਮੈਨੂੰ ਵਾਪਸ ਭੇਜ ਦੇਣ ਤਾਂ ਮੈਂ ਖ਼ੁਸ਼ੀ-ਖ਼ੁਸ਼ੀ ਜਾਵਾਂਗਾ।''

ਮੁਕਾਮੀ ਪੁਲੀਸ ਅਤੇ ਲੈਸਟਰ ਸਿਟੀ ਕੌਂਸਲ ਨੇ ਉਨ੍ਹਾਂ ਨੂੰ ਇਸ ਗਲੀ ਤੋਂ ਹਟਾਉਣ ਦਾ ਅਧਿਕਾਰ ਨਹੀਂ ਹੈ ਕਿਉਂਕਿ ਗੈਰ-ਕਾਨੂੰਨੀ ਪਰਵਾਸੀ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਹਨ। ਅਧਿਕਾਰੀ ਭਾਰਤ ਸਰਕਾਰ ਤੋਂ ਹੰਗਾਮੀ ਪਾਸਪੋਰਟ ਹਾਸਲ ਕਰਨ ਦੇ ਯਤਨ ਕਰ ਰਹੇ ਹਨ ਤਾਂ ਕਿ ਇਹ ਦੋਵੇਂ ਘਰ ਵਾਪਸ ਜਾ ਸਕਣ।


ਸਰਵਜੀਤ ਅਤੇ ਮਾਸਾ ਨੂੰ ਘੱਟੋ-ਘੱਟ ਦੋ ਕੁ ਵਾਰ ਪੁਲੀਸ ਹਿਰਾਸਤ ਵਿਚ ਲਿਆ ਗਿਆ ਸੀ, ਪਰ ਆਵਾਸ ਅਧਿਕਾਰੀਆਂ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਹੁਣ ਸ੍ਰੀ ਵਾਜ਼ ਨੇ ਆਵਾਸ ਮੰਤਰੀ ਫਿਲ ਵੂਲਾਜ਼ ਤੋਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਉਨ੍ਹਾਂ ਕਿਹਾ, ''ਛੇਤੀ ਕੋਈ ਹੱਲ ਲੱਭਣਾ ਜ਼ਰੂਰੀ ਹੈ। ਮੈਂ ਸਰਵਜੀਤ ਅਤੇ ਮਾਸਾ ਪ੍ਰਤੀ ਕਾਫੀ ਫਿਕਰਮੰਦ ਹੈ।''

ਮੁਕਾਮੀ ਕੌਂਸਲਰ ਮੇਰੀ ਡ੍ਰੇਕੋਟ ਨੇ ਕਿਹਾ, ''ਹਰ ਕਿਸੇ ਨੇ ਉਨ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਇਨ੍ਹਾਂ ਸਹਿਯੋਗ ਨਾ ਕੀਤਾ।

ਯੂ.ਕੇ. ਬਾਰਡਰ ਏਜੰਸੀ ਦੇ ਇਕ ਤਰਜਮਾਨ ਨੇ ਕਿਹਾ ''ਗ੍ਰਿਫ਼ਤਾਰੀ ਆਖਰੀ ਹੀਲੇ ਵਜੋਂ ਵਰਤੀ ਜਾਂਦੀ ਹੈ। ਜਦੋਂ ਵਿਦੇਸ਼ੀ ਨਾਗਰਿਕਾਂ ਨੂੰ ਬਰਤਾਨੀਆ ਵਿਚ ਰਹਿਣ ਦਾ ਕੋਈ ਹੱਕ ਨਹੀਂ ਰਹਿੰਦਾ ਤਾਂ ਉਨ੍ਹਾਂ ਤੋਂ ਆਪਣੇ ਆਪ ਚਲੇ ਜਾਣ ਦੀ ਆਸ ਕੀਤੀ ਜਾਂਦੀ ਹੈ ਤਾਂ ਕਿ ਕਰ ਦਾਤਿਆਂ ਦਾ ਪੈਸਾ ਬਚਾਇਆ ਜਾ ਸਕੇ।''

# ਦਿੱਲੀ ਹਾਈ ਕੋਰਟ ਵਲੋਂ ਤਿਵਾੜੀ ਨੂੰ ਝਟਕਾ ਵਲਦੀਅਤ ਬਾਰੇ ਅਰਜ਼ੀ ਦੀ ਸੁਣਵਾਈ ਹੋਵੇਗੀ

**ਨਵੀਂ ਦਿੱਲੀ :** ਆਂਧਰਾ ਪ੍ਰਦੇਸ਼ ਦੇ ਸਾਬਕਾ ਰਾਜਪਾਲ ਨਰਾਇਣ ਦੱਤ ਤਿਵਾੜੀ ਨੂੰ ਝਟਕਾ ਦਿੰਦਿਆਂ ਦਿੱਲੀ ਹਾਈ ਕੋਰਟ ਨੇ ਬੀਤੀ 17 ਮਾਰਚ ਨੂੰ ਉਨ੍ਹਾਂ ਦੀ ਅਪੀਲ ਨੂੰ ਰੱਦ ਕਰ ਦਿੱਤਾ ਅਤੇ ਉਸ ਵਿਅਕਤੀ ਦੀ ਅਰਜ਼ੀ 'ਤੇ ਸੁਣਵਾਈ ਕਰਨ ਦਾ ਫ਼ੈਸਲਾ ਲਿਆ, ਜਿਸ ਨੇ ਖ਼ੁਦ ਨੂੰ ਤਿਵਾੜੀ ਦਾ ਪੁੱਤਰ ਦੱਸਿਆ ਸੀ। ਜਸਟਿਸ ਬਿਕਰਮਜੀਤ ਸੇਨ ਦੀ ਪ੍ਰਧਾਨਗੀ ਵਾਲੇ ਬੈਂਚ ਨੇ 84 ਸਾਲਾ ਕਾਂਗਰਸੀ ਆਗੂ ਦੀ ਉਸ ਅਰਜ਼ੀ ਨੂੰ ਰੱਦ ਕਰ ਦਿੱਤਾ, ਜਿਸ ਵਿਚ ਉਨ੍ਹਾਂ ਮਾਮਲੇ ਨੂੰ ਇਹ ਕਹਿੰਦਿਆਂ ਬੰਦ ਕਰਨ ਦੀ ਮੰਗ ਕੀਤੀ ਸੀ ਕਿ ਅਰਜ਼ੀਕਾਰ ਨੇ ਇਹ ਕੇਸ ਜਨਮ ਹੋਣ ਦੇ 31 ਸਾਲ ਬਾਅਦ ਦਰਜ ਕਰਵਾਇਆ ਹੈ। ਅਦਾਲਤ ਨੇ ਇਕ ਮੈਂਬਰੀ ਬੈਂਚ ਦੇ ਉਸ ਫ਼ੈਸਲੇ ਨੂੰ ਦਰਕਿਨਾਰ ਕਰ ਦਿੱਤਾ, ਜਿਸ ਵਿਚ ਵਕੀਲ ਰੋਹਿਤ ਸ਼ੇਖ਼ਰ ਦੁਆਰਾ ਦਾਇਰ ਵਲਦੀਅਤ ਅਰਜ਼ੀ ਨੂੰ ਇਸ ਆਧਾਰ 'ਤੇ ਖ਼ਾਰਜ ਕਰ ਦਿੱਤਾ ਸੀ ਕਿ ਇਹ ਸਵੀਕਾਰਯੋਗ ਨਹੀਂ ਹੈ।



ਬੈਂਚ ਨੇ ਮਾਮਲੇ ਨਾਲ ਜੁੜੀਆਂ ਸਾਰੀਆਂ ਧਿਰਾਂ ਨੂੰ ਨਿਰਦੇਸ਼ ਦਿੱਤਾ ਕਿ ਉਹ 7 ਅਪ੍ਰੈਲ ਨੂੰ ਇਕ ਮੈਂਬਰੀ ਬੈਂਚ ਦੇ ਜੱਜ ਸਾਹਮਣੇ ਪੇਸ਼ ਹੋਣ ਜਦੋਂ ਮਾਮਲੇ 'ਚ ਗੁਣਾਂ ਅਤੇ ਦੋਸ਼ ਦੇ ਆਧਾਰ 'ਤੇ ਸੁਣਵਾਈ ਹੋਵੇਗੀ। ਜ਼ਿਕਰਯੋਗ ਹੈ ਕਿ ਸ੍ਰੀ ਤਿਵਾੜੀ ਨੂੰ ਉਸ ਸਮੇਂ ਆਂਧਰਾ ਪ੍ਰਦੇਸ਼ ਦੇ ਰਾਜਪਾਲ ਦਾ ਅਹੁਦਾ ਛੱਡਣਾ ਪਿਆ ਸੀ, ਜਦੋਂ ਉਨ੍ਹਾਂ ਨੂੰ ਇਕ ਸਟਿੰਗ ਅਪ੍ਰੇਸ਼ਨ 'ਚ ਕਥਿਤ ਤੌਰ 'ਤੇ ਤਿੰਨ ਮਹਿਲਾਵਾਂ ਨਾਲ ਇਤਰਾਜ਼ਯੋਗ ਹਾਲਤ 'ਚ ਦਿਖਾਇਆ ਗਿਆ ਸੀ। ਅਦਾਲਤ ਨੇ 11 ਮਾਰਚ ਨੂੰ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ। ਸ੍ਰੀ ਤਿਵਾੜੀ ਨੇ ਸ਼ੇਖ਼ਰ ਦੀ ਅਰਜ਼ੀ 'ਤੇ ਸੁਣਵਾਈ ਦਾ ਜ਼ੋਰਦਾਰ ਢੰਗ ਨਾਲ ਵਿਰੋਧ ਕੀਤਾ। ਦੱਸਣਾ ਬਣਦਾ ਹੈ ਕਿ ਸ਼ੇਖ਼ਰ ਨੇ ਅਦਾਲਤ ਤੋਂ ਤਿਵਾੜੀ ਨੂੰ ਉਸਦਾ ਜਿਉਂਦਾ ਪਿਤਾ ਐਲਾਨ ਕਰਨ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਸੀ।

# ਸੋਨੀਆ ਦੇ ਇਸ਼ਤਿਹਾਰਾਂ 'ਤੇ ਕਰੋੜਾਂ ਫੂਕੇ ਸਰਕਾਰਾਂ ਨੇ



**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਸੋਨੀਆ ਗਾਂਧੀ ਦੇ ਇਸ਼ਤਿਹਾਰਾਂ ਲਈ ਲੋਕਾਂ ਦੀ ਕਮਾਈ ਦੇ 2 ਕਰੋੜ ਰੁਪਏ ਖਰਚ ਕਰ ਦਿੱਤੇ। ਇਸੇ ਤਰ੍ਹਾਂ ਹਰਿਆਣਾ ਦੀ ਸਰਕਾਰ ਨੇ ਵੀ ਮੈਡਮ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਇਕ ਨਹੀਂ ਬਲਕਿ ਪੰਜ ਅਖਬਾਰਾਂ ਵਿਚ ਇਸ਼ਤਿਹਾਰ ਛਪਵਾਏ। ਆਰ.ਟੀ.ਆਈ ਦੇ ਦੁਆਰਾ ਰਮੇਸ਼ ਵਰਮਾ ਨੂੰ ਸਰਕਾਰ ਤੋਂ ਇਹ ਜਾਣਕਾਰੀ ਹਾਸਲ ਹੋਈ ਹੈ। ਜ਼ਾਹਿਰ ਹੈ ਕਿ ਵਿਰੋਧੀਆਂ ਨੂੰ ਬੈਠੇ-ਬਿਠਾਏ ਸਰਕਾਰ ਨੂੰ ਘੇਰਨ ਦਾ ਮੌਕਾ ਮਿਲ ਗਿਆ। ਭਾਜਪਾ ਦੇ ਬੁਲਾਰੇ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸੋਨੀਆ ਗਾਂਧੀ ਪਾਰਟੀ ਦੀ ਪ੍ਰਧਾਨ ਹੈ, ਉਹ ਕਿਸੇ ਵੀ ਸਰਕਾਰੀ ਅਹੁਦੇ 'ਤੇ ਨਹੀਂ ਹਨ ਪਰ ਉਨ੍ਹਾਂ ਦੇ ਇਸ਼ਤਿਹਾਰਾਂ 'ਤੇ ਟੈਕਸ ਦੇਣ ਵਾਲਿਆਂ ਦਾ ਪੈਸਾ ਵਹਾਉਣਾ ਲੋਕਤੰਤਰ ਦੇ ਲਈ ਬਦਕਿਸਮਤੀ ਹੈ।

# ਮਾਇਆਵਤੀ ਨੇ ਹਾਰਾਂ ਦੇ ਰੂਪ 'ਚ ਕਰੋੜਾਂ ਵਸੂਲੇ

**ਲਖਨਊ :** ਮਾਇਆਵਤੀ ਵਲੋਂ ਬੀਤੇ ਦਿਨ ਪਹਿਨੇ ਨੋਟਾਂ ਦੇ ਹਾਰ ਤੋਂ ਬਾਅਦ ਪੈਦਾ ਹੋਏ ਰਾਮ-ਰੌਲੇ ਨੂੰ ਨਜ਼ਰਅੰਦਾਜ਼ ਕਰਦਿਆਂ ਬਸਪਾ ਮੁਖੀ ਮਾਇਆਵਤੀ ਨੇ ਲੰਘੀ 17 ਮਾਰਚ ਨੂੰ 18 ਲੱਖ ਰੁਪਏ ਦੀ ਕੀਮਤ ਵਾਲੇ ਨੋਟਾਂ ਦਾ ਇਕ ਹੋਰ ਹਾਰ ਪਹਿਨਿਆ। ਪਾਰਟੀ ਦੀ ਮੀਟਿੰਗ 'ਚ ਮਾਇਆਵਤੀ ਨੂੰ ਪਾਰਟੀ ਦੇ ਵਰਕਰਾਂ ਨੇ 18 ਲੱਖ ਰੁਪਏ ਦੇ ਨੋਟਾਂ ਦਾ ਹਾਰ ਪਹਿਨਾਇਆ। ਇਸ ਵਾਰ ਦੇ ਹਾਰ 'ਚ 100 ਅਤੇ 500 ਦੇ ਨੋਟ ਸ਼ਾਮਲ ਸਨ। ਮੀਟਿੰਗ ਵਿਚ ਬਸਪਾ ਦੇ ਉਘੇ ਆਗੂ ਨਸੀਮੂਦੀਨ ਸਿਦੀਕੀ ਨੇ ਪੱਤਰਕਾਰਾਂ ਨੂੰ ਦਸਿਆ ਕਿ ਹੁਣ ਜਦ ਵੀ ਮਾਇਆਵਤੀ ਕਿਤੇ ਜਾਣਗੇ ਤਾਂ ਉਨ੍ਹਾਂ ਨੂੰ ਸਿਰਫ਼ ਪੈਸਿਆਂ ਦੇ ਹਾਰ ਹੀ ਪਾਏ ਜਾਇਆ ਕਰਨਗੇ। ਉਨ੍ਹਾਂ ਕਿਹਾ ਕਿ ਇਹ ਹਾਰ ਬਣਾਉਣ ਲਈ ਸਾਡੇ ਵਰਕਰਾਂ ਨੇ ਥੋੜਾ-ਥੋੜਾ ਪੈਸਾ ਇਕੱਠਾ ਕੀਤਾ ਹੈ। ਸਿਦੀਕੀ ਨੇ ਕਿਹਾ ਕਿ 'ਜੋ ਭੈਣ ਜੀ ਨਾਲ ਟਕਰਾਏਗਾ, ਉਹ ਮਿੱਟੀ 'ਚ ਮਿਲ ਜਾਵੇਗਾ।' ਉਨ੍ਹਾਂ ਕਿਹਾ ਕਿ ਇਹ 18 ਲੱਖ ਰੁਪਏ ਯੂ.ਪੀ. ਦੇ 18 ਜ਼ੋਨਾਂ 'ਚੋਂ ਇਕ-ਇਕ ਰੁਪਈਆ ਵਰਕਰਾਂ ਤੋਂ ਲੈ ਕੇ ਇਕੱਤਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਇਆਵਤੀ ਦੇ ਰਾਸ਼ਟਰੀ ਨੇਤਾ ਵਜੋਂ ਉਭਰਨ ਕਰ ਕੇ ਸਾਰੀਆਂ ਸਿਆਸੀ ਪਾਰਟੀਆਂ ਉਨ੍ਹਾਂ ਵਿਰੁਧ ਇਕੱਠੀਆਂ ਹੋ ਰਹੀਆਂ ਹਨ। ਦਸਣਯੋਗ ਹੈ ਕਿ 15 ਮਾਰਚ ਨੂੰ ਲਖਨਊ ਵਿਚ ਮਾਇਆਵਤੀ ਨੇ ਬਸਪਾ ਦੀ ਮਹਾ ਰੈਲੀ 'ਚ ਨੋਟਾਂ ਦਾ ਇਕ ਵੱਡਾ ਹਾਰ ਪਹਿਨਿਆ ਸੀ। ਹਜ਼ਾਰ-ਹਜ਼ਾਰ ਦੇ ਨੋਟਾਂ ਵਾਲੇ ਇਸ 'ਬਹੁਕਰੋੜੀ' ਹਾਰ ਨੂੰ ਲੈ ਕੇ ਸੰਸਦ ਦੇ ਅੰਦਰ ਅਤੇ ਬਾਹਰ ਮਾਇਆਵਤੀ ਨੂੰ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਵੱਖ-ਵੱਖ ਸਿਆਸੀ ਪਾਰਟੀਆਂ ਨੇ ਇਸ ਹਾਰ ਦੀ ਕੀਮਤ ਲੱਖਾਂ ਅਤੇ ਕਰੋੜਾਂ ਵਿਚ ਦੱਸੀ ਸੀ। ਸਿਦੀਕੀ ਨੇ ਸਪੱਸ਼ਟ ਕੀਤਾ ਕਿ ਉਸ ਹਾਰ ਦੀ ਕੁਲ ਕੀਮਤ 21 ਲੱਖ ਰੁਪਏ ਹੈ। ਇਸ ਸਬੰਧ ਵਿਚ ਕਰ ਵਿਭਾਗ ਜਾਂਚ ਵੀ ਕਰ ਰਿਹਾ ਹੈ ਕਿ ਇਹ ਹਜ਼ਾਰ-ਹਜ਼ਾਰ ਦੇ ਨੋਟ ਕਿਥੋਂ ਆਏ। ਕਾਂਗਰਸ, ਭਾਜਪਾ ਅਤੇ ਸਮਾਜਵਾਦੀ ਪਾਰਟੀ ਇਸ ਸਬੰਧ ਵਿਚ ਸੀ.ਬੀ.ਆਈ. ਜਾਂਚ ਦੀ ਮੰਗ ਕਰ ਰਹੀਆਂ ਹਨ। ਬਸਪਾ ਦੇ ਕੌਮੀ ਜਨਰਲ ਸਕੱਤਰ ਸਿਦੀਕੀ ਨੇ ਕਿਹਾ ਕਿ ਅਸੀਂ ਅੱਜ 18 ਲੱਖ ਦੀ ਕੀਮਤ ਵਾਲਾ ਇਕ ਹੋਰ ਹਾਰ ਪ੍ਰਧਾਨ ਜੀ ਦੇ ਗਲ ਪਾਇਆ ਹੈ ਜੋ ਸੂਬੇ ਦੀਆਂ 18 ਡਵੀਜ਼ਨਾਂ ਨੂੰ ਦਰਸਾਉਂਦਾ ਹੈ। ਅਸੀਂ ਅੱਗੇ ਤੋਂ ਪ੍ਰਧਾਨ ਜੀ ਨੂੰ ਨੋਟਾਂ ਦੇ ਹਾਰ ਹੀ ਪਹਿਨਾਇਆ ਕਰਾਂਗੇ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਦੇ ਜਨਮ ਦਿਨ 'ਤੇ ਮਨਾਈ ਗਈ ਪਾਰਟੀ ਦੀ ਸਿਲਵਰ ਜੁਬਲੀ ਤੋਂ ਔਖੇ ਹਨ। ਇਸ ਲਈ ਹਾਰ ਨੂੰ ਮੁੱਦਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਦੀ ਇਹ ਇਕ ਘਟੀਆ ਹਰਕਤ ਹੈ। ਸਿਦੀਕੀ ਨੇ ਦਸਿਆ ਕਿ ਇਹ ਹਾਰ ਵਿਰੋਧੀ ਧਿਰਾਂ ਦੇ ਵਿਰੋਧ ਦੇ ਜਵਾਬ ਵਿਚ ਪਹਿਨਾਇਆ ਗਿਆ ਹੈ। ਉਨ੍ਹਾਂ ਦਸਿਆ ਕਿ ਇਸ ਹਾਰ ਲਈ ਪੈਸਾ ਪਾਰਟੀ ਦੇ ਵਰਕਰਾਂ ਨੇ ਥੋੜਾ-ਥੋੜਾ ਕਰ ਕੇ ਇਕੱਠਾ ਕੀਤਾ ਹੈ। ਵਿਰੋਧੀ ਪਾਰਟੀਆਂ ਵਲੋਂ ਹਾਰ ਨੂੰ ਮੁੱਦਾ ਬਣਾ ਕੇ ਕੀਤੀ ਜਾ ਰਹੀ ਵਿਰੋਧਤਾ ਨਾਲ ਨਜਿੱਠਣ ਲਈ ਮਾਇਆਵਤੀ ਨੇ 25 ਮਾਰਚ ਨੂੰ 'ਪਰਦਾਫ਼ਾਸ਼' ਪ੍ਰਦਰਸ਼ਨ ਦਾ ਐਲਾਨ ਕੀਤਾ ਹੈ। ਖ਼ਾਸ ਕਰ ਕੇ ਕਾਂਗਰਸ ਵਲੋਂ ਬਸਪਾ ਵਿਰੁਧ ਘੜੀ ਜਾ ਰਹੀ ਸਾਜ਼ਸ਼ ਨੂੰ ਜੱਗ ਜ਼ਾਹਰ ਕੀਤਾ ਜਾਵੇਗਾ।

ਰੈਲੀ ਵਿਚ ਮਾਇਆ ਦੀ ਮਾਲਾ 'ਤੇ ਮੱਚੇ ਰੌਲੇ-ਰੱਪੇ ਪਿੱਛੋਂ ਆਮਦਨ ਕਰ ਵਿਭਾਗ ਇਸ ਮਾਲਾ ਦੀ ਕੀਮਤ ਜਾਣਨ ਵਿਚ ਲੱਗਾ ਹੋਇਆ ਹੈ। ਬਸਪਾ ਨੇ ਦਾਅਵਾ ਕੀਤਾ ਕਿ ਮਾਲਾ 21 ਲੱਖ ਰੁਪਏ ਦੀ ਸੀ ਜਦਕਿ ਆਮਦਨ ਕਰ ਵਿਭਾਗ ਦਾ ਕਹਿਣਾ ਹੈ ਕਿ ਉਸ ਮਾਲਾ ਵਿਚ 5 ਕਰੋੜ ਰੁਪਏ ਦੇ ਨੋਟ ਲੱਗੇ ਹੋਏ ਸਨ।

ਆਮਦਨ ਕਰ ਵਿਭਾਗ ਦੀ ਮੁਢਲੀ ਜਾਂਚ ਮੁਤਾਬਕ ਮਾਲਾ ਦਾ ਭਾਰ 65 ਕਿਲੋ ਸੀ। ਇਕ ਹਜ਼ਾਰ ਰੁਪਏ ਦੇ ਨੋਟਾਂ ਦੀ ਗੱਡੀ ਦਾ ਭਾਰ ਲਗਭਗ 120 ਗ੍ਰਾਮ ਹੁੰਦਾ ਹੈ। ਮਾਲਾ ਵਿਚੋਂ ਧਾਗੇ ਦਾ ਭਾਰ ਘਟਾਉਣ ਪਿਛੋਂ ਇਹ ਮਾਲਾ ਘੱਟੋ-ਘੱਟ 60 ਕਿਲੋ ਦੀ ਸੀ। ਰਿਜ਼ਰਵ ਬੈਂਕ ਤੋਂ ਮਿਲੇ ਸੂਤਰਾਂ ਦੀ ਮਦਦ ਨਾਲ ਵਿਭਾਗ ਇਸ ਸਿੱਟੇ 'ਤੇ ਪੁੱਜਾ ਹੈ ਕਿ ਇਹ ਮਾਲਾ ਇਕ ਹਜ਼ਾਰ ਰੁਪਏ ਦੇ ਨੋਟਾਂ ਦੀਆਂ 500 ਗੱਡੀਆਂ ਨਾਲ ਬਣਾਈ ਗਈ ਸੀ। ਇਸ ਪੱਖੋਂ ਮਾਲਾ ਵਿਚ ਘੱਟੋ-ਘੱਟ 5 ਕਰੋੜ ਰੁਪਏ ਦੇ ਨੋਟ ਲੱਗੇ ਹੋਏ ਸਨ।




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627




ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਟਿਟੀ ਅਤੇ ਸਸਤੀਆਂ ਦਰਾਂ ਤੇ

ਮੈਡੀਕਲ ਇੰਸ਼ੋਰੈਂਸ

ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

ਮੇਜਰ ਸਿੰਘ ਚੌਹਾਨ

Sacramento Office
2377 Gold Meadow Way,
Suite 157, Gold River CA 95670

Bakersfield Office
PO Box 40728
Bakersfield CA 93384

Fremont Office
39650 Liberty St. #200
Fremont CA 94538



Cell: 916-337-1683
Off : 661-369-4865
Off : 916-983-4890
Fax : 916-984-0110
Fax : 888-327-6115

Major Singh Chauhan
AGENT
CA Ins. Lic #0D36632
New York Life Insurance Company


mc101048@gmail.com

THE COMPANY YOU KEEP

## ਰਾਜ ਠਾਕਰੇ ਨੇ ਹੁਣ ਮਹੇਸ਼ ਭੱਟ ਨੂੰ ਨਿਸ਼ਾਨਾ ਬਣਾਇਆ

**ਮੁੰਬਈ :** ਮਹਾਰਾਸ਼ਟਰ ਨਵ-ਨਿਰਮਾਣ ਸੈਨਾ ਦੇ ਮੁਖੀ ਰਾਜ ਠਾਕਰੇ ਨੇ ਹੁਣ ਫਿਲਮ ਨਿਰਮਾਤਾ ਮਹੇਸ਼ ਭੱਟ ਨੂੰ ਆਪਣੇ ਨਿਸ਼ਾਨੇ 'ਤੇ ਲਿਆ ਹੈ। ਰਾਜ ਠਾਕਰੇ ਨੇ ਕਿਹਾ ਕਿ ਜੇ ਭੱਟ ਮੇਰੇ ਹੱਥ ਲੱਗ ਜਾਵੇ ਤਾਂ ਮੈਂ ਉਸਨੂੰ ਦੱਸ ਦੇਵਾਂਗਾ। ਠਾਕਰੇ ਨੇ ਇਹ ਗੱਲ ਇਕ ਪੁਸਤਕ ਦੀ ਘੁੰਡ ਚੁਕਾਈ ਦੌਰਾਨ ਕਹੀ। ਸੁਪਰੀਮ ਕੋਰਟ ਨੇ ਰਾਜ ਨੂੰ ਵਾਰਨਿੰਗ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮਹੇਸ਼ ਭੱਟ ਵਲੋਂ ਕੀਤੀ ਗਈ ਜ਼ਬਰਨ ਵਸੂਲੀ ਦੀ ਸ਼ਿਕਾਇਤ ਦੇ ਆਧਾਰ 'ਤੇ ਮਨਸੇ ਦੇ 11 ਵਰਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਸਮੇਂ ਮਹਿਬੂਬ ਸਟੂਡੀਓ ਵਿਚ ਅਭਿਸ਼ੇਕ ਬਚਨ ਤੇ ਐਸ਼ਵਰਿਆ ਰਾਏ ਦੀ ਫਿਲਮ ਦੀ ਸ਼ੂਟਿੰਗ ਚੱਲ ਰਹੀ ਸੀ। ਮਹੇਸ਼ ਭੱਟ ਨੇ ਪੁਲਸ ਤੇ ਮੁਖ ਮੰਤਰੀ ਤੋਂ ਠਾਕਰੇ ਵਿਰੁਧ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਇਸ ਗੱਲ ਨੂੰ ਲੈ ਕੇ ਠਾਕਰੇ ਨੇ ਭੱਟ ਨੂੰ ਧਮਕੀ ਦਿੱਤੀ ਹੈ ਕਿ ਜੇ ਭੱਟ ਮੇਰੇ ਹੱਥ ਲੱਗ ਗਿਆ ਤਾਂ ਮੈਂ ਉਸਨੂੰ ਦੱਸ ਦੇਵਾਂਗਾ।





## ਅਦਾਕਾਰ ਧਰਮਿੰਦਰ ਨੂੰ ਹਸਪਤਾਲ ਤੋਂ ਛੁੱਟੀ

**ਚੰਡੀਗੜ੍ਹ :** ਬਾਲੀਵੁੱਡ ਦੇ 'ਹੀਮੈਨ' ਕਹੇ ਜਾਂਦੇ ਧਰਮਿੰਦਰ ਨੂੰ ਲੰਘੀ 17 ਮਾਰਚ ਨੂੰ ਪੀ.ਜੀ.ਆਈ. ਤੋਂ ਛੁੱਟੀ ਦੇ ਦਿੱਤੀ ਗਈ ਹੈ। ਛਾਤੀ ਵਿਚ ਦਰਦ ਹੋਣ 'ਤੇ ਬੀਤੇ ਦਿਨੀਂ ਉਨ੍ਹਾਂ ਨੂੰ ਇਥੇ ਦਾਖਲ ਕਰਾਇਆ ਗਿਆ ਸੀ। ਧਰਮਿੰਦਰ ਅੱਜ-ਕੱਲ੍ਹ ਇਕ ਫਿਲਮ ਦੀ ਸ਼ੂਟਿੰਗ ਲਈ ਪੰਜਾਬ ਆਏ ਹੋਏ ਹਨ। ਪੀ.ਜੀ.ਆਈ. ਦੇ ਪ੍ਰਾਈਵੇਟ ਵਾਰਡ ਵਿਚ ਉਨ੍ਹਾਂ ਦੇ ਈ.ਸੀ.ਜੀ., ਐਕਸਰੇ ਸਮੇਤ ਦੂਜੇ ਟੈਸਟ ਕੀਤੇ ਗਏ। ਉਨ੍ਹਾਂ ਦੇ ਸਾਰੇ ਟੈਸਟ ਠੀਕ ਸੀ ਪਰ ਬਲੱਡ ਪ੍ਰੈਸ਼ਰ ਆਮ ਨਾਲੋਂ ਵੱਧ ਹੋਣ ਕਾਰਨ ਉਨ੍ਹਾਂ ਨੂੰ ਅਰਾਮ ਦੀ ਸਲਾਹ ਦਿੱਤੀ ਗਈ। ਡਾਕਟਰਾਂ ਨੇ ਬਾਅਦ ਦੁਪਹਿਰ ਧਰਮਿੰਦਰ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ। ਐਕਸਰੇ ਕਰਾ ਕੇ ਬਾਹਰ ਨਿਕਲਣ ਸਮੇਂ ਉਨ੍ਹਾਂ ਪੱਤਰਕਾਰਾਂ ਨੂੰ ਕਿਹਾ ਕਿ ਉਹ ਦੋ ਦਿਨ ਅਰਾਮ ਮਗਰੋਂ ਮੁੜ ਸ਼ੂਟਿੰਗ ਸ਼ੁਰੂ ਕਰ ਦੇਣਗੇ। ਉਨ੍ਹਾਂ ਦੀ ਫਿਲਮ 'ਜੱਟ ਯਮਲਾ ਪਗਲਾ ਦੀਵਾਨਾ' ਦੀ ਸ਼ੂਟਿੰਗ ਨਾਭੇ ਦੇ ਆਲੇ-ਦੁਆਲੇ ਚੱਲ ਰਹੀ ਹੈ।



## ਪ੍ਰੇਮੀ ਜੋੜੇ ਦੀਆਂ ਅੱਖਾਂ ਕੱਢਣ ਦਾ ਫ਼ੁਰਮਾਨ

**ਨੋਇਡਾ :** ਉੱਤਰ ਪ੍ਰਦੇਸ਼ ਦੇ ਗ੍ਰੇਟਰ ਨੋਇਡਾ ਤੋਂ ਫ਼ਰਾਰ ਹੋਏ ਪ੍ਰੇਮੀ ਜੋੜੇ ਬਾਰੇ ਪੰਚਾਇਤ ਨੇ ਦਿਲ ਕੰਬਾ ਦੇਣ ਵਾਲਾ ਫ਼ੁਰਮਾਨ ਜਾਰੀ ਕੀਤਾ ਹੈ। ਪੰਚਾਇਤ ਨੇ ਪ੍ਰੇਮੀ ਜੋੜੇ ਨੂੰ ਸਾਹਮਣੇ ਪੇਸ਼ ਕਰਨ ਅਤੇ ਸਜ਼ਾ ਵਜੋਂ ਅੱਖਾਂ ਕੱਢ ਲੈਣ ਦਾ ਆਦੇਸ਼ ਦਿਤਾ। ਪ੍ਰਾਪਤ ਜਾਣਕਾਰੀ ਅਨੁਸਾਰ ਇਥੋਂ ਕੁਝ ਦੂਰ ਸਥਿਤ ਪਿੰਡ ਘੋੜੀ ਵਿਖੇ ਮਹਿੰਦੀ ਹਸਨ ਨਾਂ ਦੇ ਵਿਅਕਤੀ ਦਾ ਭਾਣਜਾ ਬੀਤੀ 18 ਮਾਰਚ ਨੂੰ ਇਕ ਕੁੜੀ ਨੂੰ ਲੈ ਕੇ ਫ਼ਰਾਰ ਹੋ ਗਿਆ ਸੀ। ਘਟਨਾ ਤੋਂ ਬਾਅਦ ਕੁੜੀ ਵਾਲਿਆਂ ਨੇ ਪੰਚਾਇਤ ਵਿਚ ਸ਼ਿਕਾਇਤ ਕੀਤੀ। ਪੰਚਾਇਤ ਵਿਚ ਫ਼ੈਸਲਾ ਹੋਇਆ ਕਿ ਮਾਮਾ ਅਪਣੇ ਭਾਣਜੇ ਨੂੰ ਪੰਚਾਇਤ ਸਾਹਮਣੇ ਪੇਸ਼ ਕਰੇਗਾ ਅਤੇ ਬਾਅਦ ਵਿਚ ਦੋਹਾਂ ਦੀਆਂ ਅੱਖਾਂ ਕੱਢ ਲਈਆਂ ਜਾਣਗੀਆਂ। ਪੰਚਾਇਤ ਦਾ ਕਹਿਣਾ ਹੈ ਕਿ ਸਖ਼ਤ ਸਜ਼ਾ ਮਗਰੋਂ ਕੋਈ ਪ੍ਰੇਮੀ ਜੋੜਾ ਅਜਿਹੀ ਕੋਈ ਹਰਕਤ ਕਰਨ ਦਾ ਯਤਨ ਨਹੀਂ ਕਰੇਗਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੰਚਾਇਤ ਵਿਰੁਧ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਨੇ ਇਸ ਸਬੰਧੀ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਪਰ ਪਿੰਡ ਵਾਲਿਆਂ ਨੇ ਹਮਲਾ ਕਰ ਕੇ ਉਨ੍ਹਾਂ ਨੂੰ ਛੁਡਾ ਲਿਆ। ਪਿੰਡ ਦੇ ਲੋਕਾਂ ਨੇ ਪੁਲਿਸ ਉਪਰ ਪਥਰਾਅ ਵੀ ਕੀਤਾ ਜਿਸ ਵਿਚ ਕਈ ਪੁਲਿਸ ਵਾਲੇ ਜ਼ਖ਼ਮੀ ਹੋ ਗਏ।

## ਸ਼ਤਰੂਘਨ ਵਲੋਂ ਗਡਕਰੀ ਦੀ ਟੀਮ ਦੀ ਨਿੰਦਾ

**ਮੁੰਬਈ :** ਕੌਮੀ ਕਾਰਜਕਾਰਨੀ ਦੀ ਚੋਣ ਵੇਲੇ ਔਰਤਾਂ ਤੇ ਨੌਜਵਾਨਾਂ ਨੂੰ ਢੁਕਵੀਂ ਥਾਂ ਦੇਣ ਦਾ ਦਾਅਵਾ ਕਰਨ ਵਾਲੀ ਭਾਜਪਾ ਦੇ ਅਦਾਕਾਰ ਤੋਂ ਸਿਆਸਤਦਾਨ ਬਣੇ ਸ਼ਤਰੂਘਨ ਸਿਨਹਾ ਨੇ ਡਟ ਕੇ ਆਲੋਚਨਾ ਕੀਤੀ ਹੈ। ਗਡਕਰੀ ਵਲੋਂ ਚੁਣੀ ਟੀਮ ਦੀ ਆਲੋਚਨਾ ਕਰਦਿਆਂ ਭਾਜਪਾ ਆਗੂ ਸ੍ਰੀ ਸਿਨਹਾ ਨੇ ਕਿਹਾ ਕਿ ਕੁਝ ਕਾਬਲ ਲੋਕਾਂ ਨੂੰ ਇਸ ਟੀਮ 'ਚ ਸ਼ਾਮਲ ਨਹੀਂ ਕੀਤਾ ਗਿਆ। ਅਹੁਦੇਦਾਰਾਂ ਦਾ ਐਲਾਨ ਹੋਣ ਤੋਂ ਦੋ ਦਿਨਾਂ ਬਾਅਦ ਸ੍ਰੀ ਸਿਨਹਾ ਨੇ ਕਿਹਾ ਕਿ ਉਹ ਖ਼ੁਦ ਕਿਸੇ ਅਹੁਦੇ ਲਈ ਦਾਅਵੇਦਾਰ ਨਹੀਂ ਸਨ ਪਰ ਇਸ ਟੀਮ 'ਚ ਸੀਨੀਅਰ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਨੂੰ ਜ਼ਰੂਰ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ। ਸ੍ਰੀ ਸਿਨਹਾ ਨੇ ਤਰਕ ਦਿੱਤਾ ਕਿ ਛੇਤੀ ਹੀ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ, ਜਿਨ੍ਹਾਂ ਵਿਚ ਪਾਰਟੀ ਦੀ ਹੋਂਦ ਕਾਇਮ ਰੱਖਣਾ ਬੇਹੱਦ ਜ਼ਰੂਰੀ ਹੈ ਤੇ ਇਸ ਲਈ ਯਸ਼ਵੰਤ ਸਿਨਹਾ ਨੂੰ ਅਹੁਦਾ ਦੇਣਾ ਜ਼ਰੂਰੀ ਸੀ। ਸ੍ਰੀ ਸਿਨਹਾ ਨੇ ਧੜੇਬੰਦੀ ਦੇ ਸਪੱਸ਼ਟ ਸੰਕੇਤ ਦਿੰਦਿਆਂ ਕਿਹਾ ਕਿ ਟੀਮ ਦੀ ਚੋਣ ਵੇਲੇ ਸੁਸ਼ਮਾ ਸਵਰਾਜ ਤੇ ਹੋਰ ਸੀਨੀਅਰ ਆਗੂਆਂ ਨਾਲ ਵਿਚਾਰ- ਵਟਾਂਦਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਹ ਕਾਰਜਕਾਰਨੀ ਦੀ ਚੋਣ ਨੂੰ ਲੈ ਕੇ ਚਿੰਤਤ ਤੇ ਨਾਖ਼ੁਸ਼ ਹਨ। ਸੂਤਰਾਂ ਮੁਤਾਬਕ ਸ੍ਰੀ ਸਿਨਹਾ ਰਵੀਸ਼ੰਕਰ ਪ੍ਰਸਾਦ ਨੂੰ ਪਾਰਟੀ ਦਾ ਮੁੱਖ ਬੁਲਾਰਾ ਬਣਾਉਣ ਤੋਂ ਅੰਦਰਖਾਤੇ ਨਾਰਾਜ਼ ਹਨ, ਕਿਉਂਕਿ ਉਹ ਖ਼ੁਦ ਬਿਹਾਰ ਵਿਧਾਨ ਸਭਾ ਚੋਣਾਂ 'ਚ ਵੱਡੀ ਭੂਮਿਕਾ ਨਿਭਾਉਣਾ ਚਾਹੁੰਦੇ ਸਨ, ਜੋ ਹੁਣ ਮੁਸ਼ਕਿਲ ਹੈ। ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਸਿਨਹਾ ਨੇ ਜ਼ਿਕਰ ਕੀਤਾ ਕਿ ਉਨ੍ਹਾਂ ਤੋਂ ਇਲਾਵਾ ਕਈ ਹੋਰ ਪਾਰਟੀ ਆਗੂ ਵੀ ਟੀਮ ਦੀ ਚੋਣ ਤੋਂ ਨਾਰਾਜ਼ ਹਨ।




## ਯੁਵਰਾਜ ਸਿੰਘ ਨੇ ਸਵੰਬਰ ਦੀ ਪੇਸ਼ਕਸ਼ ਨਕਾਰੀ

**ਨਵੀਂ ਦਿੱਲੀ :** ਕ੍ਰਿਕਟ ਨੂੰ ਅਪਣਾ ਪਹਿਲਾ ਪਿਆਰ ਦੱਸਣ ਵਾਲੇ ਭਾਰਤੀ ਕ੍ਰਿਕਟ ਟੀਮ ਦੇ ਖਿਡਾਰੀ ਯੁਵਰਾਜ ਸਿੰਘ ਨੇ ਇਕ ਟੀ.ਵੀ. ਚੈਨਲ 'ਤੇ ਸਵੰਬਰ ਵਿਚ ਹਿੱਸਾ ਲੈਣ ਦੀ ਪੇਸ਼ਕਸ਼ ਨਕਾਰ ਦਿਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦਿਲ ਵਿਚ ਵਿਆਹ ਦਾ ਕੋਈ ਖ਼ਿਆਲ ਹੀ ਨਹੀਂ ਹੈ। ਯੁਵਰਾਜ ਨੇ ਐਨ.ਡੀ.ਟੀ.ਵੀ. ਨੂੰ ਦਿਤੀ ਇੰਟਰਵਿਊ ਵਿਚ ਇਸ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਇੰਡੀਅਨ ਪ੍ਰੀਮੀਅਰ ਲੀਗ ਵਿਚ ਕਿੰਗਜ਼ ਇਲੈਵਨ ਪੰਜਾਬ ਦੀ ਮਾਲਕਣ ਪ੍ਰੀਤੀ ਜ਼ਿੰਟਾ ਅਤੇ ਮੌਜੂਦਾ ਕਪਤਾਨ ਕੁਮਾਰ ਸੰਗਕਾਰਾ ਦੀ ਤਾਰੀਫ਼ ਕੀਤੀ। ਸਵੰਬਰ ਬਾਰੇ ਉਨ੍ਹਾਂ ਕਿਹਾ, "ਮੇਰੀ ਮਾਂ ਨੇ ਮੈਨੂੰ ਕਿਹਾ ਕਿ ਸਵੰਬਰ ਵਰਗੀ ਕਿਸੇ ਚੀਜ਼ ਦੀ ਪੇਸ਼ਕਸ਼ ਕੀਤੀ ਗਈ ਸੀ। ਮੈਨੂੰ ਇਸ ਦਾ ਮਤਲਬ ਵੀ ਨਹੀਂ ਪਤਾ ਸੀ ਤਾਂ ਮੇਰੀ ਮਾਂ ਨੇ ਇਸ ਬਾਰੇ ਮੈਨੂੰ ਸਮਝਾਇਆ ਅਤੇ ਮੈਂ ਇਹ ਸੁਣ ਕੇ ਹੈਰਾਨ ਰਹਿ ਗਿਆ। ਮੈਂ ਤਾਂ ਇਹੀ ਕਿਹਾ ਕਿ ਮੈਂ ਇਸ ਵਿਚ ਹਿੱਸਾ ਨਹੀਂ ਲੈ ਸਕਦਾ। ਮੈਂ ਕ੍ਰਿਕਟ ਖੇਡ ਨਾਲ ਹੀ ਕਾਫ਼ੀ ਖ਼ੁਸ਼ ਹਾਂ।"ਕੁੜੀਆਂ ਵਿਚ ਅਪਣੇ ਜ਼ਬਰਦਸਤ ਕ੍ਰੇਜ਼ ਅਤੇ ਬਾਲੀਵੁਡ ਅਦਾਕਾਰਾਂ ਨਾਲ ਅਪਣੇ ਸਬੰਧਾਂ ਦੀ ਅਫ਼ਵਾਹਾਂ ਦੇ ਬਾਵਜੂਦ ਉਨ੍ਹਾਂ ਕਿਹਾ ਕਿ ਮੇਰਾ ਫ਼ਿਲਹਾਲ ਵਿਆਹ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਕ੍ਰਿਕਟ ਵਿਚ ਅਪਣੀ ਬੱਲੇਬਾਜ਼ੀ ਦਾ ਪੁਰਾਣਾ ਰੂਪ ਹਾਸਲ ਕਰ ਕੇ ਵਧੀਆ ਪ੍ਰਦਰਸ਼ਨ ਕਰਨਾ ਚਾਹੁੰਦਾ ਹਾਂ।

# ਪ੍ਰਿਯੰਕਾ ਨੂੰ ਸਰਵੋਤਮ ਅਭਿਨੇਤਰੀ ਦਾ ਰਾਸ਼ਟਰੀ ਪੁਰਸਕਾਰ



ਵੀ. ਕੇ. ਮੂਰਤੀ ਨੂੰ ਦਾਦਾ ਸਾਹਿਬ ਫਾਲਕੇ



**ਨਵੀਂ ਦਿੱਲੀ:** 'ਕਾਗਜ਼ ਕੇ ਫੂਲ', 'ਪਿਆਸਾ' ਅਤੇ 'ਪਾਕੀਜ਼ਾ' ਵਰਗੀਆਂ ਫ਼ਿਲਮਾਂ ਵਿਚ ਆਪਣੀ ਸ਼ਾਨਦਾਰ ਫੋਟੋਗ੍ਰਾਫੀ ਕਰਨ ਵਾਲੇ ਵੀ. ਕੇ. ਮੂਰਤੀ ਨੂੰ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ 19 ਮਾਰਚ ਨੂੰ ਇਥੇ 56ਵੇਂ ਰਾਸ਼ਟਰੀ ਫ਼ਿਲਮ ਪੁਰਸਕਾਰ ਸਮਾਰੋਹ ਦੌਰਾਨ ਦਾਦਾ ਸਾਹਿਬ ਫਾਲਕੇ ਪੁਰਸਕਾਰ ਨਾਲ ਨਿਵਾਜਿਆ। 87 ਸਾਲਾ ਸ੍ਰੀ ਮੂਰਤੀ ਸਿਨੇਮਾ ਜਗਤ ਦਾ ਇਹ ਚੋਟੀ ਦਾ ਪੁਰਸਕਾਰ ਹਾਸਲ ਕਰਨ ਵਾਲੇ ਪਹਿਲੇ ਤਕਨੀਸ਼ੀਅਨ ਹਨ। 2008 ਦੇ ਇਸ ਪੁਰਸਕਾਰ ਨਾਲ ਨਿਵਾਜੇ ਗਏ ਸ੍ਰੀ ਮੂਰਤੀ ਦਾ ਵਿਗਿਆਨ ਭਵਨ ਵਿਚ ਮੌਜੂਦ ਸਭ ਲੋਕਾਂ ਨੇ ਅਭਿਵਾਦਨ ਕੀਤਾ। ਉਨ੍ਹਾਂ ਨੂੰ ਪੁਰਸਕਾਰ ਵਜੋਂ ਗੋਲਡ ਮੈਡਲ ਅਤੇ 10 ਲੱਖ ਰੁਪਏ ਨਕਦ ਦਿੱਤੇ ਗਏ। ਮਸ਼ਹੂਰ ਫ਼ਿਲਮ ਅਭਿਨੇਤਰੀ ਪ੍ਰਿਯੰਕਾ ਚੋਪੜਾ ਨੂੰ ਮਧੁਰ ਭੰਡਾਰਕਾਰ ਦੀ ਫ਼ਿਲਮ 'ਫ਼ੈਸ਼ਨ' ਵਿਚ ਸ਼ਾਨਦਾਰ ਅਦਾਕਾਰੀ ਕਰਨ ਲਈ ਸਰਵੋਤਮ ਅਭਿਨੇਤਰੀ ਦਾ ਪੁਰਸਕਾਰ ਦਿੱਤਾ ਗਿਆ ਜੋ ਉਨ੍ਹਾਂ ਲਈ ਇਹ ਪਹਿਲਾ ਕੌਮੀ ਪੁਰਸਕਾਰ ਹੈ। 'ਦੇਸੀ ਗਰਲ ਫੇਮ' ਪ੍ਰਿਯੰਕਾ ਗਰੇਅ ਰੰਗ ਦੀ ਸਾੜ੍ਹੀ ਵਿਚ ਪੂਰੇ ਸਮਾਰੋਹ ਵਿਚ ਖਿੱਚ ਦਾ ਕੇਂਦਰ ਬਣੀ ਰਹੀ।

ਇਸੇ ਫ਼ਿਲਮ ਲਈ ਕੰਗਨਾ ਰਾਣਾਵਤ ਨੂੰ ਸਰਵੋਤਮ ਸਹਿ ਅਭਿਨੇਤਰੀ ਦਾ ਪੁਰਸਕਾਰ ਦਿੱਤਾ ਗਿਆ ਜਦੋਂਕਿ ਅਰਜੁਨ ਰਾਮਪਾਲ ਨੂੰ ਫ਼ਿਲਮ 'ਰਾਕ ਆਨ' ਲਈ ਸਰਵੋਤਮ ਸਹਾਇਕ ਅਭਿਨੇਤਾ ਦਾ ਸਨਮਾਨ ਪ੍ਰਦਾਨ ਕੀਤਾ ਗਿਆ। 'ਰਾਕ ਆਨ' ਨੂੰ ਸਰਵੋਤਮ ਹਿੰਦੀ ਫ਼ਿਲਮ ਦਾ ਪੁਰਸਕਾਰ ਵੀ ਪ੍ਰਦਾਨ ਕੀਤਾ ਗਿਆ। ਇਹ ਪੁਰਸਕਾਰ ਨਿਰਮਾਤਾ ਰਿਤੇਸ਼, ਫ਼ਰਹਾਨ ਅਤੇ ਨਿਰਦੇਸ਼ਕ ਅਭਿਸ਼ੇਕ ਕਪੂਰ ਨੇ ਲਿਆ। ਰਾਸ਼ਟਰਪਤੀ ਨੇ ਇਸ ਮੌਕੇ 'ਤੇ ਭਾਰਤੀ ਫ਼ਿਲਮਾਂ ਦੀ ਕੌਮਾਂਤਰੀ ਪੱਧਰ 'ਤੇ ਵਧ ਰਹੀ ਪ੍ਰਸਿੱਧੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਸਾਡੇ ਸਿਨੇਮਾ ਨੂੰ ਵਿਦੇਸ਼ਾਂ ਵਿਚ ਵੀ ਥਾਂ ਮਿਲਣੀ ਸ਼ੁਰੂ ਹੋ ਗਈ ਹੈ ਅਤੇ ਸਾਡੇ ਕਲਾਕਾਰਾਂ ਨੂੰ ਕੌਮਾਂਤਰੀ ਪੱਧਰ 'ਤੇ ਵੱਡੇ ਪੁਰਸਕਾਰ ਮਿਲ ਰਹੇ ਹਨ।

ਸਮੀਖਿਅਕਾਂ ਵਲੋਂ ਬੇਹੱਦ ਸਰਾਹੀ ਗਈ ਫ਼ਿਲਮ 'ਏ ਵੈਡਨੈਸ ਡੇ' ਲਈ ਨਿਰਦੇਸ਼ਕ ਨੀਰਜ ਪਾਂਡੇ ਨੂੰ ਸਵਰਨ ਕਮਲ ਅਤੇ ਸਵਾ ਲੱਖ ਰੁਪਏ ਨਕਦ ਮਿਲੇ। 'ਓਏ ਲੱਕੀ ਲੱਕੀ ਓਏ' ਲਈ ਨਿਰਦੇਸ਼ਕ ਦਿਵਾਕਰ ਬੈਨਰਜੀ ਨੂੰ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਨੂੰ ਸਵਰਨ ਕਮਲ ਅਤੇ 2 ਲੱਖ ਰੁਪਏ ਦਿੱਤੇ ਗਏ। ਸਰਵੋਤਮ ਬਾਲ ਫ਼ਿਲਮ ਦਾ ਪੁਰਸਕਾਰ ਕੰਨੜ ਫ਼ਿਲਮ 'ਗੁਬਾਚਿਗਲੂ' ਨੂੰ ਦਿੱਤਾ ਗਿਆ। ਸਰਵੋਤਮ ਗੈਰ-ਫੀਚਰ ਫ਼ਿਲਮ ਦਾ ਪੁਰਸਕਾਰ 'ਏ. ਐਫ. ਐਸ. ਪੀ. ਏ. 1958' ਨੂੰ ਦਿੱਤਾ ਗਿਆ।

# ਮਿਲਖਾ ਸਿੰਘ 'ਤੇ ਫ਼ਿਲਮ ਬਣਾਉਣਗੇ ਰਾਕੇਸ਼ ਮਹਿਰਾ





**ਚੰਡੀਗੜ੍ਹ :** ਉਡਣੇ ਸਿੱਖ ਮਿਲਖਾ ਸਿੰਘ ਬਾਰੇ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਛੇਤੀ ਹੀ ਇਕ ਫ਼ਿਲਮ ਬਣਾ ਰਹੇ ਹਨ। "ਰੰਗ ਦੇ ਬਸੰਤੀ" ਵਰਗੀ ਸੁਪਰਹਿੱਟ ਫ਼ਿਲਮ ਬਣਾ ਚੁੱਕੇ ਮਹਿਰਾ ਮਿਲਖਾ ਸਿੰਘ ਦੀ ਜ਼ਿੰਦਗੀ ਤੋਂ ਬਹੁਤ ਪ੍ਰਭਾਵਤ ਹਨ। ਇਸ ਫ਼ਿਲਮ ਦਾ ਨਾਂ 'ਭਾਗ ਮਿਲਖਾ ਸਿੰਘ ਭਾਗ' ਹੋਵੇਗਾ। ਫ਼ਿਲਮ ਵਿਚ ਮਿਲਖਾ ਸਿੰਘ ਵਲੋਂ ਜ਼ਿੰਦਗੀ ਵਿਚ ਕੀਤੇ ਸੰਘਰਸ਼ ਨੂੰ ਪੇਸ਼ ਕੀਤਾ ਜਾਵੇਗਾ ਜੋ ਪੰਜਾਬ ਅਤੇ ਦੇਸ਼ ਦੇ ਨੌਜਵਾਨਾਂ ਲਈ ਪ੍ਰੇਰਨਾ ਵਾਲੀ ਸਾਬਤ ਹੋਵੇਗੀ। ਇਹ ਕੋਈ ਪਰਵਾਰਕ ਕਹਾਣੀ ਨਹੀਂ ਸਗੋਂ ਇਕ ਆਮ ਵਿਅਕਤੀ ਤੋਂ ਪ੍ਰਸਿੱਧ ਦੌੜਾਕ ਬਣਨ ਦੀ ਕਹਾਣੀ ਹੋਵੇਗੀ। 75 ਸਾਲਾ ਮਿਲਖਾ ਸਿੰਘ ਨੇ ਕਿਹਾ ਕਿ ਉਨ੍ਹਾਂ ਅਪਣੇ ਬੇਟੇ ਜੀਵ ਮਿਲਖਾ ਸਿੰਘ ਦੀ ਸਲਾਹ 'ਤੇ ਇਸ ਫ਼ਿਲਮ ਨੂੰ ਇਜਾਜ਼ਤ ਦੇ ਦਿਤੀ। ਉਨ੍ਹਾਂ ਆਸ ਪ੍ਰਗਟਾਈ ਕਿ ਫ਼ਿਲਮ ਵਿਚ ਵਧੀਆ ਸੁਨੇਹਾ ਦਿਤਾ ਜਾਵੇਗਾ। ਉਨ੍ਹਾਂ ਕਿਹਾ, "ਸਾਰੀਆਂ ਮੇਰੀਆਂ ਪ੍ਰਾਪਤੀਆਂ ਅਤੇ ਮੀਲ ਪੱਥਰ ਮੇਰੀ ਸਖ਼ਤ ਮਿਹਨਤ ਦਾ ਨਤੀਜਾ ਹਨ। ਮੈਂ ਚਾਹੁੰਦਾ ਹਾਂ ਕਿ ਫ਼ਿਲਮ ਵਿਚ ਇਹ ਸੁਨੇਹਾ ਜਾਵੇ ਕਿ ਸਖ਼ਤ ਮਿਹਨਤ ਅਤੇ ਇੱਛਾ ਸ਼ਕਤੀ ਨਾਲ ਕਿਸੇ ਵੀ ਮੁਸ਼ਕਲ ਨੂੰ ਹਲ ਕੀਤਾ ਜਾ ਸਕਦਾ ਹੈ।" ਇਸ ਫ਼ਿਲਮ ਦੀ ਸ਼ੂਟਿੰਗ ਪੰਜਾਬ, ਦਿੱਲੀ, ਯੂਰਪ ਅਤੇ ਪਾਕਿਸਤਾਨ ਵਿਚ ਕੀਤੀ ਜਾਵੇਗੀ।

ਪਤਾ ਲੱਗਾ ਹੈ ਕਿ ਮਿਲਖਾ ਸਿੰਘ ਨੇ ਅਪਣੀ ਜ਼ਿੰਦਗੀ ਦੀ ਕਹਾਣੀ ਸਿਰਫ਼ ਇਕ ਰੁਪਏ ਵਿਚ ਫ਼ਿਲਮ ਨਿਰਮਾਤਾ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਨੂੰ ਦੇਣ ਦਾ ਐਲਾਨ ਕੀਤਾ ਹੈ। ਮਿਲਖਾ ਸਿੰਘ ਦਾ ਇਸ ਬਾਰੇ ਕਹਿਣਾ ਹੈ ਕਿ ਇਸ ਸਾਲ ਵੀ ਕਾਮਨਵੈਲਥ ਖੇਡਾਂ ਹੋ ਰਹੀਆਂ ਹਨ ਅਤੇ 52 ਸਾਲ ਪਹਿਲਾਂ ਮੈਂ ਇਨ੍ਹਾਂ ਖੇਡਾਂ 'ਚ ਸੋਨ ਤਮਗਾ ਜਿੱਤਿਆ ਸੀ। ਉਸ ਤੋਂ ਬਾਅਦ ਅੱਜ ਤਕ ਭਾਰਤ ਅਥਲੈਟਿਕਸ ਵਿਚ ਸੋਨ ਤਮਗਾ ਨਹੀਂ ਜਿੱਤ ਸਕਿਆ। ਉਨ੍ਹਾਂ ਕਿਹਾ ਕਿ ਮਹਿਰਾ ਦੀ ਇਹ ਫ਼ਿਲਮ ਦੇਸ਼ ਦੇ ਨੌਜਵਾਨਾਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ ਅਤੇ ਖੇਡਾਂ ਵਿਚ ਦੇਸ਼ ਦੀ ਸਥਿਤੀ ਹੋਰ ਮਜ਼ਬੂਤ ਹੋਵੇਗੀ। ਮਿਲਖਾ ਸਿੰਘ ਦਾ ਜਨਮ 1935 ਵਿਚ ਲਾਇਲਪੁਰ ਵਿਖੇ ਹੋਇਆ। ਦੇਸ਼ ਦੇ ਵੰਡ ਵੇਲੇ ਉਨ੍ਹਾਂ ਦੀ ਉਮਰ ਸਿਰਫ਼ 12 ਸਾਲ ਸੀ। ਦੰਗਾਕਾਰੀਆਂ ਨੇ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੇ ਮਾਪਿਆਂ ਦਾ ਕਤਲ ਕਰ ਦਿਤਾ ਪਰ ਉਹ ਕਿਸੇ ਤਰ੍ਹਾਂ ਸੁਰੱਖਿਅਤ ਭਾਰਤ ਪੁੱਜ ਗਏ। ਸਦਮੇ ਵਿਚੋਂ ਬਾਹਰ ਆਉਣਾ ਸੌਖਾ ਨਹੀਂ ਸੀ ਪਰ ਮਿਲਖਾ ਸਿੰਘ ਨੇ ਦ੍ਰਿੜ ਨਿਸ਼ਚੇ ਨਾਲ ਅੱਗੇ ਵਧਣਾ ਸ਼ੁਰੂ ਕੀਤਾ ਅਤੇ ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਵਿਚ ਸੋਨ ਤਮਗੇ ਜਿੱਤੇ। ਰੋਮ ਉਲੰਪਿਕਸ ਵਿਚ ਉਹ ਥੋੜ੍ਹੇ ਜਿਹੇ ਫ਼ਰਕ ਨਾਲ 400 ਮੀਟਰ ਦੌੜ 'ਚ ਕਾਂਸੀ ਦਾ ਤਮਗਾ ਜਿੱਤਣ ਤੋਂ ਰਹਿ ਗਏ। 400 ਮੀਟਰ ਦੌੜ ਵਿਚ ਮਿਲਖਾ ਸਿੰਘ ਦਾ ਬਣਾਇਆ ਰੀਕਾਰਡ ਕਈ ਦਹਾਕਿਆਂ ਤਕ ਕੋਈ ਭਾਰਤੀ ਨਾ ਤੋੜ ਸਕਿਆ।

# ਭਾਰਤ ਤੇ ਪਾਕਿਸਤਾਨ ਦੇ ਇਸ਼ਤਿਹਾਰਾਂ 'ਚ ਗਲਤੀਆਂ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਤੋਂ ਬਾਅਦ ਹੁਣ ਰੇਲ ਮੰਤਰਾਲੇ ਦਾ ਇਕ ਇਸ਼ਤਿਹਾਰ ਸਰਕਾਰ ਲਈ ਮੁਸੀਬਤ ਬਣ ਗਿਆ ਹੈ। ਰੇਲ ਮੰਤਰਾਲੇ ਦੇ ਇਕ ਇਸ਼ਤਿਹਾਰ ਵਿਚ ਵਿਖਾਏ ਗਏ ਭਾਰਤ ਦੇ ਨਕਸ਼ੇ ਵਿਚ ਦਿੱਲੀ ਨੂੰ ਪਾਕਿਸਤਾਨ ਵਿਚ ਦਿਖਾਇਆ ਗਿਆ ਹੈ। ਨਾਲ ਹੀ ਗਵਾਲੀਅਰ ਨੂੰ ਮਹਾਰਾਸ਼ਟਰ ਦਾ ਹਿੱਸਾ ਦੱਸਿਆ ਗਿਆ ਹੈ। ਇਸੇ ਤਰ੍ਹਾਂ ਕੋਲਕਾਤਾ ਨੂੰ ਬੰਗਾਲ ਦੀ ਖਾੜੀ ਵਿਚ ਦਿਖਾਇਆ ਗਿਆ ਹੈ।

ਦੂਜੇ ਪਾਸੇ ਇਸ ਵਿਵਾਦ ਤੋਂ ਪੱਲਾ ਝਾੜਦਿਆਂ ਰੇਲਵੇ ਨੇ ਇਸ ਗਲਤੀ ਦਾ ਠੀਕਰਾ ਇਸ਼ਤਿਹਾਰ ਏਜੰਸੀ 'ਤੇ ਭੰਨਿਆ ਹੈ। ਰੇਲਵੇ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਗਲਤੀ ਇਸ਼ਤਿਹਾਰ ਏਜੰਸੀ ਕਾਰਨ ਹੋਈ ਹੈ। ਉਸ ਨੂੰ ਰੇਲਵੇ ਪੈਨਲ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਨਾਲ ਹੀ ਉਸ ਦੇ ਭੁਗਤਾਨ 'ਤੇ ਵੀ ਤੁਰੰਤ ਰੋਕ ਲਗਾ ਦਿੱਤੀ ਗਈ ਹੈ। ਇਸੇ ਦੌਰਾਨ ਵਿਰੋਧੀ ਧਿਰਾਂ ਵਲੋਂ ਦਿੱਲੀ ਨੂੰ ਪਾਕਿਸਤਾਨ 'ਚ ਦਿਖਾਏ ਜਾਣ 'ਤੇ ਤਿੱਖਾ ਪ੍ਰਤੀਕਰਮ ਪ੍ਰਗਟਾਉਂਦਿਆਂ ਆਗੂਆਂ ਨੇ ਕਿਹਾ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਵੀ ਕੀਤੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਮਹਿਲਾ ਵਿਕਾਸ ਮੰਤਰਾਲੇ ਵਲੋਂ ਇਕ ਇਸ਼ਤਿਹਾਰ ਵਿਚ ਪਾਕਿਸਤਾਨੀ ਅਧਿਕਾਰੀ ਦੀ ਤਸਵੀਰ ਛਪ ਗਈ ਸੀ, ਜਿਸ 'ਤੇ ਵੀ ਕਾਫ਼ੀ ਵਿਵਾਦ ਹੋਇਆ ਸੀ। ਉਸ ਮਾਮਲੇ ਵਿਚ ਵੀ ਅਜੇ ਤਕ ਕਿਸੇ ਨੂੰ ਸਜ਼ਾ ਨਹੀਂ ਮਿਲੀ।

**ਪਾਕਿ ਐਡ ਵਿਚ ਭਾਰਤੀ ਪੰਜਾਬ ਪੁਲਿਸ ਦਾ ਲੋਗੋ:** ਪਾਕਿਸਤਾਨ ਦੇ ਪੰਜਾਬ ਸੂਬੇ ਦੀ ਪੁਲਿਸ ਨੇ ਉਥੋਂ ਦੀਆਂ ਅਖ਼ਬਾਰਾਂ ਵਿਚ ਵਿਗਿਆਪਨ ਛਪਾਇਆ ਹੈ। ਜਿਸ ਵਿਚ ਲੋਗੋ ਭਾਰਤੀ ਪੰਜਾਬ ਪੁਲਿਸ ਦਾ ਛਪਿਆ ਹੈ। ਇਸਦੀ ਜਨਤਾ ਵਿਚ ਤਿੱਖੀ ਆਲੋਚਨਾ ਹੋਈ ਹੈ। ਕਈ ਅੰਗ੍ਰੇਜ਼ੀ ਤੇ ਉਰਦੂ ਅਖ਼ਬਾਰਾਂ ਦੇ ਪਹਿਲੇ ਪੇਜ ਤੇ ਸ਼ੁਕਰਵਾਰ ਨੂੰ ਛਪੇ ਵਿਗਿਆਪਨ ਵਿਚ ਲੋਕਾਂ ਤੋਂ ਅੱਤਵਾਦੀ ਹਮਲੇ ਤੇ ਹੋਰ ਅਪਰਾਧ ਰੋਕਣ ਵਿਚ ਮਦਦ ਦੀ ਅਪੀਲ ਕੀਤੀ ਗਈ ਹੈ। ਵਿਗਿਆਪਨ ਦੇ ਥੱਲੇ 'ਪੰਜਾਬ ਪੁਲਿਸ' ਦੇ ਅੱਗੇ ਭਾਰਤੀ ਪੰਜਾਬ ਪੁਲਿਸ ਦਾ ਲੋਗੋ ਲੱਗਿਆ ਹੋਇਆ ਹੈ। ਪਾਕਿ ਪੰਜਾਬ ਪੁਲਿਸ ਦੇ ਪ੍ਰਮੁੱਖ ਤਾਰਿਕ ਸਲੀਮ ਡੋਗਰ ਨੇ ਵਿਗਿਆਪਨ ਛਾਪਣ ਵਾਲੀ ਕੰਪਨੀ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਵਿਭਾਗ ਨੇ ਕੰਪਨੀ ਨੂੰ ਸਹੀ ਲੋਗੋ ਮੁਹੱਈਆ ਕਰਾਇਆ ਸੀ। ਉਨ੍ਹਾਂ ਨੇ ਕਿਹਾ ਕਿ ਜਾਂਚ ਦੇ ਬਾਅਦ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਗੌਰਤਲਬ ਹੈ ਕਿ ਪਾਕਿਸਤਾਨੀ ਤੇ ਭਾਰਤੀ ਪੰਜਾਬ ਪੁਲਿਸ ਦਾ ਲੋਗੋ ਇਕੋ ਜਿਹਾ ਹੀ ਹੈ। ਇਸ ਵਿਚ 'ਪੀਪੀ' ਸ਼ਬਦ ਦੇ ਚਾਰੇ ਪਾਸੇ ਪੁਸ਼ਪਚੱਕਰ ਹੈ ਅਤੇ ਗਰਾਊਂਡ ਨੀਲੇ ਤੇ ਲਾਲ ਰੰਗ ਦੀ ਹੈ।

ਹਾਲਾਂਕਿ ਪਾਕਿਸਤਾਨੀ ਲੋਗੋ ਦੇ ਉਪਰ ਸਿਤਾਰਾ ਬਣਿਆ ਹੈ ਜਦਕਿ ਭਾਰਤੀ ਲੋਗੋ ਵਿਚ ਚਾਰ ਸਿੰਘਾਂ ਵਾਲਾ ਰਾਸ਼ਟਰੀ ਚਿੰਨ੍ਹ ਹੈ। ਜਨਵਰੀ ਵਿਚ ਭਾਰਤੀ ਅਖ਼ਬਾਰਾਂ ਵਿਚ ਛਪੇ ਇਕ ਸਰਕਾਰੀ ਵਿਗਿਆਪਨ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਫੋਟੋ ਦੇ ਕੋਲ ਪਾਕਿਸਤਾਨੀ ਵਾਯੂਸੈਨਾ ਪ੍ਰਮੁੱਖ ਤਨਵੀਰ ਮਹਿਮੂਦ ਅਹਿਮਦ ਦਾ ਫੋਟੋ ਛਪਣ ਨਾਲ ਵਿਵਾਦ ਖੜਾ ਹੋ ਗਿਆ ਸੀ।

# ਬਰਤਾਨਵੀ ਪੰਜਾਬੀ ਨੂੰ ਕਤਲ ਕੇਸ 'ਚ ਉਮਰ ਕੈਦ


**ਲੰਡਨ:** ਲੰਘੀ 17 ਮਾਰਚ ਨੂੰ ਇਕ ਗੈਰ-ਕਾਨੂੰਨੀ ਭਾਰਤੀ ਪਰਵਾਸੀ ਨੂੰ ਕਤਲ ਲਈ ਦੋਸ਼ੀ ਪਾਇਆ ਗਿਆ ਹੈ। ਹੁਣ ਅਦਾਲਤ ਵਲੋਂ ਉਹਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜੁਲਾਈ 2008 ਵਿਚ ਉਹਨੇ ਲੰਡਨ ਵਿਚ ਆਪਣੀ ਸਾਬਕਾ ਸਾਥਣ 'ਤੇ ਬੇਮੁਹਾਰੇਪਣ 'ਚ ਚਾਕੂ ਨਾਲ ਵਾਰ ਕੀਤੇ ਸਨ। 24 ਸਾਲਾ ਗੈਮਾ ਡੋਰਮਨ ਦੀ ਥਾਈ ਰੈਸਟੋਰੈਂਟ ਦੇ ਬਾਹਰ ਉਹਦੇ 25 ਸਾਲਾ ਸਾਬਕਾ ਪ੍ਰੇਮੀ ਵਿਕਰਮਜੀਤ ਸਿੰਘ ਨੇ ਚਾਕੂ ਮਾਰ ਮਾਰ ਕੇ ਹੱਤਿਆ ਕਰ ਦਿੱਤੀ ਸੀ। ਡੋਰਮਨ ਦੱਖਣ-ਪੱਛਮੀ ਲੰਡਨ ਵਿਚ ਆਪਣੇ ਮੰਗੇਤਰ ਨਾਲ ਰਾਤ ਦਾ ਭੋਜਨ ਕਰਨ ਆਈ ਸੀ ਜਦੋਂ ਉਹ ਬਾਹਰ ਕੈਸ਼ ਲੈਣ ਆਈ ਤਾਂ ਵਿਕਰਮਜੀਤ ਨੇ ਉਹਦੇ 'ਤੇ ਹਮਲਾ ਕਰ ਦਿੱਤਾ। ਓਲਡ ਬੇਇਲੀ ਅਦਾਲਤ ਅਨੁਸਾਰ ਇਸ ਨੌਜਵਾਨ ਨੇ ਸੱਤ ਇੰਚ ਦੇ ਰਸੋਈ ਵਾਲੇ ਚਾਕੂ ਨਾਲ ਲੜਕੀ 'ਤੇ ਵਾਰ ਕੀਤੇ। ਸਰਕਾਰੀ ਵਕੀਲ ਰਿਚਰਡ ਵਿੰਟਰ ਨੇ ਕਿਹਾ ਕਿ ਇਹ ਨਿਹੱਥੀ ਔਰਤ 'ਤੇ ਕੀਤਾ ਗਿਆ ਜਾਲਮਾਨਾ ਹਮਲਾ ਸੀ। ਇਸ ਤੋਂ ਦੋ ਮਹੀਨੇ ਪਹਿਲਾਂ ਡੋਰਮਨ ਨੇ ਪੁਲੀਸ ਨੂੰ ਦੱਸਿਆ ਸੀ ਕਿ ਵਿਕਰਮਜੀਤ ਸਿੰਘ ਉਹਨੂੰ ਤੰਗ ਕਰਦਾ ਹੈ ਤੇ ਲਗਾਤਾਰ ਸੈਂਕੜੇ ਮੈਸੇਜ ਭੇਜਦਾ ਰਹਿੰਦਾ ਹੈ। ਅਦਾਲਤ 'ਚ ਦੱਸਿਆ ਗਿਆ ਕਿ ਵਿਕਰਮਜੀਤ ਡੋਰਮਨ ਦਾ ਸ਼ੁਦਾਈ ਹੋ ਗਿਆ ਸੀ ਤੇ ਉਹਨੇ ਆਪਣੀ ਪਿੱਠ 'ਤੇ ਦਿਲ ਦੇ ਆਕਾਰ ਦਾ ਵੱਡਾ ਸਾਰਾ ਟੈਟੂ ਤੇ ਵਿਚਾਲੇ ਲੜਕੀ ਦਾ ਨਾਮ ਖੁਦਵਾਉਣ ਲਈ 200 ਪੌਂਡ ਖਰਚੇ ਸਨ।

ਉਹ ਡੋਰਮਨ ਨੂੰ ਪੱਤਰ ਲਿਖ ਕੇ ਵਾਰ-ਵਾਰ ਕਹਿੰਦਾ ਸੀ ਕਿ ਜਿਵੇਂ ਮੱਛੀ, ਪਾਣੀ ਬਿਨਾਂ ਜਿਉਂਦੀ ਨਹੀਂ ਰਹਿ ਸਕਦੀ ਉਵੇਂ ਉਹ ਵੀ ਉਹਦੇ ਬਿਨਾਂ ਨਹੀਂ ਜਿਉ ਸਕਦਾ। ਵਿਕਰਮਜੀਤ ਨੇ ਅਦਾਲਤ ਵਿਚ ਦਾਅਵਾ ਕੀਤਾ ਕਿ ਉਹਨੇ ਡੋਰਮਨ ਨੂੰ 260,000 ਪੌਂਡ ਨਕਦੀ, ਤੋਹਫੇ, ਗਹਿਣੇ ਤੇ ਕੰਪਿਊਟਰ ਦਿੱਤੇ। ਉਹਨੇ ਦੱਸਿਆ ਕਿ ਉਨ੍ਹਾਂ ਨੇ ਵਿਆਹ ਕਰਵਾ ਕੇ ਆਪਣਾ ਘਰ ਲੈਣ ਦੀ ਯੋਜਨਾ ਬਣਾਈ ਸੀ, ਪਰ ਉਹਦੇ ਕੋਲੋਂ ਪੈਸੇ ਮੁੱਕਣ 'ਤੇ ਉਹ ਉਹਨੂੰ ਛੱਡ ਕੇ ਤੁਰਦੀ ਹੋਈ। ਵਿਕਰਮਜੀਤ ਨੇ ਮੰਨਿਆ ਕਿ ਉਹਨੇ ਚਾਕੂ ਮਾਰੇ ਪਰ ਨਾਲ ਹੀ ਕਿਹਾ ਕਿ ਉਹਨੂੰ ਸਾਰਾ ਕੁਝ ਯਾਦ ਨਹੀਂ ਹੈ। ਉਹਨੇ ਕਤਲ ਤੋਂ ਇਨਕਾਰ ਕੀਤਾ। ਜਿਊਰੀ ਨੇ ਉਹਦਾ ਇਹ ਪੱਖ ਮੰਨਣੋਂ ਨਾਂਹ ਕਰ ਦਿੱਤੀ। ਉਹਨੂੰ ਉਮਰਕੈਦ ਦੀ ਸਜ਼ਾ ਹੋਈ ਹੈ।

ਵਿਕਸਨਜ਼ ਐਸਕਾਰਟ ਏਜੰਸੀ 'ਚ ਜੁਲਾਈ 2005 ਤੋਂ ਜੂਨ 2007 ਤੱਕ ਕੰਮ ਕਰਦੀ ਡੋਰਮਨ ਨਾਲ ਇਸੇ ਦੌਰਾਨ ਵਿਕਰਮਜੀਤ ਦਾ ਮੇਲ ਜੋਲ ਹੋਇਆ ਸੀ। ਇਸ ਜੋੜੇ 'ਚ ਸਬੰਧ ਬਣੇ ਸਨ ਪਰ ਡੋਰਮਨ ਨੇ ਇਹ ਕਹਿ ਕੇ ਸਾਂਝ ਤੋੜ ਦਿੱਤੀ ਸੀ ਕਿ ਉਹ ਉਹਨੂੰ ਦੁਬਾਰਾ ਨਹੀਂ ਮਿਲਣਾ ਚਾਹੁੰਦੀ। ਡੋਰਮਨ ਦੀ ਮਾਂ ਨੇ ਵੀ ਲੜਕੇ ਦੀ ਸ਼ਿਕਾਇਤ ਕੀਤੀ ਸੀ। ਵਿਕਰਮਜੀਤ ਨੇ ਡੋਰਮਨ ਨੂੰ ਪਹਿਲਾਂ ਪਹਿਲਾਂ ਆਪਣੇ ਫਲੈਟ ਵਿਚ ਭਾਈਵਾਲ ਵਜੋਂ ਲਿਆਂਦਾ ਸੀ। ਜਲਦੀ ਹੀ ਦੋਵੇਂ ਘੁਲਮਿਲ ਗਏ। ਵਿਕਰਮਜੀਤ ਦੀ ਜ਼ਿੰਦਗੀ ਬੜੀ ਔਕੜਾਂ ਭਰੀ ਰਹੀ ਹੈ। ਪਿਛਲੇ ਹਫਤੇ ਅਦਾਲਤ ਵਿਚ ਉਸਨੇ ਦੱਸਿਆ ਸੀ ਕਿ ਪੰਜਾਬ ਵਿਚ ਉਹਦਾ ਪਿਤਾ ਉਹਨੂੰ ਲਗਾਤਾਰ ਕੁੱਟਦਾ ਮਾਰਦਾ ਸੀ। ਉਹਦੀ ਮਾਂ ਮਾਨਸਿਕ ਰੋਗਣ ਸੀ ਤੇ ਅਕਸਰ ਲੋਕਾਂ ਨੂੰ ਪਛਾਨਣ ਵਿਚ ਟਪਲਾ ਖਾ ਜਾਂਦੀ ਸੀ। 12 ਸਾਲ ਦੀ ਉਮਰੇ ਉਹਨੇ ਆਪਣੀਆਂ ਕਲਾਈਆਂ ਕੱਟ ਲਈਆਂ ਸਨ। ਜਦੋਂ ਉਹ 16 ਸਾਲ ਦਾ ਹੋਇਆ ਉਹਦੀ ਮਾਂ ਨੇ ਕਿਸੇ ਏਜੰਟ ਨੂੰ ਪੈਸੇ ਦੇ ਕੇ ਚੰਗੀ ਜ਼ਿੰਦਗੀ ਲਈ ਉਹਨੂੰ ਬਰਤਾਨੀਆ ਭੇਜਣ ਲਈ ਹੀਲਾ ਕੀਤਾ। ਪਰ ਉਹ 12 ਹੋਰ ਮੁੰਡਿਆਂ ਨਾਲ ਮਾਸਕੋ ਵਿਚ ਫਸ ਗਿਆ, ਜਿਥੇ ਉਨ੍ਹਾਂ ਨੂੰ ਖਾਣ ਲਈ ਵੀ ਕੁਝ ਨਹੀਂ ਮਿਲਦਾ ਸੀ। ਉਹਨੇ ਬੜਾ ਔਖਾ ਭਰਿਆ ਜੀਵਨ ਲੰਘਾਇਆ। ਉਹ ਕਿਸੇ ਨਾਲ ਕਮਰੇ ਵਿਚ ਕਿਰਾਏ 'ਤੇ ਰਹਿੰਦਾ ਸੀ। ਉਹ ਕਦੀ ਬਾਹਰ ਅੰਦਰ ਨਹੀਂ ਗਿਆ ਸੀ ਤੇ ਡੋਰਮਨ ਤੋਂ ਪਹਿਲਾਂ ਉਹਦਾ ਕਿਸੇ ਮੁਟਿਆਰ ਨਾਲ ਕੋਈ ਮੇਲ ਜੋਲ ਨਹੀਂ ਸੀ।

# ਨੇਪਾਲ ਦੇ ਘਾਗ ਲੀਡਰ ਕੋਇਰਾਲਾ ਨਹੀਂ ਰਹੇ

**ਕਾਠਮੰਡੂ:** ਨੇਪਾਲ ਦੇ ਪੰਜ ਵਾਰ ਪ੍ਰਧਾਨ ਮੰਤਰੀ ਰਹੇ ਗਿਰਜਾ ਪ੍ਰਸਾਦ ਕੋਇਰਾਲਾ ਦਾ ਗਈ 20 ਮਾਰਚ ਨੂੰ ਦੇਹਾਂਤ ਹੋ ਗਿਆ। ਉਹ 87 ਵਰ੍ਹਿਆਂ ਦੇ ਸਨ। ਉਹ ਪਿਛਲੇ ਕੁਝ ਮਹੀਨਿਆਂ ਤੋਂ ਬੀਮਾਰ ਚਲ ਰਹੇ ਸਨ ਅਤੇ ਉਨ੍ਹਾਂ ਦੇ ਕਈ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿਤਾ ਸੀ। ਨੇਪਾਲੀ ਕਾਂਗਰਸ ਦੇ ਮੀਤ ਪ੍ਰਧਾਨ ਗੋਪਾਲ ਮਾਨ ਸ੍ਰੇਸ਼ਠ ਨੇ ਦਸਿਆ ਕਿ ਕੋਇਰਾਲਾ ਨੇ ਸਥਾਨਕ ਸਮੇਂ ਅਨੁਸਾਰ 12.10 ਵਜੇ ਅਪਣੀ ਬੇਟੀ ਅਤੇ ਉਪ ਪ੍ਰਧਾਨ ਮੰਤਰੀ ਸੁਜਾਤਾ ਕੋਇਰਾਲਾ ਦੇ ਘਰ ਆਖ਼ਰੀ ਸਾਹ ਲਿਆ। ਨੇਪਾਲੀ ਕਾਂਗਰਸ ਦੇਸ਼ ਵਿਚ ਸੱਤਾਧਾਰੀ ਸੀ.ਪੀ.ਐਨ. ਯੂ.ਐਮ.ਐਲ. ਦੀ ਅਹਿਮ ਭਾਈਵਾਲ ਹੈ। ਸਿਹਤ ਵਿਚ ਸੁਧਾਰ ਦੇ ਲੱਛਣ ਨਜ਼ਰ ਆਉਣ ਤੋਂ ਬਾਅਦ ਕੋਇਰਾਲਾ ਨੂੰ ਗੰਗਾਲਾਲ ਹਾਰਟ ਸੈਂਟਰ ਤੋਂ ਬੁੱਧਵਾਰ ਨੂੰ ਛੁੱਟੀ ਦੇ ਦਿਤੀ ਗਈ ਸੀ। ਸੁਜਾਤਾ ਦੇ ਸਲਾਹਕਾਰ ਚਿਰੰਜੀਵੀ ਨੇਪਾਲ ਨੇ ਦਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਕੋਮਾ ਵਿਚ ਚਲੇ ਗਏ ਸਨ। ਭਾਰਤ ਦੇ ਦੋਸਤ ਵਜੋਂ ਜਾਣੇ ਜਾਂਦੇ ਕੋਇਰਾਲਾ ਨੇ ਮਾਉਵਾਦੀਆਂ ਨੂੰ ਸਿਆਸਤ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਅਤੇ ਸ਼ਾਂਤੀ ਬਹਾਲੀ ਲਈ ਅਹਿਮ ਭੂਮਿਕਾ ਨਿਭਾਈ ਸੀ। ਮਾਉਵਾਦੀਆਂ ਦੇ ਇਕ ਦਹਾਕੇ ਤਕ ਚਲੇ ਹਥਿਆਰਬੰਦ ਸੰਘਰਸ਼ ਵਿਚ 16 ਹਜ਼ਾਰ ਲੋਕ ਮਾਰੇ ਗਏ ਸਨ।



# ਕੈਨਸਸ 'ਚ ਇਕ ਸਿੱਖ ਨੌਜਵਾਨ ਦੀ ਹੱਤਿਆ

**ਸ਼ਿਕਾਗੋ:** ਕੈਨਸਸ ਸ਼ਹਿਰ ਵਿਚ ਅਣਪਛਾਤੇ ਬੰਦੂਕਧਾਰੀਆਂ ਨੇ ਇਕ ਸਟੋਰ ਵਿਚ ਖਜ਼ਾਨਚੀ ਦਾ ਕੰਮ ਕਰਨ ਵਾਲੇ ਭਾਰਤੀ ਮੂਲ ਦੇ ਇਕ ਨਾਗਰਿਕ ਗੁਰਪ੍ਰੀਤ ਸਿੰਘ ਨੂੰ ਬੀਤੀ 19 ਮਾਰਚ ਨੂੰ ਗੋਲੀ ਮਾਰ ਦਿੱਤੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਪਰ ਆਪ੍ਰੇਸ਼ਨ ਦੌਰਾਨ ਉਸ ਦੀ ਮੌਤ ਹੋ ਗਈ।

ਬੰਦੂਕਧਾਰੀਆਂ ਦੇ ਕਹਿਣ 'ਤੇ ਗੁਰਪ੍ਰੀਤ ਨੇ ਸਟੋਰ ਵਿਚ ਸਾਰੇ ਦਿਨ ਦੀ ਇਕੱਠੀ ਹੋਈ ਰਕਮ ਨੂੰ ਇਕ ਬੈਗ ਵਿਚ ਭਰ ਦਿੱਤਾ। ਇਸ ਦੇ ਬਾਵਜੂਦ ਬੰਦੂਕਧਾਰੀਆਂ ਨੇ ਉਸ ਨੂੰ ਗੋਲੀ ਮਾਰ ਦਿੱਤੀ। ਕਨਸਾਸ ਸਿਟੀ ਅਨੁਸਾਰ ਇਹ ਪੂਰਾ ਖ਼ਤਰਨਾਕ ਘਟਨਾ ਚੱਕਰ ਨਿਗਰਾਨ ਕੈਮਰੇ ਵਿਚ ਰਿਕਾਰਡ ਹੋ ਗਿਆ ਹੈ। ਭਾਰਤ ਵਿਚ ਪੈਦਾ ਹੋਏ ਗੁਰਪ੍ਰੀਤ ਸਿੰਘ ਦਾ ਸਟੋਰ ਵਿਚ ਇਹ ਅੰਤਮ ਦਿਨ ਸੀ ਕਿਉਂਕਿ ਉਸ ਨੂੰ ਹਸਪਤਾਲ ਵਿਚ ਪੂਰੇ ਸਮੇਂ ਦੀ ਨੌਕਰੀ ਮਿਲ ਗਈ ਸੀ।

# 2010 ਦੀ ਮਰਦਮਸ਼ੁਮਾਰੀ 'ਚ ਸਿੱਖਾਂ ਦੀ ਅਮਰੀਕਾ 'ਚ ਸਹੀ ਗਿਣਤੀ ਦਾ ਪਤਾ ਨਹੀਂ ਲੱਗ ਸਕੇਗਾ

**ਚੰਡੀਗੜ੍ਹ :** ਇਕ ਮਹੀਨੇ ਦੀ ਉਡੀਕ ਤੋਂ ਬਾਅਦ ਆਖਰਕਾਰ ਯੂਨਾਈਟਿਡ ਸਿੱਖਸ ਨੂੰ ਅਮਰੀਕਾ ਦੇ ਮਰਦਮਸ਼ੁਮਾਰੀ ਵਿਭਾਗ ਤੋਂ ਆਪਣੀ ਪਟੀਸ਼ਨ ਦਾ ਜਵਾਬ ਮਿਲ ਗਿਆ ਹੈ। ਵਿਭਾਗ ਨੇ ਜਵਾਬ ਵਿਚ ਕਿਹਾ, ''ਮਰਦਮਸ਼ੁਮਾਰੀ ਦੀ ਪ੍ਰਕਿਰਿਆ ਸ਼ੁਰੂ ਹੋਣ ਵਿਚ ਇਕ ਮਹੀਨੇ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ, ਇਸ ਲਈ ਸਿੱਖਾਂ ਨੂੰ ਵਖਰੀ ਕੌਮ ਮੰਨਣ ਅਤੇ ਉਨ੍ਹਾਂ ਦੀ ਅਸਲ ਗਿਣਤੀ ਪਤਾ ਲਗਾਉਣ ਦੇ ਮਾਮਲੇ 'ਤੇ ਹੁਣ ਕਾਫ਼ੀ ਦੇਰ ਹੋ ਚੁੱਕੀ ਹੈ ਹੈ ਪਰ ਮਰਦਮਸ਼ੁਮਾਰੀ ਹੋਣ ਤੋਂ ਬਾਅਦ ਅਸੀਂ ਪ੍ਰਕਿਰਿਆ ਵਿਚ ਤਬਦੀਲੀਆਂ ਕਰਨ ਬਾਰੇ ਵਿਚਾਰ ਕਰਾਂਗੇ।'' ਯੂਨਾਈਟਿਡ ਸਿੱਖਸ ਨੇ ਇਸ ਜਵਾਬ ਤੋਂ ਕਿਹਾ ਕਿ ਸਾਨੂੰ ਲਗਾਤਾਰ ਯਤਨ ਜਾਰੀ ਰਖਣੇ ਹੋਣਗੇ ਅਤੇ 2020 ਦੀ ਮਰਦਮਸ਼ੁਮਾਰੀ ਤੋਂ ਪਹਿਲਾਂ ਆਪਣਾ ਮਜ਼ਬੂਤ ਦਾਅਵਾ ਪੇਸ਼ ਕਰਨਾ ਹੋਵੇਗਾ। ਜਥੇਬੰਦੀ ਨੇ ਸਾਰੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਮਰਦਮਸ਼ੁਮਾਰੀ ਵਾਲੇ ਫ਼ਾਰਮ ਦੇ ਸਵਾਲ ਨੰਬਰ 9 ਵਿਚ ਖ਼ੁਦ ਨੂੰ ਸਿੱਖ ਦੱਸਣ। ਇਹ ਲੜਾਈ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਲਾਹੇਵੰਦ ਹੋਵੇਗੀ।

# ਹਾਕੀ ਪ੍ਰਤੀ ਪੰਜਾਬੀਆਂ ਦਾ ਮੋਹ ਭੰਗ ਹੋਇਆ!

**ਜਲੰਧਰ:** ਰਾਸ਼ਟਰੀ ਖੇਡ ਹਾਕੀ ਦਾ ਗੜ੍ਹ ਸਮਝੇ ਜਾਂਦੇ ਪੰਜਾਬ ਵਿਚ ਹਾਕੀਆਂ ਦੀ ਵਿਕਰੀ ਵਿਚ ਪਿਛਲੇ ਸਮੇਂ ਦੌਰਾਨ 50 ਫੀਸਦੀ ਦੀ ਗਿਰਾਵਟ ਆਈ ਹੈ, ਜਦਕਿ ਇਸ ਦੇ ਉਲਟ ਝਾਰਖੰਡ, ਉੜੀਸਾ, ਛੱਤੀਸਗੜ੍ਹ ਤੇ ਕਰਨਾਟਕ ਆਦਿ ਵਿਚ ਹਾਕੀਆਂ ਦੀ ਵਿਕਰੀ ਵਿਚ ਵਾਧਾ ਹੋਇਆ ਹੈ। ਇਨ੍ਹਾਂ ਸੂਬਿਆਂ ਵਿਚ ਹਾਕੀਆਂ ਦੀ ਵਧ ਵਿਕਰੀ ਦਾ ਕਾਰਨ ਉਥੋਂ ਦੇ ਆਦਿ-ਵਾਸੀ ਕਬੀਲਿਆਂ ਦੇ ਲੋਕਾਂ ਵਿਚ ਹਾਕੀ ਪ੍ਰਤੀ ਵਧ ਰਿਹਾ ਰੁਝਾਨ ਹੈ, ਭਾਵੇਂ ਕਿ ਦੇਸ਼ ਦੀ ਹਾਕੀ ਟੀਮ ਨੇ ਪਿਛਲੇ ਦਿਨੀਂ ਖਤਮ ਹੋਏ ਹਾਕੀ ਵਿਸ਼ਵ ਕੱਪ ਵਿਚ ਬਹੁਤ ਹੀ ਘਟੀਆ ਪ੍ਰਦਰਸ਼ਨ ਕੀਤਾ ਹੈ, ਜਿਸ ਨਾਲ ਆਮ ਲੋਕ ਰਾਸ਼ਟਰੀ ਖੇਡ ਹਾਕੀ ਤੋਂ ਬੇਮੁਖ ਹੁੰਦੇ ਜਾ ਰਹੇ ਹਨ।

ਡਾਇਨਾ ਹਾਕੀ ਕੰਪਨੀ ਤੇ ਹਿੰਡਨ ਹਾਕੀ ਕੰਪਨੀ ਦੇ ਮਾਲਕਾਂ ਨਾਲ ਗੱਲਬਾਤ ਕੀਤੀ ਗਈ । ਡਾਇਨਾ ਹਾਕੀ ਦੇ ਰਾਜੀਵ ਸ਼ਰਮਾ ਨੇ ਦੱਸਿਆ ਕਿ ਹਾਕੀ ਦੀ ਕੁਲ ਵਿਕਰੀ ਵਿਚੋਂ 25 ਫੀਸਦੀ ਹਾਕੀ ਦੇ ਆਰਡਰ ਝਾਰਖੰਡ, ਛੱਤੀਸਗੜ੍ਹ, ਉੜੀਸਾ ਤੇ ਮਹਾਰਾਸ਼ਟਰ ਵਿਚੋਂ ਮਿਲਦੇ ਹਨ, ਜਦਕਿ ਪੰਜਾਬ ਵਿਚ ਹਾਕੀ ਦੀ ਵਿਕਰੀ ਪਹਿਲਾਂ ਨਾਲੋਂ 50 ਫੀਸਦੀ ਘੱਟ ਗਈ ਹੈ। ਉਨ੍ਹਾਂ ਕਿਹਾ ਕਿ ਇਸ ਖੇਡ ਵਲ ਸਰਕਾਰਾਂ ਵਲੋਂ ਧਿਆਨ ਨਾ ਦਿੱਤੇ ਜਾਣ ਕਾਰਨ ਇਸ ਖੇਡ ਵਲੋਂ ਲੋਕਾਂ ਦਾ ਮੋਹ ਖਤਮ ਹੁੰਦਾ ਜਾ ਰਿਹਾ ਹੈ।


SUPER TRAVEL

847-676-9090

E-mail: supertravel2003@yahoo.com

Lowest Fares With Excellent Service

AMERICAN AIR, JET AIRWAYS DELTA, AIR INDIA,



For Emergency Call anytime at

EARLY BIRD SALE!!!!

India $545

Homeopathic Systems for Health Treatment

When you are tired of all treatments for any disease at any age

Try homeopathic, systems of treatment

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

GURDIP SINGH SANDHU

DHMS, Hons, BAMS, MDEH, 30 Years experience

Working as per ACT.SB-577 State of CA.

CALL: TOLL FREE: 877-OK-HOMEO

(877-654-6636)OFFICE: 408-729-6691

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance

High Five Plaza #204

19625 Harlan Rd Lathrop CA 95330

Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh

Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਹੇਡਲੀ ਦੇ ਮਾਮਲੇ ਨੇ ਚਲਾਕੀ ਸਾਹਮਣੇ ਲੈ ਆਂਦੀ ਹੈ ਅਮਰੀਕਾ ਦੀ

**–ਜਤਿੰਦਰ ਪਨੂੰ**

ਵੱਡੇ ਜਾਰਜ ਬੁੱਸ਼, ਬਿੱਲ ਕਲਿੰਟਨ ਤੇ ਫਿਰ ਛੋਟੇ ਜਾਰਜ ਬੁੱਸ਼ ਤੋਂ ਬਾਅਦ ਬਰਾਕ ਹੁਸੈਨ ਓਬਾਮਾ ਚੌਥਾ ਰਾਸ਼ਟਰਪਤੀ ਹੈ ਅਮਰੀਕਾ ਦਾ, ਜਿਹੜਾ ਦਹਿਸ਼ਤਗਰਦੀ ਵਿਰੁਧ ਜੰਗ ਲੜਨ ਦਾ ਦਾਅਵਾ ਕਰ ਰਿਹਾ ਹੈ। ਉਪਰੋਂ ਉਹ ਸੰਸਾਰ ਪੱਧਰ ਦੀ ਜੰਗ ਵਿਚ ਦਹਿਸ਼ਤਗਰਦੀ ਵਿਰੋਧੀ ਧਿਰਾਂ ਦੀ ਅਗਵਾਈ ਦਾ ਦਾਅਵਾ ਕਰਦੇ ਹਨ, ਅੰਦਰੋਂ ਖੇਡ ਦੂਜੀ ਸੰਸਾਰ ਜੰਗ ਵਰਗੀ ਹੈ। ਦੂਜੀ ਸੰਸਾਰ ਜੰਗ ਮੌਕੇ ਅਮਰੀਕਾ ਆਪ ਵੀ ਓਨੀ ਦੇਰ ਪਿੱਛੇ ਅਟਕਿਆ ਰਿਹਾ ਤੇ ਆਪਣੇ ਸਹਿਯੋਗੀ ਵੀ ਰੋਕੀ ਰੱਖੇ ਸਨ, ਜਿੰਨੀ ਦੇਰ ਹਿਟਲਰ ਦੀ ਅਗਵਾਈ ਹੇਠਲੀਆਂ ਨਾਜ਼ੀ ਫੌਜਾਂ ਛੋਟੇ-ਮੋਟੇ ਦੇਸ਼ ਦੱਬਣ ਪਿੱਛੋਂ ਰੂਸ ਨਾਲ ਆਢਾ ਲੈ ਰਹੀਆਂ ਸਨ। ਜਦੋਂ ਇਹ ਜਾਪਿਆ ਕਿ ਹੁਣ ਲੜੇ ਬਿਨਾਂ ਸਰਨਾ ਨਹੀਂ, ਓਦੋਂ ਪੱਲਾ ਬਚਾ ਕੇ ਉਨ੍ਹਾਂ ਨੇ ਆਪਣੀ ਫੌਜ ਜੰਗ ਵਿਚ ਝੋਕੀ ਸੀ, ਪਰ ਜੰਗ ਸਿਰੇ ਲੱਗੀ ਪਈ ਵੇਖ ਕੇ ਆਪਣੀ ਚੌਧਰ ਦੀ ਝਲਕ ਵਿਖਾਉਣ ਲਈ ਜਪਾਨ ਦੇ ਦੋ ਸ਼ਹਿਰਾਂ ਉੱਤੇ ਐਟਮ ਬੰਬ ਸੁਟਵਾ ਦਿੱਤੇ ਸਨ। ਅੱਜ ਵੀ ਸਾਰੀ ਖੇਡ ਉਵੇਂ ਹੀ ਖੇਡੀ ਜਾ ਰਹੀ ਹੈ।

ਅਮਰੀਕਾ ਹਕੂਮਤ ਦਾ ਮੀਸਣਾਪਣ ਹੁਣ ਡੇਵਿਡ ਕੋਲਮੈਨ ਹੇਡਲੀ ਦੇ ਮੁਕੱਦਮੇ ਰਾਹੀਂ ਇੱਕ ਵਾਰ ਫਿਰ ਬੇਨਕਾਬ ਹੋ ਗਿਆ ਹੈ। ਉਸਨੂੰ ਫੜਨ ਮੌਕੇ ਬੜੇ ਬੁਲੰਦ ਵਾਂਗ ਦਾਅਵੇ ਕੀਤੇ ਗਏ ਸਨ, ਹੁਣ ਸਾਰੇ ਦਾਵੇ ਭੁੱਲ ਕੇ ਉਸਨੂੰ ਵਾਅਦਾ ਮੁਆਫ ਬਣਾ ਲਿਆ ਗਿਆ ਹੈ। ਆਮ ਵਿਹਾਰ ਵਿਚ ਵਾਅਦਾ ਮੁਆਫ ਕਿਸੇ ਛੋਟੇ ਗੁਨਾਹਗਾਰ ਨੂੰ ਬਣਾਇਆ ਜਾਂਦਾ ਹੈ, ਜਿਸ ਦਾ ਥੋੜ੍ਹਾ ਕਸੂਰ ਮੁਆਫ ਕਰ ਕੇ ਵੱਡੇ ਕਸੂਰਵਾਰਾਂ ਵਿਰੁਧ ਮੁਕੱਦਮੇ ਵਿਚ ਉਸ ਦੀ ਗਵਾਹੀ ਦਿਵਾਈ ਜਾ ਸਕੇ। ਏਥੇ ਮੁੱਖ ਦੋਸ਼ੀ ਨੂੰ ਵਾਅਦਾ ਮੁਆਫ ਗੁਆਹ ਬਣਾ ਕੇ ਛੋਟਿਆਂ ਦਾ ਝਟਕਾ ਕੀਤਾ ਜਾਵੇਗਾ ਤੇ ਇਹਦੇ ਨਾਲ ਰਹਿਮਦਿਲੀ ਵਿਖਾਈ ਜਾਵੇਗੀ। ਇਹ ਰਹਿਮਦਿਲੀ ਉਸ ਪਾਪੀ ਨਾਲ ਵਿਖਾਈ ਜਾਣੀ ਹੈ, ਜਿਸਨੇ ਹੁਣ ਦਿੱਤੇ ਬਿਆਨ ਵਿਚ ਇਹ ਮੰਨ ਲਿਆ ਹੈ ਕਿ ਮੁੰਬਈ ਵਿਚ ਹੋਏ ਹੁਣ ਤੱਕ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਹਮਲੇ ਦਾ ਆਧਾਰ ਤਿਆਰ ਕਰਨ, ਰਾਹਾਂ ਦੀ ਨਿਸ਼ਾਨਦੇਹੀ ਕਰਦੇ ਨਕਸ਼ੇ ਬਣਾਉਣ ਅਤੇ ਚੋਟ ਕਰਨ ਲਈ ਨਿਸ਼ਾਨੇ ਚੁਣਨ ਦਾ ਕੰਮ ਕਰਨ ਲਈ ਉਹ ਮੁੜ ਮੁੜ ਉਨ੍ਹਾਂ ਥਾਵਾਂ ਦੇ ਗੇੜੇ ਮਾਰਦਾ ਰਿਹਾ ਤੇ ਇੱਕ ਸੌ ਛਿਆਹਠ ਮਨੁੱਖੀ ਜਾਨਾਂ ਲਈ ਜਮਦੂਤ ਬਣਿਆ ਸੀ। ਮਰਨ ਵਾਲੇ ਸਾਰੇ ਭਾਰਤੀ ਨਾਗਰਿਕ ਨਹੀਂ, ਅਮਰੀਕੀਆਂ ਸਮੇਤ ਕੁਝ ਵਿਦੇਸ਼ੀ ਵੀ ਸਨ, ਤੇ ਅਮਰੀਕਾ ਦੇ ਸਭ ਤੋਂ ਪੱਕੇ ਜੋਟੀਦਾਰ ਇਜ਼ਰਾਈਲ ਨਾਲ ਸਬੰਧਤ ਲੋਕਾਂ ਨੂੰ ਤਾਂ ਖਾਸ ਤੌਰ ਉਤੇ ਨਿਸ਼ਾਨਾ ਬਣਾਇਆ ਗਿਆ ਸੀ। ਇਹੋ ਨਹੀਂ, ਉਸ ਕਾਂਡ ਪਿੱਛੋਂ ਹੇਡਲੀ ਆਪਣੀ ਕਰਤੂਤ ਦੇ ਨਤੀਜੇ ਪਰਖਣ ਵੀ ਉਚੇਚੇ ਤੌਰ ਉਤੇ ਭਾਰਤ ਆਇਆ ਸੀ।

ਮੁਸਲਮਾਨ ਬਾਪ ਦਾ ਇਹ ਪੁੱਤਰ ਅਮਰੀਕਾ ਵਿਚ ਇਕ ਵਾਰੀ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿਚ ਫੜਿਆ ਗਿਆ ਸੀ। ਓਦੋਂ ਵੀ ਇਹ ਵਾਅਦਾ ਮੁਆਫ ਬਣ ਕੇ ਜਾਨ ਛੁਡਾ ਗਿਆ ਸੀ। ਸਮਾਂ ਪਾ ਕੇ ਇਸ ਨੇ ਧਰਮ-ਪਰਿਵਰਤਨ ਦਾ ਖੇਖਣ ਕੀਤਾ ਅਤੇ ਪੁਰਾਣੇ ਨਾਂਅ ਦਾਊਦ ਸਈਦ ਗਿਲਾਨੀ ਦੀ ਬਜਾਏ ਈਸਾਈਆਂ ਵਾਲਾ ਨਾਂਅ ਡੇਵਿਡ ਕੋਲਮੈਨ ਹੇਡਲੀ ਰੱਖ ਲਿਆ। ਆਪਣੇ ਬਾਪ ਦਾ ਨਾਂਅ ਵੀ ਬਦਲ ਛੱਡਿਆ। ਦੁਨੀਆ ਭਰ ਵਿਚ ਹਰ ਕਿਸੇ ਨੂੰ ਆਪਣਾ ਨਾਂਅ ਬਦਲਣ ਦਾ ਹੱਕ ਹੈ, ਪਰ ਆਪਣੇ ਮਾਂ-ਬਾਪ ਦਾ ਨਾਂਅ ਬਦਲਣ ਦਾ ਹੱਕ ਕਿਸੇ ਨੂੰ ਨਹੀਂ, ਇਸਨੇ ਉਹ ਕਾਰਨਾਮਾ ਵੀ ਕਰ ਵਿਖਾਇਆ। ਨਾਂਅ ਨਾਲ ਪਿਛੇਤਰ ਵੀ ਆਪਣਾ ਪੁਰਾਣਾ ਨਹੀਂ, 'ਹੇਡਲੀ' ਲਾ ਲਿਆ, ਜਿਹੜਾ ਉਸਦੀ ਈਸਾਈ ਮਾਂ ਦੇ ਪੇਕੇ ਪਰਵਾਰ ਦਾ ਸੀ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਧਰਮ ਤਬਦੀਲ ਕੀਤਾ, ਬਾਪ ਦਾ ਧਰਮ ਛੱਡ ਕੇ ਈਸਾਈ ਬਣ ਗਿਆ, ਪਰ ਉਸਨੇ ਵੀ ਬਾਪ ਦਾ ਨਾਂਅ ਜਾਂ ਪਿਛੇਤਰ ਨਹੀਂ ਸੀ ਬਦਲਿਆ, ਆਪਣਾ ਨਾਂਅ ਵੀ ਪੂਰੇ ਦਾ ਪੂਰਾ ਉਹੋ ਰੱਖ ਕੇ ਵੱਡੇ ਅਹੁਦੇ ਦੀ ਸਹੁੰ 'ਬਰਾਕ ਹੁਸੈਨ ਓਬਾਮਾ' ਵਜੋਂ ਚੁੱਕੀ ਸੀ। ਉਸਨੂੰ ਨਾਂਅ ਜਾਂ ਪਿਛੇਤਰ ਬਦਲਣ ਦੀ ਲੋੜ ਨਹੀਂ ਪਈ ਤਾਂ ਸਮਗਲਰ ਹੇਡਲੀ ਨੂੰ ਏਦਾਂ ਕਰਦਾ ਵੇਖ ਕੇ ਸੂਹੀਆ ਏਜੰਸੀਆਂ ਦੇ ਕੰਨ ਖੜੇ ਹੋਣੇ ਚਾਹੀਦੇ ਸਨ। ਨਹੀਂ ਹੋਏ, ਕਿਉਂਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਨਾਲ ਬਗਲਗੀਰ ਹੋ ਕੇ ਚੱਲਦੀਆਂ ਅਮਰੀਕੀ ਏਜੰਸੀਆਂ ਨੂੰ ਪਤਾ ਸੀ ਕਿ ਇਹ ਪਾਕਿਸਤਾਨ ਦਾ ਖੁਫੀਆ ਏਜੰਟ ਹੈ ਤੇ ਇਸੇ ਕਰਕੇ ਉਨ੍ਹਾਂ ਨੇ ਆਪਣੇ ਲਈ ਕੰਮ ਕਰਨ ਨੂੰ ਵੀ ਰਾਜ਼ੀ ਕਰ ਲਿਆ ਸੀ। ਉਹ ਇਹਨਾਂ ਦਾ ਕੰਮ ਕਰਨਾ ਮੰਨ ਗਿਆ, ਪਰ ਮਾਈ-ਬਾਪ ਏਜੰਸੀ ਆਈ ਐਸ ਆਈ ਨਾਲੋਂ ਨਾਤੁਆ ਨਹੀਂ ਸੀ ਕੱਟਿਆ ਗਿਆ। ਨਾਂਅ ਤੇ ਬਾਕੀ ਸਭ ਵੇਰਵੇ ਬਦਲ ਕੇ ਵੀ ਉਹ ਉਸੇ ਕੰਮ ਲੱਗਾ ਰਿਹਾ, ਜਿਹੜਾ ਪਹਿਲਾਂ ਕਰਦਾ ਸੀ ਤੇ ਅਮਰੀਕੀ ਏਜੰਸੀਆਂ ਵੇਖ ਕੇ ਵੀ ਅਣਡਿੱਠੇ ਕਰਦੀਆਂ ਰਹੀਆਂ, ਕਿਉਂਕਿ ਉਸਦੇ ਵਿਰੁਧ ਕੋਈ ਕਾਰਵਾਈ ਕੀਤਿਆਂ ਗੰਢੇ ਦੀਆਂ ਉਹ ਛਿੱਲਾਂ ਲੱਥਣ ਦਾ ਡਰ ਸੀ, ਜਿਹੜੀਆਂ ਉਸ ਦੀ ਗ੍ਰਿਫਤਾਰੀ ਨਾਲ ਆਖਰ ਲੱਥ ਹੀ ਗਈਆਂ।

ਡੇਵਿਡ ਕੋਲਮੈਨ ਹੈਡਲੀ ਦਾ ਫੜਿਆ ਜਾਣਾ ਮੁੱਢਲੇ ਪੜਾਅ ਉਤੇ ਇਹੋ ਕਹਿ ਕੇ ਵੱਡਾ ਮੋਰਚਾ ਫਤਹਿ ਕਰਨਾ ਦੱਸਿਆ ਗਿਆ ਕਿ ਉਹ ਮੁੰਬਈ ਦਾ ਮੁਜਰਮ ਹੈ। ਪਿੱਛੋਂ ਭੇਤ ਖੁੱਲ੍ਹ ਗਿਆ ਕਿ ਇਹ ਵੀ ਗੱਲ ਸਿਰਫ ਕਹਿਣ ਦੀ ਹੈ। ਉਸ ਦੀ ਗ੍ਰਿਫਤਾਰੀ ਦਾ ਅਸਲ ਕਾਰਨ ਉਸ ਦੀ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਦੀ ਫੇਰੀ ਸੀ। ਉਥੋਂ ਦੇ ਇੱਕ ਅਖਬਾਰ ਨੇ ਪਿਛਲੇਰੇ ਸਾਲ ਇਸਲਾਮ ਦੇ ਬਾਨੀ ਪੈਗੰਬਰ ਮੁਹੰਮਦ ਦਾ ਇਕ ਕਾਰਟੂਨ ਛਾਪਿਆ ਸੀ, ਜਿਸਤੋਂ ਦੁਨੀਆ ਭਰ ਦੇ ਮੁਸਲਮਾਨ



ਖਿਝੇ ਪਏ ਸਨ। ਕੁਝ ਇਸਲਾਮੀ ਜਥੇਬੰਦੀਆਂ ਨੇ ਉਸ ਅਖਬਾਰ ਤੇ ਉਸ ਦੇ ਕਾਰਟੂਨਿਸਟ ਵਿਰੁਧ ਕਾਰਵਾਈ ਕਰਨ ਵਾਲੇ ਬੰਦੇ ਲਈ ਕਰੋੜਾਂ ਰੁਪਏ ਦੇ ਇਨਾਮਾਂ ਦੇ ਐਲਾਨ ਵੀ ਕਰ ਰੱਖੇ ਸਨ। ਡੇਵਿਡ ਕੋਲਮੈਨ ਹੇਡਲੀ ਉਸ ਅਖਬਾਰ ਦੇ ਦਫਤਰ ਵਿਚ ਇਕ ਕਾਰੋਬਾਰੀ ਬੰਦਾ ਬਣ ਕੇ ਗਿਆ ਤੇ ਸਾਰੇ ਦਫਤਰ ਦੀ ਉਸੇ ਤਰ੍ਹਾਂ ਦੀ ਸੂਹ ਕੱਢ ਕੇ ਨਿਸ਼ਾਨਦੇਹੀ ਕਰ ਕੇ ਆਇਆ, ਜਿੱਦਾਂ ਦੀ ਉਹ ਮੁੰਬਈ ਦੇ ਹਮਲੇ ਤੋਂ ਪਹਿਲਾਂ ਇਥੇ ਕਰ ਚੁੱਕਾ ਸੀ। ਉਹਨੀਂ ਦਿਨੀਂ ਵਾਤਾਵਰਣ ਬਾਰੇ ਕੋਪਨਹੇਗਨ ਵਿਚ ਸੰਸਾਰ ਸਮਾਗਮ ਚੱਲ ਰਿਹਾ ਸੀ, ਜਿਸ ਵਿਚ ਪੱਛਮ ਵੀ ਰਣਨੀਤੀ ਦਾ ਸਭ ਤੋਂ ਵੱਡਾ ਮੋਹਰਾ ਡੈਨਮਾਰਕ ਦਾ ਪ੍ਰਧਾਨ ਮੰਤਰੀ ਬਣਿਆ ਪਿਆ ਸੀ। ਹੇਡਲੀ ਦੀ ਫੇਰੀ ਦੀ ਸੂਹ ਓਥੋਂ ਦੀਆਂ ਖੁਫੀਆ ਏਜੰਸੀਆਂ ਨੂੰ ਵੀ ਮਿਲ ਗਈ ਤੇ ਅਮਰੀਕੀ ਏਜੰਸੀਆਂ ਨੂੰ ਵੀ। ਇਸ ਪਿੱਛੋਂ ਅਮਰੀਕਾ ਵਾਲਿਆਂ ਨੇ ਯਾਰ ਨਾਲ ਯਾਰੀ ਪੁਗਾਉਣ ਲਈ ਹੇਡਲੀ ਨੂੰ ਫੜ ਕੇ ਭਾਰਤ ਦੇ ਸਿਰ ਫੋਕਾ ਅਹਿਸਾਨ ਕਰ ਦਿੱਤਾ ਕਿ ਅਸੀਂ ਤੁਹਾਡਾ ਦੁਸ਼ਮਣ ਫੜ ਲਿਆ ਹੈ। ਇਸਤੋਂ ਵੱਡੀ ਮੱਕਾਰੀ ਹੋਰ ਕੀ ਹੋ ਸਕਦੀ ਹੈ?

ਡੈਨਮਾਰਕ ਦੇ ਅਖਬਾਰ ਤੱਕ ਸੂਹ ਕੱਢਣ ਜਾਣਾ ਹੀ ਦੱਸਦਾ ਹੈ ਕਿ ਹੈਡਲੀ ਨੇ ਸਿਰਫ ਕਾਗਜ਼ੀ ਧਰਮ-ਪਰਿਵਰਤਨ ਕੀਤਾ ਸੀ, ਅੰਦਰੋਂ ਉਹ ਹਾਲੇ ਵੀ ਮੁਸਲਿਮ ਕੱਟੜਪੰਥੀ ਸੀ। ਜੇ ਅਜਿਹਾ ਨਾ ਹੁੰਦਾ ਤਾਂ ਮੁਹੰਮਦ ਸਾਹਿਬ ਦਾ ਕਾਰਟੂਨ ਛਾਪਣ ਵਾਲੇ ਅਖਬਾਰ ਦਾ ਅੰਦਰੂਨ ਜਾਨਣ ਲਈ ਉਹ ਕੋਪਨਹੇਗਨ ਤੱਕ ਕਦੇ ਨਾ ਜਾਂਦਾ। ਜੋ ਵੀ ਹੋਵੇ, ਅਮਰੀਕੀ ਏਜੰਸੀਆਂ ਦੀ ਇਸ ਖੇਡ ਦਾ ਸਭ ਤੋਂ ਵੱਧ ਨੁਕਸਾਨ ਭਾਰਤ ਨੂੰ ਉਠਾਉਣਾ ਪਿਆ ਹੈ। ਭਾਰਤ ਦੇ ਇੱਕ ਕੌਂਸਲੇਟ ਨੇ ਡੇਵਿਡ ਕੋਲਮੈਨ ਹੇਡਲੀ ਨੂੰ ਇਥੋਂ ਦਾ ਵੀਜ਼ਾ ਦੇਣ ਦੀ ਗਲਤੀ ਕੀਤੀ, ਪਰ ਹੋਈ ਇਹ ਇਸ ਕਰ ਕੇ ਕਿ ਉਸਦੇ ਪਾਸਪੋਰਟ ਉਤੇ ਉਸਦੇ ਪਿਛਲੇ ਵੇਰਵੇ ਅਮਰੀਕੀ ਹਕੂਮਤ ਨੇ ਛਾਪੇ ਨਹੀਂ ਸਨ ਤੇ ਉਸ ਨੇ ਵੀਜ਼ਾ ਲੈਣ ਲਈ ਦਿੱਤੀ ਅਰਜ਼ੀ ਵਿਚ ਭਰੇ ਨਹੀਂ ਸਨ। ਜੇ ਉਹਦੇ ਪਾਸਪੋਰਟ ਉਤੇ ਉਸਦਾ ਪਾਕਿਸਤਾਨ ਦਾ ਪਰਵਾਰਕ ਪਿਛੋਕੜ ਦਰਜ ਹੁੰਦਾ, ਮਾਂ-ਬਾਪ ਦੇ ਅਸਲੀ ਨਾਂਅ ਦਰਜ ਕੀਤੇ ਹੋਏ ਹੁੰਦੇ, ਭਾਰਤ ਦੇ ਕਿਸੇ ਵੀਜ਼ਾ ਅਧਿਕਾਰੀ ਤੋਂ ਇਹੋ ਜਿਹੀ ਬੇਵਕੂਫੀ ਸ਼ਾਇਦ ਨਾ ਹੀ ਹੁੰਦੀ। ਉਸ ਗਲਤੀ ਦਾ ਸਾਰਾ ਕਸੂਰ ਵੀ ਹੁਣ ਅਮਰੀਕੀ ਏਜੰਸੀਆਂ ਦਾ ਨਿਕਲ ਰਿਹਾ ਹੈ।

ਅਸੀਂ ਜਾਣਦੇ ਹਾਂ ਕਿ ਅਮਰੀਕੀ ਪ੍ਰਸ਼ਾਸਨ ਇਸ ਮਾਮਲੇ ਵਿਚ ਈਮਾਨਦਾਰੀ ਨਾਲ ਨਹੀਂ ਚੱਲ ਰਿਹਾ, ਪਰ ਦੂਜੇ ਲਈ ਖੂਹ ਪੁੱਟਣ ਵਾਲਿਆਂ ਦੇ ਆਪਣੇ ਲਈ ਵੀ ਕਦੇ ਨਾ ਕਦੇ ਕੋਈ ਖੱਡਾ ਪੁੱਟ ਹੀ ਦੇਂਦਾ ਹੈ। ਇਹ ਖੱਡਾ ਹੁਣ ਅਮਰੀਕੀ ਹਕੂਮਤ ਲਈ ਪਾਕਿਸਤਾਨ ਪੁੱਟਣ ਲੱਗਾ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਅਸੀਂ ਅਮਰੀਕੀ ਧਿਰ ਵਲੋਂ ਇਹ ਖ਼ਬਰਾਂ ਤੇ ਕਨਸੋਆ ਸੁਣ ਰਹੇ ਸਾਂ ਕਿ ਉਨ੍ਹਾਂ ਨੇ ਅਲ-ਕਾਇਦਾ ਅਤੇ ਤਾਲਿਬਾਨ ਨਾਲ ਗੰਢ-ਸੰਢ ਕਰਨ ਲਈ ਦੂਤ ਲਾਏ ਹੋਏ ਹਨ। ਅਮਰੀਕੀ ਧਿਰ ਤਾਲਿਬਾਨ ਦੇ ਅੰਦਰ ਵੀ ਚੰਗੇ ਤੇ ਮਾੜੇ ਜਾਂ ਫਿਰ ਤੱਤੇ ਤੇ ਠੰਢੇ ਦਾ ਵਖਰੇਵਾਂ ਕਰ ਕੇ ਚੱਲ ਰਹੀ ਸੀ। ਉਸਦਾ ਖ਼ਿਆਲ ਸੀ ਕਿ ਇੰਜ ਕਰਕੇ ਉਹ ਇੱਕ ਧੜੇ ਦੇ ਤਾਲਿਬਾਨ ਨੂੰ ਨਾਲ ਗੰਢ ਕੇ ਦੂਜਿਆਂ ਨਾਲ ਲੜਨ ਲਈ ਜ਼ਿੰਮੇਵਾਰੀ ਉਨ੍ਹਾਂ ਸਿਰ ਪਾਵੇਗੀ ਤੇ ਕੰਡੇ ਨਾਲ ਕੰਡਾ ਕੱਢਣ ਦਾ ਯਤਨ ਕਰੇਗੀ। ਇਹ ਯਤਨ ਉਸਨੇ ਹੋਰ ਵੀ ਕਈ ਥਾਂ ਕੀਤੇ, ਪਰ ਕਿਤੇ ਵੀ ਲਾਹੇਵੰਦ ਸਾਬਤ ਨਹੀਂ ਸਨ ਹੋਏ, ਅਤੇ ਇਸ ਨਾਲ ਅਫਗਾਨਿਸਤਾਨ ਅੰਦਰ ਹੁਣ ਤੱਕ ਅਮਰੀਕੀ ਨੀਤੀ ਦਾ ਸਭ ਤੋਂ ਵੱਡਾ ਮੋਹਰਾ ਬਣੇ ਹੋਏ ਰਾਸ਼ਟਰਪਤੀ ਹਾਮਿਦ ਕਰਜ਼ਾਈ ਲਈ ਵੀ ਖ਼ਤਰੇ ਵਧ ਜਾਣੇ ਸਨ। ਉਸਨੇ ਰੋਸ ਵੀ ਪ੍ਰਗਟ ਕੀਤਾ, ਪਰ ਇਸਦੇ ਬਾਵਜੂਦ ਅਮਰੀਕੀ ਹਕੂਮਤ ਨੇ ਉਸਨੂੰ ਇਸ ਗੱਲ ਲਈ ਸਹਿਮਤ ਕਰ ਲਿਆ ਕਿ ਉਹ ਅਗਲੇ ਦਿਨੀਂ 'ਜਿਰਗਾ' (ਕਬੀਲਿਆਂ ਦੇ ਸਰਦਾਰਾਂ ਦੀ ਪੰਚਾਇਤ) ਸੱਦੇਗਾ, ਜਿਸ ਵਿਚ ਤਾਲਿਬਾਨ ਦਾ ਇਹ ਧੜਾ ਆ ਕੇ ਗੱਲਬਾਤ ਦਾ ਐਲਾਨ ਕਰੇਗਾ।

ਐਨ ਇਸ ਪੜਾ ਉਤੇ ਪਾਕਿਸਤਾਨ ਉਨ੍ਹਾਂ ਨੂੰ ਠਿੱਬੀ ਲਾ ਗਿਆ। ਉਸਦੀਆਂ ਖੁਫੀਆ ਏਜੰਸੀਆਂ ਨੇ ਟਿਕਾਣੇ ਦੀ ਨਿਸ਼ਾਨਦੇਹੀ ਕਰ ਰੱਖੀ ਸੀ, ਇਸਲਾਮਾਬਾਦ ਤੋਂ ਹਰੀ ਝੰਡੀ ਮਿਲਦੇ ਸਾਰ ਕਾਰਵਾਈ ਕਰਕੇ ਮੁੱਲਾ ਬਰਾਦਰ ਨੂੰ ਜਾ ਨੱਪਿਆ। ਪੂਰੇ ਦੋ ਦਿਨ ਉਸਦੀ ਸੂਹ ਨਾ ਕੱਢੀ ਤੇ ਫਿਰ ਇਹ ਐਲਾਨ ਕਰ ਦਿੱਤਾ ਕਿ ਤਾਲਿਬਾਨ ਦਾ ਓਸਾਮਾ ਬਿਨ ਲਾਦੇਨ ਅਤੇ ਮੁੱਲਾ ਉਮਰ ਤੋਂ ਬਾਅਦ ਤੀਜਾ ਵੱਡਾ ਲੀਡਰ ਮੰਨਿਆ ਜਾਂਦਾ ਮੁੱਲਾ ਬਰਾਦਰ ਫੜ ਲਿਆ ਗਿਆ ਹੈ। ਸੁਣ ਕੇ ਹਾਮਿਦ ਕਰਜ਼ਈ ਵੀ ਤੜਪ ਉੱਠਿਆ ਤੇ ਸੰਯੁਕਤ ਰਾਸ਼ਟਰ ਦੇ ਗੱਲਬਾਤ ਚਲਾ ਰਹੇ ਦੂਤ ਵੀ। ਉਨ੍ਹਾਂ ਸਾਫ ਕਿਹਾ ਕਿ ਇਹ ਗ੍ਰਿਫਤਾਰੀ ਚੱਲ ਰਹੀ ਅਮਨ ਵਾਰਤਾ ਨੂੰ ਸਾਬੋਤਾਜ ਕਰਨ ਲਈ ਕੀਤੀ ਗਈ ਹੈ, ਪਰ ਪਾਕਿਸਤਾਨ ਦੇ ਰਾਜਸੀ ਹਾਕਮਾਂ ਜਾਂ ਫੌਜੀ ਅਧਿਕਾਰੀਆਂ ਨੇ ਇਸਨੂੰ ਇਕ ਆਮ ਕਾਰਵਾਈ ਹੀ ਦੱਸਿਆ।

ਹੋਇਆ ਅਸਲ ਵਿਚ ਇਹ ਕਿ ਸਾਰੀ ਦੁਨੀਆ ਤੋਂ ਭਾਵੇਂ ਓਹਲਾ ਰੱਖਿਆ ਗਿਆ ਸੀ, ਪਾਕਿਸਤਾਨ ਏਜੰਸੀਆਂ ਨੂੰ ਸੂਹ ਮਿਲ ਗਈ। ਪਾਕਿਸਤਾਨ ਦੀ ਰਾਜਸੀ ਲੀਡਰਸ਼ਿਪ ਅਤੇ ਫੌਜੀ ਅਧਿਕਾਰੀਆਂ ਨੇ ਫਟਾਫਟ ਗਿਣਤੀਆਂ-ਮਿਣਤੀਆਂ ਸ਼ੁਰੂ ਕੀਤੀਆਂ ਕਿ ਜੇ ਇਹ ਗੱਲਬਾਤ ਕਿਸੇ ਤਰ੍ਹਾਂ ਸਿਰੇ ਚੜ੍ਹ ਗਈ ਤਾਂ ਆਪਣੀ ਹੁਣ ਵਾਲੀ ਕਦਰ ਨਹੀਂ ਰਹਿ ਜਾਣੀ। ਅਮਰੀਕਾ ਵਾਲੇ ਜਿਹੜਾ ਡਾਲਰਾਂ ਦਾ ਗੁਤਾਵਾ ਚਾਰਦੇ ਹਨ, ਉਹ ਸਿਰਫ ਇਸੇ ਦੀ ਬਦ-ਅਮਨੀ ਕਰ ਕੇ ਚਾਰ ਰਹੇ ਹਨ। ਜੇ ਹਾਲਾਤ ਅਮਨ ਵਲ ਮੋੜਾ ਕੱਟ ਗਏ, ਫਿਰ ਇਹ ਮਦਦ ਬੰਦ ਹੋ ਜਾਵੇਗੀ। ਰਾਹ ਇੱਕੋ ਰਹਿ ਗਿਆ ਕਿ ਥੋੜ੍ਹੀ ਹੋਵੇ ਜਾਂ ਜ਼ਿਆਦੀ, ਇਸ ਬਦ-ਅਮਨੀ ਨੂੰ ਚੱਲਦੀ ਰੱਖਣ ਲਈ ਉਹ ਮੋਹਰਾ ਹੀ ਚੁੱਕ ਲਿਆ ਜਾਵੇ, ਜਿਹੜਾ ਗੱਲਬਾਤ ਦਾ ਅਗਵਾਨੂੰ ਬਣਿਆ ਫਿਰ ਰਿਹਾ ਹੈ।

ਭਾਰਤ ਨੇ ਕਦੇ ਵੀ ਇਸ ਤਰ੍ਹਾਂ ਦੀ ਘਟੀਆ ਖੇਡ ਨਹੀਂ ਖੇਡੀ, ਪਰ ਪਿਛਲੇ ਸੱਠਾਂ ਸਾਲਾਂ ਤੋਂ ਅਮਰੀਕੀ ਏਜੰਸੀਆਂ ਨਾਲ ਮਿਲ ਕੇ ਚੱਲਦੀਆਂ ਪਾਕਿਸਤਾਨੀ ਏਜੰਸੀਆਂ ਇਹੋ ਜਿਹੇ ਦਾਅ ਵਰਤਣੇ ਸਿੱਖ ਗਈਆਂ ਹਨ। 'ਬਿੱਲੀ' ਨੇ ਸ਼ੀਂਹ ਪੜ੍ਹਾਇਆ ਤੇ ਸ਼ੀਂਹ ਬਿੱਲੀ ਨੂੰ ਖਾਣ ਆਇਆ' ਦੀ ਕਹਾਵਤ ਅਫ਼ਗਾਨਿਸਤਾਨ ਵਿਚ ਆਪੇ ਤਿਆਰ ਕੀਤੇ ਤੇ ਅੱਗੇ ਲਿਆਂਦੇ ਤਾਲਿਬਾਨ ਵਲੋਂ ਅੰਤ ਅਮਰੀਕਾ ਦੇ ਗਲ ਪੈ ਜਾਣ ਨਾਲ ਵੀ ਸੱਚੀ ਸਾਬਤ ਹੋਈ ਸੀ, ਹੁਣ ਦੂਜੀ ਵਾਰੀ ਹੋ ਗਈ ਹੈ।

ਨਾਲ ਦੀ ਨਾਲ ਇੱਕ ਗੱਲ ਹੋਰ ਜ਼ਾਹਰ ਹੋ ਗਈ ਹੈ ਕਿ ਪਾਕਿਸਤਾਨ ਦੀ ਹਕੂਮਤ ਨੂੰ ਦਹਿਸ਼ਤਗਰਦੀ ਦੇ ਮੋਹਰੀਆਂ ਬਾਰੇ ਸਭ ਜਾਣਕਾਰੀ ਹੈ ਕਿ ਫਲਾਣਾ ਫਲਾਣੀ ਥਾਂ ਰਹਿੰਦਾ ਹੈ। ਮੁੱਲਾ ਬਰਾਦਰ ਉਨ੍ਹਾਂ ਵਿਚ ਤੀਜੇ ਨੰਬਰ ਦਾ ਸੀ ਤੇ ਉਸਦਾ ਪਾਕਿਸਤਾਨੀ ਏਜੰਸੀਆਂ ਨੂੰ ਪਤਾ ਸੀ ਕਿ ਫਲਾਣੇ ਥਾਂ ਹੈ। ਆਪਣੀ ਲੋੜ ਬਣੀ ਤੋਂ ਚੌਵੀ ਘੰਟਿਆਂ ਵਿਚ ਜਾ ਫੜਿਆ, ਓਨੀ ਦੇਰ ਛੇੜਿਆ ਨਹੀਂ ਸੀ। ਇਹੋ ਗੱਲ ਸਾਬਤ ਕਰਦੀ ਹੈ ਕਿ ਉਨ੍ਹਾਂ ਨੂੰ ਪਤਾ ਓਸਾਮਾ ਬਿਨ ਲਾਦੇਨ ਤੇ ਮੁੱਲਾ ਉਮਰ ਬਾਰੇ ਵੀ ਜ਼ਰੂਰ ਹੋਊਗਾ, ਪਰ ਫੜਨ ਦੀ ਥਾਂ 'ਫਰਾਰ' ਇਸ ਕਰਕੇ ਰੱਖ ਜਾਂਦੇ ਹਨ, ਤਾਂ ਕਿ ਉਨ੍ਹਾਂ ਵਿਰੁਧ 'ਲੜਨ' ਲਈ ਅਮਰੀਕਾ ਤੋਂ ਘਿਓ ਦੀਆਂ ਤੌੜੀਆਂ ਆਉਂਦੀਆਂ ਰਹਿਣ।

ਅਮਰੀਕਾ ਅਤੇ ਪਾਕਿਸਤਾਨ ਦੇ ਸੰਬੰਧ ਗੁਰੂ-ਚੇਲੇ ਵਾਲੇ ਹਨ ਤੇ ਦਾਅ ਵੀ ਦੋਵੇਂ ਇੱਕ ਦੂਜੇ ਦੇ ਜਾਣਦੇ ਹਨ। ਮੱਕਾਰੀ ਵਿਚ ਵੀ ਦੋਵੇਂ ਇਕ ਦੂਜੇ ਤੋਂ ਚੜ੍ਹਦੇ ਹਨ ਤੇ ਸਕੇ ਵੀ ਦੋਵੇਂ ਕਿਸੇ ਦੇ ਨਹੀਂ। ਜਦੋਂ ਉਹ ਆਪੋ ਵਿਚ ਵੀ ਇਕ ਦੂਜੇ ਦੇ ਸਕੇ ਨਹੀਂ, ਕਿਸੇ ਤੀਜੇ ਦੇ ਕਿਵੇਂ ਹੋ ਸਕਦੇ ਹਨ? ਉਹ ਤਾਂ ਸਾਡੇ ਸਮਾਜ ਦੇ ਉਨ੍ਹਾਂ ਅਨਸਰਾਂ ਵਰਗੇ ਬਣ ਚੁੱਕੇ ਹਨ, ਜਿਨ੍ਹਾਂ ਬਾਰੇ ਏਨਾ ਕਹਿ ਦੇਣਾ ਕਾਫੀ ਹੀ ਹੁੰਦਾ ਹੈ ਕਿ 'ਇਹਨਾਂ ਦੀ ਯਾਰੀ ਵੀ ਚੰਗੀ ਨਹੀਂ ਤੇ ਦੁਸ਼ਮਣੀ ਵੀ।'

# ਹੁਣ ਮਨਪ੍ਰੀਤ ਸਿੰਘ ਬਾਦਲ ਤੋਂ ਵੀ ਪੰਜਾਬ ਦੀਆਂ ਆਸਾਂ ਮੁੱਕੀਆਂ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਇਕ ਫਿਲਮ ਆਈ ਸੀ 'ਨੀਲ ਕਮਲ' ਉਸ ਵਿਚ ਹਸਾਉਣ ਵਾਲਾ ਅਭਿਨੇਤਾ ਮਹਿਮੂਦ ਕਬਾੜੀ ਵਾਲੇ ਬਣ ਜਾਂਦਾ ਹਨ। ਉਠ ਤੇ ਖਾਲੀ ਡੱਬੇ ਅਤੇ ਬੋਤਲਾਂ ਲੈ ਕੇ ਉਹ ਗਲੀਆਂ ਵਿਚ ਉਨ੍ਹਾਂ ਨੂੰ ਵੇਚਣ ਲੱਗ ਪੈਂਦੇ ਹਨ ਅਤੇ ਉਨ੍ਹਾਂ ਨੂੰ ਖਰੀਦਣ ਦੇ ਤਰਕ ਗਾ ਕੇ ਸੁਣਾਉਂਦੇ ਹਨ। ਗੀਤ ਦੇ ਬੋਲ ਹਨ 'ਖਾਲੀ ਡਿੱਬਾ, ਖਾਲੀ ਬੋਤਲ ਲੇ ਲੋ ਮੇਰੇ ਯਾਰ। ਖਾਲੀ ਸੇ ਮਤ ਨਫਰਤ ਕਰਨਾ ਖਾਲੀ ਸਬ ਸੰਸਾਰ।'

ਮਨਪ੍ਰੀਤ ਬਾਦਲ ਦੇ ਬਜਟ ਭਾਸ਼ਣ ਦਾ ਲਹਿਜ਼ਾ ਵੀ ਕੁਝ ਇਸੇ ਗੀਤ ਦੇ ਬੋਲਾਂ ਵਰਗਾ ਦਿਖਾਈ ਦਿੱਤਾ। ਸ਼ੇਅਰੋ-ਸ਼ਾਇਰੀ ਨਾਲ ਗੁੰਝੀਆਂ ਹੋਈਆਂ ਦਾਰਸ਼ਨਿਕ ਗੱਲਾਂ ਸੁਣਨ ਵਿਚ ਤਾਂ ਚੰਗੀਆਂ ਲਗਦੀਆਂ ਹਨ, ਪਰ ਆਮ ਆਦਮੀ ਨੂੰ ਇਸ ਤੋਂ ਕੁਝ ਮਿਲਦਾ ਨਹੀਂ ਹੈ। ਇਕ ਹੋਰ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਹਨ ਜਿਨ੍ਹਾਂ ਨੇ ਗੁਜਰਾਤ ਦੇ ਬਜਟ ਵਿਚ ਕਿਤੇ ਵੀ ਕੇਂਦਰ ਸਰਕਾਰ ਦਾ ਨਾਮ ਤੱਕ ਨਹੀਂ ਆਉਣ ਦਿੱਤਾ। ਉਨ੍ਹਾਂ ਨੇ 730 ਕਰੋੜ ਰੁਪਏ ਟੈਕਸਾਂ ਦੇ ਰਾਹੀਂ ਵਸੂਲੇ, ਪਰ ਆਮ ਆਦਮੀ ਤੇ ਇਕ ਪਾਈ ਦਾ ਬੋਝ ਨਹੀਂ ਆਉਣ ਦਿੱਤਾ। ਉਨ੍ਹਾਂ ਨੇ ਸਿਗਰੇਟ, ਤੰਬਾਕੂ ਸਮੇਤ ਨਸ਼ੀਲੇ ਉਤਪਾਦਾਂ ਤੇ ਕਰ ਸੀਮਾ 15 ਤੋਂ 20 ਫੀਸਦੀ ਵਧਾਈ। ਪਰ ਅਸੀਂ ਸਿਗਰੇਟ, ਤੰਬਾਕੂ ਅਤੇ ਸ਼ਰਾਬ ਕਿਉਂ ਨਹੀਂ ਮਹਿੰਗੀ ਕੀਤੀ। ਦੂਜੇ ਪਾਸੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਇਸ ਵਾਰ ਵੀ ਕੋਈ ਵੱਡਾ ਐਲਾਨ ਨਹੀਂ ਕੀਤਾ। ਆਪਣੀ ਹਰ ਨਾਕਾਮੀ ਨੂੰ ਉਨ੍ਹਾਂ ਨੇ ਕੇਂਦਰ ਦੀ ਉਦਾਸੀਨਤਾ ਦੇ ਬਹਾਨੇ ਛੁਪਾ ਲਿਆ। ਸਵਾਲ ਇਹ ਉਠਦਾ ਹੈ ਕਿ ਕੇਂਦਰ ਨੂੰ ਢਾਲ ਬਣਾ ਕੇ ਪੰਜਾਬ ਸਰਕਾਰ ਆਖਿਰ ਕੱਦ ਤੱਕ ਪ੍ਰਦੇਸ਼ ਨੂੰ ਕਰਜ ਦੀ ਦਲਦਲ ਵਿਚ ਫਸਾਈ ਰੱਖੇਗੀ। ਵਿੱਤਮੰਤਰੀ ਦੇ ਬਜਟ ਭਾਸ਼ਣ ਦਾ ਜੁਆਬ ਇਨਾਮ 'ਸ਼ਰਰ' ਅਯੂਬੀ ਦੀ ਇਨ੍ਹਾਂ ਲਾਈਨਾਂ ਤੋਂ ਦਿੱਤਾ ਜਾ ਸਕਦਾ ਹੈ ;

ਰਹਿਮੋ-ਕਰਮ ਪੇ ਜੀਨੇ ਕਾ
ਮਤਲਬ ਹੀ ਮੌਤ ਹੈ
ਏਸੀ ਤਮਾਮ ਖੁਹਾਇਸ਼ੇ
ਗਿਨ-ਗਿਨ ਕਰ ਮਾਰ ਦੇ

ਉਦਯੋਗ ਜਗਤ ਘੋਰ ਨਿਰਾਸ਼ਾ ਵਿਚ ਡੁੱਬਿਆ ਹੋਇਆ ਹੈ, ਰੀਅਲ ਸਟੇਟ ਨੂੰ ਛੂਹਿਆ ਤੱਕ ਨਹੀਂ। ਬਿਜਲੀ ਉਤਪਾਦਨ ਦੇ ਲਈ 3302 ਕਰੋੜ ਰੁਪਏ ਦਾ ਪ੍ਰਬੰਧ ਰਖਿਆ ਗਿਆ ਹੈ। (ਜੋ ਕੁਲ ਬਜਟ ਦਾ ਕਰੀਬ 35 ਫੀਸਦੀ ਹੀ) ਪਰ ਇਸਨੂੰ ਲੈ ਕੇ ਵੀ ਕੁਝ ਸ਼ੰਕਾਵਾਂ ਹਨ। ਇਹ ਪੈਸਾ ਪਹਿਲਾਂ ਵੀ ਬਿਜਲੀ ਉਤਪਾਦਨ ਵਿਚ ਘੱਟ ਅਤੇ ਬਿਜਲੀ ਖਰੀਦਣ ਵਿਚ ਜਿਆਦਾ ਖਰਚ ਹੋਇਆ ਹੈ। ਬਿਜਲੀ ਦੀ ਕਮੀ ਦੀ ਮਾਰ ਝੱਲ ਰਹੇ ਰਾਜ ਤੋਂ ਉਦਯੋਗਾਂ ਦਾ ਪਲਾਇਨ ਅਤੇ ਨਵਾਂ ਨਿਵੇਸ਼ ਨਾ ਹੋਣਾ ਸਭ ਤੋਂ ਵੱਡੀ ਮੁਸ਼ਕਿਲ ਹੈ। ਵਿੱਤ ਮੰਤਰੀ ਨੇ ਵਿਲੀਅਮ ਗਲੈਡਸਟੋਨ ਅਤੇ ਮਸ਼ਹੂਰ ਸ਼ਾਇਰ ਇਕਬਾਲ ਦੀਆਂ ਲਾਈਨਾਂ ਤਾਂ ਆਪਣੇ ਬਜਟ ਭਾਸ਼ਣ ਵਿਚ ਸ਼ਾਮਿਲ ਕਰ ਲਈਆਂ, ਪਰ ਉਹ ਇਨਾਂ ਲਾਈਨਾਂ ਦਾ ਅਰਥ ਨਹੀਂ ਸਮਝ ਸਕੇ;

ਇਨ ਰਾਸਤੋਂ ਪੇ ਭੀੜ ਹੈ, ਮੰਜਿਲ ਨਹੀਂ ਪਤਾ
ਖੁਦ ਅਪਨੀ ਇਕ ਰਾਹ ਬਨਾ ਕਰ ਤੋ ਦੇਖੀਏ



ਜਨਤਾ ਤੇ ਟੈਕਸਾਂ ਦਾ ਬੋਝ ਲੱਦਣ ਦਾ ਕੰਮ ਸਰਕਾਰ ਪਹਿਲਾਂ ਹੀ ਕਰ ਚੁੱਕੀ ਸੀ, ਬਜਟ ਵਿਚ ਬਿਜਲੀ 'ਤੇ ਕਰ ਵਧਾ ਕੇ ਉਨ੍ਹਾਂ ਨੂੰ ਇਕ ਹੋਰ ਝਟਕਾ ਦੇ ਦਿੱਤਾ ਹੈ। ਡੀ ਟੀ ਐਚ ਤੇ ਮਨੋਰੰਜਨ ਟੈਕਸ ਲੱਦ ਕੇ ਅਲੋਚਨਾਵਾਂ ਵਿਚ ਘਿਰੀ ਸਰਕਾਰ ਨੇ ਇੰਟਰਟੇਨਮੈਂਟ ਟੈਕਸ ਵਿਚ ਛੂਟ ਦਾ ਐਲਾਨ ਕੀਤਾ। ਇਸਦੇ ਵੀ ਡੂੰਘੇ ਅਰਥ ਹਨ। ਇੰਟਰਟੇਨਮੈਂਟ ਟੈਕਸ 100 ਫੀਸਦੀ ਘਟਾ ਕੇ ਵਿੱਤਮੰਤਰੀ ਨੇ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ। ਮਾਲ ਮਲਟੀਪਲੈਕਸ ਵਾਲਿਆਂ ਦੀ ਬੱਲੇ ਬੱਲੇ ਕਰਾ ਦਿੱਤੀ, ਜੱਗ ਜਾਹਿਰ ਹੈ ਕਿ ਇਹ ਲੋਕ ਸੱਤਾ ਦੀ ਸੇਵਾ ਵਿਚ ਜੁਟੇ ਰਹਿੰਦੇ ਹਨ। ਹਾਂ, ਫਿਲਮ ਡਿਸਟਰੀਬਿਊਸ਼ਨ ਮਾਰਕਿਟ ਤੇ ਲਾਈਵ ਕਨਸਰਟ ਕਰਨ ਵਾਲੇ ਪੰਜਾਬੀ ਕਲਾਕਾਰਾਂ ਨੂੰ ਜਰੂਰ ਫਾਇਦਾ ਹੋਇਆ ਹੈ। ਬਜਟ ਵਿਚ ਕੋਈ ਇਹੋ ਜਿਹਾ ਸੰਕੇਤ ਨਹੀਂ ਮਿਲਿਆ ਜਿਸਤੋਂ ਇਹ ਅਹਿਸਾਸ ਹੋਵੇ ਕਿ 64924 ਕਰੋੜ ਰੁਪਏ ਦੇ ਕਰਜ ਵਿਚ ਡੁੱਬੀ ਸਰਕਾਰ ਇਸ ਮਕੜਜਾਲ ਵਿਚੋਂ ਕਿਵੇਂ ਨਿਕਲ ਸਕੇਗੀ। ਬਜਟ ਵਿਚ ਇਹੋ ਜਿਹਾ ਕੋਈ ਹੱਲ ਜਾਂ ਢੰਗ ਨਹੀਂ ਦਿਖਾਈ ਦਿੰਦਾ ਜਿਸ ਨਾਲ ਪੰਜਾਬ ਅਗਾਂਹਵਧੂ ਰਾਜਾਂ ਵਿਚ ਫਿਰ ਸ਼ੁਮਾਰ ਹੋ ਸਕੇ। ਸਬਸਿਡੀਆਂ ਤੇ ਮੁਖ ਵਿਰੋਧ ਜਤਾਉਣ ਵਾਲੇ ਮਨਪ੍ਰੀਤ ਤੋਂ ਇਸ ਬਜਟ ਵਿਚ ਇਹੋ ਜਿਹੇ ਢੰਗ ਸੁਝਾਉਣ ਦੀ ਉਮੀਦ ਸੀ ਜਿਸ ਨਾਲ ਰਾਜ ਤੋਂ ਉਦਯੋਗਾਂ ਦਾ ਪਲਾਇਨ ਰੁਕ ਸਕੇ ਅਤੇ ਨਵੇਂ ਨਿਵੇਸ਼ ਦੀ ਰਾਹ ਪ੍ਰਸ਼ਸਤ ਹੋ ਸਕੇ। ਵਿੱਤਮੰਤਰੀ ਨੂੰ ਵਿਖਯਾਤ ਸ਼ਾਇਰ ਇੰਤਜ਼ਾਰ ਗਾਜ਼ੀਪੁਰੀ ਦੀਆਂ ਇਨਾਂ ਲਾਈਨਾਂ ਨੂੰ ਸਮਝਣਾ ਹੋਵੇਗਾ;

ਰੋਜ ਸਮੰਦਰੋਂ ਕੇ ਬੀਚ,
ਡੂਬ ਰਹੀ ਹੈ ਕਸ਼ਤੀਆਂ,
ਦੇਖਾ ਹੈ ਦੂਰ-ਦੂਰ ਤਕ
ਕੋਈ ਭੀ ਨਾਖੁਦਾ ਨਹੀਂ
ਮੁਲਕ ਮੇਂ ਜੋ ਗਰੀਬ ਥੇ,
ਔਰ ਗਰੀਬ ਹੋ ਗਏ
ਰੋਟੀ ਉਨਹੇ ਮਿਲੀ ਨਹੀਂ,
ਰਹਨੇ ਕੋ ਘਰ ਮਿਲਾ ਨਹੀਂ।

ਖ਼ਜ਼ਾਨਾ ਮੰਤਰੀ ਦਾ ਕਹਿਣਾ ਹੈ ਕਿ ਇਸ ਸਮੇਂ ਪੰਜਾਬ ਦੇ ਹਰ ਬੰਦੇ ਸਿਰ 25000 ਰੁਪਏ ਕਰਜ਼ਾ ਬਣਦਾ ਹੈ। ਉਨ੍ਹਾਂ ਹੋਰ ਸਪੱਸ਼ਟ ਕੀਤਾ ਕਿ ਸੂਬੇ ਦੇ ਮੌਜੂਦਾ ਕਰਜ਼ੇ ਦੀ ਪੰਡ ਅਨੁਸਾਰ ਜੇ ਇਕ ਬੰਦੇ ਦੀ ਕਮਾਈ 100 ਰੁਪਏ ਹੈ ਤਾਂ ਉਸ ਉਪਰ 33 ਰੁਪਏ 75 ਪੈਸੇ ਕਰਜ਼ਾ ਹੈ। ਮਨਪ੍ਰੀਤ ਸਿੰਘ ਬਾਦਲ ਨੇ ਸਫ਼ਾਈ ਦਿੰਦਿਆਂ ਕਿਹਾ ਕਿ 2006-07 ਵਿਚ ਇਹ ਕਰਜ਼ਾ 40 ਰੁਪਏ ਸੀ।

# ਕਿੰਨੀ ਕੁ ਸਹੀ ਹੈ ਭੰਗ ਦੇ ਹੱਕ ਵਿਚ ਉਠ ਰਹੀ ਲਹਿਰ?

**ਹਰਜਿੰਦਰ ਦੁਸਾਂਝ, ਯੂਬਾ ਸਿਟੀ***

***ਜਿੱਥੇ ਬਹੁਤ ਸਾਰੀਆਂ ਰਾਜ ਸਰਕਾਰਾਂ ਇਸਦੇ ਹੱਕ 'ਚ ਹਨ ਉਥੇ ਸਦਰ ਓਬਾਮਾ ਦਾ ਪ੍ਰਬੰਧਕੀ ਅਮਲਾ ਇਸ ਦੇ ਪੂਰੀ ਤਰ੍ਹਾਂ ਖਿਲਾਫ ਹੈ। ਰਾਸ਼ਟਪਤੀ ਓਬਾਮਾ ਦਾ ਡਰੱਗ ਵਿਰੋਧੀ ਮਹਿਕਮੇ ਦਾ ਸਿਪਾਹਸਾਲਾਰ, ਸਿਆਟਲ ਦਾ ਸਾਬਕਾ ਪੁਲਿਸ ਮੁਖੀ ਗਿੱਲ ਕਿਰਕਵੌਸਕੀ ਕਹਿੰਦਾ ਹੈ ਕਿ ਸਾਨੂੰ ਪਹਿਲਾਂ ਹੀ ਨਸ਼ੇ ਦੀ ਲਤ ਤੋਂ ਪੀੜਤਾਂ ਦਾ ਇਲਾਜ ਕਰਨਾ ਚਾਹੀਦਾ ਹੈ, ਨਾ ਕਿ ਨਸ਼ਿਆਂ ਸਬੰਧੀ ਨਰਮ ਰੁੱਖ ਅਪਨਾ ਕੇ ਇਨ੍ਹਾਂ 'ਚ ਹੋਰ ਵਾਧਾ ਕਰਨਾ ਚਾਹੀਦਾ ਹੈ।***

ਪਾਠਕਾਂ ਦੇ ਚੇਤੇ ਦੀ ਚੰਗੇਰ ਵਿਚ ਸ਼ਾਇਦ ਕਿਧਰੇ ਇਹ ਗੱਲ ਪਈ ਹੋਵੇ ਕਿ ਕਈ ਵਰ੍ਹੇ ਪਹਿਲਾਂ ਮੈਂ ਆਪਣੇ ਇਕ ਲੇਖ ਵਿਚ ਮੈਂ ਭੰਗ ਦਾ ਜ਼ਿਕਰ ਕੀਤਾ ਸੀ ਕਿ ਪੰਜਾਬੀਆਂ ਲਈ ਸਭ ਤੋਂ ਨਖਿਧ ਚੀਜ਼ ਭੰਗ ਹੈ। 'ਭੰਗ ਦੇ ਭਾੜੇ' ਜਾਣ ਵਾਲੀ ਅਖੌਤ ਦਾ ਤਾਂ ਸਭ ਨੂੰ ਪਤਾ ਹੀ ਹੈ। ਭੰਗ ਭਾਵੇਂ ਪੰਜਾਬੀਆਂ ਲਈ ਅੱਜ ਵੀ ਭੱਠ ਪੈਣ ਵਾਲੇ ਬਾਲਣ ਤੋਂ ਵਧ ਕੁਝ ਨਹੀਂ ਪਰ ਸਮੇਂ ਅਤੇ ਵਿਗਿਆਨਿਕ ਖੋਜਾਂ ਨੇ ਇਸ ਦੀ ਕੀਮਤ ਬੇਸ਼ੁਮਾਰ ਵਧਾ ਦਿੱਤੀ ਹੈ। ਆਪਣੇ ਉਸ ਲੇਖ ਵਿਚ ਮੈਂ ਲਿਖਿਆ ਸੀ ਕਿ ਦੁਨੀਆਂ ਦਾ ਬੇਹਤਰੀਨ ਕਾਗਜ ਹਾਲੈਂਡ 'ਚ ਮਿਲਦੀ ਰੇਸ਼ੇ ਵਾਲੀ ਭੰਗ ਤੋਂ ਹੀ ਤਿਆਰ ਹੁੰਦਾ ਹੈ।

ਖ਼ੈਰ! ਕੁਦਰਤ ਦੀ ਗੋਦ ਵਿਚ ਜੋ ਚੀਜ ਪੈਦਾ ਹੋਈ ਹੈ ਉਸ ਦਾ ਕੁਦਰਤ ਦੇ ਸੰਤੁਲਨ 'ਚ ਜ਼ਰੂਰ ਕੋਈ ਚੰਗਾ ਪੱਖ ਹੋਵੇਗਾ, ਜਿਹੜਾ ਕਈ ਵਾਰ ਮਨੁੱਖੀ ਪਹੁੰਚ ਤੋਂ ਬਾਹਰ ਹੁੰਦਾ ਹੈ। ਗੱਲ ਭੰਗ ਦੀ ਕਰ ਰਿਹਾ ਸਾਂ। ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਫਸਲਾਂ 'ਚ ਗਿਣੀ ਜਾਂਦੀ ਭੰਗ ਨਾਲ ਦੁਨੀਆਂ ਭਰ 'ਚ ਕਰੋੜਾਂ ਡਾਲਰਾਂ ਦਾ ਗੈਰ-ਕਾਨੂੰਨੀ ਧੰਦਾ ਜੁੜਿਆ ਹੋਇਆ ਹੈ। ਅਮਰੀਕਾ ਸਰਕਾਰ ਹਰ ਸਾਲ ਇਸ ਗੈਰ-ਕਾਨੂੰਨੀ ਵਪਾਰ ਨੂੰ ਬੰਦ ਕਰਨ ਲਈ ਲੱਖਾਂ ਡਾਲਰ ਖਰਚ ਕਰਦੀ ਹੈ।

ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਅੱਜ ਬੜੇ ਮਾਰੂ ਨਸ਼ਿਆਂ ਤੋਂ ਬੁਰੀ ਤਰ੍ਹਾਂ ਪੀੜਤ ਹੈ, ਪਰ ਪੰਜਾਬ 'ਚ ਮਿਲਦੀ ਆਮ ਭੰਗ ਪੰਜਾਬੀ ਮਾਨਸਿਕਤਾ ਵਿਚ ਨਸ਼ੇ ਵਜੋਂ ਕਦੇ ਵੀ ਪ੍ਰਚਲਤ ਨਹੀਂ ਹੋਈ। ਇਹ ਵੱਖਰੀ ਗੱਲ ਹੈ ਕਿ ਕੁਝ ਮਨਚਲੇ ਗੱਭਰੂ ਕਿਸੇ ਦਿਨ ਤਿਉਹਾਰ ਦੇ ਮੌਕੇ ਸ਼ੁਗਲ ਵਜੋਂ ਸੇਵਨ ਕਰ ਲੈਣ। ਕਈ ਲੋਕਾਂ ਦਾ ਕਹਿਣਾ ਹੈ ਕਿ ਇਸ ਦਾ ਨਸ਼ਾ ਬੰਦੇ ਨੂੰ ਡਰੂ ਬਣਾ ਦਿੰਦਾ ਹੈ, ਸ਼ਰਾਬ ਜਾਂ ਕਈ ਹੋਰ ਨਸ਼ਿਆਂ ਵਾਂਗ ਇਹ ਬੰਦੇ ਤੋਂ ਖੌਰੂ ਨਹੀਂ ਪਵਾਉਂਦੀ। ਭਾਰਤ ਵਿਚ ਕਈ ਫਿਰਕਿਆਂ ਦੇ ਸਾਧੂ-ਮਹੰਤ ਸੁਰਤ ਜੋੜਨ ਦਾ ਬਹਾਨਾ ਕਰਕੇ ਇਸਦਾ ਸੇਵਨ ਕਰਦੇ ਹਨ ਪਰ ਮਹਾਨ ਰਹਿਬਰ ਬਾਬੇ ਨਾਨਕ ਨੇ ਸੁਨੇਹਾ ਦਿੱਤਾ ਸੀ ਕਿ ਜੇ ਬੰਦਾ ਨਾਮ ਦੀ ਖੁਮਾਰੀ ਚੱਖ ਲਵੇ ਤਾਂ ਕਿਸੇ ਹੋਰ ਨਸ਼ੇ ਦੀ ਲੋੜ ਹੀ ਨਹੀਂ। ਇਸਦੇ ਬਾਵਜੂਦ ਗੁਰੂ ਦੀਆਂ ਲਾਡਲੀਆਂ ਫੌਜਾਂ ਦੇ ਕਈ ਨਿਹੰਗ ਸਿੰਘ ਸੁੱਖਨਿਧਾਨ (ਭੰਗ ਵਾਲੀ ਸ਼ਰਦਾਈ) ਦਾ ਸੇਵਨ ਕਰਦੇ ਹਨ। ਇਸ ਸਬੰਧੀ ਹਰੀਆਂ ਵੇਲਾਂ ਵਾਲੇ ਨਿਹੰਗ ਮੁਖੀ ਨਿਹਾਲ ਸਿੰਘ ਤਰਨਾ ਦਲ ਨੇ ਗੱਲਬਾਤ ਕਰਦਿਆਂ ਭੰਗ ਦੀ ਨਸ਼ੇ ਵਜੋਂ ਵਰਤੋਂ ਕਰਨ ਦੀ ਸਪਸ਼ਟ ਤੌਰ 'ਤੇ ਨਿਖੇਧੀ ਕੀਤੀ ਸੀ ਪਰ ਉਨ੍ਹਾਂ ਦੱਸਿਆ ਸੀ ਕਿ ਪੁਰਾਤਨ ਸਿੰਘਾਂ ਦਾ ਜੰਗ ਦੌਰਾਨ ਭੰਗ ਨੇ ਬੜਾ ਸਾਥ ਦਿੱਤਾ ਸੀ। ਛਾਪਾਮਾਰੀ ਦੌਰਾਨ ਜਿਥੇ ਇਹ ਜੰਗਲ 'ਚ ਲੁੱਕਣ-ਛੁਪਣ 'ਚ ਸਹਾਈ ਹੁੰਦੀ ਉਥੇ ਫੱਟੜ ਸਿੰਘ ਦਰਦ ਘਟਾਉਣ ਲਈ ਇਸ ਦੀ ਵਰਤੋਂ ਕਰਦੇ ਸਨ, ਇਸ ਦੇ ਜ਼ਖਮ ਨਿਰੋਧਕ ਹੋਣ ਕਰਕੇ ਇਸ ਦੀ ਜ਼ਖਮਾਂ ਉਤੇ ਮੱਲ੍ਹਮ ਬਣਾ ਕੇ ਲੇਪ ਕਰਦੇ ਸਨ। ਭੰਗ ਸਚਮੁੱਚ ਕੁਦਰਤੀ ਐਂਟੀਸੈਪਟਿਕ ਹੈ, ਇਸਤੋਂ ਤਿਆਰ ਹੁੰਦੇ ਲੋਸ਼ਨ ਤੇ ਹੋਰ ਕਰੀਮਾਂ ਅਮਰੀਕਾ ਦੇ ਬਾਜ਼ਾਰਾਂ 'ਚ ਕਾਫੀ ਮਹਿੰਗੀਆਂ ਮਿਲਦੀਆਂ ਹਨ।

ਅਮਰੀਕਾ ਵਿਚ ਹਰ ਸਾਲ ਭੰਗ ਦੇ ਖਿਲਾਫ ਕਰੋੜਾਂ ਡਾਲਰ ਖਰਚਣ ਦੇ ਬਾਵਜੂਦ ਇਹ ਵਧਦੀ ਫੁੱਲਦੀ ਜਾ ਰਹੀ ਹੈ। ਵੀਅਤਨਾਮ ਦੀ ਜੰਗ ਦੌਰਾਨ ਜਦੋਂ ਅਮਰੀਕਾ 'ਚ ਹਿੱਪੀ ਲਹਿਰ ਦਾ ਉਭਾਰ ਆਇਆ ਤਾਂ ਖੁਲ੍ਹੇਆਮ ਮਿਲਦੀ ਭੰਗ ਹੀ ਹਿਪੀਆਂ ਨੂੰ ਭਾਰਤ ਲੈ ਕੇ ਗਈ ਸੀ ਪਰ ਭੰਗ ਭਾਰਤੀ ਮਾਨਸਿਕਤਾ 'ਚ ਕਦੇ ਵੀ ਆਪਣੀ ਥਾਂ ਨਹੀਂ ਬਣਾ ਸਕੀ। ਹੈਰਾਨੀ ਦੀ ਗੱਲ ਹੈ ਕਿ ਅਮਰੀਕਾ ਦੇ ਬਹੁ-ਗਿਣਤੀ ਲੋਕ ਭੰਗ ਦੇ ਇਕ ਸੂਟੇ ਖਾਤਿਰ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ ਹਨ। ਸਰਕਾਰ ਇਸਦੇ ਖਿਲਾਫ ਜਿੰਨਾ ਪ੍ਰਚਾਰ ਕਰ ਰਹੀ ਹੈ ਉਨਾ ਹੀ ਇਹ ਹੋਰ ਪ੍ਰਚਲਤ ਹੋ ਰਹੀ ਹੈ।

ਪਿਛਲੇ ਕਈ ਮਹੀਨਿਆਂ ਤੋਂ ਪੂਰੇ ਦੇਸ਼ ਵਿਚ ਇਸਨੂੰ ਇਕ ਦਵਾਈ ਅਤੇ ਇੱਕ ਸੌਂਕੀਆ ਨਸ਼ੇ ਵਜੋਂ ਮਾਨਤਾ ਦੇਣ ਲਈ ਇਕ ਲਹਿਰ ਪੈਦਾ ਕੀਤੀ ਜਾ ਰਹੀ ਹੈ। ਮੰਗ ਕੀਤੀ ਜਾ ਰਹੀ ਹੈ ਕਿ ਸ਼ਰਾਬ ਵਾਂਗ ਇਸ ਦੇ ਸੇਵਨ ਅਤੇ ਵਿਕਰੀ ਦੀ ਖੁੱਲ੍ਹ ਦਿੱਤੀ ਜਾਵੇ। ਕਈ ਰਾਜਸੀ ਆਗੂ, ਜੱਜ, ਵਕੀਲ ਅਤੇ ਪੁਲਿਸ ਅਧਿਕਾਰੀ ਇਸ ਦੀ ਵਕਾਲਤ ਕਰ ਰਹੇ ਹਨ। ਕੈਲੀਫੋਰਨੀਆ ਤੋਂ ਸਾਬਕਾ ਜੱਜ ਅਤੇ ਰਿਪਬਲੀਕਨ ਪਾਰਟੀ ਵਲੋਂ ਕਾਂਗਰਸਮੈਨ ਦੀ ਚੋਣ ਲੜਨ ਵਾਲਾ ਜੇਮਜ਼ ਗਰੈ ਹੁਣ ਭੰਗ ਲਈ ਵਕਾਲਤ ਕਰ ਰਿਹਾ ਹੈ। ਉਸ ਦਾ ਖਿਆਲ ਹੈ ਕਿ ਭੰਗ ਕਿਸੇ ਸਟੋਰ ਤੋਂ ਬੀਅਰ ਖਰੀਦਣ ਜਿੰਨੀ ਹੀ ਸੌਖੀ ਹੈ ਅਤੇ ਡਰੱਗ ਮਾਫੀਆ ਇਸਨੂੰ ਵੇਚਣ ਲੱਗਾ ਉਮਰ ਦੀ ਹੱਦ ਵੀ ਨਹੀਂ ਪੁੱਛਦਾ। ਸਾਬਕਾ ਜੱਜ ਜੇਮਜ਼ ਦੀ ਦਲੀਲ ਹੈ ਕਿ ਭੰਗ ਦੀ ਵਿਕਰੀ ਸਬੰਧੀ ਕਾਨੂੰਨ ਬਣਾ ਕੇ ਇਸਦੀ ਵਿਕਰੀ ਖੋਲ੍ਹ ਦੇਣੀ ਚਾਹੀਦੀ ਹੈ। ਇਸ ਨਾਲ ਅਮਰੀਕਾ ਦੇ ਬੱਚੇ ਹੋਰ ਸੁਰੱਖਿਅਤ ਹੋਣਗੇ। "ਰੀ ਥਿੰਕ ਪੌਟ ਲਾਅ" ਨਾਂ ਦੀ ਨਵੀਂ ਬਣੀ ਜਥੇਬੰਦੀ ਭੰਗ ਦੇ ਹੱਕ 'ਚ ਹੈ। ਇਸ ਦੇ ਬਹੁਤੇ ਮੈਂਬਰ ਉਹ ਹਨ ਜਿਹੜੇ ਪਹਿਲਾਂ ਭੰਗ ਦੇ ਖਿਲਾਫ ਲੜਾਈ ਲੜਨ ਵਾਲੇ ਮਹਿਕਮਿਆਂ 'ਚ ਕੰਮ ਕਰਦੇ ਸਨ। ਅਮਰੀਕਾ ਦੀ ਰਾਜਨੀਤੀ ਅਤੇ ਸਭਿਆਚਾਰ 'ਚ ਇਹ ਬਹੁਤ ਹੀ ਅਜੀਬ ਕਿਸਮ ਦਾ ਇਤਿਹਾਸਕ ਘਟਨਾਕ੍ਰਮ ਹੈ ਕਿ ਭੰਗ ਨੂੰ ਸ਼ੌਕੀਆ ਨਸ਼ੇ ਤੇ ਦਵਾਈ ਵਜੋਂ ਮਾਨਤਾ ਦੇਣ ਲਈ ਰਾਹ ਪੱਧਰਾ ਹੋ ਰਿਹਾ ਹੈ।

ਬੀਤੇ ਨਵੰਬਰ ਮਹੀਨੇ 'ਅਮਰੀਕਨ ਮੈਡੀਕਲ ਐਸੋਸੀਏਸ਼ਨ' ਨੇ ਕਾਂਗਰਸ ਨੂੰ ਦੱਸਿਆ ਸੀ ਕਿ ਉਹ ਭੰਗ ਨੂੰ ਦਵਾਈ ਵਜੋਂ ਮਾਨਤਾ ਦੇਣ ਦੇ ਹੱਕ 'ਚ ਹੈ। ਇਸਤੋਂ ਬਾਅਦ ਚੌਦਾਂ ਰਾਜਾਂ ਦੀਆਂ ਸਰਕਾਰਾਂ ਨੇ ਇਸ ਦੀ ਦਵਾਈ ਵਜੋਂ ਵਰਤਣ ਦੀ ਖੁੱਲ੍ਹ ਦੇਣ ਅਤੇ ਇਸ ਦਾ ਗੈਰ-ਕਾਨੂੰਨੀ ਧੰਦਾ ਕਰਨ ਵਾਲਿਆਂ ਲਈ ਸਜ਼ਾਵਾਂ ਨਰਮ ਕਰਨ ਲਈ ਵਿਚਾਰਾਂ ਸ਼ੁਰੂ ਕਰ ਦਿੱਤੀਆਂ ਹਨ। ਯਾਦ ਰਹੇ ਕੈਲੀਫੋਰਨੀਆ ਕਈ ਸਾਲ ਪਹਿਲਾਂ ਹੀ ਭੰਗ ਦੀ ਦਵਾਈ ਵਜੋਂ ਵਰਤੋਂ ਦੀ ਖੁੱਲ੍ਹ ਦੇ ਚੁੱਕਾ ਹੈ। ਕੈਲੀਫੋਰਨੀਆ ਦੀ ਡਰੱਗ ਪਾਲਿਸੀ ਅਲਾਇੰਸ ਦਾ ਡਾਇਰੈਕਟਰ ਸਟੀਫਨ ਗੱਟਵਲਿਸ ਕਹਿ ਰਿਹਾ ਹੈ ਕਿ ਹੁਣ ਭੰਗ ਨੂੰ ਪੂਰੇ ਦੇਸ਼ ਵਿਚ ਦਵਾਈ ਵਜੋਂ ਮਾਨਤਾ ਦੇ ਦਿੱਤੀ ਜਾਣੀ ਚਾਹੀਦੀ ਹੈ।

ਮਰਵਾਨਾ ਪਾਲਿਸੀ ਪ੍ਰੋਜੈਕਟ ਦੇ ਮੁਖੀ ਕੁਰਟ ਗਾਰਡਨਰ ਦਾ ਕਹਿਣਾ ਹੈ ਕਿ ਪਿਛਲੇ ਤੀਹ ਸਾਲਾਂ 'ਚ ਫੈਡਰਲ ਸਰਕਾਰ ਦੀਆਂ ਨੀਤੀਆਂ 'ਚ ਭੰਗ ਸਬੰਧੀ ਕਾਫੀ ਤਬਦੀਲੀ ਆ ਗਈ ਹੈ। ਅਟਾਰਨੀ ਜਨਰਲ ਨੇ ਪਿਛਲੇ ਸਾਲ ਹੀ ਦੱਸਿਆ ਸੀ ਕਿ ਅਮਰੀਕਾ ਦੀਆਂ ਪੁਲਿਸ ਜਥੇਬੰਦੀਆਂ ਲਈ ਭੰਗ ਹੁਣ ਪਹਿਲੇ ਏਜੰਡੇ ਉਤੇ ਨਹੀਂ ਹੈ ਕਿਉਂਕਿ ਬਹੁਤ ਸਾਰੀਆਂ ਰਾਜ ਸਰਕਾਰਾਂ ਇਸ ਬਾਰੇ ਨਰਮ ਰਵੱਈਆ ਅਖ਼ਤਿਆਰ ਕਰ ਰਹੀਆਂ ਹਨ। ਪਰ ਰਾਸ਼ਟਰਪਤੀ ਓਬਾਮਾ ਭੰਗ ਨੂੰ ਦਵਾਈ ਵਜੋਂ ਵਰਤਣ ਦੀ ਖੁਲ੍ਹ ਦੇਣ ਦੇ ਖ਼ਿਲਾਫ ਹੈ। ਨੈਸ਼ਨਲ ਡਰੱਗ ਪਾਲਿਸੀ ਦੇ ਡਾਇਰੈਕਟਰ ਟੌਮ ਮੈਕਲੀਨਲ ਨੇ ਵਾਈਟ ਹਾਊਸ ਤੋਂ ਜਾਰੀ ਬਿਆਨ 'ਚ ਕਿਹਾ ਹੈ ਕਿ ਭੰਗ ਨੂੰ ਦਵਾਈ ਵਜੋਂ ਛੋਟ ਦੇਣ ਤੋਂ ਪਹਿਲਾਂ ਇਸ ਬਾਰੇ ਹੋਰ ਖੋਜ ਹੋਣੀ ਚਾਹੀਦੀ ਹੈ ਅਤੇ ਇਸ ਦੀ ਵਰਤੋਂ ਦੀ ਖੁੱਲ੍ਹ ਸਿਗਰਟਨੋਸ਼ੀ ਵਜੋਂ ਨਹੀਂ ਸਗੋਂ ਕਿਸੇ ਹੋਰ ਰੂਪ 'ਚ ਦੇਣੀ ਚਾਹੀਦੀ ਹੈ। ਉਸਦਾ ਕਹਿਣਾ ਕਿ ਸਾਡੇ ਕੋਲ ਹੋਰ ਬਹੁਤ ਸਾਰੀਆਂ ਸੁਰੱਖਿਅਤ ਦਵਾਈਆਂ ਹਨ। ਭੰਗ ਨੂੰ ਦਵਾਈ ਵਜੋਂ ਵਰਤਣ ਦੀ ਵਕਾਲਤ ਕਰਨਾ ਇਕ ਖ਼ਤਰਨਾਕ ਰੁਝਾਨ ਹੈ। ਇੰਟਰਨੈਸ਼ਨਲ ਪੁਲਿਸ ਚੀਫ ਐਸੋਸੀਏਸ਼ਨ ਦੇ ਮੁਖੀ ਮਾਈਕਲ ਕਾਰੋਲ ਦਾ ਕਹਿਣਾ ਕਿ ਇਸ ਦੀ ਖੁੱਲ੍ਹ ਦੇਣ ਨਾਲ ਸਮੱਸਿਆ ਹੋਰ ਵਧੇਗੀ ਅਤੇ ਵੀਹ ਹਜ਼ਾਰ ਪੁਲਿਸ ਅਫਸਰ ਭੰਗ ਨੂੰ ਦਵਾਈ ਵਜੋਂ ਮਾਨਤਾ ਦੇਣ ਦੇ ਖ਼ਿਲਾਫ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੀ ਖੁਲ੍ਹ ਦੇਣ ਨਾਲ ਸੜਕ ਹਾਦਸੇ ਵਧਣਗੇ ਅਤੇ ਕਈ ਹੋਰ ਸਮਾਜਿਕ ਤੇ ਸਰੀਰਕ ਸਮੱਸਿਆਵਾਂ ਪੈਦਾ ਹੋਣਗੀਆਂ।

ਨੈਸ਼ਨਲ ਇੰਸਟੀਚਿਊਟ ਆਫ ਡਰੱਗ ਅਬਿਊਜ ਦਾ ਮੰਨਣਾ ਹੈ ਕਿ ਭੰਗ ਨੂੰ ਦਵਾਈ ਵਜੋਂ ਮਾਨਤਾ ਦੇਣ ਨਾਲ ਦਿਲ ਦੇ ਰੋਗ, ਫੇਫੜਿਆਂ ਦੇ ਰੋਗ ਅਤੇ ਨਸ਼ੇ ਦੀ ਲਤ ਵਰਗੀਆਂ ਅਲਾਮਤਾਂ 'ਚ ਵਾਧਾ ਹੋਵੇਗਾ। ਸਾਡੇ ਕੋਲ ਸ਼ਰਾਬ ਨਾਲ ਜੁੜੀਆਂ ਪਹਿਲਾਂ ਹੀ ਬੇਪਨਾਹ ਮੁਸ਼ਕਲਾਂ ਹਨ। ਯਾਦ ਰਹੇ ਅੱਜ ਕਲ੍ਹ ਅਲਬਾਮਾ, ਡੈਲਵੇਅਰ, ਨਿਊ ਯਾਰਕ, ਨਾਰਥ ਕੈਰੋਲਾਈਨਾ ਅਤੇ ਪੈਨਸਲਵੇਨੀਆ 'ਚ ਭੰਗ ਨੂੰ ਦਵਾਈ ਵਜੋਂ ਮਾਨਤਾ ਦੇਣ ਲਈ ਸਰਕਾਰੀ ਤੌਰ ਉਤੇ ਵਿਚਾਰ ਹੋ ਰਹੀ ਹੈ। ਹਵਾਈ ਅਤੇ ਰੋਡ ਆਈਲੈਂਡ ਨੇ ਭੰਗ ਰੱਖਣ ਦੀ ਸਜ਼ਾ ਘਟਾ ਦਿੱਤੀ ਹੈ ਅਤੇ ਵਰਮੌਂਟ ਸਰਕਾਰ ਸਰਕਾਰੀ ਲਾਇਸੰਸਸ਼ੁਦਾ ਲਿਕਰ ਸਟੋਰ ਉਤੇ ਭੰਗ ਦੀ ਦਵਾਈ ਵਜੋਂ ਵਿਕਰੀ ਉਤੇ ਵਿਚਾਰ ਕਰ ਰਹੀ ਹੈ।

ਕੈਲੀਫੋਰਨੀਆ ਨੇ 1996 'ਚ ਵੋਟ ਦੇ ਹੱਕ ਨਾਲ ਇਸ ਨੂੰ ਦਵਾਈ ਵਜੋਂ ਵਰਤਣ ਦੀ ਖੁੱਲ੍ਹ ਦੇ ਦਿੱਤੀ ਸੀ ਤੇ ਅੱਜ ਕਲ੍ਹ ਕੈਲੀਫੋਰਨੀਆ 'ਚ ਦਸ ਹਜ਼ਾਰ ਤੋਂ ਵੱਧ ਲੋਕ ਡਾਕਟਰ ਤੋਂ ਲਿਖਵਾ ਕੇ ਭੰਗ ਦੀ ਦਵਾਈ ਵਜੋਂ ਵਰਤੋਂ ਕਰ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਆਪਣੇ ਆਪ ਨੂੰ ਕੈਂਸਰ ਅਤੇ ਗਠੀਏ ਦੇ ਰੋਗੀ ਦੱਸ ਰਹੇ ਹਨ। ਹੁਣ ਭੰਗ ਨੂੰ ਸ਼ੌਕ ਅਤੇ ਮਨੋਰੰਜਨ ਲਈ ਵਰਤੋਂ ਕਰਨ ਦੀ ਛੋਟ ਦੇਣ ਉਤੇ ਕੈਲੀਫੋਰਨੀਆ ਦੀ ਸਟੇਟ ਲੈਜਿਸਲੇਟਿਵ ਵਿਚਾਰ ਕਰ ਰਹੀ ਹੈ। ਸੈਨ ਫਰਾਂਸਿਸਕੋ 'ਚ ਅਸੰਬਲੀਮੈਨ ਟੌਮ ਅਮੀਆਨੋ ਜਿਸਨੇ ਭੰਗ ਦੀ ਖੁਲ੍ਹ ਦੇਣ ਵਾਲਾ 'ਟੈਕਸ ਐਂਡ ਰੈਗੂਲੇਟ' ਨਾਂ ਦਾ ਬਿੱਲ ਪੇਸ਼ ਕੀਤਾ ਹੈ, ਦਾ ਕਹਿਣਾ ਹੈ ਕਿ ਜੇਕਰ ਅਸੀਂ ਇਹ ਬਿੱਲ ਪਾਸ ਕਰ ਦੇਈਏ ਤਾਂ ਬਹੁਤ ਛੇਤੀ ਇਹ ਪੂਰੇ ਦੇਸ਼ ਵਿਚ ਪੇਸ਼ ਹੋਵੇਗਾ। ਉਸਦਾ ਕਹਿਣਾ ਹੈ ਕਿ ਇਸ ਬਾਰੇ ਖੁਲ੍ਹੀ ਬਹਿਸ ਹੋ ਸਕਦੀ ਹੈ ਕਿ ਭੰਗ ਨੂੰ ਸ਼ੌਕ ਵਜੋਂ ਕਿਵੇਂ ਤੇ ਕਿੱਥੇ ਪੀਤਾ ਜਾ ਸਕਦਾ ਹੈ ਪਰ ਸਾਡੇ ਰਾਜ ਨੂੰ ਇਸ 'ਚ ਮੋਹਰੀ ਹੋਣਾ ਚਾਹੀਦਾ ਹੈ। ਉਸ ਵਲੋਂ ਪੇਸ਼ ਬਿਲ 'ਚ ਕਿਹਾ ਗਿਆ ਹੈ ਕਿ ਜੇਕਰ ਇੱਕੀ ਸਾਲ ਤੋਂ ਉੱਪਰ ਦੇ ਲੋਕਾਂ ਨੂੰ ਅਸੀਂ ਭੰਗ ਨੂੰ ਸ਼ਰਾਬ ਵਾਂਗ ਵਰਤਣ ਦੀ ਖੁਲ੍ਹ ਦੇ ਦੇਈਏ ਤਾਂ ਸਰਕਾਰ ਪੁਲਿਸ ਅਤੇ ਜੇਲ੍ਹਾਂ ਉਤੇ ਖਰਚ ਹੋਣ ਵਾਲਾ ਕਰੀਬ ਡੇਢ ਬਿਲੀਅਨ ਡਾਲਰ ਬਚਾ ਸਕਦੀ ਹੈ। ਉਲਟਾ ਇਸ ਤੋਂ ਸਰਕਾਰ ਨੂੰ ਵਾਧੂ ਟੈਕਸ ਮਿਲੇਗਾ। ਪਤਾ ਲੱਗਾ ਹੈ ਕਿ ਜੇਕਰ ਕੈਲੀਫੋਰਨੀਆ 'ਚ ਇਸ ਮਸਲੇ ਨੂੰ ਵੋਟ ਬੈਲਟ ਉਤੇ ਲਿਆਉਣਾ ਹੋਵੇ ਤਾਂ 433,971 ਲੋਕਾਂ ਦੇ ਦਸਤਖਤਾਂ ਦੀ ਲੋੜ ਹੈ ਪਰ ਇਸ ਲਈ 690,161 ਦਸਤਖਤ ਹੋ ਚੁੱਕੇ ਹਨ। ਯਾਦ ਰਹੇ ਪਿਛਲੇ ਸਾਲ 56 ਫੀਸਦੀ ਲੋਕਾਂ ਨੇ ਕੈਲੀਫੋਰਨੀਆ 'ਚ ਭੰਗ ਨੂੰ ਸ਼ਰਾਬ ਵਾਂਗ ਵਰਤਣ ਦੀ ਖੁੱਲ੍ਹ ਦੇਣ ਦਾ ਵਿਰੋਧ ਕੀਤਾ ਸੀ ਪਰ ਆਰਥਿਕ ਮੰਦਵਾੜੇ ਕਰਕੇ ਸ਼ਾਇਦ ਇਸ ਵਾਰ ਇਹ ਪਾਸ ਹੋ ਜਾਵੇ। ਇਤਿਹਾਸ ਅਕਸਰ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਅਮਰੀਕਾ ਦੇ ਪਹਿਲੇ ਵੱਡੇ ਆਰਥਿਕ ਮੰਦੇ ਤੋਂ ਪਹਿਲਾਂ ਪੂਰਨ ਸ਼ਰਾਬਬੰਦੀ ਲਾਗੂ ਸੀ ਅਤੇ ਇਹ ਗੈਰ-ਕਾਨੂੰਨੀ ਧੰਦਾ ਸੀ। ਓਕਲੈਂਡ 'ਚ ਦਵਾਈ ਵਜੋਂ ਭੰਗ ਵੇਚਣ ਵਾਲਾ ਅਤੇ ਓਕਸਟਰਡੰਮ ਯੂਨੀਵਰਸਟੀ ਦਾ ਮੁੱਖੀ (ਇਹ ਯੂਨੀਵਰਸਿਟੀ ਭੰਗ ਨੂੰ ਦਵਾਈ ਵਜੋਂ ਵਰਤਣ ਬਾਰੇ ਖੋਜ ਕਾਰਜ ਕਰ ਰਹੀ ਹੈ) ਇਸਨੂੰ ਵੋਟਾਂ ਰਾਹੀਂ ਪਾਸ ਕਰਵਾਉਣਾ ਚਾਹੁੰਦਾ ਹੈ ਤੇ ਹੁਣ ਇਸ ਲਈ ਢੁੱਕਵਾਂ ਸਮਾਂ ਦੱਸ ਰਿਹਾ ਹੈ ਕਿਉਂਕਿ ਆਰਥਿਕ ਮੰਦੇ 'ਚ ਸਰਕਾਰ ਨੂੰ ਹੋਰ ਟੈਕਸ ਚਾਹੀਦਾ ਤੇ ਲੋਕ ਹਾਂ ਕਰ ਦੇਣਗੇ। ਪਰ ਲਾਸ ਏਂਜਲਸ ਅਤੇ ਸੈਨ ਡੀਐਗੋ ਦੀ ਪੁਲਿਸ ਦਾ ਕਹਿਣਾ ਹੈ ਕਿ ਦਵਾਈ ਵਜੋਂ ਭੰਗ ਵੇਚਣ ਵਾਲੀਆਂ ਕਈ ਡਿਸਪੈਂਸਰੀਆਂ ਅੰਦਰਖਾਤੇ ਕੁਝ ਹੋਰ ਹੀ ਕਰ ਰਹੀਆਂ ਹਨ। ਲਾਸ ਏਂਜਲਸ ਸਿਟੀ ਕੌਂਸਲਮੈਨਾਂ 'ਚ ਬਹੁਤੇ ਇਸ ਦੇ ਖ਼ਿਲਾਫ ਹਨ ਕਿ ਪਹਿਲਾਂ ਦਵਾਈ ਵਜੋਂ ਛੋਟ ਦੇਣਾ ਤੇ ਹੁਣ ਇਸ ਦੀ ਖੁੱਲ੍ਹੀ ਛੋਟ ਗਲਤ ਹੈ ਉਹ ਇਸਦੇ ਖਿਲਾਫ ਖੜ੍ਹੇ ਹੋਣਗੇ। ਹੇਮਾ ਕਾਉਂਟੀ ਦੇ ਸ਼ੈਰਿਫ ਕਲੇ ਪਾਰਕਰ ਦਾ ਕਹਿਣਾ ਕਿ ਭੰਗ ਨੂੰ ਦਵਾਈ ਵਜੋਂ ਮਾਨਤਾ ਦੇਣ ਨਾਲ ਪਹਿਲਾਂ ਹੀ ਕਈ ਮੁਸ਼ਕਲਾਂ ਵੱਧ ਚੁੱਕੀਆਂ ਹਨ। ਉਹ ਇਸ ਸਬੰਧੀ ਹੋਰ ਛੋਟਾਂ ਦੇਣ ਦੇ ਖਿਲਾਫ ਹਨ ਪਰ ਸਾਬਕਾ ਜੱਜ ਗਰੇ ਦਾ ਕਹਿਣਾ ਹੈ ਕਿ ਉਸਦੇ ਨਾਲ ਦੇ ਅੱਧੇ ਜੱਜ ਇਸ ਬਾਰੇ ਚਰਚਾ ਕਰ ਰਹੇ ਹਨ, ਉਹ ਖੁੱਲ੍ਹੇਆਮ ਵਕਾਲਤ ਕਰ ਰਿਹਾ ਹੈ, ਇਸ ਲਈ ਲਹਿਰ ਪੈਦਾ ਕਰ ਰਿਹਾ ਹੈ। ਸਕੂਲ ਪੁਲਿਸ ਅਫਸਰ ਜੈਫ ਸਟੱਡਿਡ ਜਿਹੜਾ ਪਿਛਲੇ ਦਹਾਕੇ ਭੰਗ ਦੇ ਖਿਲਾਫ ਲੜਦਾ ਰਿਹਾ ਹੈ, ਹੁਣ ਕਹਿ ਰਿਹਾ ਹੈ ਕਿ ਭੰਗ ਇੱਕ ਵਧੀਆ ਦਰਦਨਾਸ਼ਕ ਦਵਾਈ ਹੈ। ਉਹ ਸਾਰੀਆਂ ਦਰਦ-ਨਿਵਾਰਕ ਦਵਾਈਆਂ ਛੱਡ ਚੁੱਕਾ ਹੈ ਕਿਉਂਕਿ ਇਨ੍ਹਾਂ ਨਾਲ ਭਾਰ ਵਧਦਾ ਹੈ।

ਹਾਲ ਦੀ ਘੜੀ ਲਗਦਾ ਹੈ ਕਿ ਕੈਲੀਫੋਰਨੀਆ 'ਚ ਇਹ ਨਵਾਂ ਬਿਲ ਫੇਲ੍ਹ ਹੋ ਜਾਵੇਗਾ ਪਰ ਰਾਜਸੀ ਲੋਕ ਵੋਟ ਲੈਣ ਲਈ ਲੋਕਾਂ ਦਾ ਰੁਝਾਨ ਦੇਖ ਕੇ ਹੀ ਫੈਸਲੇ ਲੈਂਦੇ ਹਨ। ਡਰੱਗ ਪਾਲਿਸੀ ਅਲਾਇੰਸ ਦੇ ਗੁੱਟਗਿਲ ਦਾ ਕਹਿਣਾ ਹੈ ਕਿ ਭੰਗ ਸਬੰਧੀ ਜੋ ਸੋਚ ਵਿਚ ਤਬਦੀਲੀ ਆਈ ਹੈ ਉਸ ਪਿਛੇ ਭੰਗ ਨਾਲ ਜੁੜਿਆ ਬੇਸ਼ੁਮਾਰ ਧਨ ਹੈ। ਇਸਦੇ ਚੰਗੇ ਮਾੜੇ ਦਾ ਸਭ ਨੂੰ ਪਤਾ ਹੈ। ਰੋਡ ਆਇਲੈਂਡ ਜਿਸਨੇ ਪਿਛਲੇ ਸਾਲ ਇਸ ਨੂੰ ਦਵਾਈ ਵਜੋਂ ਮਾਣਤਾ ਦਿੱਤੀ ਸੀ, ਹੁਣ ਸਿਰਫ ਹੋਰ ਟੈਕਸ ਇਕੱਠੇ ਕਰਨ ਦੇ ਇਰਾਦੇ ਨਾਲ ਹੀ ਸ਼ੌਕੀਆ ਸੇਵਨ ਦੀ ਖੁੱਲ੍ਹ ਦੇਣ 'ਤੇ ਵਿਚਾਰ ਕਰ ਰਿਹਾ ਹੈ।

ਜਿੱਥੇ ਬਹੁਤ ਸਾਰੀਆਂ ਰਾਜ ਸਰਕਾਰਾਂ ਇਸਦੇ ਹੱਕ 'ਚ ਹਨ ਉਥੇ ਸਦਰ ਓਬਾਮਾ ਦਾ ਪ੍ਰਬੰਧਕੀ ਅਮਲਾ ਇਸ ਦੇ ਪੂਰੀ ਤਰ੍ਹਾਂ ਖਿਲਾਫ ਹੈ। ਰਾਸ਼ਟਪਤੀ ਓਬਾਮਾ ਦਾ ਡਰੱਗ ਵਿਰੋਧੀ ਮਹਿਕਮੇ ਦਾ ਸਿਪਾਹਸਾਲਾਰ, ਸਿਆਟਲ ਦਾ ਸਾਬਕਾ ਪੁਲਿਸ ਮੁਖੀ ਗਿੱਲ ਕਿਰਕਵੌਸਕੀ ਕਹਿੰਦਾ ਹੈ ਕਿ ਸਾਨੂੰ ਪਹਿਲਾਂ ਹੀ ਨਸ਼ੇ ਦੀ ਲਤ ਤੋਂ ਪੀੜਤਾਂ ਦਾ ਇਲਾਜ ਕਰਨਾ ਚਾਹੀਦਾ ਹੈ, ਨਾ ਕਿ ਨਸ਼ਿਆਂ ਸਬੰਧੀ ਨਰਮ ਰੁੱਖ ਅਪਨਾ ਕੇ ਇਨ੍ਹਾਂ 'ਚ ਹੋਰ ਵਾਧਾ ਕਰਨਾ ਚਾਹੀਦਾ ਹੈ। ਵੱਖੋ ਵੱਖ ਸਰਵੇਖਣਾਂ ਤੋਂ ਪਤਾ ਲਗਦਾ ਹੈ ਕਿ ਪਿਛਲੇ 10 ਸਾਲਾਂ 'ਚ ਭੰਗ ਨੂੰ ਛੋਟ ਦੇਣ ਦੇ ਹੱਕ 'ਚ 8 ਤੋਂ 10 ਫੀਸਦੀ ਵਾਧਾ ਹੋਇਆ। ਸੋ ਲੋੜ ਹੈ ਨਸ਼ਿਆਂ ਦੇ ਖਿਲਾਫ ਇਕ ਲਹਿਰ ਪੈਦਾ ਕਰਨ ਦੀ ਜਿਹੜੀ ਹਰ ਗਲੀ ਮੁਹੱਲੇ 'ਚੋਂ ਹੋਵੇ ਤੇ ਹਰ ਭਾਈਚਾਰੇ ਵਲੋਂ ਹੋਵੇ।

*ਫੋਨ: 530-301-1753*

# ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ

**ਹਰਦੀਪ ਸਿੰਘ ਸੋਢੀ, ਨਡਾਲਾ***

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਹਿੰਦੋਸਤਾਨ ਵਿਚ ਵੱਖ ਵੱਖ ਤਰੀਕਿਆਂ ਨਾਲ ਲੋਕਾਂ ਨੂੰ ਆਪਣੇ ਮਗਰ ਲਾਉਣ ਵਾਸਤੇ ਅਖੌਤੀ ਪੁਜਾਰੀਆਂ ਅਤੇ ਸਾਧੂਆਂ ਸੰਤਾਂ ਵਲੋਂ ਅਨੇਕਾਂ ਢੰਗ ਅਪਨਾਏ ਜਾਂਦੇ ਸਨ। ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਫਸਾ ਕੇ ਠੱਗਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਕਰਮਕਾਂਡ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕਰਕੇ ਲੋਕਾਂ ਨੂੰ ਸਿੱਧੇ ਰਸਤੇ ਲਾਇਆ।

ਉਨ੍ਹਾਂ ਸਮਿਆਂ ਵਿਚ ਜਿਹੜਾ ਕੋਈ ਕੁਝ ਜਾਣਦਾ ਸੀ ਉਹ ਤਾਂ ਲੋਕਾਂ ਨੂੰ ਆਪਣੇ ਮਗਰ ਲਾ ਹੀ ਲੈਂਦਾ ਸੀ ਪਰ ਜੋ ਕੁਝ ਵੀ ਨਹੀਂ ਸਨ ਜਾਣਦੇ ਉਹ ਚੁਪ ਕਰਕੇ ਬੈਠ ਜਾਂਦੇ ਜਾਂ ਮੌਨ ਧਾਰਨ ਕਰ ਲੈਂਦੇ। ਉਨ੍ਹਾਂ ਦੀ ਇਹ ਅਵਸਥਾ ਵੇਖ ਕੇ ਹੀ ਕੁਝ ਲੋਕ ਉਨ੍ਹਾਂ ਦੇ ਮਗਰ ਲੱਗ ਤੁਰਦੇ ਤੇ ਕਹਿੰਦੇ, ਵੇਖੋ, ਕਿੰਨੀ ਕਰਨੀ ਵਾਲਾ ਸਾਧ ਹੈ ਚੁਪ ਚਾਪ ਧੂਣੇ ਕੋਲ ਬੈਠਾ ਰਹਿੰਦਾ ਹੈ। ਇਹ ਲੋਕ ਮੋਨੀ ਸਾਧੂ ਅਖਵਾਉਂਦੇ। ਗੁਰੂ ਸਾਹਿਬ ਨੇ ਇਨ੍ਹਾਂ ਦਾ ਵੀ ਖੰਡਨ ਕੀਤਾ ਅਤੇ ਰਾਗ ਧਨਾਸਰੀ ਵਿਚ ਸ਼ਬਦ ਉਚਾਰਨ ਕੀਤਾ,

ਜਬ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

ਅਰਥਾਤ ਮੌਨ ਧਾਰਨ ਨਾਲ ਕੁਝ ਹਾਸਲ ਨਹੀਂ ਹੋਣਾ। ਇਸ ਲਈ ਉਸ ਮਾਲਕ ਦੀ ਉਸਤਤ ਕਰੋ ਅਤੇ ਸੁਣੋ ਜੋ ਤੁਹਾਨੂੰ ਸੰਸਾਰ ਸਮੁੰਦਰ ਤੋਂ ਤਾਰ ਦੇਵੇਗੀ। ਅਜੋਕੇ ਸਮੇਂ ਵਿਚ ਅਸੀਂ ਚੁਪ ਨਹੀਂ ਬੈਠਦੇ, ਬੋਲਦੇ ਹਾਂ ਗੁਰੂ ਘਰ ਜਾ ਕੇ ਨਿੱਤ ਨਵੀਂਆਂ ਅਤੇ ਵੱਡੀਆਂ ਵੱਡੀਆਂ ਮੰਗਾਂ ਵਾਸਤੇ

## ਗੁਰਮਤਿ ਵਿਚਾਰ

ਝੋਲੀ ਅੱਡਦੇ ਹਾਂ। ਝੋਲੀ ਭਰਨ ਉਪਰੰਤ ਪ੍ਰਭੂ ਨੂੰ ਵਿਸਾਰ ਦਿੰਦੇ ਹਾਂ। ਫਿਰ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਾਂ। ਗੁਰੂ ਘਰਾਂ ਦੀ ਚੌਧਰ ਲੈਣ ਲਈ ਸੌ ਝੂਠ ਬੋਲਦੇ ਹਾਂ ਅਤੇ ਗੁਰੂ ਦੀ ਅਣਦੇਖੀ ਕਰਦੇ ਹਾਂ।

ਇਸ ਪ੍ਰਤੀ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, "ਦਾਤਿ ਪਿਆਰੀ ਵਿਸਰਿਆ ਦਾਤਾਰਾ ਜਾਣੈ ਨਾਹੀ ਮਰਣੁ ਵਿਚਾਰਾ॥" ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਪੰਨਾ 676 ਉਤੇ ਰਾਗ ਧਨਾਸਰੀ ਵਿਚ ਅੰਕਿਤ ਹੈ। ਇਸ ਸ਼ਬਦ ਵਿਚ ਸਾਹਿਬ ਮਨੁੱਖ ਨੂੰ ਸੋਝੀ ਦਿੰਦੇ ਹਨ ਕਿ ਦਾਤਾਂ ਦੇਣ ਵਾਲੇ ਪ੍ਰਭੂ ਨੂੰ ਹਰ ਸਮੇਂ ਦਿਲ ਵਿਚ ਵਸਾ ਕੇ ਰੱਖ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਬਾਣੀ ਅਤੇ ਕੀਰਤਨ ਦਾ ਮਹੱਤਵ ਇਸ ਸ਼ਬਦ ਵਿਚ ਵੀ ਬਹੁਤ ਸੁੰਦਰ ਤਰੀਕੇ ਨਾਲ ਸਮਝਾਉਂਦੇ ਹਨ: "ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਇ॥ ਕਿਤ ਹੀ ਕਾਮਿ ਨ ਧਉਲਧਰ ਜਿਤ ਹਰਿ ਬਿਸਰਾਇ॥" ਭਾਵ ਉਹ ਕੁੱਲੀ ਵੀ ਬਹੁਤ ਚੰਗੀ ਹੈ ਜਿਥੇ ਪ੍ਰਭੂ ਰਸ ਗਾਇਆ ਜਾਂ ਸੁਣਿਆ ਜਾਂਦਾ ਹੈ। ਬਾਣੀ ਤੋਂ ਬਿਨਾ ਵੱਡੇ ਤੇ ਉਚੇ ਮਹਿਲ ਵੀ ਬੇਕਾਰ ਹਨ। ਅੱਜ ਸਾਡਾ ਮਨ ਉਹ ਸਭ ਕੁਝ ਫੜ੍ਹ ਕੇ ਬੈਠਾ ਹੈ ਜਿਸ ਨੇ ਹੱਥੋਂ ਨਿਕਲ ਜਾਣਾ ਹੈ। ਉਸ ਦਾ ਵਿਚਾਰ ਨਹੀਂ ਕਰਦਾ ਜੋ ਸਾਡੇ ਨਾਲ ਜਾਣਾ ਹੈ। ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 747 ਉਤੇ ਰਾਗ ਸੂਹੀ ਵਿਚ ਦਰਜ ਹੈ। ਆਓ, ਗੁਰਬਾਣੀ ਦੇ ਪਵਿੱਤਰ ਸ਼ਬਦਾਂ ਨਾਲ ਕੇਵਲ ਦਾਤਾਂ ਮੰਗਣ ਤੱਕ ਹੀ ਸੀਮਤ ਨਾ ਰਹੀਏ। ਸਵਾਸ ਸਵਾਸ ਪ੍ਰਭੂ ਦਾ ਨਾਮ ਜਪੀਏ ਜਿਸ ਨਾਲ ਲੋਕ ਸੁਖੀਏ ਪ੍ਰਲੋਕ ਸੁਹੇਲੇ ਵਾਲੀ ਅਵਸਥਾ ਬਣ ਜਾਵੇ।

*ਫੋਨ:480-794-0325*

## ਨਜ਼ਮ

ਮੌਸਮ ਵਾਂਗ ਬਦਲ ਕੇ ਉਹ
ਭੁੱਲ ਗਏ ਸਾਡਾ ਚਿਹਰਾ, ਸਾਡੀਆਂ ਯਾਦਾਂ ਨੂੰ।
ਰੱਬ ਕੋਲੋਂ ਮੰਗ ਕੇ ਲਿਆ ਸੀ ਪਿਆਰ ਸਾਡਾ
ਉਹ ਭੁੱਲ ਗਏ ਕੀਤੀਆਂ ਫਰਿਆਦਾਂ ਨੂੰ।
ਅਸੀਂ ਸੱਚੇ ਦਿਲੋਂ ਕੀਤਾ ਸੀ ਪਿਆਰ ਉਹਨੂੰ
ਪਰ ਉਹ ਤਾਂ ਮਾਣਦੇ ਰਹੇ ਸਵਾਦਾਂ ਨੂੰ।
ਪਿਆਰ ਕਰ ਕਿਸੇ ਨੂੰ ਕਿੰਜ ਭੁੱਲੀਦਾ, ਦੱਸ ਜਾ
ਅਸੀਂ ਵੀ ਦੱਸਾਂਗੇ ਆਪਣੀਆਂ ਔਲਾਦਾਂ ਨੂੰ।
ਯਾਦ ਤੇਰੀ ਮੈਨੂੰ ਸੌਣ ਨਾ ਦੇਵੇ ਹੁਣ,
ਦੱਸ ਕਿਵੇਂ ਭੁੱਲ ਜਾਵਾਂ ਉਨ੍ਹਾਂ ਯਾਦਾਂ ਨੂੰ।
ਸਾਂਝ ਪਿਆਰ ਵਾਲੀ ਤੋੜ ਕੇ ਚਲੀ ਗਈ ਤੂੰ
ਫੋਟੋ ਤੇਰੀ ਵੇਖਾਂ ਜਾਂ ਫਿਰ ਵੇਖਾਂ ਸੌਗਾਤਾਂ ਨੂੰ।

**-ਸਤਿੰਦਰ ਸਿੰਘ ਸੁਸਾਣਾ, ਸ਼ਿਕਾਗੋ**
**ਫੋਨ:630-957-8243**

---

## ਗ਼ਜ਼ਲ

ਇਕੱਲੇ ਜਿਵੇਂ ਗੁੰਗੀ ਬਲੀ ਹਯਾਤੀ
ਕੋਈ ਨਾਲ ਹੋਣਾ ਜ਼ਰੂਰੀ ਏ ਸਾਥੀ।
ਭਲੇ ਦੀਵਾ ਮਿੱਟੀ ਜਾਂ ਸੋਨੇ ਦਾ ਹੋਵੇ,
ਨਹੀਂ ਕਾਰਆਮਦ ਬਿਨਾਂ ਤੇਲ ਬਾਤੀ।
ਜਦੋਂ ਯਾਦ ਆਵੇ ਤੇ ਦਿਲ ਧੜਕਦੈ ਬਸ,
ਜਦੋਂ ਦਿਲ 'ਤੇ ਬਣਦੀ, ਦੁਖਦੀ ਏ ਛਾਤੀ।
ਕਿਸੇ ਦੇ ਸੰਵਾਰਨ ਦਾ ਜਦ ਆਹਰ ਕਰੀਏ,
ਨਿਕਲ ਪੈਣ ਉਦੋਂ ਹੀ, ਕੰਮ ਆਪਣੇ ਜ਼ਾਤੀ।
ਮੈਂ ਆਪਣੀ ਮੰਜ਼ਲ ਦਾ ਰਾਹੀਆਂ ਤੋਂ ਪੁੱਛਨਾਂ,
ਪਤਾ, ਜਿਵੇਂ ਸ਼ਹਿਰੀ ਤੋਂ ਪੁੱਛੇ ਦਿਹਾਤੀ।

ਮੈਂ ਹਰ ਇਕ ਨੂੰ ਆਪਣੇ ਤੋਂ ਚੰਗਾ ਸਮਝਨਾਂ,
ਜਦੋਂ ਮਾਰਨਾਂ ਆਪਣੀ ਛਾਤੀ 'ਚ ਝਾਤੀ।
ਵਤਨ ਨਾਲ ਯਾਰਾਂ ਨੂੰ ਵੀ ਭੇਂਟ ਕੀਤਾ,
ਤੇ ਲੱਭੀ ਓਹੀ ਦਾਲ, ਸਬਜ਼ੀ, ਚਪਾਤੀ।
ਵਜ਼ੀਰਾਂ, ਕਬੀਰਾਂ ਦੇ ਦਿਨ ਫੇਰਨੇ ਨੂੰ,
ਇਹ ਜਨਤਾ ਹਮੇਸ਼ਾ ਲਹੂ ਨਾਲ ਨਹਾਤੀ।
ਚੜ੍ਹੀ ਜਾਵੇ ਰੋਟੀ ਦੀ ਕੀਮਤ ਦਿਨੋਂ ਦਿਨ,
ਅਜੇ ਆਖਦੇ ਮੁਲਕ ਸਾਡਾ ਜ਼ਰਾਅਤੀ।
ਜਨਾਜ਼ੇ ਤੇ ਅਸ਼ਰਫ! ਕਈ ਗ਼ੈਰ ਰਲਦੇ,
ਵਿਆਹ ਵੇਲੇ ਗਿਣਤੀ ਦੇ ਆਉਂਦੇ ਬਰਾਤੀ।

**-ਅਸ਼ਰਫ ਗਿੱਲ,**
**ਫੋਨ:559-237-3126**
**ਫਰਿਜ਼ਨੋ, ਕੈਲੀਫੋਰਨੀਆ।**

# ਪਿੰਡ ਦਾ ਭਾਈਚਾਰਾ

ਪਿੰਡਾਂ ਦਾ ਭਾਈਚਾਰਾ ਭਾਵੇਂ ਵੱਖ-ਵੱਖ ਜਾਤਾਂ ਅਤੇ ਬਰਾਦਰੀਆਂ ਤੋਂ ਬਣਿਆ ਹੁੰਦਾ ਹੈ ਪਰ ਆਪਸੀ ਸਹਿਚਾਰ ਅਤੇ ਮੇਲ-ਮਿਲਾਪ ਮੋਹ ਭਰਿਆ ਅਤੇ ਸੰਘਣਾ ਹੁੰਦਾ ਹੈ। ਆਮ ਤੌਰ 'ਤੇ ਪਰਿਵਾਰਾਂ ਦੀ ਪਛਾਣ ਵੀ ਭਾਵੇਂ ਉਨ੍ਹਾਂ ਦੀ ਜਾਤ ਨਾਲ ਜੁੜੀ ਹੁੰਦੀ ਹੈ ਪਰ ਆਪਸੀ ਰਿਸ਼ਤਿਆਂ ਅਤੇ ਮਿਲਵਰਤਣ ਦੇ ਰਾਹ ਵਿਚ ਜਾਤ ਕੋਈ ਬਹੁਤਾ ਅੜਿੱਕਾ ਨਹੀਂ ਬਣਦੀ। ਸਭ



ਡਾ. ਗੁਰਨਾਮ ਕੌਰ

ਉਮਰ ਅਤੇ ਦਰਜੇ ਅਨੁਸਾਰ ਇਕ ਦੂਸਰੇ ਨਾਲ ਬਾਬਾ-ਅੰਮਾ, ਤਾਇਆ-ਤਾਈ, ਚਾਚਾ-ਚਾਚੀ, ਵੀਰ-ਭਾਬੀ ਜਾਂ ਭੈਣ ਦੇ ਰਿਸ਼ਤਿਆਂ ਰਾਹੀਂ ਜੁੜੇ

**ਡਾ. ਗੁਰਨਾਮ ਕੌਰ**


ਹੁੰਦੇ ਹਨ। ਇਕ-ਦੂਸਰੇ ਨੂੰ ਇਨ੍ਹਾਂ ਰਿਸ਼ਤਿਆਂ ਦੀ ਪਛਾਣ ਦੁਆਰਾ ਹੀ ਸੰਬੋਧਨ ਕੀਤਾ ਜਾਂਦਾ ਹੈ ਭਾਵੇਂ ਕਿਸੇ ਵੀ ਜਾਤ ਜਾਂ ਬਰਾਦਰੀ ਦਾ ਹੋਵੇ।

ਪਿੰਡ ਰਹਿੰਦਿਆਂ ਅਤੇ ਵਿਚਰਦਿਆਂ ਮੈਂ ਇਨ੍ਹਾਂ ਰਿਸ਼ਤਿਆਂ ਦੇ ਮਾਣ ਅਤੇ ਨਿੱਘ ਨੂੰ ਨੇੜਿਓਂ ਦੇਖਿਆ ਅਤੇ ਮਹਿਸੂਸ ਕੀਤਾ ਹੈ। ਇਨ੍ਹਾਂ ਰਿਸ਼ਤਿਆਂ ਦੇ ਮਾਣ ਕਾਰਨ ਹੀ ਵੱਡੇ ਛੋਟਿਆਂ ਨੂੰ, ਪਰਾਏ ਹੋਣ 'ਤੇ ਵੀ, ਨਸੀਹਤ ਦੇ ਸਕਦੇ ਹਨ, ਤਾੜ ਵੀ ਸਕਦੇ ਹਨ ਅਤੇ ਦੁਲਾਰ ਵੀ ਸਕਦੇ ਹਨ। ਹੁਣ ਤਾਂ ਆਪਣੇ ਤਾਏ-ਚਾਚੇ, ਤਾਈਆਂ-ਚਾਚੀਆਂ ਅੰਕਲ-ਆਂਟੀ ਬਣ ਗਏ ਹਨ ਅਤੇ ਰਿਸ਼ਤਿਆਂ ਦਾ ਵੀ ਸ਼ਹਿਰੀਕਰਨ ਹੋ ਗਿਆ ਹੈ। ਇਸੇ ਲਈ ਆਪਸੀ ਮੋਹ ਦੀਆਂ ਤੰਦਾਂ ਢਿੱਲੀਆਂ ਪੈ ਗਈਆਂ ਹਨ। ਘੁੰਗਰਾਲੀ ਪਿੰਡ ਮਹਾਜਨੀ ਕਿਸਮ ਦਾ ਪਿੰਡ ਹੈ। ਇਸ ਲਈ ਇਥੇ ਆਮ ਪਿੰਡਾਂ ਵਾਂਗ ਖੂੰਖਾਰ ਲੜਾਈਆਂ ਹੋਣ ਦੀ ਕਦੇ ਨੌਬਤ ਨਹੀਂ ਆਈ। ਆਲੇ-ਦੁਆਲੇ ਦੇ ਪਿੰਡਾਂ ਵਿਚ ਇਹ ''ਸਾਊ'' ਪਿੰਡ ਕਰਕੇ ਜਾਣਿਆ ਜਾਂਦਾ ਹੈ। ਸ਼ਾਇਦ ਇਸ ਵਿਚ ਪਿੰਡ ਦਾ ਲੋਕਾਂ ਦੇ ਧਾਰਮਿਕ ਅਤੇ ਮਿਹਨਤੀ ਸੁਭਾ ਦਾ ਹੀ ਯੋਗਦਾਨ ਹੈ। ਉਸ ਤਰ੍ਹਾਂ ਛੋਟੀਆਂ-ਮੋਟੀਆਂ ਲੜਾਈਆਂ ਤਾਂ ਹਰ ਪਿੰਡ ਵਿਚ ਹੀ ਹੁੰਦੀਆਂ ਹਨ ਪਰ ਘੁੰਗਰਾਲੀ ਵਿਚ ਇਹ ਦੋ ਘੜੀ ਤਮਾਸ਼ਾ ਦਿਖਾਉਣ ਤੋਂ ਵੱਧ ਕਦੀ ਨਹੀਂ ਹੋਈਆਂ। ਸਾਡੇ ਪਿੰਡ ਵਿਚ ਇਨ੍ਹਾਂ ਨੂੰ ਤੂੰ-ਤੂੰ, ਮੈਂ-ਮੈਂ ਜਾਂ ਮਾੜੇ-ਮੋਟੇ ਝਗੜੇ ਤੱਕ ਪਹੁੰਚਦਿਆਂ ਹੀ ਦੇਖਿਆ ਹੈ ਜਿਸਨੂੰ ਸਿਆਣੇ ਵਿਚ ਪੈ ਕੇ ਹਟਾ ਦਿੰਦੇ ਹਨ। ਅਸੀਂ ਸਿਰਫ਼ ਗੁਆਂਢੀ ਪਿੰਡਾਂ ਵਿਚ ਹੀ ਖੂਨ-ਖ਼ਰਾਬਾ ਹੋਣ ਦੀਆਂ ਗੱਲਾਂ ਸੁਣਦੇ ਆਏ ਹਾਂ। ਕਈ ਪਿੰਡਾਂ ਵਿਚ ਤਾਂ ਇਕ ਵਾਰ ਇਕ ਪਾਸੇ ਦਾ ਬੰਦਾ ਮਾਰਿਆ ਜਾਂਦਾ ਤਾਂ ਦੂਜੀ ਵਾਰ ਦੂਜੇ ਪਾਸੇ ਦਾ। ਮਸਲਨ ਗੁਆਂਢੀ ਪਿੰਡ ਮੱਲ ਮਾਜਰੇ ਵਿਚ ਇਹ ਸਿਲਸਿਲਾ ਕਈ ਵਰ੍ਹੇ ਚਲਦਾ ਰਿਹਾ। ਆਸ-ਪਾਸ ਦੇ ਪਿੰਡਾਂ ਦੇ ਲੋਕ ਮੱਲ ਮਾਜਰੇ ਵਿਚੋਂ ਦੀ ਲੰਘਣਾ ਵੀ ਪਸੰਦ ਨਹੀਂ ਸੀ ਕਰਦੇ ਹੁੰਦੇ।

ਛੋਟੇ ਹੁੰਦਿਆਂ ਸੁਣਦੇ ਹੁੰਦੇ ਸੀ ਕਿ ਸਾਡੇ ਪਿੰਡ ਵੀ ਬਹੁਤ ਪਹਿਲਾਂ, ਜਦੋਂ ਪੰਜਾਬ ਦੀ ਰਾਜਧਾਨੀ ਲਾਹੌਰ ਸੀ, ਇਕ ਖ਼ੂਨ ਹੋਇਆ ਸੀ। ਇਸਦਾ ਮੁੱਕਦਮਾ ਵੀ ਲਾਹੌਰ ਲੜਿਆ ਗਿਆ ਸੀ। ਪਿੰਡ ਦੇ ਦੁਰਗਾ ਨਾਉਂ ਦੇ ਸੁਨਿਆਰ ਨੂੰ, ਜੋ ਗਹਿਣੇ ਬਣਾਉਣ ਦਾ ਕੰਮ ਕਰਦਾ ਸੀ ਅਤੇ ਕਾਫੀ ਪੈਸੇ ਵਾਲਾ ਸੀ, ਪਿੰਡ ਦੇ ਹੀ ਉਸ ਦੇ ਨੇੜਲੇ ਸਾਥੀ ਝਿਊਰ ਨੇ, ਕਿਸੇ ਹੋਰ ਨਾਲ ਮਿਲ ਕੇ, ਗੁਆਂਢੀ ਪਿੰਡ ਦੀ ਟਿੱਬੀ ਵਿਚ ਲਿਜਾ ਕੇ ਮਾਰ ਕੇ ਦੱਬ ਦਿੱਤਾ ਸੀ। ਫਿਰ ਉਸਦੇ ਘਰ ਅੰਦਰੋਂ ਜ਼ਮੀਨ ਪੁੱਟ ਕੇ ਦੱਬੇ ਹੋਏ ਰੁਪਏ ਅਤੇ ਸੋਨਾ ਕੱਢ ਲਿਆ ਸੀ। ਕਹਿੰਦੇ ਹਨ ਜਦੋਂ ਪੁਲਿਸ ਨੇ ਖੁਰਾ ਨੱਪ ਕੇ, ਖ਼ੂਨ ਕੱਢ ਲਿਆ ਅਤੇ ਉਸ ਝਿਊਰ ਨੂੰ ਗ੍ਰਿਫਤਾਰ ਕਰ ਲਿਆ ਤਾਂ ਉਸ ਦਾ ਸਾਰਾ ਟੱਬਰ ਪਿੰਡ ਛੱਡ ਗਿਆ ਅਤੇ ਮੁੜ ਕੇ ਕਿਸੇ ਦੇ ਮੱਥੇ ਨਹੀਂ ਲੱਗਾ।

ਪਿੰਡ ਦਾ ਮਾਹੌਲ ਏਨਾ ਖੁਸ਼ਗਵਾਰ ਰਿਹਾ ਹੈ ਕਿ ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹਨ, ਦੇ ਅਸੂਲ ਅਨੁਸਾਰ ਇਥੇ ਕੁੜੀਆਂ-ਕੱਤਰੀਆਂ ਬਿਨਾਂ ਕਿਸੇ ਭੈਅ ਦੇ ਅਰਾਮ ਨਾਲ ਵਿਚਰਦੀਆਂ ਹਨ। ਜਦੋਂ ਸਾਰੇ ਪੰਜਾਬ ਦਾ ਹੀ ਮਾਹੌਲ ਖ਼ਰਾਬ ਸੀ ਤਾਂ ਉਦੋਂ ਜ਼ਰੂਰ ਪਿੰਡ ਦੇ ਦੋ ਬੰਦੇ ਵਾਰੀ ਵਾਰੀ ਇਸ ਮਾਹੌਲ ਦੀ ਭੇਂਟ ਚੜ੍ਹ ਗਏ। ਉਨ੍ਹਾਂ ਵਿਚੋਂ ਇਕ ਮੁੰਡਾ ਨਿੰਦੀ ਤਾਂ ਨਵਾਂ-ਨਵਾਂ ਵਿਆਹਿਆ ਸੀ। ਉਸਦੀ ਆਪਣੀ ਪ੍ਰਿੰਟਿੰਗ ਪ੍ਰੈਸ ਸੀ ਅਤੇ ਉਹ ਖੱਬੇ-ਪੱਖੀ ਵਿਚਾਰਧਾਰਾ ਵਲ ਸਰਗਰਮ ਸੀ। ਉਸ ਦਾ ਪਰਿਵਾਰ ਪਾਕਿਸਤਾਨ ਬਣਨ ਵੇਲੇ ਰਾਵਲਪਿੰਡੀ ਵਲੋਂ ਉਜੜ ਕੇ ਆਇਆ ਸੀ ਜੋ ਉਸਦੇ ਮਰਨ ਨਾਲ ਦੁਬਾਰਾ ਤਬਾਹ ਹੋ ਗਿਆ।

ਉੱਪਰ ਮੈਂ ਮਿਹਨਤ ਅਤੇ ਰਿਸ਼ਤਿਆਂ ਦੀ ਗੱਲ ਕੀਤੀ ਸੀ। ਹੁਣ ਤਾਂ ਭੱਈਆ-ਕਲਚਰ ਨੇ ਲੋਕਾਂ ਨੂੰ ਕੰਮ ਕਰਨੋ ਹਟਾ ਦਿੱਤਾ ਹੈ ਪਰ ਪਹਿਲਾਂ ਅਮੀਰ ਅਤੇ ਗਰੀਬ, ਛੋਟੇ-ਬੜੇ ਸਭ ਆਪਣੇ ਘਰ, ਪਸੂਆਂ ਅਤੇ ਖੇਤੀ ਦੇ ਕੰਮ ਖ਼ੁਦ ਕਰਦੇ ਸੀ। ਆਦਮੀ-ਔਰਤਾਂ, ਪੜ੍ਹਨ ਵਾਲੇ ਬੱਚੇ ਸਭ ਆਪਣੇ ਆਪਣੇ ਵਿੱਤ ਮੁਤਾਬਕ ਮਿਹਨਤ ਕਰਦੇ ਸੀ। ਜਿਨ੍ਹਾਂ ਦੇ ਘਰ ਦੇ ਬੰਦੇ ਥੋੜ੍ਹੇ ਹੁੰਦੇ ਸੀ ਉਹ ਲੋੜ ਅਤੇ ਪਹੁੰਚ ਅਨੁਸਾਰ ਇਕ ਦੋ ਸੀਰੀ ਰੱਖ ਲੈਂਦੇ ਸੀ। ਬਹੁਤੇ ਕੰਮ ਦੇ ਦਿਨਾਂ ਵਿਚ ਦਿਹਾੜੀਏ ਪਿੰਡ ਵਿਚੋਂ ਹੀ ਲਾ ਲੈਂਦੇ ਸੀ। ਵਾਢੀ ਦੇ ਦਿਨਾਂ ਵਿਚ ''ਆਵਤ'' ਵੀ ਸੱਦ ਲਈ ਜਾਂਦੀ ਸੀ। ਕੰਮ ਕਰਨ ਨੂੰ ਲੋਕ ਵਡਿਆਈ ਸਮਝਦੇ ਸੀ, ਸ਼ਰਮ ਨਹੀਂ। ਇਹ ਨਹੀਂ ਕਿ ਕੋਈ ਵਿਹਲੜ ਹੁੰਦਾ ਹੀ ਨਹੀਂ ਸੀ। ਅਜਿਹੇ ਵਿਹਲੜ ਵੀ ਪੰਜ-ਸੱਤ ਸਨ ਜਿਨ੍ਹਾਂ ਦਾ ਕੰਮ ਦਰਵਾਜ਼ੇ ਜਾਂ ਸ਼ਿਵਦੁਆਲੇ ਬੈਠ ਕੇ ਚੌਪਟ ਖੇਡਣਾ ਹੁੰਦਾ ਸੀ। ਅਜਿਹੇ ਵਿਹਲੜਾਂ ਨੂੰ ਸਤਿਕਾਰ ਦੀ ਨਿਗ੍ਹਾ ਨਾਲ ਨਹੀਂ ਸੀ ਦੇਖਿਆ ਜਾਂਦਾ। ਜੇ ਕੋਈ ਵੱਡਾ ਹੋ ਰਿਹਾ ਮੁੰਡਾ ਇਨ੍ਹਾਂ ਦੀ ਖੇਡ ਦੇਖਣ ਜਾ ਖੜ੍ਹਦਾ ਸੀ ਤਾਂ ਪਤਾ ਲੱਗਣ 'ਤੇ ਮਾਵਾਂ ਕੰਨੋਂ ਫੜ ਕੇ ਲੈ ਆਉਂਦੀਆਂ। ਪਿੰਡ ਵਿਚ ਇਕ ਦੋ ਆਪਣੇ ਆਪ ਨੂੰ ਵੈਲੀ ਸਮਝਣ ਵਾਲੇ ਵੀ ਸਨ, ਜਿਨ੍ਹਾਂ ਨੇ ਭਾਵੇਂ ਪਿੰਡ ਵਿਚ ਤਾਂ ਕਦੇ ਮਾੜੀ ਹਰਕਤ ਨਹੀਂ ਸੀ ਕੀਤੀ, ਫਿਰ ਵੀ ਲੋਕ ਉਨ੍ਹਾਂ ਨੂੰ ਮੂੰਹ ਨਹੀਂ ਸੀ ਲਾਉਂਦੇ। ਲੋਕਾਂ ਵਿਚ ਇਕ ਦੂਸਰੇ ਦੀ ਗੱਲ ਨੂੰ ਜਰਨ ਦਾ ਮਾਦਾ ਹੁੰਦਾ ਸੀ। ਜੋ ਜਾਤ-ਪਾਤ ਤੋਂ ਉੱਠ ਕੇ ਰਿਸ਼ਤਿਆਂ ਦੀ ਬੁਨਿਆਦ ਹੁੰਦੀ ਸੀ। ਇਥੇ ਇਕ ਨਿੱਕੀ ਜਿਹੀ ਉਦਾਹਰਣ ਦਿੰਦੀ ਹਾਂ-ਸਾਡੀ ਗਲੀ ਦੇ ਸਿਰੇ 'ਤੇ ਨਾਈਆਂ ਦਾ ਘਰ ਸੀ, ਜਿਸ ਦੀ ਬੈਠਕ ਦੀਆਂ ਚੌਂਕੜੀਆਂ 'ਤੇ ਉਸ ਘਰ ਦਾ ਬਜ਼ੁਰਗ ਬੈਠਾ ਹੁੰਦਾ ਸੀ। ਉਸਦੇ ਬੈਠਿਆਂ ਕਿਸੇ ਕੁੜੀ-ਕੱਤਰੀ ਦੀ ਹਿੰਮਤ ਨਹੀਂ ਸੀ ਹੁੰਦੀ ਕਿ ਗਲੀ ਵਿਚੋਂ ਲੰਘਦਿਆਂ ਸਿਰ ਤੋਂ ਚੁੰਨੀ ਖਿਸਕ ਜਾਵੇ, ਉਹ ਝੱਟ ਟੋਕ ਦਿੰਦਾ ਸੀ, ''ਕੁੜੀਏ ਸਿਰ ਢਕ''। ਅੱਜਕੱਲ੍ਹ ਤਾਂ ਪਿੰਡ ਵਿਚ ਵੀ ਜੰਮਦੇ ਬੱਚਿਆਂ ਦੇ ਹੀ ''ਕੱਛੀ'' ਪਾ ਦਿੱਤੀ ਜਾਂਦੀ ਹੈ ਪਰ ਪਹਿਲੇ ਸਮਿਆਂ ਵਿਚ ਕਈ-ਕਈ ਸਾਲ ਤੱਕ ਬੱਚੇ ਤੇੜੋਂ ਨੰਗੇ ਫਿਰਦੇ ਰਹਿੰਦੇ ਸੀ। ਪਰ ਉਸ ਬਜ਼ੁਰਗ ਦੇ ਬੈਠਿਆਂ ਕੋਈ



ਬੱਚਾ ਵੀ ਗਲੀ ਵਿਚੋਂ ਤੇੜੋਂ ਨੰਗਾ ਨਹੀਂ ਸੀ ਲੰਘ ਸਕਦਾ। ਉਹ ਝੱਟ ਘਰ ਨੂੰ ਮੋੜ ਦਿੰਦਾ ਸੀ। ਉਸਦਾ ਨਾਮ ''ਆਤਮਾ ਰਾਮ'' ਸੀ ਭਾਵੇਂ ਉਸਨੇ ਕੇਸ ਦਾੜ੍ਹੀ ਰੱਖੇ ਹੋਏ ਸੀ। ਗੁਰਦੁਆਰੇ ਲੰਗਰ ਵਿਚ ਸੇਵਾ ਕਰਦਿਆਂ ਉਹ ਬਹੁਤ ਹੀ ਸੁਆਦ ਦਾਲ ਸਬਜ਼ੀ ਬਣਾਉਂਦੇ ਸੀ।

ਰਾਇ ਸਿੰਘ ਕਪੜਾ ਬੁਣਨ ਦਾ ਕੰਮ ਕਰਦਾ ਸੀ ਪਰ ਉਸਨੂੰ ਪੜ੍ਹਨਾ-ਲਿਖਣਾ ਵੀ ਆਉਂਦਾ ਸੀ ਅਤੇ ਉਹ ਬਹੁਤ ਸਾਫ-ਸੁਥਰਾ ਪੂਰਨ ਗੁਰਸਿੱਖ ਸੀ ਉਸਨੂੰ ਵੀ ਬੜੇ ਸਤਿਕਾਰ ਨਾਲ ''ਬਾਬਾ ਜੀ'' ਕਹਿ ਕੇ ਸਤਿ ਸ੍ਰੀ ਅਕਾਲ ਬੁਲਾਈਦੀ ਸੀ ਅਤੇ ਉਹ ਬਹੁਤ ਪਿਆਰ ਨਾਲ ਜੁਆਬ ਦਿੰਦਾ ਸੀ। ਚਰਨ ਸਿੰਘ ਮਿਸਤਰੀ ਤੋਂ ਪਿੰਡ ਦੇ ਦਰਵਾਜ਼ੇ ਵਿਚ ਬਜ਼ੁਰਗ ਅਤੇ ਮੁੰਡੇ-ਖੁੰਡੇ ਥੱਕੇ ਹੋਣ ਦੇ ਬਾਵਜੂਦ ਵੀ ਅੱਧੀ-ਅੱਧੀ ਰਾਤ ਤਕ ਬੈਠੇ ਮਹਾਂਭਾਰਤ ਅਤੇ ਹੋਰ ਕਹਾਣੀਆਂ ਸੁਣਦੇ ਰਹਿੰਦੇ। ਉਸਦਾ ਕਹਾਣੀ ਕਹਿਣ ਦਾ ਢੰਗ ਹੀ ਅਜਿਹਾ ਸੀ।

ਪਿੰਡਾਂ ਵਿਚ ਪਰਿਵਾਰਾਂ ਦੀਆਂ ਅੱਲਾਂ ਉਨ੍ਹਾਂ ਦੇ ਬਜ਼ੁਰਗਾਂ ਦੀ ਨੌਕਰੀ ਕਰਕੇ ਜਾਂ ਕਈ ਵਾਰ ਰਹਿਣ-ਸਹਿਣ ਜਾਂ ਬੋਲਣ ਦੇ ਕਿਸੇ ਖਾਸ ਕਾਰਨ ਵੀ ਪੈ ਜਾਂਦੇ ਹਨ। ਇਸ ਦੀਆਂ ਉਦਾਹਰਣਾਂ ਸਾਡੇ ਪਿੰਡ ਵਿਚ ਵੀ ਕਾਇਮ ਹਨ। ਮਸਲਨ ਫ਼ੌਜ ਦੀ ਨੌਕਰੀ ਕਾਰਨ ਸਾਡੇ ਪਿੰਡ ਦੇ ਦੋ ਪੁਰਾਣੇ ਪਰਿਵਾਰ ਅੱਜ ਵੀ ''ਹੌਲਦਾਰ'' ਅਤੇ ''ਸੂਬੇਦਾਰ'' ਕਰਕੇ ਮਸ਼ਹੂਰ ਹਨ ਭਾਵੇਂ ਉਸਤੋਂ ਬਾਅਦ ਕਈ ਕੈਪਟਨ ਦੇ ਅਹੁਦੇ ਤੱਕ ਵੀ ਲੋਕ ਪਹੁੰਚੇ। ਮੇਰੇ ਦਾਦੇ ਦਾ ਸ਼ਾਹੀ-ਬਣੌਤੀ ਦਾ ਕੰਮ ਆਲੇ-ਦੁਆਲੇ ਦੇ ਪਿੰਡਾਂ ਤੱਕ ਚਲਦਾ ਸੀ। (ਪਤਾ ਨਹੀਂ ਉਹ ਜੱਟ ਹੋ ਕੇ ਵੀ ਸੇਠਾਂ ਵਾਲੇ ਕੰਮ ਵਿਚ ਕਿਵੇਂ ਪੈ ਗਏ?) ਇਹ ਮੇਰੇ ਜਨਮ ਤੋਂ ਪਹਿਲਾਂ ਦੀਆਂ ਗੱਲਾਂ ਹਨ। ਦਾਦੇ ਦੇ ਪਰਲੋਕ ਸਿਧਾਰਨ ਤੋਂ ਬਾਅਦ ਵੀ ਅੱਜ ਤਕ ਮੇਰੇ ਤਾਏ ਦੇ ਟੱਬਰ ਨੂੰ 'ਸੇਠਾਂ ਦੇ' ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਮੇਰੇ ਬਾਪੂ ਜੀ ਨੇ ਕਿਉਂਕਿ ਪਹਿਲੀ ਉਮਰ ਵਿਚ ਹੀ ਅੰਮ੍ਰਿਤ ਛਕ ਕੇ ਨੀਲੀ ਦਸਤਾਰ ਸਜਾ ਲਈ ਸੀ ਇਸ ਕਰਕੇ ਸਾਨੂੰ ਪਿੰਡ ਦੇ ਲੋਕ ''ਅਕਾਲੀ'' ਕਹਿੰਦੇ ਹਨ। ਸੂਬੇਦਾਰਾਂ ਅਤੇ ਹੌਲਦਾਰਾਂ ਦਾ ਥੰਮਾ ਪਿੰਡ ਵਿਚ ਸਭ ਤੋਂ ਉੱਚਾ ਹੈ ਭਾਵ ਉਹ ਸਭ ਦੇ ''ਬਾਬਿਆਂ'' ਦੇ ਥਾਂ ਲਗਦੇ ਹਨ। ਇਸੇ ਕਰਕੇ ਪਰਦੇ ਦੇ ਰਿਵਾਜ਼ ਵੇਲੇ ਵੀ ਦੋਹਾਂ ''ਅੰਮਾਂ ਜੀਆਂ'' ਨੂੰ ਕਿਸੇ ਤੋਂ ਘੁੰਡ ਕੱਢਣ ਦੀ ਲੋੜ ਨਹੀਂ ਸੀ ਪੈਂਦੀ। ਇਨ੍ਹਾਂ ਬਜ਼ੁਰਗ ਦਾਦੀਆਂ ਦਾ ਜ਼ਿਕਰ ਮੈਂ ਫੇਰ ਕਰਾਂਗੀ। ਸਾਡੇ ਪਰਿਵਾਰ ਦਾ ਦੋਹਾਂ ਪਰਿਵਾਰਾਂ ਨਾਲ ਬਹੁਤ ਪ੍ਰੇਮ ਸੀ ਭਾਵੇਂ ਸਾਡਾ ਘਰ ਦੂਸਰੀ ਗਲੀ ਵਿਚ ਸੀ। ਹੌਲਦਾਰ ਬਾਬਾ ਜੀ ਦੀ ਮਿੱਠੀ ਬੋਲੀ ਹਰ ਇਕ ਨੂੰ ਮੋਹ ਲੈਂਦੀ ਸੀ। ਉਨ੍ਹਾਂ ਨੂੰ ਫੌਜੀ ਸੁਭਾ ਕਰਕੇ ਮਿਹਨਤ ਕਰਨ ਦੀ ਵੀ ਬਹੁਤ ਲਗਨ ਸੀ। ਸ਼ਾਇਦ ਮੇਰੇ ਬਾਪੂ ਜੀ ਨੇ ਵੀ ਮਿਹਨਤ ਦੀ ਲਗਨ ਉਨ੍ਹਾਂ ਦੀ ਸੰਗਤ ਵਿਚੋਂ ਹੀ ਗ੍ਰਹਿਣ ਕੀਤੀ। ਬਾਬਾ ਜੀ ਹਮੇਸ਼ਾ ਹੀ ਆਪਣੀ ਬਗੀਚੀ ਵਿਚ ਮੌਸਮੀ ਸਬਜ਼ੀਆਂ ਦੇ ਨਾਲ-ਨਾਲ ਫੁੱਲ ਵੀ ਬਹੁਤ ਉਗਾਉਂਦੇ। ਉਨ੍ਹਾਂ ਦੀ ਬਗੀਚੀ, ਜੋ ਗੁਰਦੁਆਰੇ ਦੇ ਰਾਹ ਵਿਚ ਪੈਂਦੀ ਸੀ, ਦੇ ਗੇਂਦੇ ਦੇ ਫੁੱਲ ਹਰ ਇੱਕ ਨੂੰ ਆਪਣੇ ਵਲ ਖਿੱਚਦੇ ਸੀ। ਜਦੋਂ ਹੌਲਦਾਰ ਬਾਬਾ ਜੀ, ਮੇਰੇ ਬਾਪੂ ਜੀ, ਗਿਆਨੀ ਪ੍ਰੇਮ ਸਿੰਘ ਬਾਬਾ ਜੀ ਨਾਲ ਨਗਰ ਕੀਰਤਨ ਵੇਲੇ ਪੰਜ-ਪਿਆਰਿਆਂ ਵਿਚ ਸ਼ਾਮਲ ਹੋ ਕੇ ਨੀਲੀ-ਪੀਲੀ ਪੁਸ਼ਾਕ ਸਜਾਉਂਦੇ ਤਾਂ ਮਨ ਨੂੰ ਬਹੁਤ ਮਾਣ ਮਹਿਸੂਸ ਹੁੰਦਾ ਸੀ। ਗਿਆਨੀ ਪ੍ਰੇਮ ਸਿੰਘ ਨੂੰ ਵੀ ਅਸੀਂ ਬਾਬਾ ਜੀ ਕਹਿੰਦੇ ਸੀ ਜੋ ਬੜੀ ਗੁਰਮੁਖ ਸ਼ਖਸੀਅਤ ਦੇ ਮਾਲਕ ਸੀ। ਉਹ ਪਿੰਡ ਪੱਕੇ ਤੌਰ 'ਤੇ ਰਹਿਣ ਤੋਂ ਪਹਿਲਾਂ ਰੁੜਕੀ ਸ਼ਹਿਰ (ਉੱਤਰ ਪ੍ਰਦੇਸ਼) ਦੇ ਗੁਰਦੁਆਰੇ ਵਿਚ ਧਰਮ ਪ੍ਰਚਾਰਕ ਸਨ। ਇਸੇ ਲਈ ਪੜ੍ਹੇ ਲਿਖੇ ਹੋਣ ਦੇ ਨਾਲ ਨਾਲ ਉਨ੍ਹਾਂ ਨੂੰ ਗੁਰਬਾਣੀ ਦਾ ਵੀ ਚੰਗਾ ਗਿਆਨ ਪ੍ਰਾਪਤ ਸੀ। ਉਹ ਕੁਝ ਨਾ ਕੁਝ ਲਿਖਦੇ ਵੀ ਰਹਿੰਦੇ ਸਨ।

## ਰੰਗ-ਬੇਰੰਗ

ਉਨ੍ਹਾਂ ਦੀਆਂ ਚਾਰ ਲੜਕੀਆਂ ਵਿਚੋਂ ਤੀਜੇ ਨੰਬਰ ਦੀ ਲੜਕੀ ਮੇਰੀ ਜਮਾਤਣ ਸੀ। ਉਨ੍ਹਾਂ ਨੇ ਸਾਨੂੰ ਦੋਵਾਂ ਨੂੰ ਆਪਣੀ ਲਿਖੀ ''ਸਿੱਖਿਆ'' ਦੀ ਮੁਹਾਰਤ ਕਰਵਾਈ। ਪਿੰਡ ਵਿਚ ਜਦੋਂ ਵੀ ਕਿਸੇ ਕੁੜੀ ਦੇ ਅਨੰਦ-ਕਾਰਜ ਹੁੰਦੇ ਤਾਂ ਉਹ ਸਾਨੂੰ ਸਿਖਿਆ ਪੜ੍ਹਨ ਲਈ ਕਹਿੰਦੇ। ਸਿੱਖਿਆ ਦੀਆਂ ਦੋ ਪੰਕਤੀਆਂ ਮੈਨੂੰ ਅੱਜ ਵੀ ਯਾਦ ਹਨ, ''ਧੂਰਕੋਟ ਤੇ ਸਾੜੀ ਨੂੰ ਵੀ ਮਨੋਂ ਵਿਸਾਰ ਕੁੜੇ। ਤੂੰ ਕਰ ਗੁਰਮਤਿ ਪ੍ਰਚਾਰ ਕੁੜੇ।'' ਇਸ ਤਰ੍ਹਾਂ ਉਨ੍ਹਾਂ ਨੇ ਮੈਨੂੰ ਬਹੁਤ ਛੋਟੀ ਉਮਰ ਵਿਚ ਪਹਿਲੀ ਵਾਰ ਸਿੱਖੀ ਦੀ ਸਟੇਜ 'ਤੇ ਲਿਆਂਦਾ। ਉਨ੍ਹਾਂ ਦੀ ਕਿਸੇ ਲੜਕੀ ਨੇ ਕੰਨ ਨਹੀਂ ਸੀ ਵਿੰਨ੍ਹੇ ਹੋਏ ਅਤੇ ਨਾ ਹੀ ਕੋਈ ਹੋਰ ਗਹਿਣਾ ਪਾਉਂਦੀਆਂ ਸਨ। ਵੱਡੀਆਂ ਦੋਵੇਂ ਲੜਕੀਆਂ ਰੁੜਕੀ ਦੇ ਧਾਰਮਿਕ ਮਾਹੌਲ ਵਿਚ ਪਲ ਕੇ ਆਈਆਂ ਸਨ ਅਤੇ ਉਨ੍ਹਾਂ ਦਾ ਵਿਅਕਤੀਤਵ ਬਹੁਤ ਹੀ ਸਲੀਕੇਦਾਰ ਅਤੇ ਸਲਾਹੁਣਯੋਗ ਸੀ।

ਹੌਲਦਾਰ ਬਾਬਾ ਸੰਤਾ ਸਿੰਘ ਜੀ ਦਾ ਇਕ ਪੋਤਾ, ਚਾਚਾ ਜੀ ਕਰਤਾਰ ਸਿੰਘ ਦਾ ਬੇਟਾ (ਜੋ ਆਪ ਐਸ.ਜੀ.ਪੀ.ਸੀ. ਵਿਚ ਲੰਬਾ ਸਮਾਂ ਮੈਨੇਜਰ ਰਹੇ) ਦਵਿੰਦਰ ਸਿੰਘ 'ਪੰਜਾਬ ਐਂਡ ਸਿੰਧ' ਬੈਂਕ ਵਿਚੋਂ ਹੁਣੇ ਜਿਹੇ ਹੀ ਜੀ. ਐਮ. ਦੇ ਅਹੁਦੇ ਤੋਂ ਰਿਟਾਇਰ ਹੋਇਆ ਹੈ, ਉਸਦਾ ਸੁਭਾ ਬਾਬਾ ਜੀ 'ਤੇ ਹੈ। ਪਿੰਡ ਦਾ ਕੋਈ ਵੀ ਬੰਦਾ ਕਿਸੇ ਕੰਮ ਲਈ ਉਸ ਕੋਲ ਜਾਵੇ ਉਸਨੇ ਕਦੇ ਨਿਰਾਸ਼ ਨਹੀਂ ਮੋੜਿਆ। ਸ਼ਾਇਦ ਇਸੇ ਨੂੰ ਹੀ ''ਬਾਬਾਣੀਆ ਕਹਾਣੀਆਂ ਪੁੱਤ ਸਪੁਤਿ ਕਰੇਨਿ'' ਕਹਿੰਦੇ ਹਨ।

ਕਈ ਵਾਰ ਇਹ ਉਲਟੀ ਦਿਸ਼ਾ ਵਿਚ ਵੀ ਵਾਪਰ ਜਾਂਦਾ ਹੈ ਜਿਵੇਂ ਚਾਚਾ 'ਨਰਾਤਾ ਰਾਮ' ਦੇ ਮਾਮਲੇ ਵਿਚ, ਉਨ੍ਹਾਂ ਦਾ ਘਰ ਵੀ ਸਾਡੀ ਗਲੀ ਵਿਚ ਸੀ। ਚਾਚਾ ਨਰਾਤਾ ਰਾਮ ਜਾਂ ਤੇ ਸਾਰਾ ਦਿਨ ਗਲੀ ਵਿਚ ਬੈਠ ਕੇ ਹੁੱਕਾ ਪੀਂਦਾ ਅਤੇ ਸਾਰੀ ਗਲੀ ਵਿਚ ਮੁਸ਼ਕ ਫੈਲਾਈ ਰੱਖਦਾ ਸੀ ਜਾਂ ਫਿਰ ਉਸਦਾ ਟਿਕਾਣਾ 'ਸ਼ਿਵਦੁਆਲੇ' ਜਾਂ ਦਰਵਾਜ਼ੇ ਹੁੰਦਾ ਸੀ ਜਿੱਥੇ ਆਪਣੇ ਵਰਗੇ ਵਿਹਲੜਾਂ ਨਾਲ ਬੈਠ ਕੇ ਚੌਪਟ ਖੇਡਦਾ ਸੀ। ਚਾਚੀ ਨੇ ਆਪ ਮਿਹਨਤ ਕਰਕੇ ਸਾਰੇ ਮੁੰਡੇ ਪੜ੍ਹਾਏ-ਲਿਖਾਏ ਅਤੇ ਸਥਾਪਤ ਕੀਤੇ। ਵੱਡਾ ਮੁੰਡਾ ਬਲਦੇਵ ਆਪਣੇ ਤਾਏ ਰਾਹੀਂ ਅਫਰੀਕਾ ਚਲਾ ਗਿਆ ਅਤੇ ਸਥਾਪਤ ਹੋ ਗਿਆ। ਪਿੱਛੋਂ ਉਸਦਾ ਲੜਕਾ ਵੀ ਡਾਕਟਰ ਬਣ ਕੇ ਇੰਗਲੈਂਡ ਵਿਚ ਸੈਟਲ ਹੋ ਗਿਆ ਅਤੇ ਬਲਦੇਵ ਵੀ ਇੰਗਲੈਂਡ ਚਲਾ ਗਿਆ। ਬਲਦੇਵ ਨੇ ਆਪਣੇ ਮਾਤਾ-ਪਿਤਾ ਦੇ ਸਵਰਗਵਾਸ ਹੋਣ ਤੇ ਉਨ੍ਹਾਂ ਦੀ ਯਾਦ ਵਿਚ ਕਈ ਸਾਲ ਪਹਿਲਾਂ ਚਾਰ ਲੱਖ ਰੁਪਈਆ ਖ਼ਰਚ ਕੇ ਪਿੰਡ ਦੇ ਸਕੂਲ ਦਾ ਬਹੁਤ ਵੱਡਾ ਹਾਲ ਕਮਰਾ ਬਣਾਇਆ ਅਤੇ ਸਕੂਲ ਦੀ ਹੋਰ ਵੀ ਬਹੁਤ ਸੇਵਾ ਕੀਤੀ। ਪਿੰਡ ਦੇ ਅਜਿਹੇ ਭਲੇ ਬੰਦਿਆਂ ਕਾਰਨ ਹੀ ਪਿੰਡ ਦੇ ਸਕੂਲ ਦੀ ਅੱਜ ਸ਼ਾਨਦਾਰ ਬਿਲਡਿੰਗ ਹੈ ਜਿਥੇ ਬਾਰ੍ਹਵੀਂ ਤੱਕ ਦੀ ਵਿਦਿਆ ਦਿਤੀ ਜਾਂਦੀ ਹੈ। ਪਿੰਡ ਦਾ ਮੂੰਹ ਮੱਥਾ ਅਜਿਹੇ ਬੰਦਿਆਂ ਕਾਰਨ ਅਤੇ ਪਿੰਡ ਦੀ ਭਲੀ ਪੰਚਾਇਤ ਕਾਰਨ ਖੂਬ ਸਜਿਆ ਸੰਵਰਿਆ ਹੈ।

# ਸੰਪਾਦਕ ਦੀ ਡਾਕ

## ਚੜ੍ਹਦੀ ਕਲਾ 'ਚ ਰਹੇ ਪੰਜਾਬ ਟਾਈਮਜ਼

ਪੜ੍ਹਨਾ ਮੇਰਾ ਸ਼ੌਕ ਹੈ, ਸੋ ਹਰ ਹਫਤੇ ਅਖਬਾਰਾਂ ਵੀ ਪੜ੍ਹਦੀ ਹਾਂ। ਅਖਬਾਰਾਂ ਵਿਚ ਬੜੇ ਸੂਝਵਾਨ ਤੇ ਸਿਆਣੇ ਕਲਮਾਂ ਵਾਲੇ ਵੀ ਪੜ੍ਹਨ ਨੂੰ ਮਿਲਦੇ ਹਨ। ਤਕਰੀਬਨ ਇਕ ਸਾਲ ਪਹਿਲਾਂ ਪੰਜਾਬ ਟਾਈਮਜ਼ ਵਿਚ ਇਕ ਲੇਖ ਪੜ੍ਹਿਆ ਜੋ ਅਖਬਾਰ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਲਿਖਿਆ ਹੋਇਆ ਸੀ। ਪੜ੍ਹ ਕੇ ਸਕਤੇ ਵਿਚ ਆ ਗਈ। ਉਹ ਲੇਖ ਉਨ੍ਹਾਂ ਦੇ ਆਪਣੇ ਜੀਵਨ ਦੀ ਗਾਥਾ ਸੀ। ਮੈਂ ਹਿੰਮਤ ਕਰਕੇ ਫੋਨ ਮਿਲਾਇਆ ਤੇ ਅੱਗੋਂ ਇਕ ਬਹੁਤ ਹੀ ਪ੍ਰਭਾਵਸ਼ਾਲੀ ਤੇ ਮਿੱਠੀ ਆਵਾਜ਼ ਸੁਣ ਕੇ ਮੈਂ ਫਤਿਹ ਬੁਲਾ ਕਿਹਾ, ''ਮੈਂ ਸਰਦਾਰ ਅਮੋਲਕ ਸਿੰਘ ਨਾਲ ਗੱਲ ਕਰਨਾ ਚਾਹੁੰਦੀ ਹਾਂ।'' ਜਵਾਬ ਆਇਆ, ''ਮੈਂ ਹੀ ਅਮੋਲਕ ਸਿੰਘ ਹਾਂ, ਦੱਸੋ ਭੈਣ ਜੀ।'' ਮੈਂ ਉਨ੍ਹਾਂ ਦੇ ਲੇਖ ਦੀ ਪ੍ਰਸ਼ੰਸਾ ਕਰਦਿਆਂ ਪੁੱਛਿਆ ਕਿ ਕੀ ਇਹ ਸੱਚ ਹੈ, ਤਾਂ ਜਵਾਬ ਸੀ, ''ਇਹ ਉਨਾ ਹੀ ਸੱਚ ਹੈ ਜਿੰਨਾ ਕੇ ਸੱਚ ਨੂੰ ਹੋਣਾ ਚਾਹੀਦਾ ਹੈ।'' ਰੱਬ ਦੇ ਹੁਕਮ ਅੱਗੇ ਮੇਰਾ ਸਿਰ ਝੁਕ ਗਿਆ। ਕਾਫੀ ਚਿਰ ਗੱਲਾਂ ਹੋਈਆਂ, ਜਿਵੇਂ ਸਾਡੀ ਚਿਰਾਂ ਤੋਂ ਪਹਿਚਾਣ ਹੋਵੇ। ਥੋੜ੍ਹੇ ਦਿਨਾਂ ਬਾਅਦ ਮੈਂ ਫਿਰ ਫੋਨ ਕੀਤਾ ਤਾਂ ਮੇਰਾ ਵੀਰ ਉਸੇ ਚੜ੍ਹਦੀ ਕਲਾ ਵਾਲੇ ਅੰਦਾਜ਼ ਵਿਚ ਬੋਲਿਆ, ''ਮੈਂ ਤੇ ਆਪਣੀ ਭੈਣ ਦਾ ਫੋਨ ਉਡੀਕਦਾ ਰਹਿੰਦਾਂ।'' ਪਰਿਵਾਰ ਬਾਰੇ ਅਤੇ ਜ਼ਿੰਦਗੀ ਦੇ ਹੋਰ ਪੱਖਾਂ ਬਾਰੇ ਗੱਲਾਂ ਹੋਈਆਂ। ਉਨ੍ਹਾਂ ਪੁੱਛਿਆ, ਭਾਈਆ ਜੀ ਦਾ ਕੀ ਹਾਲ ਹੈ? ਮੈਨੂੰ ਜਾਪਿਆ ਜਿਵੇਂ ਅੰਨ੍ਹੇ ਬੰਦੇ ਨੂੰ ਅੱਖਾਂ ਮਿਲ ਗਈਆਂ ਹੋਣ, ਜਿਸ ਆਪਣੇਪਨ ਅਤੇ ਵੀਰ ਦੇ ਪਿਆਰ ਨੂੰ ਮੈਂ ਜੀਵਨ ਭਰ ਲੱਭਦੀ ਰਹੀ, ਉਹ ਮੈਂ ਅੱਜ ਪ੍ਰਾਪਤ ਕਰ ਲਿਆ ਸੀ। ਮੂੰਹੋਂ ਨਿਕਲਿਆ, ਵਾਹਿਗੁਰੂ ਤੇਰਾ ਸ਼ੁਕਰ ਹੈ।

''ਵਿਛੁੜਿਆਂ ਮੇਲੇ ਪ੍ਰਭੂ, ਹਰਿ ਦਰਗਹਿ ਕਾ ਬਸੀਠੁ''। ਇਥੇ ਮੈਂ ਦੱਸਣਾ ਚਾਹੁੰਦੀ ਹਾਂ ਕਿ ਮੇਰਾ ਕਿਤੇ ਭੈਣ-ਭਰਾ ਦਾ ਰਿਸ਼ਤਾ ਨਹੀਂ ਬਣਿਆ। ਸੰਸਾਰ ਵਿਚ ਮੇਰੇ ਧਰਮ ਦੇ ਬਹੁਤ ਭਰਾ-ਵੀਰ ਹਨ ਜੋ ਮੇਰਾ ਬੜਾ ਸਤਿਕਾਰ ਕਰਦੇ ਹਨ, ਹਰ ਜਾਤ, ਹਰ ਮਜ਼੍ਹਬ ਅਤੇ ਹਰ ਧਰਮ ਦੇ। ਮੇਰੇ ਜਿਊਣ ਜੋਗੇ ਵੀਰਾਂ ਨੇ ਬੇਹਿਸਾਬ ਪਿਆਰ, ਇਜ਼ਤ ਤੇ ਮਾਣ ਨਾਲ ਮੇਰੀ ਝੋਲੀ ਭਰੀ ਹੈ। ਇਸ ਲਈ ਮੈਂ ਸਭ ਦੀ ਰਿਣੀ ਹਾਂ। ਮੇਰੇ ਅੰਦਰ ਇਕ ਭੁੱਖ ਸੀ, ਮੈਂ ਚਾਹੁੰਦੀ ਸਾਂ ਕਾਸ਼! ਮੇਰਾ ਵੀ ਇਕ ਵੀਰ ਹੁੰਦਾ ਜੋ ਕਦੀ ਲੜਦਾ, ਕਦੀ ਰੁਸਦਾ ਤੇ ਕਦੀ ਮੈਂ ਉਸ ਨੂੰ ਝਿੜਕਦੀ, ਕਦੀ ਮਨਾਉਂਦੀ, ਜੋ ਆਪਣਾ ਹੋਵੇ ਬਿਲਕੁਲ ਮੇਰਾ ਆਪਣਾ ਤੇ ਸਿਰਫ ਉਹ ਮੇਰਾ ਹੀ ਹੋਵੇ, ਮੇਰਾ ਆਪਣਾ ਵੀਰ। ਤੇ ਉਹ ਵੀਰ ਮੈਨੂੰ ਅੱਜ ਲੱਭ ਗਿਆ ਹੈ, ਮੇਰਾ ਅਮੁੱਲਾ ਵੀਰ, ਅਮੋਲਕ ਵੀਰ, ਜੁੱਗ ਜੁੱਗ ਜੀਵੇ ਮੇਰਾ ਅਮੁੱਲਾ ਵੀਰ। ਇਹ ਅਲਫਾਜ਼ ਜੋ ਮੈਂ ਕਦੀ ਨਹੀਂ ਸੀ ਸੁਣੇ, ਜੋ ਮੈਨੂੰ ਕਦੇ ਕਿਸੇ ਨੇ ਨਹੀਂ ਸੀ ਕਹੇ, ਉਹ ਹੁਣ ਮੈਂ ਸੁਣ ਸਕਦੀ ਹਾਂ। ਮੈਂ ਪਰਮੇਸ਼ਰ ਪਿਤਾ ਦੀ ਅਤਿ ਰਿਣੀ ਹਾਂ ਜਿਸ ਨੇ ਮੈਨੂੰ ਅਮੋਲਕ ਵੀਰ ਦਿਤਾ ਹੈ ਤੇ ਆਪਣੇ ਵੀਰ ਲਈ ਰੋਜ਼ ਸੁੱਖਾਂ ਮੰਗਦੀ ਹਾਂ ਤੇ ਅਰਦਾਸ ਕਰਦੀ ਹਾਂ ਮੇਰਾ ਵੀਰਾ ਜੁਗ ਜੁਗ ਜੀਵੇ, ਤੰਦਰੁਸਤ ਰਹੇ, ਖੁਸ਼ੀਆਂ ਮਾਣੇ, ਆਪਣੀ ਕਲਮ ਨਾਲ ਤੇ ਆਪਣੇ ਪੰਜਾਬ ਟਾਈਮਜ਼ ਨਾਲ ਧਰਮ, ਕੌਮ ਅਤੇ ਸਮਾਜ ਦੀ ਸੇਵਾ ਕਰੇ। ਹਮੇਸ਼ਾ ਚੜ੍ਹਦੀ ਕਲਾ 'ਚ ਰਹੇ।

ਆਉਂਦੀ 27 ਮਾਰਚ ਨੂੰ ਪੰਜਾਬ ਟਾਈਮਜ਼ ਦੀ 10ਵੀਂ ਵਰ੍ਹੇਗੰਢ 'ਤੇ ਹੋ ਰਹੇ ਸਮਾਗਮ ਮੌਕੇ ਮੇਰੇ ਵਲੋਂ ਬਹੁਤ ਬਹੁਤ ਵਧਾਈ। ਪੰਜਾਬ ਟਾਈਮਜ਼ ਵਧਦਾ ਰਹੇ, ਇਸ ਦੇ ਪਾਠਕਾਂ ਦਾ ਘੇਰਾ ਵਧੇ, ਇਸ ਦਾ ਮਿਆਰ ਹੋਰ ਉਚਾ ਹੋਵੇ, ਇਹੋ ਰੱਬ ਅੱਗੇ ਅਰਦਾਸ ਹੈ।

*ਬੀਬੀ ਸੁਰਜੀਤ ਕੌਰ ਬੇਗੋਵਾਲ,*
*ਹਜ਼ੂਰੀ ਰਾਗੀ,*
*ਸ੍ਰੀ ਗੁਰੂ ਰਵਿਦਾਸ ਸਿੱਖ ਟੈਂਪਲ,*
*ਪਿਟਸਬਰਗ, ਕੈਲੀਫੋਰਨੀਆ।*
*ਫੋਨ 916-687-3536*

---

## ਗੁਰਦੁਆਰਾ ਚੋਣਾਂ ਅਤੇ ਹਲਕੇ ਪੱਧਰ ਦੀ ਦੂਸ਼ਣਬਾਜ਼ੀ

ਮਿਡਵੈਸਟ ਦੇ ਸਭ ਤੋਂ ਵੱਡੇ ਅਤੇ ਪੁਰਾਣੇ ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਬੋਰਡ ਦੇ ਪੰਜ ਮੈਂਬਰਾਂ ਦੀ ਚੋਣ ਆਉਂਦੀ 4 ਅਪਰੈਲ ਨੂੰ ਹੋ ਰਹੀ ਹੈ। ਇਸ ਚੋਣ ਲਈ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ ਅਤੇ ਚੋਣ ਲੜ ਰਹੀਆਂ ਦੋਹਾਂ ਸਲੇਟਾਂ ਆਜ਼ਾਦ ਸਿੱਖ ਸੰਗਤ ਅਤੇ ਪੰਥਕ ਸਲੇਟ ਵਲੋਂ ਇਕ ਦੂਜੇ ਵੱਲ ਤੀਰ ਛੱਡੇ ਜਾ ਰਹੇ ਹਨ। ਇਸ ਸਮੇਂ ਗੁਰਦੁਆਰੇ ਦਾ ਪ੍ਰਬੰਧ ਪੰਥਕ ਸਲੇਟ ਦੇ ਨੁਮਾਇੰਦਿਆਂ ਵਲੋਂ ਚਲਾਇਆ ਜਾ ਰਿਹਾ ਹੈ। ਅਕਸਰ ਦੇਖਣ ਵਿਚ ਆਇਆ ਹੈ ਕਿ ਗੁਰਦੁਆਰਾ ਚੋਣਾਂ ਲੜ ਰਹੀਆਂ ਧਿਰਾਂ ਵਲੋਂ ਇਕ ਦੂਜੇ ਉਤੇ ਘਟੀਆ ਪੱਧਰ ਦੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਹੇਠਲੇ ਪੱਧਰ ਦੇ ਦੋਸ਼ ਲਾਏ ਜਾਂਦੇ ਹਨ ਜੋ ਕਿ ਗੁਰੂ ਘਰ ਦਾ ਪ੍ਰਬੰਧ ਚਲਾਉਣ ਦੇ ਚਾਹਵਾਨ ਨੁਮਾਇੰਦਿਆਂ ਨੂੰ ਬਿਲਕੁਲ ਵੀ ਸ਼ੋਭਾ ਨਹੀਂ ਦਿੰਦੇ। ਅਜਿਹੀਆਂ ਚਿੱਠੀਆਂ ਵੀ ਲੋਕਾਂ ਦੇ ਘਰੀਂ ਭੇਜ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਪੜ੍ਹਨ ਵਾਲਿਆਂ ਨੂੰ ਤਾਂ ਸ਼ਰਮ ਆ ਜਾਂਦੀ ਹੈ ਪਰ ਲਿਖਣ ਵਾਲਿਆਂ ਨੂੰ ਸ਼ਰਮ ਪਤਾ ਨਹੀਂ ਕਿਉਂ ਨਹੀਂ ਆਉਂਦੀ? ਜੇਕਰ ਗੁਰੂ ਘਰ ਦੇ ਚੰਗੇ ਪ੍ਰਬੰਧ ਲਈ ਪ੍ਰਬੰਧਕ ਕਮੇਟੀ ਜਾਂ ਵਿਰੋਧੀਆਂ ਦੀਆਂ ਊਣਤਾਈਆਂ ਉਤੇ ਉਂਗਲ ਧਰੀ ਜਾਵੇ ਤਾਂ ਇਸ ਉਤੇ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ ਪਰ ਜਦੋਂ ਬੇਨਾਮੀ ਚਿੱਠੀਆਂ ਵਿਚ ਇਕ ਦੂਜੇ ਪ੍ਰਤੀ ਹੇਠਲੇ ਪੱਧਰ ਦੀ ਸ਼ਬਦਾਵਲੀ ਵਿਚ ਕਿਸੇ ਦੀ ਪਰਿਵਾਰਕ ਜ਼ਿੰਦਗੀ, ਕੰਮਾਂ ਅਤੇ ਕਰਮਾਂ ਪ੍ਰਤੀ ਵਧਾ ਚੜ੍ਹਾ ਕੇ ਲਿਖਿਆ ਜਾਵੇ ਤਾਂ ਸੰਗਤ ਵਿਚ ਇਨ੍ਹਾਂ ਪ੍ਰਤੀ ਰੋਸ ਦਾ ਜਾਗਣਾ ਕੁਦਰਤੀ ਹੈ।

ਗੁਰੂ ਘਰ ਦਾ ਪ੍ਰਬੰਧ ਚਲਾਉਣ ਵਿਚ ਹਿੱਸੇਦਾਰ ਬਣਨ ਦੇ ਚਾਹਵਾਨਾਂ ਨੂੰ ਹਮੇਸ਼ਾ ਗੁਰੂ ਦਾ ਭੈਅ ਰੱਖ ਕੇ ਵਿਹਾਰ ਕਰਨਾ ਚਾਹੀਦਾ ਹੈ। ਇਹ ਨਾ ਹੋਵੇ ਕਿ ਅਸੀਂ ਚੰਗੇ ਅਤੇ ਇੱਜ਼ਤਦਾਰ ਇਨਸਾਨ ਹੀ ਨਾ ਜਾਪੀਏ। ਅਕਸਰ ਅਸੀਂ ਆਪਣੇ ਆਪ ਨੂੰ ਗੁਰੂ ਘਰ ਦੇ ਸੇਵਾਦਾਰ, ਝਾੜੂਬਰਦਾਰ, ਕੂਕਰ ਅਤੇ ਕਈ ਕੁਝ ਲਿਖਦੇ ਹਾਂ ਪਰ ਸਾਡਾ ਵਿਹਾਰ ਇਸ ਤੋਂ ਕੋਹਾਂ ਦੂਰ ਰਹਿੰਦਾ ਹੈ। ਇਕ ਦੂਜੇ ਉਪਰ ਚਿੱਕੜ ਉਛਾਲਣ ਅਤੇ ਝੂਠ ਦਾ ਪ੍ਰਚਾਰ ਕਰਨ ਮੌਕੇ ਅਸੀਂ ਗੁਰੂ ਦਾ ਭੈਅ ਹੀ ਭੁੱਲ ਜਾਂਦੇ ਹਾਂ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸਾਨੂੰ ਸਭਨਾਂ ਨੂੰ ਸੁਮੱਤ ਬਖ਼ਸ਼ੇ ਅਤੇ ਇਕ ਦੂਜੇ ਦਾ ਮਾਣ-ਸਤਿਕਾਰ ਰੱਖ ਕੇ ਰਲ-ਮਿਲ ਕੇ ਸਾਰੇ ਮਸਲੇ ਹੱਲ ਕਰਨ ਦੀ ਸੋਝੀ ਆਵੇ। ਜੇ ਅਸੀਂ ਆਪਣਾ ਵਿਹਾਰ ਨਾ ਬਦਲਿਆ ਤਾਂ ਗੁਰੂ ਤੋਂ ਤਾਂ ਬੇਮੁਖ ਹੋਵਾਂਗੇ ਹੀ ਆਪਣੀ ਆਉਣ ਵਾਲੀ ਪੀੜ੍ਹੀ ਲਈ ਵੀ ਮਾੜੀ ਮਿਸਾਲ ਸਾਬਿਤ ਹੋਵਾਂਗੇ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਅਤੇ ਸਾਡੇ ਬੱਚਿਆਂ ਨੇ ਇਥੇ ਹੀ ਇਸੇ ਸੰਗਤ ਵਿਚ ਹੀ ਵਿਚਰਨਾ ਹੈ। ਸਾਡੀਆਂ ਕੱਲ੍ਹ ਨੂੰ ਰਿਸ਼ਤੇਦਾਰੀਆਂ ਵੀ ਪੈਣੀਆਂ ਹਨ। ਇਹ ਨਾ ਹੋਵੇ ਕਿ ਕੱਲ੍ਹ ਨੂੰ ਰਿਸ਼ਤੇਦਾਰੀ ਪੈਣ 'ਤੇ ਸਾਨੂੰ ਇਸ ਗੱਲ 'ਤੇ ਸ਼ਰਮ ਆਵੇ ਕਿ ਅਸੀਂ ਇਕ-ਦੂਜੇ ਬਾਰੇ ਕਿਹੋ ਜਿਹੀਆਂ ਗੱਲਾਂ ਕਰਦੇ ਰਹੇ। ਆਓ ਸਾਰੇ ਰਲ ਕੇ ਆਉਣ ਵਾਲੇ ਕੱਲ੍ਹ ਬਾਰੇ ਸੋਚੀਏ।

ਸਾਡੀ ਗੁਰਦੁਆਰਾ ਚੋਣਾਂ ਲੜ ਰਹੀਆਂ ਦੋਹਾਂ ਧਿਰਾਂ ਆਜ਼ਾਦ ਸਿੱਖ ਸੰਗਤ ਅਤੇ ਪੰਥਕ ਸਲੇਟ ਨੂੰ ਬੇਨਤੀ ਹੈ ਕਿ ਗੁਰੂ ਦਾ ਭੈਅ ਮੰਨ ਕੇ ਇਕ ਦੂਜੇ ਦਾ ਮਾਣ-ਸਤਿਕਾਰ ਰੱਖ ਕੇ ਆਪਣੀ ਗੱਲ ਆਖੀਏ ਤਾਂ ਜੋ ਸਾਨੂੰ ਗੁਰੂ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ।

**ਮੱਖਣ ਸਿੰਘ ਕਲੇਰ, ਸ਼ਿਕਾਗੋ**
**ਫੋਨ:630-827-9752**

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

# ਰੱਬ ਨਾਲ ਠੱਗੀਆਂ ਨਾ ਮਾਰ ਬੰਦਿਆ

*ਸੋਭਾ ਸਿੰਘ ਨੇ ਆਪਣੀ ਕਿਸੇ ਵੀ ਪੇਂਟਿੰਗ ਦਾ ਸਿਰਲੇਖ ਨਹੀਂ ਲਿਖਿਆ। ਏਸੇ ਨੂੰ ਹੀ ਆਖਦੇ ਨੇ ਤਸਵੀਰਾਂ ਬੋਲਦੀਆਂ। ਪਾਬਲੋ ਪਿਕਾਸੋ ਦੀਆਂ ਕ੍ਰਿਤਾਂ ਦਾ ਮੁੱਲ ਜੇ ਕਰੋੜਾਂ ਰੁਪਿਆ 'ਚ ਪਿਆ ਹੈ ਤਾਂ ਜਾਣ ਲੈਣਾ ਕਿ ਰੰਗਾਂ ਵਿਚ ਵੀ ਤਸਵੀਰਾਂ ਹੁੰਦੀਆਂ ਹਨ। ਮੌਤ ਦਾ ਸਮਾਂ ਭਾਵੇਂ ਨਿਸ਼ਚਿਤ ਹੈ ਪਰ ਵਿਸ਼ਵਾਸ ਤੇ ਉਮੀਦ ਇਸਨੂੰ ਚਕਮਾ ਦੇਣ ਦੇ ਦੋ ਸਾਧਨ ਜ਼ਰੂਰ ਹੁੰਦੇ ਨੇ। ਸੋਹਣੀਆਂ ਔਰਤਾਂ ਨੇ ਰੰਗ 'ਤੇ ਨਹੀਂ ਨੈਣ-ਨਕਸ਼ਾਂ 'ਤੇ ਮਾਣ ਕੀਤਾ ਹੈ। ਇਵੇਂ ਬਹੁਤ ਸਾਰੇ ਲੋਕਾਂ ਨੇ ਜ਼ਿੰਦਗੀ ਹੰਢਾਉਣ 'ਤੇ ਨਹੀਂ ਇਸਨੂੰ ਮਾਨਣ ਤੇ ਜ਼ੋਰ ਦਿੱਤਾ ਹੈ ਕਿਉਂਕਿ ਉਹ ਜਾਣ ਗਏ ਹੁੰਦੇ ਨੇ ਕਿ ਲੰਬੇ ਹੋਣ ਨਾਲੋਂ ਉੱਚੇ ਹੋਣ ਵਿਚ ਸਕੂਨ ਵਧ ਹੁੰਦਾ ਹੈ। ਜਿਸ ਸ਼ਮਸ਼ਾਨਘਾਟ ਵਿਚ ਕੱਠੇ ਸਿਵੇ ਬਲ ਰਹੇ ਹੋਣ, ਉਥੇ ਇਕਾਂਤ 'ਚ ਕਿਸੇ ਡਰਪੋਕ ਨੂੰ ਰਾਤ ਕੱਟਣ ਲਈ ਕਹਿ ਦਿਓ ਤਾਂ ਉਹ ਆਖੇਗਾ 'ਚੰਦਨ ਨੂੰ ਅੱਗ ਲਾਓ ਸਵੇਰੇ ਕਿੱਕਰ ਤੇ ਸਫੈਦੇ ਦੀਆਂ ਫਾੜ੍ਹਾਂ ਹੀ ਲੈ ਆਇਓ।' ਕਿਉਂਕਿ ਸਾਰੀ ਰਾਤ ਉਹਦੀ ਹੋਣੀ ਨਾਲ ਸੀਪ ਖੇਡਦਿਆਂ ਲੰਘ ਜਾਵੇਗੀ। ਤੇ ਉਹ ਪੱਤੇ ਪੀਂਹਦਾ ਹੀ ਅੱਖਾਂ ਮੀਚ ਲਵੇਗਾ। ਮੰਨੋਗੇ ਕਿ ਜਿਸ ਸਮਸ਼ਾਨਘਾਟ ਤੋਂ ਤੁਹਾਨੂੰ ਡਰ ਲਗਦਾ ਹੈ, ਜਿਥੇ ਕਈ ਵਾਰ ਮੁੱਖ ਦੁਆਰ 'ਤੇ ਸੱਚਾ ਘਰ ਲਿਖਿਆ ਹੁੰਦਾ ਹੈ, ਉਥੇ ਕੋਈ ਵੀ ਜਾਣਾ ਨਹੀਂ ਚਾਹੁੰਦਾ ਪਰ ਜਿਥੇ ਬਹੁਤ ਸਾਰੇ ਲੋਕ ਸਾਰੀ ਜ਼ਿੰਦਗੀ ਗੁਜਾਰਦੇ ਹੀ ਨਹੀਂ ਮਾਣਦੇ ਵੀ ਹਨ। ਇਹ ਲੋਕ ਪਿੱਟ-ਸਿਆਪੇ ਨਾਲ ਦਾਖਲ ਹੁੰਦੇ ਮੁਰਦੇ ਨੂੰ ਵੇਖ ਕੇ ਲੁੱਡੀਆਂ ਪਾਉਂਦੇ ਹਨ, ਕਿਉਂਕਿ ਇਨ੍ਹਾਂ ਨੇ ਫੂਕਣ ਦੇ ਪੈਸੇ ਲੈਣੇ ਹੁੰਦੇ ਹਨ, ਮੁਰਦੇ ਇਨ੍ਹਾਂ ਲਈ ਗਾਹਕ ਹੁੰਦੇ ਹਨ ਤੇ ਰਾਤ ਵੇਲੇ ਇਨ੍ਹਾਂ ਨੇ ਗਲਾਸੀਆਂ ਖੜਕਾਉਣੀਆਂ ਹੁੰਦੀਆਂ ਹਨ। ਸੀੜ੍ਹੀ ਆਉਂਦੀ ਵੇਖ ਕੇ ਇਨ੍ਹਾਂ ਦੀ ਔਲਾਦ ਵੀ ਆਖਦੀ ਐ ਪਾਪਾ ਉਠੋ ਕਸਟਮਰ ਆ ਗਏ ਹਨ। ਤੇ ਇਕ ਦਿਨ 'ਚ ਕਈ ਵਾਰ ਕਈ ਕਈ ਕਸਟਮਰ ਆਉਂਦੇ ਹਨ। ਹਰੀਸ਼ ਚੰਦਰ ਦੇ ਪੁੱਤਰ ਨੂੰ ਦਫਨਾਉਣ ਲਈ ਇਨ੍ਹਾਂ ਹੀ ਲੋਕਾਂ ਨੇ ਟਕਾ ਮੰਗਣ ਲਈ ਤਾਰਾ ਰਾਣੀ ਨੂੰ ਮਜਬੂਰ ਕੀਤਾ ਸੀ। ਦੇ ਦਿਓ ਇਕ ਟਕਾ ਮੈਂ ਪੁੱਤ ਦੀ ਲਾਸ਼ ਦਬਾਉਣੀ ਆਂ। ਮਹਾਨਗਰਾਂ ਦੇ ਸ਼ਮਸ਼ਾਨਘਾਟਾਂ 'ਚ ਵੇਖਿਓ ਰਾਤੀਂ ਇੱਥੇ ਬੱਕਰੇ ਵੀ ਰਿਝਦੇ ਨੇ ਤੇ ਅਹਾਤੇ ਵੀ ਚਲਦੇ ਨੇ। ਇਹ ਬਲਦੇ ਸਿਵੇ ਵਲ ਵੇਖ ਕੇ ਕਹਿੰਦੇ ਨੇ 'ਮਰ ਗਿਆ ਸੋ ਮਰ ਗਿਆ-ਚਾਰ ਡੰਗ ਦੀ ਰੋਟੀ ਤਾਂ ਦੇ ਗਿਆ।' ਮੰਨਦੇ ਹੋ ਜੇ ਕਿਸੇ ਨੂੰ ਜ਼ਿੰਦਗੀ ਦੇ ਨਹੀਂ ਸਕਦੇ ਤਾਂ ਲੈਣ ਦਾ ਵੀ ਕੀ ਅਧਿਕਾਰ ਹੈ? ਪਰ ਮਨੁੱਖ ਚਲਾਕੀ ਦੀ ਖੇਡ 'ਚ ਇਹ ਕੰਮ ਸੁਖਾਲਿਆਂ ਕਰੀ ਜਾਂਦਾ ਹੈ ਤੇ ਅਸੀਂ ਇਹ ਸੋਚ ਕੇ ਸਬਰ ਕਰ ਲੈਂਦੇ ਹਾਂ ਕਿ ਉਹਦੀ ਲਿਖੀ ਹੀ ਏਦਾਂ ਸੀ। ਖੈਰ! ਜ਼ਿੰਦਗੀ ਨੂੰ ਅਨੁਭਵ ਕਰਨ ਦੇ ਅਰਥ ਆਪੋ-ਆਪਣੇ ਨੇ, ਮਿਰਜ਼ੇ ਲਈ ਸਾਹਿਬਾਂ, ਮਜਨੂੰ ਲਈ ਲੈਲਾ, ਰਾਂਝੇ ਲਈ ਹੀਰ, ਪੁੰਨੂੰ ਲਈ ਸੱਸੀ ਤੇ ਮਹੀਂਵਾਲ ਲਈ ਸੋਹਣੀ ਪਿਆਰ ਦੀਆਂ ਸਜ਼ਾਵਾਂ ਹੀ ਸਨ ਪਰ ਨਾਜਾਇਜ਼ ਕਰਨ ਵਾਲੇ ਲੋਕਾਂ ਨੂੰ ਤਾਂ ਕਹਿ ਸਕਦੇ ਹਾਂ।*

ਗਹੁ ਨਾਲ ਵੇਖਿਓ ਲੰਗਰ ਵਿਚ ਸਿਰਫ ਸੰਗਤ ਹੀ ਬਦਲਦੀ ਹੈ, ਦਾਲ ਫੁਲਕਾ ਉਹੀ ਰਹਿੰਦਾ ਹੈ। ਇਵੇਂ ਵਕਤ ਬਦਲਦਾ ਹੈ ਦੁਨੀਆਂ ਦੀ ਚਾਲ-ਢਾਲ ਤੇ ਰੰਗ-ਢੰਗ ਉਹੀ ਰਹਿੰਦੇ ਹਨ। ਜਿਹੜੇ ਬੁਰਕੇ ਥੱਲੇ ਹੁਸਨ ਲੁਕਾਉਣ ਦੀ ਗੁਸਤਾਖੀ ਕਰਦੇ ਹਨ, ਜਦੋਂ ਸਮਾਂ ਆਉਂਦਾ ਹੈ ਤਾਂ ਰੂਪ ਦੀ ਨੁਮਾਇਸ਼ ਵੀ ਇਹੀ ਲੋਕ ਲਾਉਂਦੇ ਨੇ। ਜਿਹੜੇ ਪੁੰਨ ਹੇਠ ਪਾਪ ਦਾ ਦਲੀਆ ਦਲ ਰਹੇ ਹੁੰਦੇ ਹਨ, ਕਦੇ ਨਾ ਭੁਲਿਓ ਕੋਕੜੂ ਕਦੇ ਨਾ ਕਦੇ ਦੰਦਾਂ 'ਚ ਫਸਣਗੇ ਤੇ ਜੀਭ ਸੁਆਦ ਪੱਖੋਂ ਫਿਟਕਾਰ ਪਾਉਣ ਲੱਗ ਪਵੇਗੀ। ਮਹਾਨ ਬਣਨਾ ਚੰਗੀ ਗੱਲ ਹੈ ਤੇ ਹਰ ਕੋਈ ਮਹਾਨ ਬਣਨ ਦੇ ਭਰਮ ਤੇ ਚੱਕਰ 'ਚ ਉਲਝਿਆ ਵੀ ਪਿਆ ਹੈ ਪਰ ਜੋ ਲੋਕ ਸਿਰਫ ਆਪਣੇ ਆਪ ਨੂੰ ਮਹਾਨ ਅਖਵਾਉਣ ਤੇ ਮਹਾਨ ਹੋਣ ਦੇ ਭੁਲੇਖੇ ਵਿਚ ਗੁਜਰਨ ਵਿਚ ਕਾਹਲੀ ਕਰਨ ਲੱਗ ਪੈਂਦੇ ਹਨ ਉਨ੍ਹਾਂ ਨੂੰ ਨਰਕ ਦਾ ਦਰਵਾਜ਼ਾ ਖੋਲ੍ਹਣ ਤੇ ਅੰਦਰ ਦਾਖਲ ਹੋਣ ਲਈ ਚਾਬੀਆਂ ਦੀ ਜ਼ਰੂਰਤ ਨਹੀਂ ਪੈਂਦੀ। ਵੱਖਰੀ ਗੱਲ ਹੈ ਕਿ ਦੁਨੀਆਂ ਵਿਚ ਹੁਣ ਕੋਈ ਆਪਣੀ ਔਲਾਦ ਦਾ ਨਾਂ ਹਿਟਲਰ, ਕੰਸ, ਰਾਵਣ, ਹਰਨਾਕਸ਼ ਨਹੀਂ ਰੱਖਦਾ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਦਾ ਜੰਮਣਾ ਬੰਦ ਹੋ ਗਿਆ ਹੈ, ਫਰਕ ਸਿਰਫ ਏਨਾ ਪਿਆ ਹੈ ਕਿ ਇਨ੍ਹਾਂ ਦੇ ਨਾਂ ਬਦਲ ਗਏ ਹਨ ਜਾਂ ਇਉਂ ਕਿ ਇਨ੍ਹਾਂ ਨੇ ਚੋਲਾ ਚਿੱਟਾ ਸੂਆ ਲਿਆ ਹੈ। ਧਾਰਮਕ ਅਸਥਾਨਾਂ 'ਤੇ ਹਿੜਹਿੜ ਕਰਨ ਦੀ ਆਦਤ ਨੂੰ ਕੋਈ ਵੀ ਚੰਗਾ ਨਹੀਂ ਸਮਝਦਾ। ਇਸੇ ਲਈ ਉਥੇ ਹਰ ਕੋਈ ਆਪਣੇ ਆਪ ਨੂੰ ਸਿਆਣਾ ਤੇ ਉਮਰ ਤੋਂ ਵੱਡਾ ਹੋਣ ਦਾ ਅਹਿਸਾਸ ਕਰੀ ਬੈਠਾ ਹੁੰਦਾ ਹੈ।

ਜਦੋਂ ਅਨਾਰ ਚਲਦੇ ਹਨ ਦੀਵਾਲੀ ਵਾਲੇ ਦਿਨ ਜਾਂ ਹੋਰ ਖੁਸ਼ੀ ਦੇ ਮੌਕਿਆਂ 'ਤੇ ਪਟਾਕੇ ਚਲਦੇ ਹਨ ਤਾਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਰੰਗ ਰੋਸ਼ਨੀ ਦੀ ਜ਼ੁਬਾਨ ਵਿਚ ਰੌਲਾ ਪਾਉਣ ਲੱਗ ਪਏ ਹਨ। ਤੀਰਾਂ-ਤਲਵਾਰਾਂ ਤੋਂ ਦੁਨੀਆਂ ਦੀਆਂ ਲੜਾਈਆਂ ਗੋਲੀਆਂ, ਤੋਪਾਂ ਤੇ ਬੰਬਾਂ ਵਿਚ ਬਦਲ ਗਈਆਂ ਹਨ ਪਰ ਸ਼ਾਤਿਰ ਦਿਮਾਗ ਇਨ੍ਹਾਂ ਦੀ ਵਰਤੋਂ ਤੋਂ ਬਿਨਾ ਵੀ ਏਨੀ ਬੁਰੀ ਤਰ੍ਹਾਂ ਕਤਲ ਕਰਦੇ ਹਨ ਕਿ ਬੰਦਾ ਤੜਫ-ਤੜਫ ਕੇ ਨਹੀਂ ਰੀਂਘ ਰੀਂਘ ਕੇ ਮਰਦਾ ਹੈ। ਕਈਆਂ ਦੀ ਬੋਲੀ ਮਿਹਣੇ ਤੇ ਤਾਅਨੇ ਨੇ ਘਰਾਂ ਦੇ ਘਰ ਤਬਾਹ ਕਰ ਸੁੱਟੇ ਹਨ। ਦੁਨੀਆਂ ਜਦੋਂ ਬੇਅਕਲੇ ਦਸਤੂਰ ਦੀ ਭਾਸ਼ਾ ਖਾਂਦੇ ਦੇ ਹੱਥ 'ਚੋਂ ਟੁੱਕ ਖੋਂਹਦੀ ਹੈ ਤਾਂ ਕਾਂ ਵੀ ਆਪਣੀ ਚਲਾਕੀ 'ਤੇ ਸ਼ਰਮ ਮਹਿਸੂਸ ਕਰਨ ਲੱਗ ਪੈਂਦੇ ਹਨ ਕਿ 'ਵਾਹ! ਬੰਦਿਆਂ ਤੇਰੇ ਰੰਗ ਵੀ ਨਿਆਰੇ ਨੇ।'

ਸਾਡੇ ਪਿੰਡਾਂ ਦੀ ਇਕ ਕਹਾਣੀ ਹੈ ਕਿ ਅਜਿਹੀ ਦੁਖਦਾਇਕ ਘਟਨਾ ਸੁਣ ਕੇ ਆਮ ਅੱਖ ਵੀ ਦਰਦ ਦਾ ਭਾਰ ਨਹੀਂ ਝੱਲਦੀ ਤੇ ਝਰਨੇ ਵਾਂਗ ਹੰਝੂਆਂ ਦਾ ਵਹਿਣ ਚਲਾ ਦੇਂਦੀ ਹੈ। ਪਹਿਲਵਾਨ ਹੀਰਾ ਸਿੰਘ ਦਾ ਇਕਲੌਤਾ ਪੁੱਤਰ ਸੀ ਲਛਮਣ ਸਿੰਘ, ਜਿਸਨੂੰ ਲੋਕ ਪਿਆਰ ਨਾਲ ਲੱਛਾ ਕਹਿੰਦੇ ਹਨ ਤੇ ਗੁੰਦਵੇਂ ਸ਼ਰੀਰ ਵਾਲਾ ਗੋਲ-ਮਟੋਲ ਹੋਣ ਕਰਕੇ ਕਈ ਝੱਲਾ ਵੀ ਆਖ ਦੇਂਦੇ। ਹੀਰਾ ਸਿੰਘ ਜੋ ਆਪਣੇ ਜੋਸ਼, ਜਵਾਨੀ ਤੇ ਜੁੱਸੇ ਨਾਲ ਨਹੀਂ ਕਰ ਸਕਿਆ ਸੀ ਉਹ ਪੁੱਤ ਵਲ ਵੇਖ ਕੇ ਚਾਅ ਪੂਰੇ ਕਰਨਾ ਚਾਹੁੰਦਾ ਸੀ। ਦਿਹਾੜੀ-ਟੱਪਾ ਕਰਕੇ ਵੀ ਨਾ ਕਦੇ 'ਸੂਈ ਮੱਝ ਘਰ 'ਚੋਂ ਗੁੰਮ ਹੋਈ ਸੀ ਤੇ ਨਾ ਕਦੇ ਦੁੱਧ ਦੀ ਬਾਲਟੀ।' ਲੱਛਾ ਸੋਲਾਂ ਕੁ ਸਾਲਾਂ ਦੀ ਉਮਰ ਵਿਚ ਚੰਗੀਆਂ ਛਿੰਝਾਂ ਤੇ ਘੋਲਾਂ ਵਿਚ ਜਿੱਤਾਂ ਦੇ ਬਿਗੁਲ ਵਜਾਉਣ ਲੱਗ ਪਿਆ ਸੀ। ਜਿਵੇਂ ਕਹਿੰਦੇ ਨੇ ਕੁੱਤੇ ਦਾ ਕੁੱਤਾ ਵੈਰੀ, ਇਵੇਂ ਭਲਵਾਨਾਂ 'ਚ ਚੜ੍ਹਤ ਵੇਖ ਕੇ ਕੋਈ ਸ਼ਰੀਕੇ ਵਾਲਾ ਖਾਰ ਖਾ ਗਿਆ ਤੇ ਪਤਾ ਨਹੀਂ ਕਿਹੜਾ ਹਥਿਆਰ ਚੱਲਿਆ ਕਿ ਲੱਛੇ ਦਾ ਕੰਗਣੀ ਵਰਗਾ ਸਰੀਰ ਛਲਣੀ ਹੋਣ ਲੱਗ ਪਿਆ। ਬਿਮਾਰ ਰਹਿਣ ਲੱਗ ਪਿਆ। ਦੁਸ਼ਮਣ ਵੀ ਸ਼ਾਇਦ ਉਹਦੇ ਵਲ ਵੇਖ ਕੇ ਹੌਕਾ ਭਰਦੇ ਹੋਣ ਕਿ ਰੱਬਾ ਜੇ ਅਜਿਹਾ ਪੁੱਤ ਦਿੱਤਾ ਤਾਂ ਇਹ ਹਾਲਤ ਨਾ ਬਣਾਈ। ਹੱਡੀਆਂ ਦੀ ਮੁੱਠ ਬਣਦਾ ਹੱਡੀਆਂ ਦੀ ਖੋਰ ਦੀ ਬਿਮਾਰੀ ਨਾਲ ਜੂਝਦਾ ਲੱਛਾ ਚਾਰ ਕੁ ਸਾਲਾਂ ਵਿਚ ਮੰਜੇ ਨਾਲ ਜੁੜ ਕੇ ਤੀਲਾ ਬਣ ਗਿਆ-ਇਉਂ ਲਗਦਾ ਜਿਵੇਂ ਕਿਸੇ ਨੇ ਰੱਸੇ 'ਤੇ ਛਿਲੇ ਵਿਚਲੇ ਜੁਆਕ ਦਾ ਝੱਗਾ ਸੁੱਕਣਾ ਪਾ ਦਿੱਤਾ ਹੋਵੇ। ਤੇ ਵੇਖਦਿਆਂ ਹੀ ਮੰਜਾ ਸੀੜੀ ਬਣ ਗਿਆ ਤੇ ਹੀਰਾ ਸਿੰਘ ਦਾ ਛੇ ਫੁੱਟਾ ਲੱਛਾ ਪੁੱਤ ਮੌਤ ਦੀ ਬੁਰਕੀ ਬਣ ਗਿਆ ਤੇ ਬਾਦ ਵਿਚ ਪਿਉ ਨੇ ਵੀ ਗ਼ਮ 'ਚ ਦੋ ਸਾਲ ਨਾ ਕੱਟੇ।

ਇਹ ਉਨ੍ਹਾਂ ਦਿਨਾਂ ਦੀ ਗੱਲ ਐ ਜਦੋਂ ਮੈਂ ਵੀ ਹਾਲੇ ਬਚਪਨ 'ਚੋਂ ਪੈਰ ਬਾਹਰ ਕੱਢਿਆ ਹੋਵੇਗਾ। ਸਾਡੇ ਪਿੰਡ 'ਚ ਦੁਖੀ ਮਾਹੌਲ ਸੀ ਤੇ ਇਕ ਦਿਨ ਮੈਂ ਆਪਣੀ ਮਾਂ ਨੂੰ ਪੁੱਛਿਆ ਕਿ ਬੇਬੇ ਇਹ ਲੱਛਾ ਏਨਾ ਤਕੜਾ, ਘੁਲਦਾ ਸੀ ਇੱਦਾਂ ਕਿਵੇਂ ਸੁੱਕ ਕੇ ਮਰ ਗਿਆ? ਮਾਂ ਚੁੱਪ ਵਰਗਾ ਭੋਲਾ ਜਿਹਾ ਜੁਆਬ ਦੇਂਦੀ ਕਿ ਪੁੱਤ ਵਿਚਾਰੇ ਨੂੰ ਕਿਸੇ ਨੇ ਮਸਾਣ ਖੁਆ ਦਿੱਤੇ ਸਨ।

'ਇਹ ਮਸਾਣ ਕੀ ਹੁੰਦੇ ਨੇ?'

ਹਾਲੇ ਤੈਨੂੰ ਪਤਾ ਨ੍ਹੀ, ਜਦੋਂ ਵੱਡਾ ਹੋਵੇਂਗਾ ਫੇਰ ਦੱਸਾਂਗੀ।

ਤੇ ਉਧਰ ਲੱਛੇ ਦੇ ਤਾਏ ਦਾ ਮੁੰਡਾ ਬਲਜੀਤ ਮੇਰਾ ਹਮਜਮਾਤੀ ਸੀ। ਜਦੋਂ ਕਦੇ ਵੀ ਸਕੂਲ 'ਚ ਜਾਂ ਫਿਰ ਕਾਲਜ ਗਏ ਤਾਂ ਲੱਛੇ ਬਾਰੇ ਗੱਲ ਚਲਦੀ ਤਾਂ ਉਹ ਭਾਵੁਕ ਹੋ ਜਾਂਦਾ, 'ਸਾਲੇ ਕੁੱਤਿਆਂ ਨੇ ਮੇਰੇ ਭਰਾ ਨੂੰ ਹਿਮਾਚਲ ਤੋਂ ਕਿਤੇ ਮਸਾਣ ਲਿਆ ਕੇ ਖੁਆ ਦਿੱਤੇ ਸਨ। ਮੈਨੂੰ ਤਕੜਾ ਹੋ ਲੈਣ ਦੇ ਮਸਾਣ ਖੁਆਉਣ ਤੇ ਦੇਣ ਵਾਲੇ ਤੋਂ ਗਿਣ ਗਿਣ ਬਦਲੇ ਲਊਂ।'

ਅਸਲ ਵਿਚ ਜਿੰਨਾ ਵੀ ਵਿਗਿਆਨ ਹੈ ਇਹ ਸਾਰਾ ਕੁਦਰਤ ਦਾ ਗਿਆਨ ਹੈ। ਉਨ੍ਹਾਂ ਦਿਨਾਂ ਵਿਚ ਇਨ੍ਹਾਂ ਮਸਾਣਾਂ ਦਾ ਨਾਂ ਸੁਣ ਕੇ ਇਉਂ ਲਗਦਾ ਸੀ ਕਿ ਸ਼ਾਇਦ ਭੂਤ-ਪ੍ਰੇਤਾਂ ਦਾ ਖੇਡ ਹੋਵੇਗਾ। ਕਿਉਂਕਿ ਮੁਰਦੇ ਦੀਆਂ ਜਲੀਆਂ ਹੱਡੀਆਂ ਕਿਸੇ ਨੂੰ ਖੁਆ ਦੇਣੀਆਂ ਮਸਾਣ ਕਹਿੰਦੇ ਸਨ। ਤੇ ਆਮ ਕਰਕੇ ਇਹ ਕੰਮ ਚੇਲੇ-ਚਪਟੇ ਤੇ ਪਖੰਡੀ ਲੋਕ ਤਾਂਤਰਿਕ ਬਾਬੇ ਨਿੱਕੇ-ਮੋਟੇ ਲਾਲਚਾਂ ਲਈ ਕਰਦੇ ਹਨ।

ਸਾਇੰਸ ਦੀ ਭਾਸ਼ਾ ਸਮਝਣ ਵਾਲੇ ਜਾਣਦੇ ਹਨ ਕਿ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਵਿਚ ਹੱਡ-ਤੰਤਰ ਦਾ ਬਹੁਤ ਵੱਡਾ ਯੋਗਦਾਨ ਹੈ ਤੇ ਲੋੜੀਂਦੀ ਮਾਤਰਾ ਵਿਚ ਮਨੁੱਖ ਨੂੰ ਕੈਲਸ਼ੀਅਮ ਦੀ ਲੋੜ ਹੈ। ਹੱਡੀਆਂ ਦੀ ਤਾਕਤ ਕੈਲਸ਼ੀਅਮ ਦਾ ਸ਼ਕਤੀਸ਼ਾਲੀ ਤੇ ਨਿਰਧਾਰਤ ਮਾਤਰਾ ਵਿਚ ਹੋਣਾ ਹੈ। ਮਨੁੱਖੀ ਸਾਗਰ ਵਿਚ ਕਈ ਹੱਡ-ਜੋੜ ਜਲਦੇ ਨਹੀਂ ਹਨ ਤੇ ਜਿਹੜੇ ਜਲਦੇ ਹਨ ਉਹ ਬਾਲਣ ਦਾ ਕਿੰਨਾ ਵੀ ਭਾਰ ਹੋਵੇ ਉਸੇ ਅਕਾਰ ਵਿਚ ਰਹਿੰਦੇ ਹਨ ਭਾਵੇਂ ਸਿਵੇ 'ਚੋਂ ਅਗਲੇ ਦਿਨੀਂ ਫੁੱਲ ਚੁਗਦਿਆਂ ਇਹ ਹੱਥ ਲਾਇਆ ਭੁਰ ਜਾਂਦੇ ਨੇ, ਜਲੀਆਂ ਹੋਈਆਂ ਹੱਡੀਆਂ ਦਾ ਚੂਰਾ ਪ੍ਰਮਾਣੂ ਬੰਬਾਂ ਤੋਂ ਵੀ ਖਤਰਨਾਕ ਹੈ, ਤੇ ਉਨ੍ਹਾਂ ਨੂੰ ਪੁੱਛ ਕੇ ਵੇਖਿਓ, ਜਿਨ੍ਹਾਂ ਨੂੰ ਇਸ ਦਾ ਖਮਿਆਜਾ ਭੁਗਤਣਾ ਪਿਆ ਹੈ।

ਕੋਈ ਵੀਹ ਕੁ ਸਾਲ ਪੁਰਾਣੀ ਗੱਲ ਹੈ ਕਿ ਸਾਡੇ ਕਿਸੇ ਵਾਕਫਕਾਰ ਦੇ ਜੇਠੇ ਯਾਨਿ ਕਿ ਪਲੇਠੇ ਪੁੱਤ ਦੀ ਅਚਾਨਕ ਮੌਤ ਹੋ ਗਈ। ਦਿਨ ਢਲਦੇ ਨੂੰ ਸਸਕਾਰ ਕੀਤਾ ਗਿਆ। ਉਸ ਦੇ ਬਾਪ ਨੇ ਮੈਨੂੰ ਤੇ ਆਪਣੇ ਅਠਾਰਾਂ ਕੁ ਸਾਲ ਦੇ ਛੋਟੇ ਪੁੱਤਰ ਨੂੰ ਕਿਹਾ ਕਿ ਤੁਸੀਂ ਸਾਰੀ ਰਾਤ ਸ਼ਮਸ਼ਾਨ ਘਾਟ ਬੈਠਣਾ ਹੈ ਤੇ ਖਿਆਲ ਰੱਖਣਾ ਹੈ ਕਿ ਅੱਗ ਨਾ ਬੁਝੇ ਤੇ ਕੋਈ ਚਿਖਾ ਨਾ ਛੇੜੇ।

ਸਾਰੀ ਰਾਤ ਸਿਵਿਆਂ ਵਿਚ? ਕੰਮ ਤਾਂ ਔਖਾ ਸੀ ਪਰ ਅਸੀਂ ਹਾਂ ਕਰ ਦਿੱਤੀ। ਮੱਛਰਦਾਨੀ ਵਾਲੀ ਲਾਠੀਆਂ ਲੈ ਕੇ ਅਸੀਂ ਦੋਵੇਂ ਰਾਤੀ ਦਸ ਕੁ ਵਜੇ ਸ਼ਮਸ਼ਾਨਘਾਟ ਚਲੇ ਗਏ। ਅੱਗ ਬੁਝਣ ਵਾਲੀ ਗੱਲ ਤਾਂ ਮਨ ਨੂੰ ਲੱਗੇ ਪਰ ਜਲੇ ਮੁਰਦੇ ਨਾਲ ਕਿਸੇ ਨੇ ਕੀ ਛੇੜਖਾਨੀ ਕਰਨੀ ਐਂ? ਆਹ ਨਾ ਦਿਲ ਨੂੰ ਲੱਗੇ। ਖੈਰ! ਅਸੀਂ ਇਕ ਕੁ ਵਜੇ ਤੱਕ ਤਾਂ ਡਰਦੇ ਡੁਰਦੇ ਬੈਠੈ ਰਹੇ ਤੇ ਜਦੋਂ ਚੌਹਾਂ ਪਾਸਿਆਂ ਤੋਂ ਚੁੱਪ ਦਾ ਭੈਅ ਆਉਣ ਲੱਗਾ ਤਾਂ ਮੈਨੂੰ ਦੂਜਾ ਮੁੰਡਾ ਕਹਿਣ ਲੱਗਾ। ਚੱਲ ਚਲੀਏ ਹੁਣ ਤਾਂ ਹੇਠੋਂ ਮਿੱਟੀ ਵੀ ਲਾਲ ਹੋ ਗਈ ਐ ਚਿਖਾ ਦੀ।'

ਅਸੀਂ ਹਾਲੇ ਫਰਲਾਂਗ ਕੁ ਸ਼ਮਸ਼ਾਨਘਾਟ ਤੋਂ ਉਰੇ ਆਏ ਹੋਵਾਂਗੇ ਕਿ ਇਕ ਵਿੰਗਾ ਟੇਡਾ ਜਿਹਾ ਸਾਧੂ ਹੱਥ 'ਚ ਲੰਬਾ ਡੰਡਾ, ਸੈਲਾਂ ਵਾਲੀ ਬੈਟਰੀ ਫੜ੍ਹੀ ਕੋਲੋਂ ਲੰਘਿਆ।

ਮੈਂ ਨਾਲ ਦੇ ਨੂੰ ਕਿਹਾ, 'ਯਾਰ ਸਿਵਿਆਂ ਤੋਂ ਅੱਗੇ ਤਾਂ ਰਾਹ ਕਿਸੇ ਪਾਸੇ ਜਾਂਦਾ ਨ੍ਹੀਂ, ਸਾਧ ਇਧਰ ਨੂੰ ਕੀ ਕਰਨ ਚੱਲਿਆ?' ਇਕ ਪਲ ਲਈ ਉਸ ਸਾਧ ਨੇ ਸਾਡੇ ਵਲ ਵੇਖਿਆ ਤੇ ਅੱਗੇ ਨਿਕਲ ਗਿਆ।

'ਚੱਲ ਵੇਖੀਏ ਇਹ ਕੀ ਕਰਦੈ? ਦੂਜਾ ਮੁੰਡਾ ਬੋਲਿਆ।

ਤੇ ਅਸੀਂ ਦਸ ਕੁ ਮਿੰਟ ਰੁਕ ਕੇ ਖੇਤਾਂ ਹਾਰੀਂ ਸ਼ਮਸ਼ਾਨ ਘਾਟ ਦੇ ਦੂਜੇ ਪਾਸੇ ਇਕ ਝਾੜੀ 'ਚ ਲੁਕ ਕੇ ਬੈਠ ਗਏ। ਉਹ ਸਾਧੂ ਚਿਖਾ ਦੇ ਸਿਰਹਾਣੇ ਖੜ੍ਹ ਕੇ ਦੋ ਕੁ ਮਿੰਟ ਖੜਾ ਰਿਹਾ ਜਿਵੇਂ ਕੋਈ ਪਾਠ-ਪੂਜਾ ਕਰਦਾ ਹੋਵੇ। ਫਿਰ ਉਸਨੇ ਲਾਠੀ ਨਾਲ ਅੱਗ ਹਟਾਈ ਤੇ ਆਪਣੇ ਕਰਮੰਡਲ ਵਿਚ ਇਕ ਨਿਕੀ ਜਿਹੀ ਲੋਹੇ ਦੀ ਛੜ ਨਾਲ ਕੁਝ ਹੱਡੀਆਂ ਪਾ ਕੇ ਦਸ ਕੁ ਮਿੰਟ 'ਚ ਖਿਸਕ ਗਿਆ। ਸਾਡੇ 'ਚ ਏਨੀ ਹਿੰਮਤ ਨਹੀਂ ਸੀ ਕਿ ਅਸੀਂ ਉਸਨੂੰ ਰੋਕ ਕੇ ਪੁਛ ਸਕਦੇ ਕਿ ਚਿਖਾ 'ਤੋਂ ਕੀ ਲੈ ਕੇ ਚੱਲਿਆ ਏਂ?

ਘਰ ਆ ਕੇ ਜਦੋਂ ਸਾਰੀ ਗੱਲ ਦੱਸੀ ਤਾਂ ਪਤਾ ਲਗਾ ਕਿ ਇਹੋ ਤਾਂ ਭੇਦ ਸੀ। ਵਿਗਿਆਨੀਆਂ ਨੇ ਭਾਵੇਂ ਖੋਜ ਬਾਅਦ ਵਿਚ ਕੱਢੀ ਹੋਵੇ ਪਰ ਤਾਂਤਰਿਕਾਂ ਨੂੰ ਪਤਾ ਹੁੰਦਾ ਕਿ ਕੁਦਰਤੀ ਤੌਰ 'ਤੇ ਪਲੇਠੇ ਬੱਚੇ ਦੀ ਸਰੀਰਕ ਬਣਤਰ ਵਿਚ ਕੁਝ ਖਾਸ ਹੁੰਦਾ ਜਿਸਨੂੰ ਅੱਗੇ ਚਮਤਕਾਰਾਂ ਜਾਂ ਮਨੁੱਖੀ ਸਰਵਨਾਸ਼ ਲਈ ਵਰਤਿਆ ਜਾਣਾ ਹੁੰਦੈ। ਇਹ ਤਾਂਤਰਿਕ ਖਾਸ ਕਿਸਮ ਦੀਆਂ ਜਲੀਆਂ ਹੱਡੀਆਂ ਚੁਗ ਕੇ ਆਪਣੇ ਖਾਸ ਮਕਸਦ ਲਈ ਵਰਤਦੇ ਹਨ।

ਸਮਾਂ ਬੀਤ ਗਿਆ। ਮੈਂ ਇੰਜੀਨੀਅਰਿੰਗ ਕਰਨ ਤੋਂ ਬਾਅਦ ਪੜ੍ਹਾਉਣ ਲੱਗ ਪਿਆ ਤੇ ਬਲਜੀਤ ਜਰਮਨੀ 'ਚ ਟਿਕ ਗਿਆ। ਮੇਰੇ ਮਨ 'ਚੋਂ ਲੱਛੇ ਦੀ ਮੌਤ ਦਾ ਭੇਦ ਤਕਰੀਬਨ ਨਿਕਲ ਗਿਆ ਸੀ। ਪੰਜ ਕੁ ਸਾਲ ਪਹਿਲਾਂ ਬਲਜੀਤ ਇੰਡੀਆ ਆਇਆ ਤਾਂ ਕਹਿਣ ਲੱਗਾ ਕਿ ਚੱਲ ਕੱਲ ਨੂੰ ਆਪਾਂ ਦੋਹਾਂ ਨੇ ਹਿਮਾਚਲ ਦੇ ਇਕ ਧਾਰਮਕ ਅਸਥਾਨ 'ਤੇ ਚਲਣੈ।

ਮੈਂ ਹੱਸਦਿਆਂ ਕਿਹਾ ਜਰਮਨੀਆਂ ਨੇ ਵਹਿਮੀ ਬਣਾ ਤਾ। ਤੂੰ ਤਾਂ ਤਰਕਸ਼ੀਲਾਂ ਨਾਲ ਡਰਾਮੇ ਖੇਡਣ ਜਾਂਦਾ ਸੀ?

'ਯਾਰ ਮੈਂ ਛੇਆਂ ਸਾਲਾਂ ਪਿੱਛੋਂ ਆਇਐਂ। ਚੱਲ ਪਿਕਨਿਕ ਸਹੀ।'

'ਬੱਚਿਆਂ ਨੂੰ ਵੀ ਨਾਲ ਹੀ ਲੈ ਚਲਦੇ ਆਂ।'

ਨਹੀਂ ਦੋਵੇਂ ਜਣੇ ਪੁਰਾਣੀਆਂ ਗੱਲਾਂ ਬਾਤਾਂ ਕਰਾਂਗੇ।

ਤੇ ਅਗਲੇ ਦਿਨ ਅਸੀਂ ਦੋਵੇਂ ਗੱਡੀ 'ਚ ਉਸ ਧਾਰਮਕ ਡੇਰੇ 'ਤੇ ਚਲੇ ਗਏ। ਬਲਜੀਤ ਉਥੇ ਮੱਥਾ ਟੇਕਣ ਨਾਲੋਂ ਮਸ਼ਕਰੀ ਲਹਿਜੇ 'ਚ ਵੱਧ ਗੱਲਾਂ ਕਰੇ।

'ਯਾਰ ਤੂੰ ਏਦਾਂ ਕਿਉਂ ਕਰਦੈ?'

ਸਾਲੇ ਸਾਰੇ ਪਖੰਡੀ ਆਏ ਹੋਏ ਨੇ। ਆਪਾਂ ਤਾਂ ਲੁਤਫ ਲੈਣ ਆਏ ਆਂ।

ਤੇ ਦੁਪਹਿਰ ਕੁ ਤੱਕ ਅਸੀਂ ਵਿਹਲੇ ਹੋ ਗਏ। ਪਰ ਉਹ ਕਦੇ ਰੋਟੀ ਖਾਣ ਬਹਾਨੇ ਕਦੇ ਪੈਗ ਪੀਣ ਬਹਾਨੇ ਦੇਰੀ ਕਰੀ ਜਾਵੇ। ਉਥੋਂ ਨਿਕਲੇ ਤਾਂ ਉਸਨੇ ਕਾਰ ਇਕ ਪਹਾੜੀ ਦੇ ਕਿਨਾਰੇ ਲਗਾ ਕੇ ਉਤਰ ਕੇ ਕਿਹਾ, 'ਯਾਰ ਐਥੇ ਪਿਕਨਿਕ ਮਨਾਉਂਦੇ ਹਾਂ।' ਤੇ ਦਾਰੂ ਦੀ ਬੋਦਲ ਕੱਢ ਕੇ ਉਹ ਪੈਗ ਲਗਾਉਣ ਲੱਗ ਪਿਆ।

ਰਾਤ ਦੇ ਕਰੀਬ 11 ਕੁ ਵੱਜ ਗਏ ਹੋਣਗੇ। ਬਲਜੀਤ ਟੱਲੀ ਜਿਹਾ ਹੋ ਗਿਆ ਸੀ। ਮੇਰੇ ਹੱਥ ਕਾਰ ਦੀਆਂ ਚਾਬੀਆਂ ਫੜ੍ਹਾ ਕੇ ਕਹਿਣ ਲੱਗਾ ਲੈ ਤੂੰ ਕਾਰ ਚਲਾ, ਜਦੋਂ ਮੈਂ ਆਖਾਂਗਾ ਰੁਕ ਜਾਵੀਂ।

ਯਾਰ! ਅੱਧੀ ਰਾਤ ਹੋ ਗਈ ਐ। ਕਿਸੇ ਹੋਟਲ 'ਚ ਰਾਤ ਕੱਟ ਲੈਨੇ ਆਂ।'

ਨਹੀਂ ਸਵੇਰੇ ਮੈਂ ਬਾਘਾ ਬਾਰਡਰ ਵੇਖਣ ਜਾਣੈ।

ਰਾਤ ਦਾ ਕੋਈ ਇਕ ਵੱਜ ਗਿਆ ਹੋਵੇਗਾ। ਊਨਾ ਲੰਘਦਿਆਂ ਹੀ ਇਕ ਪਿੰਡ ਦੇ ਬਾਹਰਵਾਰ ਸ਼ਮਸ਼ਾਨਘਾਟ ਨਜ਼ਰੀ ਪਿਆ। ਜਿਥੇ ਦੋ ਸਿਵੇ ਹੁਣੇ ਜਲ ਹਟੇ ਸਨ। ਲੱਕੜਾਂ ਦੀ ਲਾਲ ਅੱਗ ਦੂਰ ਤੱਕ ਰੋਸ਼ਨੀ ਵਿਖਾ ਰਹੀ ਸੀ। ਨੇੜੇ ਹੀ ਇਕ ਝੁੱਗੀ 'ਚ ਦੀਵਾ ਬਲ ਰਿਹਾ ਸੀ।

'ਸ਼ਮਸ਼ਾਨਘਾਟ ਵਲ ਗੱਡੀ ਮੋੜ।'

ਬਲਜੀਤ ਤੇਰਾ ਦਿਮਾਗ ਖਰਾਬ ਹੋ ਗਿਐ? ਇਥੇ ਕੀ ਰੱਖਿਆ ਹੋਇਆ ਸਾਡਾ?

ਤੂੰ ਚੱਲ ਤਾਂ ਸਹੀ।

ਕਬਰਾਂ ਤੋਂ ਅੱਧਾ ਕੁ ਮੀਲ ਉਰੇ ਤੱਕ ਕੱਚਾ ਰਾਹ ਜਾਂਦਾ ਸੀ ਤੇ ਅਸੀਂ ਗੱਡੀ ਉਥੇ ਰੋਕ ਲਈ। ਬਲਜੀਤ ਦੇ ਮਨ ਦੀ ਕਿਸੇ ਵਿਵਸਥਾ ਦਾ ਮੈਨੂੰ ਇਲਮ ਨਹੀਂ ਹੋ ਰਿਹਾ ਸੀ। ਉਹਨੇ ਗੱਡੀ ਚੋਂ ਸ਼ਰਾਬ ਦੀਆਂ ਦੋ ਬੋਤਲਾਂ ਕੱਢ ਕੇ ਹੱਥ 'ਚ ਫੜ੍ਹ ਲਈਆਂ।

ਤੇ ਅਸੀਂ ਝੁੱਗੀ ਦੇ ਅੰਦਰ ਝਾਤ ਮਾਰੀ। ਇਕ ਅੱਧਖੜ ਉਮਰ ਦਾ ਬੰਦਾ ਜਿਸ ਨੇ ਸਿਰਫ ਪਰਨਾ ਬੰਨਿਆ ਹੋਇਆ ਸੀ, ਸਿਰ 'ਤੇ ਖਿਲਰੇ ਵਾਲ, ਇਉਂ ਲਗਦਾ ਸੀ ਜਿਵੇਂ ਨਾਤੇ-ਧੋਤੇ ਨੂੰ ਵਰ੍ਹੇ ਬੀਤ ਗਏ ਹੋਣ। ਪੀਲੇ ਦੰਦਾਂ 'ਚੋਂ ਬਦਬੂ ਆ ਰਹੀ ਸੀ। ਉਸਨੇ ਸਾਡੇ ਵਲ ਕੋਈ ਧਿਆਨ ਨਾ ਦਿੱਤਾ ਤੇ ਆਪਣੇ ਅੱਗੇ ਬਲਦੇ ਧੂੰਏ 'ਚ ਉਹ ਦੋ ਕੁ ਮਿੰਟ ਪਿੱਛੋਂ ਤੇਲ ਦਾ ਚਮਚਾ ਭਰ ਕੇ ਸੁਟਦਾ ਤੇ ਅੱਗ ਹੋਰ ਤੇਜ ਹੋਈ ਜਾਂਦੀ ਤਾਂ ਉਹ ਮੂੰਹ 'ਚ ਬੁੜਬੁੜ ਕਰਦੈ।

ਬਲਜੀਤ ਚੱਲ ਚਲੀਏ ਮੈਨੂੰ ਡਰ ਲਗਦੈ।

ਦੜ੍ਹ ਵੱਟ ਬਹੁਤ ਵੱਡਾ ਭੇਦ ਖੁੱਲ੍ਹਣ ਵਾਲੇ।

ਅਸੀਂ ਚੁਪ-ਚਾਪ ਅੱਗੇ ਬੈਠ ਗਏ। ਉਹ ਪਖੰਡੀ ਸਾਡੇ ਵਲ ਲਾਲ ਅੱਖਾਂ ਕੱਢ ਕੇ ਵੇਖਦਾ ਪਰ ਬੋਲਦਾ ਕੁਝ ਨਾ। ਉਹਦੀ ਘੂਰ ਤੋਂ ਡਰ ਬੜਾ ਲਗਦਾ ਸੀ। ਦੋ ਕੁ ਮਿੰਟ ਬਾਅਦ ਬਾਹਰ ਸਾਡੀ ਕਾਰ ਕੋਲ ਹੋਰ ਲਾਈਟਾਂ ਜਗਦੀਆਂ ਨਜ਼ਰੀ ਪਈਆਂ। ਮੈਂ ਤਾਂ ਹੋਰ ਕੱਠਾ ਹੋ ਗਿਆ। ਉਹ ਖੂਬਸੂਰਤ ਨਵ ਵਿਆਹਿਆ ਜੋੜਾ ਜਿਨ੍ਹਾਂ ਦੇ ਹੱਥਾਂ 'ਚ ਇਕ ਦਾਰੂ ਦੀ ਬੋਤਲ ਤੇ ਕਾਲਾ ਮੁਰਗਾ ਸੀ, ਸਾਡੇ ਕੋਲ ਆ ਕੇ ਬੈਠ ਗਿਆ। ਪਖੰਡੀ ਦੇ ਚਿਹਰੇ 'ਤੇ ਲਾਲੀ ਆ ਗਈ।

'ਆ ਗਏ ਤੁਸੀਂ? ਉਸ ਨੇ ਚੁੱਪ ਤੋੜੀ। ਮੁਰਗੇ ਦੀ ਧੌਣ ਮਰੋੜੀ ਤੇ ਕਿਹਾ 'ਇਸਨੂੰ ਬਲਦੇ ਸਿਵੇ 'ਚ ਸੁੱਟ ਆਓ ਤੇ ਬਾਕੀ ਮੁਰਗਾ ਬਾਹਰ ਛਿੱਲ ਲਿਆਵੋ।

ਸ਼ਰਾਬ ਦੀ ਬੋਤਲ 'ਚੋਂ ਉਸਨੇ ਡਟ ਭਰਿਆ ਤੇ ਮੂੰਹੋਂ ਕੁਝ ਬੋਲ ਕੇ ਅੱਗ 'ਤੇ ਸੁੱਟ ਦਿੱਤਾ।

ਮੁਰਗੇ ਦੇ ਚਾਰ ਟੁਕੜੇ ਕਰਕੇ ਉਹ ਲਿਆਏ ਤਾਂ ਉਹ ਇਕ ਇਕ ਕਰਕੇ ਭੁੰਨਣ ਲੱਗ ਪਿਆ। ਉਹ ਸ਼ਰਾਬ ਦੀ ਬੋਤਲ ਉਹਨੇ ਪਰੇ ਰੱਖ ਦਿੱਤੀ ਤੇ ਦੂਜੀ 'ਚ ਜੋ ਪਹਿਲਾਂ ਹੀ ਉਥੇ ਪਈ ਸੀ ਗਲਾਸ ਭਰਕੇ ਸੜ੍ਹਾਕ ਲਈ। ਤੇ ਮੁਰਗੇ ਦੇ ਅੱਧ ਸੜੇ ਕੱਚੇ ਟੁਕੜੇ ਸ਼ਿਕਾਰੀ ਕੁੱਤੇ ਵਾਂਗ ਚਰੂੰਡਣ ਲੱਗ ਪਿਆ।

ਇਕ ਪੁੜੀ ਚੁੱਕ ਕੇ ਉਸਨੇ ਵਿਆਂਦੜ ਕੁੜੀ ਦੇ ਹੱਥ ਫੜਾਈ ਤੇ ਕਿਹਾ ਕੰਜਰ ਦੇ ਨੂੰ ਦਾਲ 'ਚ ਪਾ ਕੇ ਖੁਆ ਦਈਂ। ਛੇਆਂ ਕੁ ਮਹੀਨਿਆਂ ਬਾਦ ਲਾਸ਼ ਇਥੇ ਆ ਜਾਵੇਗੀ। ਤੇ ਉਹ ਦੋਵੇਂ ਜਣੇ ਚਲੇ ਗਏ।

ਫਿਰ ਉਸ ਪਾਖੰਡੀ ਨੇ ਬਲਜੀਤ ਵਲ ਅੱਖ ਭਰੀ ਕੌਣ ਹੋ ਤੁਸੀਂ, ਕਿਥੋਂ ਆਏ ਹੋ, ਕਿਵੇਂ ਆਏ ਹੋ? ਤਿੰਨ ਸਵਾਲ ਇਕੋ ਗੱਲ 'ਚ ਕਹਿ ਗਿਆ।

ਬਾਬਾ ਜਾਗਰ ਨੇ ਭੇਜਿਆ, ਜਾਣਦੇ ਓ...ਪਿੰਡ ਦਾ?'

'ਹਾਂ ਕਿਉਂ ਨ੍ਹੀਂ ਭਲਵਾਨ ਲੱਛੇ ਦਾ ਕੰਮ ਸਾਡੇ ਤੋਂ ਹੀ ਕਰਵਾਇਆ ਸੀ ਉਹਨੇ। ਆਂਹਦਾ ਸੀ ਮੇਰੇ ਭਲਵਾਨ ਪੁੱਤ ਤੋਂ ਉਪਰ ਦੀ ਹੋਈ ਜਾਂਦੈਂ। ਤੇ ਅਸੀਂ ਫੇਰ ਕੱਢਤਾ ਕੰਡਾ।'

'ਬਾਬਾ ਇਕ ਹੋਰ ਕੰਡਾ ਬੜਾ ਡੂੰਘਾ ਲੱਗਿਆ ਹੋਇਐ, ਉਹੋ ਕਢਾਉਣਾ।

'ਬੋਲ ਭਗਤਾ।'

'ਮੇਰਾ ਤਾਇਆ ਜਮੀਨ ਨ੍ਹੀਂ ਛੱਡਦਾ।'

'ਛੇ ਮਹੀਨੇ ਸਬਰ ਕਰਨਾ ਪਊ।'

ਸੇਵਾ ਕੀ ਹੋਵੇਗੀ?

ਬੋਤਲਾਂ ਤੂੰ ਦੋ ਲੈ ਆਇਐਂ। ਇਕ ਦੋ ਕਿਤੇ ਲੰਘਦਾ ਵੜਦਾ ਫੇਰ ਫੜ੍ਹਾ ਜੀ, ਪੰਜ ਕੁ ਹਜ਼ਾਰ ਦੀ ਪੂਜਾ ਹੁੰਦੀ ਐ ਸਾਡੀ।

ਆ ਲਓ ਪੰਜ ਹਜ਼ਾਰ।

ਬੰਦ ਲਫਾਫਾ ਬਲਜੀਤ ਨੇ ਫੜ੍ਹਾ ਦਿੱਤਾ ਜੋ ਸ਼ਾਇਦ ਕਾਗਜ਼ਾਂ ਨਾਲ ਹੀ ਭਰਿਆ ਪਿਆ ਸੀ।

ਤੇ ਆਹ ਲੈ ਪੁੜੀ ਤਾਏ ਨੂੰ ਚਾਹੇ ਦਾਲ 'ਚ ਤੇ ਚਾਹੇ ਦੁੱਧ 'ਚ ਪਿਆ ਦਈਂ।

'ਬਾਬਾ ਜੀ ਇਸ ਪੁੜੀ ਨਾਲ ਕੀ ਹੋਵੇਗਾ?'

'ਜਿਵੇਂ ਲੱਛੇ ਨਾਲ ਹੋਇਆ ਸੀ।'

'ਮੈਨੂੰ ਕੁਝ ਪਤਾ ਨ੍ਹੀਂ, ਮੈਂ ਤਾਂ ਉਦੋਂ ਨਿਕਾ ਜਿਹਾ ਸੀ।'

'ਇਹ ਜਲੀਆਂ ਹੋਈਆਂ ਹੱਡੀਆਂ ਦੀ ਰਾਖ ਐ ਬੱਚੂ। ਤੇ ਇਹ ਕਹਿੰਦਿਆਂ ਕਹਾਉਂਦਿਆਂ ਦੀਆਂ ਹੱਡੀਆਂ ਘੁਣ ਵਾਂਗ ਖਾ ਜਾਂਦੀ ਐ।'

ਤੇ ਬਲਜੀਤ ਨੇ ਦਾਰੂ ਦੀ ਬੋਤਲ ਚੁੱਕ ਕੇ ਫਾੜ੍ਹ ਕਰਦੀ ਪਖੰਡੀ ਦੇ ਸਿਰ 'ਚ ਮਾਰੀ ਤੇ ਪੈਣ ਲੱਗ ਪਏ ਖੂਨ ਦੇ ਧਰਾਲ੍ਹ। ਲੱਤਾਂ ਮਾਰ ਮਾਰ ਕੇ ਧੂਣੇ ਦੀ ਅੱਗ ਬਾਬੇ ਉੱਤੇ। ਕੱਢ ਸਾਲਿਆਂ ਭੂਤ ਜਿਹੜੇ ਸਿਵਿਆਂ 'ਚ ਰੱਖੀਂ ਬੈਠਾ। ਤੇਰੀ ਕੁੱਤਿਆ ਐਸੀ ਤੈਸੀ, ਤੂੰ ਮੇਰੇ ਚਾਚੇ ਦੇ ਪੁੱਤ ਦਾ ਕਾਤਲ ਐਂ। ਤੇ ਗੁੱਸੇ 'ਚ ਆਏ ਬਲਜੀਤ ਨੇ ਲਹੂ ਲੁਹਾਣ ਹੋਇਆ ਬਾਬੇ ਦਾ ਸਿਰ ਵਾਲਾਂ ਤੋਂ ਫੜ ਕੇ ਅੱਗ 'ਚ ਤੁੰਨ ਦਿੱਤਾ। ਤੇ ਤੇਲ ਦੀ ਪੀਪੀ ਬਾਬੇ ਤੇ ਸੁੱਟ ਕੇ ਲਾਤੀ ਅੱਗ।

ਤੇ ਅੱਧੀ ਰਾਤ ਦੇ ਹਨੇਰੇ 'ਚ ਕਾਰ 'ਚ ਭੱਜ ਨਿਕਲੇ।

ਅਗਲੇ ਦਿਨ ਇਕ ਡਾਕਟਰ ਦੀ ਮਦਦ ਨਾਲ ਉਹੀ ਪੁੜੀ ਦੀ ਡਾਕਟਰੀ ਜਾਂਚ ਤੋਂ ਪਤਾ ਲੱਗਾ ਕਿ ਇਹ ਮੁਰਦਿਆਂ ਦੀਆਂ ਉਨ੍ਹਾਂ ਹੱਡੀਆਂ ਦਾ ਚੂਰਾ ਸੀ ਜੋ ਸਿਵੇ ਦੇ ਬੇਲੋੜੇ ਤਾਪਮਾਨ 'ਚ ਤਪ ਕੇ ਜਹਿਰ ਬਣ ਗਈਆਂ ਸਨ ਤੇ ਜਲ ਨਾ ਸਕੀਆਂ।

ਡਾਕਟਰ ਨੇ ਦੱਸਿਆ ਸੀ ਇਹ ਚੂਰਾ ਪਾਰੇ ਵਾਂਗ ਹੱਡਾਂ 'ਚ ਰਚ ਜਾਂਦਾ ਹੈ ਤੇ ਲੱਖ ਯਤਨ ਕਰਕੇ ਵੀ ਇਸਨੂੰ ਬਾਹਰ ਨਹੀਂ ਕੱਢਿਆ ਜਾ ਸਕਦਾ, ਨਾ ਨਸ਼ਟ ਕੀਤਾ ਜਾ ਸਕਦਾ ਹੈ। ਤੇ ਹੌਲੀ ਹੌਲੀ ਹੱਡੀਆਂ ਨੂੰ ਖਾ ਜਾਂਦਾ ਹੈ। ਤੇ ਕਰੀਬ 6 ਮਹੀਨੇ ਮੌਤ ਮਨੁੱਖ ਦੇ ਪਿੱਛੇ ਪਿੱਛੇ ਸੀਟੀਆਂ ਵਜਾਉਂਦੀ ਚਲਦੀ ਐ।

ਸੱਚ ਇਹ ਵੀ ਹੈ ਕਿ ਸਿਹਤ ਵਿਗਿਆਨ ਹਾਲੇ ਇਸ ਬਿਮਾਰੀ ਦੇ ਇਲਾਜ ਤੋਂ ਬੇਖਬਰ ਹੈ।

'ਇਹਨੂੰ ਮਸਾਣ ਖਲਾਏ ਹੋਏ ਨੇ।' ਬੇਬੇ ਦੀ ਕਹੀ ਗੱਲ ਦਾ ਭੇਦ ਮੈਂ ਵੀ ਪੂਰੇ ਬਾਈ ਸਾਲਾਂ ਪਿਛੋਂ ਹੀ ਜਾਣ ਸਕਿਆ ਸਾਂ।

ਖਾਲਸਾ ਪੰਥ

# ਗੁਰੂ ਗੋਬਿੰਦ ਸਿੰਘ ਦਾ ਹੁਕਮਨਾਮਾ ਸਾਂਭੀ ਬੈਠਾ ਹੈ ਨਾਨੋਵਾਲ

**ਪ੍ਰੋ. ਜੇ.ਬੀ. ਸੇਖੋਂ**

ਤਹਿਸੀਲ ਗੜ੍ਹਸ਼ੰਕਰ ਦੇ ਚੜ੍ਹਦੇ ਪਾਸੇ ਪੈਂਦੇ ਬਾਈ ਪਿੰਡਾਂ ਦੀ ਬੈਲਟ 'ਬੀਤ' ਇਲਾਕੇ ਦੇ ਨਾਂ ਨਾਲ ਜਾਣੀ ਜਾਂਦੀ ਹੈ। ਪਹਾੜੀਆਂ ਦੇ ਦ੍ਰਿਸ਼, ਕੁਦਰਤੀ ਬਨਸਪਤੀ, ਉੱਚੇ-ਨੀਵੇਂ ਖੇਤ ਇਸ ਇਲਾਕੇ ਦੇ ਪਛਾਣ ਚਿੰਨ੍ਹ ਹਨ। 'ਬੀਤ' ਸ਼ਬਦ ਬਾਰੇ ਲੋਕ ਧਾਰਨਾ ਹੈ ਕਿ ਆਵਾਜਾਈ ਦੀ ਕਮੀ ਕਰਕੇ ਇਸ ਖੇਤਰ ਨੂੰ ਹਰ ਸੂਚਨਾ, ਜਾਣਕਾਰੀ ਕਾਫੀ ਪਛੜ ਕੇ ਪਹੁੰਚਦੀ ਸੀ ਜਾਂ ਬੀਤੀ ਹੋਈ ਗੱਲ ਦੇਰੀ ਨਾਲ ਅੱਪੜਦੀ ਸੀ। ਇਸ ਇਲਾਕੇ ਦੇ ਲੋਕਾਂ ਦਾ ਮੂਲ ਪੇਸ਼ਾ ਖੇਤੀਬਾੜੀ, ਮੰਡੀਆਂ ਵਿਚ ਢੋਆ-ਢੁਆਈ ਆਦਿ ਹੈ। ਪਾਣੀ ਦਾ ਨੀਵਾਂ ਪੱਧਰ, ਮਾਰੂ ਖੇਤੀ, ਮੀਂਹ ਤੇ ਨਿਰਭਰਤਾ ਆਦਿ ਕਾਰਨ ਇਹ ਖੇਤਰ ਫਸਲਬਾੜੀ ਪੱਖੋਂ ਜ਼ਿਆਦਾ ਲਾਭਕਾਰੀ ਨਹੀਂ। ਇਸ ਖੇਤਰ ਦੇ ਲੋਕਾਂ ਦਾ ਸਮਾਜਕ ਅਤੇ ਸਭਿਆਚਾਰਕ ਵਾਤਾਵਰਣ ਪੰਜਾਬ ਦੇ ਬਾਕੀ ਖੇਤਰਾਂ ਤੋਂ ਬਿਲਕੁਲ ਭਿੰਨ ਹੈ। ਗੜ੍ਹਸ਼ੰਕਰ ਤੋਂ ਬੀਤ ਵਲ ਜਾਣ ਦੇ ਦੋ ਰਸਤੇ ਹਨ, ਇਕ ਰਸਤਾ ਨੰਗਲ ਰੋਡ 'ਤੇ ਪੈਂਦਾ ਹੈ ਜਦੋਂਕਿ ਦੂਜਾ ਅਨੰਦਪੁਰ ਸਾਹਿਬ ਮੁੱਖ ਸੜਕ ਤੋਂ ਕਸਬਾ ਪੋਜੇਵਾਲ ਤੋਂ ਉਪਰ ਵਲ ਨਿਕਲਦਾ ਹੈ। ਬੀਤ ਤੋਂ ਪੂਰਬੀ ਦਿਸ਼ਾ ਵਲ ਹਿਮਾਚਲ ਪ੍ਰਦੇਸ਼ ਦੇ ਪਿੰਡ ਅਤੇ ਦੱਖਣ ਪੂਰਬੀ ਪਾਸੇ ਆਨੰਦਪੁਰ ਸਾਹਿਬ ਦੇ ਖੇਤਰ ਪੈਂਦੇ ਹਨ। ਅਨੰਦਪੁਰ ਸਾਹਿਬ ਵਲ ਆਉਂਦਿਆਂ-ਜਾਂਦਿਆਂ ਇਸ ਨੀਮ ਪਹਾੜੀ ਇਲਾਕੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਯਾਤਰਾ ਪ੍ਰਸੰਗ ਵੀ ਜੁੜੇ ਮਿਲਦੇ ਹਨ। ਇਸ ਖੇਤਰ ਦੇ ਕਈ ਗੁਰਦੁਆਰੇ ਅਤੇ ਧਾਰਮਿਕ ਅਸਥਾਨ ਅਜਿਹੇ ਹਨ ਜਿਹੜੇ ਸਿੱਖ ਗੁਰੂ ਸਾਹਿਬਾਨ, ਸਿੱਖ ਇਤਿਹਾਸ ਦੇ ਮਹੱਤਵਪੂਰਨ ਪਾਤਰਾਂ ਦੇ ਤਵਾਰੀਖੀ ਪ੍ਰਸੰਗ ਆਪਣੇ ਅੰਦਰ ਸਮੋਈ ਬੈਠੇ ਹਨ। ਇਨ੍ਹਾਂ ਵਿਚੋਂ ਮੁੱਖ ਚਾਂਦਪੁਰ, ਰੁੜਕੀ, ਗੁਰਪਲਾਹ ਸਾਹਿਬ, ਹੀਰਾ ਥੜ੍ਹਾ ਅਤੇ ਮਲਕੋਵਾਲ-ਨਾਨੋਵਾਲ ਪਿੰਡਾਂ ਦਾ ਜ਼ਿਕਰ ਆਮ ਮਿਲਦਾ ਹੈ ਜਿੱਥੋਂ ਦੀ ਲੋਕਧਾਰਾ ਤੇ ਸਭਿਆਚਾਰ ਵਿਚ ਸਿੱਖ ਇਤਿਹਾਸ ਦੇ ਪਾਤਰਾਂ ਦੀ ਆਮਦ ਤੇ ਘਟਨਾ ਮੂਲਕ ਵੇਰਵੇ ਪਾਏ ਮਿਲਦੇ ਹਨ। ਜਿਵੇਂ ਚਾਂਦਪੁਰ ਰੁੜਕੀ ਪਿੰਡ ਬਾਬਾ ਬੁੱਢਾ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਕਰਤਾਰਪੁਰ ਤੋਂ ਆਨੰਦਪੁਰ ਸਾਹਿਬ (ਕੀਰਤਪੁਰ) ਦੀ ਯਾਤਰਾ ਦੌਰਾਨ ਇਕ ਇਤਿਹਾਸਕ ਪੜਾਅ ਬਣਿਆ ਸੀ। ਗੁਰਪਲਾਹ ਸਾਹਿਬ, ਜ਼ਿਲ੍ਹਾ ਊਨਾ ਅਤੇ ਅਨੰਦਪੁਰ ਸਾਹਿਬ ਵਿਚਕਾਰਲਾ ਉਹ ਥਾਂ ਸੀ/ਹੈ ਜਿੱਥੇ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਨਾਨਕ ਦੇਵ ਜੀ ਦੀ ਕੁੱਲ ਦੇ ਵਾਰਿਸ ਅਤੇ ਦਸਮ ਗੁਰੂ ਦੇ ਸਮਕਾਲੀ ਬਾਬਾ ਕਲਾਧਾਰੀ ਜੀ ਆਮ ਮਿਲਦੇ-ਜੁਲਦੇ ਸਨ। ਹੀਰਾ ਥੜ੍ਹਾ ਦਾ ਪਿੰਡ ਉਸ ਟਿੱਲੇ ਤੇ ਵਸਿਆ ਹੈ ਜਿੱਥੇ 1710-11 ਈਸਵੀ ਨੂੰ ਬਾਬਾ ਬੰਦਾ ਬਹਾਦਰ ਆਪਣੀਆਂ ਫੌਜਾਂ ਨਾਲ ਰੁਕਿਆ ਸੀ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੇ ਚਿੰਨ੍ਹਾਂ ਨਾਲ ਜੁੜੇ ਪਿੰਡ ਮਲਕੋਵਾਲ-ਨਾਨੋਵਾਲ ਅਜਿਹੇ ਥਾਂ ਹਨ ਜਿੱਥੋਂ ਦੇ ਵਸਨੀਕ ਸੰਗਤ ਸਿੰਘ ਨੂੰ ਗੁਰੂ ਸਾਹਿਬ ਦਾ ਅਨਿੰਨ ਸ਼ਰਧਾਲੂ ਅਤੇ ਚੌਰਬਰਦਾਰ ਹੋਣ ਦਾ ਮਾਣ ਹਾਸਲ ਸੀ। ਸੰਗਤ ਸਿੰਘ ਨੂੰ ਗੁਰੂ ਸਾਹਿਬ ਵਲੋਂ ਬਖਸ਼ਿਆ ਹੁਕਮਨਾਮਾ ਅਜੇ ਵੀ ਇਸ ਪਿੰਡ ਦੇ ਗੁਰਦੁਆਰਾ ਵਿਖੇ ਸੁਸ਼ੋਭਿਤ ਹੈ ਜਿਸ ਤੋਂ ਗੁਰੂ ਸਾਹਿਬ ਦੀ ਸੰਗਤ ਸਿੰਘ ਪ੍ਰਤੀ ਪਿਆਰ ਭਾਵਨਾ ਅਤੇ ਭਰੋਸਯੋਗਤਾ ਪਤਾ ਚਲਦੀ ਹੈ। ਇਹ ਪਿੰਡ ਕਾਫੀ ਪੁਰਾਤਨ ਹੈ, ਘਰਾਂ ਦੀ ਗਿਣਤੀ 15 ਦੇ ਕਰੀਬ ਹੈ, ਇਕ ਪਾਸੇ ਡੂੰਘੀ ਖੱਡ, ਉੱਚੇ-ਨੀਵੇਂ ਰਸਤੇ, ਲਾਲ ਮਿੱਟੀ ਵਾਲੇ ਖੇਤ ਇਸ ਦੇ ਭੂਗੋਲਿਕ ਪਛਾਣ-ਚਿੰਨ੍ਹ ਹਨ। ਗੜ੍ਹਸ਼ੰਕਰ ਤੋਂ ਪੰਦਰਾਂ ਕਿਲੋਮੀਟਰ ਦੂਰ ਇਹ ਪਿੰਡ ਜੰਗਲੀ ਝਾੜੀਆਂ, ਘਾਹ-ਬੂਟਿਆਂ, ਵੇਲਾਂ ਤੇ ਪਹਾੜੀ ਦ੍ਰਿਸ਼ਾਂ ਨਾਲ ਭਰਪੂਰ ਹੈ। ਇਸ ਤੋਂ ਅੱਗੇ ਦੋ ਕੁ ਕਿਲੋਮੀਟਰ 'ਤੇ ਪੈਂਦੇ ਛਰਾਹਾਂ ਦੀ ਛਿੰਝ ਬੜੀ ਮਸ਼ਹੂਰ ਹੈ, ਜਿੱਥੇ 'ਦਾਲ ਮਾਹਾਂ ਦੀ ਛਿੰਝ ਛਰਾਹਾਂ ਦੀ' ਆਮ ਲੋਕ ਅਖਾਣ ਬਣਿਆ ਹੋਇਆ ਹੈ। ਨਾਨੋਵਾਲ ਪਿੰਡ ਦੇ ਵਸਨੀਕ ਨੌਕਰਪੇਸ਼ਾ, ਦੁਕਾਨਦਾਰ, ਪਸ਼ੂ ਪਾਲਕ ਅਤੇ ਪੱਲੇਦਾਰੀ ਕਰਨ ਵਾਲੇ ਹਨ। ਪਿੰਡ ਵਿਚ ਮੁੱਖ ਸੜਕ ਦੇ ਇਕ ਕੰਢੇ ਗੁਰੂ ਸਾਹਿਬ ਦੇ ਅਨਿੰਨ ਸ਼ਰਧਾਲੂ ਸੰਗਤ ਸਿੰਘ ਨੂੰ ਬਖਸ਼ਿਆ ਹੁਕਮਨਾਮਾ ਮੌਜੂਦ ਹੈ। ਲੋਕ ਜਾਣਕਾਰੀ ਅਨੁਸਾਰ ਸੰਗਤ ਸਿੰਘ ਇਸ ਪਿੰਡ ਦੇ ਵਾਸੀ ਸਨ ਜਿਹੜੇ ਗੁਰੂ ਸਾਹਿਬ ਦੀ ਲਾਸਾਨੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਆਪ ਦੇ ਨਿਮਰ ਸੇਵਕ ਬਣ ਗਏ। ਪਿੱਛੋਂ ਆਪ ਗੁਰੂ ਜੀ ਦੇ ਅਨੰਦਪੁਰ ਸਾਹਿਬ ਦਰਬਾਰ ਵਿਖੇ ਚੌਰਬਰਦਾਰ ਬਣੇ। ਪਿੰਡ ਵਿਚ ਆਪ ਦੇ ਤਿੰਨ ਭਰਾ ਹੋਰ ਸਨ, ਜਿਨ੍ਹਾਂ ਵਿਚ ਵਰਖਾ ਸਿੰਘ, ਦਰਬਾਰਾ ਸਿੰਘ ਅਤੇ ਨਿਹਾਲ ਸਿੰਘ ਸਨ।

ਜ਼ਿਕਰਯੋਗ ਹੈ ਕਿ ਭਾਈ ਸੰਗਤ ਸਿੰਘ ਨਾਂ ਦੇ ਦੂਜੇ ਇਤਿਹਾਸਕ ਪੁਰਸ਼ ਨੂੰ ਸਿੱਖ ਇਤਿਹਾਸ ਅਨੁਸਾਰ ਚਮਕੌਰ ਦੀ ਗੜ੍ਹੀ ਵਿਚ ਗੁਰੂ ਸਾਹਿਬ ਦੀ ਕਲਗੀ ਆਪਣੇ ਸਿਰ 'ਤੇ ਲਾਉਣ ਦਾ ਸੁਭਾਗ ਮਿਲਿਆ ਸੀ ਤਾਂ ਜੋ ਮੁਗਲਾਂ ਨੂੰ ਭੁਲੇਖੇ ਵਿਚ ਰੱਖ ਕੇ ਦਸਮ ਗੁਰੂ ਨੂੰ ਗੜ੍ਹੀ ਵਿਚੋਂ ਸੁਰਖਿਅਤ ਕੱਢਿਆ ਜਾ ਸਕੇ। ਉਨ੍ਹਾਂ ਦਾ ਜਨਮ ਨੂਰਪੁਰ ਬੇਦੀ ਦੇ ਪਿੰਡ ਕੱਟਾ ਸਬੋਰ ਦਾ ਸੀ। ਦੂਜੇ ਪਾਸੇ ਨਾਨੋਵਾਲ ਵਾਸੀ ਭਾਈ ਸੰਗਤ ਸਿੰਘ ਦਾ ਜ਼ਿਕਰ ਬੇਸ਼ੱਕ ਸਿੱਖ ਇਤਿਹਾਸ ਦੇ ਪੰਨਿਆਂ ਉਪਰ ਨਾ ਆਵੇ, ਪਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ 1700 ਈ. ਨੂੰ ਬੁੱਧਵਾਰ ਵਾਲੇ ਦਿਨ ਆਪਣੇ ਹੱਥੀਂ ਲਿਖਿਆ ਹੁਕਮਨਾਮਾ ਬਖਸ਼ ਕੇ ਨਿਹਾਲ ਕਰ ਦਿੱਤਾ। ਉਦੋਂ ਬੀਤ ਦੇ ਇਨ੍ਹਾਂ ਪਿੰਡਾਂ ਵਿਚ ਰਾਜਪੂਤਾਂ ਦਾ ਜ਼ੋਰ ਸੀ ਜਿਹੜੇ ਪਹਾੜੀ ਰਾਜਿਆਂ ਦੀ ਪਿੱਠ ਪੂਰਦੇ ਸਨ। ਇਨ੍ਹਾਂ ਦੀਆਂ ਸਿੰਘਾਂ ਨਾਲ ਨਿੱਕੀਆਂ-ਮੋਟੀਆਂ ਝੜਪਾਂ ਵੀ ਹੋ ਜਾਂਦੀਆਂ ਸਨ ਤੇ ਗੁਰੂ ਘਰ ਦੇ ਦੋਖੀ ਆਪਣੀਆਂ ਕਪਟ ਚਾਲਾਂ ਵੀ ਚੱਲਦੇ ਰਹਿੰਦੇ ਸਨ। 1699 ਈ. ਵਿਚ ਖਾਲਸਾ ਪੰਥ ਦੀ ਸਥਾਪਨਾ ਪਿੱਛੋਂ ਇਕ ਪਾਸੇ ਮੁਗਲ ਤੇ ਦੂਜੇ ਪਾਸੇ ਹਿੰਦੂ ਪਹਾੜੀ ਰਾਜੇ ਆਪ ਦੀ ਵਧਦੀ ਸਿੱਖ ਸ਼ਕਤੀ ਤੋਂ ਖਾਰ ਖਾਂਦੇ ਸਨ, ਉਦੋਂ ਆਪ ਨੂੰ ਹਥਿਆਰਬੰਦ ਸੈਨਿਕਾਂ, ਅਸਤਰ-ਸ਼ਸਤਰ, ਘੋੜੇ, ਮਾਇਆ, ਹਾਥੀ ਅਤੇ ਜ਼ਮੀਨ-ਜਾਇਦਾਦ ਦੀ ਲੋੜ ਸੀ ਜਿਸਨੂੰ ਪੂਰਾ ਕਰਨ ਲਈ ਆਪ ਦੇ ਵਫਾਦਾਰ ਸੈਨਿਕ ਕਮਾਂਡਰਾਂ ਦੇ ਨਾਂ ਹੁਕਮਨਾਮੇ ਜਾਰੀ ਹੁੰਦੇ ਸਨ ਜਿਨ੍ਹਾਂ ਤਕ ਉਪਰੋਕਤ ਵਸਤਾਂ ਪਹੁੰਚਾਣ ਲਈ ਸੰਗਤਾਂ ਨੂੰ ਸੰਬੋਧਨ ਕੀਤਾ ਜਾਂਦਾ ਸੀ। ਇਸੇ ਕਿਸਮ ਦਾ 1700 ਈ. ਦਿਨ ਬੁੱਧਵਾਰ ਨੂੰ ਭਾਈ ਸੰਗਤ ਸਿੰਘ ਦੇ ਨਾਮ ਵਾਲਾ ਹੁਕਮਨਾਮਾ ਇਸ ਪਿੰਡ ਦੀ ਧਰੋਹਰ ਹੈ, ਜਿਸ ਵਿਚ ਸਪਸ਼ਟ ਲਿਖਿਆ ਹੈ ਭਾਈ ਸੰਗਤ ਸਿੰਘ ਮੈਨੂੰ ਪੁੱਤਰਾਂ ਤੋਂ ਵੀ ਵਧ ਪਿਆਰਾ ਹੈ, ਮੇਰਾ ਫਰਜ਼ੰਦ ਹੈ, ਇਸ ਦੀ ਟਹਿਲ ਤੋਂ ਮੈਂ ਖੁਸ਼ ਹਾਂ। ਜੋ ਸਿੱਖ ਇਸ ਹੁਕਮਨਾਮੇ ਦੇ ਦਰਸ਼ਨ ਕਰੇਗਾ ਮੈਨੂੰ ਆਪਣੇ ਸਾਹਮਣੇ ਪਾਵੇਗਾ ਤੇ ਜੋ ਵਿਅਕਤੀ ਸੰਗਤ ਸਿੰਘ ਦੇ ਮਾਧਿਅਮ ਗੁਰੂ ਘਰ ਨੂੰ ਮਾਇਆ, ਘੋੜੇ, ਹਾਥੀ ਤੇ ਜ਼ਮੀਨ ਦਾਨ ਕਰੇਗਾ, ਗੁਰੂ ਉਸ ਤੋਂ ਨਿਹਾਲ ਹੋਣਗੇ।

*ਇਸ ਹੁਕਮਨਾਮੇ ਦੀ ਅਗਲੀ ਇਬਾਰਤ ਵਿਚ ਸਿੱਖ ਸੰਗਤ ਨੂੰ ਅਸੀਸ, ਵਰਦਾਨ ਆਦਿ ਦੇ ਕੇ ਉਸ ਸਿੱਖ ਜਾਂ ਸੰਗਤ ਦਾ ਨਾਂ ਹੁੰਦਾ ਹੈ ਜਿਸਨੂੰ ਸੰਬੋਧਨ ਕੀਤਾ ਜਾਂਦਾ ਹੈ। ਜਿਵੇਂ ਇਸ ਹੁਕਮਨਾਮੇ ਵਿਚ ਭਾਈ ਸੰਗਤ ਸਿੰਘ ਨੂੰ ਬਖਸ਼ੇ ਹੁਕਮਨਾਮੇ ਦਾ ਕਾਰਨ ਉਨ੍ਹਾਂ ਦੀ ਟਹਿਲ ਭਗਤੀ, ਗੁਰੂ ਕ੍ਰਿਪਾ ਆਦਿ ਲਿਖ ਕੇ ਸਿੱਖ ਸੰਗਤਾਂ ਨੂੰ ਗੁਰੂ ਘਰ ਲਈ ਦਸਵੰਧ ਕੱਢਣ, ਦਾਨ ਕਰਨ ਦੀ ਆਗਿਆ ਹੈ ਤੇ ਹੁਕਮਨਾਮੇ ਦੀ ਅਹਿਮੀਅਤ ਦੱਸੀ ਗਈ ਹੈ। ਹੁਕਮਨਾਮੇ ਅੰਦਰ ਦਿੱਤਾ ਲਿਖਣ ਸਮਾਂ ਏਕਮ ਫੱਗਣ ਕੀ ਇਕ ਪੰਜਾਬ ਦਾ 1 ਬੁੱਧਵਾਰ ਦਿਨ ਸਵਾ ਪਹਿਰ ਤੇ ਤਰੀਕ ਸੰਮਤ 1757 ਲਿਖੀ ਹੈ।*

ਇਸ ਹੁਕਮਨਾਮੇ ਦਾ ਆਰੰਭ ਗੁਰੂ ਘਰ ਦੀਆਂ ਰਵਾਇਤੀ ਲਿਖਤਾਂ ਵਾਂਗ ੴ ਸਤਿਗੁਰੂ ਪ੍ਰਸਾਦਿ ਤੋਂ ਹੁੰਦਾ ਹੈ। ਗੁਰੂ ਸਾਹਿਬ ਦੇ ਹੁਕਮਨਾਮਿਆਂ ਦੀ ਇਕ ਨਿਵੇਕਲੀ ਅਤੇ ਵਿਸ਼ੇਸ਼ ਪਹਿਚਾਣ ਇਹ ਹੈ ਕਿ ਉਨ੍ਹਾਂ ਆਪਣੇ ਨਿਸ਼ਾਨ ਅਦਭੁਤ ਢੰਗ ਨਾਲ ਲਿਖਤ ਦੇ ਉਪਰ ਖੱਬੇ ਪਾਸੇ ਉਲੀਕੇ ਹਨ। ਕਈ ਹੁਕਮਨਾਮਿਆਂ ਵਿਚ ਦੋ ਬਿੰਦੀਆਂ ਜਾਂ ਹਾਈਫਨ ਵਰਗਾ ਚਿੰਨ੍ਹ ਮਿਲਦਾ ਹੈ। ਇਸੇ ਪ੍ਰਕਾਰ ਇਸ ਹੁਕਮਨਾਮੇ ਦੇ ਇਕ ਪਾਸੇ ਚਾਰ ਵਾਰ 'ਸ' ਅੱਖਰ ਉਪਰ ਲਿਖਿਆ ਹੋਇਆ ਹੈ ਜਿਸ ਦੇ ਹੇਠਾਂ ਇਕ ਡੱਬੀ ਵਿਚ 'ਸ' ਅੱਖਰ ਹੈ ਅਤੇ ਤਿੰਨ ਸਿਫਰ ਪਾਏ ਹੋਏ ਹਨ। ਇਸ ਦੇ ਨਾਲ ਕੁਝ ਅੱਖਰ ਮਿਟੇ ਹੋਏ ਹਨ ਜਿਹੜੇ ਕਿ ਅਸਲ ਵਿਚ ਹੁਕਮਨਾਮੇ ਨੂੰ ਪ੍ਰਮਾਣਿਕ ਹੀ ਨਹੀਂ ਕਰਦੇ ਸਗੋਂ ਸੰਖੇਪ ਰੂਪ ਵਿਚ ਇਸ ਦੇ ਵਿਸ਼ੇ ਵਸਤੂ ਜਾਂ ਸੰਗਤ ਵਲ ਕੀਤੀ ਫਰਮਾਇਸ਼ ਦਾ ਤਬਸਰਾ ਬਿਆਨਦੇ ਹਨ। ੴ ਦੇ ਖੱਬੇ ਪਾਸੇ ਉਨ੍ਹਾਂ ਦੀ ਹਰ ਫਰਮਾਇਸ਼ ਵਾਲੇ ਸ਼ਬਦ ਦਾ ਪਹਿਲਾ ਅੱਖਰ ਲਿਖਿਆ ਹੈ ਜਿਵੇਂ ਮਾਇਆ ਲਈ 'ਮ', ਬਸਤਰ ਲਈ 'ਬ', ਹਾਥੀ ਲਈ 'ਹ' ਘੋੜੇ ਲਈ 'ਘ' ਜਾਂ ਇਸੇ ਤਰ੍ਹਾਂ ਹੋਰ ਅੱਖਰ।

ਡਾ. ਗੰਡਾ ਸਿੰਘ ਅਨੁਸਾਰ, ''ਗੁਰੂ ਗੋਬਿੰਦ ਸਿੰਘ ਜੀ ਹੁਕਮਨਾਮੇ ਲਿਖਣ ਵੇਲੇ ਲਿਖਾਰੀ ਨੂੰ ਪਾਸ ਬੁਲਾ ਲੈਂਦੇ ਸਨ ਅਤੇ ਜਿਨ੍ਹਾਂ ਕਾਗਜ਼ਾਂ 'ਤੇ ਹੁਕਮਨਾਮੇ ਲਿਖਣੇ ਹੁੰਦੇ, ਉਨ੍ਹਾਂ ਉਪਰ ਆਪਣੇ ਵਿਸ਼ੇਸ਼ ਨਿਸ਼ਾਨ ਪਾ ਕੇ ਆਪਣੀ ਫਰਮਾਇਸ਼ ਮਾਤਰ ਲਿਖ ਦਿੰਦੇ ਸਨ।'' (ਹੁਕਮਨਾਮੇ-ਸੰਪਾਦਕ ਡਾ. ਗੰਡਾ ਸਿੰਘ, ਹੁਕਮਨਾਮਾ ਨੰ. 48, ਪੰਨਾ 156, 157) ਦਸਮ ਗੁਰੂ ਤੋਂ ਬਾਅਦ ਬੰਦਾ ਬਹਾਦਰ ਦੇ ਹੁਕਮਨਾਮਿਆਂ ਵਿਚ ਨਿੱਜੀ ਨਿਸ਼ਾਨ ਦੀ ਥਾਂ ਮੋਹਰ ਵਰਤੀ ਜਾਣ ਲੱਗ ਪਈ ਸੀ।

ਇਸ ਹੁਕਮਨਾਮੇ ਦੀ ਅਗਲੀ ਇਬਾਰਤ ਵਿਚ ਸਿੱਖ ਸੰਗਤ ਨੂੰ ਅਸੀਸ, ਵਰਦਾਨ ਆਦਿ ਦੇ ਕੇ ਉਸ ਸਿੱਖ ਜਾਂ ਸੰਗਤ ਦਾ ਨਾਂ ਹੁੰਦਾ ਹੈ ਜਿਸਨੂੰ ਸੰਬੋਧਨ ਕੀਤਾ ਜਾਂਦਾ ਹੈ। ਜਿਵੇਂ ਇਸ ਹੁਕਮਨਾਮੇ ਵਿਚ ਭਾਈ ਸੰਗਤ ਸਿੰਘ ਨੂੰ ਬਖਸ਼ੇ ਹੁਕਮਨਾਮੇ ਦਾ ਕਾਰਨ ਉਨ੍ਹਾਂ ਦੀ ਟਹਿਲ ਭਗਤੀ, ਗੁਰੂ ਕ੍ਰਿਪਾ ਆਦਿ ਲਿਖ ਕੇ ਸਿੱਖ ਸੰਗਤਾਂ ਨੂੰ ਗੁਰੂ ਘਰ ਲਈ ਦਸਵੰਧ ਕੱਢਣ, ਦਾਨ ਕਰਨ ਦੀ ਆਗਿਆ ਹੈ ਤੇ ਆਖਿਰ ਹੁਕਮਨਾਮੇ ਦੀ ਅਹਿਮੀਅਤ ਦੱਸੀ ਗਈ ਹੈ। ਹੁਕਮਨਾਮੇ ਅੰਦਰ ਦਿੱਤਾ ਲਿਖਣ ਸਮਾਂ ਏਕਮ ਫੱਗਣ ਕੀ ਇਕ ਪੰਜਾਬ ਦਾ 1 ਬੁੱਧਵਾਰ ਦਿਨ ਸਵਾ ਪਹਿਰ ਤੇ ਤਰੀਕ ਸੰਮਤ 1757 ਲਿਖੀ ਹੈ ਜਿਹੜੀ ਇਸਨੂੰ ਪ੍ਰਮਾਣਿਕ ਦਸਤਾਵੇਜ਼ ਸਿੱਧ ਕਰਦੀ ਹੈ। ਇਸ ਪ੍ਰਕਾਰ ਇਹ ਹੁਕਮਨਾਮਾ ਖਾਲਸਾ ਪੰਥ ਸਾਜਣ ਤੋਂ ਇਕ ਸਾਲ ਬਾਅਦ ਦੀਆਂ ਸਿੱਖ ਕੌਮ ਨਾਲ ਜੁੜੇ ਰਾਜਸੀ, ਧਾਰਮਿਕ ਤੇ ਸਾਹਿਤਕ ਸਰੋਕਾਰ ਦੀ ਗੱਲ ਕਰਦਾ ਹੈ। ਇਸ ਦੀ ਭਾਸ਼ਾ ਠੇਠ ਪੰਜਾਬੀ ਹੈ ਜਿਸ ਵਿਚ ਫਾਰਸੀ ਤੇ ਅਪਭ੍ਰੰਸ਼ ਭਾਸ਼ਾਵਾਂ ਦੇ ਸ਼ਬਦ ਵੀ ਮਿਲਦੇ ਹਨ। ਲਿਖਣ ਸ਼ੈਲੀ ਅਖੰਡ ਪਦ ਵਾਲੀ ਹੈ ਜਿਸਨੂੰ ਪੜ੍ਹਨ ਲਈ ਖਾਸ ਮਿਹਨਤ ਕਰਨੀ ਪੈਂਦੀ ਹੈ। ਨਿਰੋਲ ਭਾਸ਼ਾਈ ਚੇਤਨਾ ਪੱਖੋਂ ਵੀ ਗੁਰੂ ਸਾਹਿਬ ਦੇ ਹੁਕਮਨਾਮੇ ਖਾਸ ਮਹੱਤਤਾ ਰੱਖਦੇ ਹਨ। ਇਸ ਹੁਕਮਨਾਮੇ ਦੀ ਸ਼ੈਲੀ ਸੰਯੋਗਮਈ ਅਤੇ ਕਾਰਕਾਂ ਸਬੰਧਕਾਂ ਦੀ ਵਰਤੋਂ ਤੋਂ ਗੁਰੇਜ ਕਰਨ ਵਾਲੀ ਹੈ। ਹੁਕਮਨਾਮੇ ਅੰਦਰ ਵਿਸ਼ਰਾਮ ਚਿੰਨ੍ਹ ਘੱਟ ਵਰਤੇ ਮਿਲਦੇ ਹਨ। ਉਂਜ ਪੰਕਤੀ ਖਤਮ ਕਰਦਿਆਂ ਮਿਲਦੀ ਇਕ 'ਡੰਡੀ' ਦੀ ਹਦਾਇਤ ਪਹਿਲਾਂ ਨਹੀਂ ਸੀ, ਇਸ ਦੀ ਥਾਂ ਦੋ ਡੰਡੀਆਂ '॥' ਹੀ ਮਿਲਦੀਆਂ ਹਨ।

ਵਰਨਣਯੋਗ ਹੈ ਕਿ ਇਸ ਹੁਕਮਨਾਮੇ ਨੂੰ ਭਾਈ ਸੰਗਤ ਸਿੰਘ ਦੀ ਅਗਲੀ ਪੀੜ੍ਹੀ ਵਿਚ ਭੋਲਾ ਸਿੰਘ, ਨਿਸ਼ਾਨ ਸਿੰਘ ਨੇ ਸੰਭਾਲੀ ਰੱਖਿਆ ਅਤੇ ਪਿੱਛੋਂ ਫੂਲਾ ਸਿੰਘ ਨੇ ਇਸ ਨੂੰ ਸਾਂਭਿਆ ਤੇ ਉਪਰੰਤ ਉਨ੍ਹਾਂ ਦੇ ਪੁੱਤਰ ਹਾਕਮ ਸਿੰਘ ਨੇ ਇਸਨੂੰ ਕਿਸੇ ਧਰੋਹਰ ਵਾਂਗ ਰੱਖਿਆ। ਇਸ ਸਮੇਂ ਉਨ੍ਹਾਂ ਦੀ ਅਗਲੀ ਪੀੜ੍ਹੀ ਦੇ ਬਜ਼ੁਰਗ ਬਖਸ਼ੀਸ਼ ਸਿੰਘ ਕੋਲ ਇਹ ਹੁਕਮਨਾਮਾ ਸੁਰੱਖਿਅਤ ਪਿਆ ਹੈ। ਪਿੰਡ ਵਿਚ 1983 ਈ. ਨੂੰ ਬਾਬਾ ਸੰਗਤ ਸਿੰਘ ਦੀ ਯਾਦ ਵਿਚ ਆਰੰਭ ਕੀਤਾ ਗੁਰਦੁਆਰਾ ਸਾਹਿਬ ਅੱਜ ਇੱਥੇ ਵਿਸ਼ਾਲ ਇਮਾਰਤ ਦੇ ਰੂਪ ਵਿਚ ਹੈ ਜਿੱਥੇ ਹਰ ਸਾਲ ਭਾਰੀ ਦੀਵਾਨ ਅਤੇ ਵੱਡਾ ਮੇਲਾ ਲੱਗਦਾ ਹੈ।


# ਕੈਪਟਨ ਅਮਰਿੰਦਰ ਸਿੰਘ ਦੀ ਲਿਖਤ-ਮਹਾਰਾਜੇ ਬਾਬਤ ਮਹਾਰਾਜਾ

**ਖੁਸ਼ਵੰਤ ਸਿੰਘ**

ਜਦੋਂ ਮੈਨੂੰ ਰੋਲੀ ਬੁੱਕਸ ਵਲੋਂ ਛਾਪੀ ਗਈ ਅਮਰਿੰਦਰ ਸਿੰਘ ਦੀ ਕਿਤਾਬ 'ਦ ਲਾਸਟ ਸਨਸੈੱਟ-ਰਾਈਜ਼ ਐਂਡ ਫਾਲ ਆਫ਼ ਲਾਹੌਰ ਦਰਬਾਰ' (ਆਖਰੀ ਸ਼ਾਮ: ਲਾਹੌਰ ਦਰਬਾਰ ਦਾ ਉਭਾਰ ਦੇ ਪਤਨ) ਦੇ ਘੁੰਡ ਚੁਕਾਈ ਸਮਾਗਮ ਦਾ ਸੱਦਾ ਆਇਆ ਤਾਂ ਮੈਂ ਹੈਰਾਨ ਹੋਇਆ ਕਿ ਸਿੱਖਾਂ ਦਾ ਇਹ ਨਵਾਂ ਇਤਿਹਾਸਕਾਰ ਕੌਣ ਹੈ? ਇਹ ਪਟਿਆਲਾ ਰਿਆਸਤ ਦੇ ਸ਼ਾਹੀ ਖ਼ਾਨਦਾਨ ਦਾ ਨੁਮਾਇੰਦਾ ਅਤੇ ਪੰਜਾਬ ਦਾ ਸਾਬਕਾ ਮੁੱਖ ਮੰਤਰੀ ਨਹੀਂ ਹੋ ਸਕਦਾ ਸੀ। ਉਹ ਆਪਣੇ ਨਾਂ ਨਾਲ ਹਮੇਸ਼ਾ ਕੈਪਟਨ ਲਗਾਉਂਦਾ ਹੈ। ਇਸ ਤੋਂ ਬਿਨਾਂ ਉਹ ਪੰਜਾਬ ਦੀ ਗੰਧਲੀ ਸਿਆਸਤ ਵਿਚ ਏਨਾ ਡੁੱਬਿਆ ਰਹਿੰਦਾ ਹੈ ਕਿ ਖੋਜ ਕਰਨ ਅਤੇ 347 ਪੰਨਿਆਂ ਦੀ ਕਿਤਾਬ ਲਿਖਣ ਦਾ ਸਮਾਂ ਹੀ ਨਹੀਂ ਮਿਲ ਸਕਦਾ। ਅਗਲੇ ਦਿਨ ਕੈਪਟਨ ਅਮਰਿੰਦਰ ਸਿੰਘ ਇਕ ਖ਼ੂਬਸੂਰਤ ਬੱਚੀ ਅਤੇ ਪ੍ਰਕਾਸ਼ਕ ਪ੍ਰਮੋਦ ਕੁਮਾਰ ਨਾਲ ਮੈਨੂੰ ਕਿਤਾਬ ਦੇਣ ਆਇਆ ਤਾਂ ਮੇਰੇ ਸਭ ਸ਼ੰਕਿਆਂ ਨੂੰ ਵਿਰਾਮ ਮਿਲਿਆ। ਮੈਂ ਕਿਆਸ ਲਗਾਇਆ ਕਿ ਛੋਟੀ ਬੱਚੀ ਉਸ ਦੀ ਧੀ ਸੀ। ਮੈਂ ਉਸਨੂੰ ਪਹਿਲਾ ਸਵਾਲ ਪੁੱਛਿਆ ਕਿ ਪਟਿਆਲਾ ਰਿਆਸਤ ਦੇ ਸ਼ਾਹੀ ਖ਼ਾਨਦਾਨ ਨੇ ਫੂਲਕੀਆ ਰਾਜ ਦੀਆਂ ਨਾਭਾ, ਜੀਂਦ, ਫਰੀਦਕੋਟ ਅਤੇ ਕਪੂਰਥਲਾ ਰਿਆਸਤਾਂ ਨਾਲ ਮਿਲ ਕੇ ਅੰਗਰੇਜ਼ਾਂ ਦਾ ਸਾਥ ਕਿਵੇਂ ਦਿੱਤਾ? ਮਹਾਰਾਜਾ ਰਣਜੀਤ ਸਿੰਘ ਤੋਂ ਆਪਣਾ ਬਚਾਅ ਕੀਤਾ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਸਮਝਦਾ ਸੀ ਕਿ ਇਨ੍ਹਾਂ ਇਲਾਕਿਆਂ ਉੱਤੇ ਸਿੱਖ ਰਾਜ ਦਾ ਹੱਕ ਬਣਦਾ ਹੈ। ਮੇਰਾ ਸਵਾਲ ਸੁਣ ਕੇ ਕੈਪਟਨ ਮੁਸਕਰਾਇਆ ਤੇ ਉਸਨੇ ਸਿਰਫ ਛੋਟਾ ਜਿਹਾ ਫਿਕਰਾ ਬੋਲਿਆ, ''ਤੁਹਾਡੇ ਸਵਾਲ ਦਾ ਜਵਾਬ ਇਸ ਕਿਤਾਬ ਵਿਚ ਮਿਲ ਜਾਵੇਗਾ।''

ਇਸ ਤੋਂ ਬਾਅਦ ਮੈਂ ਉਸਨੂੰ ਪੁੱਛਿਆ ਕਿ ਉਸਨੂੰ ਬੁਨਿਆਦੀ ਸਰੋਤ ਕਿੱਥੋਂ ਮਿਲੇ? ਉਸ ਨੂੰ ਇਹ ਸਾਰਾ ਕੁਝ ਪੜ੍ਹਨ ਅਤੇ ਲਿਖਣ ਦਾ ਸਮਾਂ ਕਿਵੇਂ ਮਿਲਿਆ? ਉਸ ਨੇ ਦੱਸਿਆ ਕਿ ਮੇਰੇ ਕੋਲ ਦੋ ਕੁ ਸਾਲ ਦਾ ਸਮਾਂ ਸੀ ਜਦੋਂ ਮੈਂ ਜ਼ਿਆਦਾ ਰੁੱਝਿਆ ਨਹੀਂ ਸਾਂ। ਸਾਡੇ ਮਹਿਲ ਵਿਚ ਵੱਡਾ ਕਿਤਾਬਘਰ ਹੈ ਅਤੇ ਇਸ ਤੋਂ ਬਿਨਾਂ ਚੰਡੀਗੜ੍ਹ ਵਿਚਲੇ ਖਰੜਿਆਂ ਦੇ ਭੰਡਾਰਾਂ ਤੱਕ ਮੇਰੀ ਪਹੁੰਚ ਹੈ।





ਜਦੋਂ ਉਹ ਚਲੇ ਗਏ ਤਾਂ ਮੈਂ ਪੰਨਾ-ਪੰਨਾ ਕਰਕੇ ਕਿਤਾਬ ਦੇਖਣ ਲੱਗਿਆ। ਕਿਤਾਬ ਇਸ ਗੱਲ ਦੀ ਗਵਾਹੀ ਭਰਦੀ ਸੀ ਕਿ ਸਮੁੱਚੀ ਸਮੱਗਰੀ ਨੂੰ ਵਿਊਂਤਬੱਧ ਢੰਗ ਨਾਲ ਪੇਸ਼ ਕਰਨ ਵਿਚ ਉਸਨੇ ਸਹਾਇਕਾਂ ਦੀ ਮਦਦ ਲਈ ਸੀ ਪਰ ਸਮੁੱਚੀ ਲਿਖਤ ਉਸ ਦੀ ਆਪਣੀ ਸੀ। ਜਿਵੇਂ ਕਿ ਫੌਜੀ ਪਿਛੋਕੜ ਵਾਲੇ ਬੰਦੇ ਤੋਂ ਆਸ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਰਣਜੀਤ ਸਿੰਘ ਦੀ ਫੌਜ ਬਾਬਤ ਤਫਸੀਲ ਦਿੱਤੀ ਗਈ ਹੈ। ਯੂਰਪੀ ਅਫਸਰਾਂ ਦੀ ਸਿਖਲਾਈ ਹੇਠ ਸਿੱਖ, ਮੁਸਲਮਾਨ, ਡੋਗਰੇ ਅਤੇ ਗੋਰਖੇ ਫੌਜੀਆਂ ਵਾਲੀ ਪੈਦਲ ਫੌਜ, ਘੋੜ ਸਵਾਰ ਅਤੇ ਤੋਪਖਾਨਾ ਰਣਜੀਤ ਸਿੰਘ ਦੇ ਲਸ਼ਕਰ ਦਾ ਹਿੱਸਾ ਸੀ। ਇਸ ਤਰ੍ਹਾਂ ਉਹ ਪੰਜਾਬੀਆਂ ਦੀ ਸਾਂਝੀ ਫੌਜੀ ਤਾਕਤ ਉਸਾਰਨ ਵਿਚ ਕਾਮਯਾਬ ਹੋਇਆ। ਅੰਗਰੇਜ਼ ਫੌਜ ਅਤੇ ਉਨ੍ਹਾਂ ਦੇ ਭਾੜੇ ਦੇ ਭਾਰਤੀ ਸਿਪਾਹੀਆਂ ਤੋਂ ਬਾਅਦ ਰਣਜੀਤ ਸਿੰਘ ਦੀ ਫੌਜ ਭਾਰਤ ਵਿਚ ਵੱਡੀ ਤਾਕਤ ਸੀ। ਮੇਰੀ ਜਾਣਕਾਰੀ ਮੁਤਾਬਕ ਕਿਸੇ ਹੋਰ ਇਤਿਹਾਸਕਾਰ ਨੇ ਇਸ ਵਿਸ਼ੇ ਨੂੰ ਏਨੀ ਤਫ਼ਸੀਲ ਨਾਲ ਨਹੀਂ ਲਿਖਿਆ। ਦੋ ਸਿੱਖ-ਅੰਗਰੇਜ਼ ਜੰਗਾਂ ਦੌਰਾਨ ਹੋਈਆਂ ਲੜਾਈਆਂ ਵਿਚ ਅਖ਼ਤਿਆਰ ਕੀਤੇ ਗਏ ਪੈਂਤੜਿਆਂ ਦੀ ਜਾਣਕਾਰੀ ਨਕਸ਼ਿਆਂ ਸਮੇਤ ਮੁਹੱਈਆ ਕੀਤੀ ਗਈ ਹੈ। ਜੰਗ ਦੇ ਮੈਦਾਨ ਬਣੇ ਇਲਾਕਿਆਂ ਵਿਚ ਉੱਗਣ ਵਾਲੇ ਰੁੱਖਾਂ ਤੱਕ ਦਾ ਵੇਰਵਾ ਦਿੱਤਾ ਗਿਆ ਹੈ।

ਲੇਖਕ ਜ਼ੀਂਦ ਨੂੰ ਲੈ ਕੇ ਬਹੁਤ ਸੁਚੇਤ ਹੈ। ਇਸ ਕਿਤਾਬ ਵਿਚ ਸ਼ੁੱਕਰਚੱਕੀਆ ਮਿਸਲ ਨਾਲ ਸਬੰਧਤ ਰਣਜੀਤ ਸਿੰਘ ਦੇ ਪੁਰਖਿਆਂ ਅਤੇ ਆਲ-ਔਲਾਦ ਦਾ ਕੁਰਸੀਨਾਮਾ ਦਿੱਤਾ ਗਿਆ ਹੈ। ਨਲਵਿਆਂ, ਜੀਂਦਵਾਲਿਆਂ, ਸੰਧਾਵਾਲੀਆਂ, ਅਟਾਰੀਵਾਲਿਆਂ ਅਤੇ ਮਜ਼ਹਬੀਆਂ ਦੇ ਕੁਰਸੀਨਾਮੇ ਵੀ ਦਿੱਤੇ ਗਏ ਹਨ।

ਇਸ ਕਿਤਾਬ ਵਿਚ ਕੁਝ ਉਕਾਈਆਂ ਵੀ ਹਨ। ਲੇਖਕ ਨੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖੀਆਂ ਗਈਆਂ ਰਣਜੀਤ ਸਿੰਘ ਦੀਆਂ ਜੀਵਨੀਆਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਅੰਗਰੇਜ਼ੀ ਵਿਚ ਇਸ ਵਿਸ਼ੇ ਉਤੇ ਦੋ ਕਿਤਾਬਾਂ ਕੁਝ ਸਮਾਂ ਪਹਿਲਾਂ ਹੀ ਛਪੀਆਂ ਹਨ। ਪਤਵੰਤ ਸਿੰਘ ਨੇ ਇਕ ਕਿਤਾਬ ਲਿਖੀ ਹੈ ਜੋ ਸਿੱਖ ਦਰਬਾਰ ਦੀ ਖ਼ਾਲਸਾਈ ਵਿਆਖਿਆ ਹੈ। ਨਵਤੇਜ ਸਰਨਾ ਨੇ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਮੁੰਡੇ ਦਲੀਪ ਸਿੰਘ ਦੀ ਪਰਮਾਣਿਕ ਜੀਵਨੀ ਲਿਖੀ ਹੈ। ਉਸਨੂੰ 1849 ਵਿਚ ਸਿੱਖ ਰਾਜ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲੈਣ ਤੋਂ ਬਾਅਦ ਅੰਗਰੇਜ਼ਾਂ ਨੇ ਆਪਣੀ ਸਰਪ੍ਰਸਤੀ ਵਿਚ ਲੈ ਲਿਆ ਸੀ। ਉਹ ਧਰਮ ਬਦਲ ਕੇ ਈਸਾਈ ਹੋ ਗਿਆ ਸੀ। ਉਸ ਦੀ ਬਦਕਾਰੀ ਭਰੀ ਸ਼ਰਾਬੀ-ਕਬਾਬੀ ਵਾਲੀ ਜ਼ਿੰਦਗੀ ਦਾ ਅੰਤ ਪੈਰਿਸ ਵਿਚ ਹੋਇਆ।

ਕੈਪਟਨ ਅਮਰਿੰਦਰ ਸਿੰਘ ਨੇ ਇਸ ਵਿਸ਼ੇ ਉਤੇ ਮੇਰੀਆਂ ਲਿਖਤਾਂ ਦਾ ਹਵਾਲਾ ਤੱਕ ਨਹੀਂ ਦਿੱਤਾ। ਨਾ ਤਾਂ ਉਸ ਨੇ ਸਿੱਖ ਧਾਰਮਿਕ ਇਤਿਹਾਸ ਉਤੇ ਲਿਖੀਆਂ ਦੋ ਜਿਲਦਾਂ ਦਾ ਜ਼ਿਕਰ ਕੀਤਾ ਅਤੇ ਨਾ ਹੀ ਮੇਰੇ ਵਲੋਂ ਲਿਖੀ ਰਣਜੀਤ ਸਿੰਘ ਦੀ ਜੀਵਨੀ ਦਾ। ਇਹ ਦੋਵੇਂ ਅਮਰੀਕਾ, ਇੰਗਲੈਂਡ ਅਤੇ ਭਾਰਤ ਦੇ ਨਾਮੀ ਪ੍ਰਕਾਸ਼ਕਾਂ ਨੇ ਛਾਪੀਆਂ ਹਨ। ਸਿੱਖ-ਅੰਗਰੇਜ਼ ਜੰਗਾਂ ਬਾਰੇ ਮੇਰੇ ਵਲੋਂ ਅੰਗਰੇਜ਼ੀ ਤੇ ਪੰਜਾਬੀ ਵਿਚ ਲਿਖੀਆਂ ਕਿਤਾਬਾਂ ਦਾ ਵੀ ਕੋਈ ਹਵਾਲਾ ਨਹੀਂ ਹੈ। ਉਸ ਦੀ ਚੋਣਵੀਂ ਪੁਸਤਕ ਸੂਚੀ ਅਤੇ ਤਤਕਰੇ ਵਿਚ ਮੇਰੀਆਂ ਕਿਤਾਬਾਂ ਨੂੰ ਸ਼ੁਮਾਰ ਨਹੀਂ ਕੀਤਾ ਗਿਆ। ਮੈਂ ਇਸ ਹੰਕਾਰ ਵਿਚ ਸਾਂ ਕਿ ਸਿੱਖਾਂ ਉਤੇ ਖੋਜ ਕਰਨ ਸਮੇਂ ਮੈਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਲੇਖਕ ਮੇਰੀ ਹਉਮੈ ਦਾ ਠੀਕਰਾ ਭੰਨਣ ਵਿਚ ਕਾਮਯਾਬ ਹੋਇਆ ਹੈ।


# ਆਪਣੇ ਨਾਲ ਵਾਹ ਪੈਣ ਵਾਲਿਆਂ ਨੂੰ ਹੀ ਪਾਤਰ ਬਣਾਉਂਦਾ ਹਾਂ

**ਸੁਖਜੀਤ**

ਮੇਰੀ ਕਹਾਣੀ 'ਬੰਦੇ ਕੌਣ ਖਾਂਦਾ ਹੈ' ਦਾ ਨਾਟਕੀ ਰੂਪਾਂਤਰ ਮਾਸਟਰ ਤਰਲੋਚਨ ਹੁਰਾਂ ਕੀਤਾ, ਨਾਂ ਰੱਖਿਆ 'ਆਦਮਖੋਰ'। ਮੈਨੂੰ ਸਕ੍ਰਿਪਟ ਪੜ੍ਹਾਈ, ਪਸੰਦ ਆਈ। ਜਾਪਿਆ ਪਾਤਰਾਂ ਨਾਲ ਇਨਸਾਫ਼ ਹੋਇਐ। ਇਕ ਰਾਤ ਨਾਟਕ ਦੀ ਰਿਹਰਸਲ ਵੇਖਣ ਲਈ ਉਨ੍ਹਾਂ ਬੁਲਾਇਆ। ਕਹਾਣੀ 'ਚ ਇਕ 'ਸਿਚੂਏਸ਼ਨ' ਐ ਕਿ ਬੀਬੇ ਦੀ ਮਾਂ ਤਾਂ ਸੰਤ ਨੇ ਰੱਖੀ ਹੀ ਹੁੰਦੀ ਐ, ਉਹਦੀ ਭੈਣ ਨੂੰ ਵੀ ਰੱਖ ਲੈਂਦਾ ਹੈ। ਬੀਬਾ ਵਿਰੋਧ ਕਰਦੈ ਤਾਂ ਸੰਤ ਦੇ ਚੇਲੇ ਉਹਦੀ ਕੁੱਟਮਾਰ ਕਰਕੇ ਡੇਰੇ 'ਚ ਥਮਲ੍ਹੇ ਨਾਲ ਬੰਨ੍ਹ ਦਿੰਦੇ ਨੇ। ਉਹ ਪੁੱਜ ਕੇ ਦੁਖੀ ਐ। ਉਹਦੀ ਭੈਣ ਨੂੰ ਛੋਟੇ ਵੀਰ 'ਤੇ ਤਰਸ ਆਉਂਦੈ, ਉਹ ਸਾਰਿਆਂ ਤੋਂ ਅੱਖ ਬਚਾ ਕੇ ਬੀਬੇ ਲਈ ਦੁੱਧ ਦਾ ਗਲਾਸ ਲੈ ਕੇ ਆਉਂਦੀ ਐ, ਹਲਦੀ ਪਾ ਕੇ। ਉਸ ਵੇਲੇ ਬੀਬੇ ਦਾ ਅੰਦਰ ਦੁੱਖ, ਗੁੱਸੇ, ਰੋਸੇ ਤੇ ਰੋਹ ਨਾਲ ਭਰਿਆ ਪਿਐ। ਸੰਤ ਕੋਲ ਆ ਗਈ ਭੈਣ ਨੂੰ ਉਹ ਬਹੁਤ ਕੁਝ ਕਹਿਣਾ ਚਾਹੁੰਦੈ, ਪਰ ਸਿਰਫ਼ ਇੱਕ ਹੀ ਸੰਵਾਦ ਬੋਲਦੈ, ''ਤੇਰੇ ਕੋਲੋਂ ਮੈਨੂੰ ਮਹੁਰਾ ਨਈਂ ਦਿੱਤਾ ਜਾਂਦਾ।'' ਏਸ ਸੰਵਾਦ 'ਚ ਧੁਰ ਅੰਦਰ ਤੱਕ ਪੱਛੇ ਹੋਏ ਬੀਬੇ ਦੇ ਦਿਲ ਦਾ ਦਰਦ ਹੈ। ਬੀਬੇ ਦਾ ਰੋਲ ਨਿਭਾ ਰਹੇ ਅਦਾਕਾਰ ਤੋਂ ਉਹਦਾ ਦਰਦ ਬਿਆਨਿਆ ਹੀ ਨਹੀਂ ਸੀ ਜਾ ਰਿਹਾ। ਮੈਂ ਪ੍ਰੇਸ਼ਾਨ ਹੋ ਰਿਹਾ ਸਾਂ। ਅਸਲ ਵਿਚ ਉਹ ਬੀਬੇ ਦਾ ਨਹੀਂ ਮੇਰਾ ਆਪਣਾ ਦਰਦ ਸੀ।

ਓਦੋਂ ਪਹਿਲੀ ਵਾਰੀ ਮੈਨੂੰ ਲੇਖਕ ਅਤੇ ਪਾਤਰ ਦੇ ਇੱਕ-ਮਿਕ ਹੋਣ ਦਾ ਅਹਿਸਾਸ ਹੋਇਆ, ਸਿਰਜਕ ਦਾ ਆਪਣੀ ਸਿਰਜਣਾ ਦੇ ਵਿਚ ਬੈਠਣ ਦਾ ਅਹਿਸਾਸ। ਏਸੇ ਲਈ ਮੈਨੂੰ ਪਾਤਰ-ਘੜਨ ਵਰਗੀ ਗੱਲ ਠੀਕ ਨਹੀਂ ਲੱਗਦੀ। ਹਾਂ, ਪਾਤਰ-ਸਿਰਜਣ ਵਰਗੀ ਕੋਈ ਗੱਲ ਜ਼ਰੂਰ ਹੁੰਦੀ ਹੈ, ਸਾਰੇ ਦਿਲ ਤੇ ਮਨ ਨਾਲ, ਪੂਰੀ ਸ਼ਿੱਦਤ ਨਾਲ। ਜਿਉਂ-ਜਿਉਂ ਪਾਤਰ ਦੀ ਰਚਨਾ ਹੁੰਦੀ ਹੈ ਅੰਦਰ ਗਹਿਰਾ ਉਤਰਦਾ ਓਹ ਮੇਰੇ ਲਹੂ 'ਚ ਰਚਦਾ ਜਾਂਦੈ। ਜੀਹਦਾ ਦੁੱਖ-ਸੁੱਖ ਮੇਰੀ ਸੰਵੇਦਨਾ ਨੂੰ ਨਾ ਛੂਹੇ, ਉਹ ਬਹੁਤੀ ਦੇਰ ਜਿਉਂਦਾ ਨਹੀਂ ਰਹਿੰਦਾ। ਹੁਣ ਮੈਨੂੰ ਇਹ ਅਹਿਸਾਸ ਵੀ ਹੈ ਕਿ ਆਪਣੇ ਪਾਤਰਾਂ ਦੇ ਅੰਦਰ ਮੈਂ ਖੁਦ ਬੈਠਾ ਹਾਂ ਤੇ ਜਿਹੜੇ ਲੋਕ ਜੀਵਨ 'ਚ ਮੈਨੂੰ ਪ੍ਰਭਾਵਤ ਕਰਦੇ ਨੇ, ਚੰਗਾ ਜਾਂ ਮਾੜਾ, ਉਹ ਮੇਰੀਆਂ ਕਹਾਣੀਆਂ 'ਚ ਓਨਾ-ਓਨਾ ਸ਼ਾਮਲ ਹੋਈ ਜਾਂਦੇ ਨੇ। ਔਰਤ ਅਤੇ ਮਰਦ ਦੋਵੇਂ ਤਰ੍ਹਾਂ ਦੇ ਪਾਤਰਾਂ 'ਚ ਮੈਂ ਹੁੰਦਾ ਹਾਂ ਤੇ ਏਹ ਦੋਵੇਂ ਮੇਰੇ ਅੰਦਰ ਜਿਉਂਦੇ ਨੇ। 'ਕਾਮ ਬਲੀ' ਕਹਾਣੀ ਦਾ ਹੱਠੀ ਸਾਧੂ ਓਮੀ ਮੈਂ ਹੀ ਹਾਂ, ਸਹਿਜ ਭਾਵ ਨਾਲ ਜਿਉਣ ਵਾਲਾ 'ਸਾਈਂ ਬਾਬਾ' ਵੀ ਮੈਂ ਹਾਂ, ਅਤੇ ਹੜ੍ਹ ਦੇ ਵੇਗ ਵਾਂਗ ਸਭ ਕੁਝ ਵਹਾ ਕੇ ਲੈ ਜਾਣ ਵਾਲੀ ਕਾਮ ਰਤੀ 'ਭੈਰਵੀ' ਬੰਗਾਲਣ ਵੀ ਮੈਂ ਹੀ ਹਾਂ। ਇਵੇਂ 'ਅੰਤਰਾ' ਕਹਾਣੀ ਦਾ ਅਰਥ-ਸ਼ਾਸਤਰੀ ਵਿਵੇਕ ਜੋਸ਼ੀ, ਇਤਿਹਾਸਕਾਰ ਕੁਮਾਰ ਗੋਸਵਾਮੀ ਤੇ ਜਰਨਲਿਸਟ ਅੰਤਰਾ ਭਾਰਦਵਾਜ ਵੀ ਮੈਂ ਹੀ ਹਾਂ। ਬਰਫ ਦੇ ਭੈਣ-ਭਰਾ ਬਰਖਾ ਤੇ ਮਨੀਸ਼ ਦੋਵੇਂ ਮੇਰੇ ਅੰਦਰ ਬੈਠੇ ਨੇ। 'ਮਾਰਕੀਟ' ਦਾ ਪ੍ਰੋਫੈਸਰ ਸੁਖਵੰਦ, ਨੌਂ-ਯੁੱਗ, ਤੀਲਾ ਤੇ ਚੰਦਰੀ ਦਾ 'ਮੈਂ' ਪਾਤਰ, 'ਫੋਟੋ ਵਿਚਲੀ ਕੁੜੀ' ਵਾਲਾ 'ਡਰਾਇਵਰ' ਸਤਾਈ ਮੀਲ ਦਾ 'ਕਰਨੈਲ' ਅਤੇ ਆਦਮਖੋਰ ਦਾ 'ਬੀਬਾ' ਵੀ ਮੈਂ ਹੀ ਹਾਂ। ਪਰ ਸਤਾਈ ਮੀਲ ਦਾ ਐਮ ਪੀ ਤੇ ਆਦਮਖੋਰ ਦਾ ਸੰਤ ਮੈਂ ਨਹੀਂ ਹਾਂ। ਹਾਂ...'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ' ਵਾਲੀ ਨਿੱਕੋ ਬੀਬੀ ਜੀ ਮੈਂ ਹਾਂ, ਸੁਮੀਤ ਵੀ ਮੈਂ ਹੀ ਹਾਂ ਅਤੇ 'ਸੈਹਬ' ਜੀ ਵੀ ਕਿੰਨਾ ਸਾਰਾ ਮੈਂ ਹੀ ਹਾਂ। ਪਰ ਇਸ ਕਹਾਣੀ ਵਿਚਲਾ 'ਕਾਮਰੇਡ' ਮੈਂ ਬਿਲਕੁਲ ਨਹੀਂ ਹਾਂ। ਏਹ ਕਾਮਰੇਡ, ਗੁਰਮੁੱਖ ਸਿੰਘ ਐਮ.ਪੀ., ਸੰਤ, ਪਾਤਸ਼ਾਹ ਦਾ ਬਾਬਾ ਦਿਆ ਸਿੰਘ, ਚੰਦਰੀ ਦਾ ਚਾਚਾ ਵਰਗੇ ਪਾਤਰ ਉਹ ਨੇ ਜੋ ਮੈਂ ਨਹੀਂ ਹੋਣਾ ਚਾਹੁੰਦਾ, ਪਰ ਏਹ ਨਹੀਂ ਕਿ ਏਹ ਹੈਣ ਨਹੀਂ। ਹੈਗੇ ਨੇ ਉਸੇ ਤਰ੍ਹਾਂ ਜਿਸ ਤਰ੍ਹਾਂ ਮੈਂ ਹਾਂ, ਤੁਸੀਂ ਹੋ। ਜ਼ਿੰਦਗੀ 'ਚ ਜਿੰਨੇ ਖੇਤਰਾਂ 'ਚ ਕੰਮ ਕਰਨ ਦਾ ਮੌਕਾ ਮਿਲਿਐ ਚੰਗੇ ਵੀ ਤੇ ਮਾੜੇ ਵੀ, ਕਿਸੇ ਨੂੰ ਘੱਟ ਹੀ ਮਿਲਦੇ ਐ। ਅਲੱਗ-ਅਲੱਗ ਤਰ੍ਹਾਂ ਦੇ ਐਨੇ ਲੋਕਾਂ ਨਾਲ ਵਾਹ ਪਿਐ ਕਿ ਕਾਲਪਨਿਕ ਪਾਤਰ ਘੜਨ ਦੀ ਲੋੜ ਹੀ ਨਹੀਂ ਰਹੀ। ਚੰਗੇ ਤੇ ਸਾਊ ਕਹੇ ਜਾਣ ਵਾਲੇ ਸ਼ਖਸਾਂ ਦਾ ਕਮੀਨਾਪਣ ਦੇਖਿਐ, ਬਦਮਾਸ਼ ਅਖਵਾਉਣ ਵਾਲੇ ਲੋਕਾਂ ਦਾ ਚੰਗਾਪਣ ਤੇ ਨੇਕੀਆਂ। ਉਨ੍ਹਾਂ ਨੂੰ ਸਿਧਾਂਤਾਂ ਜਾਂ ਅਸੂਲਾਂ 'ਤੇ ਪਹਿਰਾ ਦਿੰਦੇ ਦੇਖਿਐ। ਏਸੇ ਲਈ ਜਦੋਂ ਕੁਝ ਆਲੋਚਕਾਂ ਨੇ ਇਹ ਸਿੱਟਾ ਕੱਢਿਆ ਕਿ ਸੁਖਜੀਤ ਅਵੈੜੇ ਪਾਤਰਾਂ ਦੀਆਂ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਐ, ਤਾਂ ਮੈਨੂੰ ਬੁਰਾ ਨਹੀਂ ਲੱਗਿਆ, ਚੰਗਾ ਲੱਗਿਆ।

ਅਵੈੜੇ ਲੋਕ ਚੰਗੇ ਹੁੰਦੇ ਨੇ, ਦਿਲ ਦੇ ਸਾਫ। ਮੇਰੇ ਪਿਤਾ ਤੇਜਾ ਸਿੰਘ ਅਵੈੜੇ ਨੇ। ਬਲਵਿੰਦਰ ਗਰੇਵਾਲ ਦੇ ਬਾਪੂ ਦਾ ਨਾਂ ਵੀ ਤੇਜਾ ਸਿੰਘ ਸੀ, ਉਹ ਵੀ ਅਵੈੜੇ ਸਨ ਤੇ ਬਲਦੇਵ ਧਾਲੀਵਾਲ ਦੇ ਬਾਪੂ ਜੀ ਵੀ। ਏਹ ਬਾਪੂ ਸਾਡੇ ਸਾਰਿਆਂ ਦੀਆਂ ਕਹਾਣੀਆਂ 'ਚ ਆਉਂਦੈ, ਪਰ ਮੇਰੀਆਂ ਕਹਾਣੀਆਂ 'ਚ ਇੱਕ ਹੋਰ ਬਾਪੂ ਦਾ ਵੀ ਨਿੱਗਰ ਦਖ਼ਲ ਐ, ਉਹ ਨੇ ਕਾਮਰੇਡ ਸੁਰਜੀਤ ਖੁਰਸ਼ੀਦੀ। ਆਦਮਖੋਰ ਦਾ ਫੌਜੀ ਬਾਬਾ, ਚੰਦਰੀ ਦਾ ਸੂਬੇਦਾਰ, ਸਤਾਈ ਮੀਲ ਦਾ ਹੌਲਦਾਰ ਬਾਪੂ, ਜਲ-ਭਰਮ ਦਾ ਮਾਸਟਰ ਤੇ 'ਹਜ਼ਾਰ ਕਹਾਣੀਆਂ ਦਾ ਬਾਪ' ਵਾਲਾ ਕਾਮਰੇਡ ਧਾਲੀਵਾਲ, ਕਾਮਰੇਡ ਖੁਰਸ਼ੀਦੀ ਹੀ ਹੈ। ਕਾਮਰੇਡ ਖੁਰਸ਼ੀਦੀ ਉਨ੍ਹਾਂ ਕਾਮਰੇਡਾਂ 'ਚੋਂ ਸਨ, ਜਿਨ੍ਹਾਂ ਕਰਕੇ ਮੈਂ ਕਾਮਰੇਡਾਂ ਦਾ ਸਤਿਕਾਰ ਕਰਦਾ ਹਾਂ, ਸਮੁੱਚੀ ਕਮਿਊਨਿਸਟ ਲਹਿਰ ਨਾਲ ਅੰਦਰੋਂ ਜੁੜਿਆ ਹੋਇਆ ਹਾਂ ਤੇ ਸਮਾਜ ਦਾ ਕਲਿਆਣ ਇਸ ਦੇ ਰਾਹੀਂ ਦੇਖਦਾ ਹਾਂ। ਕਾਮਰੇਡ ਖੁਰਸ਼ੀਦੀ ਦੇ ਨਾਲ-ਨਾਲ ਮਾਛੀਵਾੜੇ ਦੇ ਕਾਮਰੇਡ ਓਮ ਪ੍ਰਕਾਸ਼, ਕਾਮਰੇਡ ਗੋਬਿੰਦ ਸਿੰਘ ਅਤੇ ਕਾਮਰੇਡ ਹਰਜੀਤ ਮਾਂਗਟ ਮੈਨੂੰ ਕਦੇ ਨਹੀਂ ਭੁੱਲਦੇ। ਅਜੇ ਤੱਕ ਏਹ ਲੋਕ ਮੇਰੀਆਂ ਕਹਾਣੀਆਂ 'ਚ ਥੋੜ੍ਹੇ-ਥੋੜੇ ਆਏ ਨੇ,



ਇਨ੍ਹਾਂ ਦਾ ਗਹਿ-ਗੱਡ ਜ਼ਿਕਰ ਆਉਣਾ ਹੈ। ਅਜੇ ਤਾਂ ਜਿਨ੍ਹਾਂ ਅਖੌਤੀ ਕਾਮਰੇਡਾਂ ਤੋਂ ਦਿਲ ਦੁਖਿਆ, ਉਹ ਮੂਹਰੇ ਆ ਗਏ। ਉੱਪਰ ਲਿਖੇ ਚਾਰ ਕਾਮਰੇਡ ਸੱਜਣਾਂ 'ਚੋਂ ਦੇਹ ਕਰਕੇ ਕੋਈ ਵੀ ਜਿਉਂਦਾ ਨਹੀਂ, ਪਰ ਮਾਛੀਵਾੜੇ ਅਤੇ ਇਸ ਦੇ ਆਲੇ-ਦੁਆਲੇ ਦੇ ਲੇਖਕਾਂ ਦੇ ਚੇਤਿਆਂ 'ਚ ਉਹ ਸਦਾ ਜਿਉਂਦੇ ਰਹਿਣਗੇ। ਆਪਣੇ ਕੰਮਾਂ ਕਰ ਕੇ ਵੀ, ਸਪੱਸ਼ਟ ਸਾਫ਼ ਦਿਲ ਹੋਣ ਕਰ ਕੇ ਵੀ ਅਤੇ ਆਪਣੇ ਅਵੈੜਪੁਣੇ ਕਰਕੇ ਵੀ। ਮੇਰੀਆਂ ਕਹਾਣੀਆਂ ਦੇ ਪਾਤਰ ਕਿਸੇ ਇੱਕ ਕਾਲਮ ਜਾਂ ਕਿਤਾਬ 'ਚ ਸਮੇਟੇ ਜਾਣ ਵਾਲੇ ਨਹੀਂ। ਨਾ ਹੀ ਇੱਕ ਪਾਤਰ ਇਕ ਕਹਾਣੀ 'ਚ ਪੂਰਾ ਹੁੰਦਾ ਹੈ। ਉਹਦੀ ਸਾਖੀ ਅੱਗੇ ਹੋਰ ਅੱਗੇ ਚੱਲਦੀ ਰਹਿੰਦੀ ਹੈ, ਪਾਤਰ ਯਾਤਰਾ ਕਰਦਾ ਹੈ, ਜਿਵੇਂ ਆਖਦੇ ਨੇ ਜੋਤ ਬਦਲਦੀ ਹੈ, ਉਵੇਂ ਰੂਪ ਬਦਲ-ਬਦਲ ਕੇ ਮੇਰਾ ਹਰ ਪਾਤਰ 'ਟਰੈਵਲ' ਕਰਦਾ ਹੈ। ਏਥੇ ਮੈਂ ਸਿਰਫ਼ ਇੱਕ ਪਾਤਰ ਦੀ ਗੱਲ ਹੀ ਕਰਾਂਗਾ। ਕਹਾਣੀ 'ਆਦਮਖੋਰ' ਦੇ ਮੁੱਖ ਪਾਤਰ ਬੀਬੇ ਬਾਰੇ। ਬੀਬਾ ਮੈਂ ਖੁਦ ਹਾਂ। ਬੀਬੇ ਦੇ ਬਚਪਨ ਨਾਲ ਜੁੜੇ ਨਿੱਕੇ-ਨਿੱਕੇ ਵੇਰਵੇ ਮੇਰੇ ਆਪਣੇ ਬਚਪਨ ਦੇ ਹਨ। ਜਿਵੇਂ ਕਹਾਣੀ ਵਿਚ ਹੁੰਦਾ ਹੈ ਓਵੇਂ ਢਾਹੇ ਦੇ ਪਿੰਡਾਂ 'ਚ ਥੋੜ੍ਹੀ ਜ਼ਮੀਨ ਵੇਚ ਕੇ ਬੇਟ 'ਚ ਬਹੁਤੀ ਬਣਾਉਣ ਵਾਲਿਆਂ ਵਿਚ ਅਸੀਂ ਵੀ ਸਾਂ। ਕਹਾਣੀ 'ਚ ਜਿਵੇਂ ਬੀਬੇ ਦੀ ਮਾਂ ਇੱਕ ਸੰਤ ਨਾਲ ਜੁੜੀ ਹੁੰਦੀ ਐ, ਓਵੇਂ ਮੇਰੀ ਮਾਂ ਵੀ ਭੈਣੀ ਸਾਹਿਬ ਨਾਲ ਜੁੜੀ ਹੋਈ ਸੀ। ਅਸੀਂ ਤਿੰਨੇ ਭਰਾ ਫੁੱਟਬਾਲ ਖੇਡਦੇ ਸਾਂ, ਬਾਹਰੋਂ ਖੇਡਣ ਆਉਣ ਵਾਲੀਆਂ ਟੀਮਾਂ ਲਈ ਰੱਖਿਆ ਦੁੱਧ, ਉਹ ਅਕਸਰ ਭੈਣੀ ਸਾਹਿਬ ਭੇਜ ਦਿੰਦੀ ਸੀ। ਘਰ ਦਾ ਬਣਾਇਆ ਦੇਸੀ ਘਿਓ ਜੋਤਾਂ ਵਿਚ ਪਾ ਆਉਂਦੀ। ਇਸ ਮਾਮਲੇ 'ਚ ਮੇਰੀ ਮਾਂ ਨੇ ਮੇਰਾ ਬੜਾ ਲਹੂ ਪੀਤਾ। ਜਿਵੇਂ ਬੀਬੇ ਪਾਤਰ ਦੇ ਰਾਹੀਂ ਮੈਂ ਖੁਦ ਆਪਣੀਆਂ ਅਗਲੀਆਂ ਕਹਾਣੀਆਂ 'ਚ 'ਟਰੈਵਲ' ਕਰਦਾ ਹਾਂ। ਆਦਮਖੋਰ ਦਾ ਬੀਬਾ, 'ਪਾਤਸ਼ਾਹ' ਦਾ ਸੁਖਵਿੰਦਰ, 'ਤੀਲਾ' ਅਤੇ 'ਚੰਦਰੀ' ਕਹਾਣੀ ਦਾ ਮੈਂ ਪਾਤਰ ਦੇ ਰੂਪ ਬਦਲਦਾ ਹੈ ਓਵੇਂ ਆਦਮਖੋਰ ਦੀ ਮਾਂ ਚੰਦਰੀ ਤੋਂ ਤੀਲਾ ਕਹਾਣੀ 'ਚ ਰੂਪ ਵਟਾ ਕੇ ਹੋਰ ਚੰਦਰੀ ਤੇ ਭਿਆਨਕ ਮਾਂ ਹੁੰਦੀ ਜਾਂਦੀ ਹੈ। ਮੇਰੇ ਪਿਤਾ ਜੀ ਮੇਰੀ ਮਾਂ ਨੂੰ ਬੇਹੱਦ ਪਿਆਰ ਕਰਦੇ ਸਨ, ਪਰ ਉਹ ਅਵੈੜੇ ਵੀ ਸਨ। ਮਾਂ ਮੇਰੀ ਉਨ੍ਹਾਂ ਤੋਂ ਡਰਦੀ ਸੀ, ਜਿਸ ਕਰਕੇ ਉਹ ਚਾਹੁੰਦੀ ਹੋਈ ਵੀ ਡੇਰੇ ਨੂੰ ਮੱਥਾ ਟੇਕ ਕੇ ਬਹੁਤਾ ਘਰ ਦਾ ਨੁਕਸਾਨ ਨਾ ਕਰ ਸਕੀ। ਪਿਤਾ ਜੀ ਦਾ ਬੜਾ ਕਰੜਾ ਹੁਕਮ ਸੀ ਮਾਂ ਸਾਡੀ ਨੂੰ ਕਿ ਜੇ ਉਹਨੇ ਭੈਣੀ ਸਾਹਿਬ ਦੁੱਧ-ਘਿਓ ਪਾਉਣ ਜਾਂ ਕਥਾ ਸੁਣਨ ਜਾਣੈ ਤਾਂ ਦਿਨ ਛਿਪਦੇ ਤੋਂ ਪਹਿਲਾਂ-ਪਹਿਲਾਂ ਘਰ ਪਹੁੰਚਣੈ। ਪਿਤਾ ਜੀ ਜਾਣਦੇ ਸਨ ਕਿ ਜਿਹੜੀਆਂ ਤੀਮੀਆਂ ਡੇਰੇ 'ਚ ਰਾਤਾਂ ਕੱਟਣ ਲੱਗ ਜਾਣ, ਉਹ ਘਰ ਜੋਗੀਆਂ ਨਹੀਂ ਰਹਿੰਦੀਆਂ। ਤੀਮੀਆਂ ਕੀ ਬੰਦੇ ਵੀ ਖਾਸ ਕਰ ਜਿਨ੍ਹਾਂ ਦੇ ਨਾਂ ਜ਼ਮੀਨ ਹੋਵੇ, ਉਨ੍ਹਾਂ ਨੂੰ ਡੇਰੇ ਵਿਚਲੇ ਘਾਗ ਸਮਝਾ ਦਿੰਦੇ ਨੇ ਕਿ ਜਦੋਂ ਡੇਰੇ ਦੇ ਮਾਲਕ ਸੰਤ ਜੀ ਛੇਵੇਂ ਪਾਤਸ਼ਾਹ ਜੇ ਜਾਮੇ 'ਚ ਆਏ ਸਨ, ਓਦੋਂ ਜ਼ਮੀਨ ਜਾਇਦਾਦ ਵਾਲੇ ਸਿੱਖ ਨੇ ਭਾਈ ਬਿਧੀ ਚੰਦ ਦੇ ਰੂਪ 'ਚ ਸੰਗਤ ਕੀਤੀ ਸੀ ਜਿਵੇਂ 'ਪਾਤਸ਼ਾਹ' ਕਹਾਣੀ 'ਚ ਬਾਬਾ ਦਿਆ ਸਿੰਘ ਬਜ਼ੁਰਗ ਅਮਰ ਸਿੰਘ ਨੂੰ ਸਮਝਾਉਂਦੇ। 'ਆਦਮਖੋਰ' 'ਚ ਬੀਬਾ ਭੋਲਾ-ਭਾਲਾ ਬੇਬਸ ਤੇ ਬੇਸਹਾਰਾ ਹੈ, ਕੁੱਟ ਖਾਂਦਾ ਤੇ ਹੰਝੂ ਵਹਾਉਂਦਾ ਹੈ। ਮਾਂ ਸਿਰ 'ਤੇ ਜੂੜਾ ਕਰਕੇ, ਜ਼ਮੀਨ ਸੰਤਾਂ ਨੂੰ ਮੱਥਾ ਟੇਕ, ਬੜੀ ਦਾਨਣ-ਸਿਆਨਣ ਤੇ ਭਗਤਣੀ ਹੋਣ ਦਾ ਢੌਂਗ ਰਚਦੀ ਹੈ। 'ਤੀਲਾ' ਕਹਾਣੀ 'ਚ ਬੀਬਾ ਸਿਆਣਾ ਹੋ ਜਾਂਦੈ, ਸੰਤਾਂ ਨੂੰ ਰੱਬ ਨੂੰ ਮੰਨਣੋਂ ਹਟ ਜਾਂਦੈ।

ਧਰਮ ਨਾਲ ਜੁੜੀ ਮਾਂ ਆਪਣੇ ਸਰਵ-ਸ੍ਰੇਸ਼ਟ ਹੋਣ ਦੇ ਹੰਕਾਰ ਵਿਚ ਪੁੱਤ ਨੂੰ ਨਾਸਤਕ ਕਹਿ ਕੇ ਘਰੋਂ ਕੱਢ ਦਿੰਦੀ ਹੈ। ਸਾਰੀ ਜ਼ਮੀਨ-ਜਾਇਦਾਦ ਛੋਟੇ ਦੇ ਨਾਂ ਲਵਾ ਕੇ ਵੱਡੇ ਨੂੰ ਬੇਦਖਲ ਕਰ ਕੇ ਏਥੋਂ ਤੱਕ ਹੰਕਾਰੀ ਹੋ ਜਾਂਦੀ ਹੈ ਕਿ ਵੱਡੇ ਪੁੱਤ ਨੂੰ ਬਾਪੂ ਦੀ ਮ੍ਰਿਤਕ ਦੇਹ ਨੂੰ ਹੱਥ ਤੱਕ ਨਹੀਂ ਲਾਉਣ ਦਿੰਦੀ। ਬੀਬੇ ਤੋਂ ਨਾਸਤਕ ਤੋਂ ਕਾਤਲ ਬਣੇ ਏਸ 'ਮੈਂ' ਪਾਤਰ ਦੇ ਨਾਲ ਇੱਕਸੁਰ ਹੋਏ ਮੇਰੇ ਖੁਦ ਦੇ ਵਿਚ ਉਦੋਂ ਤੱਕ ਕਾਮਰੇਡ ਬੂਟਾ ਸਿੰਘ ਵੀ ਆ ਰਲਦਾ ਹੈ। ਕਾਮਰੇਡ ਬੂਟਾ ਸਿੰਘ ਦੀ ਮਾਂ ਵੀ ਨਾਮਧਾਰਨ ਸੀ। ਮੈਂ ਤਾਂ ਉਦੋਂ ਅਜੇ ਅੰਦਰੋਂ ਹੀ ਬਾਗੀ ਹੋਇਆ ਸਾਂ, ਬਾਹਰੋਂ ਨਾਮਧਾਰੀਆਂ ਵਾਲੇ ਕੱਪੜੇ ਪਾਉਂਦਾ, ਮਾਸ-ਸ਼ਰਾਬ ਨਾ ਵਰਤਦਾ, ਕਦੇ-ਕਦੇ ਭੈਣੀ ਸਾਹਿਬ ਵੀ ਜਾ ਆਉਂਦਾ। ਏਸ ਲਈ ਮੇਰੀ ਮਾਂ, ਕਾਮਰੇਡ ਬੂਟੇ ਦੀ ਮਾਂ ਜਿੰਨੀ ਜ਼ਾਲਮ ਨਹੀਂ ਸੀ ਹੋਈ, ਪਰ ਕਾਮਰੇਡ ਬੂਟੇ ਦੀ ਮਾਂ ਨੇ ਤਾਂ ਬੂਟੇ ਉਤੇ ਜ਼ੁਲਮ ਕਰਨ ਦੇ ਹੱਦ-ਬੰਨੇ ਵੀ ਤੋੜ ਦਿੱਤੇ ਸਨ ਤਾਂ ਹੀ ਤਾਂ ਕਾਮਰੇਡ ਬੂਟਾ ਮਾਂ ਨੂੰ ਰੱਬ ਦਾ ਰੂਪ ਕਹਿਣ ਵਾਲਿਆਂ ਦੇ ਗਲ ਪੈ ਜਾਂਦਾ, ਮਾਂ ਦੀ ਸਿਫਤ 'ਚ ਗਾਏ ਗੀਤ ਵਾਲੀ ਕੈਸਟ ਤੋੜ ਦਿੰਦਾ। ਉਹਦੀ ਮਾਂ ਨੇ ਉਹਦੇ ਨਾਲ ਬੁਰੀ ਕੀਤੀ ਸੀ। ਕਸੂਰ ਉਹਦਾ ਏਨਾ ਸੀ ਕਿ ਉਹ ਕਾਮਰੇਡ ਬਣ ਗਿਆ ਸੀ, 'ਕਾਰਡ ਹੋਲਡਰ'। ਮਹਾਰਾਜ ਬੀਰ ਸਿੰਘ ਨਾਮਧਾਰੀ ਦੇ ਕਹਿਣ ਤੇ ਕਾਮਰੇਡ ਬੂਟੇ ਦੀ ਮਾਂ ਨੇ ਆਪਣੇ ਪੁੱਤ ਬੂਟੇ ਖਿਲਾਫ ਕੇਸ ਦਰਜ ਕਰਵਾਇਆ ਕਿ ਉਹਦੇ ਪੁੱਤ ਨੇ ਉਹਦੇ ਨਾਲ (ਆਪਣੀ ਮਾਂ) ਨਾਲ 'ਜਬਰ-ਜਿਨਾਹ' ਕੀਤਾ। ਦੱਸਦੇ ਨੇ ਕਿ ਇੱਕ ਪਲ ਲਈ ਮੁਣਸੀ ਨੇ ਕਲਮ ਤੇ ਥਾਣੇਦਾਰ ਨੇ ਉਂਗਲ ਮੂੰਹ 'ਚ ਪਾ ਲਈ ਸੀ ਪਰ ਉਸ ਔਰਤ ਨੂੰ ਨਾ ਸ਼ਰਮ ਆਈ ਤੇ ਨਾ ਤਰਸ। ਮੇਰੀਆਂ ਸਾਰੀਆਂ ਕਹਾਣੀਆਂ 'ਚ ਮਾਂ ਕਿਤੇ ਵੀ 'ਠੰਢੀ ਛਾਂ' ਜਾਂ 'ਰੱਬ ਦੇ ਰੂਪ' ਵਜੋਂ ਨਹੀਂ ਆਉਂਦੀ। ਅਜਿਹੀ ਮਾਂ ਨਾਲ ਮੇਰਾ ਵਾਹ ਹੀ ਨਹੀਂ ਪਿਆ। ਮੈਂ ਉਨ੍ਹਾਂ ਨੂੰ ਹੀ ਆਪਣੇ ਪਾਤਰ ਬਣਾਉਂਦਾ ਹਾਂ ਜਿਨ੍ਹਾਂ ਨਾਲ ਮੇਰਾ ਵਾਹ ਪੈਂਦਾ ਹੈ ਜਾਂ ਆਪਣੇ ਆਪ ਨੂੰ ਤੇ ਆਪਣੇ ਅਨੁਭਵਾਂ ਨੂੰ ਸਿਰਜਦਾ ਹਾਂ ਤੇ ਮਾਂ ਬਾਰੇ ਮੇਰਾ ਅਨੁਭਵ ਹੈ ਕਿ ਏਹ ਵੀ ਸਾਡੇ ਸਮਾਜ ਦਾ ਇੱਕ ਹਿੱਸਾ ਹੈ ਕੋਈ ਅਲੋਕਾਰੀ ਜੀਵ ਨਹੀਂ। ਏਹ ਵੀ ਇੱਕ ਔਰਤ ਹੈ ਤੇ ਔਰਤ ਬੰਦਿਆਂ ਵਾਂਗੂ ਚੰਗੀ ਜਾਂ ਮਾੜੀ ਹੋ ਸਕਦੀ ਹੈ। ਮਸਲਾ ਹਿੱਤਾਂ ਦੇ ਟਕਰਾਉਣ ਦਾ ਹੈ। ਡੁੱਬਣ ਵੇਲੇ ਤਾਂ ਬਾਂਦਰੀ ਨੇ ਵੀ ਆਪਣਾ ਬੱਚਾ ਪੈਰਾਂ ਹੇਠ ਰੱਖ ਲਿਆ ਸੀ। ਗਲਤ ਪਤਾ ਨਈਂ ਠੀਕ, ਮੇਰਾ ਮੰਨਣਾ ਹੈ ਕਿ ਜਿਹੜੀ ਔਰਤ ਚੰਗੀ ਹੁੰਦੀ ਹੈ, ਉਹ ਮਾਂ ਵੀ ਚੰਗੀ ਹੁੰਦੀ ਹੈ, ਧੀ, ਭੈਣ ਅਤੇ ਪਤਨੀ ਵੀ। ਮੇਰੀਆਂ ਕਹਾਣੀਆਂ 'ਚ ਏਹ ਪਾਤਰ ਏਸੇ ਤਰ੍ਹਾਂ ਆਉਂਦੇ ਨੇ। ਮੇਰਾ ਕੋਈ ਵੀ ਪਾਤਰ ਮੇਰੇ ਲਈ ਓਪਰਾ ਨਹੀਂ।

# ਬਾਵਾ ਬਲਵੰਤ ਲਈ ਦਿੱਲੀ ਵਾਲਿਆਂ ਦਾ ਮੋਹ ਜਾਗਿਆ ਹੀ ਨਹੀਂ

**ਜਸਵੰਤ ਸਿੰਘ ਕੰਵਲ**

ਇਕ ਵਾਰ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਦੇ ਦਫ਼ਤਰ ਦਿੱਲੀ ਬੈਠਾ ਸਾਂ। ਬਾਵਾ ਬਲਵੰਤ ਦਾ ਦਿਨ ਮਨਾਉਣ ਵਾਲੇ ਭਾਪਾ ਜੀ ਤੋਂ ਚੰਦਾ ਮੰਗਣ ਆ ਗਏ। ਭਾਪਾ ਜੀ ਨੇ ਸੌ ਦਾ ਨੋਟ ਅੱਗੇ ਕਰ ਦਿੱਤਾ। ਆਈ ਢਾਣੀ ਦੇ ਸਿਰਕੱਢ ਆਗੂ ਨੇ ਇਕ ਸੌ ਹੋਰ ਮੰਗ ਲਿਆ। ਭਾਪਾ ਜੀ ਨੇ ਇਕ ਸੌ ਹੋਰ ਦੇ ਦਿੱਤਾ ਅਤੇ ਮੇਰੇ ਵਲ ਹੱਥ ਕਰਕੇ ਆਖਣ ਲੱਗੇ, ''ਇਨ੍ਹਾਂ ਨੂੰ ਜਾਣਦੇ ਹੋ?'' ਉਨ੍ਹਾਂ ਸਾਰਿਆਂ ਸਿਰ ਫੇਰ ਦਿੱਤਾ। ''ਨਾਵਲਕਾਰ ਜਸਵੰਤ ਸਿੰਘ ਕੰਵਲ, ਬਾਵੇ ਤੇ ਸੁਜਾਨ ਸਿੰਘ ਦੇ ਦੋਸਤ ਰਹੇ ਹਨ।'' ਭਾਪਾ ਜੀ ਨੇ ਚੰਦਾ ਮੰਗਣ ਵਾਲਿਆਂ ਨਾਲ ਮੇਰੀ ਜਾਣ ਪਛਾਣ ਕਰਵਾਈ।

''ਵਾਹਵਾ, ਕੰਵਲ ਜੀ ਬਲਿਹਾਰੇ! ਭਲਕੇ ਸਾਡੀ ਮਹਿਫ਼ਲ ਫ਼ਲਾਂ ਥਾਂ ਜੁੜ ਰਹੀ ਐ, ਬਾਵਾ ਜੀ ਬਾਰੇ ਵਿਚਾਰਾਂ ਤੇ ਕਵਿਤਾਵਾਂ ਪੜ੍ਹੀਆਂ ਜਾਣਗੀਆਂ। ਤੁਸੀਂ ਜ਼ਰੂਰ ਤਸ਼ਰੀਫ਼, ਲਿਆਓ, ਨਾਲੇ ਬਾਵਾ ਜੀ ਬਾਰੇ ਸਾਨੂੰ ਕੁਝ ਦੱਸਿਓ। ਉਹ ਪੰਜਾਬੀ ਦੇ ਇਕ ਨੰਬਰ ਸ਼ਾਇਰ ਸਨ।'' ਉਨ੍ਹਾਂ ਬਾਵਾ ਜੀ ਦੀ ਪ੍ਰਸ਼ੰਸਾ ਕਰਦਿਆਂ ਮੈਨੂੰ ਬੁਲਾਵਾ ਦੇ ਦਿੱਤਾ।

ਮੈਂ ਆਉਣ ਲਈ ਹਾਮੀ ਭਰ ਦਿੱਤੀ। ਅਗਲੇ ਦਿਨ ਭਾਪਾ ਜੀ ਦੇ ਭਤੀਜੇ ਨਾਲ ਸ਼ਾਇਰਾਂ, ਲੇਖਕਾਂ ਤੇ ਨਾਇਕਾਂ ਦੀ ਮਹਿਫ਼ਲ ਵਿਚ ਪਹੁੰਚ ਗਿਆ। ਚਾਹ ਵਰਤਾਉਣ ਪਿੱਛੋਂ ਪ੍ਰਧਾਨ ਤੇ ਸਟੇਜ ਸਕੱਤਰ ਦੀ ਅਗਵਾਈ ਵਿਚ ਗੀਤ ਤੇ ਨਜ਼ਮਾਂ ਪੜ੍ਹੀਆਂ ਜਾਣ ਲੱਗੀਆਂ। ਦੋ ਕੁ ਬਾਵੇ ਦੇ ਗੀਤ ਤੇ ਇਕ-ਅੱਧ ਕਵਿਤਾ ਵੀ ਉਚਾਰੀ ਗਈ। ਸ਼ਾਇਰ ਗਾਉਂਦੇ ਤੇ ਪੜ੍ਹਦੇ, ਵਾਹਵਾ ਤਾੜੀਆਂ ਲੈਂਦੇ ਰਹੇ। ਜਦੋਂ ਸਾਰੇ ਭੁਗਤ ਚੁੱਕੇ ਤੇ ਮਹਿਫਲ ਆਪਣੇ ਖ਼ਾਤਮੇ 'ਤੇ ਆਈ ਤਾਂ ਪ੍ਰਧਾਨ ਜੀ ਨੇ ਉਠ ਕੇ ਮੇਰਾ ਨਾਂ ਬੋਲ ਦਿੱਤਾ।

''ਹੁਣ ਪੰਜਾਬ ਤੋਂ ਆਏ ਨਾਵਲਕਾਰ ਜਸਵੰਤ ਸਿੰਘ ਕੰਵਲ ਆਪਣੇ ਵਲੋਂ ਵੀ ਕੁਝ ਸੁਣਾਉਣਗੇ।''

ਮੈਨੂੰ ਮੁਜਰਮਾਂ ਵਾਂਗ ਖਲੋਣਾ ਪੈ ਗਿਆ ਤੇ ਬੋਲਿਆ, ''ਪਿਆਰੇ ਸਾਥੀਓ! ਤੁਸਾਂ ਬੜਾ ਉੱਦਮ ਆਰੰਭਿਆ ਏ ਬਾਵਾ ਜੀ ਬਾਰੇ। ਜਦੋਂ ਮੈਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਿਚ ਮੁਲਾਜ਼ਮ ਸਾਂ, ਸ. ਸੁਜਾਨ ਸਿੰਘ ਨਾਲ ਬਾਵਾ ਜੀ ਨੂੰ ਮਿਲਦਾ ਰਿਹਾਂ। ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਵਾੜੇ ਬਾਵਾ ਜੀ ਰਾਜ ਦੀ ਦੁਕਾਨ 'ਤੇ ਕੰਮ ਕਰਦੇ ਹੁੰਦੇ ਸੀ। ਰਾਜ ਉਸਨੂੰ ਨੌਕਰ ਨਹੀਂ ਆਪਣਾ ਯਾਰ ਸਮਝਦਾ ਸੀ। ਸੁਜਾਨ ਦੇ ਸਾਥ ਕਾਰਨ ਮੈਂ ਵੀ ਉਨ੍ਹਾਂ ਦੀ ਢਾਣੀ ਵਿਚ ਸ਼ਾਮਲ ਹੋ ਜਾਂਦਾ ਸਾਂ। ਇਕ-ਦੂਜੇ ਨਾਲ ਸਲਾਹ ਮਸ਼ਵਰਿਆਂ ਦਾ ਵਟਾਂਦਰਾ ਹੁੰਦਾ ਰਹਿੰਦਾ। ਉਦੋਂ ਬਾਵਾ ਜੀ ਦੀ ਮਹਾਨ ਰਚਨਾ ਮਹਾਂਨਾਚ ਛਪ ਚੁੱਕੀ ਸੀ। ਮੈਨੂੰ ਉਹਦੀਆਂ ਕਵਿਤਾਵਾਂ ਨੇ ਵਾਹਵਾ ਖਿੱਚ ਪਾਈ ਸੀ। ਮੈਂ ਬਾਵੇ ਨੂੰ ਹਾਲੇ ਵੀ ਪੰਜਾਬੀ ਦਾ ਵੱਡਾ ਸ਼ਾਇਰ ਸਮਝਦਾ ਆਂ।'' ਸਰੋਤਿਆਂ ਤਾੜੀਆਂ ਚੁੱਕ ਦਿੱਤੀਆਂ।



''ਮੈਨੂੰ ਤੁਹਾਡਾ ਉੱਦਮ ਅਧੂਰਾ ਲੱਗਾ ਏ, ਉਂਜ ਮੈਨੂੰ ਮੁਆਫ਼ ਕਰਨਾ। ਦਿੱਲੀ ਪੰਜਾਬੀਆਂ ਦਾ ਵੱਡਾ ਕਾਰੋਬਾਰੀ ਸ਼ਹਿਰ ਲੱਗਾ ਏ। ਤੁਸੀਂ ਮਦਦ ਇਕੱਠੀ ਕਰਕੇ ਬਾਵੇ ਦੇ ਨਾਂ ਦਾ ਇਕ ਇਨਾਮ ਕਿਉਂ ਨਹੀਂ ਜਾਰੀ ਕਰਦੇ?'' ਮੇਰੇ ਏਨੀ ਆਖਣ ਨਾਲ ਬਾਵੇ ਦੇ ਸ਼ਰਧਾਲੂਆਂ ਤਾੜੀਆਂ ਵਜਾਈਆਂ। ''ਇਸ ਕਾਰਜ ਲਈ ਮੈਂ ਦਸ ਹਜ਼ਾਰ ਇਕੱਠੇ ਕਰਕੇ ਤੁਹਾਨੂੰ ਦੇਵਾਂਗਾ।'' ਤਾੜੀਆਂ ਮੁੜ ਉਠ ਪਈਆਂ। ''ਮੇਰੀ ਰਾਇ ਹੈ, ਐਨਾ ਕੁ ਫ਼ੰਡ ਜ਼ਰੂਰ ਇਕੱਠਾ ਕਰ ਲਿਆ ਜਾਵੇ, ਜਿਸ ਦੇ ਵਿਆਜ ਨਾਲ ਹਾਲੇ ਹਰ ਸਾਲ ਗਿਆਰ੍ਹਾਂ ਸੌ ਤੇ ਇਕ ਸ਼ਾਲ ਦਾ ਸਨਮਾਨ ਚਾਲੂ ਕੀਤਾ ਜਾਵੇ। ਜਿਵੇਂ-ਜਿਵੇਂ ਫ਼ੰਡ ਵਧਦਾ ਜਾਵੇ, ਇਨਾਮ ਦੀ ਰਕਮ ਵਧਾਈ ਜਾਵੇ। ਜੇ ਤੁਸੀਂ ਬਾਵੇ ਦੇ ਸ਼ਰਧਾਲੂ ਤੇ ਚੰਗੇ ਸਰੋਤੇ ਹੋ ਤੇ ਉਸ ਨੂੰ ਮਹਾਨ ਸ਼ਾਇਰ ਵੀ ਸਮਝਦੇ ਹੋ, ਬੁਨਿਆਦੀ ਸਮਾਨ ਦਾ ਬੀੜਾ ਚੁੱਕੋ। ਮੈਂ ਤੁਹਾਡੇ ਨਾਲ ਖਲੋਵਾਂਗਾ।'' ਮੈਂ ਸਰੋਤਿਆਂ ਦਾ ਪ੍ਰਤੀਕਰਮ ਜਾਚਣ ਲਈ ਬੋਲਣਾ ਬੰਦ ਕਰਕੇ ਬਹਿ ਗਿਆ।

ਤਿੰਨ-ਤਿੰਨ ਹਜ਼ਾਰ ਇਕੱਠਾ ਕਰਕੇ ਦੇਣ ਦੀਆਂ ਤਿੰਨ ਆਫ਼ਰਾਂ ਹੋਰ ਉਠ ਪਈਆਂ। ਫਿਰ ਦੋ-ਦੋ ਹਜ਼ਾਰ ਤੇ ਇਕ-ਇਕ ਹਜ਼ਾਰ ਇਕੱਠਾ ਕਰਕੇ ਦੇਣ ਵਾਲੇ ਖਲੋ ਗਏ। ਸਟੇਜ ਸਕੱਤਰ ਨਾਂ ਅਤੇ ਰਕਮਾਂ ਦਾ ਵੇਰਵਾ ਦਰਜ ਕਰਦਾ ਗਿਆ। ਮੈਨੂੰ ਮਾਹੌਲ ਉਤਸ਼ਾਹ ਤੇ ਹੌਂਸਲੇ ਵਾਲਾ ਲੱਗਾ। ਕੁੱਲ ਆਫ਼ਰਾਂ ਦੀ ਗਿਣਤੀ ਪੱਚੀ ਹਜ਼ਾਰ ਨੂੰ ਪਹੁੰਚ ਗਈ। ਮੈਂ ਬੇਹੱਦ ਖੁਸ਼, ਪੰਜਾਬੀ ਪਿਆਰਿਆਂ ਮੇਰੀ ਤਜਵੀਜ਼ ਨੂੰ ਸਿਰ ਮੱਥੇ ਚੁੱਕ ਲਿਆ। ਬੜੇ ਉਤਸ਼ਾਹੀ ਮਾਹੌਲ ਵਿਚ ਜੁੜੀ ਮਹਿਫ਼ਲ ਉਠ ਖਲੋਤੀ। ਮੈਂ ਭਾਪਾ ਜੀ ਨੂੰ ਸੰਖੇਪ ਕਾਰਗੁਜ਼ਾਰੀ ਆ ਕੇ ਦੱਸੀ। ਉਸ ਬਿਨਾ ਰਸੀਦ ਦੇ ਹੀ ਇਕ ਹਜ਼ਾਰ ਮੇਰੇ ਹਵਾਲੇ ਕਰ ਦਿੱਤਾ। ਦੋਸਤ ਚੰਨੀ ਨੇ ਹਜ਼ਾਰ ਦੇ ਦਿੱਤਾ। ਕੁਝ ਹੋਰ ਪਾਠਕਾਂ ਤੇ ਮੇਰੇ ਦੋ ਰਿਸ਼ਤੇਦਾਰਾਂ ਬਿਨਾ ਮੰਗੇ ਹਜ਼ਾਰ-ਹਜ਼ਾਰ ਦੇ ਦਿੱਤਾ। ਮੈਂ ਤਾਂ ਦੋ ਕੁ ਮਹੀਨੇ ਵਿਚ ਹੀ ਦਸ ਹਜ਼ਾਰ ਲੈ ਕੇ ਦਿੱਲੀ ਪਹੁੰਚ ਗਿਆ। ਜਿੰਨੀ ਖੁਸ਼ੀ ਮਹਿਫ਼ਲ ਵਾਲੇ ਦਿਨ ਹੋਈ ਸੀ, ਉਸ ਤੋਂ ਹਜ਼ਾਰ ਗੁਣਾਂ ਵੱਧ ਮਾਯੂਸੀ ਦਾ ਫੜਿਆ ਹੋਇਆ ਸੀ। ਮਹਿਫ਼ਲ ਦੇ ਆਗੂ ਭਾਲੇ ਵੀ ਨਾ ਮਿਲੇ। ਹਜ਼ਾਰਾਂ ਇਕੱਠੇ ਕਰਕੇ ਦੇਣ ਵਾਲਿਆਂ ਨੂੰ ਦਿੱਲੀ ਅਸਲੋਂ ਹੀ ਨਿਗਲ ਗਈ। ਮੇਰੀ ਮਾਯੂਸੀ ਦਿੱਲੀ ਦੇ ਵਿਸ਼ਵਾਸ ਉੱਤੇ ਦੋਹੱਥੜੀਂ ਪਿੱਟ ਰਹੀ ਸੀ। ਭਾਪਾ ਜੀ ਮੇਰੀ ਬਿਖਰੀ ਹਾਲਤ ਵੇਖ ਕੇ ਹੱਸ ਪਏ। ''ਕੰਵਲ ਜੀ, ਇਹ ਦਿੱਲੀ ਐ। ਏਥੇ ਅਨੋਬੜਾਂ ਨਾਲ ਏਵੇਂ ਈ ਹੁੰਦੀ ਐ।'' ''ਪਰ ਮੈਂ ਜੋ ਕਹਿ ਬੈਠਾਂ, ਕਰਾਂਗਾ ਤੇ ਇਨ੍ਹਾਂ ਲਫੰਡਰਾਂ ਦਾ ਰਗੜ ਕੇ ਨੱਕ ਵੱਢਾਂਗਾ।'' ਮੇਰਾ ਗੁੱਸਾ ਹੌਂਕ ਰਿਹਾ ਸੀ। ''ਇਨ੍ਹਾਂ ਦਾ ਨੱਕ ਹੋਵੇਗਾ ਤਾਂ ਵੱਢੋਗੇ।'' ਪੈਸੇ ਇਕੱਠੇ ਕਰਕੇ ਮੌਜ-ਮਸਤੀ ਕਰਨ ਵਾਲੇ ਭਾਪਾ ਜੀ ਦੇ ਪਰਖੇ ਹੋਏ ਸਨ। ''ਭਾਪਾ ਜੀ, ਮੈਂ ਬਾਵੇ ਦਾ ਇਨਾਮ ਜ਼ਰੂਰ ਜਾਰੀ ਕਰਾਂਗਾ।'' ਮੈਂ ਭਾਪਾ ਜੀ ਅੱਗੇ ਇਕ ਪ੍ਰਤਿਗਿਆ ਕਰ ਲਈ। ਮੈਂ ਬਹੁਤ ਉਦਾਸ ਦਿੱਲੀ ਤੋਂ ਵਾਪਸ ਆ ਗਿਆ। ਥੋੜ੍ਹੇ ਚਿਰ ਪਿੱਛੋਂ ਹੀ ਅਸਾਂ ਪਹਿਲਾਂ ਇਨਾਮ ਗਿਆਰ੍ਹਾਂ ਸੌ ਰੁਪਏ ਦਾ ਸੰਤ ਰਾਮ ਉਦਾਸੀ ਨੂੰ ਖੇਤੀ ਯੂਨੀਵਰਸਿਟੀ, ਲੁਧਿਆਣਾ ਵਿਚ ਬੜੇ ਮਾਣ-ਤਾਣ ਨਾਲ ਦੇ ਦਿੱਤਾ। ਅਸੀਂ ਆਪਣੀ ਸੰਸਥਾ ਦਾ ਨਾਂ ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਰੱਖ ਲਿਆ। ਟਰੱਸਟ ਦੀਆਂ ਬਾਕਾਇਦਾ ਰਸੀਦ ਬੁੱਕਾਂ ਛਪਵਾਈਆਂ। ਤਹਿਸੀਲ ਮੋਗਾ ਵਿਚ ਰਜਿਸਟਰੀ ਕਰਵਾ ਕੇ ਟਰੱਸਟ ਪੱਕੇ ਪੈਰੀਂ ਕਰ ਦਿੱਤਾ। ਫਿਰ ਮੈਂ ਹੋਰ ਫੰਡ ਇਕੱਠਾ ਕਰਨ ਲਈ ਇੰਗਲੈਂਡ ਨੂੰ ਚੜ੍ਹ ਗਿਆ। ਯਾਰਾਂ-ਦੋਸਤਾਂ ਨੂੰ ਵੰਗਾਰਿਆ ਤੇ ਇਕ-ਇਕ ਹਜ਼ਾਰ ਰੁਪਏ ਦੀ ਮੈਂਬਰਸ਼ਿਪ ਭਰਵਾਈ। ਇੰਗਲੈਂਡ ਵਿਚ ਮੈਂਬਰੀ ਲਈ ਇਕ ਹਜ਼ਾਰ ਰੁਪਿਆ ਦੇਣਾ ਬਹੁਤਾ ਔਖਾ ਨਹੀਂ ਸੀ। ਇਸੇ ਢੰਗ ਤਰੀਕੇ ਨਾਲ ਕੈਨੇਡਾ ਵੀ ਪਹੁੰਚਿਆ। ਫ਼ੰਡ ਸਾਡੇ ਕੋਲ ਆਸ ਤੋਂ ਵੱਧ ਇਕੱਠਾ ਹੋ ਚੁੱਕਾ ਸੀ। ਗਿਆਰ੍ਹਾਂ ਸੌ ਵਾਲਾ ਇਨਾਮ ਪੰਦਰਾਂ ਸੌ, ਪੱਚੀ ਸੌ, ਤੇ ਫਿਰ ਇਕੱਤੀ ਸੌ ਦਾ ਪਹਿਲਾ ਇਨਾਮ ਕੋਟਕਪੂਰਾ ਸਾਹਿਤ ਸਭਾ ਦੇ ਸਾਲਾਨਾ ਅਜਲਾਸ ਤੇ ਊਨੀ ਸ਼ਾਲ ਤੇ ਮੋਮੈਂਟੋ ਸਮੇਤ ਦੇਵਿੰਦਰ ਸਤਿਆਰਥੀ ਦੀ ਝੋਲੀ ਪਾਇਆ। ਹੁਣ ਤੱਕ ਸਾਡੇ ਕੋਲ ਸਨਮਾਨੀ ਕਿਸੇ ਸ਼ਖ਼ਸੀਅਤ ਨੇ ਕਿਰਾਇਆ ਨਹੀਂ ਮੰਗਿਆ ਸੀ। ਮੈਨੂੰ ਬੜੀ ਸ਼ਰਮ ਆਈ, ਜਦੋਂ ਸਤਿਆਰਥੀ ਨੇ ਇਨਾਮ ਨਾਲ ਕਿਰਾਇਆ ਵੀ ਮੰਗ ਲਿਆ। ਮੈਂ ਚੁੱਪ ਚਾਪ ਦਿੱਲੀ ਦਾ ਕਿਰਾਇਆ ਵੀ ਦੇ ਦਿੱਤਾ। ਪਤਾ ਲੱਗਾ, ਸਤਿਆਰਥੀ ਸਭਾ ਤੋਂ ਵੀ ਕਿਰਾਇਆ ਲੈ ਗਏ ਹਨ। ਹੁਣ ਮੈਂ ਸਾਹਿਤਕਾਰਾਂ ਦੇ ਇਖ਼ਲਾਕ ਨੂੰ ਕੀ ਆਖਾਂ! ਖ਼ੈਰ, ਟਰੱਸਟ ਦਾ ਇਨਾਮ ਪੰਜ ਹਜ਼ਾਰ ਦੀ ਹੱਦ ਵੀ ਪਾਰ ਕਰ ਗਿਆ।

''ਮੈਂ ਬੋਲੂੰਗਾ...ਬੋਲੂੰ ਮੈਂ...ਬੋਲੂੰਗਾ...।'' ਬੋਲਦਾ-ਬੋਲਦਾ ਉਹ ਤੇਜ਼ ਤੇ ਉੱਚੀ ਹੋਈ ਜਾਂਦਾ ਫੇਰ ਅਚਾਨਕ ''ਮੌਨ ਦੀ....ਬਾਬਾ ਦਾਰਾਅ'' ਚਿਲਾਉਂਦਾ। 'ਮੌਨ ਦੀ ਬਾਬਾ' ਵਰਗੇ ਸ਼ਬਦਾਂ ਦੀ ਕੋਈ ਸਮਝ ਨਾ ਆਈ ਪਰ ਅਖੀਰਲਾ 'ਦਾਰਾਅ' ਓਸ ਨੇ ਅਜੀਬ ਤਰ੍ਹਾਂ ਲਮਕਾਅ ਕੇ ਏਨੀ ਦਰਦ ਭਰੀ ਹੂਕ ਨਾਲ ਆਖਿਆ ਕਿ ਮੇਰੇ ਕਾਲਜੇ 'ਚੋਂ ਰੁੱਗ ਭਰਿਆ ਗਿਆ। ਅੰਦਰ ਧੂਹ ਪਈ ਕਿਤੇ।

ਉਹਦੇ ਘਰ ਦੇ ਉਹਨੂੰ ਡਾ. ਗੁਜਰਾਲ ਦੇ ਹਸਪਤਾਲ ਲਿਆਏ ਸਨ। ਉਨ੍ਹੀਂ ਦਿਨੀਂ ਮੈਂ ਵੀ ਡਾ. ਗੁਜਰਾਲ ਦਾ ਪੇਸ਼ੈਂਟ ਬਣਿਆ ਸਾਂ ਨਵਾਂ-ਨਵਾਂ, ਅਜੀਬ ਮਨੋਦਸ਼ਾ ਸੀ ਮੇਰੀ। ਡਾ. ਏਹਨੂੰ ਮਨੋਰੋਗ ਆਖਦੈ। ਟੀ.ਵੀ. ਦੇਖਦਿਆਂ ਜੇ ਸੀਨ 'ਚ ਪਰਾਉਂਠੇ ਪੱਕਦੇ ਵੇਖਦਾ ਤਾਂ ਮੈਨੂੰ ਖੁਸ਼ਬੂ ਵੀ ਆਉਣ ਲੱਗਦੀ ਐ, ਮੂਲੀ ਵਾਲੇ ਪਰਾਉਂਠੇ ਹੋਣ ਤਾਂ ਮੂਲੀਆਂ ਦੀ, ਆਲੂ ਜਾਂ ਗੋਭੀ ਦੇ ਹੋਣ ਤਾਂ ਉਨ੍ਹਾਂ ਦੀ ਭਰਵੀਂ ਮਹਿਕ ਆਉਂਦੀ ਐ। ਮੱਛੀ ਮਾਰਕੀਟ ਦਿਖਾਉਣ ਤਾਂ ਚੈਨਲ ਬਦਲ ਦੇਣ ਪਿੱਛੋਂ ਵੀ ਮਰੀਆਂ ਮੱਛੀਆਂ ਦੀ ਸੜਹਾਂਦ ਮੇਰਾ ਪਿੱਛਾ ਨਈਂ ਛੱਡਦੀ। ਕਿਸੇ ਐਡ 'ਚ ਮਾਡਲ ਜਿਹੜੇ ਵੀ ਸਾਬਣ ਨਾਲ ਨਹਾਉਂਦੀ ਐ, ਓਸੇ ਸਾਬਣ ਦੀ ਸਮੈੱਲ ਆਉਣ ਲੱਗਦੀ ਪਰ ਜ਼ੋਰ ਲਾਉਣ 'ਤੇ ਵੀ ਮੈਨੂੰ ਉਨ੍ਹਾਂ ਦੇ ਜਿਸਮਾਂ ਦੀ ਮਹਿਕ ਨਈਂ ਆਉਂਦੀ। ਉਨ੍ਹਾਂ ਦੇ ਜਿਸਮਾਂ ਵਿਚੋਂ ਇਕੋ ਗੰਧ ਆਉਂਦੀ ਐ, ਮੇਰੀ ਬੀਵੀ ਦੇ ਜਿਸਮ ਦੀ। ਬੀਵੀ ਮੇਰੀ ਕਿਸੇ ਵੀ ਸਾਬਣ ਨਾਲ ਨਹਾਵੇ, ਓਹਦੇ ਜਿਸਮ ਦੀ ਗੰਧ ਸਾਬਣ ਦੀ ਸਮੈੱਲ ਨੂੰ ਦਬਾ ਦਿੰਦੀ ਐ।

''ਤੂੰ ਬਹੁਤ ਕੁਝ ਭੋਗਣਾ ਚਾਹੁੰਦਾ ਸੀ ਪਰ ਭੋਗ ਨਾ ਸਕਿਆ ਏਸ ਕਰਕੇ ਤੇਰੀ ਸੁੰਘਣ ਸ਼ਕਤੀ 'ਐਕਸਟਰਾ ਸੈਂਸੇਟਿਵ' ਹੋ ਗਈ ਐ, ਏਹ...ਨਾਂ ਦਾ ਮਨੋਰੋਗ ਐ।'' ਡਾ. ਗੁਜਰਾਲ ਨੇ ਅੰਗਰੇਜ਼ੀ 'ਚ ਔਖਾ ਜਿਹਾ ਨਾਂ ਲਿਆ ਸੀ। ਹੁਣ ਮੈਂ ਡਾਕਟਰ ਨੂੰ ਕਿਵੇਂ ਦੱਸਦਾ ਕਿ ਭੋਗਣ ਦੀ ਕੋਈ ਕਸਰ ਮੇਰੇ ਬਾਪ ਨੇ ਨਹੀਂ ਸੀ ਛੱਡੀ। ਤੀਮੀਆਂ ਤੋਂ ਲੈ ਕੇ ਨਸ਼ਿਆਂ ਤਕ, ਪੀਣ-ਖਾਣ ਤੋਂ ਲੈ ਕੇ ਪਹਿਨਣ ਤਕ ਐਨਾ ਕੁਝ ਕੀਤਾ ਕਿ ਦਾਦੇ-ਪੜਦਾਦੇ ਦੀ ਲੱਖਾਂ ਦੀ ਕਮਾਈ ਉਡਾ ਦਿੱਤੀ। ਏਹ ਤਾਂ ਉਹਦੇ ਲੱਛਣ ਵੇਖ ਮੇਰੇ ਦਾਦੇ ਨੇ ਭਲੇ ਵੇਲੇ ਮੇਰੇ ਤੇ ਮੇਰੀ ਮਾਂ ਦੇ ਨਾਂ ਜਿਹੜੀ ਜਾਇਦਾਦ ਲਵਾ ਦਿੱਤੀ, ਓਹਦੇ ਨਾਲ ਸਾਡਾ ਗੁਜ਼ਾਰਾ ਹੋਈ ਜਾਂਦੈ। ਪਰ ਐਨਾ ਕੁਝ ਭੋਗਣ ਪਿੱਛੋਂ ਪਿਓ ਮੇਰਾ ਵੀ ਮਨੋਰੋਗੀ ਹੋ ਗਿਆ ਸੀ। ਕਈ-ਕਈ ਬੰਦਿਆਂ ਦਾ ਫੜਿਆ ਵੀ ਓਹ ਰੁਕਦਾ ਨਾ, 'ਤਿਤਰਲਾਟਮਾਤਾ-ਤਿਤਰਲਾਟਮਾਤਾ' ਬੋਲਦਾ ਜਾਂਦਾ ਤੇ ਭੱਜਦਾ ਜਾਂਦਾ, ਭੱਜਦਾ ਜਾਂਦਾ ਤੇ ਬੋਲਦਾ ਜਾਂਦਾ। ਓਹ ਦੋਵਾਂ ਹੱਥਾਂ ਨਾਲ ਮੱਥੇ ਨੂੰ ਲਕੋਂਦਾ ਬਚਾਉਂਦਾ, ਜਿਵੇਂ ਕੋਈ ਚੀਜ਼ ਉਹਦੇ ਮੱਥੇ 'ਚ ਵੱਜਦੀ ਹੋਵੇ। ਕੋਈ ਡਾਕਟਰ ਉਹਦਾ ਇਲਾਜ ਨਾ ਕਰ ਸਕਿਆ ਤੇ ਅਖ਼ੀਰ ਸਮਾਧ ਵਾਲੇ ਮਾਤਾ ਜੀ ਦੇ ਬਲਦੇ ਸਿਵੇ 'ਚ ਛਾਲ ਮਾਰ ਕੇ ਓਸ ਆਪਣੇ-ਆਪ ਦਾ ਅੰਤ ਕਰ ਲਿਆ, ਜਿਉਂਦੇ-ਜੀਅ ਮੱਚ ਕੇ। ਸਾਡੇ ਪਿੰਡ ਦੀ ਏਹ ਸਮਾਧ ਪ੍ਰਾਚੀਨ ਮੰਦਰ ਐ। ਏਥੇ ਪ੍ਰਾਚੀਨ ਸਮੇਂ ਕੋਈ ਸਿੱਧ-ਪੁਰਸ਼ ਰਿਹਾ ਕਰਦੇ ਸਨ। ਏਥੇ ਈ ਉਨ੍ਹਾਂ ਦੀ ਸਮਾਧ ਬਣੀ ਹੋਈ ਐ। ਕਈ ਵਰ੍ਹੇ ਪਹਿਲਾਂ ਉਜਾੜ ਪਏ ਏਸ ਸਥਾਨ 'ਤੇ ਏਹ ਮਾਤਾ ਜੀ ਪ੍ਰਗਟ ਹੋ ਗਏ ਸਨ ਅਚਾਨਕ, ਪਤਾ ਨਹੀਂ ਕਿਥੋਂ। ਉੱਚੇ-ਲੰਮੇ, ਜੁਆਨ-ਜਹਾਨ, ਰੱਜ ਕੇ ਸੋਹਣੇ, ਕਿਸੇ ਦੇ ਕਹਿਣ ਵਾਂਗੂੰ, ''ਰੂਪ ਦਾ ਕੋਈ ਅੰਤ ਨਹੀਂ ਸੀ।'' ਕੋਈ ਹੋਰ ਆਖਦਾ, ''ਰੂਪ ਨਹੀਂ, ਨੂਰ ਸੀ ਰੱਬ ਦਾ ਨੂਰ, ਓਹ ਬੜੇ ਪਹੁੰਚੇ ਹੋਏ ਸਨ।'' ਪਰ ਲੋਕ ਏਹ ਵੀ ਘੁਸਰ-ਮੁਸਰ ਕਰਦੇ ਕਿ ਮੇਰਾ ਬਾਪ ਮਾਤਾ ਜੀ ਨੂੰ ਪਹਿਲਾਂ ਤੋਂ ਜਾਣਦਾ ਸੀ। ਕਈ ਕਹਿੰਦੇ, ''ਓਸ ਨੇ ਉਨ੍ਹਾਂ ਨੂੰ ਕਿਤੋਂ ਲਿਆ ਕੇ ਇਥੇ ਛੱਡਿਆ ਸੀ, ਰਾਤ-ਬਰਾਤੇ।''

ਮਾਤਾ ਜੀ ਦਾ ਸਸਕਾਰ ਸਮਾਧ 'ਚ ਹੀ ਕੀਤਾ ਗਿਆ ਸੀ। ਬਹੁਤ ਵੱਡੀ ਚਿਖਾ ਚਿਣੀ ਗਈ ਸੀ। ਚਾਹੀ ਮਣ ਤਾਂ ਚੰਦਨ ਦੀ ਲੱਕੜੀ ਪਾਈ ਗਈ, ਬਹੁਤ ਸਾਰੇ ਨਿੱਕ-ਸੁੱਕ ਦੇ ਨਾਲ ਕਈ ਪੀਪੇ ਸ਼ੁੱਧ ਦੇਸੀ ਘਿਉ ਦੇ ਉੱਲਦੇ ਗਏ ਸਨ। ਬੜਾ 'ਕੱਠ ਸੀ, ਲੋਕ ਭਜਨ ਗਾ ਰਹੇ ਸਨ, ਜੈ-ਜੈਕਾਰ ਕਰ ਰਹੇ ਸਨ। ਮਾਤਾ ਜੀ ਦੇ ਸਰੀਰ ਨੇ ਅਜੇ ਅੱਗ ਨਹੀਂ ਸੀ ਫੜੀ ਕਿ ਪਤਾ ਨਹੀਂ ਕਿਥੋਂ 'ਤਿਤਰਲਾਟਮਾਤਾ-ਤਿਤਰਲਾਟਮਾਤਾ' ਆਖਦਾ ਮੇਰਾ ਬਾਪ ਤੇਜ਼ੀ ਨਾਲ ਆਇਆ ਤੇ ਚਿਖਾ 'ਚ ਛਾਲ ਮਾਰ ਦਿੱਤੀ ਸੀ, ਕੋਈ ਕੁਝ ਨਾ ਕਰ ਸਕਿਆ ਪਰ ਲੋਕਾਂ ਨੇ ਗੱਲਾਂ ਬਹੁਤ ਕੀਤੀਆਂ, ''ਅਖੇ ਛਾਲ ਮਾਰਦਿਆਂ ਹੀ ਓਹ ਮਾਤਾ ਜੀ ਦੇ ਜਿਸਮ ਨਾਲ ਲਿਪਟ ਗਿਆ, ਮੁੜ ਨਈਂ ਹਿੱਲਿਆ।'' ''ਓਹਦੇ ਛਾਲ ਮਾਰਦਿਆਂ ਹੀ ਮਾਤਾ ਜੀ ਦੀ ਦੇਹ ਜਾਗ ਪਈ ਤੇ ਓਹ ਦੋਵੇਂ ਮਿਲ ਕੇ ਚਿਖਾ 'ਤੇ ਨਾਚ ਕਰਦੇ ਰਹੇ।''

''ਮਾਤਾ ਜੀ ਜਗੀਰ ਨੂੰ ਲਾਹਨਤਾਂ ਪਾਉਂਦੇ ਰਹੇ, ਆਵਾਜ਼ਾਂ ਸਾਫ਼ ਸੁਣਦੀਆਂ ਸਨ। ਆਂਹਦੇ ਸਨ-ਤੂੰ ਮੇਰੀ ਦੇਹ ਅਪਵਿੱਤਰ ਕਰ ਦਿੱਤੀ ਐ ਪਾਪੀਆ, ਭਿੱਟ ਦਿੱਤੀ ਐ ਕਲੰਕੀਆ...।''

ਜਿੰਨੇ ਮੂੰਹ ਓਨੀਆਂ ਗੱਲਾਂ ਮੇਰੇ ਕੰਨਾਂ 'ਚ ਗੂੰਜਦੀਆਂ ਰਹਿੰਦੀਆਂ, ਮੈਂ ਘਰੋਂ ਨਾ ਨਿਕਲਦਾ, ਕਿਸੇ ਦੇ ਮੱਥੇ ਨਾ ਲੱਗਦਾ, ਅਸੀਂ ਦੋਵੇਂ ਮਾਂ-ਪੁੱਤ ਵੀ ਇਕ-ਦੂਜੇ ਨਾਲ ਗੱਲ ਕਰਨੋਂ ਕੰਨੀਂ ਕਤਰਾਉਂਦੇ। ਬਿਨਾਂ ਗੱਲ ਸਾਂਝੀ ਕੀਤਿਆਂ ਅਸੀਂ ਏਸ ਗੱਲ 'ਤੇ ਸਹਿਮਤ ਹੋ ਗਏ ਕਿ ਸ਼ਹਿਰ ਜਾ ਕੇ ਵੱਸੀਏ। ਅਸੀਂ ਇੰਜ ਹੀ ਕੀਤਾ ਪਰ ਲੋਕਾਂ ਦੀਆਂ ਗੱਲਾਂ ਅੰਦਰ ਖੋਰੂ ਪਾਉਣੋਂ ਨਾ ਹਟੀਆਂ। ਤੇ ਜਦੋਂ ਬਾਪ ਦਾ ਬੋਲਿਆ 'ਤਿਤਰਲਾਟਮਾਤਾ' ਮਨ 'ਚ ਗੂੰਜਦਾ ਤਾਂ ਹੋਰ ਆਵਾਜ਼ਾਂ ਦਾ ਸ਼ੋਰ ਮੱਧਮ ਪੈ ਜਾਂਦਾ। ਮੈਂ ਸੋਚਣ ਲੱਗਦਾ ਕੀ ਐ ਏਹ 'ਤਿਤਰਲਾਟਮਾਤਾ?' ਜੀਹਨੇ ਮੇਰੇ ਪਿਉ ਦੇ ਮਨ ਨੂੰ ਰੋਗ ਲਾ ਦਿੱਤਾ। ਬਥੇਰਾ ਮੱਥਾ ਮਾਰਿਆ, ਕੁਝ ਸਮਝ ਨਾ ਆਈ। ਸਗੋਂ ਮੈਂ ਖ਼ੁਦ ਡਾਕਟਰ ਦੇ ਕਹਿਣ ਵਾਂਗੂੰ ਮਨੋਰੋਗੀ ਹੋ ਗਿਆ। ਸ਼ਹਿਰ ਆ ਕੇ ਵੀ ਮੈਂ ਬਹੁਤ ਘੱਟ ਬਾਹਰ ਜਾਂਦਾ, ਅਣਸਰਦੇ। ਅੰਦਰ ਪਿਆ ਪੜ੍ਹਦਾ ਰਹਿੰਦਾ ਜਾਂ ਟੀ.ਵੀ. ਦੇਖਦਾ ਰਹਿੰਦਾ। ਮਾਂ ਦੀ ਕੋਈ ਗੱਲ ਨਾ ਮੋੜਦਾ। ਉਸਨੇ ਵਿਆਹ ਨੂੰ ਕਿਹਾ, ''ਠੀਕ ਐ।'' ਮਾਂ ਨੇ ਕਿਹਾ, ''ਕੁੜੀ



## ਕਹਾਣੀ

# ਮੌਨ ਦੀ... ਬਾਬਾ... ਦਾਰਾ

-ਸੁਖਜੀਤ

ਸੋਹਣੀ ਐ, ਸਿਆਣੀ ਐਂ, ਸਰਕਾਰੀ ਟੀਚਰ ਐ, ਪਛਾਣ ਵਾਲੀ ਐ...।''

''ਠੀਕ ਐ ਮਾਂ।'' ਪਰ ਬਾਹਰ ਘੁੰਮਣ-ਫਿਰਨ ਵਾਲੀ ਗੱਲ ਮਾਂ ਦੀ ਵੀ ਮੈਂ ਟਾਲ ਜਾਂਦਾ। ਬੈਂਕਾਂ ਦੇ ਖਾਤਿਆਂ 'ਚ ਮਾਂ ਦੇ ਨਾਲ ਪਤਨੀ ਦਾ ਨਾਂ ਲਿਖਾ ਦਿੱਤਾ ਤਾਂ ਜੋ ਮੈਨੂੰ ਘੱਟ ਤੋਂ ਘੱਟ ਬਾਹਰ ਨਿਕਲਣਾ ਪਵੇ। ਬੀਵੀ ਸੈਰ ਲਈ ਜ਼ੋਰ ਪਾਉਂਦੀ ਤਾਂ ਮੈਂ ਰਾਤ ਦੀ ਰੋਟੀ ਪਿੱਛੋਂ ਉਹਦੇ ਨਾਲ ਲੰਬੀ ਸੈਰ ਕਰਦਾ। ਬਾਜ਼ਾਰੋਂ ਕੋਈ ਜ਼ਰੂਰੀ ਚੀਜ਼ ਲਿਆਉਣੀ ਹੁੰਦੀ ਤਾਂ ਮੈਂ ਰਾਤ ਨੂੰ ਹੀ ਜਾਂਦਾ। ਸੂਰਜ ਤੋਂ ਚਿੜ ਹੈ ਮੈਨੂੰ, ਮੱਥੇ ਨਹੀਂ ਲਾ ਸਕਦਾ, ਸਹਿ ਨਹੀਂ ਹੁੰਦਾ। ਮਾਂ ਤੇ ਬੀਵੀ ਇਕ ਦਿਨ ਗੱਲਾਂ ਕਰਦੀਆਂ ਸੁਣੀਆਂ, ''ਓਹ ਕਹਿੰਦੈ ਏਹਨੂੰ ਕਿਸੇ ਨੇ ਉੱਲੂ ਮਾਰ ਕੇ ਖਵਾਇਐ।'' ਮਾਂ ਕਿਸੇ ਸਿਆਣੇ ਕੋਲ ਗਈ ਸੀ, ਮੈਨੂੰ ਗੁੱਸਾ ਆਇਆ ਪਰ ਬੀਵੀ ਦੀ ਗੱਲ ਸੁਣ ਕੇ ਚੁੱਪ ਕਰ ਰਿਹਾ, ''ਠੀਕ ਤਾਂ ਕਹਿੰਦੈ ਓਹ, ਸਾਰੀ ਰਾਤ ਉੱਲੂਆਂ ਵਾਂਗ ਜਾਗਦੇ ਨੇ ਤੇ ਦਿਨ...।''

ਬੀਵੀ ਦੀ ਭੈਣ ਆਈ ਸੀ ਕੈਨੇਡਾ ਤੋਂ, ਪਤੀ ਅਤੇ ਬੇਟੇ ਨਾਲ। ਟੀ.ਵੀ. ਦੇਖ ਰਹੇ ਸਾਂ। ਸੀਨ ਵਿਚ ਆਮਲੇਟ ਬਣ ਰਿਹਾ ਸੀ। ਮੇਰੇ ਨੱਕ ਵਿਚ ਜਲੂਣ ਹੋਣ ਲੱਗੀ, ''ਤੁਆਨੂੰ ਵੀ ਆ ਰਹੀ ਐ ਸਮੈੱਲ?'' ਓਹ ਹੈਰਾਨੀ ਜਹੀ ਨਾਲ ਸੁੰਘਣ ਲੱਗੇ ਤਾਂ ਬੀਵੀ ਤੁਰੰਤ ਬੋਲੀ, ''ਨਹੀਂ ਕੋਈ ਸਮੈੱਲ ਨਹੀਂ ਆ ਰਹੀ ਕਿਸੇ ਨੂੰ, ਤੁਸੀਂ ਟੀ.ਵੀ. ਦੇਖੋ ਚੁੱਪਚਾਪ।''

ਕੱਲ੍ਹ ਏਵੇਂ ਤੁਸੀਂ ਨਵੀ ਨੂੰ ਵੈਨਕੂਵਰ ਬਾਰੇ ਦੱਸ ਰਹੇ ਸੀ, ਅੰਦਰੋਂ ਕਦੇ ਨਿਕਲੇ ਨਹੀਂ ਤੇ ਗੱਲਾਂ...।'' ''ਵਾਹਟ, ਅੰਕਲ ਕਦੇ ਨਹੀਂ ਗਏ ਵੈਨਕੂਵਰ?'' ਕੈਨੇਡਾ ਤੋਂ ਆਇਆ ਉਨ੍ਹਾਂ ਦਾ ਬੇਟਾ ਹੈਰਾਨੀ ਨਾਲ ਪੁੱਛ ਰਿਹਾ ਸੀ। ਮੈਂ ਵੀ ਹੈਰਾਨ ਸਾਂ ਕਿ ਬੀਵੀ ਝੂਠ ਕਿਉਂ ਬੋਲ ਰਹੀ ਐ। ਠੀਕ ਐ ਮੈਨੂੰ ਕੁਝ ਯਾਦ ਨਹੀਂ ਰਹਿੰਦਾ ਪਰ ਜਦੋਂ ਕੋਈ ਕਿਸੇ ਥਾਂ ਦਾ ਜ਼ਿਕਰ ਕਰਦੈ ਮੈਨੂੰ ਉਸ ਥਾਂ ਦਾ ਸਾਰਾ ਕੁਝ ਯਾਦ ਆਉਣ ਲੱਗ ਪੈਂਦੈ।

''ਅੰਕਲ ਨੂੰ ਤਾਂ ਓਥੋਂ ਬਾਰੇ ਸਭ ਪਤੈ...।'' ਨਵੀ ਨੇ ਕਿਹਾ ਤਾਂ ਬੀਵੀ ਝੱਟ ਬੋਲ ਉੱਠੀ, ''ਪਤੈ ਸੁਆਹ, ਕਿਤਾਬਾਂ ਪੜ੍ਹ-ਪੜ੍ਹ ਤੇ ਟੀ.ਵੀ. ਦੇਖ-ਦੇਖ ਦਿਮਾਗ ਖ਼ਰਾਬ ਕਰ ਲਿਐ ਏਹਨਾਂ ਆਪਣਾ...।''

''ਕਿਤਾਬਾਂ ਤਾਂ ਤੂੰ ਵੀ ਪੜ੍ਹਦੀ ਐਂ।'' ਮਾਂ ਤੋਂ ਮੇਰੀ ਐਨੀ ਬੇਇੱਜ਼ਤੀ ਸਹਾਰੀ ਨਹੀਂ ਸੀ ਗਈ।

''ਮੈਂ ਏਹਨਾਂ ਵਾਂਗੂੰ ਨਹੀਂ ਪੜ੍ਹਦੀ ਬੀ ਜੀ, ਪੜ੍ਹਾਉਣੀ ਆਂ। ਥੋਨੂੰ ਕਿੰਨੀ ਵਾਰ ਕਿਹੈ ਏਹਨਾਂ ਨੂੰ ਕਿਤੇ ਦਖਾ ਲੀਏ ਹਰ ਆਏ-ਗਏ ਤੋਂ ਤਮਾਸ਼ਾ ਬਣਾ ਦਿੰਦੇ ਨੇ...।'' ਓਹਤੋਂ ਗੱਲ ਪੂਰੀ ਨਹੀਂ ਸੀ ਹੋਈ, ਮਨ ਭਰ ਗਿਆ ਸੀ ਉਸਦਾ।

ਓਦੋਂ ਆਏ ਸਾਂ ਡਾਕਟਰ ਕੋਲ, ਕੈਨੇਡਾ ਵਾਲਿਆਂ ਦੇ ਜਾਣ ਪਿੱਛੋਂ। ਸਾਇਕੈਟਰਿਸਟ ਡਾ. ਗੁਜਰਾਲ, ਬੜੀ ਮਦਦ ਕੀਤੀ ਸੀ ਮੇਰੀ ਉਹਨੇ। ਬੜੇ ਸੁਆਲ ਕੀਤੇ ਮੈਨੂੰ, ਨਿੰਠ ਕੇ, ਬੋਲਣ ਦਾ ਮੌਕਾ ਦਿੱਤਾ ਮੈਨੂੰ, ਠਰ੍ਹੰਮੇ ਨਾਲ ਸੁਣਿਆ। ਏਹ ਤਾਂ ਹੁਣ ਜਾ ਕੇ ਪਤਾ ਲੱਗਿਐ ਕਿ ਓਹ ਪੇਸ਼ੈਂਟ ਉੱਤੇ ਕੈਮਰਾ ਫਿੱਟ ਕਰਕੇ ਰੱਖਦੈ। ਪੇਸ਼ੈਂਟ ਨਾਲ ਆਏ ਜੀਆਂ ਦੀ ਵੀ ਇੰਟਰਵਿਊ ਕਰਦੈ, ਸਭ ਦਾ ਵਿਹਾਰ ਘੋਖਦੈ, ਕਾਹਲਾ ਪੈਂਦੈ, ਧੀਰਜ ਰੱਖਦੈ, ਕੋਈ ਖ਼ੁਦ ਨੂੰ ਤੇ ਦੂਜਿਆਂ ਨੂੰ ਕੀ ਸਮਝਦੈ? ਸਭ ਤੋਂ ਪਹਿਲਾਂ ਉਹਨੇ ਮੇਰੀ ਬੀਵੀ ਦਾ ਭਰਮ ਤੋੜਿਆ। ਉਹ ਆਪਣੇ ਡਬਲ ਐਮ.ਏ. ਤੇ ਬੀ.ਐਡ. ਹੋਣ ਦਾ ਮਾਣ ਕਰਦੀ ਤੇ ਮੇਰਾ ਬੀ.ਏ. ਫੇਲ੍ਹ ਹੋਣ ਦਾ ਮਜ਼ਾਕ ਉਡਾਉਂਦੀ।

ਡਾ. ਗੁਜਰਾਲ ਨੇ ਦੂਜੀ ਬੈਠਕ 'ਚ ਕਿਹਾ, ''ਦੇਖੋ ਮੈਡਮ ਡਿਗਰੀਆਂ ਲੈਣ ਨੂੰ ਪੜ੍ਹਾਈ ਨਈਂ ਕਹਿੰਦੇ, ਡਿਗਰੀਆਂ ਲੈਣਾਂ ਤਾਂ 'ਵਾਰਮ ਅੱਪ' ਹੋਣਾ ਹੁੰਦੈ, ਪੜ੍ਹਾਈ ਏਦੂੰ ਬਾਦ ਸ਼ੁਰੂ ਹੁੰਦੀ ਐ।'' ਬੀਵੀ ਨਹੀਂ ਸਮਝੀ ਤਾਂ ਉਹਨੇ ਖੋਲ੍ਹ ਕੇ ਸਮਝਾਇਆ, ''ਜਿਵੇਂ ਕੋਈ ਖੇਡ ਖੇਡਣ ਵਾਸਤੇ ਅਸੀਂ 'ਡਰੈੱਸ ਅੱਪ' ਹੁੰਨੇ ਆਂ, ਬੂਟ-ਜੁਰਾਬਾਂ ਕੱਸ ਕੇ, 'ਨੀ ਕੈਪ', ਨਿੱਕਰ, ਟੀ-ਸ਼ਰਟ, ਪਹਿਨ ਕੇ ਮੈਦਾਨ 'ਚ ਉਤਰਦੇ ਆਂ, ਖੇਡਣ ਤੋਂ ਪਹਿਲਾਂ ਦੀ ਏਹ ਸਾਰੀ ਤਿਆਰੀ ਬੀ.ਏ., ਐਮ.ਏ. ਦੀ ਡਿਗਰੀ ਲੈਣ ਵਾਂਗ ਐ, ਜਿਵੇਂ ਅਸਲੀ ਖੇਡ ਡਰੈੱਸ-ਅੱਪ ਤੇ ਵਾਰਮ-ਅੱਪ ਹੋਣ ਤੋਂ ਬਾਅਦ ਸ਼ੁਰੂ ਹੁੰਦੀ ਐ, ਓਵੇਂ ਅਸਲੀ ਪੜ੍ਹਾਈ ਡਿਗਰੀਆਂ-ਡਿਪਲੋਮਿਆਂ ਤੋਂ ਪਿੱਛੋਂ ਸ਼ੁਰੂ ਹੁੰਦੀ ਐ...।'' ਉਹ ਕੁਝ ਚਿਰ ਰੁਕਿਆ, ਫੇਰ ਮੇਰੇ ਵੱਲ ਇਸ਼ਾਰਾ ਕਰਕੇ ਕਿਹਾ, ''ਮੈਂ ਅਜਿਹੇ ਬਹੁਤ ਸਾਰਿਆਂ ਨੂੰ ਜਾਣਦਾਂ, ਜਿਹੜੇ ਖੇਡ ਵਿਚ ਕੁੜਤੇ-ਪਜਾਮੇ ਨਾਲ ਹੀ ਕੁੱਦ ਪਏ, ਏਹ ਕਿੰਨਾ ਵੀ ਚੰਗਾ ਖੇਡਣ ਤੁਹਾਡੇ ਵਰਗਿਆਂ ਨੂੰ ਲੱਗਦਾ ਰਹਿੰਦੈ ਕਿ ਨਹੀਂ ਏਹਨੇ ਮਾਨਤਾ ਪ੍ਰਾਪਤ ਠੱਪੇ ਵਾਲੀ ਡਰੈੱਸ ਨਹੀਂ ਪਾਈ...'ਵਾਚ' ਕੀਤੈ ਮੈਂ। ਇਸਦੇ ਗਿਆਨ ਅੱਗੇ ਸਿਰ ਝੁਕਦੈ ਮੇਰਾ ਪਰ...।'' ਡਾ. ਸਾਹਬ ਨੇ ਠੰਡਾ ਸਾਹ ਭਰਿਆ, ''ਪਰ ਇਸ ਉੱਪਰ ਕਿਸੇ ਯੂਨੀਵਰਸਿਟੀ ਦਾ ਠੱਪਾ ਨਈਂ ਲੱਗਿਆ ਹੋਇਆ...।''

ਮੇਰੀ ਬੀਵੀ ਨੂੰ ਲਗਦਾ ਸੀ ਕਿ ਡਾਕਟਰ ਉਹਦੀਆਂ ਗੱਲਾਂ ਦੀ ਹਾਮੀ ਭਰੇਗਾ ਪਰ ਡਾਕਟਰ ਨੂੰ ਉਲਟ ਪਾਸਿਓਂ ਸ਼ੁਰੂ ਹੋਇਆ ਦੇਖ ਔਖੀ ਹੋ ਕੇ ਬੁੱਲ੍ਹ ਜਿਹੇ ਕੱਢਦੀ ਉਹ ਬਾਹਰ ਨਿਕਲ ਗਈ ਸੀ। ਜਿਵੇਂ ਕਹਿੰਦੀ ਹੋਵੇ, ''ਬੰਦੇ ਸਾਰੇ ਇਕੋ ਜਹੇ ਹੁੰਦੇ ਐ, ਬੁੱਧੂ।'' ਛਿੱਥਾ ਜਿਹਾ ਪੈਂਦਿਆਂ ਡਾਕਟਰ ਵਲ ਵੇਖ ਮੈਂ ਕੱਚਾ ਜਿਹਾ ਹਾਸਾ ਹੱਸਿਆ ਸਾਂ। ਮਨੋ-ਵਿਸ਼ੇਸ਼ਾਰਥ ਵੀ ਸਹਿਜ ਨਹੀਂ ਸੀ ਰਿਹਾ। ਉਹਨੇ ਮੇਰੇ ਵਲ ਇੰਜ ਵੇਖਿਆ ਜਿਵੇਂ ਕਹਿੰਦਾ ਹੋਵੇ, ''ਤੂੰ ਏਹਦੇ ਨਾਲ ਕਿਵੇਂ ਕੱਟੀ ਜਾਨੈਂ ਯਾਰ।'' ਪਰ ਉਹ ਛੇਤੀ ਸੰਭਲ ਗਿਆ, ਮੁਸਕਰਾਇਆ, ਸਿਰ ਹਿਲਾਇਆ ਤੇ ਮੇਰੇ ਹੱਥ 'ਤੇ ਹੱਥ ਰੱਖ ਹੌਂਸਲਾ ਦਿੱਤਾ ਕਿ ਆਪਾਂ ਸਭ ਠੀਕ ਕਰ ਲਾਂਗੇ। ਡਾਕਟਰ ਮਾਂ ਤੋਂ ਕੁਝ ਪੁੱਛਣ ਲੱਗਿਆ ਤਾਂ ਮੈਂ ਆਗਿਆ ਲੈ ਕੇ ਬਾਹਰ ਆ ਗਿਆ, ਬੀਵੀ ਦੇ ਮਗਰ। ਉਹ ਪੈਂਦੀ ਸੱਟੇ ਬੋਲੀ, ''ਨਾ ਉਹਨੇ ਇਲਾਜ ਥੋੜਾ ਕਰਨਾ ਕਿ ਮੇਰਾ?''

''ਹੁਣ ਤਾਂ ਏਦਾਂ ਈ ਹੁੰਦੈ ਮੈਡਮ, ਸਕੂਲ 'ਚ ਦਾਖ਼ਲ ਬੱਚੇ ਨੇ ਹੋਣਾ ਹੁੰਦੈ ਇੰਟਰਵਿਊ ਮਾਪਿਆਂ ਦੀ ਹੁੰਦੀ ਐ।'' ਮੈਂ ਹਾਸੇ ਨਾਲ ਕਿਹਾ ਤਾਂ ਉਹਨੇ 'ਹੂੰਅ' ਕਹਿ ਕੇ ਮੇਰੇ ਵਲ ਇੰਜ ਵੇਖਿਆ ਜਿਵੇਂ ਕਹਿੰਦੀ ਹੋਵੇ, ''ਬੁੱਧੂ, ਕਿਤੋਂ ਦੀ ਗੱਲ ਕਿਥੇ ਲੈ ਜਾਂਦੈ।''

''ਬੋਲੂੰਗਾ...ਮੈਂ ਬੋਲੂੰਗਾ...ਮੌਨ ਦੀ... ਬਾਬਾ... ਦਾਰਾਅ...।'' ਅਚਾਨਕ ਗੂੰਜੇ ਏਹਨਾਂ ਬੋਲਾਂ ਨੇ ਸਭ ਨੂੰ ਡਰਾ ਦਿੱਤਾ। ਸਮਝ ਤਾਂ ਕੁਝ ਨਾ ਆਈ ਪਰ ਜਿਵੇਂ ਉਸਨੇ ਅਜੀਬ ਤਰ੍ਹਾਂ ਖਿੱਚ ਕੇ 'ਦਾਰਾਅ' ਉਚਾਰਿਆ। ਸੱਚੀਂ ਅੰਦਰੋਂ ਰੁੱਗ ਭਰਿਆ ਗਿਆ। ਬੀਵੀ ਮੇਰੀ ਵੀ ਤ੍ਰਹਿ ਕੇ ਓਧਰ ਵੇਖਣ ਲੱਗੀ ਸੀ। ਵੀਹ ਕੁ ਵਰ੍ਹਿਆਂ ਦਾ ਮੁੰਡਾ ਸੀ ਗੋਰਾ ਨਿਛੋਹ, ਸੂਹੀ ਭਾਹ ਮਾਰਦਾ ਚਿਹਰਾ, ਮੋਟੀਆਂ-ਮੋਟੀਆਂ ਅੱਖਾਂ, ਗੱਲ੍ਹਾਂ 'ਤੇ ਠੋਡੀ ਨਾਲ ਚਿੰਬੜੇ ਦਾੜ੍ਹੀ ਦੇ ਨਿੱਕੇ-ਨਿੱਕੇ ਛੱਲੇ ਸੋਨੇ ਰੰਗੇ, ਏਸ ਰੰਗ ਦੀਆਂ ਮਹੀਨ ਮੁੱਛਾਂ, ਭਾਰਾ ਪਰ ਢਿਲਕ ਕੇ ਮੱਥੇ ਦੇ ਸੱਜੇ ਪਾਸੇ ਆਇਆ ਜੂੜਾ, ਖੁੱਲ੍ਹ ਕੇ ਗਲ 'ਚ ਪਿਆ ਪਰਨਾ। ਬੇਹੱਦ ਭੋਲਾ ਤੇ ਪਿਆਰਾ ਜਿਹਾ ਮੁੰਡਾ 'ਮੌਨ ਦੀ ਬਾਬਾ ਦਾਰਾਅ' ਬੋਲਦਾ ਮੇਰੇ ਵਲ ਵੇਖ ਰਿਹਾ ਸੀ, ਇਕਟੱਕ। ਮੈਂ ਕੰਬ ਗਿਆ ਸਾਂ। ਉਹਨੂੰ ਕਈ ਜਣਿਆਂ ਨੇ ਫੜਿਆ ਹੋਇਆ ਸੀ, ਓਵੇਂ ਜਿਵੇਂ ਮੇਰੇ ਬਾਪ ਨੂੰ ਫੜਿਆ ਹੁੰਦਾ ਸੀ ਤੇ ਓਹ 'ਤਿਤਰਲਾਟਮਾਤਾ, ਤਿਤਰਲਾਟਮਾਤਾ' ਬੋਲੀ ਜਾਂਦਾ ਹੁੰਦਾ ਸੀ।

ਜੀਅ ਆਇਆ ਸੀ ਕਿ ਏਥੋਂ ਨੱਸ ਜਾਵਾਂ ਪਰ ਮੇਰੇ ਪੈਰ ਥਾਏਂ ਗੱਡੇ ਗਏ। ਓਹਦੀਆਂ ਅੱਖਾਂ 'ਚ ਪਤਾ ਨਈਂ ਕੀ ਸੀ, ਮੈਂ ਵੀ ਉਹਦੇ ਵਲ ਵੇਖਣ ਲੱਗਾ ਇਕਟੱਕ। ਅਚਾਨਕ ਉਹਨੇ ਆਪਣੇ-ਆਪ ਨੂੰ ਛੁਡਾਇਆ ਤੇ 'ਮੌਨ ਦੀ ਬਾਬਾ ਦਾਰਾਅ' ਆਖਦਾ ਮੈਨੂੰ ਚੁੰਬੜ ਗਿਆ। ਬੀਵੀ ਡਰ ਕੇ ਡਾਕਟਰ-ਡਾਕਟਰ, ਬੀ ਜੀ-ਬੀ ਜੀ ਚਿਲਾਉਣ ਲੱਗੀ। ਮੈਂ ਏਨਾ ਘਾਬਰ ਗਿਆ ਪਤਾ ਨਾ ਲੱਗੇ ਕਿ ਕੀ ਕਰਾਂ। ਫੇਰ ਜਿਵੇਂ ਕੋਈ ਡਰਿਆ ਬੱਚਾ ਮੂਲ-ਮੰਤਰ ਜਾਂ ਹਨੂਮਾਨ ਚਾਲੀਸਾ ਪੜ੍ਹਨ ਲੱਗ ਪਵੇ, ਇਕਦਮ ਮੇਰੇ ਮੂੰਹੋਂ 'ਤਿਤਰਲਾਟਮਾਤਾ, ਤਿਤਰਲਾਟਮਾਤਾ' ਨਿਕਲਣ ਲੱਗਿਆ। ਜਿਵੇਂ ਮੇਰੇ ਅੰਦਰੋਂ ਕੋਈ ਹੋਰ ਬੋਲ ਰਿਹਾ ਹੋਵੇ।

ਪਿੱਛੋਂ ਦੱਸਦੇ ਸਨ ਕਿ ਓਹ 'ਮੌਨ ਦੀ ਬਾਬਾ ਦਾਰਾ' ਤੇ ਮੈਂ 'ਤਿਤਰਲਾਟਮਾਤਾ' ਬੋਲਦੇ ਇਕ-ਦੂਜੇ ਤੋਂ ਤੇਜ਼ ਹੋਈ ਜਾਂਦੇ। ਸਾਰੇ ਮਰੀਜ਼ ਦਹਿਲ ਗਏ ਸਨ। ਉਹਦੇ ਘਰ ਦੇ 'ਬਸ ਤਾਰਿਆ, ਬਸ ਕਰ ਤਾਰੇ' ਆਖਦੇ ਉਹਨੂੰ ਮੇਰੇ ਗਲੋਂ ਧਰੂਹ ਰਹੇ ਸਨ। ਮੇਰੀ ਬੀਵੀ ਡਾਕਟਰ ਸਾਹਬ-ਡਾਕਟਰ ਸਾਹਬ ਕਹੀ ਜਾ ਰਹੀ ਸੀ। ਮਾਂ ਮੇਰੀ ਮੇਰੇ ਸਿਰ 'ਤੇ ਹੱਥ ਫੇਰਦੀ ਉੱਚੀ-ਉੱਚੀ ਚੌਪਈ ਦਾ ਪਾਠ ਪੜ੍ਹ ਰਹੀ ਸੀ। ਡਾ. ਸਾਹਬ ਕੰਪਾਊਡਰ ਤੇ ਨਰਸਾਂ ਨੂੰ ਸਾਨੂੰ ਸੰਭਾਲਣ ਤੇ ਟੀਕੇ ਭਰਨ ਲਈ ਕਹਿ ਰਹੇ ਸਨ ਤੇ ਅਸੀਂ ਦੋਵੇਂ ਉੱਚੀ, ਹੋਰ ਉੱਚੀ ਹੋਈ ਜਾ ਰਹੇ ਸਾਂ। ਹਸਪਤਾਲ 'ਚ ਕੁਰਲਾਹਟ ਮੱਚਿਆ ਪਿਆ ਸੀ। ਅਖ਼ੀਰ ਸਾਨੂੰ ਕੂਕਦਿਆਂ-ਕੁਰਲਾਉਂਦਿਆਂ ਨੂੰ ਸਾਰਿਆਂ ਰਲ ਕੇ ਬੈੱਡਾਂ 'ਤੇ ਲਿਟਾ ਦਿੱਤਾ।

ਟੀਕੇ ਲੱਗਦਿਆਂ ਹੀ ਅਸੀਂ ਸ਼ਾਂਤ ਹੋਣ ਲੱਗੇ। ਸਰੀਰ ਹੌਲਾ-ਫੁੱਲ ਹੋ ਰਿਹਾ ਸੀ, ਚੰਗਾ-ਚੰਗਾ ਲੱਗ ਰਿਹਾ ਸੀ। ''...ਮਿਲਾ ਕੇ ਲਾਏ ਏਹ ਦੋਏ ਟੀਕੇ ਤਾਂ ਹਾਥੀ ਨੂੰ ਸਿੱਟ ਲੈਂਦੇ ਆ।'' ਕੰਪੌਂਡਰ ਨੇ ਟੀਕਿਆਂ ਦੇ ਨਾਂ ਲਏ ਸਨ। ਆਵਾਜ਼ਾਂ ਦੂਰੋਂ ਆਉਂਦੀਆਂ ਜਾਪ ਰਹੀਆਂ ਸਨ। ਬੇ-ਸੁਰਤ ਹੁੰਦੇ-ਹੁੰਦੇ ਇਕ ਓਪਰੀ ਆਵਾਜ਼ ਨੇ ਮੇਰਾ ਧਿਆਨ ਖਿੱਚਿਆ ਸੀ। ਕੋਈ ਮੇਰੀ ਮਾਂ ਨੂੰ ਕਹਿ ਰਹੀ ਸੀ, ''ਏਹ ਮੁੰਡਾ ਕੌਣ ਐ ਬੀਬੀ? ਆਹ 'ਤਿਤਰਲਾਟਮਾਤਾ' ਏਹ ਤਾਂ ਖਾਰੇ ਵਾਲਾ ਜਗੀਰ ਸਿਹੁੰ ਕਿਹਾ ਕਰਦਾ ਸੀ...।'' ਉਸ ਪਿੱਛੋਂ ਮੈਂ ਬਥੇਰਾ ਯਤਨ ਕੀਤਾ ਕਿ ਕੁਝ ਸੁਣਾਂ, ਪਰ ਚੇਤਨਾ ਜਵਾਬ ਦੇ ਗਈ ਸੀ।

ਮੈਨੂੰ ਸੁਰਤ ਆਈ ਤਾਂ ਦਿਨ ਛਿਪ ਰਿਹਾ ਸੀ। ਪਤਾ ਨਈਂ ਕਿੰਨੀ ਲੰਮੀ ਨੀਂਦ ਤੋਂ ਜਾਗਿਆ ਹੋਵਾਂ। ਬੀਵੀ ਘਰ ਜਾ ਚੁੱਕੀ ਸੀ। ਮਾਂ ਕਿੰਨੀਆਂ ਸਾਰੀਆਂ ਦਵਾਈਆਂ ਲਈ ਮੇਰੇ ਕੋਲ ਬੈਠੀ ਸੀ। ਡਾਕਟਰ ਨੇ ਹੁਣ ਬਹੁਤੀ ਗੱਲ ਮੇਰੇ ਨਾਲ ਨਾ ਕੀਤੀ। ਅਸੀਂ ਘਰ ਆ ਗਏ। ਸਰੀਰ ਟੁੱਟਿਆ ਹੋਇਆ ਪਰ ਮਨ ਸ਼ਾਂਤ ਸੀ। ਮੇਰੀ ਸੱਸ ਆਈ ਹੋਈ ਸੀ। ਉਹ ਮੈਨੂੰ ਡਰਦੀ-ਡਰਦੀ ਮਿਲੀ, ਬੜੇ ਸਤਿਕਾਰ ਜਹੇ ਨਾਲ। ਉਹਨੇ ਦੱਸਿਆ, ''ਮਨਜੀਤ ਨੂੰ ਬੁਖ਼ਾਰ ਚੜ੍ਹਿਆ ਹੋਇਐ।'' ਬੀਵੀ ਨੂੰ ਬੁਖ਼ਾਰ ਦਾ ਸੁਣ ਕੇ ਮੈਂ ਅੰਦਰ ਨੂੰ ਹੋਇਆ। ਮੇਰੇ ਵੜਦਿਆਂ ਹੀ ਬੀਵੀ ਇਕਦਮ ਉੱਠ ਖੜੀ ਹੋਈ। ਚੁੰਨੀ ਠੀਕ ਕਰਕੇ ਮੇਰੇ ਵਲ ਹੱਥ ਜੋੜੇ। ਓਦੋਂ ਹੀ ਮਾਂ ਅੰਦਰ ਆਈ ਤੇ ਮੈਨੂੰ ਕਹਿਣ ਲੱਗੀ, ''ਤੁਸੀਂ ਆ ਜਾਓ, ਓਧਰ ਆਰਾਮ ਕਰ ਲਓ।'' ਮੇਰੀ ਹੈਰਾਨੀ ਨੂੰ ਕਈ ਜਰਬਾਂ ਆਈਆਂ। ਏਹ ਹੋ ਕੀ ਰਿਹੈ? ਅਖ਼ੀਰ ਤਿੰਨਾਂ ਦੀ ਘੁਸਰ-ਮੁਸਰ 'ਚ ਮੈਨੂੰ ਸੱਸ ਦੇ ਬੋਲ ਸੁਣੇ, ''ਮੈਨੂੰ ਤਾਂ ਭੈਣ ਜੀ ਸੁਖਰਾਜ ਵਾਲੀ ਕੋਈ ਗੱਲ ਨਈਂ ਲੱਭਦੀ। ਝਾਕਣੀ ਵੀ ਭਾਈਆ ਜਗੀਰ ਸਿਹੁੰ ਵਾਲੀ। ਤੋਰ ਵੀ ਇੰਨ-ਬਿੰਨ ਓਹੀ।'' ਉਹ ਮੇਰਾ ਤੇ ਮੇਰੇ ਬਾਪ ਦਾ ਨਾਂ ਲੈ ਰਹੀ ਸੀ ਵਾਰ-ਵਾਰ। ''ਓਹ ਥੋਡੀ।'' ਮੈਂ ਮੱਥੇ 'ਤੇ ਹੱਥ ਮਾਰਿਆ ਏਹ ਤਾਂ ਏਹ ਸਮਝੀ ਬੈਠੀਆਂ ਨੇ ਬਈ ਮੇਰੇ 'ਚ ਮੇਰਾ ਬਾਪੂ ਵੜ ਗਿਐ, ਜਗੀਰ ਸਿੰਘ। ਮੇਰਾ ਉੱਚੀ-ਉੱਚੀ ਹੱਸਣ ਨੂੰ ਜੀਅ ਕੀਤਾ, ਫੇਰ ਏਹ ਸੋਚ ਕੇ ਚੁੱਪ ਕਰ ਰਿਹਾ ਕਿ ਸੱਸ ਕਹੂ, ''ਦੇਖ ਲੈ ਭੈਣ ਜੀ ਏਹੇ ਸੁਖਰਾਜ ਦਾ ਹਾਸਾ ਤਾਂ ਉੱਕਾ ਈ ਨਹੀਂ, ਏਹੇ ਤਾਂ ਭਾਈਆ ਜਗੀਰ ਸਿਹੁੰ ਹੱਸਦਾ।'' ਜੀਅ 'ਚ ਤਾਂ ਏਹ ਵੀ ਆਇਆ ਕਿ ਏਹਨੂੰ ਪੁੱਛਾਂ ਬਈ ਤੂੰ ਕਦੋਂ ਦੇਖਿਐ ਭਾਈਆ? ਓਹੋ ਬਾਪ ਮੇਰਾ, ਵਿਆਹ ਮੇਰੇ ਤੋਂ ਪਹਿਲਾਂ ਈ ਕਿਸੇ ਦੇ ਸਿਵੇ 'ਚ ਛਾਲ ਮਾਰ ਕੇ ਮੱਚ ਗਿਆ ਤੇ ਮੈਨੂੰ ਛੱਡ ਗਿਆ ਸਾਰੀ ਉਮਰ ਮੱਚਣ ਲਈ। ਪਰ ਪੁੱਛਦਾ ਕਿਸੇ ਨੂੰ ਕੁਝ ਨਹੀਂ ਮੈਂ। ਖਬਰਨੀ ਏਸੇ ਕਰਕੇ ਮੇਰਾ ਏਹ ਹਾਲ ਐ? ਪੁੱਛਿਆ ਤਾਂ ਅਗਲੇ ਦਿਨ ਵੀ ਮਾਂ ਨੂੰ ਨਹੀਂ ਕਿ ਅੱਗੇ ਵੀ ਪੰਡਤਾਂ ਦੇ ਕਹਿਣ 'ਤੇ ਬਾਪੂ ਦੀ ਗਤੀ ਕਰਾ ਚੁੱਕੇ ਆਂ, ਹੁਣ ਫੇਰ ਦੁਬਾਰਾ ਕਿਉਂ? ਇਸ ਵਾਰ ਸੱਸ ਕਿਸੇ ਮਸ਼ਹੂਰ ਪੰਡਤ ਤੋਂ ਪੁੱਛ ਕੇ ਆਈ ਸੀ।

ਨਾਲ ਬੀਵੀ ਤੇ ਸੱਸ ਵੀ ਗਈਆਂ ਸਨ, ਪਿਹੋਵੇ ਨੂੰ। ਰਾਹ 'ਚ ਮੈਂ ਸੱਸ ਨੂੰ ਪੁੱਛ ਈ ਲਿਆ ਕਿ ਤੁਸੀਂ ਮੇਰੇ ਬਾਪੂ ਨੂੰ ਦੇਖਿਆ ਸੀ। ਉਹ ਬੋਲੀ, ''ਲੈ ਹੈਅ, ਤੈਨੂੰ ਕੁੜੀ ਅਸੀਂ ਉਨ੍ਹਾਂ ਦੇ ਮੂੰਹ ਨੂੰ ਦਿੱਤੀ ਐ, ਸਾਡਾ ਘਰ ਤਾਂ ਉਨ੍ਹਾਂ ਦਾ ਦੂਆ ਸੀ...।'' ਫੇਰ ਪਤਾ ਨਹੀਂ ਕਿਉਂ ਉਹ ਮਾਂ ਦੀਆਂ ਅੱਖਾਂ 'ਚ ਦੇਖ ਕੇ ਚੁੱਪ ਹੋ ਗਈ। ਮੈਨੂੰ ਚੱਕਰ ਆਉਣ ਵਾਲਾ ਹੋ ਗਿਆ। ਚੱਕਰ ਤਾਂ ਪਾਂਡੇ ਨੇ ਵੀ ਲਿਆ ਦਿੱਤੇ ਸਨ। ਉਹਨੇ ਚੰਗੀ ਬਿੱਕ ਲਾਹੀ ਸਾਡੀ। ਐਨੇ ਬ੍ਰਾਹਮਣਾਂ ਦੇ ਭੋਜਨ ਦੇ ਐਨੇ ਪੈਸੇ, ਐਨੀਆਂ ਗਊਆਂ ਦੇ ਐਨੇ, ਐਨੇ ਪਿੱਤਰਾਂ ਦੇ ਤੇ ਪਤਾ ਨਹੀਂ ਕੀ-ਕੀ ਦੇ ਕਿੰਨੇ? ਉਂਜ ਤਾਂ ਪਹਿਲਾਂ ਹੀ ਬੁੜੀਆਂ ਨੇ ਘਰੋਂ ਤਿਆਰੀਆਂ ਕਸਰ ਨਹੀਂ ਸੀ ਰੱਖੀ। ਸੱਸ ਕਹਿੰਦੀ ਸੀ, ''ਭਾਈਆ ਜਗੀਰ ਸਿਹੁੰ ਨੂੰ ਆਹ ਪਸੰਦ ਸੀ, ਐਹੋ ਜਹੀ ਜੁੱਤੀ, ਐਦਾਂ ਦੇ ਕੱਪੜੇ, ਓਦਾਂ ਦਾ ਖਾਣ-ਪਾਣ...।'' ਸਣੇ ਸੁੱਕੇ-ਸੀਦੇ ਦੇ ਸਭ ਕੁਝ ਲਿਆ ਸੀ ਨਾਲ...।

ਪਿਹੋਵੇ ਤੋਂ ਆ ਕੇ ਮੈਂ ਵੱਧ ਅਸ਼ਾਂਤ ਹੋ ਗਿਆ ਸਾਂ। ਓਥੇ ਵੀ ਜਦੋਂ ਪੰਡਤ ਗਤੀ ਕਰ ਰਿਹਾ ਸੀ ਤਾਂ ਪਹਿਲੇ ਮੰਤਰ ਵੇਲੇ ਹੀ ਮੈਂ ਸੁਭਾਅ ਦੇ ਉਲਟ ਮੰਤਰ ਦਾ ਅਰਥ ਪੁੱਛ ਬੈਠਾ ਸਾਂ। ਪੰਡਤ ਕੌੜਾ-ਕੌੜਾ ਝਾਕਿਆ ਸੀ, ਮਾਂ ਨੇ ਚੁੱਪ ਰਹਿਣ ਲਈ ਕਿਹਾ, ਮੈਂ ਚੁੱਪ ਹੋ ਗਿਆ। ਪਰ ਮਨ 'ਚ ਸੋਚਦਾ ਰਿਹਾ ਕਿ ਮੰਤਰਾਂ ਦੇ ਅਰਥ ਸਾਨੂੰ ਕਿਉਂ ਨਹੀਂ ਦੱਸਦੇ? ਜਾਂ ਮੰਤਰ ਸਾਡੀ ਬੋਲੀ 'ਚ ਕਿਉਂ ਨਹੀਂ? ਪ੍ਰੇਸ਼ਾਨ ਏਹ ਸੋਚ ਕੇ ਵੀ ਹੋਇਆ ਕਿ ਬਾਪੂ ਨੂੰ ਤਾਂ ਮੀਟ-ਸ਼ਰਾਬ ਪਸੰਦ ਸੀ, ਫੇਰ ਓਹਦੀ ਗਤੀ ਦਾਲ ਸਬਜ਼ੀ ਜਾਂ ਖੀਰ ਨਾਲ ਕਿਵੇਂ ਹੋਜੂ? ਮਾਂ ਦੱਸਦੀ ਹੁੰਦੀ ਸੀ ਕਿ ਜੇ ਘਰ 'ਚ ਉਹਦੀ ਪਸੰਦ ਦੀ ਰੋਟੀ ਨਾ ਬਣੀ ਹੁੰਦੀ ਤਾਂ ਉਹ ਥਾਲੀ ਵਗਾਹ ਕੇ ਕੌਲੇ ਨਾਲ ਮਾਰਦਾ ਤੇ ਗਾਲ੍ਹਾਂ ਦਿੰਦਾ, ''ਮੈਂ ਡੰਗਰ ਆਂ, ਜੇਹੜਾ ਘਾਹ-ਫੂਸ ਖਾਵਾਂ...?''

ਮੈਨੂੰ ਉਹ ਬੜਾ ਈ ਸੋਹਣਾ ਜਿਹਾ ਮੁੰਡਾ ਯਾਦ ਆ ਗਿਆ, ਜਿਹੜਾ 'ਮੌਨ ਦੀ ਬਾਬਾ' ਕਹਿੰਦਾ-ਕਹਿੰਦਾ 'ਦਾਰਾ' ਕਹਿ ਕੇ ਮੈਨੂੰ ਚਿੰਬੜਿਆ ਸੀ। ਦਿਲ ਨੂੰ ਕੰਬਾ ਦੇਣ ਵਾਲੀ

ਓਹਦੀ ਚੀਕ ਦੇ ਨਾਲ ਹੀ ਉਹ ਆਵਾਜ਼ ਯਾਦ ਆਈ, ਜੀਹਨੇ ਕਿਹਾ ਸੀ ਕਿ ਏਹ ਤਾਂ ਖਾਰੇ ਵਾਲਾ ਜਗੀਰ ਸਿਹੁੰ ਕਹਿੰਦਾ ਹੁੰਦਾ ਸੀ। ਮਾਂ ਨੂੰ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਹ ਓਸ ਮੁੰਡੇ ਤਾਰੇ ਦਾ ਬਾਬਾ ਸੀ। ਮੈਂ ਹਸਪਤਾਲੋਂ ਤਾਰੇ ਦੇ ਪਿੰਡ ਦਾ ਪਤਾ ਲੈ ਕੇ ਮੋਟਰ ਸਾਈਕਲ ਨਹਿਰ ਦੀ ਪਟੜੀ ਪਾ ਲਿਆ। ਅੱਧ ਅਕਤੂਬਰ ਦੇ ਦਿਨ ਸਨ, ਨਹਿਰ ਭਰ ਕੇ ਵਗ ਰਹੀ ਸੀ। ਕਿਨਾਰਿਆਂ ਦੇ ਰੁੱਖ ਜਿਵੇਂ ਪਾਣੀ ਨਾਲ ਗੱਲਾਂ ਕਰਦੇ ਹੋਣ, ਚੰਗਾ ਲੱਗਿਆ। ਰੁੜੇ ਜਾਂਦੇ ਨਾਰੀਅਲ ਨੂੰ ਵੇਖ ਮੁਸਕਰਾ ਪਿਆ ਸਾਂ। ਨਹਿਰੋਂ ਮੀਲ ਕੁ ਦੀ ਵਿੱਥ ਤੇ ਤਾਰੇ ਹੁਰਾਂ ਦਾ ਪਿੰਡ ਐ। ਤਾਰਾ ਸੱਚੀਓਂ ਬਹੁਤ ਸੋਹਣੈ, ਭੋਲਾ ਚਿਹਰਾ, ਅੱਖਾਂ 'ਚ ਤਰਲਾ ਜਿਹਾ, ਪਤਾ ਨਈਂ ਕਾਹਦੇ ਲਈ। ਉਹਦੇ ਚਿਹਰੇ 'ਚ ਕੁਝ ਹੈ ਜਿਹੜਾ ਮੈਨੂੰ ਬੇਚੈਨ ਕਰ ਜਾਂਦੈ। ਜਦੋਂ ਮੈਂ ਉਨ੍ਹਾਂ ਦੇ ਘਰ ਪਹੁੰਚਿਆ, ਤਾਰਾ ਸੁੱਤਾ ਪਿਆ ਸੀ। ਪਿੰਡ ਦਾ ਡਾਕਟਰ ਟੀਕਾ ਲਾ ਕੇ ਗਿਆ ਸੀ। ਡਾ. ਗੁਜਰਾਲ ਦੇ ਦੱਸੇ ਟੀਕੇ ਹੁਣ ਉਹ ਘਰੇ ਈ ਲਾ ਰਹੇ ਸਨ। ਗੱਲਾਂ-ਬਾਤਾਂ 'ਚੋਂ ਪਤਾ ਲੱਗਿਆ ਕਿ ਬਹੁਤਾ ਫ਼ਰਕ ਨਹੀਂ ਪਿਆ, ਹੁਣ ਉਹ ਤਾਰੇ ਨੂੰ ਕਿਸੇ ਪਾਗਲਖਾਨੇ ਛੱਡਣ ਬਾਰੇ ਸੋਚ ਰਹੇ ਸਨ। ਏਥੇ ਵੀ ਮੈਨੂੰ ਪਤਾ ਲੱਗਾ ਕਿ ਮਾਂ-ਪਿਉ ਦੇ ਕਰਜ਼ੇ ਬੱਚਿਆਂ ਨੂੰ ਲਾਹੁਣੇ ਪੈਂਦੇ ਨੇ। ਮੇਰੀ ਕੁੰਡਲੀ ਵੇਖ ਕੇ ਜੋਤਸ਼ੀ ਨੇ ਕਿਹਾ ਸੀ ਕਿ ਏਹਦੇ ਉਤੇ ਪਿਤਰੀ-ਰਿਣ ਐ, ਏਹਦੇ ਪੁਰਖਿਆਂ ਨੇ ਕੋਈ ਪਾਪ ਕੀਤੈ, ਜੀਹਦਾ ਫਲ ਏਹ ਭੁਗਤ ਰਿਹੈ। ਓਦੋਂ ਮੈਂ ਮਨ ਹੀ ਮਨ ਹੱਸਿਆ ਸਾਂ ਪਰ ਏਥੇ ਆ ਕੇ ਗੰਭੀਰ ਹੋ ਗਿਆ। ਸੱਚ ਹੀ ਮਾਪਿਆਂ ਦਾ ਕੀਤਾ ਬੱਚਿਆਂ ਨੂੰ ਭੁਗਤਣਾ ਪੈਂਦੈ। ਜਦੋਂ ਵਾਪਸ ਮੁੜਿਆ ਤਾਂ 'ਡਿਸਟਰਬ' ਸਾਂ, ਬੇਹੱਦ ਦੁਖੀ। ਹੁਣ ਨਾ ਪਾਣੀ ਚੰਗਾ ਲਗਦਾ ਸੀ, ਨਾ ਦਰਖ਼ਤ। ਰਹਿ-ਰਹਿ ਕੇ ਤਾਰੇ ਤੇ ਦਾਰੇ ਦਾ ਖ਼ਿਆਲ ਆਉਂਦਾ। ਤਾਰਾ ਏਸ ਘਰ ਦਾ ਦੋਹਤੈ। ਛੋਟੇ ਹੁੰਦੇ ਦਾ ਪਿਓ ਮਰ ਗਿਆ ਸੀ। ਮਗਰੋਂ ਮਾਂ ਦੀ ਓਥੇ ਨਿਭੀ ਨਾ, ਓਹ ਨਿੱਕੇ ਜਿਹੇ ਤਾਰੇ ਨੂੰ ਲੈ ਕੇ ਪੇਕੀਂ ਆ ਬੈਠੀ। ਓਧਰ ਏਹਨਾਂ ਦੇ ਨਾਹਰੇ ਦੀ ਕੁੜੀ ਮੁੰਡੇ ਦੇ ਜਣੇਪੇ ਵੇਲੇ ਮਰ ਗਈ, ਪ੍ਰਾਹੁਣਾ ਪਹਿਲਾਂ ਈ ਕਲਕੱਤੇ ਵਲ ਟਰੱਕਾਂ 'ਤੇ ਗਿਆ ਘੱਟ-ਵੱਧ ਈ ਮੁੜਦਾ ਸੀ। ਹੁਣ ਉਹਦੀ ਉੱਕਾ ਆਸ ਨਹੀਂ ਸੀ ਰਹੀ, ਨਾਹਰਾ ਦੋਹਤੇ ਨੂੰ ਆਵਦੇ ਕੋਲ ਲੈ ਆਇਆ। ਉਹਦਾ ਨਾਂ ਦਾਰਾ ਰੱਖਿਆ। ਤਾਰਾ ਤੇ ਦਾਰਾ, ਦੋਹੇਂ ਹਾਣੀ, 'ਕੱਠੇ ਖੇਡ ਕੇ ਵੱਡੇ ਹੋਏ। 'ਕੱਠੇ ਸਕੂਲ ਜਾਣ ਲੱਗੇ, 'ਕੱਠੇ ਪੰਜਵੀਂ ਕਰਕੇ ਹਟੇ। ਤਾਰੇ ਦੀ ਬੀਬੀ ਫ਼ਰਕ ਨਾ ਕਰਦੀ, ਦਾਰੇ ਨੂੰ ਤਾਰੇ ਵਰਗਾ ਸਮਝਦੀ। ਬਾਬੇ ਤੋਂ ਜ਼ਰੂਰ ਓਹਲਾ ਰੱਖਣਾ ਪੈਂਦਾ, ਉਹ ਜਦੋਂ ਦਾ...ਵਾਲੇ ਸੰਤਾਂ ਦੇ ਲੜ ਲੱਗਿਆ ਸੀ, ਕੱਟੜ ਹੋ ਗਿਆ ਸੀ। ਉਂਜ ਜਵਾਨੀ ਪਹਿਰੇ ਤਾਂ ਉਸਨੇ ਵੀ ਬਥੇਰੇ ਚੰਦ ਚੜ੍ਹਾਏ ਸਨ। ਕੋਤਰ-ਕੋਤਰ ਸੌ ਚਿੜਾ ਪਾ ਕੇ ਦਾਰੂ ਕੱਢਦਾ। 'ਲਾਕੇ ਦੇ ਸਾਰੇ ਵੈਲੀ ਓਹਦੇ ਖੂਹ 'ਤੇ ਕੱਠੇ ਹੁੰਦੇ। ਓਹਦਾ ਜਾਣੀ 'ਕਰਮੇ ਦਾ ਖੂਹ' ਦੂਰ-ਦੂਰ ਤਕ ਮਸ਼ਹੂਰ ਸੀ। ਵੈਲੀ ਆਂਹਦੇ ਕਿ ਓਥੋਂ ਚਿੜੀਆਂ ਦਾ ਦੁੱਧ ਵੀ ਮਿਲ ਜਾਂਦੈ।

ਮੇਰਾ ਬਾਪੂ ਵੀ ਏਹਨਾਂ ਦਾ ਪੱਕੀ ਜੋਟੀਦਾਰ ਸੀ। ਅੱਜ ਦੱਸਿਐ ਬਾਬੇ ਕਰਮ ਸਿਹੁੰ ਨੇ ਕਿ ਉਨ੍ਹਾਂ ਦੀ, ਕਰਮੇ ਤੇ ਜਗੀਰੇ ਦੀ ਜੋੜੀ ਦੀਆਂ ਮੁੰਡਿਆਂ ਨੇ ਬੋਲੀਆਂ ਜੋੜੀਆਂ ਹੋਈਆਂ ਸਨ। ਉਹ 'ਕੱਠੇ ਸ਼ਿਕਾਰ ਖੇਡਦੇ, ਤਿੱਤਰ-ਬਟੇਰੇ ਭੁੰਨਦੇ, ਪਹਿਲੇ ਤੋੜ ਦੀ ਕੱਢਦੇ, ਪੀਂਦੇ, 'ਕੱਠੇ ਮਾਰਾਂ ਮਾਰਦੇ। ਫੇਰ ਜਦੋਂ ਬੀਕਾਨੇਰ ਵੰਨੀਓਂ ਫੀਮ ਲੈਣ ਗਿਆ ਮੇਰਾ ਬਾਪੂ ਰਾਜਪੂਤਣੀ ਕੱਢ ਲਿਆਇਆ ਸੀ ਤਾਂ ਏਨ੍ਹਾਂ ਦਾ 'ਕੱਠ ਨਹੀਂ ਸੀ ਰਿਹਾ। ਓਸ ਉੱਚੀ-ਲੰਮੀ, ਸੋਹਣੀ-ਸੁਨੱਖੀ, ਨਰੋਈ ਕਾਠੀ ਵਾਲੀ ਤੀਮੀਂ ਦਾ ਜ਼ਿਕਰ ਕਰਦਿਆਂ ਅੱਜ ਵੀ ਬਾਬੇ ਕਰਮ ਸਿਹੁੰ ਦੇ ਮੂੰਹੋਂ ਹਉਕਾ ਨਿਕਲ ਗਿਆ ਸੀ ਮੱਲੋ-ਮੱਲੀ। ਅੱਗੇ ਉਹ ਹਰੇਕ ਮਾਰ ਦਾ ਮਾਲ ਵੰਡ ਕੇ ਛਕਦੇ ਪਰ ਰਾਜਪੂਤਣੀ ਨੂੰ ਲੈ ਕੇ ਜਗੀਰ ਸਿਹੁੰ ਅੜ ਗਿਆ, ਅਖੇ "ਏਹ ਸਿਰਫ਼ ਮੇਰੀ ਐ, ਮੈਂ ਏਹਨੂੰ ਸੱਚੇ ਦਿਲੋਂ ਚਾਹੁੰਨਾ, ਏਹ ਵੀ ਮੇਰੇ ਪਿਆਰ ਕਰਕੇ ਆਈ ਐ ਸਭ ਕੁਝ ਛੱਡ ਕੇ। ਐਵੇਂ ਕਿਵੇਂ ਨਈਂ ਰਜਵਾੜਾ ਖਾਨਦਾਨ ਦੀ ਐ।" ਉਹ ਵੀ ਕਿਸੇ ਨੂੰ ਨੇੜੇ ਨਹੀਂ ਸੀ ਆਉਣ ਦਿੰਦੀ, ਖ਼ੰਜਰ ਰੱਖਦੀ ਸੀ ਕੋਲ।

"ਮੇਰਾ ਤਾਂ ਇਕ ਦਿਨ ਕਾਲਜਾ ਈ ਪਾੜ ਦੇਣ ਲੱਗੀ ਸੀ।" ਦੱਸਦਾ ਬਾਬਾ ਕਰਮ ਸਿੰਘ ਝੇਂਪ ਜਿਹਾ ਗਿਆ ਸੀ। ਉਹਨੇ ਦੱਸਿਆ ਕਿ ਉਹ ਰੋਈ ਬਹੁਤ, ਜਦੋਂ ਉਹਨੂੰ ਪਤਾ ਲੱਗਾ ਬਈ ਜਗੀਰ ਸਿੰਘ ਵੈਲੀ ਐ, ਵਿਆਹਿਐ ਤੇ ਮੁੰਡਾ ਵੀ ਐ। ਕਹਿੰਦੀ, "ਮੈਂ ਤਾਂ ਏਹਦੀਆਂ ਮਿੱਠੀਆਂ ਗੱਲਾਂ 'ਤੇ ਮਰ ਮਿਟੀ, ਊਂ ਸ਼ੇਰਾ ਜਗੀਰ ਸਿਹੁੰ ਜਿੰਨਾ ਮਿੱਠਾ ਕੀਹਨੇ ਹੋਣੈ।" ਬਾਬਾ, ਬਾਪੂ ਦੀਆਂ ਸਿਫ਼ਤਾਂ ਕਰਨ ਲੱਗਾ, "ਜੁਆਨ ਵੀ ਬੜਾ ਸੀ ਤੇ ਸੋਹਣਾ ਵੀ, ਵੈਲੀਆਂ ਵਾਲੇ ਸਾਰੇ ਗੁਣ, ਹੋਰ ਕਿਤੇ ਤੀਮੀਆਂ ਉਧਾਲਣਾ ਤੇ ਵੇਚਣਾ ਜਣੇ-ਖਣੇ ਦੇ ਵੱਸ ਐ।" ਪਰ ਉਸ ਰਾਜਪੂਤ ਤੀਮੀਂ ਨੂੰ ਲਿਆ ਕੇ ਉਹ ਫਸ ਗਿਆ ਸੀ। ਜਿਵੇਂ ਪਹਿਲਾਂ ਕਰਿਆ ਕਰਦੇ ਸਨ, ਉਹਨੂੰ 'ਗਾਂਹ ਵੇਚਣ ਦੀ ਗੱਲ ਤੋਂ ਈ ਓਹ ਗਲ ਪੈ ਜਾਂਦਾ। ਅਖ਼ੀਰ ਪੂਜਾ ਕਰਦੀ ਨੂੰ ਵੇਖ ਉਹਨੇ ਸਕੀਮ ਬਣਾਈ। ਉਹਨੂੰ ਆਪਣੇ ਪਿੰਡ ਦੇ ਸੁੰਨੇ ਪਏ ਪ੍ਰਾਚੀਨ ਮੰਦਰ 'ਚ ਬਿਠਾਉਣ ਦੀ। ਤੜਕੇ ਤਿੰਨ ਵਜੇ ਉਹਨੂੰ ਮੰਦਰ 'ਚ ਛੱਡਣ ਤੋਂ ਪਹਿਲਾਂ ਰਾਤ ਉਨ੍ਹਾਂ ਸਾਰਿਆਂ ਰਲ ਕੇ ਭੂਤਾਂ ਵਾਂਗੂੰ ਮੰਦਰ ਦੀ ਸਫ਼ਾਈ ਕਰ ਦਿੱਤੀ। ਪਹਿਲੀ ਵਾਰ ਉਨ੍ਹਾਂ ਨੇ ਉਹਨੂੰ ਖੁਸ਼ ਵੇਖਿਆ। ਉਹ ਮੂਰਤੀਆਂ ਨੂੰ ਚੁੰਨੀ ਨਾਲ ਸਾਫ ਕਰਦੀ ਮਾਫ਼ੀਆਂ ਮੰਗ ਰਹੀ ਸੀ। ਉਨ੍ਹਾਂ ਨੇ ਓਥੋਂ ਜਾਣ ਲਈ ਕਿਹਾ ਕਿ ਉਹ ਮੁੜ ਮੰਦਰ 'ਚ ਕਦੇ ਨਾ ਆਉਣ। ਫੇਰ ਉਹਨੇ ਜਗੀਰ ਸਿਹੁੰ ਨੂੰ ਜਿਵੇਂ ਆਖ਼ਰੀ ਬੇਨਤੀ ਕੀਤੀ ਕਿ ਉਹ ਉਹਨੂੰ ਗੰਗਾ ਜਲ ਲਿਆ ਕੇ ਦੇਵੇ। ਸਾਥੀਆਂ ਬਥੇਰਾ ਕਿਹਾ ਕਿ ਨਹਿਰ 'ਚੋਂ ਭਰ ਕੇ ਦੇ ਦਿੰਨੇ ਆਂ, ਕੀ ਪਤਾ ਲੱਗਣੈ ਪਰ ਜਗੀਰ ਸਿਹੁੰ ਨਾ ਮੰਨਿਆ। ਓਹ ਹਰਦੁਆਰ ਨੂੰ ਚੜ੍ਹ ਗਿਆ ਤੇ ਤੀਜੀ ਰਾਤ ਉਹ ਕਿੰਨਾ ਸਾਰਾ ਗੰਗਾ ਜਲ ਲੈ ਕੇ ਮੰਦਰ ਜਾ ਪਹੁੰਚਿਆ ਪਰ ਉਹਨੇ ਗੰਗਾ ਜਲ ਅੰਦਰ ਰਖ ਕੇ ਕਿਵਾੜ ਬੰਦ ਕਰ ਲਏ। ਜਗੀਰ ਸਿਹੁੰ ਨੂੰ ਮੰਦਰ 'ਚ ਪੈਰ ਨਾ ਪਾਉਣ ਦਿੱਤਾ। ਜਗੀਰ ਸਿਹੁੰ ਨੇ ਬਥੇਰੀਆਂ ਲੇਲੜੀਆਂ ਕੱਢੀਆਂ ਬਈ ਓਹ ਮਾਸ-ਸ਼ਰਾਬ ਛੱਡ ਦੂ, ਸਾਰੇ ਬੁਰੇ ਕੰਮ ਤਿਆਗ ਦੂ ਬੰਦਾ ਬਣ ਜੂ...। ਪਰ ਉਹ ਨਾ ਮੰਨੀ। ਉਹ ਕਮਲਾ ਹੋ ਗਿਆ, ਗੁੱਸੇ 'ਚ ਅਵਾ-ਤਵਾ ਬੋਲਦਾ, ਕਦੇ ਕਹਿਆ ਕਰੇ, "ਮੈਂ ਸਾਧ ਹੋ ਜਾਣੈ" ਕਦੇ ਕਹੇ, "ਓਹਨੂੰ ਵੱਢ ਦੇਣੈ ਵੱਡੀ ਮਾਤਾ ਬਣੀ ਫਿਰਦੀ ਐ।" ਉਨ੍ਹੀਂ ਦਿਨੀਂ ਸਾਡੇ ਖੂਹ 'ਤੇ ਇਕ ਨਾਥ ਆਇਆ ਕਰਦਾ ਸੀ, ਚਿਲਮ ਵਾਲਾ। ਉਹ ਗ਼ਜ਼ਬ ਦਾ ਸੁਲਫਾ ਤਿਆਰ ਕਰਦਾ। ਪਹਿਲਾਂ ਉਹ ਸਾਨੂੰ ਸੁਲਫਾ ਪੀਣ ਤੋਂ ਰੋਕਦਾ ਰਿਹਾ, ਕਹਿੰਦਾ ਹੁੰਦਾ ਸੀ, "ਏਹ ਸ਼ਿਵਜੀ ਦਾ ਪ੍ਰਸਾਦ ਐ ਅਸੀਂ ਨਾਥ ਯੋਗੀ ਤਾਂ ਮਾਇਆ ਤੋਂ ਪਰ੍ਹੇ, ਖਾਸ ਕਰ ਔਰਤਾਂ ਤੋਂ ਦੂਰ ਰਹਿਣ ਲਈ ਸੇਵਨ ਕਰਦੇ ਆਂ ਥੋਨੂੰ ਗ੍ਰਹਿਸਥੀਆਂ ਨੂੰ ਤਾਂ ਚੌਧਵਾਂ ਰਤਨ ਈ ਠੀਕ ਐ।" ਹੁਣ ਜਗੀਰ ਸਿਹੁੰ ਜ਼ਿਦ ਕਰਨ ਲੱਗਾ। ਨਾਥ ਨੇ ਕਹਿਣਾ, "ਸੁਲਫਾ ਤੀਮੀਂ ਜੋਗਾ ਨਹੀਂ ਛੱਡਦਾ।" ਜਗੀਰ ਸਿਹੁੰ ਨੇ ਹਉਕਾ ਭਰਨਾ, "ਹੁਣ ਤੀਮੀਆਂ ਜੋਗੇ ਰਹੇਓ ਕਿਥੇ ਆਂ, ਜੀਹਦੇ 'ਤੇ ਪਹਿਲੀ ਵਾਰੀ ਮਨ ਆਇਆ ਓਹ ਦੇਵੀ ਬਣਗੀ...।"

ਸੱਚਮੁੱਚ ਮੰਦਰ ਵਾਲੇ ਮਾਤਾ ਜੀ ਦੀ ਆਲੇ-ਦੁਆਲੇ 'ਚ ਪੂਰੀ ਜੈ-ਜੈਕਾਰ ਸੀ, ਦਿਨ-ਰਾਤ ਸ਼ਰਧਾਲੂਆਂ ਦਾ ਆਉਣ-ਜਾਣ ਲੱਗਾ ਰਹਿੰਦਾ। ਅਸੀਂ ਜਗੀਰ ਸਿਹੁੰ ਨੂੰ ਕਹਿੰਦੇ ਚੱਲ ਚੱਕ ਲਿਆਉਨੇ ਆਂ ਰਾਤ-ਬਰਾਤੇ, ਪਰ ਉਹ ਮੰਨਦਾ ਨਾ ਸੁਲਫ਼ਾ ਪੀਣ ਦੀ ਜ਼ਿਦ ਕਰਦਾ, ਫੇਰ ਜੀਹਨੇ-ਜੀਹਨੇ ਸੂਟਾ ਲਾਉਣਾ ਹੁੰਦਾ, ਨਾਥ ਉਨ੍ਹਾਂ ਨੂੰ ਗੋਲ ਧਾਰੇ 'ਚ ਬਿਠਾਉਂਦਾ। ਓਮ ਨਮ:ਸਿਵਾਏ ਦਾ ਜਾਪ ਕਰਨ ਲਈ ਕਹਿੰਦਾ, ਚਿਲਮ ਫੜਨ ਦਾ, ਮੂੰਹ ਲਾਉਣ ਦਾ ਤੇ ਸੂਟਾ ਖਿੱਚਣ ਦਾ ਵੱਲ ਦੱਸਦਾ। ਕਈਆਂ ਨੂੰ ਹੁੱਥੂ ਛਿੜ ਪੈਂਦਾ, ਕਈਆਂ ਤੋਂ ਸੂਟਾ ਖਿੱਚ ਨਾ ਹੁੰਦਾ, ਜਾਬਤਾ ਪੂਰਾ ਕਰਦੇ ਬੱਸ।

ਬਾਬਾ ਦੱਸ ਰਿਹਾ ਸੀ, "ਪਰ ਜਗੀਰ ਸਿਹੁੰ! ਸਦਕੇ ਜਾਈਏ ਓਸ ਦੇ, ਓਸ ਜਿਹੜਾ ਕੰਮ ਵੀ ਕੀਤਾ ਰੂਹ ਨਾਲ ਕੀਤਾ। ਸੁਲਫੇ ਦੀ ਲਾਟ ਮੱਲ ਜਿੰਨੀ ਉੱਚੀ ਉੱਚੀ ਬਾਹਰ ਦਿਸਦੀ ਐ, ਓਨੀ ਪਹਿਲਾਂ ਅੰਦਰ ਖਿੱਚਣੀ ਪੈਂਦੀ ਐ, ਨਿਰੀ ਅੱਗ।" ਬਾਬੇ ਨੂੰ ਧੁੜਧੁੜੀ ਆ ਗਈ, "ਕਾਲਜਾ ਮਚਾ ਦੇਂਦੀ ਐ, ਜਿਵੇਂ-ਜਿਵੇਂ ਅੰਦਰ ਉਤਰਦੀ ਐ ਅੰਗਾਰ ਬਣਾਉਂਦੀ ਜਾਂਦੀ ਐ, ਫੇਰ ਜਿਉਂ-ਜਿਉਂ ਬਾਹਰ ਆਉਂਦੀ ਐ ਸਵਾਹ ਕਰਦੀ ਤੁਰਦੀ ਆਉਂਦੀ ਐ...।" ਬਾਬੇ ਨੇ ਹਉਕਾ ਭਰਿਆ ਸੀ, "ਜਗੀਰ ਸਿਹੁੰ ਦਾ ਅੰਦਰ ਫੂਕਿਆ ਗਿਆ ਸੀ।"

ਓਦਣ ਜਗੀਰ ਸਿਹੁੰ ਦਿਨੇ ਈ ਮੰਦਰ ਚਲਾ ਗਿਆ ਸੀ, ਪਰ ਮਾਤਾ ਜੀ ਨੇ ਦਰਸ਼ਨ ਦੇਣੋਂ ਮਨਾ ਕਰ 'ਤਾ, ਦੁੱਕੀ-ਦੁੱਕੀ ਦੇ ਸ਼ਰਧਾਲੂਆਂ ਨੇ ਦੁਰ-ਦੁਰ ਕੀਤੀ ਸੀ ਤੇ ਉਹਨੂੰ ਕੁੱਤੇ ਵਾਂਗੂੰ ਬਾਹਰ ਕੱਢ ਦਿੱਤਾ ਸੀ। ਓਦਣ ਹੀ ਓਹ ਪਤਾ ਨਈਂ ਕਿੰਨੇ ਚਿਰ ਪਿੱਛੋਂ ਆਪਣੇ ਘਰ ਗਿਆ ਸੀ ਪਰ ਦਾਦੇ ਮੇਰੇ ਨੇ ਅੰਦਰ ਨਹੀਂ ਸੀ ਵੜਨ ਦਿੱਤਾ। ਮਾਂ ਮੇਰੀ ਖੜ੍ਹੀ ਦੇਖਦੀ ਰਹੀ ਸੀ ਜਿਵੇਂ ਉਹਨੂੰ ਜਾਣਦੀ ਨਾ ਹੋਵੇ। ਉਹ ਮੁੜ ਖੂਹ 'ਤੇ ਆ ਗਿਆ ਸੀ, ਕਰਮੇ ਹੋਰੀਂ ਤਿੱਤਰ ਫੜ ਕੇ ਹਟੇ ਸਨ, ਜਾਲ ਲਾ ਕੇ। ਦਾਰੂ ਨਿਕਲ ਰਹੀ ਸੀ। ਉਹ ਉੱਕਾ ਈ ਚੁੱਪ ਸੀ। ਰੋਕਦਿਆਂ-ਰੋਕਦਿਆਂ ਵੀ ਉਹਨੇ ਤੱਤੀ ਤੱਤੀ ਦਾਰੂ ਅੰਦਰ ਸੁੱਟ ਲਈ ਸੀ। ਫੇਰ ਅਜੀਬ ਜ਼ਿਦ ਫੜ ਬੈਠਾ, ਜਿਉਂਦੇ ਤਿੱਤਰ ਤਾਂ ਉਹ ਅੱਗੇ ਵੀ ਵਿਚ ਦੀ ਸੀਖ ਲੰਘਾ ਕੇ ਅੱਗ 'ਤੇ ਭੁੰਨ ਲੈਂਦੇ ਸਨ ਪਰ ਓਦਣ ਉਹ ਆਖੇ ਕਿ ਤਿੱਤਰ ਸੁਲਫ਼ੇ ਦੀ ਲਾਟ 'ਤੇ ਭੁੰਨਣੈ, ਜਿਊਂਦਾ ਈ। ਸੁਲਫ਼ੇ ਦੀ ਲਾਟ ਤਾਂ ਭਬੂਕਾ ਜਿਹਾ ਈ ਹੁੰਦੈ ਪਰ ਉਹ ਆਖੇ, "ਮੈਂ ਟਿਕਾਊਂ ਲਾਟ।" ਸਾਹ ਰੋਕ-ਰੋਕ, ਬੰਨ-ਬੰਨ ਓਹ ਲਾਟ ਟਕਾਉਂਦਾ ਰਿਹਾ ਤੇ ਕਰਮਾ ਖੰਭਾਂ ਤੋਂ ਫੜ ਕੇ ਤਿੱਤਰ ਲਾਟ 'ਤੇ ਕਰਦਾ ਰਿਹਾ, ਫੇਰ ਪਤਾ ਨਈਂ ਤਿੱਤਰ 'ਚ ਐਨਾ ਜ਼ੋਰ ਕਿਥੋਂ ਆਇਆ ਕਿ ਕਰਮੇ ਦੇ ਹੱਥਾਂ 'ਚੋਂ ਛੁੱਟ ਕੇ ਉਹ ਜਗੀਰ ਸਿਹੁੰ ਦੇ ਮੱਥੇ 'ਤੇ ਸਿੱਧਾ ਐਨੇ ਜ਼ੋਰ ਦੀ ਵੱਜਾ ਕਿ ਉਹਨੂੰ ਗਸ਼ੀ ਪੈ ਗਈ। ਉਹ ਉਹਨੂੰ ਸੰਭਾਲਣ ਲੱਗੇ, ਥੋੜ੍ਹੇ ਚਿਰ ਪਿੱਛੋਂ ਉਹ ਉੱਠ ਤਾਂ ਬੈਠਾ ਪਰ ਹੋਸ਼ 'ਚ ਨਾ ਆਇਆ।

"ਦੂਏ ਦਿਨ ਘਰ ਤੋਂ ਕਿੱਲੇ ਦੀ ਵਿੱਥ 'ਤੇ ਮੈਨੂੰ ਓਹ ਤਿੱਤਰ ਤਾਂ ਮਿਲ ਗਿਆ ਅੱਧ-ਸੜਿਆ, ਮਰਿਆ ਹੋਇਆ ਪਰ ਮੁੜ ਮੈਨੂੰ ਓਹ ਜਗੀਰ ਸਿਹੁੰ ਨਾ ਮਿਲਿਆ। ਬਸ ਓਸ ਦਿਨ ਪਿੱਛੋਂ ਖੂਹ ਉੱਜੜ ਗਿਆ।" ਬਾਬਾ ਕਰਮ ਸਿੰਘ ਹਉਕਾ ਭਰ ਕੇ ਚੁੱਪ ਕਰ ਗਿਆ ਸੀ। ਅਗਲੀ ਗੱਲ ਮੈਂ ਓਹਦੇ ਘਰੋਂ ਤੇ ਪਿੰਡੋਂ ਸੁਣੀ।

ਕਰਮੇ ਦੇ ਮਨ 'ਤੇ ਅਜਿਹਾ ਅਸਰ ਹੋਇਆ, ਓਹ...ਵਾਲੇ ਸੰਤਾਂ ਦੇ ਚਰਨੀਂ ਜਾ ਲੱਗਾ। ਉਨ੍ਹਾਂ ਦਾ ਅੰਮ੍ਰਿਤ ਛਕ ਲਿਆ ਤੇ ਸੰਤਾਂ ਦਾ ਕੋਈ ਬਚਨ ਵੀ ਭੁੰਜੇ ਨਾ ਡਿੱਗਣ ਦਿੰਦਾ। ਦੋਵੇਂ ਮੁੰਡਿਆਂ, ਨੂੰਹਾਂ, ਦੋਹਤੇ ਤਾਰੇ ਤੇ ਪੋਤੀਆਂ ਨੂੰ ਖਿੱਚ ਕੇ ਰੱਖਦਾ ਕਿ ਉਹ ਸੰਤਾਂ ਦੇ ਹੁਕਮ 'ਚ ਚੱਲਣ ਸਦਾ। ਹੁਣ ਘਰ 'ਚ ਮੀਟ-ਸ਼ਰਾਬ ਤਾਂ ਕੀ ਚਾਹ ਵੀ ਨਹੀਂ ਸੀ ਬਣਦੀ। ਵਾਹ ਲਗਦੀ ਟੱਬਰ ਚਿੱਟੇ ਵਸਤਰ ਪਹਿਨਦਾ, ਬਾਬਾ ਕਰਮ ਸਿੰਘ ਤਾਂ ਪੱਗ ਵੀ ਗੋਲ ਬੰਨ੍ਹਦਾ, ਸੰਤਾਂ ਵਰਗੀ। ਲੋਕ ਆਂਹਦੇ, "ਕਰਮ ਸਿੰਘ ਜਿੰਨੇ ਜ਼ੋਰ-ਸ਼ੋਰ ਨਾਲ ਵੈਲਪੁਣਾ ਕਰਦਾ ਸੀ ਓਸੇ ਤਰ੍ਹਾਂ ਰੱਬ ਦੇ ਪਿੱਛੇ ਪੈ ਗਿਐ...।" ਘਰ 'ਚ ਉਹਦਾ ਦਾਬਾ ਏਨਾ ਸੀ ਕਿ ਉਹਦੇ ਦੋਵੇਂ ਪੁੱਤਰ ਤੇ ਦੋਹਤਰਾ ਦਾਰਾ ਤਾਂ ਤਾਰੇ ਨਾਲ ਈ ਜੁਆਨ ਹੋਇਆ ਸੀ। ਦਾਰਾ ਵੀ ਕਿਸੇ ਮਾੜੀ ਸ਼ੈਅ ਵਲ ਮੂੰਹ ਨਾ ਕਰਦਾ। ਜਦੋਂ ਦਾ ਉਹਦਾ ਨਾਨਾ ਨਾਹਰਾ ਪੂਰਾ ਹੋਇਆ ਸੀ, ਉਹ ਤਾਰੇ ਕੋਲ ਹੀ ਸੌਂਦਾ।

ਤਾਰੇ ਤੇ ਦਾਰੇ ਦੀ ਯਾਰੀ ਏਨੀ ਸੰਘਣੀ ਸੀ ਕਿ ਬਹੁਤੇ ਉਨ੍ਹਾਂ ਨੂੰ ਭਰਾ ਈ ਸਮਝਦੇ, ਬੱਸ ਦਾਰੇ ਦਾ ਰੰਗ ਕੁਝ ਪੱਕਾ ਸੀ ਤੇ ਉਹ ਤਾਰੇ ਨਾਲੋਂ ਤਕੜਾ ਵੀ ਸੀ। ਵਾਢੀ ਕਰਦਿਆਂ ਉਨ੍ਹਾਂ ਦੀ ਸੱਥਰੀ 'ਕੱਠੀ ਪੈਂਦੀ। ਤਾਰਾ ਵੀ ਦਾਰੇ ਨੂੰ ਪਿੱਛੇ ਨਈਂ ਸੀ ਰੱਖਦਾ, ਹਾੜੀ-ਸਾਉਣੀ ਨਵੇਂ ਕੱਪੜੇ ਲੈਣ ਵੇਲੇ ਉਹ ਬੀਬੀ ਤੇ ਮਾਮਿਆਂ ਨੂੰ ਆਖ ਕੇ ਆਪਣੇ ਨਾਲ ਦਾ ਕੁੜਤਾ-ਪਜਾਮਾ, ਪੱਗ ਤੇ ਜੁੱਤੀ ਦਾਰੇ ਨੂੰ ਲੈ ਕੇ ਦਿੰਦਾ। ਮਸੂਮ ਬਾਲਾਂ ਦਾ ਭੋਲਾਪਣ ਸਾਰਿਆਂ ਨੂੰ ਮੋਹ ਲੈਂਦਾ। ਦੋਹਤਰੇ ਹੋਣ ਕਰਕੇ ਸਾਰਾ ਪਿੰਡ ਪਿਆਰ ਕਰਦਾ। ਕਿਸੇ ਘਰੋਂ ਦੁੱਧ ਪੀਂਦੇ, ਘਿਉ-ਸ਼ੱਕਰ ਖਾਂਦੇ ਜਾਂ ਦਹੀਂ-ਮੱਖਣ, ਏਨ੍ਹਾਂ ਨੂੰ ਜਵਾਬ ਨਈਂ ਸੀ। ਨਿੱਕੇ-ਨਿੱਕੇ ਕੰਮਾਂ ਲਈ ਏਹਨਾਂ ਨੂੰ ਆਵਾਜ਼ਾਂ ਪੈਂਦੀਆਂ ਰਹਿੰਦੀਆਂ, "ਵੇ ਤਾਰਿਆ, ਆਹ ਪੀਹਣ ਈ ਛੱਡ ਆ ਵੇ ਚੱਕੀ 'ਤੇ।" "ਆਹ ਬੱਠਲ ਚੁਕਾਈਂ ਵੇ ਦਾਰਿਆ।" ਤੇ ਇਹ ਦੋਵੇਂ, "ਚੰਗਾ ਨਾਨੀ।" "ਆਇਆ ਮਾਮੀ।" "ਆਉਨਾ ਮਾਮਾ।" "ਠੀਕ ਐ ਨਾਨਾ।" ਆਖਦੇ ਭੱਜੇ ਫਿਰਦੇ। ਪਰ ਜਦੋਂ ਕਰਮ ਸਿੰਘ ਮਾਲਾ ਫੜਾ ਕੇ ਇਕ ਘੰਟਾ ਨਾਮ ਜਪਣ ਦਾ ਹੁਕਮ ਕਰਦਾ ਤਾਂ ਏਹਨਾਂ ਨੂੰ ਮੌਤ ਪੈ ਜਾਂਦੀ। ਉਹਦੀ ਘੁਰਕੀ ਤੋਂ ਡਰਦੇ ਏਹ ਔਖੇ-ਸੌਖੇ ਘੰਟਾ ਲੰਘਾ ਤਾਂ ਦਿੰਦੇ ਪਰ ਉਬਾਸੀਆਂ, ਕਦੇ ਆਕੜਾਂ, ਕਦੇ ਲੱਤਾਂ ਸਿੱਧੀਆਂ ਕਰਦਿਆਂ ਏਹਨਾਂ ਦਾ ਬੁਰਾ ਹਾਲ ਹੋ ਜਾਂਦਾ ਤਾਂ ਵੀ ਬਾਬੇ ਅੱਗੇ ਉਭਾਸਰਦੇ ਨਾ।

ਪਿੰਡ ਵਾਲਿਆਂ ਦੀ ਰੀਸੇ ਇਹ ਵੀ ਉਹਨੂੰ ਬਾਬਾ ਈ ਆਖਦੇ, ਨਾਨਾ ਨਹੀਂ। ਤਾਰੇ ਦੇ ਮਾਮੇ-ਮਾਮੀਆਂ ਨੂੰ ਤਾਂ ਘੰਟਾ ਸਵੇਰੇ, ਘੰਟਾਂ ਸ਼ਾਮੀਂ ਨਾਮ ਜਪਣ ਦਾ ਅਭਿਆਸ ਹੋ ਗਿਆ। ਪਰ ਤਾਰੇ ਤੇ ਦਾਰੇ ਨੂੰ ਇਹ ਦੋਵੇਂ ਘੰਟੇ ਵਿਹੁ ਦਿਖਾਈ ਦਿੰਦੇ। ਸੰਤਾਂ ਦਾ ਬੜਾ ਕਰੜਾ ਹੁਕਮ ਸੀ ਕਿ ਤੜਕੇ ਚਾਰ ਵਜੇ ਤੋਂ ਪੰਜ ਵਜੇ ਤੇ ਸ਼ਾਮੀਂ ਚਾਰ ਤੋਂ ਪੰਜ ਮੌਨ ਧਾਰਨੈ, ਬੋਲਣਾ ਨਹੀਂ, ਭਾਵੇਂ ਘਿਉ ਦੇ ਘੜੇ ਰੁੜ ਜਾਣ, ਬੱਸ ਅੰਦਰ ਈ ਅੰਦਰ ਸੰਤਾਂ ਦਾ ਦੱਸਿਆ ਨਾਮ ਜਪਣੈ, ਜੇਹੜਾ ਕਿਸੇ ਨੂੰ ਸੁਣੇ ਨਾ। ਲੋੜ ਪੈਣ 'ਤੇ ਇਸ਼ਾਰਿਆਂ ਨਾਲ ਕੰਮ ਚਲਾਉਣੈ। ਪਿੱਛੋਂ ਕਈ ਵਾਰੀ ਤਾਰਾ ਤੇ ਦਾਰਾ ਮਾਮੇ-ਮਾਮੀਆਂ ਨੂੰ ਓਸ ਵੇਲੇ ਦੀਆਂ ਪੁੱਠੀਆਂ-ਸਿੱਧੀਆਂ ਦੱਸ ਕੇ ਬੜਾ ਹਸਾਉਂਦੇ। ਦਾਰਾ ਏਹ ਵੀ ਆਂਹਦਾ, "ਮਾਮਾ ਆਹ ਨਾਮ ਜਪਣ ਵਾਲਾ ਘੰਟਾ ਹੁੰਦਾ ਈ ਬੜਾ ਵੱਡਾ, ਮੁੱਕਦਾ ਈ ਨਹੀਂ, ਪਾਣੀ ਦੀ ਵਾਰੀ ਵਾਲਾ ਘੰਟਾ ਐਂ ਨਿਕਲ ਜਾਂਦੈ।" ਉਹ ਚੁਟਕੀ ਵਜਾਉਂਦਾ ਤੇ ਤਾਰਾ ਹਾਮੀ ਭਰਦਾ, "ਸੱਚੀ ਗੱਲ ਐ, ਜੇ ਵਾਰੀ ਵਾਲਾ ਘੰਟਾ ਨਾਮ ਵਾਲੇ ਘੰਟੇ ਜਿੱਡਾ ਹੋਵੇ ਸਾਰੀ ਪੈਲੀ ਭਰੀ ਜਾਵੇ।" ਮਾਮੇ-ਮਾਮੀਆਂ ਹੱਸਦੇ ਤਾਂ ਦਾਰਾ ਆਖਦਾ, "ਮੈਨੂੰ ਤਾਂ ਬਾਬੇ ਕੋਲੋਂ ਮੁਆਫ਼ੀ ਦੁਆ ਦਿਓ, ਏਹ ਘੰਟਾ ਕੱਢਣਾ ਮੇਰੇ ਲਈ ਬੜਾ ਔਖੈ, ਏਹਦੇ ਬਦਲੇ ਕੰਮ ਦੇ ਭਾਵੇਂ ਚਾਰ ਘੰਟੇ ਲੁਆ ਲਵੇ।" ਕਦੇ-ਕਦੇ ਤਾਰੇ ਦੀ ਬੀਬੀ ਬੜੀ ਸੱਧਰ ਜਹੀ ਨਾਲ ਆਖਦੀ, "ਏਹਨਾਂ ਦੋਵਾਂ ਦੇ ਵਿਆਹ 'ਕੱਠੇ ਈ ਕਰਾਂਗੇ ਇਕੋ ਪਿੰਡ...।" "ਆਹੋ ਬੀਬੀ।" ਤਾਰੇ ਦੀ ਕੋਈ ਮਾਮੀ ਆਖਦੀ, "ਖਰਚਾ ਬਚੇਗਾ, ਨਾਲੇ ਇਕੋ ਜਣਾ ਦੋਵਾਂ ਨੂੰ ਲੈ ਆਇਆ ਕਰੇਗਾ।" ਛੋਟਾ ਮਾਮਾ ਤਾਰੇ ਹੋਰਾਂ ਨੂੰ ਛੇੜਦਾ, "ਫੇਰ ਤੇ ਬੀਬੀ ਗੋਹਾ ਚੁੱਕਣ ਵਾਲੀ ਵੀ ਹਟਾ ਦੇਣੀ ਆਂ।" ਉਹਨੂੰ ਸਾਰੇ ਬੀਬੀ ਆਖਦੇ, ਉਹ ਆਂਹਦੀ, "ਨਾ ਵੇ ਵੀਰਾ ਮੈਂ ਨਈਂ ਆਪਣੀਆਂ ਨੂੰਹ ਰਾਣੀਆਂ ਕੋਲੋਂ ਗੋਹਾ ਚਕਾਉਂਦੀ, ਚੌਂਕੇ 'ਚ ਰੱਖੂੰ ਆਪਣੇ ਕੋਲ।"

"ਦਾਰੇ ਦੀ ਘਰ ਦੀ ਨੂੰ ਬਾਪ ਚੌਂਕੇ ਚੜ੍ਹਨ ਦਊ?" ਵੱਡੀ ਮਾਮੀ ਆਖਦੀ ਤਾਂ ਸਾਰੇ ਛਿੱਥੇ ਜਹੇ ਪੈ ਜਾਂਦੇ ਪਰ ਬੀਬੀ ਬੋਲਦੀ, "ਮੈਂ ਆਪਣੇ ਦਾਰੇ ਪੁੱਤ ਨੂੰ ਮਜ਼੍ਹਬੀਆਂ ਵਲ ਵਿਆਉਣਾ ਈ ਨਈਂ, ਬਾਪੂ ਜੀ ਨੂੰ ਆਖਣੈ ਏਹਦੀ ਆਲੀ ਵੀ ਓਹੋ ਲਿਆਓ ਜੀਹਦੀ ਪੱਕੀ ਖਾ ਲਊ।"

"ਸਾਡੇ ਵਿਆਹਵਾਂ ਦਾ ਫ਼ਿਕਰ ਨਾ ਕਰੋ, ਪਹਿਲਾਂ ਤੇ ਅਸੀਂ ਆਪਣੀਆਂ ਭੈਣਾਂ ਨੂੰ ਟੋਰਨੈ ਘਰੋ-ਘਰੀ।" ਤਾਰਾ ਸਿਆਣਾ ਬਣਦਾ ਤਾਂ ਦਾਰਾ ਹੱਸਦਾ, "ਪਰ ਮੁੰਡੇ ਲੱਭਣ ਬਾਬੇ ਨੂੰ ਨਹੀਂ ਭੇਜਣਾ, ਐਵੇਂ ਲੱਭ ਲਊ ਨਾਮ ਜਪਣ ਵਾਲੇ।" ਕੁੜੀਆਂ ਸੰਗਦੀਆਂ ਆਸੇ-ਪਾਸੇ ਹੋ ਜਾਂਦੀਆਂ, ਟੱਬਰ ਹੱਸ ਪੈਂਦਾ।

ਇੰਜ ਹੱਸਦਿਆਂ ਖੇਡਦਿਆਂ ਦਿਨ ਲੰਘ ਰਹੇ ਸਨ ਕਿ ਇਕ ਆਥਣ ਸ਼ਹਿਰੋਂ ਬਜਾਜੀ ਵਾਲਾ ਸੇਠ ਆ ਬਹੁੜਿਆ। ਉਹ ਕਿਸੇ ਸਾਮੀ ਵਲੋਂ ਉੱਠ ਕੇ ਆਇਆ ਸੀ, ਉੱਥੋਂ ਲਾਏ ਚਾਰ ਕੁ ਪੈਗਾਂ ਕਰਕੇ ਹਵਾ-ਪਿਆਜ਼ੀ ਹੋਏ ਨੂੰ ਉਹਨੂੰ ਪਤਾ ਈ ਨਾ ਲੱਗਾ ਕਿ ਛੋਟੀ ਬਹੂ ਨੂੰ ਵੇਖਦਿਆਂ ਕਦੋਂ ਉਹਦੇ ਮੂੰਹੋਂ ਨਿਕਲ ਗਿਆ, "ਭਰਜਾਈ ਨੇ ਸੂਟ ਤੇ ਮੇਰਾ ਦਿੱਤਾ ਈ ਪਾਇਆ ਹੋਇਐ।" ਬਾਬਾ ਕਰਮ ਸਿੰਘ ਘਰੋਂ ਖੂਹ ਨੂੰ ਤੁਰ ਰਿਹਾ, ਥਾਂ 'ਤੇ ਗੱਡਿਆ ਗਿਆ। ਇਸ ਵਾਰ ਫਸਲ ਮਾੜੀ ਹੋਣ ਕਰਕੇ ਸੇਠ ਦੇ ਪੈਸੇ ਨਹੀਂ ਸਨ ਦਿੱਤੇ ਜਾ ਸਕੇ ਪਰ ਉਹਦਾ ਕਰਮ ਸਿੰਘ ਦੇ ਬੂਹੇ 'ਤੇ ਪੈਸੇ ਮੰਗਣ ਆਉਣਾ, ਦੂਜਾ ਸ਼ਰਾਬ ਪੀ ਕੇ, ਤੀਜਾ ਘਰ ਦੀ ਨੂੰਹ ਬਾਰੇ ਏਡੀ ਗੱਲ, ਅੰਦਰ ਮੱਚ ਉੱਠਿਆ ਬਾਬਾ ਕਰਮ ਸਿੰਘ ਦਾ। ਸੁੱਝ ਸੇਠ ਨੂੰ ਵੀ ਗਈ ਬਈ ਗ਼ਲਤੀ ਕਰ ਬੈਠਾਂ ਪਰ ਪੋਚਾ ਪਾਉਣ ਦੇ ਚੱਕਰ 'ਚ ਹੋਰ ਈ ਚੰਦ ਚਾੜ ਬੈਠਾ, "ਭਰਜਾਈ ਏਹ ਸੂਟ ਨਈਂ ਸੀ ਲੈਂਦੀ। ਮੈਂ ਕਿਹਾ, ਮੇਰੇ ਆਖੇ ਪੜਵਾ ਲੈ, ਵੇਖੋ ਕਿੰਨਾ ਹੰਢਿਐ ਤੇ ਕਿੰਨਾ ਫਬਦੈ...।" ਬਾਬੇ ਕਰਮ ਸਿੰਘ ਨੇ ਤਾਰੇ ਨੂੰ ਜੀਪ ਕੱਢਣ ਲਈ ਆਖਿਆ ਤੇ ਗੱਲੀਂ-ਬਾਤੀਂ ਪੱਜ ਪਾ ਕੇ ਸੇਠ ਨੂੰ ਜੀਪ 'ਚ ਬਠਾਲ ਖੂਹ 'ਤੇ ਆ ਗਏ। ਬਾਬੇ ਅੰਦਰੋਂ ਵਰ੍ਹਿਆਂ ਪੁਰਾਣਾ ਕਰਮਾ ਜਾਗ ਪਿਆ ਸੀ। ਸੇਠ ਨੂੰ ਗੱਲੀਂ ਲਾ, ਬਾਬੇ ਨੇ ਚੋਖੀ ਰਾਤ ਪਾ ਲਈ। ਕੰਮ ਨਬੇੜ ਤਾਰਾ, ਦਾਰਾ ਤੇ ਮਾਮੇ ਵੀ ਖੂਹ 'ਤੇ ਆ ਗਏ।

"ਏਹ ਸੇਠ ਐ ਨਾ ਜਿਹੜਾ ਲੋਕ ਦੱਸਦੇ ਆ ਕਿ ਪਿੰਡਾਂ ਤੋਂ ਬਜਾਜੀ ਲੈਣ ਗਈਆਂ ਤੀਮੀਆਂ ਨਾਲ ਬੜਾ ਲੁੱਚ-ਪੋਹ ਕਰਦੈ, ਦੋਹਰੇ ਮਤਲਬਾਂ ਦੀਆਂ ਲੁੱਚੀਆਂ ਗੱਲਾਂ ਬੋਲਦੈ।" ਨਿੱਕੇ ਪੁੱਤਰ ਦੀ ਏਹ ਗੱਲ ਸੁਣਦਿਆਂ ਬਾਬਾ ਕਰਮ ਸਿੰਘ ਬੁੜ੍ਹਕ ਕੇ ਉੱਠਿਆ ਤੇ ਉਹਨੇ ਕੰਧ 'ਤੇ ਲਟਕਦੀ ਤਲਵਾਰ ਮਿਆਨੋਂ ਬਾਹਰ ਕੱਢੀ ਹੀ ਸੀ ਕਿ ਦਾਰਾ ਕਮਾਦ ਵੱਢਣ ਵਾਲੇ ਟੋਕੇ ਨਾਲ ਸੇਠ ਦੇ ਡੱਕਰੇ ਕਰਨ ਲੱਗ ਪਿਆ। ਤਾਰਾ ਡੌਰ-ਭੌਰ ਹੋਇਆ ਖੜਾ ਸੀ, ਖਲੋਣਾ ਦੁੱਭਰ ਹੋ ਗਿਆ ਸੀ ਤਾਂ ਉਹ ਚੁਸਤੀ ਵਰਤਦਿਆਂ ਏਹ ਆਖ ਬਾਹਰ ਨਿਕਲ ਗਿਆ ਕਿ ਉਹ ਬਾਹਰ ਖ਼ਿਆਲ ਰੱਖਦੈ ਕਿ ਕੋਈ ਆ ਨਾ ਜਾਵੇ। ਪਰ ਦੂਜੇ ਸਾਰੇ ਏਨੇ ਜੋਸ਼ 'ਚ ਸੇਠ ਦਾ ਕੰਮ ਨਬੇੜਨ ਲੱਗੇ ਹੋਏ ਸਨ ਕਿ ਉਨ੍ਹਾਂ ਧਿਆਨ ਹੀ ਨਹੀਂ ਦਿੱਤਾ। ਉਨ੍ਹਾਂ ਸੇਠ ਦੀ ਲਾਸ਼ ਦੇ ਟੁਕੜੇ ਕਰ ਬੋਰੀ ਭਰ ਲਈ। ਲਹੂ ਨਾ ਚੋਵੇ, ਏਸ ਲਈ ਉੱਤੇ ਮੋਮੀ ਕਾਗਜ਼ ਵਲੇਟ ਦਿੱਤਾ। ਜਦੋਂ ਨੂੰ ਤਾਰਾ ਬਾਹਰ ਜਾ ਕੇ ਉਛਾਲੀਆਂ ਕਰਕੇ ਪਰਤਿਆ, ਅੰਦਰ ਸਭ ਸਾਫ਼ ਸੀ, ਪਤਾ ਹੀ ਨਹੀਂ ਸੀ ਲੱਗਦਾ ਕਿ ਥੋੜੀ ਦੇਰ ਪਹਿਲਾਂ ਏਥੇ ਬੰਦਾ ਮਾਰਿਆ। ਏਨੇ ਚਿਰ 'ਚ ਉਨ੍ਹਾਂ ਸੇਠ ਦੇ ਕੱਪੜੇ ਸਾੜ, ਮੂੰਹ-ਸਿਰ ਵਿਗਾੜ ਪਛਾਣ ਗੁਆ ਦਿੱਤੀ ਸੀ। "ਨਹਿਰ 'ਚ ਰੋੜ ਆਈਏ?" ਤਾਰੇ ਦੇ ਵੱਡੇ ਮਾਮੇ ਨੇ ਪੁੱਛਣ ਵਾਂਗੂੰ ਆਖਿਆ ਸੀ।

"ਨਈਂ!" ਬਾਬਾ ਪੂਰੀ ਸਕੀਮ ਬਣਾਈ ਬੈਠਾ ਸੀ, "ਤੜਕੇ ਅੰਮ੍ਰਿਤ ਵੇਲੇ। ਸੌਂਵੋਂ 'ਰਮਾਨ ਨਾਲ ਘਰ ਜਾ ਕੇ, ਤੜਕੇ ਤਿੰਨ ਵਜੇ ਜੀਪ ਲੈ ਕੇ ਆ ਜਾਇਓ...ਤੇ ਖ਼ਬਰਦਾਰ ਜਨਾਨੀਆਂ ਕੋਲ ਸੂਹ ਕੱਢੀ ਕੋਈ।" ਉਹਨੇ ਚਾਰਾਂ ਨੂੰ ਚੰਗੀ ਤਰ੍ਹਾਂ ਤਾੜਿਆ ਸੀ।

ਤੜਕੇ ਉਨ੍ਹਾਂ ਬਥੇਰੀ ਭੱਜ-ਨੱਸ ਕੀਤੀ ਪਰ 'ਸ਼ਨਾਨ ਪਾਣੀ ਕਰਕੇ ਜਦੋਂ ਚਾਰੇ ਖੂਹ 'ਤੇ ਅੱਪੜੇ ਚਾਰ ਵੱਜਣ ਵਾਲੇ ਸਨ। ਬਾਬਾ ਉਨ੍ਹਾਂ ਨੂੰ ਝਈਆਂ ਲੈ-ਲੈ ਪਵੇ, "ਏਨੇ ਮੱਠੇ, ਢਿੱਲੜੋ ਸਾਲਿਓ ਤੁਸੀਂ ਨਈਂ ਕਾਮਯਾਬ ਹੋ ਸਕਦੇ।" ਉਨ੍ਹਾਂ ਕਾਹਲੀ-ਕਾਹਲੀ ਬੋਰੀ ਜੀਪ 'ਚ ਰੱਖੀ ਪਰ ਚਾਰ ਵੱਜ ਗਏ ਤੇ ਮੌਨ ਨਿਤਨੇਮ ਦਾ ਵਕਤ ਹੋ ਗਿਆ। ਬਾਬਾ ਅਰਦਾਸ ਕਰਨ ਲੱਗਾ। ਉਸ ਹਰ ਮੈਦਾਨ ਫ਼ਤਿਹ ਦੀ ਬਖ਼ਸ਼ਿਸ਼ ਮੰਗੀ ਤੇ ਇਕ ਘੰਟਾ ਮੌਨ ਰਹਿ ਕੇ ਨਾਮ ਜਪਣ ਦੀ ਅਰਦਾਸ ਕਰਦਿਆਂ ਮਾਲਾ ਫੜ ਜੀਪ 'ਚ ਮੂਹਰੇ ਜਾ ਬੈਠਾ। ਦੋਵੇਂ ਪੁੱਤਰ ਵੀ ਜੀਪ 'ਚ ਬਹਿੰਦਿਆਂ ਬੋਝੇ 'ਚੋਂ ਮਾਲਾ ਕੱਢ ਨਾਮ ਜਪਣ ਲੱਗੇ। ਤਾਰੇ ਸਟੇਅਰਿੰਗ ਸੰਭਾਲਿਆ ਤੇ ਦਾਰਾ ਪਿੱਛੇ ਚੜ੍ਹ ਲਾਸ਼ ਦੇ ਕੋਲ ਜਾ ਬੈਠਾ।

ਦਸਾਂ ਮਿੰਟਾਂ 'ਚ ਉਹ ਨਹਿਰ 'ਤੇ ਸਨ। ਜੀਪ ਰੁਕਦਿਆਂ ਈ ਬਾਬਾ ਛਾਲ ਮਾਰ ਕੇ ਉਤਰਿਆ ਤੇ ਜੀਪ 'ਚੋਂ ਬੋਰੀ ਲਾਹ ਕੇ ਛੇਤੀ-ਛੇਤੀ ਨਹਿਰ 'ਚ ਰੋੜਨ ਦੇ ਇਸ਼ਾਰੇ ਕਰਨ ਲੱਗਾ। ਉਹ ਚਾਰੇ ਜੁੱਤੀਆਂ ਜੀਪ 'ਚ ਲਾਹ ਬੋਰੀ ਦੀਆਂ ਚਾਰੇ ਕੰਨੀਆਂ ਫੜ ਨਹਿਰ 'ਚ ਉਤਰਨ ਲੱਗੇ। ਗਿੱਟੇ-ਗਿੱਟੇ ਪਾਣੀ 'ਚ ਤਾਰੇ ਦੇ ਵੱਡੇ ਮਾਮੇ ਦਾ ਪੈਰ ਤਿਲਕਿਆ ਤੇ ਬੋਰੀ ਉਥੇ ਈ ਡਿੱਗ ਪਈ। ਬਾਬੇ ਨੂੰ ਗੁੱਸਾ ਚੜ੍ਹਿਆ। ਉਹ ਵੀ ਜੁੱਤੀ ਲਾਹ ਪਾਣੀ 'ਚ ਉਤਰ ਆਇਆ ਤੇ ਗੁੱਸੇ ਨਾਲ ਬਾਹਵਾਂ ਮਾਰ-ਮਾਰ ਬੋਰੀ ਨੂੰ ਡੂੰਘੇ ਪਾਣੀ 'ਚ ਸੁੱਟਣ ਦੇ ਇਸ਼ਾਰੇ ਕਰਨ ਲੱਗਾ। ਮੌਨ ਦੀ ਅਰਦਾਸ ਹੋਣ ਕਰਕੇ ਬੋਲਣਾ ਕਿਸੇ ਹੈ ਨਹੀਂ ਸੀ ਤੇ ਬਾਬੇ ਦੇ ਤੇਜ਼-ਤੇਜ਼ ਬਾਹਵਾਂ ਮਾਰਨ ਕਰਕੇ ਸਾਰੇ ਭੰਬਲਭੂਸੇ 'ਚ ਪੈ ਗਏ ਤੇ ਬਾਬੇ ਵਲ ਵੇਖਣ ਲੱਗੇ। ਉਨ੍ਹਾਂ ਨੂੰ ਆਪਣੇ ਵਲ ਬਿਟਰ-ਬਿਟਰ ਤੱਕਦੇ ਵੇਖ ਬਾਬੇ ਨੂੰ ਹੋਰ ਗੁੱਸਾ ਚੜ੍ਹਿਆ। ਉਹਨੇ ਆਪਣੇ ਵੱਡੇ ਮੁੰਡੇ ਨੂੰ ਮੋਢਿਓਂ ਫੜ ਜੀਪ ਵਲ ਜਾਣ ਦਾ ਇਸ਼ਾਰਾ ਕੀਤਾ। ਫੇਰ ਉਹ ਦਾਰੇ ਨੂੰ ਹੱਥ ਲਾ-ਲਾ ਅਗਾਂਹ ਨਹਿਰ ਵਲ ਇਸ਼ਾਰਾ ਕਰਨ ਲੱਗਾ। ਉਹਦਾ ਮਤਲਬ ਸੀ ਕਿ ਪਾਣੀ 'ਚ ਸ਼ੈਅ ਹਲਕੀ ਹੋ ਜਾਂਦੀ ਐ, ਦਾਰਾ 'ਕੱਲਾ ਹੀ ਬੋਰੀ ਖਿਚ ਕੇ ਡੂੰਘੇ ਪਾਣੀ ਵਿਚਕਾਰ ਆਵੇ, ਦੂਜੇ ਬਾਹਰ ਨਿਕਲਣ। ਪਰ ਉਹਦੇ ਪੁੱਤਰ ਕੁਝ ਹੋਰ ਈ ਸਮਝ ਗਏ। ਉਹ ਫਟਾਫਟ ਜੀਪ ਵਲ ਗਏ, ਛੋਟੇ ਨੇ ਰਾਡ ਤੇ ਵੱਡੇ ਨੇ ਦਾਤਰ ਫੜਿਆ ਮੁੜ ਨਹਿਰ 'ਚ ਆਏ ਤੇ ਕੋਈ ਕੁਝ ਸਮਝਦਾ, ਛੋਟੇ ਨੇ ਪੂਰੇ ਜ਼ੋਰ ਨਾਲ ਰਾਡ ਦਾਰੇ ਦੇ ਸਿਰ 'ਚ ਮਾਰੀ। ਵੱਡੇ ਨੇ ਦਾਤਰ ਨਾਲ ਦਾਰੇ ਨੂੰ ਵੱਢ ਕੇ ਬੋਰੀ ਤੋਂ ਵੀ ਪਹਿਲਾਂ ਨਹਿਰ 'ਚ ਰੋੜ ਦਿੱਤਾ। ਬਾਬੇ ਦੇ ਇਸ਼ਾਰਿਆਂ ਤੋਂ ਉਨ੍ਹਾਂ ਏਹ ਸਮਝਿਆ ਕਿ ਉਹ ਆਂਹਦਾ ਬਈ ਦਾਰਾ ਭੇਦ ਨਾ ਬਾਹਰ ਕੱਢ ਦੇਵੇ, ਪਹਿਲਾਂ ਏਹਦਾ ਫਸਤਾ ਵੱਢੋ।

ਪਹਿਲਾਂ ਤਾਂ ਤਾਰਾ ਸੁੰਨ ਹੋ ਗਿਆ, ਫੇਰ ਉਹ ਚੀਕਿਆ, "ਮੌਨ ਦੀ..।" ਪਰ ਗੁੱਸਾ ਉਹਦੇ ਦਿਮਾਗ ਨੂੰ ਵਾ-ਵਰੋਲੇ ਵਾਂਗੂੰ ਏਨਾ ਚੜ੍ਹਿਆ ਕਿ ਉਹ ਗਾਲ੍ਹ ਵੀ ਨਾ ਕੱਢ ਸਕਿਆ, ਫੇਰ ਚੀਕਿਆ, "ਬਾਬਾਅ...।" ਫੇਰ ਉਹਨੂੰ ਵੱਢ ਹੋ ਰਿਹਾ ਦਾਰਾ ਦਿਸਿਆ, ਉਹ ਲੇਰ ਮਾਰ ਕੇ ਵਿਲਕਿਆ, "ਦਾਰਾਅ...।" ਤੇ ਉਧਰ ਨੂੰ ਭੱਜ ਵਗਿਆ ਜਿਧਰ ਦਾਰਾ ਰੋੜ੍ਹਿਆ ਸੀ ਪਰ ਲੱਕੋਂ ਉੱਚੇ ਪਾਣੀ 'ਚ ਉਹਤੋਂ ਭੱਜ ਨਾ ਹੋਇਆ, ਡਿੱਗ ਪਿਆ। ਉਹਦੇ ਮਾਮੇ ਉਹਨੂੰ ਧੂਹ ਕੇ ਬਾਹਰ ਲੈ ਆਏ ਤੇ ਬੁੱਲ੍ਹਾਂ 'ਤੇ ਹੱਥ ਰੱਖ ਉਹਨੂੰ ਚੁੱਪ ਕਰਾਉਣ ਲੱਗੇ ਪਰ ਉਹ ਬੋਲੀ ਜਾ ਰਿਹਾ ਸੀ, "ਬੋਲੂੰਗਾ...ਬੋਲੂੰ ਮੈਂ . . . ਬੋਲੂੰਗਾ . . . ਮੌਨ ਦੀ...ਬਾਬਾ...ਦਾਰਾਅ...?"

ਉਸ ਰਾਤ ਪਤਾ ਨਹੀਂ ਮੈਂ ਕਿਥੇ-ਕਿਥੇ ਘੁੰਮਦਾ ਰਿਹਾ, ਕਿਹੜੇ ਖੰਡਰਾਂ 'ਚ, ਉਜਾੜਾ 'ਚ? ਕਦੋ ਘਰ ਆਇਆ ਪਤਾ ਨਹੀਂ? ਪਰ ਸਵੇਰੇ ਮੈਨੂੰ ਨੀਂਦ ਨਹੀਂ ਆਈ। ਬੈੱਡ 'ਤੇ ਲੇਟਿਆ ਅਚਾਨਕ ਬੀਵੀ ਨੂੰ ਆਵਾਜ਼ਾਂ ਮਾਰਦਾਂ, ਉਹ ਆਉਂਦੀ ਐ ਤਾਂ ਕਾਹਲਾ ਪੈ ਕੇ ਆਖਦਾਂ, "ਆਹ ਸੋਹਣੀ ਮਹੀਵਾਲ ਦੀ ਪੇਂਟਿੰਗ ਲਾਹ ਦੇ, ਬਾਹਰ ਲੈ ਜਾ ਮੇਰੇ ਕਮਰੇ 'ਚੋਂ ਪਲੀਜ...।"

ਉਹ ਪਹਿਲਾਂ ਪੇਂਟਿੰਗ ਵਲ, ਫੇਰ ਮੇਰੇ ਵਲ ਵੇਖਦੀ ਹੈ ਹੈਰਾਨੀ ਨਾਲ।

"ਏਹਦੇ 'ਚ ਬੇਹੱਦ ਸ਼ੋਰ ਹੋ ਰਿਹੈ, ਮੈਥੋਂ ਸਹਿ ਨਹੀਂ ਹੁੰਦਾ।"

ਮੈਂ ਏਧਰ-ਓਧਰ ਸਿਰ ਮਾਰਦਾਂ ਜ਼ੋਰ-ਸ਼ੋਰ ਨਾਲ।

"ਪੇਂਟਿੰਗ 'ਚ ਸ਼ੋਰ? ਕੀ ਕਹੀ ਜਾਨੇ ਓ, ਏਹ ਤਾਂ ਬਿਲਕੁਲ ਖ਼ਾਮੋਸ਼ ਐ।" ਉਹ ਪ੍ਰੇਸ਼ਾਨ ਹੁੰਦੀ ਹੈ। ਮੈਂ ਝੁੰਜਲਾ ਉੱਠਦਾ ਹਾਂ, ਉਹਦੇ 'ਤੇ ਗੁੱਸਾ ਚੜ੍ਹਦਾ ਹੈ, "ਖਾਮੋਸ਼? ਤੈਨੂੰ ਵਗਦੇ ਪਾਣੀਆਂ ਦੀ ਸੂਕਰ ਸੁਣਾਈ ਨਹੀਂ ਦਿੰਦੀ, ਘਨਘੋਰ ਘਟਾਵਾਂ 'ਚ ਗਰਜਦੀ ਬਿਜਲੀ, ਗੜ੍ਹਕਦੇ ਬੱਦਲਾਂ ਦਾ ਰੌਲਾ ਸੁਣਦਾ ਨਈਂ, ਬੋਲੀ ਹੋ ਗਈ ਐਂ ਤੂੰ, ਓਹ ਪਰ੍ਹਾਂ ਕਾਹੀ 'ਚ ਡੱਡੂਆਂ..ਬੀਂਡਿਆਂ ਦੀ ਕੁਰਲਾਹਟ..।" ਮੈਂ ਕੰਨਾਂ 'ਤੇ ਹੱਥ ਰੱਖਦਾ ਹਾਂ, "ਮੈਥੋਂ ਨਹੀਂ ਸਹਿ ਹੁੰਦਾ ਲਾਹ ਦੇ, ਬਾਹਰ ਸੁੱਟ ਏਹਨੂੰ..।"

# ਮੰਜਕੀ ਦੀ ਧੀ ਬੇਗਮ ਨੂਰਜਹਾਂ ਅਤੇ ਉਸਦੀ ਸਰਾਂ

**ਅਸ਼ੋਕ ਚਰਨ ਆਲਮਗੀਰ**

ਇਹ ਉਨ੍ਹਾਂ ਸਮਿਆਂ ਦੀ ਗੱਲ ਹੈ ਜਦੋਂ ਅਬਦੁਲ ਫ਼ਤਿਹ ਜਲਾਲੁਦੀਨ ਅਕਬਰ ਸੋਨੇ ਦੀ ਤੱਕੜੀ ਵਿਚ ਬੈਠਦਾ ਸੀ। ਹਰ ਸਾਲ ਜਸ਼ਨਿ-ਨੌ ਰੋਜ਼ ਦੇ ਦਿਨਾਂ ਵਿਚ ਦੂਜੇ ਛਾਬੇ ਵਿਚ ਸਤਨਾਜਾ ਰੱਖਿਆ ਜਾਂਦਾ ਸੀ-ਅਕਬਰ ਨੂੰ ਤੋਲਣ ਲਈ। ਕਾਤਿਯਾਇਮ ਰਿਖੀ ਨੇ ਤਾਂ ਸਤਨਾਜੇ ਵਿਚ ਕਣਕ, ਜੌਂ, ਧਾਨ, ਸਰ੍ਹੋਂ, ਤਿਲ, ਮਾਂਹ ਤੇ ਕੰਗਣੀ ਸ਼ਾਮਲ ਕੀਤੇ ਸਨ, ਪਰ ਅਕਬਰ ਦੇ ਛਾਬੇ ਵਿਚ ਸੋਨਾ, ਚਾਂਦੀ, ਲੋਹਾ, ਜਿਸਤ, ਨੀਲਾ ਥੋਥਾ, ਘਿਉ ਤੇ ਚੌਲ ਰੱਖੇ ਜਾਂਦੇ ਸਨ। ਅਕਬਰ ਨੂੰ ਇਸ ਸਤਨਾਜੇ ਨਾਲ ਤੋਲਿਆ ਜਾਂਦਾ ਸੀ ਅਤੇ ਬਾਅਦ ਵਿਚ ਇਹ ਸਭ ਵਸਤਾਂ ਫੱਕਰਾਂ ਜਾਂ ਬ੍ਰਾਹਮਣਾਂ ਨੂੰ ਦਾਨ ਦੇ ਤੌਰ 'ਤੇ ਦੇ ਦਿੱਤੀਆਂ ਜਾਂਦੀਆਂ ਸਨ। ਇਹ ਸਤਨਾਜੇ ਮੰਜਕੀ ਦੀ ਭੌਂ ਵਿਚ ਪੈਦਾ ਹੁੰਦੇ ਸਨ। ਮੰਜਕੀ ਦੇ ਅਮੀਰਾਂ-ਵਜ਼ੀਰਾਂ ਰਾਹੀਂ ਰਾਜਧਾਨੀ ਪੁੱਜ ਜਾਂਦੇ ਸਨ। ਮੰਜਕੀ ਦੀ ਅਮੀਰੀ ਪ੍ਰਕ੍ਰਿਤੀ ਦੀ ਦਾਤ ਹੈ। ਪੰਜਾਬ ਦਾ ਸਰਤਾਜ ਦਰਿਆ ਸਤਲੁਜ ਹੈ, ਜਿਸਨੂੰ ਐਰੀਅਨ ਅਤੇ ਤੌਲਮੀ ਨੇ ਜ਼ਾਰਾਦਰਾਸ ਆਖਿਆ ਸੀ। ਵੇਦਾਂ ਨੇ ਸੈਂਕੜੇ ਵਹਿਣਾ ਵਾਲਾ ਸਤਦ੍ਰੂ ਕਿਹਾ ਸੀ। ਇਹ ਤਿੱਬਤ ਦੀ ਝੀਲ ਮਾਨਸਰੋਵਰ 'ਚੋਂ ਨਿਕਲ ਕੇ ਚਾਰ ਹਜ਼ਾਰ ਛੇ ਸੌ ਤੇਤੀ ਮੀਟਰ ਤੋਂ ਉਤਰ ਕੇ ਮੰਜਕੀ ਕੋਲ ਆ ਕੇ ਰਫ਼ਤਾਰ ਧੀਮੀ ਕਰਦਾ ਹੈ। ਮੰਜਕੀ ਸਤਲੁਜ ਨਦੀ ਦੇ ਸੱਜੇ ਹੱਥ ਅਤੇ ਚਿੱਟੀ ਵੇਈਂ ਦੇ ਖੱਬੇ ਕਿਨਾਰੇ ਨਾਲ ਨਾਲ ਮਲਸੀਆਂ ਸ਼ਾਹਕੋਟ ਤੱਕ ਸਥਿਤ ਹੈ। ਇਹ ਇਲਾਕਾ ਆਪਣੇ ਰੁੱਖਾਂ, ਬਿਰਖਾਂ, ਟੱਟਾਂ, ਮੇਘਾਂ, ਬਹੁਰੰਗੇ ਪੰਛੀਆਂ ਅਤੇ ਨੀਲ ਗਾਈਆਂ, ਹਰਨੀਆਂ, ਮਿਰਗਾਂ, ਮੁਰਗਾਬੀਆਂ ਕਾਰਨ ਆਦਿ ਕਾਲ ਵਿਚ ਰਿਖੀਆਂ, ਮੁਨੀਆਂ, ਹਠੀਆਂ, ਤਪੀਆਂ, ਸਿੱਧਾਂ ਜੋਗੀਆਂ ਦੀ ਤਪੋ ਭੂਮੀ ਸੀ। ਮਧਕਾਲ ਵਿਚ ਗੁਰੂਆਂ, ਪੀਰਾਂ, ਰਾਜਿਆਂ-ਮਹਾਰਾਜਿਆਂ (ਸ਼ਿਕਾਰੀਆਂ ਵੀ), ਸ਼ਾਇਰਾਂ ਤੇ ਹੋਰ ਪ੍ਰਕ੍ਰਿਤੀ ਪ੍ਰੇਮੀਆਂ ਵਾਸਤੇ ਬਾਗਿ-ਬਹਿਸ਼ਤ ਦੇ ਤੁਲ ਸੀ:

ਇਕ ਭੁੱਲੇ ਵਿਸਰੇ ਪੰਜਾਬੀ ਕਵੀ ਨੇ ਸ਼ਾਇਦ ਹੇਠ ਲਿਖੀਆਂ ਸਤਰਾਂ ਮੰਜਕੀ ਦੇ ਪ੍ਰਥਾਇ ਲਿਖੀਆਂ ਸਨ:


ਤੇਰੇ ਜੰਡਾਂ, ਕਰੀਰਾਂ, ਝਾੜੀਆਂ, ਮਲਿਆਂ ਤੇ ਡੀਲੇ ਤੇ
ਤੇਰੇ ਛੰਭਾਂ ਦੇ ਕੰਢੇ ਦੱਭ ਤੇ ਖੱਬਲ ਖਬੀਲੇ ਤੇ
ਤੇਰੇ ਫਰਾਂ ਕਿੱਕਰ ਟਾਹਲੀਆਂ ਬੇਰਾਂ ਤੇ ਸ਼ਰੀਹਾਂ ਤੇ
ਤੇਰੇ ਬਾਗਾਂ 'ਚ ਖੇਤਾਂ ਰੇਤਾਂ ਬੇਹਾਂ ਤੇ ਮੀਹਾਂ ਤੇ
ਟਿੱਬਿਆਂ ਝਰਨਿਆਂ ਖੱਡਾਂ ਤੇ ਖੜ ਖੜ ਕਰਦੇ ਰੋੜ੍ਹਾਂ ਤੇ
ਤੇਰੇ ਅੰਨਾਂ ਅਨਾਜਾਂ ਮੇਵਿਆਂ ਘਾਹਵਾਂ ਦੀਆਂ ਤੋੜਾਂ ਤੇ
ਚੜ੍ਹਾ ਸਵਰਗੀ ਰੂਪ ਰੱਬ ਆਪਣਾ ਦਿਖਾਇਆ ਏ
ਸਹੁੱਪਣ ਕੋਹਮਕਾਂ ਲਾ ਕੇ ਦੂਈ ਦਾ ਘੁੰਡ ਚਾਇਆ ਏ।
ਤੇਰੇ ਸਤਲੁਜ ਬਿਆਸੇ ਦਾ ਨਹੀਂ ਕੋਈ ਦੂਸਰਾ ਹਾਣੀ
ਮੇਰੇ ਲਈ ਆਬੇਜ਼ਮਜ਼ਮ ਸੋਮਰਸ ਧਾਰਾ ਦਾ ਹੈ ਪਾਣੀ।
ਇਨ੍ਹਾਂ ਦੇ ਤੀਰ ਤੇ ਪਹਿਲਾਂ ਜਨਮ ਕਵਿਤਾ ਨੇ ਧਰਿਆ।
ਜਦੋਂ ਵੇਦਾਂ ਦਾ ਚਾਨਣ ਕੁੱਲ ਜਗਤ ਉਤੇ ਪਸਰਿਆ ਸੀ।
ਅਜੇ ਤੱਕ ਰਿਗ ਯਜੁਰ ਤੇ ਸਾਮ ਦਾ ਪ੍ਰਤਾਪ ਭਾਰਾ ਹੈ।
ਦਿਲਾਂ ਅੰਦਰ ਅਥਰਵਣ ਦਾ ਅਜੇ ਜਗਮਗ ਪਸਾਰਾ ਹੈ।

ਅਕਬਰ ਦਾ ਰਾਜਕਾਲ ਸੀ। ਮੁਕਲਾਵੇ ਆਈ ਕੁੜੀ ਤਾਂ ਵਧ ਤੋਂ ਵੱਧ ਸੋਲਾਂ ਸ਼ਿੰਗਾਰ ਕਰ ਸਕਦੀ ਹੈ ਪਰ ਮੰਜਕੀ ਦੀ ਪ੍ਰਕ੍ਰਿਤੀ ਤਾਂ ਹਜਾਰਾਂ ਦੀ ਸ਼ਿੰਗਾਰ ਕਰੀ ਰੱਖਦੀ ਸੀ। ਸੰਨ ਸੀ ਪੰਦਰਾਂ ਸੌ ਇਕਾਨਵੇਂ। ਦੀਨੇ-ਇਲਾਹੀ ਦਾ ਚਰਚਾ ਸਾਰੇ ਹਿੰਦੋਸਤਾਨ ਵਿਚ ਚਲ ਰਿਹਾ ਸੀ। ਹਿੰਦੂ ਰਾਜਪੂਤਾਂ ਦੀਆਂ ਧੀਆਂ ਦੇ ਵਿਆਹ ਮੁਸਲਮਾਨ ਹਾਕਮਾਂ ਨਾਲ ਧੜਾ ਧੜ ਹੋ ਰਹੇ ਸਨ। ਜਾਤੀ ਭੇਦ ਭਾਵ ਮਿਟ ਰਹੇ ਸਨ। ਭਾਵੇਂ ਕਿਸੇ ਮੁਸਲਮਾਨ ਹਾਕਮ ਦੀ ਧੀ ਦਾ ਡੋਲਾ ਕਿਸੇ ਹਿੰਦੂ ਖੱਤਰੀ ਅਥਵਾ ਰਾਜਪੂਤ ਦੇ ਘਰ ਵਲ ਜਾਂਦਾ ਨਹੀਂ ਸੀ ਸੁਣਿਆ ਗਿਆ। ਦਰਬਾਰ ਸ਼ਾਹੀ ਵਿਚ ਤਾਂ ਜਾਤਪਾਤ ਮਿਟ ਚੁੱਕੀ ਸੀ ਪਰ ਮੰਜਕੀ ਇਲਾਕੇ ਦੇ ਆਦਿ ਧਰਮੀਆਂ, ਬਾਲਮੀਕੀਆਂ ਦੇ ਘਰ ਅਜੇ ਵੀ ਵਸੋਂ ਤੋਂ ਬਾਹਰ ਹੁੰਦੇ ਸਨ। ਸਾਂਹਸੀਆਂ ਤੇ ਬਾਜ਼ੀਗਰਾਂ ਆਦਿ ਦੇ ਘਰ ਤਾਂ ਹੋਰ ਵੀ ਪਰੇਰੇ ਹੋਇਆ ਕਰਦੇ ਸਨ। ਬਸੰਤ ਦੀ ਰੁੱਤ ਸੀ। ਸਾਰੇ ਸਵਰਗਾਂ ਦਾ ਹੁਸਨ ਲਿਆ ਕੇ ਕੁਦਰਤ ਨੇ ਮੰਜਕੀ ਦੇ ਰੁੱਖਾਂ ਤੇ ਰੱਖਾਂ ਉਤੇ ਵਿਛਾ ਦਿੱਤਾ ਸੀ। ਹੀਰ ਨਾਂ ਦੇ ਇਕ ਆਦਿ ਧਰਮੀ ਦੇ ਘਰ ਸੱਜਰ ਸੂਈ ਗਾਂ ਨੇ ਵੱਛੀ ਦਿੱਤੀ ਸੀ। ਹੀਰ ਸਾਰਾ ਦਿਨ ਗਾਂ ਵਾਸਤੇ ਪੱਠੇ, ਵੱਛੀ ਵਾਸਤੇ ਲਵਾ ਲਵਾ ਘਾਹ ਤੇ ਚੁੱਲ੍ਹੇ ਵਾਸਤੇ ਸੁੱਕੀਆਂ ਢੀਂਗਰੀਆਂ ਲੱਭਣ ਵਿਚ ਹੀ ਰੁੱਝਾ ਰਹਿੰਦਾ ਸੀ।

ਇਕ ਦਿਨ ਹੀਰ, ਸਵੇਰੇ ਸੁਵੱਖਤੇ ਹੀ ਢਾਕ ਪਲਾਸ਼ ਦੇ ਜੰਗਲ ਵਲ ਨਿਕਲ ਗਿਆ। ਉਸਨੂੰ ਭਰੇ ਭਰੇ ਲਾਲ ਤੇ ਅੰਬਰਸੀ ਰੰਗਾਂ ਦੇ ਪਲਾਸ਼ ਦੇ ਫੁੱਲ ਹਰ ਪਾਸੇ ਨਜ਼ਰ ਆ ਰਹੇ ਸਨ। ਇਨ੍ਹਾਂ ਫੁੱਲਾਂ ਨੂੰ ਲੋਕ ਕੇਸੂ ਦੇ ਫੁੱਲ ਕਹਿੰਦੇ ਹਨ। ਵੈਸੇ ਤਾਂ ਹਰ ਫੁੱਲ ਹੀ ਸੁੰਦਰ ਹੁੰਦਾ ਪਰ ਕੇਸੂ ਦੇ ਫੁੱਲਾਂ ਦੀ ਸ਼ਾਨ ਬਹੁਤ ਉਚੇਰੀ ਹੁੰਦੀ ਹੈ। ਆਪਣੇ ਰੰਗ ਦੀ ਸ਼ੋਖੀ ਕਾਰਨ ਇਸਦਾ ਪ੍ਰਭਾਵ ਘੋੜੀ ਚੜ੍ਹੇ ਪੰਜਾਬੀ ਲਾੜੇ ਵਰਗਾ ਹੁੰਦਾ ਹੈ। ਬੁਝਾਰਤ ਪਾਉਣ ਜਾਂ ਬਣਾਉਣ ਵਾਲਿਆਂ ਨੇ ਕੇਸੂ ਦੇ ਫੁੱਲ ਨੂੰ ਇਕ ਪੁੱਤ ਨਾਲ ਤਸ਼ਬੀਹ ਦਿੱਤੀ ਹੈ।

ਕੇਸੂ ਫੁੱਲ-ਕੇਸੂ ਫੁੱਲ, ਲੱਖਾਂ ਨਾ ਹਜ਼ਾਰਾਂ ਮੁੱਲ
ਹੱਟੀ ਤੇ ਵਿਕਦਾ ਨਹੀਂ, ਭਾਲਿਆਂ ਥਿਆਂਦਾ ਨਹੀਂ
(ਮੁੰਡਾ)

ਹੀਰ ਵਿਚਾਰੇ ਦੇ ਘਰ ਤਾਂ ਅੱਗੇ ਕੋਈ ਔਲਾਦ ਨਹੀਂ ਸੀ ਪਰ ਕੁਝ ਪਲਾਂ ਲਈ ਹੀਰ ਦੇ ਮਨ ਵਿਚੋਂ ਪੱਠਿਆਂ ਦਾ ਖ਼ਿਆਲ ਨਿਕਲ ਗਿਆ। ਉਹ ਬਸ ਫੁੱਲਾਂ ਵੱਲ ਹੀ ਵੇਖੀ ਜਾ ਰਿਹਾ ਸੀ। ਫਿਰ ਉਸਨੂੰ ਢਾਕ ਦੀਆਂ ਸੁੱਕੀਆਂ ਟਾਹਣੀਆਂ ਚੁਣਨ ਦਾ



ਨੂਰਜਹਾਂ

ਵਿਚਾਰ ਆਇਆ। ਉਸਨੂੰ ਢਾਕ ਦੇ ਮੁੱਢ ਕੋਲ ਵੱਡੀ ਸਾਰੀ ਵਰਮੀ ਲਾਗੇ ਸੁੱਕੇ ਪੱਤਿਆਂ ਦਾ ਢੇਰ ਦਿਸਿਆ। ਢਾਕ ਦੇ ਪੱਤੇ ਚੌੜੇ ਮੋਟੇ ਤੇ ਨਿਗਰ ਹੁੰਦੇ ਹਨ। ਬਾਲਣ ਵਾਸਤੇ ਉਹ ਆਪਣੀ ਤੱਪੜੀ ਵਿਚ ਪੱਤੇ ਪਾਉਣ ਲੱਗਾ ਕਿ ਉਸਨੂੰ ਕੁਝ ਪੱਤੇ ਹਿਲਦੇ ਤੇ ਉਭਰਦੇ ਹੋਏ ਲੱਗੇ। ਸ਼ੱਕ ਤਾਂ ਉਸਨੂੰ ਪਹਿਲਾਂ ਹੀ ਸੀ ਢਾਕਾਂ ਦੀ ਝੰਗੀ ਵਿਚ ਸੱਪ ਬਹੁਤ ਹੁੰਦੇ ਨੇ। ਸੋ ਉਹ ਡਰ ਨਾਲ ਕੰਬ ਉਠਿਆ। ਤੱਪੜੀ ਛੱਡ ਕੇ ਦੌੜਨ ਲੱਗਾ ਕਿ ਉਸਨੂੰ ਇਕ ਚੀਕ ਜਿਹੀ ਸੁਣਾਈ ਦਿੱਤੀ ਜੋ ਕਿਸੇ ਬੱਚੇ ਦੀ ਲੱਗਦੀ ਸੀ। ਹੌਂਸਲਾ ਕਰਕੇ ਉਸਨੇ ਪੱਤਿਆਂ ਦੀ ਢੇਰੀ ਨੂੰ ਫੋਲਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਸਨੂੰ ਖ਼ੂਨ ਨਾਲ ਲੱਥਪੱਥ ਇਕ ਪੋਤੜਾ ਲੱਭ ਪਿਆ। ਜੋ ਕੀੜੀਆਂ ਨਾਲ ਭਰਿਆ ਪਿਆ ਸੀ। ਹੀਰ ਹੋਰ ਅੱਗੇ ਹੱਥ ਮਾਰਦਾ ਚਲਾ ਗਿਆ। ਦੇਖਿਆ ਕਾਢਿਆਂ ਦੇ ਭੌਣ ਉਤੇ ਕੁਝ ਮੈਲੇ ਜਿਹੇ ਕੱਪੜਿਆਂ ਵਿਚ ਇਕ ਬੱਚਾ ਲਿਪਟਿਆ ਪਿਆ ਸੀ ਜੋ ਅਜੇ ਤੱਕ ਨਾਗਾਂ, ਚੂਹਿਆਂ, ਲੱਕੜ ਬੱਗਿਆਂ ਤੇ ਹੋਰ ਜੰਗਲੀ ਜਾਨਵਰਾਂ ਤੋਂ ਬਚਿਆ ਪਿਆ ਸੀ। ਹੀਰ ਨੇ ਐਧਰ-ਓਧਰ ਦੇਖਿਆ ਕਿ ਕੋਈ ਉਸਨੂੰ ਵੇਖ ਤਾਂ ਨਹੀਂ ਰਿਹਾ। ਅਛੋਪਲੇ ਹੀ ਉਸ ਬੱਚੇ ਨੂੰ ਤੱਪੜੀ ਉਤੇ ਪੱਤਿਆਂ ਸਮੇਤ ਰੱਖ ਲਿਆ। ਚਾਅ ਏਨਾ ਸੀ ਕਿ ਉਹ ਸਾਰੀ ਵਾਟ ਗਾਉਂਦਾ ਗਿਆ:

ਕੇਸੂ ਫੁੱਲ ਕੇਸੂ ਫੁੱਲ-ਕੋਈ ਨਾ ਮੁੱਲ।
ਤੀਵੀਂ ਨੂੰ ਵਾਰ ਵਾਰ ਪੁੱਛੀ ਜਾਏ,
''ਭਲਾ ਬੁਝ ਖਾਂ ਮੇਰੇ ਕੋਲ ਕੀ ਏ?''

ਘਰਵਾਲੀ ਨੇ ਬਿਨਾ ਉਸ ਵਲ ਤੱਕਿਆਂ ਉੱਤਰ ਦਿੱਤਾ, ''ਤੇਰੇ ਕੋਲ ਪੱਤੇ ਹੋਣਗੇ ਜਾਂ ਪੱਠੇ! ਹੋਰ ਤੇਰੇ ਕੋਲ ਕਿਹੜੇ



ਨੂਰਮਹਿਲ ਦੀ ਸਰਾਂ ਦਾ ਮੁੱਖ ਦੁਆਰ।

ਹੀਰੇ ਮੋਤੀ ਹੋਣੇ!''

''ਲੈ ਫੇਰ ਅੱਜ ਹੀਰਾ ਮੋਤੀ ਲਿਆਂਦਾ ਈਉਂ! ਢੱਕਾਂ ਦੀ ਰੱਖ ਵਿਚੋਂ! ਮੈਂ ਓਧਰ ਜਾਇਆ ਤਾਂ ਨਹੀਂ ਕਰਦਾ ਓਧਰ ਹਰਨ ਹਰਨੋਟੇ ਚੁਗਿਆ ਕਰਦੇ ਹਨ। ਜਿਥੇ ਹਰਨ ਹਰਨੀਆਂ ਹੋਣ ਉਥੇ ਬਾਘ ਬਘਿਆੜ ਵੀ ਕਿਧਰੇ ਲੁਕੇ ਛੁਪੇ ਹੁੰਦੇ ਨੇ। ਮੈਂ ਗਿਆ ਤੇ ਕੇਸੂ ਦੇ ਹਜ਼ਾਰਾਂ-ਲੱਖਾਂ ਫੁੱਲ ਖਿੜੇ ਹੋਏ ਸਨ ਤੇ ਆਹ ਫੁੱਲ ਰੱਬ ਨੇ ਮੈਨੂੰ ਆਪ ਦੇ ਦਿੱਤਾ।''

ਹੀਰ ਦੀ ਘਰਵਾਲੀ ਨੇ ਬੱਚੇ ਨੂੰ ਗਹੁ ਨਾਲ ਤੱਕਿਆ ਉਹਦੇ ਮੂੰਹੋਂ ਸਹਿਜ ਸੁਭਾ ਹੀ ਨਿਕਲਿਆ!''

''ਹਾਏ! ਮੇਰੀ ਧੀ-ਵਿੱਦ ਮਾਤਾ ਨੇ ਆਪ ਭੇਜੀ!'' ਇਹਦੇ ਕਰਮਾਂ ਨੂੰ ਸਾਡੇ ਘਰ ਗਾਂ ਪਹਿਲਾਂ ਹੀ ਸੂਈ ਹੋਈ ਆ ਨਹੀਂ ਤਾਂ ਲਵੇਰਾ ਤਾਂ ਸਾਡੇ ਘਰ ਕਦੇ ਹੋਇਆ ਹੀ ਨਹੀਂ ਸੀ।''

''ਜੋ ਤੂੰ ਸਾਰੀ ਉਮਰ ਚਾਹੁੰਦੀ ਰਹੀ ਏਂ ਉਹ ਤੈਨੂੰ ਮਿਲ ਗਿਆ। ਹੁਣ ਤੂੰ ਇਹਨੂੰ ਪਾਲ ਤੇ ਕਿਸੇ ਕੋਲ ਗੱਲ ਨਾ ਕਰੀਂ।''

''ਲੈ ਕਮਲਿਆ, ਗੱਲ ਮੈਂ ਕੀਹਦੇ ਨਾਲ ਕਰਨੀ? ਏਥੇ ਸ਼ਰੀਹ ਦੇ ਥੱਲੇ ਘਰ ਤਾਂ ਸਾਡਾ ਈ ਏ 'ਕੱਲਿਆਂ ਦਾ। ਉਚੀਆਂ ਜਾਤਾਂ ਵਾਲੇ ਤਾਂ ਭਲਾ ਦੂਰ, ਸਾਥੋਂ ਤਾਂ ਨਾਈ-ਝੀਰ ਵੀ ਪੱਲਾ ਬਚਾ ਕੇ ਲੰਘਦੇ ਨੇ। ਸਾਂਹਸੀ ਬਾਜ਼ੀਗਰ ਵੀ ਸਾਡੇ ਨਾਲ ਵਰਤੋਂ ਵਿਹਾਰ ਨਹੀਂ ਕਰਦੇ। ਚੂਹੜਿਆਂ ਦੀ ਠੱਠੀ ਮੈਂ ਕਦੇ ਗਈ ਨਹੀਂ। ਕਿਤੇ ਕੋਈ ਭਿੱਟ ਦੇਵੇ ਨਹੀਂ ਤਾਂ ਦਰਿਆ ਤੇ ਜਾ ਕੇ ਨਹਾਉਣਾ ਪਊ, ਭਿੱਟ ਲਾਹੁਣ ਲਈ। ਹੋਰ ਤਾਂ ਹੋਰ ਸਾਡੀ ਆਪਣੀ ਬਰਾਦਰੀ ਦੇ ਲੋਕ ਸਾਨੂੰ ਔਂਤਰੇ ਨਖੱਤੇ ਸਮਝ ਕੇ ਸਾਨੂੰ ਮਿਲਦੇ ਹੀ ਨਹੀਂ, ਸੋ ਗੱਲ ਮੈਂ ਕੀਹਦੇ ਨਾਲ ਕਰਨੀ ਏ।''

''ਚੱਲ ਛੱਡ ਭਲੀਏ ਲੋਕੇ ਹੁਣ ਤਾਂ ਅਸੀਂ ਔਂਤਰੇ ਨਖੱਤੇ ਨਹੀਂ ਰਹੇ। ਸਾਡੀ ਪੀੜ੍ਹੀ ਅੱਗੇ ਤੁਰੀ ਰਹੇਗੀ।''

ਲਓ ਹੁਣ ਦੂਜੇ ਪਾਸੇ ਦੀ ਗੱਲ ਵੀ ਸੁਣ ਲਓ! ਇਹ ਬੱਚੀ ਜੋ ਆਦਿ ਧਰਮੀ ਨੂੰ ਲੱਭੀ ਸੀ ਕੋਈ ਆਮ ਬੱਚੀ ਨਹੀਂ ਸੀ। ਉਹ ਤਹਿਰਾਨ ਦੇ ਇਕ ਅਮੀਰ ਮਿਰਜ਼ਾ ਗਿਆਸ ਬੇਗ ਦੀ ਧੀ ਸੀ ਅਤੇ ਮਿਰਜ਼ਾ ਅਲਾਉਦੀਨ ਦੀ ਦੋਹਤੀ ਸੀ। ਮਿਰਜ਼ਾ ਬੇਗ ਭਾਵੇਂ ਮੂਲ ਰੂਪ ਵਿਚ ਇਰਾਨੀ ਨਹੀਂ ਸੀ-ਤੁਰਕ ਸੀ ਪਰ ਇਸਦਾ ਬਾਪ ਸ਼ਾਹ ਇਰਾਨ ਦੇ ਦਰਬਾਰ ਵਿਚ ਇਕ ਅਹੁਦੇਦਾਰ (ਗਵਰਨਰ) ਸੀ। ਮਿਰਜ਼ਾ ਬੇਗ ਸਮੇਂ ਦੇ ਗੇੜ ਕਰਕੇ ਗਰੀਬ ਹੋ ਚੁੱਕਾ ਸੀ। ਖ਼ੈਰ ਕਿਸੇ ਵਕਤ ਇਸ ਨੇ ਅਕਬਰ ਦੇ ਬਾਪ ਹੰਮਾਯੂੰ ਦੀ ਖ਼ਾਤਰਦਾਰੀ ਕੀਤੀ ਸੀ, ਜਿਸਤੋਂ ਫ਼ਾਇਦਾ ਉਠਾਉਣ ਲਈ ਹਿੰਦੁਸਤਾਨ ਆਇਆ-ਜਾਇਆ ਕਰਦਾ ਸੀ ਅਤੇ ਰਾਹ ਦੀ ਇਸ ਸਰਾਂ ਵਿਚ ਠਹਿਰਿਆ ਕਰਦਾ ਸੀ। ਮਹਾਨ ਅਕਬਰ ਦੀ ਇਕ ਹੋਰ ਮਹਾਨਤਾ ਇਹ ਵੀ ਸੀ ਕਿ ਉਸਦੇ ਹਰਮ ਵਿਚ ਕਾਫੀ ਔਰਤਾਂ ਸਨ। ਮਿਰਜ਼ਾ ਗਿਆਸ ਬੇਗ ਦੀ ਬੇਗਮ ਨੂੰ ਵੀ ਹਰਮ ਵਿਚ ਭਰਤੀ ਕਰ ਲਿਆ ਗਿਆ। ਮਿਰਜ਼ਾ ਬੇਗ ਨੂੰ ਸ਼ਾਹੀ ਦੀਵਾਨ ਬਣਾ ਲਿਆ ਗਿਆ ਅਤੇ ਉਸਨੂੰ 'ਇਤਮਾਦੁੱਲ ਦੌਲਾ' ਦਾ ਖ਼ਿਤਾਬ ਬਖਸ਼ਿਆ ਗਿਆ। ਦਿਨ ਬੀਤਦੇ ਗਏ। ਮਿਰਜ਼ਾ ਸਾਹਿਬ ਦੀ ਬੀਵੀ ਦੀ ਜੱਚਗੀ ਨੇੜ ਆ ਗਈ ਉਨ੍ਹਾਂ ਦਿੱਲੀ ਵਿਚ ਰਹਿਣਾ ਠੀਕ ਨਾ ਸਮਝਿਆ, ਉਹ ਏਥੇ ਸਰਾਂ ਵਿਚ ਆ ਵੱਸੇ। ਬੱਚੀ ਹੋਈ ਤਾਂ ਮਿਰਜ਼ਾ ਬੇਗ ਬੱਚੀ ਨੂੰ ਮਾਂ ਕੋਲੋਂ ਖੋਹ ਕੇ ਬਾਹਰ ਢੱਕ ਪਲਾਸ਼ਦੇ ਜੰਗਲ ਵਿਚ ਸੁੱਟਵਾ ਦਿੱਤਾ। ਮਾਂ ਬਥੇਰਾ ਰੋਂਦੀ ਕੁਰਲਾਉਂਦੀ ਰਹੀ। ਇਹ ਨਾ ਤਾਂ ਭਰੂਣ ਹੱਤਿਆ ਸੀ ਤੇ ਨਾ ਹੀ ਕੋਈ ਹੋਰ ਹੱਤਿਆ। ਇਹ ਹੱਤਿਆ ਤੋਂ ਵੀ ਵਧਕੇ ਕੋਈ ਘੋਰ ਪਾਪ ਦੀ ਘਟਨਾ ਸੀ। ਜੋ ਮਜ਼ਬੂਰੀਆਂ ਦੇ ਤਹਿਤ ਕੀਤੀ ਗਈ ਸੀ। ਹਰਮ ਵਿਚ ਬੱਚੇ ਪਾਲਣ ਦਾ ਤਾਂ ਕੋਈ ਰਿਵਾਜ਼ ਹੀ ਨਹੀਂ ਹੁੰਦਾ। ਮਿਰਜ਼ਾ ਬੇਗ ਨਹੀਂ ਸੀ ਚਾਹੁੰਦਾ ਕਿ ਉਸਦੀ ਬੀਵੀ ਮਹਾਨ ਅਕਬਰ ਦੀ ਨਜ਼ਰ 'ਚੋਂ ਗਿਰ ਜਾਵੇ। ਕਿਉਂਕਿ ਹਰਮ ਦੀ ਹਰ ਔਰਤ ਬਣ-ਠਣ ਕੇ ਰਹਿਣ ਵਿਚ ਇਕ ਦੂਜੀ ਨੂੰ ਮਾਤ ਪਾਉਣ ਦੇ ਮੁਕਾਬਲੇ ਵਿਚ ਰੁੱਝੀਆਂ ਰਹਿੰਦੀਆਂ ਸਨ। ਹਾਰ ਸ਼ਿੰਗਾਰ ਦੇ ਨਵੇਂ ਨਵੇਂ ਢੰਗ ਅਪਨਾਉਂਦੀਆਂ ਰਹਿੰਦੀਆਂ ਸਨ। ਅਤਿਅੰਤ ਖ਼ੂਬਸੂਰਤ ਦਿਸਣਾ ਹੀ ਉਨ੍ਹਾਂ ਦਾ ਇਕੋ ਇੱਕ ਮੁੱਦਾ ਹੁੰਦਾ ਸੀ। ਸੋ ਰੰਗ ਰੋਗਨ ਤੇ ਗਹਿਣੇ ਗੱਟੇ ਤੇ ਸੁਗੰਧਤ ਤੇਲ ਲੱਭਦੇ ਰਹਿਣਾ ਹੀ ਉਨ੍ਹਾਂ ਦੀ ਚਾਹ ਹੁੰਦੀ ਸੀ। ਬੱਚੀ ਦੇ ਪਿਉ ਨੇ ਤਾਂ ਦਿਲ 'ਤੇ ਪੱਥਰ ਧਰ ਲਿਆ ਪਰ ਬੱਚੀ ਦੀ ਮਾਂ ਇਹ ਵਿਛੋੜਾ ਕਿਵੇਂ ਝੱਲ ਸਕਦੀ ਸੀ। ਉਸ ਲਈ ਅਸਹਿ ਸੀ। ਅੱਖਾਂ ਵਿਚ ਅੱਥਰੂਆਂ ਦੀ ਛਹਿਬਰ ਲੱਗੀ ਰਹਿੰਦੀ। ਗਲੇ ਵਿਚੋਂ ਲਗਾਤਾਰ ਹਉਕੇ ਨਿਕਲਦੇ ਰਹਿੰਦੇ। ਭੁੱਖ ਤੇਹ ਪਰ ਲਾ ਕੇ ਉੱਡ ਚੁੱਕੀ ਸੀ। ਬੀਵੀ ਦੇ ਵਾਰ ਵਾਰ ਕਹਿਣ ਤੇ ਮਿਰਜ਼ਾ ਗਿਆਸ ਬੇਗ ਜੰਗਲ ਵਿਚ ਬੱਚੀ ਨੂੰ ਲੱਭਣ ਗਿਆ ਵੀ ਪਰ ਵਿਅਰਥ! 'ਗੈਰ ਹਾਜ਼ਰੀ' ਦੇ ਡਰੋਂ ਉਨ੍ਹਾਂ ਨੇ ਵਾਪਸ ਦਿੱਲੀ ਜਾਣ ਦਾ ਰਾਹ ਫੜ ਲਿਆ।

ਸਮਾਂ ਇਕ ਐਸਾ ਦਰਿਆ ਹੈ ਜੋ ਅਰੋਕ ਵਹਿੰਦਾ ਹੈ। ਲਗਾਤਾਰ ਇਕਸਾਰ ਰਫ਼ਤਾਰ ਤੇ ਤੁਰਿਆ ਰਹਿੰਦਾ ਹੈ। ਬੱਚੀ ਪਲਦੀ ਗਈ। ਨੈਣ ਨਕਸ਼ ਉਭਰਦੇ ਗਏ। ਰੰਗ-ਢੰਗ ਐਸਾ ਕਿ ਕਦੇ ਕਿਸੇ ਨੇ ਪੂਰੇ ਹਿੰਦੋਸਤਾਨ ਵਿਚ ਨਹੀਂ ਦੇਖਿਆ ਹੋਣਾ। ਫਿਰ ਆਦਿ ਧਰਮੀਆਂ ਦੇ ਘਰੀਂ ਇਹੋ ਜਿਹੀ ਬੇਮਿਸਾਲ ਸੂਰਤ ਕਿੱਥੋਂ?

## ਨੂਰਮਹਿਲ ਦੀ ਮੋਰੀ

ਬਰਸਾਤ ਦੀ ਰਾਤ ਸੀ। ਕੋਠਾ ਕੱਚਾ ਸੀ। ਬੱਦਲ ਗੱਜਦੇ ਤੇ ਹੀਰ ਦਾ ਹਿਰਦਾ ਡੋਲ ਜਾਂਦਾ। ਛੱਤ ਉਤੇ ਧਰੇਕ ਦੀਆਂ ਛਟੀਆਂ ਸਨ। ਕੋਠਾ ਢਹਿ ਜਾਣ ਦਾ ਖ਼ਤਰਾ ਸੀ। ਹੀਰ ਤੇ ਉਸਦੀ ਪਤਨੀ ਨਾਲ ਹੀ ਗਊ ਪਾਵੇ ਨਾਲ ਬੰਨ੍ਹ ਕੇ ਮੰਜੇ 'ਤੇ ਪਏ ਮੀਂਹ ਹਨੇਰੀ ਦਾ ਖੜਾਕ ਸੁਣ ਰਹੇ ਸਨ। ਸਾਢੇ ਦਸ ਸਾਲ ਦੀ ਬੱਚੀ ਘੂਕ ਸੁੱਤੀ ਪਈ ਸੀ। ਹੀਰ ਨੇ ਗੱਲ ਛੇੜੀ,

''ਦੇਖ ਭਲਈ! ਮੇਰਾ ਪੁਰਾਣਾ ਸਰੀਰ ਆ। ਕੱਲ੍ਹ ਦਾ ਵਸਾਹ ਨਹੀਂ। ਮੈਂ ਚਾਹੁੰਨੈਂ ਜੀਂਦੇ ਜੀਅ ਇਹਦੇ ਹੱਥ ਪੀਲੇ ਕਰ ਜਾਵਾਂ। ਚਿੰਤਾ ਖਾਈ ਜਾ ਰਹੀ ਏ। ਏਨੀ ਸੋਹਣੀ ਕੁੜੀ ਵਾਸਤੇ ਸੋਹਣਾ ਸੁਨੱਖਾ ਮੁੰਡਾ ਕਿੱਥੋਂ ਲੱਭਾਂਗੇ। ਸਾਡੇ ਲੋਕਾਂ ਵਿਚ ਤਾਂ ਤੈਨੂੰ ਪਤਾ ਈ ਏ, ਉਹੋ ਜਹੇ ਮੁੰਡੇ ਹੁੰਦੇ ਈ ਨਹੀਂ। ਕਿਸੇ ਖੱਤਰੀ ਬ੍ਰਾਹਮਣ ਦੀ ਤਾਂ ਵੱਖਰੀ ਗੱਲ ਰਹੀ। ਕਿਸੇ ਲੁਹਾਰ ਜਾਂ ਘੁਮਿਆਰ ਮੁੰਡੇ ਨੇ ਵੀ ਇਹਦੇ ਨਾਲ ਵਿਆਹ ਨਹੀਂ ਕਰਾਉਣਾ। ਇਹ ਸਾਡੇ ਘਰ ਪਈ ਏ। ਸਾਡੇ ਨਾਲ ਲੋਕ 'ਛੋਹ' ਕਰਦੇ ਨੇ ਭਾਵੇਂ ਕੁੜੀ ਇਹ ਕਿਸੇ ਵੱਡੇ ਘਰ ਦੀ ਏ।

''ਚੱਲ ਸੌਂ ਤੂੰ ਅਜੇ ਕਿਹੜੀ ਵਰੇਸ ਏ ਇਹਦੀ। ਆਪੇ ਕੋਈ ਢੋਅ ਲੱਗ ਜੂ!''

''ਝੱਲੀਏ! ਕੁੜੀਆਂ ਤੇ ਲਗਰਾਂ ਨੂੰ ਵਧਦਿਆਂ ਚਿਰ ਲੱਗਦੈ? ਨਾਲੇ ਤੂੰ ਉਹ ਬੁਝਾਰਤ ਨਹੀਂ ਕਦੇ ਸੁਣੀ। ਅਖੇ-

ਗਹੀਰੇ ਚੜ੍ਹੀ ਗੋਹ!
ਉਤਰ ਆ ਭਰਾਵਾਂ ਪਿੱਟੀਏ
ਆਉਣਗੇ ਡਾਕੂ
ਸਾਥੋਂ ਲੈਣਗੇ ਖੋਹ।

ਅਜਿਹੀਆਂ ਬੁਝਾਰਤਾਂ ਐਵੇਂ ਨਹੀਂ ਬਣਦੀਆਂ। ਬਾਹਰਲੇ ਮੁਲਖਾਂ ਤੋਂ ਫੌਜਾਂ ਚੜ੍ਹ ਚੜ੍ਹ ਆਉਂਦੀਆਂ ਰਹੀਆਂ ਤੇ ਉਹ ਸਾਡੇ ਮੁਲਖਾਂ 'ਚੋਂ ਧਨ ਦੌਲਤ ਲੁੱਟਣ ਦੇ ਨਾਲ ਨਾਲ ਜਵਾਨ ਕੁੜੀਆਂ ਵੀ ਖੋਹ ਕੇ ਲੈ ਜਾਂਦੇ ਰਹੇ ਹਨ। ਸਾਡੇ ਲਾਗਲੇ ਜੰਗਲ ਵਿਚ ਇਕ ਮੁਸਲਮਾਨ ਫੱਕਰ ਰਹਿੰਦਾ ਹੁੰਦਾ ਸੀ। ਉਹ ਬਹੁਤ ਪੜ੍ਹਿਆ-ਲਿਖਿਆ ਆਦਮੀ ਸੀ। ਮੈਂ ਉਹਦੀ ਸੇਵਾ ਕਰਿਆ ਕਰਦਾ ਸਾਂ। ਉਹ ਬਹੁਤ ਸਾਰੀਆਂ ਤਵਾਰੀਖਾਂ ਦੀਆਂ ਗੱਲਾਂ ਸੁਣਾਇਆ ਕਰਦਾ ਸੀ।

ਉਹਨੇ ਦੱਸਿਆ ਸੀ ਤੁਰਮਸ਼ਰੀਨ ਨਾਂ ਦਾ ਇਕ ਖਾਨ ਸੀ। ਉਸ ਸਾਡੇ ਮੁਲਕ ਤੇ ਚੜ੍ਹਾਈ ਕੀਤੀ ਸਿੰਧ ਅਤੇ ਗੁਜਰਾਤ ਨੂੰ ਲੁੱਟਿਆ। ਖ਼ੂਬ ਲੁੱਟਿਆ। ਜਾਂਦਾ ਹੋਇਆ ਹਜ਼ਾਰਾਂ ਦੀ ਗਿਣਤੀ ਵਿਚ ਮੁਟਿਆਰਾਂ ਅਤੇ ਲਵੇ ਲਵੇ ਮੁੰਡੇ ਵੀ ਨਾਲ ਲੈ ਗਿਆ।

''ਭਲੀਏ ਲੋਕੇ ਅੱਗੇ ਸੁਣ ਕੁਤਬਦੀਨ ਐਬਕ ਨੇ ਮੇਰਠ ਅਤੇ ਕਾਲਿੰਜਰ ਸ਼ਹਿਰ ਦੇ ਸਭ ਮੰਦਰ ਢੁਹਾ ਕੇ ਉਥੇ ਮਸੀਤਾਂ ਬਣਵਾ ਦਿੱਤੀਆਂ। ਸਾਰੇ ਹਿੰਦੂਆਂ ਨੂੰ ਮੁਸਲਮਾਨ ਹੋਣ ਲਈ ਕਹਿ ਦਿੱਤਾ। ਜਿਸਨੇ ਮੁਸਲਮਾਨ ਹੋਣੋਂ ਇਨਕਾਰ ਕੀਤਾ ਉਸਨੂੰ ਮਰਵਾ ਦਿੱਤਾ।

''ਪਰ ਸਾਨੂੰ ਕਾਹਦਾ ਡਰ। ਅਸੀਂ ਕਿਹੜੇ ਹਿੰਦੂ ਆਂ?''

''ਝੱਲੀਏ ਉਹ ਸਾਨੂੰ ਵੀ ਹਿੰਦੂਆਂ ਵਿਚ ਹੀ ਗਿਣਦੇ ਨੇ।''

ਅਲਾਉਦੀਨ ਖਿਲਜੀ, ਫਰੋਜ਼ਸ਼ਾਹ ਤੁਗਲਕ ਤੇ ਸਿਕੰਦਰ ਲੋਧੀ ਨੇ ਵੀ ਲਗਭਗ ਏਸੇ ਤਰ੍ਹਾਂ ਹੀ ਕੀਤਾ ਸੀ।''

''ਤਦ ਤਾਂ ਨਿੱਕੀ ਦੇ ਭਾਈਆ ਸਵੇਰੇ ਉਠ ਕੇ ਸਾਰੇ ਰਿਸ਼ਤੇਦਾਰਾਂ ਨੂੰ ਮਿਲ ਤੇ ਆਪਣੀ ਇਸ ਧੀ ਲਈ ਮੁੰਡੇ ਦੀ ਭਾਲ ਕਰ!''

ਓਧਰ ਦੂਸਰੇ ਪਾਸੇ ਮਿਰਜ਼ਾ ਗਿਆਸ ਬੇਗ ਦੀ ਪਤਨੀ ਤਾਂ ਲਗਾਤਾਰ ਉਸ ਬੱਚੀ ਨੂੰ ਯਾਦ ਕਰ ਕਰ ਹਉਕੇ ਭਰਦੀ ਰਹਿੰਦੀ ਸੀ। ਆਖ਼ਰ ਉਨ੍ਹਾਂ ਬੱਚੀ ਦੀ ਭਾਲ ਵਾਸਤੇ ਮਨ ਬਣਾ ਲਿਆ। ਮੰਜਕੀ ਦੇ ਇਕ ਅਸਰ ਰਸੂਖ ਵਾਲੇ ਖੱਤਰੀ ਨੂੰ ਵਿਸ਼ਵਾਸ ਵਿਚ ਲਿਆ ਅਤੇ ਉਸਨੂੰ ਸਾਰੀ ਯੋਜਨਾ ਦੱਸ ਦਿੱਤੀ। ਹਰ ਇਕ ਕਦਮ 'ਤੇ ਹਰ ਇੱਕ ਰਾਜ਼ ਨੂੰ ਗੁਪਤ ਰੱਖਣ ਦੇ ਪ੍ਰਣ ਕਰਵਾ ਲਏ ਗਏ। ਇਸ ਯੋਜਨਾ ਉੱਤੇ ਖੁੱਲ੍ਹਾ ਧਨ ਖਰਚਣ ਲਈ ਮਿਰਜ਼ਾ ਗਿਆਸ ਬੇਗ ਤਿਆਰ ਸੀ। ਤਾਰੀਖ਼ਦਾਨ ਕਹਿੰਦੇ ਹਨ ਮਿਰਜ਼ਾ ਗਿਆਸ ਬੇਗ ਕਾਫੀ ਧਨਾਢ ਹੋ ਚੁੱਕਾ ਸੀ। ਉਹ ਦਾਨੀ ਵੀ ਸੀ ਤੇ ਰਿਸ਼ਵਤ ਲੈਣ ਵਾਲਿਆਂ ਵਿਚ ਵੀ।

ਮੱਸਿਆ ਦੀ ਰਾਤ ਅਜੇ ਪਈ ਹੀ ਸੀ ਕਿ ਹੀਰ ਦੇ ਘਰ ਨੂੰ ਘੇਰਾ ਪਾ ਲਿਆ ਗਿਆ ਅਤੇ ਹੀਰ ਅਤੇ ਉਸਦੀ ਘਰਵਾਲੀ ਨੂੰ ਕਾਫੀ ਧਨ ਦੇ ਕੇ ਚੇਤਾਵਨੀ ਦੇ ਦਿੱਤੀ ਗਈ ਕਿ ਗੱਲ ਬਾਹਰ ਨਾ ਨਿਕਲੇ ਨਹੀਂ ਤਾਂ ਨਤੀਜੇ ਭਿਆਨਕ ਹੋ ਸਕਦੇ ਹਨ। ਰੋਂਦੇ ਪਿੱਟਦੇ ਹੀਰ ਪਰਿਵਾਰ ਨੂੰ ਛੱਡ ਕੇ ਉਹ ਸਭ ਬੱਚੀ ਲੈ ਕੇ ''ਔਹ ਗਏ ਔਹ ਗਏ''। ਰਾਜਧਾਨੀ ਜਾ ਕੇ ਇਹ ਗੱਲ ਉਛਾਲ ਦਿੱਤੀ ਗਈ ਕਿ ਬੱਚੀ ਇਕ ਪਤਵੰਤੇ ਖੱਤਰੀ ਦੇ ਘਰ ਪਲਦੀ ਰਹੀ ਹੈ।

ਬੇਗ ਅਤੇ ਉਸਦੀ ਬੀਵੀ ਨੇ ਬੱਚੀ ਦਾ ਚੰਦ ਵਰਗਾ ਮੂੰਹ ਦੇਖ ਕੇ ਉਸਦਾ ਨਾਂ ਮਿਹਰੂ-ਨਿਸ਼ਾ ਰੱਖ ਦਿੱਤਾ। ਬੱਚੀ ਦੀ ਪੜ੍ਹਾਈ-ਲਿਖਾਈ ਦਾ ਪ੍ਰਬੰਧ ਵੀ ਕਰ ਦਿੱਤਾ। ਉਸਨੂੰ ਸੈਨਿਕ ਸਿੱਖਿਆ, ਤੀਰ ਤਲਵਾਰ ਤੇ ਹੋਰ ਹਥਿਆਰਾਂ ਦੀ ਵਰਤੋਂ ਦੀ ਵਿਦਿਆ ਵੀ ਦਿੱਤੀ ਗਈ। ਮਿਹਰੂ-ਨਿਸ਼ਾ ਦੇ, ਬੇਸ਼ਕ ਦੋ ਭਰਾ ਵੀ ਸਨ ਪਰ ਮਿਹਰੂ ਨਿਸ਼ਾ ਲਾ-ਮਿਸਾਲ ਸੁੰਦਰ ਤਾਂ ਹੈ ਹੀ ਸੀ, ਉਹ ਅਤਿਅੰਤ ਸੂਝਵਾਨ, ਬੁੱਧੀਵਾਨ, ਪ੍ਰਤਿਭਾਵਾਨ, ਕੋਮਲ ਚਿੱਤ ਤੇ ਜ਼ਹੀਨ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲੀ ਮੁਟਿਆਰ ਨਿਕਲੀ ਸੀ। ਮਿਹਰੂ ਨਿਸ਼ਾ ਕਦੀ ਕਦੀ ਆਪਣੀ ਮਾਂ ਨਾਲ ਅਕਬਰ ਦੇ ਹਰਮ ਵਿਚ ਜਾਇਆ ਕਰਦੀ ਸੀ। ਇਕ ਦਿਨ ਕਰਨਾ ਖ਼ੁਦਾ ਦਾ ਐਸਾ ਹੋਇਆ ਕਿ ਸ਼ਹਿਜ਼ਾਦਾ ਸਲੀਮ ਦੀ ਨਜ਼ਰ ਮਿਹਰੂ-ਨਿਸ਼ਾ 'ਤੇ ਪੈ ਗਈ। ਬਸ ਉਹ ਦਿਲ ਫੜ ਕੇ ਉਥੇ ਹੀ ਬੈਠ ਗਿਆ। ਸ਼ਾਇਦ ਉਸਨੇ ਅਨਾਰਕਲੀ ਨਾਲੋਂ ਵੀ

ਵਧੇਰੇ ਸੁੰਦਰ ਤੇ ਹੁਸੀਨ ਚੇਹਰਾ ਦੇਖ ਲਿਆ ਸੀ। ਸਲੀਮ ਸ਼ਹਿਜ਼ਾਦਾ ਪੜ੍ਹਿਆ-ਲਿਖਿਆ ਤੇ ਸ਼ਾਇਰ ਤਬੀਅਤ ਦਾ ਮਾਲਕ ਸੀ। ਉਸਦੀ ਤਾਲੀਮ ਅਕਬਰ ਦੇ ਨੌਂ ਰਤਨਾਂ ਵਿਚੋਂ ਇਕ ਅਬਦੁਰ ਰਹੀਮ ਖਾਨ ਖਾਨਾਂ ਦੀ ਦੇਖ ਰੇਖ ਵਿਚ ਸਿਰੇ ਚੜ੍ਹੀ ਸੀ। ਹਰ ਤਰ੍ਹਾਂ ਦੀ ਤਾਲੀਮ ਦੇਣ ਵਿਚ ਕੋਈ ਕਸਰ ਨਹੀਂ ਸੀ ਛੱਡੀ ਗਈ ਪਰ ਸ਼ਹਿਜ਼ਾਦਾ ਸਲੀਮ ਅਕਬਰ ਦਾ ਇਕਲੌਤਾ ਪੁੱਤਰ ਸੀ, ਸਾਫ਼ ਹੈ ਕਿ ਉਹ ਤਖ਼ਤ ਦਾ ਵਾਰਿਸ ਸੀ ਪਰ ਲਾਡਲਾ ਹੋਣ ਕਰਕੇ ਗਲਤੀਆਂ ਵੀ ਕਰਦਾ ਸੀ। ਖੈਰ! ਅਕਬਰ 'ਹਊ ਪਰੇ' ਕਰ ਛੱਡਦਾ ਸੀ।

ਅਕਬਰ ਨੂੰ ਹਾਲੇ ਤੱਕ ਯਾਦ ਸੀ ਕਿ ਉਸਦੇ ਹਰਮ ਦੀ ਇਕ ਨਾਚੀ ਸੀ, ਨਾਂ ਤਾਂ ਉਹਦਾ ਸ਼ਰੀਫ਼-ਉਲ-ਨਿਸ਼ਾ ਉਰਫ ਬੇਗਮ ਨਾਦਿਰਾ ਸੀ। ਬਹੁਤ ਖੂਬਸੂਰਤ ਹੋਣ ਕਰਕੇ ਲੋਕ ਅਨਾਰਕਲੀ ਕਹਿਣ ਲੱਗ ਪਏ ਸਨ। ਸ਼ਹਿਜ਼ਾਦਾ ਸਲੀਮ ਅਤੇ ਅਨਾਰਕਲੀ ਦੇ ਗੁਪਤ ਸੰਬੰਧ ਤਾਂ ਪਤਾ ਨਹੀਂ ਕਿਸ ਸੀਮਾ ਤੱਕ ਪੁੱਜ ਚੁੱਕੇ ਸਨ ਪਰ ਮਹਾਨ ਬਾਦਸ਼ਾਹ ਅਕਬਰ ਨੂੰ ਇਹ ਕਿੱਸਾ ਅਸਹਿਣਯੋਗ ਲੱਗਾ। ਉਸਨੇ ਅਨਾਰਕਲੀ ਨੂੰ ਸਭ ਤੋਂ ਵੱਡੀ ਸਜਾ ਸੁਣਾ ਦਿੱਤੀ। ਇਸ ਅਨੁਸਾਰ ਅਨਾਰਕਲੀ ਨੂੰ ਲਾਹੌਰ ਵਿਖੇ ਸੰਨ 1600 ਈ. ਵਿਚ ਜਿੰਦਾ ਹੀ ਨੀਹਾਂ ਵਿਚ ਚਿਣਵਾ ਦਿੱਤਾ ਗਿਆ। ਸ਼ਹਿਜ਼ਾਦਾ ਸਲੀਮ ਉਸ ਵੇਲੇ ਤਾਂ ਕੁਝ ਨਾ ਕਰ ਸਕਿਆ ਪਰ ਉਸਦੇ ਦਿਲ ਵਿਚ ਅਨਾਰਕਲੀ ਵਾਸਤੇ ਇਕ ਉਚੇਰੀ ਥਾਂ ਬਣ ਚੁੱਕੀ ਸੀ। ਗੱਦੀ ਨਸ਼ੀਨ ਹੋਣ ਉਪਰੰਤ ਸੰਨ 1615 ਈ. ਵਿਚ ਲਾਹੌਰ ਸ਼ਹਿਰ ਵਿਖੇ ਅਨਾਰਕਲੀ ਦੀ ਯਾਦ ਨੂੰ ਸਦਾ ਲਈ ਅਮਰ ਕਰਨ ਵਾਸਤੇ ਸੰਗਮਰਮਰ ਦਾ ਇਕ ਆਲੀਸ਼ਾਨ ਮਕਬਰਾ ਬਣਾਇਆ।

ਇਧਰ ਜਦੋਂ ਸ਼ਹਿਜ਼ਾਦਾ ਸਲੀਮ ਅਤੇ ਮਿਹਰੁ-ਨਿਸ਼ਾ ਦਾ ਜ਼ਿਕਰ ਦਰਬਾਰ ਪਹੁੰਚਾ ਤਾਂ ਅਕਬਰ ਨੇ ਵਕਤ ਦੀ ਨਜ਼ਾਕਤ ਨੂੰ ਸਮਝਦਿਆ ਹੋਇਆਂ ਮਿਹਰੁ-ਨਿਸ਼ਾ ਦਾ ਵਿਆਹ ਅਲੀ ਕੁਲੀ (ਇਸਤਾਜਲੂ) ਨਾਲ ਕਰ ਦਿੱਤਾ। ਇਹ ਅਫਗਾਨ ਕਾਫੀ ਬਹਾਦਰ ਸੀ ਇਕ ਵਾਰ ਉਸਨੇ ਸ਼ੇਰ ਮਾਰਿਆ ਸੀ ਜਿਸ ਕਰਕੇ ਉਸਨੂੰ ਸ਼ੇਰ ਅਫਗਾਨ ਦਾ ਖ਼ਿਤਾਬ ਦਿੱਤਾ ਗਿਆ ਸੀ। ਸ਼ਹਿਜ਼ਾਦਾ ਸਲੀਮ ਨੂੰ ਉਸਦੇ ਮਾਮੇ ਰਾਜਾ ਮਾਨ ਦਾਸ ਦੀ ਪੁੱਤਰੀ ਮਨੀਬਾਈ ਨਾਲ ਵਿਆਹ ਦਿੱਤਾ ਗਿਆ। ਕੁਝ ਦੇਰ ਵਾਸਤੇ ਭਾਵੇਂ ਮਾਮਲਾ ਠੱਪਿਆ ਗਿਆ ਸੀ ਪਰ ਸ਼ਹਿਜ਼ਾਦਾ ਸਲੀਮ ਅੰਦਰੋ ਅੰਦਰ ਸਾਜ਼ਿਸ਼ਾਂ ਕਰਦਾ ਰਹਿੰਦਾ ਸੀ। ਉਸ ਬਗਾਵਤ ਵੀ ਕੀਤੀ ਜੋ ਦਬਾ ਦਿੱਤੀ ਗਈ। ਉਸਨੇ ਇਕ ਵਾਰ ਅਕਬਰ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਵੀ ਕੀਤੀ ਤੇ ਇਕ ਵਾਰ ਤਲਵਾਰ ਦਾ ਵਾਰ ਵੀ ਕੀਤਾ ਪਰ ਅਕਬਰ ਇਕ ਪ੍ਰਹੇਜ਼ਗਾਰ ਆਦਮੀ ਸੀ। ਮੀਟ ਮੱਛੀ ਨਹੀਂ ਸੀ ਖਾਂਦਾ। ਸ਼ਰਾਬ ਆਦਿ ਤੋਂ ਦੂਰ ਰਹਿੰਦਾ ਸੀ। ਤੰਬਾਕੂ ਉਸਨੇ ਕੇਵਲ ਪੂਰੇ ਜੀਵਨ ਵਿਚ ਇਕ ਵਾਰ ਹੀ ਖਾਧਾ ਸੀ। ਉਹ ਸਲੀਮ ਦੇ ਹਰ ਵਾਰ ਤੋਂ ਬਚ ਜਾਂਦਾ ਰਿਹਾ ਤੇ ਸਲੀਮ ਨੂੰ ਮੁਆਫ਼ ਵੀ ਕਰ ਦੇਂਦਾ ਰਿਹਾ। ਸ਼ਾਇਦ ਇਸ ਕਰਕੇ ਵੀ ਕਿ ਉਹ ਮਹਾਨ ਸੀ ਪਰ ਸ਼ਹਿਜ਼ਾਦਾ ਸਲੀਮ ਤਖ਼ਤ ਪ੍ਰਾਪਤੀ ਵਾਸਤੇ ਬਹੁਤ ਕਾਹਲਾ ਸੀ ਤੇ ਤਖ਼ਤ ਦੇ ਨਾਲ ਨਾਲ ਮਿਹਰੁ-ਨਿਸ਼ਾ ਦੀ ਪ੍ਰਾਪਤੀ ਵੀ ਉਸਦਾ ਵੱਡਾ ਮੰਤਵ ਸੀ। ਭਾਵੇਂ ਉਹ ਅਨਾਰਕਲੀ ਦੇ ਮਕਬਰੇ ਉਤੇ ਬਹੁਤ ਹੀ ਭਾਵੁਕ ਵਾਕ ਲਿਖਵਾ ਚੁੱਕਾ ਸੀ, "ਜੇ ਮੈਂ ਆਪਣੀ ਮਹਿਬੂਬਾ ਦਾ ਚਿਹਰਾ ਇਕ ਵਾਰ ਫੇਰ ਵੇਖ ਸਕਦਾ ਤਾਂ ਮੈਂ ਪਰਵਦਗਾਰ ਦਾ ਕਿਆਮਤ ਤੱਕ ਰਿਣੀ ਰਹਿੰਦਾ।"

ਪ੍ਰੰਤੂ ਹੁਣ ਉਸਦੇ ਦਿਲ ਦਿਮਾਗ ਉਤੇ ਮਿਹਰੁ-ਨਿਸ਼ਾ ਦਾ ਖ਼ਿਆਲ ਹਰ ਸਮੇਂ ਸਵਾਰ ਰਹਿੰਦਾ। ਉਹ ਆਪਣੀ ਹਸਰਤ ਪੂਰੀ ਕਰਨ ਲਈ ਮਨ ਹੀ ਮਨ ਵਿਚ ਗੋਂਦਾ ਗੁੰਦਦਾ ਰਹਿੰਦਾ ਸੀ।

ਅਖ਼ੀਰ ਮਹਾਨ ਅਕਬਰ ਦਾ ਦਿਹਾਂਤ ਹੋ ਗਿਆ। ਸ਼ਹਿਜ਼ਾਦਾ ਸਲੀਮ ਦਿੱਲੀ ਦੇ ਤਖ਼ਤ 'ਤੇ ਬੈਠ ਗਿਆ। ਉਸਨੇ ਆਪਣਾ ਲਕਬ-ਨੂਰ-ਉਦੀਨ ਜਹਾਂਗੀਰ ਅਖ਼ਤਿਆਰ ਕਰ ਲਿਆ। ਹਕੂਮਤ ਉਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਕੱਟੜਪੰਥੀ ਮੁੱਲਾਂ ਮੁਲਾਣਿਆਂ ਨੂੰ ਪ੍ਰਸੰਨ ਕਰਨ ਦੇ ਮਨਸੂਬੇ ਤਿਆਰ ਕਰ ਲਏ। ਸਭ ਤੋਂ ਪਹਿਲਾਂ ਦੀਨਿ ਇਲਾਹੀ ਅਥਵਾ ਗੈਰ ਮੁਸਲਮਾਨਾਂ ਪ੍ਰਤੀ ਖੁੱਲ੍ਹਦਿਲੀ ਵਾਲਾ ਸਿਧਾਂਤ ਸਮਾਪਤ ਕਰ ਦਿੱਤਾ ਗਿਆ। ਆਮ ਜਨਤਾ ਨੂੰ ਖੁਸ਼ ਕਰਨ ਅਤੇ ਆਪਣੀ ਬੱਲੇ ਬੱਲੇ ਕਰਵਾਉਣ ਹਿਤ ਅਦਲਿ ਜਹਾਂਗੀਰ ਦਾ ਅਸੂਲ ਅਪਨਾਇਆ ਅਤੇ ਪ੍ਰਚਾਰਿਆ ਗਿਆ।

ਆਗਰੇ ਦੇ ਕਿਲ੍ਹੇ ਕੋਲ ਜਮਨਾ ਨਦੀ ਦੇ ਕੰਢੇ ਇਕ ਬਹੁਤ ਉਚਾ ਘੰਟਾ ਘਰ ਖੜਾ ਕੀਤਾ ਗਿਆ ਜਿਸ ਉਤੇ ਸੋਨੇ ਦੀ ਜ਼ੰਜੀਰ ਲੱਗੀ ਹੋਈ ਸੀ। ਜ਼ੰਜੀਰ ਖਿੱਚਣ ਨਾਲ ਟੱਲ ਖੜਕਣ ਲੱਗ ਪੈਂਦੇ ਸਨ ਅਤੇ ਫਰਿਆਦੀ ਦੀ ਫਰਿਆਦ ਸੁਣ ਕੇ ਉਸਦੀ ਸ਼ਿਕਾਇਤ ਦੂਰ ਕੀਤੀ ਜਾਂਦੀ ਸੀ।



ਨੂਰਮਹਿਲ ਦੀ ਇਤਿਹਾਸਕ ਸਰਾਂ ਦਾ ਅੰਦਰਲਾ ਦ੍ਰਿਸ਼।

ਇਧਰ ਅਦਲਿ ਜਹਾਂਗੀਰ ਦਾ ਢੰਡੋਰਾ ਬੜੇ ਜ਼ੋਰ-ਸ਼ੋਰ ਨਾਲ ਪਿੱਟਿਆ ਜਾ ਰਿਹਾ ਸੀ। ਓਧਰ ਪੰਜਾਬ ਵਿਚ ਸ਼ਾਂਤਮਈ ਤੇ ਸਰਬਹਿਤਕਾਰੀ ਤੇ ਸਭ ਧਰਮਾਂ ਦੀ ਸਾਂਝੀ ਲਹਿਰ ਚਲਾ ਰਹੇ ਸਿੱਖ ਗੁਰੂਆਂ ਪ੍ਰਤੀ ਆਪਣੀ ਨੀਤੀ ਸਖ਼ਤ ਕਠੋਰ ਕਰ ਲਈ ਗਈ। ਹੁਣ ਤੱਕ ਸਾਰੇ ਮੁਗ਼ਲ ਬਾਦਸ਼ਾਹਾਂ ਦੇ ਸਿੱਖ ਗੁਰੂਆਂ ਨਾਲ ਸੰਬੰਧ ਬੜੇ ਸੁਖਾਵੇਂ ਚਲੇ ਆ ਰਹੇ ਸਨ, ਜਿਨ੍ਹਾਂ ਦੀਆਂ ਮਿਸਾਲਾਂ ਹੇਠ ਲਿਖੇ ਅਨੁਸਾਰ ਹਨ;

ਸੰਨ 1540 ਵਿਚ ਗੁਰੂ ਅੰਗਦ ਦੇਵ ਜੀ ਦੇ ਨਿਰਭੈ ਬੋਲ ਸੁਣ ਕੇ ਹਮਾਯੂੰ ਨੇ ਬਾਹਰ ਕੱਢੀ ਹੋਈ ਤਲਵਾਰ ਮੁੜ ਮਿਆਨ ਵਿਚ ਪਾ ਲਈ ਅਤੇ ਸਿਰ ਝੁਕਾ ਕੇ ਮੁਆਫੀ ਦੀ ਜਾਚਨਾ ਕੀਤੀ। ਬਾਦਸ਼ਾਹ ਅਕਬਰ ਨੇ ਗੁਰੂ ਅਮਰ ਦਾਸ ਵਲੋਂ ਚਲਾਏ ਜਾ ਰਹੇ ਲੰਗਰ ਵਿਚੋਂ ਪ੍ਰਸ਼ਾਦਿ ਛਕਿਆ। ਗੁਰੂ ਰਾਮਦਾਸ ਦੇ ਸਮੇਂ ਅਕਬਰ ਨੇ ਕੁਝ ਪਿੰਡ ਬੀਬੀ ਭਾਨੀ ਦੇ ਨਾਂ ਲਗਵਾ ਦਿੱਤੇ। ਮਿਤੀ 24-11-1598 ਨੂੰ ਗੁਰੂ ਅਰਜਨ ਦੇਵ ਦੇ ਕਹਿਣ ਉਤੇ ਕਿਸਾਨਾਂ ਦੇ ਮਾਮਲੇ ਦਾ 1/6 ਹਿੱਸਾ ਮੁਆਫ਼ ਕਰ ਦਿੱਤਾ ਸੀ।

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨਾਲ ਜੋ ਬੀਤੀ ਉਦੋਂ ਪਤਾ ਨਹੀਂ ਕਿਹੜੀ ਅਦਲਿ ਜਹਾਂਗੀਰ ਨੀਤੀ ਕੰਮ ਕਰ ਰਹੀ ਸੀ। ਪੰਜਵੇਂ ਗੁਰੂ ਇਲਾਹੀ ਬਾਣੀ ਦੇ ਸਰਬ ਸਾਂਝੇ ਗ੍ਰੰਥ ਦਾ ਪ੍ਰਕਾਸ਼ ਸੰਨ 1604 ਈ. ਵਿਚ ਕਰ ਚੁੱਕੇ ਸਨ, ਜਿਸ ਵਿਚ ਛੇ ਗੁਰੂ ਸਾਹਿਬਾਨ ਅਤੇ ਤੀਹ ਭਗਤਾਂ ਦੀ ਬਾਣੀ ਦਰਜ਼ ਕੀਤੀ ਗਈ ਸੀ। ਇਹ ਬਾਣੀਕਾਰ ਭਗਤ ਹਿੰਦੋਸਤਾਨ ਦੇ ਸਭ ਮਜ਼ਹਬਾਂ ਅਤੇ ਚਾਰੇ ਦਿਸ਼ਾਵਾਂ ਨਾਲ ਸੰਬੰਧਤ ਸਨ। ਅਜਿਹੇ ਗ੍ਰੰਥ ਦੀ ਮਿਸਾਲ ਪੂਰੇ ਸੰਸਾਰ ਵਿਚ ਅਤੇ ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿਚ ਹੋਰ ਕਿਤੇ ਵੀ ਨਹੀਂ ਮਿਲਦੀ। ਇਸਤੋਂ ਇਲਾਵਾ ਸਿੱਖ ਗੁਰੂਆਂ ਦੁਆਰਾ ਪਰਉਪਕਾਰੀ ਰੀਤਾਂ ਪੂਰੇ ਸੰਸਾਰ ਦੇ ਮਨੁੱਖੀ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਬਣਾਈਆਂ ਗਈਆਂ ਸਨ। ਸਿੱਖ ਗੁਰੂਆਂ ਨੇ ਠੋਸ ਤੇ ਸਦੀਵੀਂ ਕਦਰਾਂ-ਕੀਮਤਾਂ ਵਾਲੀਆਂ ਪਰੰਪਰਾਵਾਂ ਚਲਾਈਆਂ ਸਨ ਜਿਵੇਂ ਕਿ ਸੰਗਤ ਪੰਗਤ, ਸੇਵਾ ਭਾਵਨਾ ਆਦਿ ਦੀ ਪ੍ਰਥਾ ਜਿਸ ਨਾਲ ਮਨੁੱਖੀ ਬਰਾਬਰੀ ਸੰਮਤਾ ਤੇ ਏਕਤਾ ਵਾਲਾ ਸੱਭਿਆਚਾਰ ਉਸਰ ਸਕੇ।

ਪ੍ਰੰਤੂ ਜਹਾਂਗੀਰ ਨੇ ਸ਼ਾਂਤਮਈ, ਸੁਖਦਾਈ ਤੇ ਸਰਬਹਿਤਕਾਰੀ ਬਾਣੀ ਦਾ ਖਜ਼ਾਨਾ ਪ੍ਰਦਾਨ ਕਰਨ ਵਾਲੇ ਸ੍ਰੀ ਗੁਰੂ ਅਰਜਨ ਦੇਵ ਨੂੰ ਕਈ ਤਰ੍ਹਾਂ ਦੀਆਂ ਝੂਠੀਆਂ ਊਜਾਂ ਲਾ/ਲਵਾ ਕੇ ਯਾਸਾ ਦਾ ਫਤਵਾ ਲਗਵਾ ਕੇ ਕਈ ਦਿਨ ਕਈ ਤਰ੍ਹਾਂ ਨਾਲ ਤਸੀਹੇ ਦੇ ਦੇ ਕੇ ਸ਼ਹੀਦ ਕਰਵਾ ਦਿੱਤਾ।

ਤਸੀਹੇ ਸਹਿੰਦਿਆਂ ਤੇ ਅਡੋਲ ਭਾਵ ਰਹਿੰਦਿਆਂ ਇਸ ਨਿਰਦੋਸ਼ ਸ਼ਖਸੀਅਤ ਨੇ ਮੌਤ ਨੂੰ ਰੱਬੀ ਭਾਣਾ ਮੰਨ ਕੇ ਕਬੂਲਿਆ ਸੀ ਇਹ ਘਟਨਾ ਜੂਨ 1606 ਦੀ ਹੈ। ਉਸ ਸਮੇਂ ਉਨ੍ਹਾਂ ਦਾ ਸਪੂਤ ਗੁਰੂ ਹਰਿਗੋਬਿੰਦ ਸਾਹਿਬ ਅਜੇ ਬਾਲ ਅਵਸਥਾ ਵਿਚ ਹੀ ਸਨ ਅਥਵਾ ਗੁਰੂ ਜੀ ਦੀ ਉਮਰ ਸਿਰਫ਼ ਗਿਆਰਾਂ ਸਾਲ ਦੀ ਸੀ। ਜਹਾਂਗੀਰ ਨੇ ਗੁਰੂ ਜੀ ਨਾਲ ਵੀ ਵੈਰ ਭਾਵ ਕਾਇਮ ਰੱਖਿਆ ਅਤੇ ਕੁਝ ਹੀ ਸਾਲਾਂ ਬਾਅਦ ਬਿਨਾ ਕਿਸੇ ਬਹਾਨੇ ਛੇਵੇਂ ਗੁਰੂ ਜੀ ਨੂੰ ਕੈਦ ਕਰਕੇ ਪਤਾ ਨਹੀਂ ਕਿਹੜੀ ਅਤੇ ਕਿਸ ਕਿਸਮ ਦੀ ਕਿੜ ਕੱਢੀ?

ਅਦਲਿ ਜਹਾਂਗੀਰੀ ਦਾ ਇਕ ਕਾਰਨਾਮਾ ਸੰਨ 1608 ਈ. ਵਿਚ ਵੀ ਵੇਖਣ ਨੂੰ ਮਿਲਿਆ। ਜਦੋਂ ਬੰਗਾਲ ਦੇ ਜਾਗੀਰਦਾਰ ਸ਼ੇਰ ਅਫਗਾਨ ਨੂੰ ਛੜਯੰਤਰ ਰਾਹੀਂ ਮਰਵਾ ਕੇ ਮਿਹਰੁ-ਨਿਸ਼ਾ ਨਾਲ ਵਿਆਹ ਰਚਾ ਲਿਆ। ਭਾਵੇਂ ਜਹਾਂਗੀਰ ਉਸ ਸਮੇਂ ਇਕਤਾਲੀ ਵਰ੍ਹਿਆਂ ਦਾ ਸੀ ਤੇ ਉਸਦੇ ਦੋ ਜਵਾਨ ਲੜਕੇ ਖੁਸਰੋ ਤੇ ਖੁਰੱਮ ਸਨ। ਉਸਦੇ ਹਰਮ ਵਿਚ ਰਹਿ ਰਹੀਆਂ ਔਰਤਾਂ ਦੀ ਗਿਣਤੀ ਪੰਜ ਹਜ਼ਾਰ ਨੂੰ ਪੁੱਜ ਚੁੱਕੀ ਸੀ। ਫਿਰ ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਆਸ਼ਕ ਮਿਜ਼ਾਜ ਤੇ ਚਿੱਤਰਕਾਰ ਜਹਾਂਗੀਰ ਮਿਹਰੁ-ਨਿਸ਼ਾ ਨੂੰ ਅਨਾਰਕਲੀ ਤੋਂ ਵੀ ਕਿਤੇ ਵੱਧ ਚਾਹੁੰਦਾ ਸੀ। ਸ਼ਾਦੀ ਕਰਵਾਉਂਦਿਆਂ ਸਾਰ ਹੀ ਮਿਹਰੁ-ਨਿਸ਼ਾ ਨੂੰ ਨੂਰਜਹਾਂ ਦਾ ਨਾਂ ਦੇ ਦਿੱਤਾ ਗਿਆ ਜਿਸ ਤੋਂ ਭਾਵ ਸੀ ਸਾਰੇ ਜਗ ਦੀ ਰੋਸ਼ਨੀ।

***ਅਕਬਰ ਨੂੰ ਹਾਲੇ ਤੱਕ ਯਾਦ ਸੀ ਕਿ ਉਸਦੇ ਹਰਮ ਦੀ ਇਕ ਨਾਚੀ ਸੀ। ਨਾਂ ਤਾਂ ਉਹਦਾ ਸ਼ਰੀਫ਼-ਉਲ-ਨਿਸ਼ਾ ਉਰਫ ਬੇਗਮ ਨਾਦਿਰਾ ਸੀ। ਬਹੁਤ ਖੂਬਸੂਰਤ ਹੋਣ ਕਰਕੇ ਲੋਕ ਅਨਾਰਕਲੀ ਕਹਿਣ ਲੱਗ ਪਏ ਸਨ। ਸ਼ਹਿਜ਼ਾਦਾ ਸਲੀਮ ਅਤੇ ਅਨਾਰਕਲੀ ਦੇ ਗੁਪਤ ਸੰਬੰਧ ਤਾਂ ਪਤਾ ਨਹੀਂ ਕਿਸ ਸੀਮਾ ਤੱਕ ਪੁੱਜ ਚੁੱਕੇ ਸਨ ਪਰ ਮਹਾਨ ਬਾਦਸ਼ਾਹ ਅਕਬਰ ਨੂੰ ਇਹ ਕਿੱਸਾ ਸਹਿਣ ਯੋਗ ਨਾ ਲੱਗਾ। ਉਸਨੇ ਅਨਾਰਕਲੀ ਨੂੰ ਸਭ ਤੋਂ ਵੱਡੀ ਸਜ਼ਾ ਸੁਣਾ ਦਿੱਤੀ, ਜਿਸ ਅਨੁਸਾਰ ਅਨਾਰਕਲੀ ਨੂੰ ਲਾਹੌਰ ਵਿਖੇ ਸੰਨ 1600 ਈ. ਵਿਚ ਜਿੰਦਾ ਹੀ ਨੀਹਾਂ ਵਿਚ ਚਿਣਵਾ ਦਿੱਤਾ ਗਿਆ।***

ਮੰਜਕੀ ਦੀ ਮਿੱਟੀ ਉਤੇ ਖੇਡਦੀ ਮੌਲ਼ਦੀ ਰਹੀ ਤੇ ਏਥੋਂ ਦੇ ਪੌਣ ਪਾਣੀ ਨਾਲ ਪਲੀ ਹੋਈ ਨੂਰਜਹਾਂ ਦਾ ਤਨ ਤਾਂ ਸੁਲਫੇ ਦੀ ਲਾਟ ਵਰਗਾ ਹੈ ਹੀ ਸੀ ਮਨ ਵੀ ਸ਼ਮਾਦਾਨ ਵਰਗਾ ਸੀ। ਉਤਮ ਕਿਸਮ ਦੀ ਦਾਨਾਈ ਤੇ ਅਕਲਮੰਦੀ ਉਸਦੇ ਖਮੀਰ ਵਿਚ ਰਚ ਚੁੱਕੀ ਸੀ। ਉਸਨੇ ਵਿਆਹ ਕਰਵਾਉਂਦਿਆਂ ਹੀ ਜਾਣ ਲਿਆ ਕਿ ਪਾਗਲਪਣ ਦੀ ਹੱਦ ਤੱਕ ਨਸ਼ਿਆਂ ਤੇ ਵਿਸ਼ਿਆਂ ਵਿਚ ਗਲਤਾਨ ਬਾਦਸ਼ਾਹ ਦੇ ਹੱਥੋਂ ਕਦੀ ਹਿੰਦੋਸਤਾਨ ਦਾ ਕਲਿਆਣ ਨਹੀਂ ਹੋ ਸਕਦਾ। ਉਸਦੇ ਅਦਲ ਇਨਸਾਫ ਦੇ ਕਿੱਸੇ ਵੀ ਬਥੇਰੇ ਸੁਣ ਚੁੱਕੀ ਸੀ। ਆਪ ਵਾਰ ਵਾਰ ਗਲਤੀਆਂ ਕਰਦਾ ਰਹਿੰਦਾ ਸੀ ਤੇ ਉਸਦਾ ਬਾਪ ਅਕਬਰ ਉਸਨੂੰ ਵਾਰ ਵਾਰ ਬਖ਼ਸ਼ਦਾ ਰਿਹਾ ਸੀ ਤੇ ਜਦ ਆਪਣੇ ਮੁੰਡੇ ਖੁਸਰੋ ਨੇ ਇਕ ਗਲਤੀ ਕੀਤੀ ਤਾਂ ਉਸਦੀਆਂ ਅੱਖਾਂ ਕਢਵਾ ਦਿੱਤੀਆਂ। ਇਹੋ ਜਿਹੇ ਬਾਦਸ਼ਾਹ ਕੋਲੋਂ ਜਨਤਾ ਕੀ ਆਸ ਰੱਖੇਗੀ? ਸੋ ਨੂਰਜਹਾਂ ਨੇ ਰਾਜਨੀਤੀ ਵਿਚ ਰੁਚੀ ਦਿਖਾਉਣੀ ਸ਼ੁਰੂ ਕਰ ਦਿੱਤੀ।

ਦੋ ਸਾਲ ਦੇ ਅਰਸੇ ਵਿਚ ਹੀ ਸੰਨ 1613 ਤੱਕ ਪੁੱਜਦਿਆਂ ਜਹਾਂਗੀਰ ਖ਼ੁਦ ਹੀ ਨੂਰਜਹਾਂ ਦੀ ਲਿਆਕਤ, ਰਿਆਇਤ, ਪਰਵਰੀ ਅਤੇ ਦਿਆਨਤਦਾਰ ਅਤੇ ਦੂਰਦਰਸ਼ਤਾ ਦਾ ਕਾਇਲ ਹੋ ਗਿਆ। ਉਸਨੇ ਨੂਰਜਹਾਂ ਨੂੰ 'ਬਾਦਸ਼ਾਹ ਬੇਗਮ' ਘੋਸ਼ਿਤ ਕਰ ਦਿੱਤਾ। ਸਿੱਕਿਆਂ ਉੱਪਰ ਨੂਰਜਹਾਂ ਦਾ ਨਾਂ ਲਿਖਵਾਉਣਾ ਅਰੰਭ ਕਰ ਦਿੱਤਾ।

ਹੁਣ ਨੂਰਜਹਾਂ ਨੇ ਗੁਰੂ ਹਰਿਗੋਬਿੰਦ ਜੀ ਦੇ ਮਾਮਲੇ ਨੂੰ ਆਪਣੇ ਹੱਥਾਂ ਵਿਚ ਲਿਆ ਜਿਨ੍ਹਾਂ ਦੇ ਗੁਰ ਪਿਤਾ ਗੁਰੂ ਅਰਜਨ ਦੇਵ ਨੂੰ ਬਿਲਕੁਲ ਬੇਕਸੂਰ ਤੇ ਨਿਰਦੋਸ਼ ਹੋਣ ਦੀ ਸੂਰਤ ਵਿਚ ਵੀ ਸ਼ਹੀਦ ਕਰਵਾ ਦਿੱਤਾ ਗਿਆ ਸੀ। ਬਾਅਦ ਵਿਚ ਗੁਰੂ ਹਰਿਗੋਬਿੰਦ ਜੀ ਨੂੰ ਦਿੱਲੀ ਦੇ ਮਜਨੂੰ ਟਿੱਲੇ ਤੋਂ ਗ੍ਰਿਫ਼ਤਾਰ ਕਰਕੇ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕੀਤਾ ਹੋਇਆ ਸੀ। ਉਨ੍ਹਾਂ ਦੀ ਬਾਬਤ ਸਾਈਂ ਮੀਆਂ ਮੀਰ ਤੇ ਹੋਰ ਫ਼ਕੀਰ ਬਾਦਸ਼ਾਹ ਜਹਾਂਗੀਰ ਨੂੰ ਕਹਿ ਕਹਿ ਹਾਰ ਚੁੱਕੇ ਸਨ। ਜਹਾਂਗੀਰ ਦਾ ਆਪਣਾ ਵਜ਼ੀਰ ਵੀ ਗੁਰੂ ਜੀ ਨੂੰ ਰਿਹਾਅ ਕਰਵਾਉਣ ਲਈ ਬੇਨਤੀਆਂ ਕਰ ਚੁੱਕਾ ਸੀ ਪਰ ਨੂਰਜਹਾਂ ਨੇ ਬੜੇ ਤਰਕਾਂ ਨਾਲ ਜਹਾਂਗੀਰ ਨੂੰ ਮਨਾਇਆ ਕਿ ਗੁਰੂ ਜੀ ਨੂੰ ਬਾਇੱਜ਼ਤ ਬਰੀ ਕੀਤਾ ਜਾਵੇ।

ਇਤਿਹਾਸ ਗਵਾਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੜੇ ਆਦਰ ਸਤਿਕਾਰ ਨਾਲ ਰਿਹਾਅ ਕੀਤਾ ਗਿਆ। ਸੰਨ 1619 ਵਿਚ ਗੁਰੂ ਜੀ ਦੀ ਇੱਛਾ ਅਨੁਸਾਰ ਹੋਰ ਕੈਦੀ ਰਾਜੇ ਵੀ ਛੱਡ ਦਿੱਤੇ ਗਏ। ਜਿਸ ਚੰਦੂ ਖੱਤਰੀ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਵਾਇਆ ਸੀ, ਉਸ ਚੰਦੂ ਨੂੰ ਸਮੇਤ ਪਰਿਵਾਰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦੀ ਜਾਇਦਾਦ ਜਬਤ ਕਰ ਲਈ ਗਈ। ਫੇਰ ਵੀ ਗੁਰੂ ਜੀ ਨੇ ਚੰਦੂ ਦੀ ਪਤਨੀ ਅਤੇ ਲੜਕੇ ਨੂੰ ਨਿਰਦੋਸ਼ ਕਹਿ ਕੇ ਛੱਡ ਦਿੱਤਾ। ਸਿਰਫ਼ ਚੰਦੂ ਦੇ ਨੱਕ ਵਿਚ ਨਕੇਲ ਪਾ ਕੇ ਥਾਨੇਸਰ (ਕੁਰੂਕਸ਼ੇਤਰ) ਰਾਹੀਂ ਲਾਹੌਰ ਲਿਆਂਦਾ ਗਿਆ ਜਿੱਥੇ ਸਿੱਖਾਂ ਨੇ ਉਸਨੂੰ ਕੁੱਟ ਕੁੱਟ ਕੇ ਮਾਰ ਦਿੱਤਾ।

ਹੁਣ ਹਿੰਦੁਸਤਾਨ ਵਿਚ ਅਦਲਿ ਜਹਾਂਗੀਰੀ ਨਹੀਂ ਅਦਲਿ ਨੂਰਜਹਾਂ ਲਾਗੂ ਹੋ ਚੁੱਕਾ ਸੀ। ਫਿਰ ਸੰਨ 1620 ਵਿਚ ਜਹਾਂਗੀਰ ਦੀ ਮੁਲਾਕਾਤ ਗੁਰੂ ਜੀ ਨਾਲ ਹੋਈ। ਫਿਰ ਉਹ ਦੋਵੇਂ ਕਲਾਨੌਰ (ਗੁਰਦਾਸਪੁਰ) ਇਕੱਠੇ ਗਏ। ਏਸੇ ਸਾਲ ਨੂਰਜਹਾਂ, ਜਹਾਂਗੀਰ ਨੂੰ ਨਾਲ ਲੈ ਕੇ ਅੰਮ੍ਰਿਤਸਰ ਆਈ। ਅਕਾਲ ਤਖ਼ਤ ਤੋਂ ਭੁੱਲ ਬਖ਼ਸ਼ਵਾਈ। ਅਕਾਲ ਤਖ਼ਤ ਉਤੇ ਲੱਗਾ ਸਾਰਾ ਖ਼ਰਚ ਜਹਾਂਗੀਰ ਨੇ ਆਪਣੇ ਸਿਰ ਲੈਣ ਲਈ ਸੰਗਤ ਅੱਗੇ ਬੇਨਤੀ ਕੀਤੀ ਜੋ ਪ੍ਰਵਾਨ ਨਾ ਹੋਈ। ਏਥੇ ਹੀ ਜਹਾਂਗੀਰ ਨੇ ਛੇਵੇਂ ਗੁਰੂ ਨੂੰ ਆਪਣੀ ਰੱਖਿਆ ਲਈ ਕੁਝ ਘੋੜਸਵਾਰ ਅਤੇ ਬਾਕੀ ਪਿਆਦੇ ਰੱਖ ਸਕਣ ਦਾ ਅਧਿਕਾਰ ਦੇ ਦਿੱਤਾ। ਇਹ ਸਭ ਨੂਰਜਹਾਂ ਦੇ ਇਸ਼ਾਰੇ 'ਤੇ ਹੋ ਰਿਹਾ ਸੀ।

ਫਿਰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਦੀ ਸ਼ਹੀਦੀ ਦੀ ਮੁਆਫ਼ੀ ਮੰਗਣ ਵਾਸਤੇ ਦੋਵੇਂ (ਬੇਗਮ ਤੇ ਬਾਦਸ਼ਾਹ) ਗੁਰੂ ਕੇ ਮਹਿਲ ਮਾਤਾ ਗੰਗਾ ਜੀ ਕੋਲ ਪੁੱਜੇ ਅਤੇ ਓਨਾ ਚਿਰ ਚਰਨਾਂ ਤੋਂ ਸਿਰ ਨਹੀਂ ਚੁੱਕੇ ਜਦ ਤੱਕ ਕਿ ਮੁਆਫ਼ੀ ਮਿਲ ਨਹੀਂ ਗਈ। ਸੰਨ 1620 ਵਿਚ ਹੀ ਨੂਰਜਹਾਂ ਤੇ ਜਹਾਂਗੀਰ ਹਜ਼ਰਤ ਮੀਆਂ ਮੀਰ ਜੀ ਦੇ ਦਰਬਾਰ ਵਿਚ ਗਏ ਤੇ ਅਸ਼ੀਰਵਾਦ ਪ੍ਰਾਪਤ ਕੀਤੇ।

ਇਹ ਅਦਲਿ ਨੂਰਜਹਾਂ ਦਾ ਦੌਰ ਸੀ ਕਿ 28 ਅਕਤੂਬਰ, 1628 ਨੂੰ ਜਹਾਂਗੀਰ ਦੀ ਮੌਤ ਤੋਂ ਕਾਫੀ ਬਾਅਦ ਤੱਕ ਪੂਰੇ ਦੇਸ਼ ਵਿਚ ਕਿਤੇ ਵੀ ਕਿਸੇ ਬੇਕਸੂਰ ਨੂੰ ਕੋਈ ਕਿਸੇ ਕਿਸਮ ਦਾ ਦੰਡ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਨੂਰਜਹਾਂ ਨੇ ਦੁਨੀਆਂ ਵਿਚ ਨਾਰੀ ਜਾਤੀ ਦਾ ਨਾਂ ਰੋਸ਼ਨ ਕੀਤਾ। ਮੁਸਲਮਾਨ ਹੁੰਦਿਆਂ ਹੋਇਆਂ ਵੀ ਬੁਰਕਾ ਪਰਦਾ ਨਹੀਂ ਪਹਿਨਿਆ। ਮਰਦਾਂ ਦੇ ਬਰਾਬਰ ਨੰਗੇ ਮੂੰਹ ਰਹੀ। ਤਖ਼ਤ 'ਤੇ ਵੀ ਬੈਠੀ, ਤਾਜ ਵੀ ਪਹਿਨਿਆ, ਰਾਜ ਵੀ ਕੀਤਾ, ਘੋੜਸਵਾਰੀ ਕੀਤੀ, ਯੁੱਧ ਕੀਤਾ, ਸ਼ਿਕਾਰ ਵੀ ਕੀਤਾ। ਸਭ ਕੁਝ ਮਰਦਾਂ ਵਾਲਾ। ਨਾਰੀ ਸੱਭਿਆਚਾਰ ਵਿਚ ਇਨਕਲਾਬ ਲਿਆਂਦਾ। ਨਾਰੀ ਸ਼ਕਤੀ ਦੀ ਇਕ ਉੱਤਮ ਮਿਸਾਲ ਸੀ ਨੂਰਜਹਾਂ, ਜਿਸ ਉਤੇ ਮੰਜਕੀ ਨੂੰ ਸਦਾ ਮਾਣ ਰਹੇਗਾ।

ਐਸਾ ਨਹੀਂ ਕਿ ਨੂਰਜਹਾਂ ਨੂੰ ਔਕੜਾਂ ਨਹੀਂ ਆਈਆਂ। ਅੰਦਰੋ-ਅੰਦਰ ਨੂਰਜਹਾਂ ਦਾ ਸੈਨਾਪਤੀ ਤੇ ਹੋਰ ਉਸਦੀ ਖੁੱਲ੍ਹਦਿਲੀ ਵਾਲੀ ਨੀਤੀ ਦੇ ਵਿਰੁਧ ਸਨ। ਨੂਰਜਹਾਂ ਭਾਵੇਂ ਜਹਾਂਗੀਰ ਦੀ ਬੇਗਮ ਬਣ ਚੁੱਕੀ ਸੀ ਪਰ ਉਸਨੇ ਆਪਣੇ ਪਹਿਲੇ ਪਤੀ ਸ਼ੇਰ ਅਫਗਾਨ ਦੀ ਯਾਦ ਨੂੰ ਭੁਲਾਇਆ ਨਹੀਂ ਸੀ ਅਤੇ ਬੇਵਫਾਈ ਨਵੇਂ ਖਾਂਵਦ ਨਾਲ ਵੀ ਨਹੀਂ ਸੀ ਕੀਤੀ। ਅਕਤੂਬਰ 1628 ਨੂੰ ਜਦੋਂ ਜਹਾਂਗੀਰ ਕਸ਼ਮੀਰ ਤੋਂ ਵਾਪਸ ਆਉਂਦਾ ਹੋਇਆ ਲਾਹੌਰ ਠਹਿਰਿਆ ਸੀ ਤੇ ਦਮੇ ਦੇ ਦੌਰੇ ਨਾਲ ਵਫਾਤ ਪਾ ਗਿਆ ਸੀ ਤਾਂ ਨੂਰਜਹਾਂ ਨੇ ਸ਼ਾਹਦਰਾ (ਲਾਹੌਰ) ਵਿਚ ਆਪਣੇ ਪਤੀ ਦਾ ਇਕ ਸ਼ਾਨਦਾਰ ਮਕਬਰਾ ਤਿਆਰ ਕਰਵਾਇਆ ਸੀ। ਮਕਬਰੇ ਦੇ ਨਾਲ ਫੁੱਲਾਂ ਦੇ ਬਗੀਚੇ ਅਤੇ ਤਾਲਾਬ ਵੀ ਬਣਵਾਏ ਕਿਉਂਕਿ ਉਸਦਾ ਪਤੀ ਲੇਖਕ ਚਿੱਤਰਕਾਰ ਹੋਣ ਦੇ ਨਾਤੇ ਫੁੱਲਾਂ, ਬਾਗਾਂ-ਬਗੀਚਿਆਂ ਦਾ ਸ਼ੌਕੀਨ ਸੀ। ਕਸ਼ਮੀਰ ਸ੍ਰੀਨਗਰ ਨਾਲ ਉਸਨੂੰ ਮੋਹ ਜੋ ਸੀ। ਕਸ਼ਮੀਰ ਜਾ ਕੇ ਤਾਂ ਉਹ ਵਾਰ ਵਾਰ ਪੁਕਾਰ ਉਠਿਆ ਸੀ:

ਗਰ ਬਹਿਸ਼ਤ ਬਰ ਰੂਏ ਜਮੀਂ ਅਸਤ
ਹਮੀਂ ਅਸਤ ਹਮੀਂ ਅਸਤ
(ਜੇ ਇਸ ਧਰਤੀ ਉਤੇ ਸਵਰਗ ਹੈ ਤਾਂ ਉਹ ਏਥੇ ਹੈ ਏਥੇ ਹੀ ਹੈ)

ਆਪਣੇ ਬਾਦਸ਼ਾਹ ਪਤੀ ਦੇ ਜ਼ੌਕ ਸ਼ੌਕ ਦਾ ਅਹਿਸਾਸ ਕਰਦਿਆਂ ਉਸਦੇ ਮਕਬਰੇ ਨੂੰ ਵੀ ਨੂਰਜਹਾਂ ਨੇ ਖੂਬ ਸਜਾਇਆ ਸੀ।

ਖਲੀਫਾ ਉਮਰ ਦੇ ਬੰਸ ਵਿਚੋਂ ਇਕ ਦਰਵੇਸ਼ ਹੋਇਆ ਹੈ ਜਿਸਦਾ ਨਾਂ ਸੀ ਸਾਈਂ ਮੀਆਂ ਮੀਰ। ਜਵਾਨੀ ਵੇਲੇ ਦੀਆਂ ਕੀਤੀਆਂ ਗਲਤੀਆਂ ਦਾ ਪਛਤਾਵਾ ਕਰਦਿਆਂ ਨੂਰਜਹਾਂ ਦੇ ਆਖੇ ਲੱਗ ਕੇ ਜਹਾਂਗੀਰ ਸਾਈਂ ਮੀਆਂ ਮੀਰ ਦਾ ਸੇਵਕ ਬਣ ਗਿਆ ਸੀ। ਸਿਸਤਾਨ ਵਾਸੀ ਇਹ ਸਾਈਂ ਹਿੰਦੋਸਤਾਨ ਆਇਆ ਤੇ ਫਿਰ ਏਥੋਂ ਦਾ ਹੀ ਹੋ ਕੇ ਰਹਿ ਗਿਆ। ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨਾਲ ਸਾਈਂ ਦਾ ਬਹੁਤ ਪ੍ਰੇਮ ਸੀ। ਗੁਰੂ ਰਾਮਦਾਸ ਦੇ ਸਮੇਂ ਜਦੋਂ ਸ੍ਰੀ ਹਰਿਮੰਦਿਰ ਸਾਹਿਬ ਦੀ ਉਸਾਰੀ ਹੋਣ ਲੱਗੀ ਤਾਂ ਗੁਰੂ ਸਾਹਿਬ ਨੇ ਨੀਂਹ ਦਾ ਪੱਥਰ ਪਾਕ ਰੂਹ ਦੇ ਮਾਲਿਕ ਸਾਈਂ ਮੀਆਂ ਮੀਰ ਦੇ ਹੱਥੋਂ ਰਖਵਾਇਆ ਸੀ। ਇਹ ਗੱਲ ਸਿੱਧ ਕਰਦੀ ਹੈ ਕਿ ਦਰਵੇਸ਼ ਸਾਰੇ ਮਜ਼ਹਬਾਂ ਦੇ ਸਾਂਝੇ ਹੁੰਦੇ ਹਨ। ਨੂਰਜਹਾਂ ਵੀ ਸਭ ਮਜ਼੍ਹਬਾਂ ਨੂੰ ਬਰਾਬਰ ਸਮਝਦੀ ਸੀ। ਉਹ ਕਿਸੇ ਨਾਲ ਵੀ ਭੇਦ ਭਾਵ ਵਾਲਾ ਵਰਤਾਓ ਨਹੀਂ ਸੀ ਕਰਦੀ।

ਜਦੋਂ ਸੰਨ 1635 ਵਿਚ ਹਜ਼ਰਤ ਮੀਆਂ ਮੀਰ ਨੇ ਵਫਾਤ ਪਾਈ। ਖ਼ਬਰ ਸੁਣਦੇ ਸਾਰ ਹੀ ਨੂਰਜਹਾਂ ਲਾਹੌਰ ਪਹੁੰਚੀ ਅਤੇ ਸਾਈਂ ਦਾ ਮਕਬਰਾ ਹਾਸ਼ਿਮਪੁਰਾ (ਲਾਹੌਰ) ਵਿਚ ਤਿਆਰ ਕਰਵਾਇਆ। ਸੋ ਨੂਰਜਹਾਂ ਉਹ ਬੇਗਮ ਬਾਦਸ਼ਾਹ ਸੀ ਜੋ ਮਰਦਾਂ ਵਾਲੇ ਸਾਰੇ ਕਾਰ ਵਿਹਾਰਾਂ ਵਿਚ ਮੂਹਰੇ ਸੀ। ਓਧਰ ਇਸਲਾਮੀ ਭਾਈਚਾਰੇ ਵਿਚ ਔਰਤਾਂ ਵਾਸਤੇ ਏਨੀ ਆਜ਼ਾਦੀ ਨਹੀਂ ਸੀ। ਹਿੰਦੂ ਭਾਈਚਾਰੇ ਵਿਚ ਵੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਬਹਿਣ ਖਲੋਣ ਦੀ ਮਨਾਹੀ ਸੀ। ਇਸ ਲਈ ਸ਼ਾਹੀ ਦਰਬਾਰ ਦੇ ਸਾਰੇ ਪਤਵੰਤੇ ਅਤੇ ਕਰਮਚਾਰੀ ਉਸ ਨਾਲ ਦਿਲੋਂ ਖ਼ਾਰ ਖਾਂਦੇ ਸਨ। ਸੈਨਾਪਤੀ ਮਹਾਬਤ ਖਾਂ ਨੇ ਤਾਂ ਬਗਾਵਤ ਹੀ ਕਰ ਦਿੱਤੀ ਸੀ। ਨੂਰਜਹਾਂ ਦੇ ਸੀਨੇ ਵਿਚ ਇਕ ਮਾਂ ਦਾ ਦਿਲ ਧੜਕਦਾ ਸੀ। ਉਹ ਰਾਜਗੱਦੀ ਉਤੇ ਆਪਣੇ ਬਾਅਦ ਆਪਣੇ ਪਹਿਲੇ ਪਤੀ ਸ਼ੇਰ ਅਫਗਾਨ ਵੇਲੇ ਹੋਈ ਧੀ ਦੇ ਪਤੀ ਸ਼ਹਿਰਿਯਾਰ ਨੂੰ, ਬਿਠਾਉਣਾ ਚਾਹੁੰਦੀ ਸੀ। ਸ਼ਹਿਜ਼ਾਦਾ ਖੁਰੱਮ ਉਹਦੇ ਖ਼ਿਆਲ ਵਿਚ ਗੱਦੀ ਦੇ ਅਯੋਗ ਸੀ। ਬੇਸ਼ੱਕ ਬਹੁਤੇ ਦਰਬਾਰੀ ਖੁਰੱਮ ਦੇ ਖ਼ੈਰ ਖਾਹ ਸਨ ਪਰ ਉਹ ਆਪਣੇ ਇਰਾਦੇ ਉਤੇ ਅਟੱਲ ਰਹੀ। ਉਹ ਇਸਤਰੀ ਜਾਤੀ ਦੀਆਂ ਮਜ਼ਬੂਰੀਆਂ ਨੂੰ ਸਹੀ ਸਹੀ ਸਮਝਦੀ ਸੀ ਅਤੇ ਪੁਰਸ਼ ਪ੍ਰਧਾਨ ਸਮਾਜ ਵਿਚ ਇਕ ਵੱਡੇ ਪਰਿਵਰਤਨ ਦੇ ਪੱਖ ਵਿਚ ਸੀ। ਪਰ ਮਧਕਾਲ ਵਿਚ ਤਾਂ ਅਖਾਉਤਾਂ ਬਣੀਆਂ ਹੋਈਆਂ ਸਨ:

ਕਰ ਦੇਊ ਗਜ ਵਰਗੀ ਜੇ ਮੁੜਕੇ ਬਰੋਬਰ ਬੋਲੀ।

ਤੇ ਨੂਰਜਹਾਂ ਇਕੱਲੀ ਸੀ ਜਿੰਨਾ ਚਿਰ ਰਹੀ ਮਰਦਾਂ ਬਰਾਬਰ ਬੋਲਦੀ ਰਹੀ।

# ਦੰਗਿਆਂ ਤੋਂ ਅੱਠ ਸਾਲ ਬਾਅਦ ਵੀ ਨੂਰੀ ਬੱਚਿਆਂ ਨੂੰ ਉਡੀਕਦੀ

**ਹਰਸ਼ ਮੰਦਰ**

ਸਾਲ 2002 'ਚ ਅਹਿਮਦਾਬਾਦ ਵਿਚ ਹੋਏ ਦੰਗਿਆਂ ਵਿਚ ਛੋਟੀ ਜਿਹੀ ਬੇਕਰੀ ਸੜ ਕੇ ਸੁਆਹ ਹੋ ਗਈ ਸੀ। ਅੱਜ ਅੱਠ ਸਾਲ ਬਾਅਦ ਵੀ ਉਹ ਬੰਦ ਹੈ। ਫਿਰ ਤੋਂ ਬਣਾਈ ਗਈ ਭੱਠੀ ਉਜਾੜ ਪਈ ਹੈ। ਹੁਣ ਕੋਈ ਵੀ ਗਾਹਕ ਉਥੋਂ ਆਟੇ ਦੇ ਬਿਸਕੁਟ ਅਤੇ ਬ੍ਰੈਡ ਖਰੀਦਣਾ ਨਹੀਂ ਚਾਹੁੰਦਾ, ਚਾਹੇ ਅਤੀਤ ਵਿਚ ਲੋਕ ਉਨ੍ਹਾਂ ਨੂੰ ਖੂਬ ਪਸੰਦ ਕਰਦੇ ਹੋਣਗੇ। ਜਦ ਇਕ ਦਹਾਕਾ ਪਹਿਲਾਂ ਉਨ੍ਹਾਂ ਨੇ ਬੇਕਰੀ ਸ਼ੁਰੂ ਕੀਤੀ ਸੀ, ਉਦੋਂ ਉਨ੍ਹਾਂ ਨੇ ਬੜੇ ਮਾਣ ਦੇ ਨਾਲ ਉਸਦਾ ਨਾਮ 'ਜੈਹਿੰਦ' ਰੱਖਿਆ ਸੀ। ਉਹ ਆਪਣੇ ਗੁਆਂਢੀਆਂ ਨੂੰ ਕਿਹਾ ਕਰਦੇ ਸਨ, 'ਲੋਕ ਆਪਣੀਆਂ ਦੁਕਾਨਾਂ ਦੇ ਨਾਮ ਦੇਵੀ-ਦੇਵਤਾਵਾਂ ਦੇ ਨਾਮ 'ਤੇ ਰਖਦੇ ਹਨ, ਪਰ ਮੈਂ ਆਪਣੇ ਦੇਸ਼ ਦੀ ਇੱਜਤ ਵਿਚ ਆਪਣੀ ਬੇਕਰੀ ਦਾ ਨਾਮ ਰਖਣਾ ਚਾਹੁੰਦਾ ਸੀ।' ਜਦੋਂ ਅਬਦੁਲ ਭਰਾ ਅਤੇ ਨੂਰੀ ਭੈਣ ਨੇ 1992 ਵਿਚ ਬੇਕਰੀ ਅਤੇ ਘਰ ਲਈ ਜ਼ਮੀਨ ਖਰੀਦੀ, ਉਦੋਂ ਉਨ੍ਹਾਂ ਨੂੰ ਇੱਕ ਪਲ ਲਈ ਵੀ ਇਹ ਚਿੰਤਾ ਨਹੀਂ ਹੋਈ ਕਿ ਹਿੰਦੂਆਂ ਦੀ ਬਸਤੀ ਠੱਕਰ ਨਗਰ ਵਿਚ ਉਹ ਇਕਮਾਤਰ ਮੁਸਲਿਮ ਹੋਣਗੇ। ਉਹ ਕਹਿੰਦੇ ਹਨ, 'ਉਸ ਵਕਤ ਸਾਡੇ ਗੁਆਂਢੀਆਂ ਦੇ ਮਨ ਵਿਚ ਸਾਡੇ ਲਈ ਕੋਈ ਭੇਦਭਾਵ, ਕੋਈ ਵੈਰ ਨਹੀਂ ਸੀ।' ਪਰ ਫਿਰ 2002 ਆਇਆ ਅਤੇ ਨਫਰਤ ਦੀ ਅੱਗ ਨੇ ਸਭ ਕੁਝ ਬਦਲ ਦਿੱਤਾ।

ਛੇ ਮਹੀਨੇ ਰਾਹਤ ਕੈਂਪ ਵਿਚ ਰਹਿਣ ਬਾਅਦ ਜਦ ਇਹ ਜੋੜਾ ਆਪਣੇ ਘਰ ਆਇਆ ਤਾਂ ਉਨ੍ਹਾਂ ਦੇ ਪਰਿਵਾਰ ਦੇ ਕਈ ਲੋਕ ਲਾਪਤਾ ਸਨ, ਉਨ੍ਹਾਂ ਦੀ ਜ਼ਿੰਦਗੀ ਭਰ ਦੀ ਕਮਾਈ ਸੁਆਹ ਹੋ ਚੁੱਕੀ ਸੀ। ਪਰ ਹੁਣ ਵੀ ਉਨ੍ਹਾਂ ਨੇ ਹਾਰ ਨਹੀਂ ਮੰਨੀ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਅੱਗ ਦੀ ਭੱਠੀ ਬਣਾਈ, ਕੁਝ ਪੈਸੇ ਉਧਾਰ ਲਏ ਅਤੇ 'ਜੈਹਿੰਦ' ਬੇਕਰੀ ਸ਼ੁਰੂ ਕਰ ਦਿੱਤੀ। ਪਰ ਮੁਸਲਿਮ ਝਗੜਿਆਂ ਦੇ ਚਲਦੇ ਉਨ੍ਹਾਂ ਦੀਆਂ ਬਣਾਈਆਂ ਚੀਜ਼ਾਂ ਵਿਕੀਆਂ ਹੀ ਨਹੀਂ। ਉਦੋਂ ਅਬਦੁੱਲ ਭਰਾ ਨੇ ਇਕ ਲੱਕੜੀ ਦੇ ਠੇਲੇ ਵਿਚ ਸਾਮਾਨ ਰੱਖ ਕੇ ਸ਼ਹਿਰ ਦੇ ਉਨ੍ਹਾਂ ਇਲਾਕਿਆਂ ਵਿਚ ਵੇਚਣਾ ਸ਼ੁਰੂ ਕੀਤਾ, ਜਿੱਥੇ ਉਨ੍ਹਾਂ ਦੀ ਮੁਸਲਿਮ ਪਹਿਚਾਣ ਤੋਂ ਕੋਈ ਜਾਣੂ ਨਹੀਂ ਸੀ। ਪਹਿਲਾਂ ਉਹ ਜਿੰਨਾ ਕਮਾਉਂਦੇ ਸਨ, ਹੁਣ ਉਹ ਉਸਦਾ ਇਕ ਹੀ ਹਿੱਸਾ ਕਮਾ ਪਾਉਂਦੇ ਸਨ। ਉਸ ਕਤਲੇਆਮ ਦੇ ਬਾਅਦ ਵੀ ਉਨ੍ਹਾਂ ਨੂੰ ਯਕੀਨ ਸੀ ਕਿ ਨਫਰਤ ਦੀ ਇਹ ਅੱਗ ਇਕ ਨਾ ਇਕ ਦਿਨ ਜ਼ਰੂਰ ਠੰਡੀ ਹੋ ਜਾਵੇਗੀ। ਪਰ ਅਬਦੁਲ ਅਤੇ ਨੂਰੀ ਹੁਣ ਮੋਦੀ ਦੇ 'ਜੀਵੰਤ' ਗੁਜਰਾਤ ਵਿਚ ਹਾਰ ਮੰਨ ਚੁੱਕੇ ਹਨ। ਉਨ੍ਹਾਂ ਵਿਚੋਂ ਜਿਆਦਾਤਰ ਆਪਣੇ ਨਸ਼ਟ ਹੋਏ ਮਕਾਨਾਂ ਉਪਰ ਛੱਤ ਨਹੀਂ ਪਾ ਸਕੇ ਹਨ। ਨੂਰੀ ਜਦੋਂ ਆਪਣੇ ਬਰਬਾਦ ਮਕਾਨ ਦਿਖਾਉਣ ਲੈ ਜਾਂਦੀ ਹੈ ਤਾਂ ਉਨ੍ਹਾਂ ਦੀ ਆਵਾਜ਼ ਕੰਬ ਰਹੀ ਹੁੰਦੀ ਹੈ। ਉਹ ਹੁਣ ਆਪਣੀ ਜਾਇਦਾਦ ਨੂੰ ਵੇਚ ਕੇ ਕਿਸੇ ਸੁਰਖਿਅਤ ਮੁਸਲਿਮ ਬਸਤੀ ਵਿਚ ਚਲੇ ਜਾਣਾ ਚਾਹੁੰਦੇ ਹਨ। ਪਰ ਲੋਕ ਜਾਣਦੇ ਹਨ ਕਿ ਉਹ ਆਪਣੀ ਜਾਇਦਾਦ ਨੂੰ ਵੇਚਣ ਦੇ ਲਈ ਕਿੰਨੇ ਉਤਸੁਕ ਹਨ ਅਤੇ ਇਸ ਲਈ ਬਾਜ਼ਾਰ ਭਾਅ ਦੇ ਇਕ ਹਿੱਸੇ ਤੋਂ ਜਿਆਦਾ ਕੀਮਤ ਨਹੀਂ ਚੁਕਾਉਣਾ ਚਾਹੁੰਦੇ।




2002 ਵਿਚ ਉਨ੍ਹਾਂ ਦਾ ਬਹੁਤ ਕੁਝ ਗੁਆਚ ਗਿਆ- ਉਨ੍ਹਾਂ ਦਾ ਧੰਦਾ, ਉਨ੍ਹਾਂ ਦਾ ਘਰ, ਪੈਸਾ ਜੋ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਵਿਆਹ ਕਰਨ ਲਈ ਇਕੱਠੇ ਕੀਤੇ ਸਨ, ਪਰ ਇਸਤੋਂ ਵੀ ਜਿਆਦਾ ਆਪਣੇ ਗੁਆਂਢੀਆਂ ਦੀ ਮਿੱਤਰਤਾ ਅਤੇ ਵਿਸ਼ਵਾਸ। ਸਭ ਤੋਂ ਵੱਡੀ ਤ੍ਰਾਸਦੀ ਇਹ ਸੀ ਕਿ ਉਹ ਆਪਣੇ ਦੋ ਬੱਚਿਆਂ ਨੂੰ ਵੀ ਗੁਆ ਚੁੱਕੇ ਸਨ। 28 ਫਰਵਰੀ 2002 ਦੀ ਸਵੇਰ ਤੋਂ ਹੀ ਉਨ੍ਹਾਂ ਦੇ ਰਿਸ਼ਤੇਦਾਰ ਅਹਿਮਦਾਬਾਦ ਦੇ ਅਲੱਗ ਹਿੱਸਿਆਂ ਤੋਂ ਹੱਤਿਆ, ਬਲਾਤਕਾਰ, ਲੁਟਮਾਰ ਅਤੇ ਖੋਹ-ਖਿੰਝ ਦੀਆਂ ਖਬਰਾਂ ਦੇ ਨਾਲ ਉਨ੍ਹਾਂ ਦੇ ਉਥੇ ਇਕੱਠੇ ਹੋਣ ਲੱਗੇ ਸਨ। ਉਨ੍ਹਾਂ ਦੇ ਹਿੰਦੂ ਗੁਆਂਢੀ ਰਾਜੇਂਦਰ ਜੋ ਪੇਸ਼ੇ ਤੋਂ ਵਕੀਲ ਸਨ, ਨੇ ਵੀ ਉਨ੍ਹਾਂ ਨੂੰ ਸੁਚੇਤ ਕੀਤਾ, ਪਰ ਉਹ ਇਸ ਗੱਲ 'ਤੇ ਟਿਕੇ ਸਨ ਕਿ ਉਨ੍ਹਾਂ ਦੇ ਗੁਆਂਢੀ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਣ ਦੇਣਗੇ। ਰਾਜੇਂਦਰ ਹੁਣ ਵੀ ਉਨ੍ਹਾਂ ਦੇ ਇਕ ਪੁੱਤਰ ਜਾਹਿਦ ਨੂੰ ਆਪਣੇ ਘਰ ਲੈ ਜਾਣ 'ਤੇ ਅੜੇ ਹੋਏ ਸਨ, ਜੋ ਉਸ ਵਕਤ ਬੇਕਰੀ ਵਿਚ ਕੰਮ ਕਰ ਰਿਹਾ ਸੀ। ਉਹ ਅਖੀਰ ਜਾਹਿਦ ਨੂੰ ਆਪਣੇ ਘਰ ਲੈ ਗਏ ਅਤੇ ਉਸਦੀ ਜਾਨ ਬਚ ਗਈ।

ਸ਼ਾਮ ਹੋ ਰਹੀ ਸੀ। ਅਬਦੁਲ ਬਿਸਕੁਟ ਬਣਾ ਰਿਹਾ ਸੀ ਅਤੇ ਨੂਰੀ ਆਪਣੇ ਡਰੇ ਹੋਏ ਰਿਸ਼ਤੇਦਾਰਾਂ ਲਈ ਖਾਣਾ ਪਕਾ ਰਹੀ ਸੀ। ਉਦੋਂ ਦੋ ਅਲਗ-ਅਲਗ ਦਿਸ਼ਾਵਾਂ ਤੋਂ ਭੀੜ ਉਸ ਇਕੱਲੇ ਮੁਸਲਿਮ ਘਰ ਅਤੇ ਦੁਕਾਨ 'ਤੇ ਟੁੱਟ ਪਈ। ਕੁਝ ਗੁਆਂਢੀਆਂ ਨੇ ਭੀੜ ਦੀ ਅਗਵਾਈ ਕਰਨ ਵਾਲਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਵਾਹਨਾਂ ਦੇ ਆਉਂਦੇ ਹੀ ਭੀੜ ਉਤੇਜਿਤ ਹੋ ਗਈ। ਹੁਣ ਰਿਸ਼ਤੇਦਾਰ ਅਤੇ ਪਰਿਵਾਰ ਦੇ ਲੋਕ ਅਲਗ-ਅਲਗ ਦਿਸ਼ਾਵਾਂ ਵਿਚ ਭੱਜਣ ਲੱਗੇ। ਦੇਰ ਰਾਤ ਗਏ ਭੀੜ ਤਾਂ ਖਿਲਰ ਗਈ, ਪਰ ਉਨ੍ਹਾਂ ਦੀ ਲਗਾਈ ਅੱਗ ਹੁਣ ਵੀ ਦਹਿਕ ਰਹੀ ਸੀ। ਅਬਦੁਲ ਅਤੇ ਨੂਰੀ ਆਪਣੇ ਛੋਟੇ ਬੇਟੇ ਅਲਾਦੀਨ ਦੇ ਨਾਲ ਰਾਜਮਾਰਗ ਅਤੇ ਫਿਰ ਬੱਸ ਸਟੈਂਡ ਵਲ ਭੱਜੇ। ਸਾਰੇ ਪਾਸੇ ਦਹਿਕਦੀ ਹੋਈ ਅੱਗ ਦੀ ਸਰਦ ਦਹਿਸ਼ਤ ਸੀ, ਖੂਨ-ਖਰਾਬੇ ਦੇ ਆਸਾਰ ਸਨ ਅਤੇ ਚੀਕਾਂ ਸਨ। ਬਸ ਸਟੈਂਡ 'ਤੇ ਉਨ੍ਹਾਂ ਨੂੰ ਇਹ ਦੇਖ ਕੇ ਰਾਹਤ ਮਿਲੀ ਕਿ ਉਨ੍ਹਾਂ ਦੀਆਂ ਦੋਵੇਂ ਬੇਟੀਆਂ ਇਕ ਕੋਨੇ ਵਿਚ ਉਨ੍ਹਾਂ ਦਾ ਇੰਤਜਾਰ ਕਰ ਰਹੀਆਂ ਸਨ, ਜੋ ਭੀੜ ਤੋਂ ਬਚ ਨਿਕਲੀਆਂ ਸਨ। ਉਹ ਪਹਿਲਾਂ ਆਪਣੇ ਇਕ ਹਿੰਦੂ ਮਿੱਤਰ ਠਾਕੁਰ ਦੇ ਘਰ ਇਹ ਬੇਨਤੀ ਕਰਨ ਪਹੁੰਚੇ ਕਿ ਉਹ ਉਨ੍ਹਾਂ ਦੀਆਂ ਦੋਵੇਂ ਬੇਟੀਆਂ ਨੂੰ ਆਪਣੇ ਕੋਲ ਸ਼ਰਣ ਦੇ ਦੇਣ। ਪਰ ਉਹ ਘਰ ਨਹੀਂ ਸੀ ਅਤੇ ਉਨ੍ਹਾਂ ਦੀ ਪਤਨੀ ਨੇ ਡਰ ਕਾਰਨ ਦਰਵਾਜਾ ਖੋਲਣ ਤੋਂ ਇਨਕਾਰ ਕਰ ਦਿੱਤਾ। ਪਰ ਜਦ ਉਹ ਆਪਣੇ ਦੂਜੇ ਹਿੰਦੂ ਦੋਸਤ ਰਾਮਭਰਾ ਕੋਲ ਪਹੁੰਚੇ ਤਾਂ ਕਿਸਮਤ ਨੇ ਉਨ੍ਹਾਂ ਦਾ ਸਾਥ ਦਿੱਤਾ। ਉਨ੍ਹਾਂ ਨੇ ਉਸ ਦਾ ਸਵਾਗਤ ਤਾਂ ਕੀਤਾ, ਪਰ ਉਹ ਇਸ ਨੂੰ ਲੈ ਕੇ ਚਿੰਤਤ ਵੀ ਸਨ ਕਿ ਭੀੜ ਦੁਆਰਾ ਜਲਦੀ ਹੀ ਉਨ੍ਹਾਂ ਦਾ ਘਰ ਲੱਭ ਲਿਆ ਜਾਵੇਗਾ ਕਿਉਂਕਿ ਕਈ ਲੋਕਾਂ ਨੂੰ ਉਨ੍ਹਾਂ ਦੀ ਆਪਸੀ ਦੋਸਤੀ ਬਾਰੇ ਪਤਾ ਸੀ। ਉਹ ਬਾਹਰ ਗਏ ਅਤੇ ਉਨ੍ਹਾਂ ਨੂੰ ਅਰਧ ਸੈਨਿਕ ਜਵਾਨਾਂ ਦੀ ਟੁਕੜੀ ਨਜ਼ਰ ਆਈ, ਜਿਨ੍ਹਾਂ 'ਤੇ ਉਨ੍ਹਾਂ ਨੂੰ ਇਥੋਂ ਦੀ ਪੁਲਿਸ ਨਾਲੋਂ ਜਿਆਦਾ ਵਿਸ਼ਵਾਸ ਸੀ। ਵਰਦੀ ਹਥਿਆਰਧਾਰੀ ਜਵਾਨ ਇਸ ਕੁਨਬੇ ਨੂੰ ਮੁਸਲਿਮ ਇਲਾਕੇ ਦੇ ਇਕ ਜੂਨੀਅਰ ਸਕੂਲ ਬਿਲਡਿੰਗ ਵਿਚ ਲੈ ਗਏ, ਜਿਥੇ ਉਨ੍ਹਾਂ ਦੇ ਸਮੁਦਾਏ ਨੂੰ ਇਕ ਰਾਹਤ ਕੈਂਪ ਵਿਚ ਤਬਦੀਲ ਕਰ ਰਖਿਆ ਸੀ।

ਉਨ੍ਹਾਂ ਦਾ ਪਹਿਲਾ ਕੰਮ ਸੀ ਇਸ ਬਿਪਤਾ ਦੇ ਚਲਦੇ ਬਿਖਰ ਗਏ ਆਪਣੇ ਪਰਿਵਾਰ ਨੂੰ ਫਿਰ ਤੋਂ ਇਕੱਠਾ ਕਰਨਾ। ਦੋਵੇਂ ਕੁੜੀਆਂ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੂੰ ਜਾਹਿਦ ਦੀ ਸੁਰਖਿਆ ਬਾਰੇ ਦੁਬਾਰਾ ਯਕੀਨ ਦਿਵਾਇਆ ਗਿਆ। ਪਰ ਵਾਹਿਦ ਅਤੇ ਸਾਇਰਾ ਦੀ ਹੁਣ ਵੀ ਕੋਈ ਖੈਰ-ਖ਼ਬਰ ਨਹੀਂ ਸੀ। ਦਿਨ ਗੁਜਰਦੇ ਗਏ। ਕੈਂਪ ਵਿਚ ਪਨਾਹ ਲੈਣ ਵਾਲੇ ਹਜਾਰਾਂ ਲੋਕਾਂ ਲਈ ਵਿਵਸਥਾਪਕਾਂ ਨੇ ਉਨ੍ਹਾਂ ਦੇ ਸੰਬੰਧੀਆਂ ਦੀ ਤਲਾਸ਼ ਲਈ ਵਾਹਨਾਂ ਦਾ ਇੰਤਜਾਰ ਕੀਤਾ। ਸੈਂਕੜਿਆਂ ਦੀ ਗਿਣਤੀ ਵਿਚ ਲੋਕ ਕੈਂਪ-ਦਰ-ਕੈਂਪ ਬਦਹਵਾਸੀ ਦੀ ਹਾਲਤ ਵਿਚ ਭਟਕਦੇ ਰਹੇ। ਸ਼ਾਹ ਆਲਮ ਜਿਹੇ ਕੁਝ ਉਦਮੀਆਂ ਨੇ 12 ਹਜਾਰ ਤੋਂ ਜ਼ਿਆਦਾ ਸ਼ਰਨਾਰਥੀਆਂ ਦਾ ਇੰਤਜਾਮ ਕਰਨਾ ਸੀ ਅਤੇ ਉਨ੍ਹਾਂ ਨੇ ਦਰਗਾਹ ਦੇ ਵੱਡੇ ਦਰਵਾਜੇ ਕੋਲ ਇਕ ਯੂਨਿਟ ਸਥਾਪਿਤ ਕਰ ਰਖਿਆ ਸੀ ਤਾਂ ਕਿ ਲੋਕਾਂ ਨੂੰ ਆਪਣੇ ਗੁਮਸ਼ੁਦਾ ਸੰਬੰਧੀਆਂ ਨਾਲ ਮਿਲਾਉਣ ਵਿਚ ਮਦਦ ਕੀਤੀ ਜਾ ਸਕੇ। ਅਬਦੁਲ ਅਤੇ ਨੂਰੀ ਉਥੇ ਮੌਜੂਦ ਹਜਾਰਾਂ ਬੱਚਿਆਂ ਦੇ ਚਿਹਰੇ ਪਰਖਦੇ ਰਹੇ, ਪਰ ਉਨ੍ਹਾਂ ਦੇ ਬੱਚੇ ਉਥੇ ਨਹੀਂ ਸਨ। ਲਾਚਾਰ ਮਾਂ-ਬਾਪ ਨੂੰ ਅਖੀਰ ਸਰਕਾਰੀ ਹਸਪਤਾਲ ਦੇ ਸ਼ਵ-ਗ੍ਰਹਿ ਵਿਚ ਮੌਜੂਦ ਉਨ੍ਹਾਂ ਲਾਸ਼ਾਂ ਵਿਚ ਆਪਣੇ ਬੱਚਿਆਂ ਦੀ ਤਲਾਸ਼ ਕਰਨ ਦੇ ਕੈਂਪ ਵਿਵਸਥਾਪਕਾਂ ਦੇ ਸੁਝਾਅ ਮੰਨਣ 'ਤੇ ਮਜਬੂਰ ਹੋਣਾ ਪਿਆ, ਜਿਨ੍ਹਾਂ ਦੀ ਹਾਲੇ ਤੱਕ ਸ਼ਨਾਖਤ ਨਹੀਂ ਕੀਤੀ ਜਾ ਸਕੀ ਸੀ। ਉਥੇ ਅਹਾਤੇ ਵਿਚ ਸੜੀਆਂ ਗਲੀਆਂ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਕਈਆਂ ਨੂੰ ਮਰੇ ਹੋਇਆਂ ਦੇ ਚਿਹਰੇ ਲੱਭਣੇ ਪਏ, ਜਿਸ ਵਿਚ ਕਈ ਸੜੇ ਹੋਏ ਸਨ ਜਾਂ ਚਾਕੂ ਦੇ ਜ਼ਖਮਾਂ ਨਾਲ ਬੁਰੀ ਤਰ੍ਹਾਂ ਜ਼ਖਮੀ ਸਨ। 'ਸਾਡੀ ਹਾਲਤ ਕੁਝ ਇਹੋ ਜਿਹੀ ਸੀ ਕਿ ਅਸੀਂ ਲਾਸ਼ਾਂ ਨੂੰ ਇਧਰ-ਉਧਰ ਸੁਟਣਾ ਸ਼ੁਰੂ ਕਰ ਦਿੱਤਾ ਅਤੇ ਇਦਾਂ ਕਰਦੇ ਵਕਤ ਸਾਨੂੰ ਇਹ ਵੀ ਭੁਲ ਗਿਆ ਕਿ ਉਹ ਸਾਡੇ ਜਿਹੇ ਹੀ ਲੋਕਾਂ ਦੇ ਪਿਆਰਿਆਂ ਦੀਆਂ ਲਾਸ਼ਾਂ ਸਨ।' ਪਰ ਉਨ੍ਹਾਂ ਨੂੰ ਕਦੇ ਵੀ ਉਨ੍ਹਾਂ ਦੇ ਬੱਚੇ ਨਹੀਂ ਮਿਲੇ। ਅੱਠ ਸਾਲਾਂ ਬਾਅਦ ਵੀ ਉਨ੍ਹਾਂ ਦੀ ਤਲਾਸ਼ ਹਾਲੇ ਖਤਮ ਨਹੀਂ ਹੋਈ ਤੇ ਕੌਣ ਜਾਣਦਾ ਹੈ ਕਿ ਉਨ੍ਹਾਂ ਦੀ ਇਹ ਤਲਾਸ਼ ਕਦੇ ਖਤਮ ਹੋਵੇਗੀ ਜਾਂ ਨਹੀਂ? ਉਹ ਅੱਜ ਵੀ ਲਾਚਾਰੀ ਹਨ ਤੇ ਹੰਝੂ ਵਹਾਉਂਦੇ ਹਨ: ''ਸਾਨੂੰ ਬਿਲਕੁਲ ਨਹੀਂ ਪਤਾ ਕਿ ਉਮੀਦ ਬਣਾਈ ਰੱਖੀਏ ਜਾਂ ਨਾਉਮੀਦ ਹੋ ਜਾਈਏ...!'

# ਮੁਸਲਮ ਹਿੰਸਾ 'ਤੇ ਖਾਮੋਸ਼ ਕਿਉਂ ਹੋ ਜਾਂਦੇ ਹਨ ਕਈ ਸੈਕੂਲਰ ਲੋਕ?

**ਬਲਬੀਰ ਪੁੰਜ**

ਵਿਵਾਦਪੂਰਨ ਚਿੱਤਰਕਾਰ ਐਮ. ਐਫ. ਹੁਸੈਨ ਦੇ ਬਚਾਅ ਵਿਚ ਲਗਾਤਾਰ ਖੜ੍ਹਾ ਰਹਿਣ ਵਾਲਾ ਸੈਕੂਲਰ ਧੜਾ ਪਿਛਲੇ ਦਿਨੀਂ ਕਿਤੇ ਨਜ਼ਰ ਨਹੀਂ ਆਇਆ, ਜਦੋਂ ਮੁਸਲਿਮ ਕੱਟੜਪੰਥੀਆਂ ਨੇ ਕਰਨਾਟਕ ਵਿਚ ਹੰਗਾਮਾ ਕੀਤਾ। ਕਰਨਾਟਕ ਪੁਲਿਸ ਨੇ ਦਬਾਅ ਵਿਚ ਆ ਕੇ 'ਕੰਨੜ ਪ੍ਰਭਾ' ਅਤੇ 'ਸਿਆਸਤ' ਨਾਮੀ ਅਖ਼ਬਾਰਾਂ ਵਿਰੁਧ ਲੋਕਾਂ ਦੀ ਧਾਰਮਿਕ ਭਾਵਨਾ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਦਰਜ ਕੀਤਾ ਹੈ।



ਪਿਛਲੇ ਦਿਨੀਂ ਮੁਸਲਿਮ ਕੱਟੜਪੰਥੀਆਂ ਦੀ ਭੀੜ ਮੰਗਲੌਰ ਵਿਚ ਸਥਿਤ 'ਕੰਨੜ ਪ੍ਰਭਾ' ਅਤੇ ਸ਼ਾਮ ਨੂੰ ਨਿਕਲਣ ਵਾਲੀ ਇਕ ਅਖ਼ਬਾਰ ਦੇ ਦਫ਼ਤਰ 'ਤੇ ਟੁੱਟ ਪਈ। ਪੈਟਰੋਲ ਬੰਬ ਸੁੱਟੇ ਗਏ ਤੇ ਖੂਬ ਭੰਨ-ਤੋੜ ਕੀਤੀ ਗਈ। ਪਰ ਪ੍ਰੈਸ ਦੀ ਆਜ਼ਾਦੀ ਦਾ ਝੰਡਾ ਚੁੱਕੀ ਫਿਰਨ ਵਾਲੇ ਕਿਤੇ ਨਜ਼ਰ ਨਹੀਂ ਆਏ। ਕਲਪਨਾ ਕਰੋ, ਜੇ ਇਸ ਭੰਨ-ਤੋੜ ਦੇ ਕਸੂਰਵਾਰ ਕਿਸੇ ਹਿੰਦੂ ਸੰਗਠਨ ਨਾਲ ਜੁੜੇ ਹੁੰਦੇ ਤਾਂ ਦੇਸ਼ ਭਰ ਵਿਚ ਕਿਹੋ ਜਿਹਾ ਹੰਗਾਮਾ ਕੀਤਾ ਹੁੰਦਾ। ਦੇਸ਼ ਦੀ ਜਿਸ ਬਹੁਲਤਾਵਾਦੀ ਸੱਭਿਅਤਾ 'ਤੇ ਸਾਨੂੰ ਮਾਣ ਹੈ, ਕੀ ਉਹ ਸੈਕੂਲਰਿਸਟਾਂ ਦੇ ਅਜਿਹੇ ਦੋਹਰੇ ਚਰਿੱਤਰ ਅਤੇ ਮੌਕਾਪ੍ਰਸਤ ਸਿਆਸਤ ਕਾਰਨ ਬਚ ਸਕੇਗੀ?

ਬੰਗਲਾਦੇਸ਼ ਦੀ ਜਲਾਵਤਨ ਲੇਖਿਕਾ ਤਸਲੀਮਾ ਨਸਰੀਨ ਨੂੰ ਸਾਰੇ ਫਸਾਦ ਦੀ ਜੜ੍ਹ ਦੱਸਿਆ ਜਾ ਰਿਹਾ ਹੈ। ਕੱਟੜਪੰਥੀਆਂ ਦੇ ਗੁੱਸੇ ਤੋਂ ਬਚਣ ਲਈ ਤਸਲੀਮਾ ਨੇ ਲੇਖ ਨਾਲ ਆਪਣਾ ਕੋਈ ਸੰਬੰਧ ਹੋਣ ਤੋਂ ਇਨਕਾਰ ਕੀਤਾ ਹੈ। ਕਥਿਤ ਤੌਰ 'ਤੇ ਉਸ ਦੇ ਇਕ ਲੇਖ ਕਾਰਨ ਹੀ ਹੁਣੇ-ਹੁਣੇ ਕਰਨਾਟਕ ਦੇ ਕਈ ਹਿੱਸਿਆਂ 'ਚ ਹਿੰਸਕ ਵਿਰੋਧ-ਮੁਜ਼ਾਹਰੇ ਹੋਏ।

ਦੈਨਿਕ 'ਕੰਨੜ ਪ੍ਰਭਾ' ਦੇ ਐਤਵਾਰੀ ਅੰਕ ਵਿਚ 'ਪਰਦਾ ਹੈ ਪਰਦਾ' ਸਿਰਲੇਖ ਨਾਲ ਛਪਿਆ ਲੇਖ ਤਸਲੀਮਾ ਨੇ ਅਸਲ ਵਿਚ 2007 ਵਿਚ ਲਿਖਿਆ ਸੀ। 'ਕੰਨੜ ਪ੍ਰਭਾ' ਵਿਚ ਛਪਿਆ ਲੇਖ ਉਸਦਾ ਅਨੁਵਾਦ ਹੈ। ਅਸਲੀ ਸਥਿਤੀ ਜੋ ਵੀ ਹੋਵੇ, ਵਿਵਾਦ ਦੀ ਜੜ੍ਹ 'ਚ ਮੁਸਲਿਮ ਔਰਤਾਂ ਵਲੋਂ ਪਹਿਨਿਆ ਜਾਣ ਵਾਲਾ ਬੁਰਕਾ ਹੀ ਹੈ। ਸਭ ਤੋਂ ਪਹਿਲਾਂ ਉਰਦੂ ਅਖ਼ਬਾਰ 'ਸਿਆਸਤ' 'ਚ ਹੀ ਮੁਸਲਮਾਨਾਂ ਵਿਰੁਧ 'ਕੰਨੜ ਪ੍ਰਭਾ' ਵਿਚ ਅਪਮਾਨਜਨਕ ਲੇਖ ਛਪਣ ਦੀ ਰਿਪੋਰਟ ਛਪੀ ਸੀ। 'ਸਿਆਸਤ' ਦਾ ਕਰਨਾਟਕ ਐਡੀਸ਼ਨ ਕਾਂਗਰਸੀ ਨੇਤਾ ਰੋਸ਼ਨ ਬੇਗ ਵਲੋਂ ਚਲਾਇਆ ਜਾਂਦਾ ਹੈ।

ਕੀ ਭਾਰਤ ਅਜਿਹੀ ਅਸਹਿਣਸ਼ੀਲਤਾ ਨੂੰ ਬਰਦਾਸ਼ਤ ਕਰਕੇ 'ਭਾਰਤ' ਬਣਿਆ ਰਹਿ ਸਕਦਾ ਹੈ? ਭਾਰਤ ਆਪਣੀ ਸਹਿਣਸ਼ੀਲਤਾ ਲਈ ਜਾਣਿਆ ਜਾਂਦਾ ਹੈ। ਇਸ ਦੇਸ਼ ਵਿਚ ਜਿੱਥੇ ਇਕ ਪਾਸੇ ਹਿੰਦੁਤਵ 'ਚੋਂ ਹੀ ਨਿਕਲੇ ਬੁੱਧ-ਜੈਨ ਫਿਰਕੇ ਵਧੇ-ਫੁੱਲੇ, ਉਥੇ ਹੀ ਇਸਾਈਅਤ ਅਤੇ ਇਸਲਾਮ ਨੂੰ ਵੀ ਵਧਣ-ਫੁੱਲਣ ਦਾ ਬਰਾਬਰ ਮੌਕਾ ਮਿਲਿਆ।

ਖੁਦ ਹਿੰਦੂ ਧਰਮ ਵਿਚ ਕਈ ਤਰ੍ਹਾਂ ਦੇ ਦਰਸ਼ਨ ਹੋਂਦ 'ਚ ਹਨ, ਜੋ ਆਪਣੀ ਆਸਤਿਕ ਜਾਂ ਨਾਸਤਿਕ ਵਿਚਾਰਧਾਰਾ ਨਾਲ ਚੱਲ ਰਹੇ ਹਨ। ਖਜੁਰਾਹੋ ਅਤੇ ਕੋਨਾਰਕ ਦੇ ਮੰਦਿਰਾਂ ਦੀਆਂ ਕੰਧਾਂ 'ਤੇ ਨਗਨ ਮੂਰਤੀਆਂ ਉੱਕਰੀਆਂ ਗਈਆਂ ਹਨ।


ਕਾਮ ਸ਼ਾਸਤਰ ਦੇ ਪ੍ਰਣੇਤਾ ਵਾਤਸਯਾਯਨ ਨੂੰ ਮਹਾਰਿਸ਼ੀ ਦੇ ਰੂਪ ਵਿਚ ਦੇਖਿਆ ਗਿਆ। ਇਹੀ ਹਿੰਦੁਤਵ ਹੈ ਅਤੇ ਸਾਨੂੰ ਆਪਣੀ ਆਸਥਾ, ਪੂਜਾ ਅਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਮਾਣ ਹੈ ਪਰ ਪ੍ਰਗਟਾਵੇ ਦੀ ਆਜ਼ਾਦੀ ਦਾ ਮਤਲਬ ਇਹ ਨਹੀਂ ਕਿ ਅਸੀਂ ਦੂਜੇ ਫਿਰਕੇ ਦੀਆਂ ਮਾਨਤਾਵਾਂ ਦਾ ਮਜ਼ਾਕ ਉਡਾਈਏ।

ਚਿੱਤਰਕਾਰ ਫਿਦਾ ਹੁਸੈਨ ਦਾ ਬਚਾਅ ਕਰਨ ਵਾਲਿਆਂ ਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਜੇ ਹੁਸੈਨ ਨੂੰ ਪ੍ਰਗਟਾਵੇ ਦੀ ਆਜ਼ਾਦੀ ਮਿਲੀ ਹੋਈ ਹੈ ਤਾਂ ਦੂਜਿਆਂ ਨੂੰ ਵੀ ਸ਼ਾਂਤਮਈ ਢੰਗ ਨਾਲ ਉਨ੍ਹਾਂ ਵਲੋਂ ਕੀਤੀ ਗਈ 'ਗਲਤੀ' ਦਾ ਵਿਰੋਧ ਕਰਨ ਦਾ ਅਧਿਕਾਰ ਹੈ।

ਸਭ ਤੋਂ ਵੱਡਾ ਸਵਾਲ ਇਹ ਵੀ ਹੈ ਕਿ ਹੁਸੈਨ ਦੀ ਚਿੱਤਰਕਾਰੀ ਹਿੰਦੂਆਂ ਦੇ ਮਾਨਬਿੰਦੂਆਂ ਦਾ ਅਪਮਾਨ ਕਰਨ ਦੀ ਜੁਰਅੱਤ ਤਾਂ ਕਰਦੀ ਹੈ ਪਰ ਪ੍ਰਗਟਾਵੇ ਦੀ ਇਹੀ ਆਜ਼ਾਦੀ ਇਸਾਈਅਤ ਜਾਂ ਇਸਲਾਮ ਦੇ ਦਰਵਾਜ਼ੇ ਤਕ ਕਦੇ ਕਿਉਂ ਨਹੀਂ ਪਹੁੰਚਦੀ? ਕੀ ਇਸ ਦਾ ਕਾਰਨ ਇਹ ਨਹੀਂ ਕਿ ਹਿੰਦੂ ਸਹਿਣਸ਼ੀਲ ਹੈ?

ਭਾਰਤ ਸਰਕਾਰ ਵਲੋਂ ਪੂਰੀ ਸੁਰੱਖਿਆ ਦਾ ਭਰੋਸਾ ਮਿਲਣ ਦੇ ਬਾਵਜੂਦ ਹੁਸੈਨ ਦਾ ਭਾਰਤ ਆਉਣ ਤੋਂ ਇਨਕਾਰ ਕਰਨਾ ਸਮਝ ਤੋਂ ਪਰ੍ਹੇ ਹੈ। ਉਨ੍ਹਾਂ ਵਿਰੁਧ ਅਦਾਲਤਾਂ ਵਿਚ ਪੈਂਡਿੰਗ ਮੁਕੱਦਮੇ ਵੀ ਖਾਰਿਜ ਕਰ ਦਿੱਤੇ ਗਏ ਹਨ। ਅਸਲ ਵਿਚ ਉਨ੍ਹਾਂ ਨੇ ਜਿਸ ਦੇਸ਼ ਦੀ ਨਾਗਰਿਕਤਾ ਕਬੂਲ ਕੀਤੀ ਹੈ, ਉਸ ਤੋਂ ਵੀ ਉਨ੍ਹਾਂ ਦੀ ਮਾਨਸਿਕਤਾ ਦਾ ਪਤਾ ਲੱਗਦਾ ਹੈ।

ਕੀ ਕਤਰ ਪ੍ਰਗਟਾਵੇ ਦੀ ਆਜ਼ਾਦੀ ਲਈ ਢੁੱਕਵਾਂ ਦੇਸ਼ ਹੈ? ਕਤਰ ਦੀ ਨਾਗਰਿਕਤਾ ਕਬੂਲਣ ਪਿੱਛੇ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਕਤਰ ਦੇ ਰਾਜਘਰਾਣੇ ਨਾਲ ਹੁਸੈਨ ਦੇ ਪੁਰਾਣੇ ਸੰਬੰਧ ਹਨ ਪਰ ਇੱਥੇ ਇਸ ਗੱਲ ਦਾ ਖੁਲਾਸਾ ਨਹੀਂ ਹੋ ਰਿਹਾ ਕਿ ਕਤਰ ਵਿਚ ਕੀ ਹੁਸੈਨ ਨੂੰ ਆਪਣੀ ਇੱਛਾ ਮੁਤਾਬਿਕ ਚਿੱਤਰਕਾਰੀ ਕਰਨ ਦੀ ਖੁੱਲ੍ਹ ਮਿਲੇਗੀ?



ਤਸਲੀਮਾ ਦਾ ਮਾਮਲਾ: ਭਾਰਤ ਵਿਚ ਤਸਲੀਮਾ ਨਸਰੀਨ ਦਾ ਮਾਮਲਾ ਵੱਖਰਾ ਹੈ। ਹਰੇਕ ਮੁਸਲਮਾਨ ਤਸਲੀਮਾ ਨੂੰ ਭਾਰਤ ਵਿਚ ਸੁਰੱਖਿਆ ਤੇ ਪਨਾਹ ਦੇਣ ਦੇ ਵਿਰੁਧ ਹੈ। ਆਪੇ ਬਣੇ ਸੈਕੂਲਰਿਸਟਾਂ ਦੇ ਗ੍ਰਹਿ ਨਗਰ ਕੋਲਕਾਤਾ ਤੋਂ ਉਨ੍ਹਾਂ ਨੂੰ ਰਾਤੋ-ਰਾਤ ਆਪਣਾ ਬੋਰੀਆ-ਬਿਸਤਰਾ ਬੰਨ੍ਹ ਕੇ ਪਲਾਇਨ ਕਰਨ ਲਈ ਮਜਬੂਰ ਕੀਤਾ ਗਿਆ। ਹੈਦਰਾਬਾਦ 'ਚ ਤਾਂ ਉਨ੍ਹਾਂ 'ਤੇ ਜਾਨਲੇਵਾ ਹਮਲਾ ਤਕ ਹੋਇਆ।

ਉਨ੍ਹਾਂ ਨੂੰ ਧਮਕੀ ਦਿੱਤੀ ਗਈ ਕਿ ਜੇ ਦੁਬਾਰਾ ਇਧਰ ਆਉਣ ਦੀ ਕੋਸ਼ਿਸ਼ ਕੀਤੀ ਤਾਂ ਜਾਨ ਤੋਂ ਹੱਥ ਧੋਣੇ ਪੈਣਗੇ। ਕਰਨਾਟਕ ਦੇ ਸ਼ਿਮੋਗਾ ਅਤੇ ਹਾਸਨ ਵਿਚ ਜੋ ਕੁਝ ਹੋਇਆ, ਉਹ ਚਿੰਤਾਜਨਕ ਹੈ। ਕਠਮੁੱਲਿਆਂ ਦੀ ਭੀੜ ਅੱਗੇ ਸਰਕਾਰ ਦਾ ਗੋਡੇ ਟੇਕਣਾ ਸੈਕੂਲਰਿਸਟਾਂ ਦੇ ਦੋਹਰੇ ਚਰਿੱਤਰ ਨੂੰ ਹੀ ਜ਼ਾਹਿਰ ਕਰਦਾ ਹੈ। ਹੁਸੈਨ ਦੇ ਪੱਖ ਵਿਚ ਸੈਕੂਲਰਿਸਟਾਂ ਦਾ ਖੜ੍ਹੇ ਹੋਣਾ ਅਤੇ ਤਸਲੀਮਾ ਦੇ ਮਾਮਲੇ ਵਿਚ ਉਨ੍ਹਾਂ ਦਾ ਚੁੱਪ ਰਹਿਣਾ ਹੋਰ ਕੀ ਇਸ਼ਾਰਾ ਕਰਦਾ ਹੈ? ਹੁਸੈਨ ਦਾ ਬਚਾਅ ਕਰਨ ਵਾਲੇ ਪ੍ਰਗਟਾਵੇ ਦੀ ਆਜ਼ਾਦੀ ਦਾ ਸਵਾਲ ਖੜ੍ਹਾ ਕਰਦੇ ਹਨ। ਸੈਕੂਲਰਿਸਟਾਂ ਦੇ ਦੋਗਲੇਪਨ ਤੋਂ ਹੀ ਕਠਮੁੱਲਿਆਂ ਦੀ ਪਿਛਾਂਹ ਖਿੱਚੂ ਮਾਨਸਿਕਤਾ ਦੀ ਪੁਸ਼ਟੀ ਹੁੰਦੀ ਹੈ। ਇਸੇ ਮਾਨਸਿਕਤਾ ਨੇ ਦੇਸ਼ ਦਾ ਬਟਵਾਰਾ ਕਰਵਾਇਆ ਸੀ। ਇਕ ਵਾਰ ਫਿਰ ਵੱਖਵਾਦ ਦਾ ਮੁੱਦਾ ਕੌਮੀ ਬਹਿਸ ਦੇ ਕੇਂਦਰ 'ਚ ਹੈ। ਪਰ ਸਵਾਲ ਇਹ ਹੈ ਕਿ ਉਹ ਕਿਹੜੀ ਮਾਨਸਿਕਤਾ ਹੈ, ਜੋ ਮੁਸਲਮਾਨਾਂ ਦੇ ਇੱਕ ਵੱਡੇ ਵਰਗ ਵਿਚ ਵੱਖਵਾਦ ਪੈਦਾ ਕਰਦੀ ਹੈ? ਕੀ ਇਹ ਸਹੀ ਨਹੀਂ ਕਿ ਵੱਖਵਾਦੀ ਮਾਨਸਿਕਤਾ ਨੂੰ ਪਾਲੇ ਜਾਣ ਦੀ ਘਿਨੌਣੀ ਨੀਤੀ ਕਾਰਨ ਹੀ ਇਹ ਮਜ਼੍ਹਬੀ ਜਨੂੰਨ ਸੱਭਿਅਕ ਸਮਾਜ ਲਈ ਖ਼ਤਰਾ ਬਣ ਕੇ ਸਾਹਮਣੇ ਆਉਂਦਾ ਰਿਹਾ ਹੈ?

ਅਜਿਹੀ ਘਿਨੌਣੀ ਸੈਕੂਲਰ ਨੀਤੀ ਦੇ ਚੱਲਦਿਆਂ ਭਾਰਤ ਦੀ ਬਹੁਲਤਾਵਾਦੀ ਸੱਭਿਅਤਾ ਦਾ ਖ਼ਤਰੇ ਵਿਚ ਪੈਣਾ ਲਾਜ਼ਮੀ ਹੈ।



## ਬਾਲੀਵੁੱਡ ਦੇ 'ਸ਼ੋਅਮੈਨ' ਦਾ ਇਨ੍ਹੀਂ ਦਿਨੀਂ ਧਿਆਨ ਫਿਲਮ ਨਿਰਮਾਣ ਵਲ

ਬਾਲੀਵੁੱਡ ਦੇ 'ਸ਼ੋਅਮੈਨ' ਵਜੋਂ ਜਾਣੇ ਜਾਂਦੇ ਫਿਲਮਕਾਰ ਸੁਭਾਸ਼ ਘਈ ਨੇ ਕਿਹਾ ਹੈ ਕਿ ਡਾਇਰੈਕਟਰ ਵਜੋਂ ਉਸ ਦੀ ਅਗਲੀ ਫਿਲਮ ਇਕ ਹਲਕੀ-ਫੁਲਕੀ ਹਾਸਰਸ ਕਹਾਣੀ ਉਤੇ ਆਧਾਰਤ ਹੋਵੇਗੀ। ਗੌਰਤਲਬ ਹੈ ਕਿ ਘਈ ਅੱਜ ਕੱਲ੍ਹ ਬਹੁਤੀ ਤਵੱਜੋਂ ਫਿਲਮਾਂ ਦੇ ਨਿਰਮਾਣ ਕਰਨ ਵਲ ਦੇ ਰਹੇ ਹਨ ਤੇ ਡਾਇਰੈਕਸ਼ਨ ਘੱਟ ਫਿਲਮਾਂ ਨੂੰ ਦੇ ਰਹੇ ਹਨ।

ਉਨ੍ਹਾਂ ਦੀਆਂ ਡਾਇਰੈਕਟਰ ਵਜੋਂ ਆਖਰੀ ਫਿਲਮਾਂ 'ਯੁਵਰਾਜ' ਅਤੇ 'ਬਲੈਕ ਐਂਡ ਵਾਈਟ' ਸਨ ਜਿਹੜੀਆਂ ਮਨੁੱਖੀ ਡਰਾਮੇ ਉਤੇ ਆਧਾਰਤ ਸਨ। ਘਈ ਨੇ ਆਪਣੀ ਆਖਰੀ ਫਿਲਮ 2008 ਵਿਚ ਸਲਮਾਨ ਖਾਨ ਤੇ ਕੈਟਰੀਨਾ ਕੈਫ ਨੂੰ ਲੈ ਕੇ ਡਾਇਰੈਕਟ ਕੀਤੀ ਸੀ ਪਰ ਇਹ ਨਾ ਦਰਸ਼ਕਾਂ ਦਾ ਧਿਆਨ ਖਿੱਚ ਸਕੀ ਤੇ ਨਾ ਹੀ ਆਲੋਚਕਾਂ ਦਾ। ਉਹ ਇਕ ਵਾਰੀ ਫੇਰ ਡਾਇਰੈਕਟਰ ਵਜੋਂ ਹੱਥ ਅਜਮਾਉਣ ਦਾ ਇਰਾਦਾ ਕਰ ਰਹੇ ਹਨ ਅਤੇ ਉਨ੍ਹਾਂ ਦਾ ਇਰਾਦਾ ਮੁਕੰਮਲ ਮਨੋਰੰਜਕ ਫਿਲਮ ਬਣਾਉਣ ਦਾ ਹੈ।

ਉਨ੍ਹਾਂ ਕਿਹਾ, 'ਮੇਰੀ ਅਗਲੀ ਫਿਲਮ ਹਾਸਰਸ ਹੋਵੇਗੀ। ਹਾਲੇ ਇਸ ਦੀ ਕਹਾਣੀ ਲਿਖੀ ਜਾ ਰਹੀ ਹੈ ਤੇ ਫਿਲਮ ਮੁਕੰਮਲ ਹੋਣ ਨੂੰ ਹੋਰ ਛੇ ਮਹੀਨੇ ਲੱਗ ਜਾਣਗੇ।'' ਇਹ 65 ਸਾਲਾ ਫਿਲਮਕਾਰ ਇਸਤੋਂ ਪਹਿਲਾਂ 'ਹੀਰੋ' 'ਪਰਦੇਸ' ਤੇ 'ਤਾਲ' ਵਰਗੀਆਂ ਸੁਪਰਹਿੱਟ ਫਿਲਮਾਂ ਦਰਸ਼ਕਾਂ ਨੂੰ ਦੇ ਚੁੱਕੇ ਹਨ ਜਿਹੜੀਆਂ 1980ਵਿਆਂ ਤੇ 90ਵਿਆਂ ਵਿਚ ਬਣੀਆਂ ਸਨ।

ਹੁਣ ਉਹ ਫਿਲਮਾਂ ਦੀ ਡਾਇਰੈਕਸ਼ਨ ਨਾਲੋਂ ਪ੍ਰੋਡਕਸ਼ਨ ਨੂੰ ਵਧ ਤਵੱਜੋਂ ਦੇ ਰਹੇ ਹਨ। ਉਨ੍ਹਾਂ ਦੀ ਪ੍ਰੋਡਿਊਸਰ ਵਜੋਂ ਹਾਲੀਆ ਫਿਲਮ ਸੰਨੀ ਦਿਉਲ ਦੀ 'ਰਾਈਟ ਯਾ ਰੌਂਗ' ਹੈ ਜਿਹੜੀ 13 ਮਾਰਚ ਨੂੰ ਰਿਲੀਜ਼ ਹੋਈ ਹੈ।

ਉਨ੍ਹਾਂ ਕਿਹਾ, ''ਮੇਰਾ ਪ੍ਰੋਡਕਸ਼ਨ ਅਦਾਰਾ ਮੁਕਤਾ ਆਰਟਸ ਇਕ ਨਿੱਜੀ ਲਿਮਟਿਡ ਕੰਪਨੀ ਹੈ ਤੇ ਸਾਡੀਆਂ ਆਪਣੇ ਨਿਵੇਸ਼ਕਾਂ ਪ੍ਰਤੀ ਕੁਝ ਵਚਨਬੱਧਤਾਵਾਂ ਹਨ। ਇਸ ਲਈ ਸਾਨੂੰ ਫਿਲਮਾਂ ਬਣਾਉਂਦੇ ਰਹਿਣ ਦੀ ਲੋੜ ਹੈ ਭਾਵੇਂ ਇਸ ਕਾਰਨ ਮੈਂ ਘੱਟ ਫਿਲਮਾਂ ਦਾ ਨਿਰਦੇਸ਼ਨ ਦੇ ਸਕਾਂ।'' ਉਨ੍ਹਾਂ ਦੀ 'ਰਾਈਟ ਯਾ ਰੌਂਗ' ਨੂੰ ਨੀਰਜ ਪਾਠਕ ਨੇ ਡਾਇਰੈਕਟ ਕੀਤਾ ਹੈ ਜਿਸ ਵਿਚ ਇਰਫਾਨ ਖਾਨ, ਕੋਂਕਣਾ ਸੇਨ ਅਤੇ ਸੰਨੀ ਨਾਲ ਈਸ਼ਾ ਕੋਪੀਕਰ ਹੈ।

ਸੁਭਾਸ਼ ਘਈ ਨੇ ਕਿਹਾ, ''ਮੈਂ ਲੋਕਾਂ ਅਤੇ ਮੀਡੀਆ ਦੇ ਪ੍ਰਤੀਕਰਮ ਤੋਂ ਖੁਸ਼ ਹਾਂ। ਲੋਕ ਕਹਿ ਰਹੇ ਹਨ ਕਿ ਇਹ ਇਕ ਅਜਿਹੀ ਫਿਲਮ ਹੈ ਜਿਹੜੀ ਆਪਣੇ ਪ੍ਰੋਪੋਜ਼ ਨਾਲੋਂ ਵਧੀਆ ਨਿਕਲੀ ਹੈ, ਘਟੀਆ ਨਹੀਂ। ਆਈ.ਪੀ.ਐਲ. ਕਰ ਕੇ ਇਸ ਦੀ ਸ਼ੁਰੂਆਤ ਭਾਵੇਂ ਵਧੀਆ ਨਹੀਂ ਰਹੀ ਪਰ ਮੈਨੂੰ ਉਮੀਦ ਹੈ ਕਿ ਇਹ ਛੇਤੀ ਹੀ ਵਧੀਆ ਕਾਰਗੁਜ਼ਾਰੀ ਦਿਖਾਵੇਗੀ।'' ਘਈ ਨੇ ਕਿਹਾ ਕਿ ਉਹ ਇਕ ਖਾਸ ਖੇਤਰ ਜਾਂ ਵਿਸ਼ੇ ਨੂੰ ਲੈ ਕੇ ਹੀ ਫਿਲਮਾਂ ਨਹੀਂ ਬਣਾ ਰਹੇ ਸਗੋਂ ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹੀਂ ਦਿਨੀਂ ਬਾਲੀਵੁੱਡ ਦਾ ਮੁੱਖ ਮਸਾਲਾ ਵੰਨਸੁਵੰਨਤਾ ਹੈ।'' ਉਨ੍ਹਾਂ ਕਿਹਾ, ''ਇਨ੍ਹੀਂ ਦਿਨੀਂ ਬਾਲੀਵੁੱਡ ਵਿਚ ਪਹਿਲਾਂ ਨਾਲੋਂ ਕਿਤੇ ਵਧ ਵੰਨਸੁਵੰਨਤਾ ਦਿਖਾਈ ਦੇ ਰਹੀ ਹੈ। ਮੇਰੀ ਕੰਪਨੀ ਨੇ ਹਰ ਕਿਸਮ ਦੀਆਂ ਫਿਲਮਾਂ ਬਣਾਈਆਂ ਹਨ ਜਿਵੇਂ 'ਇਤਰਾਜ਼', 'ਇਕਬਾਲ' ਅਤੇ 'ਕਿਸਾਨ'। ਜਦੋਂ ਕਿ ਨੀਰਜ ਇਸ ਥਰਿਲਰ ਫਿਲਮ ਦੀ ਤਜਵੀਜ਼ ਲੈ ਕੇ ਆਇਆ ਤੇ ਉਸਨੇ ਸੰਨੀ ਨੂੰ ਪਹਿਲਾਂ ਹੀ ਇਸ ਲਈ ਤਿਆਰ ਕੀਤਾ ਹੋਇਆ ਸੀ ਤਾਂ ਮੈਂ ਇਸ ਉਤੇ ਪੈਸੇ ਖਰਚਣ ਲਈ ਤਿਆਰ ਹੋ ਗਿਆ।''

## ਜਲਦੀ ਕੀਤੇ ਪੈਰ ਨਹੀਂ ਛੱਡਦੀ ਪ੍ਰੀਤੀ ਜਿੰਟਾ



ਪ੍ਰੀਤੀ ਜਿੰਟਾ ਅੱਜ ਕੱਲ੍ਹ ਸੁਰਖੀਆ ਵਿਚ ਹੈ। ਮਹਿਜ਼ ਆਈ ਪੀ ਐਲ ਦੇ ਕਾਰਨ ਹੀ ਨਹੀਂ, ਬਲਕਿ ਆਪਣੇ ਇਕ ਦੋਸਤ ਦੀ ਮਦਦ ਕਰਨ ਦੇ ਲਈ ਵੀ। ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਪ੍ਰੀਤੀ ਨੇ ਇਕ ਇਹੋ ਜਿਹੀ ਚੀਜ਼ ਵਿਚ ਦਖਲ ਦਿੱਤਾ ਹੋਵੇ, ਜਿਸ ਵਿਚ ਉਸ ਦਾ ਗਹਿਰਾ ਵਿਸ਼ਵਾਸ ਹੈ। ਯਾਦ ਕਰੋ ਜਦ ਉਸ ਨੂੰ ਧਮਕੀ ਭਰੇ ਫੋਨ ਆ ਰਹੇ ਸਨ ਅਤੇ ਉਸ ਨੇ ਪੁਲਿਸ ਸਟੇਸ਼ਨ ਵਿਚ ਇਸਦੀ ਸ਼ਿਕਾਇਤ ਦਰਜ ਕਰਾਈ ਸੀ। ਉਦੋਂ ਮੀਡੀਆ ਨੇ ਉਸ ਨੂੰ ਫਿਲਮ ਇੰਡਸਟਰੀ ਦਾ ਇੱਕ ਮਾਤਰ 'ਮਰਦ' ਕਿਹਾ ਸੀ। ਪਰ ਉਸ ਨੇ ਕਦੇ ਵੀ ਇਸਦੇ ਬਾਰੇ ਗੱਲ ਨਹੀਂ ਕੀਤੀ, ਠੀਕ ਉਸੇ ਤਰ੍ਹਾਂ ਹੀ, ਜਿਵੇਂ ਉਸ ਨੇ ਕਦੇ ਇਸ ਬਾਰੇ ਕੁਝ ਨਹੀਂ ਦੱਸਿਆ ਉਹ ਅਤੇ ਉਸ ਦਾ ਦੋਸਤ ਨੇਸ ਵਾਡੀਆ ਆਖਿਰਕਾਰ ਅਲਗ ਕਿਉਂ ਹੋ ਗਏ ਹਨ। ਜੋ ਲੋਕ ਪ੍ਰੀਤੀ ਦੇ ਨਜ਼ਦੀਕ ਹਨ, ਉਹ ਸ਼ਾਨਦਾਰ ਅਮਰੋਹੀ ਪਰਿਵਾਰ ਨਾਲ ਉਸ ਦੇ ਸਾਲਾਂ ਪੁਰਾਣੇ ਰਿਸ਼ਤਿਆਂ ਨੂੰ ਜਾਣਦੇ ਹੋਣਗੇ। ਪ੍ਰਸਿੱਧ ਫਿਲਮ ਨਿਰਦੇਸ਼ਕ-ਲੇਖਕ ਕਮਾਲ ਅਮਰੋਹੀ ਦੇ ਬੇਟੇ 66 ਸਾਲਾ ਸ਼ਾਨਦਾਰ ਆਪਣੀ ਭੈਣ ਰੁਖ਼ਸਾਰ ਅਤੇ ਭਤੀਜੇ ਦੇ ਨਾਲ ਵਿਰਾਸਤੀ ਜਾਇਦਾਦ ਦੇ ਲਈ ਲੰਬੇ ਸਮੇਂ ਤੋਂ ਕਾਨੂੰਨੀ ਲੜਾਈ ਲੜ ਰਹੇ ਸਨ ਅਤੇ ਪ੍ਰੀਤੀ ਨੇ ਉਸ ਦੀ ਮਦਦ ਕਰਨ ਦਾ ਫੈਸਲਾ ਕਰ ਲਿਆ। ਮਾਮਲਾ ਉਦੋਂ ਵਧ ਗਿਆ, ਜਦੋਂ ਸ਼ਾਨਦਾਰ ਨੇ ਪ੍ਰੀਤੀ ਨੂੰ ਆਪਣਾ ਵਾਰਸ ਦਸਦੇ ਹੋਏ ਆਪਣੀ ਦੌਲਤ ਉਸ ਦੇ ਨਾਮ ਕਰ ਦਿੱਤੀ। ਉਸ ਨੇ ਕਿਹਾ ਕਿ ਪ੍ਰੀਤੀ ਉਸ ਦੇ ਲਈ ਬੇਟੀ ਵਰਗੀ ਹੈ, ਜਦਕਿ ਉਸ ਦੀ ਖੁਦ ਦੀ ਕੋਈ ਬੇਟੀ ਨਹੀਂ ਹੈ। ਹਮੇਸ਼ਾ ਦੀ ਤਰ੍ਹਾਂ ਪ੍ਰੀਤੀ ਇਸ ਮਾਮਲੇ ਵਿਚ ਚੁੱਪ ਰਹੀ ਅਤੇ ਅਮਰੋਹੀ ਪਰਿਵਾਰ ਦੀ ਮਦਦ ਕਰਨਾ ਜਾਰੀ ਰੱਖਿਆ। ਪ੍ਰੀਤੀ ਨੇ ਕਦੇ ਵੀ ਇੰਟਰਵਿਊ ਦੇਣ ਵਿਚ ਜਲਦਬਾਜ਼ੀ ਨਹੀਂ ਦਿਖਾਈ। ਉਹ ਕਹਿੰਦੀ ਹੈ ਕਿ ਦਸਣ ਲਈ ਕੁਝ ਵੀ ਨਵਾਂ ਨਹੀਂ ਹੁੰਦਾ। ਇਹ ਸੱਚ ਨਹੀਂ ਹੈ, ਕਿਉਂਕਿ ਪ੍ਰੀਤੀ ਉਨ੍ਹਾਂ ਕੁਝ ਕੁ ਅਭਿਨੇਤਰੀਆਂ ਵਿਚੋਂ ਹੈ, ਜੋ ਹਮੇਸ਼ਾ ਕਿਸੇ ਨਾ ਕਿਸੇ ਗਤੀਵਿਧੀ ਵਿਚ ਸ਼ਾਮਿਲ ਰਹਿੰਦੀ ਹੈ। ਉਸ ਨੇ ਹਾਲ ਹੀ ਵਿਚ ਇਕ ਫਿਲਮ ਵਿਚ ਮਹਿਮਾਨ ਦੀ ਭੂਮਿਕਾ ਨਿਭਾਉਂਦੇ ਹੋਏ ਇਕ ਡਾਂਸ ਪੇਸ਼ ਕੀਤਾ ਹੈ। ਇਸਦੇ ਨਾਲ ਪ੍ਰੀਤੀ ਨੇ ਮਹਿਲਾ ਸ਼ਕਤੀਕਰਨ ਬਾਰੇ ਇਕ ਸੈਮੀਨਾਰ ਵਿਚ ਵੀ ਹਿੱਸਾ ਲਿਆ।

ਪ੍ਰੀਤੀ ਨੇ ਇਕ ਵਾਰ ਗੱਲਬਾਤ ਕਰਦੇ ਹੋਏ ਫਿਲਮਾਂ ਵਿਚ ਆਪਣੀਆਂ ਸਾਹਸੀ ਭੂਮਿਕਾਵਾਂ ਦੇ ਬਾਰੇ ਦੱਸਿਆ ਸੀ। ਉਸ ਨੇ ਕਿਹਾ ਸੀ ਕਿ ਉਹ ਗਲੈਮਰ ਅਤੇ ਚਕਾਚੌਂਧ ਦੇ ਲਈ ਇਸ ਸ਼ੋ ਬਿਜਨਸ ਵਿਚ ਨਹੀਂ ਆਈ। ਉਹ ਮਾਡਲਿੰਗ ਦੀ ਦੁਨੀਆਂ ਵਿਚ ਬਹੁਤ ਸਾਰਾ ਗਲੈਮਰ ਹਾਸਲ ਕਰ ਚੁੱਕੀ ਸੀ ਅਤੇ ਸੱਚਾਈ ਤਾਂ ਇਹ ਹੈ ਕਿ ਉਹ ਮਾਡਲਿੰਗ ਵਿਚ ਵੀ ਸੰਯੋਗ ਨਾਲ ਹੀ ਪਹੁੰਚੀ ਸੀ। ਫਿਰ ਮਣੀਰਤਨਮ ਨੇ ਉਸ ਨੂੰ 'ਦਿਲ ਸੇ' ਵਿਚ ਇਕ ਛੋਟੀ ਜਿਹੀ ਭੂਮਿਕਾ ਨਿਭਾਉਣ ਨੂੰ ਕਿਹਾ। ਇਸ ਭੂਮਿਕਾ ਦੇ ਲਈ ਪ੍ਰੀਤੀ ਨੇ ਬਸ ਇਹ ਸੋਚਦੇ ਹੋਏ ਹਾਂ ਕਹਿ ਦਿੱਤੀ ਸੀ ਕਿ ਮਣੀਰਤਨਮ ਉਸ ਦੇ ਬੁਰੇ ਅਭਿਨੈ ਤੋਂ ਖਿੱਝਦੇ ਹੋਏ ਅਖੀਰ ਉਸ ਨੂੰ ਬਾਹਰ ਕਰ ਦੇਣਗੇ, ਪਰ ਇਸ ਤਰ੍ਹਾਂ ਦਾ ਕੁਝ ਨਹੀਂ ਹੋਇਆ। ਉਸ ਨੂੰ ਹਾਲੇ ਵੀ ਨਹੀਂ ਪਤਾ ਕਿ ਕੁੰਦਨ ਸ਼ਾਹ ਨੇ ਉਸ ਨੂੰ 'ਕਿਆ ਕਹਨਾ' ਵਿਚ ਕਿਉਂ ਲਿਆ। ਉਹ ਇਕ ਮੁਸ਼ਕਿਲ ਰੋਲ ਸੀ ਅਤੇ ਫਿਲਮ ਨੇ ਬਹਿਸ ਦੀ ਸਥਿਤੀ ਪੈਦਾ ਕਰ ਦਿੱਤੀ। ਇਸੇ ਦੌਰਾਨ ਤਨੁਜਾ ਚੰਦਰਾ ਨੇ ਉਨ੍ਹਾਂ ਨੂੰ ਸੰਘਰਸ਼ ਵਿਚ ਇਕ ਖੋਜੀ ਪੱਤਰਕਾਰ ਦੀ ਭੂਮਿਕਾ ਦਿੱਤੀ। ਪ੍ਰੀਤੀ ਮੰਨਦੀ ਹੈ ਕਿ ਇਕ ਮਹਿਲਾ ਅਤੇ ਇਕ ਪੇਸ਼ੇਵਰ ਅਦਾਕਾਰਾ ਦੇ ਰੂਪ ਵਿਚ ਇਹ ਉਸ ਦੇ ਲਈ ਚੰਗਾ ਤਜ਼ਰਬਾ ਸੀ। ਉਸ ਨੂੰ ਰਿਤਿਕ ਰੋਸ਼ਨ ਦੇ ਨਾਲ ਤਿੰਨ ਫਿਲਮਾਂ ਮਿਸ਼ਨ ਕਸ਼ਮੀਰ, ਕੋਈ ਮਿਲ ਗਿਆ ਅਤੇ ਲਕਸ਼ ਕਰਨ ਵਿਚ ਬਹੁਤ ਮਜਾ ਆਇਆ ਅਤੇ ਇਹ ਇਨ੍ਹਾਂ ਫਿਲਮਾਂ ਵਿਚ ਦਿਖਾਈ ਵੀ ਦਿੰਦਾ ਹੈ। ਫਰਹਾਨ ਅਖਤਰ ਨੇ ਜਦ ਉਨਾਂ ਨੂੰ ਦਿਲ ਚਾਹਤਾ ਹੈ ਆਫਰ ਕੀਤੀ ਸੀ ਤਾਂ ਉਸ ਨੂੰ ਸਮਝ ਨਹੀਂ ਆਇਆ ਸੀ ਕਿ ਤਿੰਨਾਂ ਦੋਸਤਾਂ ਦੀ ਕਹਾਣੀ ਵਿਚ ਉਹ ਕੀ ਕਰੇਗੀ, ਪਰ ਉਹ ਫਿਲਮ ਉਸ ਦੇ ਲਈ ਹੁਣ ਤੱਕ ਦਾ ਸਭ ਤੋਂ ਰੋਚਕ ਤਜ਼ਰਬਾ ਹੈ। ਹਨੀ ਇਰਾਨੀ ਨੇ ਫਿਲਮ ਕਿਆ ਕਹਨਾ ਲਿਖੀ ਸੀ ਇਸੇ ਲਈ ਉਸ ਦੀ 'ਅਰਮਾਨ' ਦੇ ਲਈ ਹਾਂ ਕਹਿਣ ਵਿਚ ਪ੍ਰੀਤੀ ਨੇ ਇਕ ਮਿੰਟ ਦਾ ਵਕਤ ਨਹੀਂ ਲਿਆ, ਜਦਕਿ ਉਹ ਇਕ ਨਕਾਰਤਮਕ ਭੂਮਿਕਾ ਸੀ। ਕਰਨ ਦੀ ਦੋਸਤੀ ਦੇ ਚਲਦੇ ਕਲ ਹੋ ਨਾ ਹੋ ਨੂੰ ਉਹ ਆਪਣੇ ਲਈ ਖਾਸ ਮੰਨਦੀ ਹੈ ਉਸ ਦੇ ਕੋਲ ਇਸ ਫਿਲਮ ਨਾਲ ਜੁੜੀਆਂ ਕਈ ਚੰਗੀਆਂ ਯਾਦਾਂ ਹਨ ਪਰ ਆਪਣੇ ਕੈਰੀਅਰ ਦਾ ਸਰਵਉੱਤਮ ਸ਼ਿਖਰ ਪ੍ਰੀਤੀ ਯਸ਼ ਚੋਪੜਾ ਦੀ ਵੀਰ ਜਾਰਾ ਨੂੰ ਮੰਨਦੀ ਹੈ। ਉਸ ਮੁਤਾਬਿਕ ਇਹ ਉਸ ਲਈ ਲਾਈਫਟਾਈਮ ਰੋਲ ਸੀ ਅਤੇ ਇਸ ਤੋਂ ਬਾਅਦ ਕਾਫੀ ਦਿਨਾਂ ਤੱਕ ਉਹ ਜਿੱਥੇ ਵੀ ਜਾਂਦੀ ਉਸ ਨੂੰ ਜਾਰਾ ਦੇ ਨਾਮ ਨਾਲ ਹੀ ਸੱਦਿਆ ਜਾਂਦਾ ਰਿਹਾ।

## ਬਹੁਤ ਖੁਸ਼ਮਿਜਾਜ਼ ਹੈ ਲਾਰਾ ਦੱਤਾ

ਬਹੁਤ ਸਾਰੇ ਕਲਾਕਾਰ ਅਜਿਹੇ ਹੁੰਦੇ ਹਨ, ਜੋ ਨਿੱਜੀ ਜ਼ਿੰਦਗੀ 'ਚ ਫ਼ਿਲਮਾਂ ਤੋਂ ਬਣੀ ਆਪਣੀ ਇਮੇਜ਼ ਤੋਂ ਬਿਲਕੁਲ ਵੱਖਰੇ ਹੁੰਦੇ ਹਨ। ਇਹ ਇਕ ਅਜਿਹੀ ਖਾਸੀਅਤ ਹੈ, ਜਿਸ ਦੀ ਕਈ ਵਾਰ ਤਾਰੀਫ ਹੁੰਦੀ ਹੈ ਤਾਂ ਕਈ ਵਾਰ ਗਲਤਫਹਿਮੀਆਂ 'ਚ ਲੋਕ ਅਜਿਹੇ ਕਲਾਕਾਰਾਂ ਦੀ ਆਲੋਚਨਾ ਵੀ ਕਰ ਦਿੰਦੇ ਹਨ। ਲਾਰਾ ਦੱਤਾ ਵੀ ਇਕ ਅਜਿਹੀ ਹੀ ਅਦਾਕਾਰਾ ਹੈ, ਜਿਸ ਦਾ ਪਰਦੇ ਅਤੇ ਪਰਦੇ ਤੋਂ ਪਿੱਛੇ ਅਕਸ ਬਿਲਕੁਲ ਵੱਖਰਾ ਹੈ। ਪਰਦੇ 'ਤੇ ਗਲੈਮਰਸ ਨਜ਼ਰ ਆਉਣ ਵਾਲੀ ਲਾਰਾ ਦੱਤਾ ਸੰਬੰਧੀ ਫ਼ਿਲਮੀ ਖੇਤਰ 'ਚ ਇਹ ਗੱਲ ਮਸ਼ਹੂਰ ਹੈ ਕਿ ਉਹ ਲੋਕਾਂ ਨਾਲ ਬਹੁਤੀ ਫ੍ਰੈਂਡਲੀ ਨਹੀਂ ਹੈ। ਛੇਤੀ ਹੀ ਰਿਲੀਜ਼ ਹੋਣ ਵਾਲੀ ਫ਼ਿਲਮ 'ਹਾਊਸਫੁੱਲ' 'ਚ ਲਾਰਾ ਦੱਤਾ ਦੇ ਸਹਿ-ਕਲਾਕਾਰ ਅਕਸ਼ੈ ਕੁਮਾਰ ਦਾ ਇਸ ਸੰਬੰਧੀ ਕਹਿਣਾ ਹੈ, ''ਲਾਰਾ ਦੱਤਾ ਇਕ ਬੇਹੱਦ ਗੰਭੀਰ ਕੁੜੀ ਹੈ ਅਤੇ ਬਹੁਤ ਜ਼ਿਆਦਾ ਗੱਲ ਨਹੀਂ ਕਰਦੀ।'' ਕੋਈ ਵੀ ਕਹੇ, ਅਸੀਂ ਇਸ ਨੂੰ ਲਾਰਾ ਦੱਤਾ ਦੀ ਤਾਰੀਫ ਹੀ ਮੰਨਦੇ ਹਾਂ ਕਿਉਂਕਿ ਇਹ ਤਾਂ ਸਾਰੇ ਜਾਣਦੇ ਹਨ ਕਿ ਬਹੁਤਾ ਸ਼ਰਾਰਤੀਪਣ ਵੀ ਚੰਗਾ ਨਹੀਂ ਹੁੰਦਾ।

ਉਂਜ ਇਸ ਸੰਬੰਧੀ ਲਾਰਾ ਦੱਤਾ ਵੀ ਸਫਾਈ ਦਿੰਦਿਆਂ ਕਹਿੰਦੀ ਹੈ, ''ਜੀ ਹਾਂ, ਇਹ ਬਿਲਕੁਲ ਸੱਚ ਹੈ ਕਿ ਜਦੋਂ ਮੈਂ ਸੈਟ 'ਤੇ ਹੁੰਦੀ ਹਾਂ ਤਾਂ ਬਹੁਤਾ ਨਹੀਂ ਬੋਲਦੀ ਕਿਉਂਕਿ ਕਾਰਨ ਇਹ ਹੈ ਕਿ ਹਰੇਕ ਵਿਅਕਤੀ ਨੂੰ ਆਪਣੇ ਕੰਮ ਪ੍ਰਤੀ ਗੰਭੀਰ ਹੋਣਾ ਚਾਹੀਦੈ। ਜਦੋਂ ਮੈਂ ਕੰਮ 'ਤੇ ਹੁੰਦੀ ਹਾਂ ਤਾਂ ਉਸ 'ਤੇ ਆਪਣਾ ਧਿਆਨ ਕੇਂਦਰਿਤ ਕਰਦੀ ਹਾਂ, ਜਿਸ ਦੀ ਮੇਰੇ ਡਾਇਰੈਕਟਰ ਨੂੰ ਮੈਥੋਂ ਆਸ ਹੁੰਦੀ ਹੈ।'' ਉਂਜ ਲਾਰਾ ਦੱਤਾ ਇਸ ਗੱਲ ਨਾਲ ਸਹਿਮਤ ਨਹੀਂ ਹੈ ਕਿ ਉਹ ਬਹੁਤੀ ਫ੍ਰੈਂਡਲੀ ਨਹੀਂ ਹੈ। ਇਸ ਬਾਰੇ ਉਸ ਦਾ ਕਹਿਣ ਹੈ ਕਿ ਜਦੋਂ ਮੈਂ ਆਪਣੇ ਦੋਸਤਾਂ ਨਾਲ ਹੁੰਦੀ ਹਾਂ ਤਾਂ ਮੈਨੂੰ ਦੇਖ ਕੇ ਤੁਹਾਨੂੰ ਪਤਾ ਲੱਗੇਗਾ ਕਿ ਮੈਂ ਕਿੰਨੀ ਖੁਸ਼ਮਿਜਾਜ਼ ਹਾਂ।



## ਰਣਬੀਰ ਨੂੰ ਮਿਲਿਆ ਸਾਈਕਲ

ਰਿਸ਼ੀ ਕਪੂਰ ਦੇ ਬੇਟੇ ਰਣਬੀਰ ਕਪੂਰ ਨੂੰ ਫ਼ਿਲਮਾਂ 'ਚ ਕੰਮ ਲੈਣ ਲਈ ਭਾਵੇਂ ਬਹੁਤੀ ਮਿਹਨਤ ਨਹੀਂ ਕਰਨੀ ਪਈ ਪਰ ਉਸ ਨੂੰ ਫ਼ਿਲਮਾਂ 'ਚ ਟਿਕੇ ਰਹਿਣ ਲਈ ਕਾਫੀ ਸੰਘਰਸ਼ ਕਰਨਾ ਪਿਆ। ਫਿਰ ਵੀ ਉਹਨੇ ਇੱਕਾ-ਦੁੱਕਾ ਅਸਫਲ ਫ਼ਿਲਮਾਂ ਦੇਣ ਤੋਂ ਬਾਅਦ ਕੁਝ ਹਿੱਟ ਫ਼ਿਲਮਾਂ ਦਿੱਤੀਆਂ ਅਤੇ ਉਹ ਸਫਲ ਅਭਿਨੇਤਾ ਦੀ ਗਿਣਤੀ 'ਚ ਸ਼ਾਮਲ ਹੋ ਗਿਆ। ਭਾਵੇਂ ਤੁਹਾਨੂੰ ਹੈਰਾਨੀ ਹੋ ਰਹੀ ਹੋਵੇ ਪਰ ਇਹ ਗੱਲ ਬਿਲਕੁਲ ਸੱਚ ਹੈ ਕਿ ਰਣਬੀਰ ਵਰਗੇ ਸਿਤਾਰੇ ਨੂੰ ਗਰੀਬ ਭਾਰਤੀ ਸਵਾਰੀ ਮੰਨੇ ਜਾਣ ਵਾਲੇ ਸਾਈਕਲ ਨੂੰ ਪ੍ਰਾਪਤ ਕਰਨ ਲਈ ਕਿੰਨੇ ਪਾਪੜ ਵੇਲਣੇ ਪਏ। ਮੰਮੀ ਨੀਤੂ ਕਪੂਰ ਅਸਲ 'ਚ ਰਣਬੀਰ ਨੂੰ ਬਚਪਨ 'ਚ ਸਾਈਕਲ ਅਤੇ ਜਵਾਨੀ 'ਚ ਮੋਟਰਸਾਈਕਲ ਚਲਾਉਣ ਦੇਣ ਦੇ ਹਮੇਸ਼ਾ ਖਿਲਾਫ਼ ਰਹੀ ਹੈ। ਨੀਤੂ ਨੂੰ ਹਮੇਸ਼ਾ ਲੱਗਦਾ ਸੀ ਕਿ ਮੁੰਬਈ ਦੀ ਬਿਜ਼ੀ ਆਵਾਜਾਈ ਵਿਚਕਾਰ ਰਣਬੀਰ ਦਾ ਦੁਪਹੀਆ ਵਾਹਨ ਚਲਾਉਣਾ ਖ਼ਤਰਨਾਕ ਹੋ ਸਕਦਾ ਹੈ। ਜਦੋਂ ਰਣਬੀਰ ਨੇ ਨੀਤੂ ਨੂੰ ਕਿਹਾ ਕਿ ਮੈਂ ਸਾਈਕਲ ਖਰੀਦਣਾ ਚਾਹੁੰਦਾ ਹਾਂ ਤਾਂ ਉਸ ਦਾ ਕਹਿਣਾ ਸੀ ਕਿ ਕਾਰ ਦੇ ਹੁੰਦਿਆਂ ਭਲਾ ਉਸ ਨੂੰ ਸਾਈਕਲ ਦੀ ਕੀ ਲੋੜ ਹੈ ਜਦਕਿ ਸਾਈਕਲ ਲੈਣ ਲਈ ਮਾਂ ਨੂੰ ਮਨਾਉਣ ਲਈ ਰਣਬੀਰ ਨੇ ਕੋਈ ਕਸਰ ਨਹੀਂ ਛੱਡੀ ਅਤੇ ਜ਼ਿੱਦ ਦੇ ਅੱਗੇ ਨੀਤੂ ਨੂੰ ਝੁਕਣਾ ਹੀ ਪਿਆ।



## ਅਮੀਸ਼ਾ ਕਰੇਗੀ ਵਾਪਸੀ

ਭਾਵੇਂ ਅਮਿਸ਼ਾ ਪਟੇਲ ਅਤੇ ਕਣਵ ਪੁਰੀ ਵਿਚਕਾਰ ਸੰਬੰਧ ਟੁੱਟਣ ਦੀ ਸਥਿਤੀ ਬੇਯਕੀਨੀ ਜਿਹੀ ਬਣੀ ਹੋਈ ਹੈ ਕਿਉਂਕਿ ਦੋਹਾਂ ਦੇ ਸੰਬੰਧ ਟੁੱਟਣ ਦੀਆਂ ਖ਼ਬਰਾਂ ਤੋਂ ਬਾਅਦ ਅਮਿਸ਼ਾ ਪਟੇਲ ਦਾ ਇਹ ਬਿਆਨ ਵੀ ਅਖ਼ਬਾਰਾਂ 'ਚ ਛਪਿਆ ਹੈ ਕਿ ਅਜੇ ਵੀ ਉਹ ਅਤੇ ਕਣਵ ਨਾਲ ਨਾਲ ਹਨ। ਕਣਵ ਨਾਲ ਵੱਖ ਹੋਣ ਦੀਆਂ ਖ਼ਬਰਾਂ ਮਿਲਣ ਤੋਂ ਬਾਅਦ ਹੀ ਅਮਿਸ਼ਾ ਤੇ ਅਮਿਸ਼ਾ ਦੇ ਪਰਿਵਾਰ ਵਾਲੇ ਉਸ ਦਾ ਕਾਫੀ ਖਿਆਲ ਰੱਖਣ ਲੱਗੇ ਸਨ। ਪਰਿਵਾਰ ਨਾਲ ਜੁੜੀ ਜਿਥੇ ਇਹ ਖ਼ਬਰ ਉਸ ਦੇ ਲਈ ਚੰਗੀ ਰਹੀ, ਉਥੇ ਹੀ ਉਸ ਦੇ ਕੈਰੀਅਰ ਨੂੰ ਲੈ ਕੇ ਇਕ ਹੋਰ ਚੰਗੀ ਖ਼ਬਰ ਮਿਲ ਰਹੀ ਹੈ। ਦੋ ਵੱਡੇ ਨਿਰਮਾਤਾਵਾਂ ਨੇ ਆਪਣੀਆਂ ਫ਼ਿਲਮਾਂ ਲਈ ਅਮਿਸ਼ਾ ਨਾਲ ਸੰਪਰਕ ਕੀਤਾ ਹੈ। ਕਿਹਾ ਜਾ ਰਿਹਾ ਹੈ ਕਿ ਇਹ ਦੋਵੇਂ ਵੱਡੇ ਪ੍ਰਾਜੈਕਟ ਹੋਣਗੇ। ਇੰਨੀਆਂ ਵਧੀਆ ਪੇਸ਼ਕਸ਼ਾਂ ਦੇਖ ਕੇ ਉਤਸ਼ਾਹਤ ਅਮਿਸ਼ਾ ਨੇ ਤਾਂ ਛੁੱਟੀਆਂ 'ਤੇ ਜਾਣ ਦੀ ਆਪਣੀ ਯੋਜਨਾ ਵੀ ਰੱਦ ਕਰ ਦਿੱਤੀ ਹੈ।






## Vaisakhi Mela 2010-Show List

April 9 - Calgary, Canada
April 10 - Vancouver, BC
April 11 - Edmonton, AB
April 17 - Indianapolis, IN
Varinder Sahi
Harry Ghuman
Ph: 317-430-3434
April 18 - New Jersey

April 23
April 24 - Toronto
April 25 - New York
Smokey Park,
Richmond Hill
(Free Admission)
April 30 - Houston, TX
Convention Center, Houston

May 1st - Dallas, TX
May 2nd - Bakersfield, CA
Punjabi Society
May 7th - Hindu Temple &
Community Center,
San Jose, CA
May 8th - Fresno, CA
(Open Festival)

May 9th - Available
May 14 - Michigan
May 15 - Chicago, IL
PAO, Desi Junction
May 23 & 24 - Available
May 30 - Yuba City, CA
Punjabi American
Cultural Society





# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ

## 10ਵਾਂ ਸਾਲਾਨਾ ਸਭਿਆਚਾਰਕ ਸਮਾਗਮ

**On March 28th, 2010**

**Regency Palace, 1600 Willow Ave, Clovis, CA 93612. (Praise Event Center)**



ਭਾਈ ਬਾਲ ਮੁਕੰਦ



ਸ਼ੇਰ ਅਲੀ ਪਠਾਣ



ਭਾਬਾ ਭਗਤ ਸਿੰਘ ਬਿਲਗਾ



ਬਾਬਾ ਭਾਗ ਸਿੰਘ ਕਨੇਡੀਅਨ



ਕਰਤਾਰ ਸਿੰਘ ਦੁੱਕੀ



ਨਾਮਧਾਰੀ ਹੀਰਾ ਸਿੰਘ

### ਮੁਖ ਮਹਿਮਾਨ

**ਸ. ਦਰਬਾਰਾ ਸਿੰਘ ਢਿੱਲੋਂ, ਪ੍ਰਧਾਨ ਦੇਸ਼ ਭਗਤ ਯਾਦਗਾਰ ਹਾਲ ਕਮੇਟੀ, ਜਲੰਧਰ।**

## ਪ੍ਰੋਗਰਾਮ

*ਮਸ਼ਹੂਰ ਲੋਕ ਗਾਇਕ ਗੋਗੀ ਸੰਧੂ (ਸੈਕਰਾਮੈਂਟੋ), ਰਾਜ ਬਰਾੜ, ਸੁਖਦੇਵ ਸਾਹਿਲ, ਸੁਲਤਾਨ ਅਖਤਰ, ਸੰਨੀ ਬੱਬਰ, ਧਰਮਵੀਰ ਥਾਂਦੀ ਅਤੇ ਮਿੱਕੀ ਸਰਾਂ ਗੀਤ ਪੇਸ਼ ਕਰਨਗੇ। *ਕੂਲ ਪੰਜਾਬੀ ਵਿਰਸਾ ਦੇ ਪਰਮਜੀਤ ਅਤੇ ਰੇਨੂੰ ਸਿੰਘ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। *ਭੰਗੜਾ, ਗਿੱਧਾ ਅਤੇ ਹੋਰ ਦਿਲਚਸਪ ਆਈਟਮਾਂ। *ਸ਼ਹੀਦਾਂ ਦੇ ਜੀਵਨ ਸਬੰਧੀ ਫੋਟੋ ਪਰਦਰਸ਼ਨੀ। *ਸ਼ਾਮਲ ਹੋਣ ਵਾਲੇ ਸਮੂਹ ਲੋਕਾਂ ਲਈ ਖਾਣੇ ਦਾ ਪ੍ਰਬੰਧ।

### *Directions*

**From Sacramento/San Jose: Take 99 South to Fresno, Exit on Shaw and take right. Go about 7 miles and turn left on Willow. Hall is on left side (behind Home Depot). From Bakersfield/LA: Take 99 North. Take 41 North, Exit on Shaw Ave. Take right on Shaw**

***ਆਓ ਸਭ ਪਰਿਵਾਰਾਂ ਸਮੇਤ ਇਕੱਤਰ ਹੋ ਕੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕਰੀਏ ਅਤੇ ਬੱਚਿਆਂ ਨੂੰ ਉਸ ਸ਼ਾਨਾਂਮੱਤੇ ਇਤਿਹਾਸ ਤੋਂ ਜਾਣੂ ਕਰਵਾਈਏ।***

(ਪ੍ਰਧਾਨ)
ਗੁਰਦੀਪ ਸਿੰਘ ਗਿੱਲ (ਘੋਲੀਆਂ)
(559-360-4248)

(ਖਜ਼ਾਨਚੀ)
ਜਸਵੰਤ ਸਿੰਘ ਮਾਨ
(559-486-4138)

(ਸੈਕਟਰੀ)
ਸੁਰਿੰਦਰ ਸਿੰਘ ਮੰਢਾਲੀ
(559-473-9269)

### ਹੋਰ ਜਾਣਕਾਰੀ ਲਈ

ਬਲਦੇਵ ਧਾਲੀਵਾਲ 559-240-3868

ਗੁਰਪ੍ਰੀਤ ਖਾਨਖਾਨਾ 559-846-6389

ਮਹਿੰਦਰ ਢਾਅ 559-430-7902

ਗੁਰਮੀਤ ਗਾਜੀਆਣ 559 801-8200

ਗੁਰਦੀਪ ਸਿੰਘ ਅਣਖੀ
ਨਵਦੀਪ ਧਾਲੀਵਾਲ
559-287-0822

**ਇਸਤਰੀ ਵਿੰਗ:** ਸ਼ਰਨਜੀਤ ਧਾਲੀਵਾਲ, ਕੁਲਵੀਰ ਕੌਰ ਸੇਖੋਂ, ਹਰਿੰਦਰ ਕੌਰ ਮੰਢਾਲੀ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਅਮਨਦੀਪ ਕੌਰ।

**ਮੇਲਾ ਕਮੇਟੀ:** ਹਰਵਿੰਦਰ ਕੌਰ ਜੌਹਲ, ਸਬੀਨਾ ਜੌਹਲ, ਪੁਸ਼ਪਿੰਦਰ ਨਾਗੀ, ਬਲਵਿੰਦਰ ਧਾਲੀਵਾਲ, ਬਲਵੀਰ ਧਾਲੀਵਾਲ, ਬਲਜਿੰਦਰ ਰਾਏ, ਰਾਜ ਅਲੀ, ਮਨਜੀਤ ਕੌਰ, ਬਲਜੀਤ ਸਿੰਘ ਗਿੱਲ, ਉਦੇਦੀਪ ਸਿੱਧੂ, ਸਰਦੂਲ ਸਿੰਘ, ਸੌਕਤ ਅਲੀ, ਮੇਜਰ ਢਾਹ, ਹਰਜਿੰਦਰ ਢੇਸੀ, ਦਲਜੀਤ ਰਿਆੜ,ਪਰਮਜੀਤ ਢਿਲੋਂ, ਤਰਲੋਕ ਸਿੰਘ ਸੰਗੂ, ਸੁਰਿੰਦਰ ਸਿੰਘ ਧਿੰਦ, ਪ੍ਰੀਤਮ ਗਿੱਲ, ਗੁਰਦੀਪ ਸਿੰਘ, ਜਰਨੈਲ ਸਿਧੂ, ਬਲਜਿੰਦਰ ਸਿੰਘ, ਨਵਦੀਪ ਧਾਲੀਵਾਲ, ਦਵਿੰਦਰ ਢਿਲੋਂ, ਦਵਿੰਦਰ ਗਰੇਵਾਲ, ਮਿੱਕੀ ਸਰਾਂ, ਕੁਲਵੀਰ ਸਿੰਘ ਹੇਅਰ, ਡਾ. ਸੁਦਰਸ਼ਨ ਕਪੂਰ, ਕੇਵਲ ਗਰਗ, ਕਿੰਗ ਧਾਲੀਵਾਲ, ਬਲਵੰਤ ਸਿੰਘ ਸੈਲਮਾ, ਪੰਮਾ ਸੈਦੋਕੇ, ਹਰਨੇਕ ਸਿੰਘ ਸੰਘੇੜਾ, ਪਾਲ ਮਾਹਲ, ਸੁੱਖੀ ਧਾਲੀਵਾਲ, ਮੋਹਿੰਦਰ ਸਿੰਘ ਗਰੇਵਾਲ, ਬਾਬਾ ਕਰਤਾਰ ਸਿੰਘ, ਬਲਰਾਜ ਢਿਲੋਂ, ਪਰਮਜੀਤ ਢਿਲੋਂ, ਜੋਗਾ ਸਿੰਘ ਮੰਢਾਲੀ, ਤਲਵਿੰਦਰ ਸਿੰਘ ਜੌਹਲ, ਰਾਜ ਬਰਾੜ, ਸੁੱਚਾ ਸਿੰਘ ਦਿਅਲ, ਜੁਗਰਾਜ ਸਿੰਘ, ਕਰਨਲ ਹਰਦੇਵ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਮੇਜਰ ਸੇਖੋਂ, ਪਰਮਜੀਤ ਧਾਲੀਵਾਲ, ਪਰਮਜੀਤ ਬਾਸੀ (ਚੌਚਿਲਾ), ਰਾਮਾ ਕਾਂਤ ਡਾਵਰ, ਜਗਰੂਪ ਸਿੰਘ ਧਾਲੀਵਾਲ, ਰਣਧੀਰ ਲਤਾਲਾ, ਸੁਖਦੇਵ ਸਿੰਘ (ਸ਼ਾਨੇ ਪੰਜਾਬ), ਗੁਰਦੀਪ ਸਿੰਘ (ਪਾਲਾਕਾ ਬਾਜਾਰ), ਮਨਮੋਹਣ ਸਿੰਘ ਸੰਧੂ (ਅਸ਼ੋਕਾ ਰੈਸਟੋਰੈਂਟ)।

**ਸਪਾਂਸਰ:** ਦਵਿੰਦਰ ਸਿੰਘ ਢਿਲੋਂ, ਪਾਲ ਸਹੋਤਾ, ਗਿੱਲ ਇੰਸ਼ੋਰੈਂਸ, ਪਾਲ ਕੈਲੇ, ਨਿੱਜਰ ਬ੍ਰਦਰਜ਼ (ਮਡੇਰਾ), ਦੀਵਾਨ ਸਿੰਘ ਸੇਖੋਂ, ਜਸਵਿੰਦਰ ਸਿੰਘ ਰਾਏ, ਮੇਜਰ ਪੁਆਰੀ, ਮੇਜਰ ਐਕਸਪ੍ਰੈਸ (ਟਰੱਕ ਡਰਾਵਿੰਗ ਸਕੂਲ), ਯੁਨਾਈਟਡ ਟਰੱਕ ਡਰਾਵਿੰਗ ਸਕੂਲ, ਫਾਈਵ ਰਿਵਰ ਟਰੱਕ ਡਰਾਵਿੰਗ ਸਕੂਲ, ਗੁਰਚਰਨ ਸਿੰਘ ਰੱਕਰ, ਨੀਟੂ ਬਡਿਆਲ, ਇਨਟਰੇਡ ਇੰਡਸਟਰੀਜ਼, ਲਖਵੀਰ ਸਿੰਘ ਗਿੱਲ, ਟਹਿਲ ਸਿੰਘ ਥਾਂਦੀ, ਅਟਵਾਲ ਬ੍ਰਦਰਜ਼ (ਮਰਸੈਡ), ਸੰਧੂ ਬਰਦਰਜ਼ (ਸਵਰਗਵਾਸੀ ਸੁਰਜੀਤ ਸਿੰਘ ਸੰਧੂ), ਗਿੱਲ ਬ੍ਰਦਰਜ਼ (ਫਰਿਜ਼ਨੋ), ਮੋਗਾ ਟਾਇਰਜ਼, ਮੋਗਾ ਵੀਡਿਓ, ਰੌਇਲ ਫੈਬਰਿਕ, ਐਸਲਿਨ ਡੈਨਟਲ, ਡਾ. ਕਾਲੇਕੇ, ਬਲਿਹਾਰ ਨਾਗਰਾ, ਏ-ਵਨ ਰਿਐਲਟੀ, ਬਲਦੇਵ ਸਿੰਘ ਸੰਘਾ, ਜਿੱਫੀ ਮਾਰਟ (ਚੌਚਿਲਾ), ਸੁੱਖੀ ਆਟੋ ਵਰਕਸ, ਪ੍ਰੀਤਮ ਸਿੰਘ ਪਾਸਲਾ। ਪਿਛਲੇ 10 ਸਾਲਾਂ ਤੋਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦਾ ਸਾਥ ਨਿਭਾਉਣ ਲਈ ਅਤੇ ਮੇਲੇ ਦੇ ਪ੍ਰਚਾਰ ਲਈ ਅਸੀਂ ਸਮੂਹ ਰੇਡੀਓ ਹੋਸਟ ਅਤੇ ਪੱਤਰਕਾਰਾਂ ਦੇ ਧੰਨਵਾਦੀ ਹਾਂ।

**ਰੇਡੀਓ ਹੋਸਟ:**ਕੁਲਵੀਰ ਸਿੰਘ ਹੇਅਰ, ਸੁਖੀ ਹੇਅਰ, ਰਾਜਵਿੰਦਰ ਧਾਲੀਵਾਲ, ਪਾਲ ਧਾਲੀਵਾਲ, ਹਰਪ੍ਰੀਤ ਮਾਨ, ਗੁੱਡੀ ਸਿੱਧੂ, ਗੁਰਪ੍ਰੀਤ ਧਾਲੀਵਾਲ, ਹਰਜਿੰਦਰ ਕੰਗ, ਡਾ. ਟੈਗੋਰ, ਬਲਵੀਰ ਢਿਲੋਂ, ਜਸਵੰਤ ਮਹਿਮੀ, ਦਿਲਬਾਗ ਬੰਗੜ, ਗੁਰਦੀਪ ਸ਼ੇਰਗਿੱਲ, ਪਸ਼ੌਰਾ ਸਿੰਘ ਢਿਲੋਂ, ਡਾ. ਮਹਿੰਦਰ ਸਿੰਘ ਪੂਨੀਆ, ਪ੍ਰੋ. ਅਰਜਨ ਸਿੰਘ ਜੋਸਨ, ਬਲਰਾਜ ਬਰਾੜ, ਰੇਡੀਅ ਗੀਤ ਸੰਗੀਤ (ਵਾਟਸਨਵਿਲ), ਆਵਾਜੇ ਵਤਨ ਟੀ.ਵੀ., ਰਾਜਿੰਦਰ ਸਿੰਘ ਢਿਲੋਂ, ਆਸ਼ਾ ਸ਼ਰਮਾ, ਗੁਰਪ੍ਰੀਤ ਮਾਨ।

**ਪੱਤਰਕਾਰ:** ਸ. ਜਗਜੀਤ ਸਿੰਘ ਥਿੰਦ, ਬੂਟਾ ਰਾਮ ਜੋਸ਼ੀ, ਦੇਸ ਰਾਜ ਬੰਗੜ, ਨੀਟਾ ਮਾਛੀਕੇ।

**ਨੋਟ:** ਚਾਹ ਅਤੇ ਪਕੌੜਿਆ ਦੀ ਸੇਵਾ ਨਿਊ ਇੰਡੀਆ ਸਵੀਟਸ ਐਂਡ ਸਪਾਈਸ ਦੇ ਜਸਵਿੰਦਰ ਹੋਰਾਂ ਵਲੋਂ ਹੋਵੇਗੀ ਅਤੇ ਲੰਗਰ ਦੀ ਸੇਵਾ ਪਿੰਡ ਲਤਾਲਾ ਵਾਸੀਆ ਵਲੋਂ ਕੀਤੀ ਜਾਵੇਗੀ।

# ਯੂ. ਐਸ. ਮਰਦਮਸ਼ੁਮਾਰੀ 2010

## ਸਿੱਖ ਚੇਤਨਾ ਲਹਿਰ



IT'S IN OUR HANDS

## ਅਮਰੀਕਾ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ

2010 ਮਰਦਮਸ਼ੁਮਾਰੀ ਨੂੰ ਸਫਲ ਕਰਨਾ, ਸਿੱਖ ਕੌਮ ਲਈ ਇੱਕ ਵਰਦਾਨ ਸਾਬਤ ਹੋਵੇਗਾ। ਸਿੱਖਾਂ ਦੇ ਪਹਿਰਾਵੇ ਨੂੰ ਵੇਖ ਕੇ ਹਰ ਕੋਈ ਭੁਲੇਖਾ ਖਾ ਜਾਂਦਾ ਹੈ ਕਿ ਇਹ ਕੌਣ ਹਨ ? ਬਾਹਰ ਜਾਂ ਮੁਲਕ ਦੇ ਅੰਦਰ ਕੋਈ ਘਟਨਾ ਵਾਪਰਦੀ ਹੈ ਤਾਂ ਹਰ ਸਿੱਖ ਨੂੰ ਧੁੜਕੂ ਲੱਗ ਜਾਂਦਾ ਹੈ। ਇਸ ਭੁਲੇਖੇ ਕਾਰਣ ਹੀ ਸਿੱਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਬਿਨਾ ਕਸੂਰ ਹੀ ਹੋ ਜਾਂਦਾ ਹੈ। ਜੇਕਰ ਅਸੀਂ ਇਨ੍ਹਾਂ ਭੁਲੇਖਿਆਂ ਕਾਰਨ ਪਬਲਿਕ ਥਾਵਾਂ, ਲਾਇਬਰੇਰੀਆਂ, ਸਟੋਰਾਂ, ਸੜਕਾਂ ਜਾਂ ਗਲੀਆਂ ਆਦਿਕ ਥਾਵਾਂ 'ਤੇ ਜ਼ਲੀਲ ਹੋਣ ਜਾਂ ਬੇਇੱਜ਼ਤ ਹੋਣ ਤੋਂ ਬਚਣਾ ਚਾਹੁੰਦੇ ਹਾਂ ਤਾਂ ਇਸ ਵਾਰ ਮਰਦਮਸ਼ੁਮਾਰੀ ਵਿੱਚ ਹਿੱਸਾ ਲੈਣ ਲਈ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਜਾਗਰੂਕ ਕਰਨਾ ਆਪਣਾ ਇਖਲਾਕੀ ਫਰਜ਼ ਸਮਝੋ।

ਮਰਦਮਸ਼ੁਮਾਰੀ ਦੀ ਵਰਤੋਂ ਸਾਰੇ ਸਰਕਾਰੀ ਮਹਿਕਮਿਆਂ ਵਲੋਂ ਕੌਮੀ ਤਰੱਕੀ, ਸਿੱਖਿਆ ਪਸਾਰ ਅਤੇ ਹਰ ਪ੍ਰਕਾਰ ਦੇ ਸੁੱਖ ਸਾਧਨ ਦੇਣ ਲਈ ਕੀਤੀ ਜਾਂਦੀ ਹੈ।

ਜ਼ਰੂਰੀ ਗੱਲ ਇਹ ਹੈ ਕਿ ਇਸ ਵਿੱਚ ਹਰ ਕੋਈ ਹਿੱਸਾ ਲੈ ਸਕਦਾ ਹੈ ਭਾਵੇਂ ਉਹ ਅਮਰੀਕਨ ਨਾਗਰਿਕ ਹੈ ਜਾਂ ਨਹੀਂ। ਗਰੀਨ ਕਾਰਡ ਹੋਲਡਰ ਹੈ ਜਾਂ ਨਹੀਂ, ਵਰਕ ਪਰਮਿਟ ਹੈ ਜਾਂ ਨਹੀਂ। ਇਸ ਬਾਬਤ ਕੋਈ ਵੀ ਸਵਾਲ ਨਹੀਂ ਪੁੱਛਿਆ ਜਾਵੇਗਾ, ਬੇਝਿਜਕ ਹੋ ਕੇ ਆਪਣਾ ਫਾਰਮ ਭਰੋ (ਹੇਠਾਂ ਖੱਬੇ ਹੱਥ ਵਿਖਾਏ ਗਏ ਤਰੀਕੇ ਅਨੁਸਾਰ)। ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਰਹਿ ਰਹੇ ਲੋਕ ਬਿਨਾਂ ਕਿਸੇ ਡਰ-ਭੈਅ ਦੇ ਇਸ ਮਰਦਮਸ਼ੁਮਾਰੀ 'ਚ ਭਾਗ ਲੈ ਸਕਦੇ ਹਨ।

ਜੇ ਸਿੱਖ ਵੱਡੀ ਗਿਣਤੀ ਅੰਦਰ ਇਸ ਮਰਦਮਸ਼ੁਮਾਰੀ ਵਿੱਚ ਆਪਣਾ ਨਾਂ ਸਿੱਖ ਦੇ ਤੌਰ 'ਤੇ ਦਰਜ ਕਰਦੇ ਹਨ ਤਦ ਸਿੱਖ ਕੌਮ ਘੱਟ-ਗਿਣਤੀਆਂ 'ਚ ਸ਼ੁਮਾਰ ਹੋ ਜਾਵੇਗੀ। ਘੱਟ-ਗਿਣਤੀਆਂ ਦੇ ਵਿਕਾਸ ਲਈ ਸਰਕਾਰ ਪਾਸੋਂ ਲੱਖਾਂ ਡਾਲਰ ਸਹਾਇਤਾ ਵਜੋਂ ਮਿਲ ਸਕਦੇ ਹਨ।


**ਅਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਮਰਦਮਸ਼ੁਮਾਰੀ ਦੀ ਅਹਿਮੀਅਤ ਨੂੰ ਸਮਝਦਿਆਂ ਹੋਇਆਂ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਈਏ ਅਤੇ ਹੋਰਨਾਂ ਨੂੰ ਵੀ ਪ੍ਰੇਰੀਏ।**









**9. What is Person 1's race?** *Mark* [X] *one or more boxes.*

- [ ] White
- [ ] Black, African Am., or Negro
- [ ] American Indian or Alaska Native — *Print name of enrolled or principal tribe.*
- [ ] Asian Indian
- [ ] Chinese
- [ ] Filipino
- [ ] Other Asian — *Print race, for example, Hmong, Laotian, Thai, Pakistani, Cambodian, and so on.*
- [ ] Japanese
- [ ] Korean
- [ ] Vietnamese
- [ ] Native Hawaiian
- [ ] Guamanian or Chamorro
- [ ] Samoan
- [ ] Other Pacific Islander — *Print race, for example, Fijian, Tongan, and so on.*
- [X] Some other race — *Print race.*

S I K H

ਫਾਰਮ ਦੇ ਸਵਾਲ ਨੰਬਰ 9 ਵਾਲੇ ਖਾਨੇ 'ਚ ਉੱਪਰ ਦਿਖਾਏ ਗਏ ਤਰੀਕੇ ਨਾਲ Sikh ਲਫਜ਼ ਭਰੋ।

## ਬੇਨਤੀ ਕਰਤਾ-

Gurdwara Prabandhak Committees
of Tri State Area (NY, NJ, PA)
& all Sadh Sangat

## ਜਾਰੀ ਕਰਤਾ-

UNITED SIKHS
*Recognize the Human Race as One*

**ਵਧੇਰੇ ਜਾਣਕਾਰੀ ਲਈ ਇਥੇ ਜਾਓ**

**www.sikhamericancensus.org**

**or call: 1-888-243-1690**